੧ੴ ਸਤਿਗੁਰ ਪ੍ਰਸਾਦਿ।।

ਜਪੁ ਜੀ ਸਟੀਕ

(ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੋਥੀ ਪਹਿਲੀ ਵਿਚੋਂ)

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ – 110001

 www.sikhbookclub.com

Japu Ji Steek

Bhai Sahib Bhai Vir Singh

ISBN # 978-81-904956-5-3
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਨਵੀਂ ਐਡੀਸ਼ਨ : ਫਰਵਰੀ 2010

ਪ੍ਰਕਾਸ਼ਕ :
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

Printer :
Printograph
2966/41, Beadon Pura
Karol Bagh, New Delhi-110 005

ਮੁੱਲ : 135/- ਰੁਪਏ

 www.sikhbookclub.com

ਸੰਖਯਾ ਕ੍ਰਮ

ਇਸ ਪੁਸਤਕ ਵਿਚ ਆਏ ਪਾਵਨ ਮੂਲ ਤੇ ਅਰਥ ਆਦਿ ਦੇ ਕ੍ਰਮ ਦੀ ਵਿਉਂਤ ਇਸ ਪ੍ਰਕਾਰ ਹੈ :

1. ***ਪ੍ਰਾਕਥਨ***– ਇਸ ਵਿਚ ਪਉੜੀ ਦਾ ਅਤਿ ਸੰਖੇਪ ਤਾਤਪਰਜ ਦਿਤਾ ਗਿਆ ਹੈ।

2. ***ਮੂਲ ਤੇ ਅਰਥ***–ਪ੍ਰਾਕਥਨ ਤੋਂ ਅੱਗੇ ਖੱਬੇ ਹੱਥ ਦੇ ਖਾਨੇ ਵਿਚ ਮੂਲ ਹੈ, ਅਰਥਾਤ ਗੁਰਬਾਣੀ ਦਾ ਪਾਠ ਹੈ ਤੇ ਗੁਰਬਾਣੀ ਦੇ ਮੂਲ ਪਾਠ ਦੇ ਸਾਹਮਣੇ ਖਾਨੇ ਵਿਚ ਅਰਥ ਹਨ, ਜਿਨ੍ਹਾਂ ਵਿਚ ਅੱਖਰੀ ਅਰਥ ਦਿਤੇ ਗਏ ਹਨ।

3. ***ਵਯਾਖਯਾ***– ਇਸ ਵਿਚ ਬਾਣੀ ਦੇ ਭਾਵ ਅਰਥ, ਪਰ ਅਪਰ ਦੇ ਮੇਲ ਤੇ ਹੋਰ ਵੀਚਾਰਾਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਤੋਂ ਬਾਣੀ ਦੀ ਵਧੀਕ ਤੋਂ ਵਧੀਕ ਸਮਝ ਪੈ ਸਕੇ।

4. ***ਨਿਰੁਕਤ***– (ੳ) ਇਸ ਪਦ ਦੇ ਅੱਖਰੀ ਅਰਥ ਹਨ 'ਵਿਸ਼ੇਸ਼ ਉਕਤਿ'। ਅਰਥਾਤ ਕੋਈ ਗਲ ਜੋ ਕਹੀ ਗਈ, ਉਸ ਸੰਬੰਧੀ ਹੀ ਵਿਸ਼ੇ ਯਾ ਹੋਰ ਪਹਿਲੂਆਂ ਤੋਂ ਵਾਕਫੀਅਤ ਦੇਣੀ, ਸੋ ਅਸਾਂ ਇਸ ਪਦ ਨੂੰ ਇਨ੍ਹਾਂ ਅਰਥਾਂ ਵਿਚ ਵਰਤਿਆ ਹੈ ਤਾਂ ਕਿ ਅਰਥਾਂ ਤੇ ਵਯਾਖਯਾ ਵਿਚ ਜੋ ਗਲਾਂ ਨਹੀਂ ਆ ਸਕਦੀਆਂ ਓਹ ਇਸ ਅੰਕ ਵਿਚ ਵਿਸ਼ੇਸ਼ਤਾ ਨਾਲ ਵਰਣਨ ਕਰ ਦਿਤੀਆਂ ਜਾਣ। ਪਦ ਨਿਰੁਕਤ ਇਥੇ ਕੇਵਲ ਇਨ੍ਹਾਂ ਅਰਥਾਂ ਵਿਚ ਹੀ ਵਰਤਿਆ ਗਿਆ ਹੈ। ਇਸ ਪਦ ਨਿਰੁਕਤ ਦੇ ਹੋਰ ਕਈ ਅਰਥ ਬੀ ਹਨ, ਯਥਾ :

   (ਅ) ਜੋ ਵਰਣਨ ਨਾ ਹੋ ਸਕੇ, ਜੈਸੇ ਦਸਮ ਪਾਤਸ਼ਾਹ ਜੀ ਦਾ ਵਾਕ ਹੈ : 'ਨਿਰੁਕਤ ਸਰੂਪ ਹੈਂ'।

   (ੲ) ਨਿਰੁਕਤ ਇਕ ਅਲੰਕਾਰ ਦਾ ਨਾਮ ਬੀ ਹੈ।

   (ਸ) ਇਹ ਸ਼ਬਦ ਵੇਦਾਂ ਦੇ ਅਰਥ ਸੰਬੰਧੀ ਪੁਰਾਤਨ ਸਮੇਂ ਵਰਤਿਆ ਗਿਆ ਹੈ।

www.sikhbookclub.com

ੴ ਸਤਿਗੁਰ ਪ੍ਰਸਾਦਿ।।

ਜਪੁ ਜੀ

ਇਸ ਬਾਣੀ ਦੇ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਨਾਮ 'ਜਪੁ ਜੀ' ਨਹੀਂ ਲਿਖਿਆ ਹੋਇਆ, ਪਰ 'ਗੁਰ ਪ੍ਰਸਾਦਿ' ਦੇ ਮਗਰੋਂ ਜਪੁ' ਲਿਖਿਆ ਹੋਇਆ ਹੈ ਤੇ ਤਤਕਰੇ ਵਿਚ ਇਸ ਦਾ ਨਾਮ 'ਜਪੁ ਨੀਸਾਣ'* ਦਿਤਾ ਹੋਇਆ ਹੈ। ਆਮ ਪ੍ਰਸਿੱਧ ਨਾਮ ਜਪੁਜੀ ਹੈ। 'ਜਪੁ' ਦੇ ਨਾਲ 'ਜੀ' ਪਦ ਅਦਬ ਵਾਸਤੇ ਵਰਤਦੇ ਹਨ। ਇਹ ਬਾਣੀ ਆਦਿ ਗੁਰੂ ਸਾਹਿਬ ਜੀ ਦੀ ਹੈ ਤੇ ਇਹ ਸਿਖਾਂ ਦੇ ਅੰਮ੍ਰਿਤ ਵੇਲੇ ਦਾ ਨਿਤਨੇਮ ਦਾ ਪਾਠ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ:- 'ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾਂ'। ਅਰਥਾਤ ਕਰਤਾਰ ਪੁਰ ਵਿਚ ਗੁਰੂ ਨਾਨਕ ਦੇਵ ਜੀ ਦੇ ਦੁਆਰੇ (ਸ਼ਾਮਾਂ ਨੂੰ) ਸੋਦਰ (ਰਹਿਰਾਸਿ) ਆਰਤੀ ਅਤੇ ਸਵੇਰੇ ਜਪੁ ਜੀ ਦਾ ਪਾਠ ਹੁੰਦਾ ਹੈ। 'ਨਾਮ' ਤੇ 'ਵਡਿਆਈ ਵੀਚਾਰੁ' ਅਰਥਾਤ 'ਸਿਫਤ ਸਲਾਹ' ਦਾ ਵੇਲਾ ਜਪੁ ਜੀ ਦੇ ਵਿਚ ਗੁਰੂ ਜੀ ਨੇ ਆਪ ਬੀ ਅੰਮ੍ਰਿਤ ਵੇਲਾ ਦੱਸਿਆ ਹੈ- 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ**'।

ਇਹ ਬਾਣੀ ਆਸਾ ਦੀ ਵਾਰ ਦੀ ਤਰ੍ਹਾਂ ਦੀਵਾਨ ਵਿਚ ਸੰਗੀਤ ਨਾਲ ਨਹੀਂ ਗਾਈ ਜਾਦੀ, ਪਰ ਹਰੇਕ ਸਿੱਖ ਨੂੰ ਆਪੇ ਆਪ ਮਨ ਜੋੜ ਕੇ ਇਸ ਦੇ ਰੋਜ਼ ਪਾਠ ਕਰਨੇ ਦੀ ਰਹੁਰੀਤਿ ਹੈ, ਯਥਾ: 'ਅੰਮ੍ਰਿਤ ਵੇਲੇ ਨਾਵਣਾ ਗੁਰਮੁਖ ਜਪ ਗੁਰਮੰਤ੍ਰ ਜਪਾਯਾ।' (ਵਾਰ ੨੬-੪)। ਰਹਿਤਨਾਮਿਆਂ ਵਿਚ ਗੁਰੂ ਸਾਹਿਬਾਂ ਦੇ ਆਪ ਇਸ ਦੇ ਪਾਠ ਕਰਨ ਦੇ ਜ਼ਿਕਰ ਆਉਂਦੇ ਹਨ।

ਜਪੁ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭਾਵਾਂ ਦਾ ਸਾਰ ਭੀ ਸਮਝਿਆ ਜਾਦਾ ਹੈ। ਇਸ ਵਿਚ ਗੁਰਸਿੱਖੀ ਦੇ ਨੇਮ, ਸਾਧਨ ਤੇ ਆਦਰਸ਼ ਆਦਿਕ ਨਿਰੂਪਣ ਹੋਏ ਹਨ।

---

*ਊਹਾਂ ਦਰਗਾਹ ਵਿਚਿ ਜਿਸੁ ਪਾਸਿ ਜਪੁ ਨੀਸਾਣ ਹੋਵੈਗਾ ਸੁ ਮੈ ਪਾਸਿ ਆਵੈਗਾਂ'। (ਟੀ:, ੧੭੫੮ ੧੮੨੫ ਬਿ:)। ਜਿਸ ਦਾ ਅਰਥ ਇਹ ਦੱਸਿਆ ਹੈ ਕਿ ਜਪੁਜੀ ਨੂੰ ਪਰਮੇਸ਼ੁਰ ਦੀ ਸਿਫਤ ਸਲਾਹ ਜਾਣ ਕੇ ਪੜ੍ਹਨ ਵਾਲਾ ਮੁਕਤ ਹੋਵੇਗਾ ਇਹ ਨੀਸਾਣ ਉਸ ਦੇ ਨਾਲ ਦਰਗਾਹ ਵਿਚ ਜਾਵੇਗਾ।

**'ਗੁਣ ਗਾਉਣੇ ਤੇ ਵੀਚਾਰਣੇ' ਸੱਚੀ ਬਾਣੀ ਦੁਆਰਾ ਸਭ ਤੋਂ ਉੱਤਮ ਹਨ, ਇਉਂ 'ਵਡਿਆਈ ਵੀਚਾਰੁ' ਦਾ ਭਾਵ ਗੁਰਬਾਣੀ ਤੋਂ ਆ ਘਟਦਾ ਹੈ।

 www.sikhbookclub.com

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

॥ ਜਪੁ ॥

ਪ੍ਰਾਕ੍ਕਥਨ–ਇਸ ਪਹਿਲੇ ਮਹਾਂਵਾਕ ਵਿਚ ਅਕਾਲ ਪੁਰਖ ਦਾ ਸਰੂਪ ਵਰਣਨ ਹੈ ਜੋ ਸਿਖ ਧਰਮ ਦਾ ਮੂਲ ਹੈ, ਤੇ ਇਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਜਪੁਜੀ ਸਾਹਿਬ ਦਾ ਮੰਗਲਾਚਰਣ ਬੀ ਹੈ।

ਮੂਲ	ਅਰਥ
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥	ਏਕੱਤ੍ਵ ਹੈ (ਨਿਰੰਕਾਰ, ਜੋ ਨਾਨੱਤ੍ਵ ਵਿਚ) ਓਂਕਾਰ (ਰੂਪ ਹੋਕੇ ਫੇਰ ਏਕੱਤ੍ਵ) ਹੈ। (ਉਹ ਏਕੱਤ੍ਵ) ਸਦਾ ਥਿਰ (ਏਕੱਤ੍ਵ ਹੈ, ਉਸ ਦਾ) ਨਾਮ ਹੀ ਹੈ ('ਸਤਜ' ਅਰਥਾਤ ਸਦਾ ਥਿਰ ਰਹਿਣ ਵਾਲਾ ਚੇਤਨ ਵਜੂਦ। ਉਹੀ ਦਿੱਸ ਰਹੀ ਤੇ ਨਾ ਦਿੱਸ ਰਹੀ ਨਾਨੱਤ੍ਵ ਦਾ) ਰਚਨਹਾਰ ਹੈ, (ਨਿਰੀ ਕੋਈ ਨਿਰਜਿੰਦ ਸ਼ਕਤੀ ਜਾਂ ਸੱਤਾ ਮਾਤ੍ਰ ਨਹੀਂ, ਪਰ ਉਹ) ਪੁਰਖ ਹੈ, (ਪੁਰਖ ਉਹ 'ਜੀਵ' ਅਰਥਾਂ ਵਿਚ ਨਹੀਂ, ਪਰ ਜੀਵ ਸ਼੍ਰੇਣੀ ਦੇ ਬਨਾਉਣ ਵਾਲਾ ਕਰਤਾ ਪੁਰਖੁ ਹੈ, ਬ੍ਰਹਮਾਦਿਕਾਂ ਵਾਂਕੂ ਦੇਵਤਾ ਸ਼੍ਰੇਣੀ ਵਿਚੋਂ ਵੀ ਪੁਰਖ ਨਹੀਂ ਜੋ ਭੈ ਤੇ ਵੈਰ ਵਿਰੋਧ ਵਿਚ ਆਏ, ਉਹ ਤਾਂ) ਡਰ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ। (ਇਨ੍ਹਾਂ ਸਭਨਾਂ ਤੋਂ ਉਹ ਇਉਂ ਬੀ ਉੱਚਾ ਹੈ ਕਿ ਏਹ ਸਾਰੇ ਕਾਲ ਵਿਚ ਆਏ, ਪਰ ਉਹ ਅਕਾਲ=) ਕਾਲ ਰਹਿਤ ਹੈ। (ਅਕਾਲ ਹੋਕੇ ਉਹ ਅਣਹੋਂਦ ਨਹੀਂ, ਉਹ) ਮੂਰਤ (=ਹੋਂਦ ਹੈ, ਅਰਥਾਤ ਉਸ ਦਾ ਵਜੂਦ ਯਾ ਸਰੂਪ ਹੈ ਜੋ ਸਰੂਪ ਕਿ ਕਾਲ ਤੋਂ ਰਹਿਤ ਹੈ, ਸੋ ਉਸ ਦਾ ਵਜੂਦ ਜੀਵਾਂ ਯਾ ਹੋਰ ਵਡਕਿਆਂ ਵਾਂਕੂ ਜਨਮ ਵਿਚ ਆਉਣੇ ਵਾਲਾ ਨਹੀਂ, ਉਹ) ਅਜੂਨੀ ਹੈ (ਅਰਥਾਤ ਜੂਨ ਵਿਚ ਨਹੀਂ ਆਉਂਦਾ। ਭਾਵ ਇਹ ਕਿ ਉਸ ਦੇ ਵਜੂਦ ਦਾ ਕੋਈ ਕਾਰਨ ਨਹੀਂ, ਸਗੋਂ ਉਹ ਤਾਂ) ਆਪਣੇ ਆਪ ਤੋਂ ਆਪ ਪ੍ਰਕਾਸ਼ ਸਰੂਪ ਹੈ। (=ਜਜੋਤੀ ਸਰੂਪ ਹੈ, ਅਰਥਾਤ ਉਸ ਦੀ ਚੇਤਨਤਾ ਉਸ ਦਾ ਸੁਤੇ ਹੀ ਆਪਣਾ ਸਰੂਪ ਹੈ[1]। ਐਸਾ ਹੈ ਉਹ ਸਤਜ ਸਰੂਪ ਅਕਾਲ ਪੁਰਖ, ਜਿਸ ਦਾ ਪ੍ਰਤਿਪਾਦਨ ਜਪੁਜੀ ਵਿਚ ਹੋਣਾ ਹੈ, ਉਹ) ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

---

[1] ਅਰਥਾਤ ਜਿਵੇਂ ਉਸਦਾ ਵਜੂਦ ਅਕਾਰਣ ਤੇ ਸੁਤੇ ਹੀ ਹੈ ਤਿਵੇਂ ਉਸ ਦੀ ਚੇਤਨਤਾ ਉਸ ਦਾ ਨਿਜ ਸਰੂਪ ਹੈ। ਉਹ ਸ੍ਵਯੰ ਚੇਤਨ ਸਰੂਪ ਹੈ। ਯਥਾ–ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥

www.sikhbookclub.com

ਵਯਾਖਯਾ–ਇਹ ਮੂਲ ਮੰਤ੍ਰ ਹੈ, ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦਾ ਸਰੂਪ ਵਰਣਨ ਕੀਤਾ ਹੈ[੧]। ਭਾਵ ਇਹ ਹੈ ਕਿ ਜਪੁਜੀ ਵਿਚ ਤੇ ਸਾਰੀ ਗੁਰਬਾਣੀ ਵਿਚ ਜਿਸ ਜਪਣ ਯੋਗ ਨਿਰੰਕਾਰ ਦਾ ਵਰਣਨ ਤੇ ਗੁਣ ਗਾਇਨ ਹੋਣਾ ਹੈ ਉਸ ਦਾ ਸਰੂਪ ਦੱਸਿਆ ਹੈ ਕਿ ਇਹ ਹੈ। ਇਹ ਮੂਲ ਮੰਤ੍ਰ ਮੰਗਲਾਚਰਣ ਬੀ ਹੈ। ਇਹ ਮੰਗਲਾਚਰਣ 'ਵਸਤੂ ਨਿਰਦੇਸ਼ ਮੰਗਲਾਚਰਣ' ਹੈ, ਅਰਥਾਤ ਪਵਿਤ੍ਰ ਬਾਣੀ ਵਿਚ ਜਿਸ ਅਕਾਲ ਪੁਰਖ ਦਾ ਵਰਣਨ ਹੋਣਾ ਹੈ ਉਸੇ ਦਾ ਸਰੂਪ, ਲੱਛਣ, ਗੁਣ, ਕੀਰਤੀ ਆਦਿ ਮੰਗਲ ਵਿਚ ਸੰਖੇਪ ਕਥਨ ਕੀਤੇ ਗਏ ਹਨ।

(ਵਯਾਖਯਾ ਜਾਰੀ–੧) ਇਹ ਇਕ ਅੰਕ ਹੈ, ਜੋ ਗੁਰੂ ਜੀ ਨੇ ਆਪਣੇ ਅਕਾਲ ਪੁਰਖ ਦਾ ਵਾਚਕ ਵਰਤਿਆ ਹੈ, ਜਿਸ ਅਕਾਲ ਪੁਰਖ ਦਾ ਕਿ ਚਿੰਤਨ, ਧਯਾਨ, ਪ੍ਰੇਮ ਆਦਿ ਜਪੁ ਸਾਹਿਬ ਵਿਚ ਦਸਣਾ ਹੈ, ਇਥੇ ਉਸ ਨੂੰ '੧' ਕਰਕੇ ਦੱਸਦੇ ਹਨ, ਯਥਾ–

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਆਸਾ ਮ: ੧ ਘਰ ੨ ਅੰਕ ੪-੫)

ਇਹ '੧' ਆਪ ਜੀ ਨੇ ਜਪੁਜੀ ਦੇ ਮੁੱਢ ਵਿਚ 'ਸੰਖਯਾ ਵਾਚਕ ਵਿਸ਼ੇਸ਼ਣ' ਕਰਕੇ ਨਹੀਂ ਵਰਤਿਆ, ਪਰ 'ਸੰਗਯਾ' ਕਰਕੇ ਵਰਤਿਆ ਹੈ[੨]; ਜੋ ਉਸ ਦੇ ਸਰੂਪ ਦਾ ਲਖਾਯਕ ਉਸ ਦਾ ਨਾਮ ਹੈ।

ਇਸ ਦਾ ਅਰਥ ਗੁਰੂ ਜੀ ਨੇ ਆਪ ਐਉਂ ਕੀਤਾ ਹੈ:–

ਏਕਮ ਏਕੰਕਾਰੁ ਨਿਰਾਲਾ। ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥ (ਬਿਲਾਵਲੁ ਮ: ੧ ਥਿਤੀ–੧)

ਅਰਥ–ਏਕਮ (ਥਿਤ ਦੁਆਰਾ ਉਪਦੇਸ਼ ਕਰਦੇ ਹਨ ਕਿ) ਅਕਾਲ ਪੁਰਖ (ਜੋ ਹੈ ਸੋ) ਇਕ ਹੈ, ਸਭ ਤੋਂ ਅਲਿਪਤ ਹੈ। ਉਹ ਮ੍ਰਿਤੂ ਤੇ ਜਨਮ ਤੋਂ ਰਹਿਤ ਹੈ, ਉਸ ਦੀ ਕੋਈ ਜਾਤ ਕਿਸਮ ਨਹੀਂ। ਮਨ ਬੁੱਧੀ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰਿਆਂ ਤੋਂ ਅਲਖ ਹੈ, ਉਸ ਦਾ ਰੂਪ ਕੋਈ ਨਹੀਂ, ਚਿੰਨ੍ਹ ਕੋਈ ਨਹੀਂ[੩]। ਪ੍ਰਸ਼ਨ ਹੁੰਦਾ ਹੈ ਕਿ ਉਹ ਹੈ ਕਿੱਥੇ? ਤਾਂ ਦੱਸਦੇ ਹਨ:

ਖੋਜਤ ਖੋਜਤ ਘਟਿ ਘਟਿ ਦੇਖਿਆ॥ (ਬਿਲਾ: ਮ: ੧, ਥਿਤੀ–੧)

ਕਿ ਜੋ ਨਾਨਤ੍ਵ ਦੇਖ ਰਹੇ ਹੋ, ਇਸ ਵਿਚ ਖੋਜ ਕਰਦਿਆਂ ਅਸਾਂ ਘਟ ਘਟ ਵਿਚ ਉਸ ਨੂੰ ਦੇਖਿਆ ਹੈ। ਭਾਵ ਇਹ ਹੋਇਆ ਕਿ ਉਹ ਆਪਣੀ ਏਕੱਤ੍ਵ ਵਿਚ ਸਦਾ ਇਕ ਹੈ। ਜਦ ਇਕ ਹੈ ਤਾਂ ਇਕ ਹੈ। ਜਦ ਨਾਨਤ੍ਵ ਵਿਚ ਦੇਖੋ ਤਾਂ ਘਟ ਘਟ ਵਿਚ ਹੈ, ਪਰ ਉਹ ਘਟ ਘਟ ਵਿਚ ਹੋਣ ਕਰਕੇ ਪ੍ਰਛਿੰਨ ਨਹੀਂ ਹੋ ਗਿਆ, ਉਹ ਨਾਨਤ੍ਵ ਵਿਚ ਬੀ ਆਪ ਇਕ ਦਾ ਇਕ ਹੀ ਹੈ।

ਉਹ ਇਕ ਕੈਸਾ ਹੈ? ਉਹ ਅਦੁਤੀ ਹੈ, ਹਾਂ ਇਹ ਉਸ 'ਇਕ' ਦੀ ਸ਼ਰਤ ਹੈ ਕਿ ਉਹ ਇਕ ਹੈ ਅਰ ਅਦੁਤੀ ਇਕ ਹੈ, ਯਥਾ:–

ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥ (ਰਾਮਕਲੀ ਮ: ੧ ਦਖ: ਓਅੰਕਾਰ–੫)

ਅਰਥਾਤ–ਉਹ ਕੇਵਲ ਇਕ ਹੈ, ਦੂਜਾ ਹੋਰ ਕੋਈ ਨਹੀਂ: ਉਹੀ ਇਕ, ਜੋ ਦੂਜਾ ਨਹੀਂ, ਸਾਰੇ ਸਮਾ ਰਿਹਾ ਹੈ।

---

[੧] ਇਹ ਮੂਲ ਮੰਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਦੇ ਮੁੱਢ ਵਿਚ ਬੀ ਫੇਰ ਫੇਰ ਆਉਂਦਾ ਹੈ। ਭਾਵ ਇਹ ਹੁੰਦਾ ਹੈ ਕਿ ਬਾਣੀ ਵਿਚ ਇਸੇ ਦੀ ਵਿਆਖਿਆ ਹੈ ਜੋ ਹੋਰ ਹੋਰ ਖਯਾਲ ਧਾਰਾ ਨਾਲ ਮੁੜ ਮੁੜ ਆਵੇਗੀ। ਸਿਖਾਂ ਵਿਚ ਇਸ ਮੂਲ ਮੰਤ੍ਰ ਦੁਆਰਾ ਉਪਾਸ਼ਨਾ ਬੀ ਹੁੰਦੀ ਹੈ। ਇਸ ਦਾ ਉਪਦੇਸ਼ ਅੰਮ੍ਰਿਤ ਛਕਣ ਸਮੇਂ ਬੀ 'ਨਾਮ' ਦੇ ਨਾਲ ਕੀਤਾ ਜਾਂਦਾ ਹੈ। ਏਥੇ ਤੇ ਹੋਰ ਬਾਣੀਆਂ ਦੇ ਮੁੱਢ ਵਿਚ ਇਹ ਮੰਗਲਾਚਰਣ ਬੀ ਹੈ।

[੨] ਜੈਸੇ: 'ਇਸੁ ਏਕੇ ਕਾ ਜਾਣੈ ਭੇਉ।' (ਰਾਮਕਲੀ ਮ: ੧, ਦਖ. ਓਅੰਕਾਰ – ੮)
ਇਸ ਵਿਚ 'ਏਕਾ' ਵਿਸ਼ੇਸ਼ਣ ਨਹੀਂ ਸੰਗਯਾ ਹੈ।

[੩] ਨਿਰਭਉ ਬੀ ਇਸ ਇਕ ਨੂੰ ਦਸਿਆ ਹੈ –'ਏਕੇ ਕਉ ਨਾਹੀ ਭਉ ਕੋਇ।॥' (ਬਿਲਾਵਲ ਮ:੧-੩)

ਪ੍ਰਸ਼ਨ ਹੁੰਦਾ ਹੈ: ਉਹ ਪਾਇਆ ਕੀਕੂੰ ਜਾਏ ? ਤਾਂ ਦੱਸਦੇ ਹਨ:-

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥
ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ॥
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥੫॥

(ਰਾਮਕਲੀ ਮ:੧, ਦਖ: ਓਅੰਕਾਰ-੫)

ਅਰਥ- ਇਕ ਹੈ, ਇਕ ਹੈ, ਕਹਿ ਤਾਂ ਸਭ ਕੋਈ ਲੈਂਦਾ ਹੈ ਪਰ ਕਹਿਣ ਮਾਤ੍ਰ ਨਾਲ ਸਿਆਣ ਨਹੀਂ ਹੁੰਦੀ, ਕਿਉਂਕਿ ਕਹਿਣ ਵਾਲੇ ਦੀਆਂ ਚਿਤ ਬ੍ਰਿਤੀਆਂ ਹਉਂ ਤੇ ਹੰਕਾਰ ਵਿਚ ਫਸੀਆਂ ਹੋਈਆਂ ਹਨ। ਜਦ ਇਸ ਹਉਂ ਨੂੰ ਛੱਡ ਕੇ ਅੰਦਰ ਬਾਹਰ ਵਯਾਪਕ 'ਇਕ' ਨੂੰ ਪਛਾਣ ਲਵੇ, ਤਾਂ ਉਸ ਦਾ ਸਰੂਪ ਪਛਾਣ ਹੋ ਜਾਂਦਾ ਹੈ। ਉਹ ਪ੍ਰਭੂ ਨੇੜੇ ਹੈ ਦੂਰ ਨਹੀਂ, ਸ੍ਰਿਸ਼ਟੀ ਸਾਰੀ ਵਿਚ ਵਯਾਪਕ ਹੈ। ਹਾਂ ਉਹ ਕੇਵਲ ਇਕੋ ਹੈ, ਦੂਜਾ ਹੋਰ ਕੋਈ ਨਹੀਂ, ਉਹ ਸਾਰੇ ਪਰੀਪੂਰਣ ਹੈ।

ਫਿਰ ਫੁਰਮਾਉਂਦੇ ਹਨ:-

ਏਕੋ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ॥ (ਰਾਮ: ਮ: ੧ ਸਿਧ ਗੋਸਟਿ-੨੪)

ਜਦੋਂ ਕੋਈ ਹਉਮੈ ਰੂਪੀ ਦੁਐਤ ਨੂੰ ਦੂਰ ਕਰ ਲਵੇਗਾ ਤਦੋਂ ਇਸ 'ਇਕ' ਨੂੰ ਸਚ ਮੁਚ 'ਇਕ' ਜਾਣ ਲਵੇਗਾ।

ਪੰਜਵੇਂ ਗੁਰੂ ਜੀ ਨੇ ਫੁਰਮਾਇਆ ਹੈ ਕਿ:-

ਏਕੰਕਾਰੁ ਨਿਰੰਜਨੁ ਨਿਰਭਉ ਸਭ ਜਲਿ ਥਲਿ ਰਹਿਆ ਸਮਾਈ॥ (ਰਾਮ: ਮ: ੫ ਅਸਟ:-੬)

ਜੋ ਕੇਵਲ ਏਕੱਤ੍ਰ ਹੈ, ਅਪਣੇ ਨਿਰੰਜਨ ਸਰੂਪ ਵਿਚ ਹੈ, ਨਿਰਭਉ ਹੈ, ਉਹੀ ਨਾਨਤ੍ਰ ਯਾ ਅਨੇਕਤਾ ਵਿਚ ਸਮਾਇਆ ਬੀ ਇਕ ਹੀ ਹੈ, ਉਹ ਮੂਲ ਹੈ, ਉਹੋ ਅਸਲੀਅਤ ਹੈ, ਉਸੇ ਦੀ ਏਕੱਤ੍ਰ ਤੋਂ ਨਾਨੱਤ੍ਰ ਹੁੰਦੀ ਹੈ, ਪਰ ਤਦ ਬੀ ਉਸ ਦੀ ਏਕੱਤ੍ਰ ਅਬਦਲ[1] ਯਥਾਰਥ ਤੇ ਠੀਕ ਠੀਕ '੧' ਹੀ ਰਹਿੰਦੀ ਹੈ।

ਦਸਮ ਪਾਤਸ਼ਾਹ ਜੀ ਦਾ ਵਾਕ ਹੈ:-

ਪ੍ਰਣਵੋ ਆਦਿ ਏਕੰਕਾਰਾ॥ ਜਲ ਥਲ ਮਹੀਅਲ ਕੀਓ ਪਸਾਰਾ॥
ਆਦਿ ਪੁਰਖ ਅਦ੍ਵੈ ਅਬਿਨਾਸੀ॥ ਲੋਕ ਚਤਰਦਸ ਜੋਤ ਪ੍ਰਕਾਸੀ॥ (ਅਕਾਲ ਉਸਤਤਿ)

ਗੁਰੂ ਜੀ ਦੇ ਲਿਖੇ ਇਸ '੧' ਨੇ ਸਾਨੂੰ ਇਹ ਬੀ ਦੱਸਿਆ ਕਿ ਅਨੇਕਤਾ ਯਾ ਨਾਨੱਤ੍ਰ ਯਾ ਸ੍ਰਿਸ਼ਟੀ ਜੋ ਕੁਛ ਕਹੋ ਇਸ ਦਾ ਮੂਲ '੦' ਸ਼ੂਨ (ਅਣਹੋਂਦ ਯਾ ਮਨਫੀਅਤ[2]) ਨਹੀਂ, ਪਰ ਹੋਂਦ ਹੈ ਜੋ '੧' ਹੈ। ਦ੍ਰਿਸ਼ਯ ਅਦ੍ਰਿਸ਼ਯ ਇਸ 'ਇਕੋ' ਥਿਰ ਹਸਤੀ ਦਾ ਪਸਾਰਾ ਹੈ ਜੋ-ਸਦਾ ਅਦ੍ਵੈ ਹੈ-**ਆਦਿ ਪੁਰਖ ਅਦ੍ਵੈ ਅਬਿਨਾਸੀ॥** (ਅਕਾ: ਉਸ:)

---

[1] ਨਾ ਬਦਲੀ ਜਾ ਸਕਣ ਵਾਲੀ।

[2] 'ਸ਼ੂਨ' ਦਾ ਅਰਥ 'ਅਣਹੋਂਦ' ਹੈ। ਗੁਰੂ ਕਾ ਮਤਿ '੧' ਦਾ ਉਪਾਸਕ ਹੈ ਜੋ 'ਯਥਾਰਥ ਹਸਤੀ' ਹੈ। 'ਸ਼ੂਨ ਮਾਤ੍ਰ ਯਾ ਅਣਹੋਂਦ' ਗੁਰਮਤਿ ਨਹੀਂ।

ਉਵ 'ਸ਼ੂਨ' ਪਦ ਕਈ ਵੇਰ ਪਰਮਾਤਮਾ ਦੀ ਹਸਤੀ ਦੇ ਅਰਥਾਂ ਵਿਚ ਬੀ ਆਇਆ ਹੈ। ਜੈਸੇ ਸ਼ੰਕਰ ਜੀ ਦਾ ਵਾਕ ਹੈ:-

ਗੰਭੀਰ ਧੀਰੰ ਨਿਰਵਾਣ ਸ਼ੂਨਯਮ। ਸੰਸਾਰ ਸਾਰੰ ਨਚ ਪਾਪ ਪੁਣਯਮ। (ਅਖੰਡ ਬ੍ਰਹਮ ਸਤੋਤ੍ਰ ੮।)

ਗੁਰੂ ਜੀ ਦਾ ਅਪਣਾ ਵਾਕ ਹੈ:-

'ਘਟਿ ਘਟਿ ਸੁੰਨ ਕਾ ਜਾਣੈ ਭੇਉ॥ ਆਦਿ ਪੁਰਖੁ ਨਿਰੰਜਨ ਦੇਉ॥' (ਰਾਮਕਲੀ ਮ: ੧ ਸਿ: ਗੋਸਟਿ-੫੧)

ਘਟਿ ਘਟਿ ਵਿਚ ਜੋ ਵਯਾਪਕ 'ਸੁੰਨ' ਹੈ (ਉਹ ਅਣਹੋਂਦ ਨਹੀਂ ਉਹ ਤਾਂ) ਆਦਿ ਪੁਰਖ ਹੈ, ਪ੍ਰਕਾਸ਼ ਸਰੂਪ ਹੈ (ਪਰ) ਮਾਇਆ ਰਹਿਤ ਹੈ। ਇਥੇ ਸੁੰਨ ਦਾ ਅਰਥ ਨਿਰੰਜਨ ਪਰਮਾਤਮ ਦੇਵ ਹੈ।

 www.sikhbookclub.com

ਸਾਧਨ ਪੱਖ-ਗੁਰੂ ਨਾਨਕ ਦੇਵ ਜੀ ਦਾ ਵਾਕ ਹੈ:-

ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥ (ਰਾਮ: ਮ: ੧, ਦ: ਓਅੰ:-੫)

ਪੁਨਾ:-**ਏਕ ਊਪਰਿ ਜਿਸੁ ਜਨ ਕੀ ਆਸਾ। ਤਿਸਕੀ ਕਟੀਐ ਜਮ ਕੀ ਫਾਸਾ॥**

(ਗਉੜੀ ਮਹਲਾ ੫, ਸੁਖਮਨੀ ੧੪-੪)

ਇਸ ਕਰਕੇ ਦਸਮ ਪਾਤਸ਼ਾਹ ਜੀ ਦੀ ਆਗਿਆ ਹੈ:-

ਇਕ ਛਿਨ ਦੂਸਰ ਸੋ ਨ ਚਿਨਾਰ॥ (ਪਾ: ੧੦ ਸ਼ਬਦ ਹਜ਼ਾਰੇ)

ਗੁਰੂ ਨਾਨਕ ਦੇਵ ਜੀ ਦਾ ਵਾਕ ਹੈ:

ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ॥ (ਰਾਮ: ਮ: ੧ ਦਖ: ਓਅੰ:-੬)

ਉਸ ਨਿਰੰਜਨ '੧' ਨੂੰ ਸੇਵੇ ਕੀਕੂੰ?

ਉੱਤਰ-**ਏਕੋ ਏਕੁ ਖਧਾਨੀਐ ਬਿਰਲਾ ਜਾਣੈ ਸ੍ਵਾਦੁ॥** (ਗਉ: ਮ: ੫, ਥਿਤੀ-੧੧)

ਪੂਨਾ:-**ਏਕੰਕਾਰ ਨਾਮ ਉਰ ਧਾਰੰ॥ ਕੁਲਹ ਸਮੂਹ ਸਗਲ ਉਧਾਰੰ॥** (ਗਾਥਾ ਮ: ੫ -੨੦)

ਪੂਨਾ:-**ਆਦਿ ਨਿਰੰਜਨੁ ਨਿਰਮਲੁ ਸੋਈ॥ ਅਵਰੁ ਨ ਜਾਣਾ ਦੂਜਾ ਕੋਈ॥**

ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ॥੧੧॥ (ਮਾਰੂ ਸੋਲਹੇ ਮ: ੧-੧੩)

ਫੇਰ ਦ੍ਰਿਸ਼ਟੀ ਕੀਹ ਹੋ ਜਾਂਦੀ ਹੈ, ਪੰਚਮ ਗੁਰੂ ਜੀ ਦੱਸਦੇ ਹਨ:-

ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ॥ (ਬਿਲਾ: ਮ: ੫-੮੭)

ਹੁਣ ਪ੍ਰਸ਼ਨ ਹੁੰਦਾ ਹੈ ਕਿ ਏਕੰਕਾਰ ਦੀ ਪ੍ਰਾਪਤੀ ਕਿਥੋਂ ਹੁੰਦੀ ਹੈ? ਉਤਰ ਦੇਂਦੇ ਹਨ:-

ਸਾਧ ਸੰਗਤਿ ਕਉ ਵਾਰਿਆ ਭਾਈ ਜਿਨ ਏਕੰਕਾਰ ਅਧਾਰ॥ (ਸੋਰਠਿ ਮ: ੫ ਘਰ: ੧-੨)

ਪੁਨਾ:-**ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ॥** (ਮਾਰੂ ਸੋ: ਮ: ੫-੭)

ਗੁਰੂ ਨਾਨਕ ਦੇਵ ਜੀ ਨੇ 'ਇਕ'-'ਅਦੁਤੀ ਇਕ'-ਬਾਬਤ ਐਉਂ ਬੀ ਫੁਰਮਾਇਆ ਹੈ:-

ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥੩॥ (ਆਸਾ ਮਹਲਾ ੧)

ਅਰਥਾਤ-ਉਸ ਦਾ ਵਡਾ ਗੁਣ ਇਹ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ ਹੈ; ਨਾ ਕੋਈ (ਅਗੇ) ਹੋਇਆ ਹੈ ਨਾਂ (ਅਗੋਂ ਨੂੰ) ਕੋਈ ਹੋਵੇਗਾ। ਭਾਵ ਉਹ ਇਕ ਹੈ ਤੇ ਉਸ ਵਰਗਾ ਇਕ ਉਹ ਆਪ ਹੀ ਹੈ ਹੋਰ ਕੋਈ ਨਹੀਂ।

(ਵ੍ਯਾਖ੍ਯਾ ਜਾਰੀ-ੳੇ) ਪਹਿਲਾਂ ਗੁਰੂ ਜੀ ਨੇ ਨਿਰੰਕਾਰ ਨੂੰ '੧' ਲਿਖਕੇ ਲਖਾਇਆ, ਗੋਯਾ ਕਿ ਉਹ 'ਅਪਰੰਪਰ ਪਾਰਬ੍ਰਹਮ' ਹੈ, ਅਰਥਾਤ ਪਰੇ ਤੋਂ ਪਰੇ ਨਿਜ ਸਰੂਪ ਨਿਜ ਥਾਇ ਵਿਚ ਸਥਿਤ ਹੈ।

ਯਥਾ: **ਸਾਚਾ ਨਿਰੰਕਾਰੁ ਨਿਜ ਥਾਇ॥** (ਸਿਰੀ ਰਾ: ਮ:੧-੨)

ਪਰ ਫਿਰ ਆਪ ਜੀ ਨੇ ਉਸ ਨੂੰ ਜਲ ਥਲ ਮਹੀਅਲਿ ਤੇ ਘਟ ਘਟ ਵਿਚ ਦੱਸਿਆ; ਅਰਥਾਤ ਉਹ ਜੋ ਪਰੇ ਤੋਂ ਪਰੇ (ਅਪਰੰਪਰ ਸੀ ਉਹੀ) ਵ੍ਯਾਪਕ ਹੈ ਤੇ ਉਹੀ ਘਟ ਘਟ ਵਿਚ ਅਰਥਾਤ ਅੰਤ੍ਰਸਥ ਬੀ ਹੈ।

੧. ਅਪਰੰਪਰ- **ਏਕੰਕਾਰੁ ਨਿਰੰਜਨੁ ਨਿਰਭਉ** (ਰਾਮ: ਮ: ੫ ਅਸਟ:੬)

੨. ਵਿਆਪਕ- **ਸਭ ਜਲਿ ਥਲਿ ਰਹਿਆ ਸਮਾਈ॥** (ਰਾਮ: ਮ: ੫ ਅਸਟ:੬)

੩. ਅੰਤ੍ਰਸਥ- **ਖੋਜਤ ਖੋਜਤ ਘਟਿ ਘਟਿ ਦੇਖਿਆ॥**[1] (ਬਿਲਾ: ਮ: ੧ ਥਿਤੀ-੧)

---

[1] ਸਾਰਾ ਪਾਠ ਇਉਂ ਹੈ:ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ॥ ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥

 www.sikhbookclub.com

ਅਪਰੰਪਰ, ਵਿਆਪਕ ਤੇ ਅੰਤ੍ਰਸਥ ਹੋਕੇ ਉਹ ਤ੍ਰੈ ਨਹੀਂ ਹੋ ਗਿਆ, ਉਹ ਇਕੋ ਦਾ ਇਕੋ ਹੈ। ਯਥਾ:-

ਅੰਤਰਿ ਬਸੇ ਬਾਹਰਿ ਭੀ ਓਹੀ॥ ਨਾਨਕ ਦਰਸਨੁ ਦੇਖਿ ਸਭ ਮੋਹੀ॥ (ਗਉ: ਮ: ੫, ਸੁਖਮਨੀ, ੨੩-੪)

ਹੁਣ ਨਿਰੰਜਨ ਨੂੰ ਅਪਰੰਪਰ ਲਖਕੇ, ਫਿਰ ਵਿਆਪਕ ਤੇ ਅੰਤ੍ਰਸਥ ਤੇ ਅੰਤ੍ਰਸਥ ਹੁੰਦਿਆਂ ਨਿਰੰਤਰ ਦੇਖਕੇ ਗੁਰੂ ਜੀ ਨੇ ਉਸ ਨੂੰ ਲਖਾਉਣ ਲਈ ਇਕ ਅੱਖਰ ਲਿਆ 'ਓ' ਤੇ ਇਸ ਨੂੰ ਆਪਣੇ '੧' ਦੇ ਨਾਲ ਲਾ ਦਿਤਾ[1]।

ਅੱਖਰ ਦੋ ਪ੍ਰਕਾਰ ਦੇ ਹਨ-ਸ੍ਵਰ ਤੇ ਵਯੰਜਨ। ੳ, ਅ, ੲ ਸ੍ਵਰ ਹਨ ਤੇ 'ਕ' ਤੋਂ ਲੈਕੇ ਬਾਕੀ ਪੈਂਤੀ ਦੇ ਅੱਖਰ ਵਯੰਜਨ ਹਨ। ਵਯੰਜਨ ਆਪੇ ਨਹੀਂ ਬੋਲਦੇ, ਉਨ੍ਹਾਂ ਵਿਚ ਸ੍ਵਰ ਦੀ ਆਵਾਜ਼ ਲੁਪਤ ਹੋਵੇ ਤਾਂ ਉਹ ਬੋਲਦੇ ਹਨ, ਸੋ ਸ੍ਵਰ ਅੱਖਰ ਵਯੰਜਨਾਂ ਤੋਂ ਸ਼ਿਰੋਮਣੀ ਹੋਏ। ਆਪਣੀ ਵਰਣਮਾਲਾ ਵਿਚ ਗੁਰੂ ਜੀ ਨੇ 'ੳ' ਅੱਖਰ ਨੂੰ ਪਹਿਲਾ ਥਾਂ ਦਿਤਾ ਹੈ, ਗੋਯਾ ਸ੍ਵਰਾਂ ਵਿਚੋਂ 'ੳ' ਨੂੰ ਸ਼ਿਰੋਮਣ ਸ੍ਵਰ ਥਾਪਿਆ ਹੈ[2]। ਇਸੇ ਕਰਕੇ ਇਸ ਦਾ 'ਓ' ਰੂਪ ਬਣਾਕੇ ਆਪਣੇ ਅਗਮ ਅਗੋਚਰ ਤੇ ਨਿਰਾਲੇ ਏਕੰਕਾਰ ਨੂੰ ਘਟ ਘਟ ਦਾ ਵਾਸੀ ਤੇ ਸਾਰੀ ਰਚਨਾ ਦਾ ਮੁੱਢ ਮੂਲ ਅਤੇ ਫੇਰ ਸਾਰੇ ਪਸਾਰੇ ਵਿਚ ਵਿਆਪਕ[3] ਕਰਤਾ ਦਸਣੇ ਲਈ '੧' ਦੇ ਨਾਲ ਲਾ ਦਿੱਤਾ।

ਆਸਾ ਦੀ ਵਾਰ ਵਿਚ ਦੱਸਿਆ ਹੈ:		ਇਹੋ ਖਿਆਲ ਭਾਈ ਗੁਰਦਾਸ ਜੀ ਨੇ ਐਉਂ ਦੱਸਿਆ ਹੈ:	
੧. ਆਪੀਨੈ੍ ਆਪੁ ਸਾਜਿਓ	'੧'	ਗੁਰਮੁਖਿ ਏਕੰਕਾਰੁ ਆਪਿ ਉਪਾਇਆ।	੧
ਆਪੀਨੈ੍ ਰਚਿਓ ਨਾਉ॥	'ਓ'	ਓਅੰਕਾਰਿ ਅਕਾਰੁ ਪਰਗਟੀ ਆਇਆ।	ਓ[4]
੨. ਦੁਯੀ ਕੁਦਰਤਿ ਸਾਜੀਐ	ਸ੍ਰਿਸ਼ਟੀ	ਪੰਜ ਤਤ ਵਿਸਥਾਰੁ ਚਲਤੁ ਰਚਾਇਆ।	ਸ੍ਰਿਸ਼ਟੀ
ਕਰਿ ਆਸਣੁ ਡਿਠੋ ਚਾਉ॥	ਦ੍ਰਸ਼ਟਾ	ਖਾਣੀ ਬਾਣੀ ਚਾਰਿ ਜਗਤੁ ਉਪਾਇਆ।	
(ਆਸਾ : ਮ: ੧ ਵਾਰ-੨)		(ਵਾ: ਭਾ: ਗੁ: ੧੯-੧)	

ਸ੍ਰਿਸ਼ਟੀ ਨੂੰ ਉਪਾਵਣਹਾਰ ਅਕਾਲ ਪੁਰਖ ਦਾ ਲਖਾਯਕ ਹੈ 'ਓ'; ਇਹ ਗੱਲ ਗੁਰੂ ਨਾਨਕ ਦੇਵ ਜੀ ਨੇ ਆਪ ਐਉਂ ਦੱਸੀ ਹੈ:-

ਓਅੰਕਾਰਿ ਬ੍ਰਹਮਾ ਉਤਪਤਿ॥	ਓਅੰਕਾਰ ਤੋਂ ਬ੍ਰਹਮਾ ਦੀ ਉਤਪਤੀ ਹੋਈ।
ਓਅੰਕਾਰੁ ਕੀਆ ਜਿਨਿ ਚਿਤਿ॥	ਓਅੰਕਾਰ ਉਹ ਹੈ ਜਿਸ ਨੇ ਚੇਤਨਤਾ ਰਚੀ; ਭਾਵ ਚੇਤਨ ਸ੍ਰਿਸ਼ਟੀ ਰਚੀ।
ਓਅੰਕਾਰਿ ਸੈਲ ਜੁਗ ਭਏ॥	ਓਅੰਕਾਰ ਤੋਂ (ਸੈਲ=) ਦੇਸ ਤੇ (ਜੁਗ=) ਕਾਲ ਰਚੇ ਗਏ। ਭਾਵ ਜੜ੍ਹ ਸ੍ਰਿਸ਼ਟੀ ਰਚੀ ਗਈ।
ਓਅੰਕਾਰਿ ਬੇਦ ਨਿਰਮਏ॥	ਓਅੰਕਾਰ ਤੋਂ ਵੇਦ ਰਚੇ ਗਏ।
ਓਅੰਕਾਰਿ ਸਬਦਿ ਉਧਰੇ॥	ਓਅੰਕਾਰ ਤੋਂ ਸ਼ਬਦ ਦੁਆਰਾ (ਭਾਵ ਸਿਮਰਣ ਕਰਕੇ ਜੀਵ) ਉਧਰ ਗਏ।

[1] ਏਕਾ ਏਕੰਕਾਰੁ ਲਿਖਿ ਦੇਖਾਲਿਆ। ਊੜਾ ਓਅੰਕਾਰੁ ਪਾਸਿ ਬਹਾਲਿਆ। (ਭਾ: ਗੁ: ਵਾ: ੩-੧੫)

[2] ਸ਼ਾਇਦ ਇਸ ਲਈ ਬੀ ਕਿ ਜੋ ਸ਼ਬਦ ਆਦਿ ਪੁਰਖ ਨੇ ਰਚਨਾ ਕਰਨ ਸਮੇਂ ਆਪ ਨੂੰ ਏਕਾ ਉਚਾਰਕੇ ਕੀਤਾ ਉਹਦੀ ਆਵਾਜ਼ 'ਓ' ਵਰਗੀ ਸੀ। ਯਥਾ- ਨਿਰੰਕਾਰ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ। ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ। (ਵਾ: ਭਾ: ਗੁ: ੨੬-੨)। ਜਿਵੇਂ '੧' ਪਾਰਬ੍ਰਹਮ ਦਾ ਲਖਾਯਕ ਹੈ ਤਿਵੇਂ 'ਓ' ਸ਼ਬਦ ਬ੍ਰਹਮ ਦਾ ਲਖਾਯਕ ਬੀ ਹੋਵੇ।

[3] 'ਕੁਦਰਤਿ ਵਸਿਆ'। [4] ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ। ਹੋਆ ਏਕੰਕਾਰੁ ਆਪੁ ਉਪਾਇਆ। ਓਅੰਕਾਰਿ ਅਕਾਰੁ ਚਲਿਤੁ ਰਚਾਇਆ। (ਵਾਰ ਭਾ: ਗੁ: ੨੨-੧)

ਓਅੰਕਾਰਿ ਗੁਰਮੁਖਿ ਤਰੇ॥	ਓਅੰਕਾਰ (ਦੇ ਲੱਖਜ) ਨੂੰ ਲਖਣੇ ਕਰਕੇ ਗੁਰਮੁਖ (ਭਵ ਸਾਗਰ ਨੂੰ) ਤਰ ਗਏ।
ਓਨਮ ਅਖਰ ਸੁਣਹੁ ਬੀਚਾਰੁ॥	(ਅ+ਖਰ=ਨਾ ਖਰਨੇ ਵਾਲਾ ਅਰਥਾਤ) ਨਾਸ਼ ਰਹਿਤ (ਪਰਮਾਤਮਾ ਜੋ) 'ੳ' (ਦਾ ਲਖਜ ਹੈ, ਉਹ) ਨਮਸਕਾਰ ਜੋਗ ਹੈ, ਉਸ ਦਾ ਵੀਚਾਰ ਸੁਣ:-
ਓਨਮ ਅਖਰੁ ਤ੍ਰਿਭਵਣ ਸਾਰੁ॥੧॥ (ਰਾਮ: ਮ:੧ : ਦਖ. ੳ : ੧)	(ਜੋ) ਅ+ਖਰ(ਨਾਸ਼ ਰਹਿਤ ਪਰਮਾਤਮਾ ਹੈ ਸੋ) ਤਿੰਨਾਂ ਭਵਨਾਂ ਦਾ ਸਾਰ ਹੈ (ਤੇ ਤ੍ਰੈ ਭਵਣ ਉਸ ਦਾ ਕੀਤਾ ਪਸਾਰਾ ਹੈ, ਉਹ) 'ੳ' (ਦਾ ਲਖਜ ਹੈ ਤੇ) ਨਮਸਕਾਰ ਜੋਗ ਹੈ।

ਉਪਰਲੇ ਵਾਕਾਂ ਵਿਚ ਗੁਰੂ ਜੀ ਨੇ 'ੴ' ਦਾ ਉਚਾਰਣ ਆਪ ਹੀ 'ਓਅੰਕਾਰ' ਬੰਨ ਦਿੱਤਾ ਹੈ। ਜੋ ਗੁਰਮਤਿ ਵਿਚ ਪਰੰਪਰਾ ਤੋਂ ਪ੍ਰਮਾਣੀਕ ਹੈ। 'ਕਾਰ' ਪਦ ਲੱਗਣ ਨਾਲ 'ੴ' ਦਾ ਅਰਥ 'ਕੇਵਲ ਓਂ' ਹੋ ਗਿਆ[੧]।

ਸੋ ਉਪਰਲੇ ਵਾਕਾਂ ਵਿਚ ਉਚਾਰਣ ਦਾ ਰੂਪ 'ਓਅੰਕਾਰ' ਬੰਨ੍ਹ ਕੇ ਆਪ ਨੇ ਇਸ ਦਾ ਅਰਥ ਕੀਤਾ ਕਿ ਇਹ ਬ੍ਰਹਮਾ ਆਦਿ ਦੇਵਤਿਆਂ ਦੇ ਰਚਣਹਾਰ ਦਾ ਲਖਾਯਕ ਅੱਖਰ ਹੈ। ਇਹੋ ਚੇਤਨ ਤੇ ਜੜ੍ਹ ਸ੍ਰਿਸ਼ਟੀ, ਦੇਸ਼ ਕਾਲ ਆਦਿ ਦੇ ਰਚਣਹਾਰ ਦਾ ਨਾਮ ਹੈ, ਗਿਆਨ ਤੇ ਗਿਆਨ ਪ੍ਰਾਪਤੀ ਦੇ ਸਾਧਨ 'ਸਬਦ' ਦਾ ਰਚਨਹਾਰ ਬੀ ਹੈ। ਉਸ ਦਾ ਫਿਰ ਅੰਤਮ ਬੀਚਾਰ ਇਹ ਦੱਸਦੇ ਹਨ ਕਿ 'ੳ' ਉਸ ਦਾ ਲਖਾਯਕ ਹੈ ਜੋ ਤਿੰਨਾਂ ਭਵਨਾਂ ਵਿਚ ਸਾਰ ਰੂਪ ਹੈ ਤੇ (ਅ+ਖਰ) ਨਾਸ਼ ਰਹਿਤ ਹੈ। ਆਪ ਤਿੰਨਾਂ ਭਵਨਾਂ ਤੋਂ ਬਾਹਰ ਨਹੀਂ, ਪਰ ਆਪ ਸਾਰ ਰੂਪ ਹੈ, ਤੇ ਹੋਰ ਸਾਰਾ ਉਸ ਸਾਰ ਰੂਪ ਦਾ ਪਸਾਰਾ ਹੈ, ਆਪਣੇ ਤੋਂ ਵਿਕ੍ਰਿਤ ਹੋ ਕੇ ਉਹ ਤ੍ਰਿਭਵਣ ਰੂਪ ਨਹੀਂ, ਸਾਰ ਰੂਪ ਰਹਿਕੇ ਪਸਾਰੇ ਤੋਂ ਭਿੰਨ ਬੀ ਹੈ ਤੇ ਵਯਾਪਕ ਹੋਕੇ ਅਭਿੰਨ ਬੀ ਹੈ। ਉਸਦੇ ਇਸ ਭਿੰਨ ਅਭਿੰਨ ਰੂਪ ਦਾ ਲਖਾਯਕ 'ੴ' ਹੈ।

ਤੀਸਰੇ ਸਤਿਗੁਰ ਜੀ ਨੇ ਬੀ ਓਅੰਕਾਰ ਨੂੰ 'ਕਰਤਾ ਪੁਰਖ' ਦਾ ਲਖਾਯਕ ਦਸਿਆ ਹੈ:-

ਓਅੰਕਾਰਿ ਸਭ ਸ੍ਰਿਸਟਿ ਉਪਾਈ॥ (ਮਾਰੂ ਮ: ੩ ਸੋਲਹੇ, ੧੮-੨)

ਅਰਥਾਤ ਓਅੰਕਾਰ ਨੇ ਸਾਰੀ ਸ੍ਰਿਸ਼ਟੀ ਉਤਪਤ ਕੀਤੀ। ਚੌਥੇ ਸਤਿਗੁਰਾਂ ਫੁਰਮਾਇਆ:-

ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ॥ (ਕਾਨੜਾ ਮ: ੪ ਅਸਟ:-੪)

ਪੰਜਵੇ ਸਤਿਗੁਰਾਂ ਫੁਰਮਾਇਆ:-

ਓਅੰਕਾਰਿ ਉਤਪਾਤੀ॥ ਕੀਆ ਦਿਨਸੁ ਸਭ ਰਾਤੀ॥ (ਮਾਰੂ ਮ: ੫-੧੭)

ਓਅੰਕਾਰ ਤੋਂ ਸਾਰੀ ਉਤਪਤੀ ਹੋਈ ਹੈ। ਦਿਨ ਤੇ ਰਾਤ ਸਭੋ ਕੁਛ ਸਾਜਿਆ ਹੈ।

ਦਸਮੇ ਪਾਤਸ਼ਾਹ ਜੀ ਨੇ ਫੁਰਮਾਇਆ ਹੈ:-

ਓਅੰਕਾਰ ਆਦਿ॥ ਕਥਨੀ ਅਨਾਦਿ॥

ਪੁਨਾ:-**ਓਅੰ ਆਦਿ ਰੂਪੇ॥ ਅਨਾਦੀ ਸਰੂਪੇ॥** (ਜਾਪ ਸਾਹਿਬ)

ਪੁਨਾ:-**ਪ੍ਰਿਥਮ ਕਾਲ ਜਬ ਕੀਆ ਪਸਾਰਾ॥ ਓਅੰਕਾਰ ਤੇ ਸ੍ਰਿਸਟਿ ਉਪਾਰਾ॥** (ਬਚਿਤ੍ਰ ਨਾਟਕ)

---

[੧] 'ਕਾਰ ਗ੍ਰਹਣੇ ਕੇਵਲ ਗ੍ਰਹਣੇ'। ਕਾਰ ਪਦ 'ਖਕਾਰ ਗਕਾਰ' ਵਿਚ 'ਖ ਮਾਤ੍ਰ', 'ਗ ਮਾਤ੍ਰ' ਅਰਥ ਦੇਂਦਾ ਹੈ। 'ਕਾਰ' ਦਾ ਅਰਥ 'ਪਦ ਮਾਤ੍ਰ' ਬੀ ਲਿਖਿਆ ਹੈ ਤੇ 'ਉਚਾਰਣ' ਬੀ। ਇਸ ਮੂਜਬ ਓਅੰਕਾਰ ਦਾ ਅਰਥ ਹੋਊ 'ਪਦ ਓਅੰ' ਯਾ 'ਓਅੰ ਦਾ ਉਚਾਰਣ'। ਇਹਨਾ ਤ੍ਰੈਹਾਂ (ਕੇਵਲ, ਮਾਤ੍ਰ, ਉਚਾਰਣ) ਵਿਚੋਂ ਸੰਪ੍ਰਦਾਈ ਦਾਨਿਆਂ ਨੇ 'ਕਾਰ' ਦਾ ਅਰਥ 'ਕੇਵਲ' ਹੀ ਨਿਸਚਿਤ ਕੀਤਾ ਹੋਇਆ ਹੈ।

www.sikhbookclub.com

ਕਬੀਰ ਜੀ ਨੇ ਬੀ ਬਾਵਨ ਅਖਰੀ ਲਿਖੀ ਹੈ, ਇਸ ਦੀ ਅਖੀਰਲੀ ਪਉੜੀ ਤੋਂ ਪਤਾ ਲਗਦਾ ਹੈ ਕਿ ਇਹ ਬੀ ਕਿਸੇ ਪੰਡਿਤ ਪਰਥਾਇ ਉਚਾਰੀ ਹੈ ਜੋ ਪੰਡਿਤ ਕਿ ਲੋਕ ਬਿਉਹਾਰ ਦੀ ਵਿਦਜਾ ਪੜ੍ਹਾਉਂਦਾ ਸੀ। ਪਾਂਧੇ ਯਾ ਪੰਡਿਤ ਪੱਟੀ ਦੇ ਮੁੱਢ ਵਿਚ ਓਅੰਕਾਰ ਲਿਖ ਦੇਂਦੇ ਹਨ[੧]। ਉਸ ਪਰਥਾਇ ਕਬੀਰ ਜੀ ਓਥੇ ਫੁਰਮਾਉਂਦੇ ਹਨ:-

ਓਅੰਕਾਰ ਆਦਿ ਮੈ ਜਾਨਾ॥	'ਓਅੰਕਾਰ ਸਭ ਦੀ ਆਦਿ ਹੈ', ਮੈਂ ਉਸ ਨੂੰ (ਤਾਂ) ਜਾਣ ਲਿਆ ਹੈ।
ਲਿਖਿ ਅਰੁ ਮੇਟੈ ਤਾਹਿ ਨ ਮਾਨਾ॥ **ਓਅੰਕਾਰ ਲਖੈ ਜਉ ਕੋਈ॥**	(ਪਰ ਹੇ ਪੰਡਿਤ ਤੂੰ ਜਿਸ ਓਅੰਕਾਰ ਨੂੰ ਪੱਟੀ ਉਤੇ) ਲਿਖ ਦੇਂਦਾ ਹੈ (ਤੇ ਮੁੰਡੇ ਪੜ੍ਹ ਵਾਚ ਕੇ ਫੇਰ ਓਅੰਕਾਰ ਸਮੇਤ ਸਾਰੀ ਨੂੰ) ਮੇਟ ਦੇਂਦੇ ਹਨ ਉਸ (ਰਸਮੀ ਤੇ ਬਿਵਹਾਰਕ ਲਿਖਾ ਪੜ੍ਹੀ ਦੇ ਓਅੰ ਨੂੰ ਮੈਂ) ਨਹੀਂ ਮੰਨਦਾ (ਕਿ ਓਹ 'ੴ' ਦਾ ਲਖਜ ਹੈ[੨])।
ਸੋਈ ਲਖਿ ਮੇਟਣਾ ਨ ਹੋਈ॥੬॥" (ਗਉ: ਕਬੀਰ: ਬਾ: ਅਖ)	(ਪਰ) ਜੇ ਕੋਈ ਓਅੰਕਾਰ (ਦੇ ਲਖਜ) ਨੂੰ ਲਖ ਲਵੇ, (ਉਸ ਲਖਜ ਨੂੰ) ਲਖ ਲਿਆਂ ਫੇਰ ਮੇਸਣਾ ਨਹੀਂ ਹੁੰਦਾ।

ਭਾਵੇਹ ਕਿ ਓਅੰਕਾਰ ਰਚਨਾਂ ਦੀ ਆਦਿ ਹੈ, ਪਰ ਜੋ ਤੂੰ ਪੱਟੀ ਤੇ ਲਿਖ ਦੇਂਦਾ ਹੈ, ਉਹ ਰਸਮੀ ਗਲ ਹੈ, ਉਹ ਰੋਜ਼ ਲਿਖੀਂਦੀ ਤੇ ਮਿਟੀਂਦੀ ਹੈ। ਪਰ ਉਸ ਦਾ ਜੋ ਲੱਖਜ ਹੈ ਉਹ ਲਖ ਲਿਆ ਜਾਵੇ ਤਾਂ ਉਹ ਲੱਖ ਅਮਿਟ ਹੈ, ਸਦਾ ਥਿਰ ਹੈ। ਇਥੇ ਕਬੀਰ ਜੀ ਸ੍ਰਿਸ਼ਟੀ ਦੇ ਆਦਿ ਕਰਤਾ ਨੂੰ ਓਅੰਕਾਰ ਆਖ ਰਹੇ ਹਨ।

ਇਸ ਦੇ ਇਕ ਅਰਥ ਐਉਂ ਬੀ ਕਰਦੇ ਹਨ:-

ਓਅੰਕਾਰ ਨੂੰ ਮੈਂ ਜਾਣਦਾ ਹਾਂ (ਕਿ ਉਹ ਸਭ ਦੀ) ਆਦਿ ਹੈ, (ਪਰ ਉਹ ਓਅੰਕਾਰ ਜੋ ਜਿਸ ਸ੍ਰਿਸ਼ਟੀ ਨੂੰ ਪਟੀ ਦੇ ਅਖਰਾਂ ਵਾਂਙੂ ਲਿਖਕੇ ਭਾਵ) ਰਚਕੇ, ਮੇਸ (ਨਾਸ਼ ਕਰ) ਦੇਂਦਾ ਹੈ ਉਸ ਨੂੰ ਮੈਂ ਨਹੀਂ ਮੰਨਦਾ (ਕਿ ਉਹ ਸ੍ਰਿਸ਼ਟੀ ਓਅੰਕਾਰ ਹੈ! ਹਾਂ) ਜੇ ਕੋਈ ਓਅੰਕਾਰ (ਦੇ ਲਖਜ) ਨੂੰ ਲੱਖ ਲਵੇ ਉਸ (ਲੱਖ ਲੈਣ ਵਾਲੇ ਦਾ) ਲੱਖ ਕੇ ਫੇਰ ਵਿਨਾਸ਼ ਨਹੀਂ ਹੁੰਦਾ। ਇਸ ਦਾ ਭਾਵ ਬੀ ਇਹੋ ਹੈ ਕਿ ਕਬੀਰ ਜੀ ਓਅੰਕਾਰ ਦਾ ਲੱਖਜ ਸ੍ਰਿਸ਼ਟੀ ਕਰਤਾ ਨੂੰ ਮੰਨਦੇ ਹਨ, ਤੇ ਓਅੰਕਾਰ ਦੇ ਲੱਖਜ ਪਰਮਾਤਮ ਦੇਵ ਨੂੰ ਲੱਖ ਲੈਣੇ ਦਾ ਉਪਦੇਸ਼ ਦੇਂਦੇ ਹਨ।

ਭਾਈ ਗੁਰਦਾਸ ਜੀ ਲਿਖਦੇ ਹਨ:-

ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ।
ਹੋਆ ਏਕੰਕਾਰੁ ਆਪੁ ਉਪਾਇਆ।
ਓਅੰਕਾਰਿ ਅਕਾਰੁ ਚਲਿਤੁ ਰਚਾਇਆ। (ਵਾਰ ੨੨-੧)

ਪੁਨਾ:- ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰ ਲਖਾਇਆ। (ਵਾਰ ੩੯-੧)
ਓਅੰਕਾਰ ਅਕਾਰ ਕਰਿ ਤ੍ਰੈ ਗੁਣ ਪੰਜ ਤਤ ਉਪਜਾਇਆ। (ਵਾਰ ੩੯-੧੩)

ਤ੍ਰੈਹਾਂ ਦਾ ਭਾਵ ਅਰਥ ਇਹ ਹੈ:-

ਅਰਥਾਤ- ਜੋ ਨਿਰਅਕਾਰ ਅਲਖ ਪ੍ਰਭੂ ਸੀ ਉਸ ਨੇ 'ਏਕੰਕਾਰ' ਹੋ ਕੇ ਆਪ ਨੂੰ ਉਪਾਇਆ ਤੇ

---

[੧] ਪਾਂਧੇ ਮੁੱਢ ਵਿਚ 'ਓਨਮ: ਸਿਧੰ' ਲਿਖਦੇ ਹਨ, ਜਿਸ ਨੂੰ ਕਈ ਅਣਜਾਣ ਪਾਂਧੇ 'ਓਂਨਾ ਮਾਸੀ ਧੌ' ਕਰਕੇ ਉਚਾਰਦੇ ਤੇ ਲਿਖਦੇ ਹਨ।

[੨] ਅਰਥਾਤ ਤੂੰ ਰਸਮੀ ਤੌਰ ਤੇ ਲਿਖ ਦੇਂਦਾ ਹੈਂ। ਤੇਰਾ ਮਨੋਰਥ 'ੴ' ਦੇ ਲੱਖਜ ਦੀ ਪ੍ਰਾਪਤੀ ਤੇ ਉਪਾਸ਼ਨਾ ਨਹੀਂ ਹੁੰਦਾ।

www.sikhbookclub.com

'੧' ਦੇ ਅੰਗ ਵਿਚ ਲਿਖਿਆ ਤੇ ਫੇਰ ਓਅੰਕਾਰ ਦਾ ਚਰਿਤ੍ਰ ਰਚਿਆ ਜਿਸ ਤੋਂ ਅਕਾਰ ਵਾਲੀ ਸ੍ਰਿਸ਼ਟੀ ਤ੍ਰਿਗੁਣਾਂ ਵਾਲੀ ਤੇ ਪੰਜ ਤਤਾਂ ਵਾਲੀ ਰਚੀ ਗਈ।

ਫੇਰ ਭਾਈ ਗੁਰਦਾਸ ਜੀ ਓਅੰਕਾਰ ਨੂੰ ਉਸ ਦਾ ਆਕਾਰ ਦੱਸਦੇ ਹਨ:-

ਓਅੰਕਾਰ ਅਕਾਰੁ ਮੁ ਤਿਸੇ॥

ਪੁਨਾ:-ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ ।

ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ । (ਵਾ:੨੬-੨)

ਓਅੰਕਾਰੁ ਅਕਾਰੁ ਕਰਿ ਇਕੁ ਕਵਾਉ ਪਸਾਉ ਕਰਾਇਆ । (ਵਾ:੩੯-੨)

ਓਅੰਕਾਰਿ ਅਕਾਰੁ ਕਰਿ ਪਉਣ ਪਾਣੀ ਬੈਸੰਤਰੁ ਧਾਰੇ । (ਵਾ:੪-੧)

ਭਾਈ ਗੁਰਦਾਸ ਜੀ ਦਾ ਭਾਵ ਕੁਛ ਐਉਂ ਦਾ (ਗੁਰਬਾਣੀ ਦਾ ਟੀਕਾ ਹੀ) ਜਾਪਦਾ ਹੈ -

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਆਸਾ : ਮ:੧ ਵਾਰ-੧)

ਸਾਰ ਰੂਪ { ਆਪੀ ਨੈ੍ — ਨਿਰੰਜਨ ਨੇ; ਆਪੁ ਸਾਜਿਓ= ੧; ਆਪੀਨੈ੍ ਰਚਿਓ ਨਾਉ= ਓ }

ਪਸਾਰਾ ਰੂਪ { ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ=ਦ੍ਰਿਸ਼ਜ ਅਦ੍ਰਿਸ਼ਜ ਜੜ ਚੇਤਨ ਜਗਤ, ਪਸਾਰਾ ਕਰਕੇ ਸਾਰੇ ਰੂਪ ਫੇਰ ਇਕ ਦਾ ਇਕ ਤੇ ਨਾ ਲਿਪਾਇਮਾਨ ਹੈ। }

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥੨॥

ਤੂੰ ਕਰਤਾ ਹੈਂ, ਤੂੰ ਕਾਦਰ ਹੈਂ, ਇਹ ਤੇਰੀ ਕੀਤੀ ਹੋਈ ਕੁਦਰਤ ਹੈ, (ਫਿਰ ਤੂੰ ਇਸ ਤੋਂ) ਅਤ੍ਰਿਕਤ ਹੈਂ। ਇਹ ਤੇਰੇ ਹੁਕਮ ਵਿਚ ਚਲ ਰਹੀ ਹੈ, ਤੂੰ ਹੁਕਮੀ ਹੋਕੇ, ਕਾਦਰ ਕਰਤਾ ਹੋਕੇ, 'ਬਲਿਹਾਰੀ ਕੁਦਰਤਿ ਵਸਿਆ' ਹੋਕੇ ਫਿਰ 'ਇਕੋ ਦਾ ਇਕੋ[1]' ਹੋਕੇ ਵਰਤ ਰਿਹਾ ਹੈਂ।

ਜਪੁਜੀ ਵਿਚ ਫ਼ੁਰਮਾਇਆ ਹੈ:- ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥੩॥

ਹੁਕਮੀ ਅਰਥਾਤ ਹੁਕਮ ਦਾ ਮਾਲਕ ਅਪਣੇ ਹੁਕਮ ਨਾਲ ਸਾਰੀ ਸ੍ਰਿਸ਼ਟੀ ਤੇ ਪ੍ਰਬੰਧ ਚਲਾ ਰਿਹਾ ਹੈ, ਸਭ ਕੁਛ ਕਰਦਾ ਹੋਇਆ ਆਪ ਵੇਪਰਵਾਹ ਹੈ ਅਰਥਾਤ ਲਿਪਾਇਮਾਨ ਨਹੀਂ, ਵਿਗਾਸ ਅਰਥਾਤ ਆਨੰਦ ਸਰੂਪ ਹੈ।

'ੴ' ਦਾ ਸੰਸਕ੍ਰਿਤ ਰੂਪ-

'ੴ' ਰੂਪ ਗੁਰਬਾਣੀ ਦਾ ਅਪਣਾ ਹੈ, ਇਹਦੇ ਤ੍ਰੈ ਰੂਪ 'ॐ', ਤੌਂ, ओम्' ਸੰਸਕ੍ਰਿਤ ਵਿਚ ਪੁਰਾਤਨ ਸਮੇਂ ਤੋਂ ਚਲੇ ਆਉਂਦੇ ਹਨ। ਇਸ ਦੇ ਨਾਮ ਯਾ ਪ੍ਰਯਾਯ ਵਾਚੀ ਪਦ 'ਪ੍ਰਣਵ' ਤੇ 'ਉਦਗੀਥ' ਬੀ ਸੰਸਕ੍ਰਿਤ ਵਿਚ ਹਨ।

[1] ਤਾਕੋ ਤਾਕ=ਇਕੋ ਇਕ, ਅਦੁਤੀ ਹੀ ਅਦੁਤੀ। ਯਥਾ-ਵਰਤੈ ਤਾਕ ਸਬਾਇਆ॥ (ਮਾਰੂ ਮ: ੧ ਸੋਲਹਾ, ੨੨-੨)
ਅਰਬੀ ਵਿਚ 'ਤਾਕ' ਪਦ ਦੇ ਅਰਥ ਹਨ:- ਇਕੱਲਾ, ਮਹਿਰਾਬ, ਮਹੱਲ, ਪ੍ਰਬੀਨ।

ਬਹੁਤ ਪੁਰਾਣੇ ਸਮੇਂ 'ਓਂ' ਦਾ ਵਰਤਾਉ ਇਨ੍ਹਾਂ ਅਰਥਾਂ ਵਿਚ ਹੁੰਦਾ ਸੀ:- ਹਾਂ, ਅਛਾ, ਤਥਾਸਤੂ(=ਐਸਾ ਹੀ ਹੋਵੇ)। ਮੋ: ਮੋ: ਵਿ: ਅਪਨੇ ਕੋਸ਼ ਵਿਚ ਲਿਖਦੇ ਹਨ ਕਿ ਅੰਗ੍ਰੇਜ਼ੀ ਦਾ ਪਦ 'ਏਮਨ' (ਜਿਸ ਨੂੰ ਫਾਰਸੀ ਵਿਚ 'ਆਮੀਨ' ਕਹਿੰਦੇ ਹਨ) ਇਸ 'ਓਂ' ਨਾਲ ਮਿਲਦਾ ਹੈ। 'ਓਂ' ਦੇ ਅਰਥ ਤਥਾਸਤੂ ਹਨ ਤੇ 'ਏਮਨ' ਦੇ ਅਰਥ ਬੀ ਤਥਾਸਤੂ(=ਐਸਾ ਹੀ ਹੋਵੇ) ਹਨ।

ਫੇਰ ਇਹ ਪਦ 'ਓਂ' ਪਵਿਤ੍ਰ ਤੇ ਸ੍ਵਸਤੀ ਵਾਚਕ ਮੰਨਿਆ ਜਾਂਦਾ ਸੀ, ਇਸ ਕਰਕੇ ਗ੍ਰੰਥਾਂ ਤੇ ਮੰਤ੍ਰਾਂ ਦੇ ਆਦਿ ਅੰਤ ਲਿਖਿਆ ਜਾਂਦਾ ਸੀ। ਭਾਵੇਂ ਇਸ ਦਾ ਉਚਾਰਣ ਪਰਮ ਪਵਿਤ੍ਰ ਮੰਨਿਆਂ ਜਾਂਦਾ ਸੀ ਪਰ ਅਨਅਧਿਕਾਰੀ ਯਾ ਵਿਜਾਤੀ ਕੰਨਾਂ ਨੂੰ ਇਸ ਦੇ ਸੁਣਨੇ ਦੀ ਮਨਾਹੀ ਸੀ।

ਵ੍ਯਾਕਰਣ ਵਾਲੇ ਇਸ ਨੂੰ 'ਅਵ੍' ਧਾਤੂ ਤੋਂ ਬਣਿਆ ਸਿੱਧ ਕਰਕੇ 'ਰਖ੍ਯਾ ਕਰਨੇ ਵਾਲਾ' ਅਰਥ ਬੀ ਕਰਦੇ ਹਨ, ਪਰ 'ਓਮਿਤਿ ਅਵ੍ਯਯਮ੍' ਬੀ ਲਿਖਦੇ ਹਨ। ਜਿਸ ਦਾ ਅਰਥ ਹੈ ਕਿ 'ਓਂ ਅਵ੍ਯਯ ਹੈ'। ਅਵ੍ਯਯ ਉਸ ਨੂੰ ਆਖਦੇ ਹਨ ਕਿ ਜੋ ਵਿਆਕਰਣ ਵਿਚ ਦੱਸੀਆਂ ਵਿਭਕਤੀਆਂ, ਲਿੰਗ ਤੇ ਵਚਨ ਆਦਿ ਤਬਦੀਲੀਆਂ ਵਿਚ ਨਾ ਜਾਵੇ, ਅਪਣੇ ਸਰੂਪ ਵਿਚ ਜਿਉਂ ਕਾ ਤਿਉਂ ਰਹੇ। ਉਂਞ ਵੀ ਅਵ੍ਯਯ ਪਦ ਦਾ ਅਰਥ ਹੈ,- ਜੋ ਵਿਕਾਰ ਨੂੰ ਪ੍ਰਾਪਤ ਨਾ ਹੋਵੇ, ਜੋ ਇਕ ਰਸ ਰਹੇ।

ਇਸ 'ਤੋਂ' ਨੂੰ ਅੱਖਰ ਮੰਨਦੇ ਸਨ। ਇਸੇ ਕਰਕੇ ਇਸ ਨੂੰ 'ਅਕ੍ਸ਼ਰ' ਤੇ 'ਏਕਾਕ੍ਸ਼ਰ' ਬੀ ਸੱਦਦੇ ਸਨ[੧]।

ਉਪਨਿਸ਼ਦਾਂ ਵਿਚ 'ਓਮ੍' ਦਾ ਵਿਸਥਾਰ ਵਧੇਰੇ ਹੈ। ਉਥੇ ਇਸ ਦੀ ਉਪਾਸਨਾ, ਧ੍ਯਾਨ, ਜਪ, ਸਿਮਰਨ ਤੇ ਇਸ ਦੇ ਆਤਮ-ਲਾਭ ਬਹੁਤ ਲਿਖੇ ਹਨ। ਤੈਤ੍ਰੀਯ ਉਪ: ਵਿਚ ਤਾਂ ਕਿਹਾ ਹੈ:-

ਓਮਿਤਿ ਬ੍ਰਹਮ ਓਮਿਤੀਦੰ ਸਰ੍ਵਮ੍ (੮-੧- ਤੈਤ੍ਰਿਯ) ਅਰਥਾਤ, ਓਂ ਹੀ ਬ੍ਰਹਮ ਹੈ, ਓਂ ਹੀ ਇਹ ਸਾਰਾ ਵਿਸ਼੍ਵ ਹੈ।

ਪਰੰਚਾਪਰੰਚ ਬ੍ਰਹਮ ਯਦੋਂਕਾਰਸ੍ਤ ਸਮਾਦ੍ਵਿਦ੍ਵਾਨੇ ਤੇਨੈਵਾਯਤਨੇਨੇਕਤਰ ਮਨ੍ਵੇਤਿ। (ਪ੍ਰਸ਼ਨੋਪਨਿਖਦ ੫ ਪ੍ਰਸ਼ਨ)

ਅਰਥਾਤ, ਓਅੰਕਾਰ ਹੀ ਪਰ ਅਰ ਅਪਰ ਬ੍ਰਹਮ ਹੈ। ਵਿਦ੍ਵਾਨ ਇਸ ਓਅੰਕਾਰ ਦਵਾਰਾ 'ਪਰ' ਅਰ 'ਅਪਰ' ਬ੍ਰਹਮ ਨੂੰ ਪ੍ਰਾਪਤ ਹੁੰਦੇ ਹਨ।

ਯੋਗ ਦਰਸ਼ਨ ਵਿਚ 'ਪ੍ਰਣਵ' ਅਰਥਾਤ 'ਓਂ' ਨੂੰ ਈਸ਼੍ਵਰ ਦਾ ਵਾਚਕ ਦੱਸਿਆ ''ਤਸ੍ਯ ਵਾਚਕ: ਪ੍ਰਣਵ:''।

ਸੋ ਗੁਰੂ ਸਾਹਿਬ ਜੀ ਦੇ ਸਮੇਂ ਤਕ ਸੰਸਕ੍ਰਿਤ ਦਾ 'ਓਮ੍' ਯਾ 'ਤੋਂ' ਈਸ਼੍ਵਰ ਦਾ ਵਾਚਕ ਅਖਰ ਮੰਨਿਆ ਜਾਂਦਾ ਸੀ, ਤੇ ਮਹਾਨ ਸਤਿਕਾਰ ਨਾਲ ਵੇਖਿਆ ਜਾਂਦਾ ਸੀ, ਮੰਤ੍ਰਾਂ ਵਿਚ ਬੀਜ ਰੂਪ ਰਖਿਆ ਜਾਂਦਾ ਸੀ; ਉਚਾਰਣ, ਜਪ, ਸਿਮਰਣ ਤੇ ਧ੍ਯਾਨ ਦਾ ਆਸਰਾ ਰਖਿਆ ਜਾਂਦਾ ਸੀ।

ਅਸੀਸ ਤੇ ਸ੍ਵਸਤੀ ਵਾਚਕ ਵਾਕ ਉਚਾਰਣ ਵੇਲੇ ਪਹਿਲੋਂ 'ਓਂ' ਉਚਾਰਦੇ ਸਨ। ਇਥੋਂ ਤਾਈਂ ਕਿ ਅਨੀਸ਼੍ਵਰ ਵਾਦੀ ਬੋਧੀ ਆਦਿਕ ਅਪਣੇ ਮੰਤ੍ਰ 'ਓਮ੍ ਪਦਮਨੇ ਹੁੰਮ' ਦੇ ਪਹਿਲੇ ਓਹੋ 'ਓਂ' ਹੀ ਉਚਾਰਦੇ ਸਨ, ਤੇ ਜੈਨੀ ਪਾਂਧੇ ਤਕ ਬੀ 'ਓਂ ਸਿਧਾਯਨਮ:' ਲਿਖਦੇ ਸਨ, ਤੇ ਐਉਂ 'ਓਮ੍' ਹੀ ਪਹਿਲੋਂ ਰਖਦੇ ਸਨ।

ਉਪਾਸਨਾ ਪੱਖ ਵਿਚ 'ਓਂ' ਦੀ ਉਪਾਸਨਾ ਦਾ ਮਹਾਤਮ ਉਪਨਿਸ਼ਦਾਂ ਤੇ ਹੋਰ ਸ਼ਾਸਤ੍ਰਾਂ ਵਿਚ ਬਹੁਤ ਲਿਖਿਆ ਹੈ। ਇਸ ਨੂੰ ਤ੍ਰੈ ਅਖਰਾਂ (ਅ.ਉ.ਮ) ਤੋਂ ਬਣਿਆਂ ਮੰਨਕੇ ਬੜੇ ਵਿਸਥਾਰ ਕੀਤੇ ਗਏ ਹਨ; ਜਿਨ੍ਹਾਂ ਸਭਨਾਂ ਲਈ ਇਥੇ ਸਮਾਂ ਨਹੀਂ, ਨਮੂਨੇ ਮਾਤ੍ਰ ਇਉਂ ਹੈ:-

---

[੧] ਓਮਿਤ੍ਯੇਤਦਕ੍ਸ਼ਰਮੁਦਗੀਥਮੁਪਾਸੀਤ। (ਛੰਦੋ: ੩।੧।੧)

ਅਰਥਾਤ ਅਖਰ ਸਰੂਪ ਉਦਗੀਥ 'ਓਂ' ਦੀ ਉਪਾਸ਼ਨਾ ਕਰਨੀ ਚਾਹੀਏ।

 www.sikhbookclub.com

'ਅ' -ਅਰਥਾਤ 'ਅ' ਵੈਸ਼੍ਵਾਨਰ ਹੈ, ਜਾਗ੍ਰਤ ਅਵਸਥਾ ਦਾ ਸੁਆਮੀ ਹੈ। ਜਿਕੁਰ 'ਅ' ਪਹਿਲਾ ਅਖਰ ਹੈ ਅਰ ਸਾਰੇ ਅਖਰਾਂ ਵਿਚ ਵਯਾਪਕ ਹੈ, ਇਕੁਰ ਵੈਸ਼੍ਵਾਨਰ ਸਾਰੇ ਵਯਾਪਕ ਹੈ। ਜਿਕੁਰ 'ਅ' ਪਹਿਲਾ ਅੱਖਰ ਹੈ, ਇਕੁਰ ਵੈਸ਼੍ਵਾਨਰ ਆਤਮਾ ਦੀਆਂ ਚੌਹਾਂ ਅਵਸਥਾਂ ਵਿਚੋਂ ਪਹਿਲੀ ਹੈ। 'ਤ' -ਅਰਥਾਤ 'ਉ' ਤੇਜਸ ਹੈ, ਸ੍ਵਪਨ ਅਵਸਥਾ ਦਾ ਸ੍ਵਾਮੀ ਹੈ। 'ਉ' ਮੱਧ ਦਾ ਅਖਰ ਹੈ। 'ਸ੍' -ਅਰਥਾਤ 'ਮੰਮਾ' ਪ੍ਰਾਗਯ ਹੈ। ਸੁਖੋਪਤੀ ਦਾ ਸੁਆਮੀ ਹੈ। ਜਦ ਓਮ੍ 'ਓਮ' ਉਚਾਰੀਦਾ ਹੈ, ਤਦ ਅ, ਉ, ਮੰਮੇ ਵਿਚ ਵੜਦੇ ਤੇ ਪੁਨਾ: ਉਚਾਰਨ ਸਮੇਂ ਨਿਕਲਦੇ ਭਾਸਦੇ ਹਨ। ਇਸੇ ਤਰ੍ਹਾਂ ਵੈਸ਼੍ਵਾਨਰ ਤੇ ਤੇਜਸ, ਪ੍ਰਾਗ੍ਯ ਵਿਚ ਸੁਖੋਪਤੀ ਵਿਚ ਵੜਦੇ ਤੇ ਜਾਗਣ ਵੇਲੇ ਨਿਕਲਦੇ ਹਨ। ਚੌਥਾ 'ਓਂ' ਆਤਮਾ ਹੈ, ਜਿਸ ਦੀ ਕੋਈ ਗਿਣਤੀ ਨਹੀਂ, ਦੂਤੀ ਨਹੀਂ, ਕਿਹਾ ਨਹੀਂ ਜਾਂਦਾ। ਇਸ ਆਤਮਾ ਨੂੰ ਜਾਣਨਾ 'ਓਂ' ਹੈ।

੨. ਫੇਰ ਤ੍ਰੈ ਅੱਖਰਾਂ ਤੋਂ ਤ੍ਰੈ ਦੇਵਤੇ ਕਲਪੇ ਗਏ:- ਅ = ਬ੍ਰਹਮਾ, ਉ = ਵਿਸ਼ਨੂੰ, ਮ = ਸ਼ਿਵ। ਪਰ ਇਹ ਵੰਡ ਅਤੇ ਇਨ੍ਹਾਂ ਦੇ ਅਰਥ ਗੁਰਮਤਿ ਵਿਚ ਪਰਵਾਣ ਨਹੀਂ ਹਨ ਤੇ ਨਾ ਹੀ ਇਸ ਨੂੰ ਤੋੜਨੇ ਦੀ ਆਗਿਆ ਹੈ। 'ਓ' ਦੇ ਪਹਿਲੇ '੧' ਲਿਖਣ ਵਿਚ ਇਹ ਸੈਨਤ ਵੀ ਹੈ ਕਿ 'ਓ' ਦੀ ਵੰਡ ਨਹੀਂ ਕਰਨੀ। ਇਕੋ ਜੋ ਅਦੁਤੀ ਹੈ ਹਰ ਹਾਲ ਇਕੋ ਹੈ, ਉਸ ਵਿਚ 'ਦੋ' 'ਤ੍ਰੈ' ਆਦਿ ਦੀ ਕੋਈ ਕਲਪਣਾ ਵਿਹਿਤ ਨਹੀਂ।

ਸਾਧਨ ਪੱਖ- ਸੋ ਗੁਰੂ ਜੀ ਨੇ ਆਪਣੇ 'ਓ' ਦੇ ਪਹਿਲੇ '੧' ਰਖਕੇ ਇਸ ਦਾ ਆਪਣਾ ਸੰਪੂਰਨ ਰੂਪ '੧ਓ' ਲਿਖਿਆ ਤੇ ਉਚਾਰਣ ਏਕੋਂਕਾਰ ਸਥਾਪਨ ਕੀਤਾ, ਇਸ ਦਾ ਅਰਥ ਭਾਵ ਪਿੱਛੇ ਦੱਸ ਆਏ ਹਾਂ-ਮੂਲ ਮੰਤ੍ਰ ਦੇ ਆਰੰਭ ਵਿਚ ਬੀਜ ਮੰਤ੍ਰ ਇਹੋ '੧ਓ' ਲਿਖਿਆ ਹੋਣ ਕਰਕੇ ਮੋਹਰਲਾ ਨਾਮ ਇਹੋ ਹੋਇਆ। ਸੋ ਮੂਲ ਮੰਤ੍ਰ ਦੁਆਰਾ ਜਦ ਰੱਬ ਜੀ ਦੀ ਉਪਾਸ਼ਨਾ ਕੀਤੀ ਜਾਂਦੀ ਹੈ ਤਾਂ '੧ਓ' ਉਸ ਦੇ ਮੁੱਢ ਵਿਚ ਹੋਣ ਕਰਕੇ ਇਸ ਦਾ ਜਪ, ਪਾਠ, ਸਿਮਰਣ ਆਪ ਹੀ ਹੋ ਜਾਂਦਾ ਹੈ।

ਅੰਮ੍ਰਿਤ ਛਕਾਉਣ ਸਮੇਂ ਮੂਲ ਮੰਤ੍ਰ ਦਾ ਪਾਠ ਕਰਾਇਆ ਜਾਂਦਾ ਹੈ। ਉਸ ਵਿਚ '੧ਓ' ਦਾ ਪਾਠ ਆਪ ਹੀ ਆ ਜਾਂਦਾ ਹੈ, ਸੋ ਗੁਰਮਤਿ ਵਿਚ ਇਹ ਬੀਜ ਮੰਤ੍ਰ ਹੈ ਤੇ ਮੂਲ ਮੰਤ੍ਰ ਦਾ ਮੁੱਢ ਹੈ ਤੇ ਉਪਾਸ਼ਨਾ ਵਿਚ ਸ਼ਾਮਲ ਹੈ।

ਸਾਧਨ ਪੱਖ ਵਿਚ '੧ਓ' ਸਾਧਕਾਂ ਨੂੰ ਸਥੂਲਤਾ ਵਿਚੋਂ ਸੂਖਮਤਾ ਵਿਚ ਲੈ ਜਾਂਦਾ ਹੈ। ਅੱਖਾਂ ਨਾਲ ਦੇਖਣੇ ਯਾ ਮੂੰਹ ਥੀਂ ਉਚਾਰਨੇ, ਯਾ ਕੰਨਾਂ ਥੀਂ ਸੁਣਨੇ ਵਿਚ ਇਹ ਅਸਥੂਲ ਹੈ। ਮਨ ਦੁਆਰਾ ਸਮਝਣੇ ਯਾ ਸਿਮਰਨੇ ਪਰ ਇਹ ਮਿਸ਼੍ਰਿਤ ਹੈ: ਕੁਝ ਸੂਖਮ ਅਰ ਕੁਝ ਸਥੂਲ। ਬੁੱਧੀ ਦੁਆਰਾ ਇਸ ਪਰ ਟਿਕਣੇ ਤੇ, ਇਹ ਸੂਖਮ ਹੁੰਦਾ ਹੁੰਦਾ ਸੂਖਮਤਾ ਦੇ ਅਤਿ ਨੇੜੇ ਹੋ ਗਿਆ। ਚਿਤ ਨਾਲ ਅਭੇਦ ਹੋਣੇ ਵੇਲੇ ਇਹ ਇਕ ਦਮ ਸੂਖਮ ਹੋਕੇ ਚਿਤ ਨੂੰ ਨਾਲ ਲੈਕੇ ਉਸ ਨਿਰਾਕਾਰ ਵਲ ਲੈ ਗਿਆ, ਅਰ ਫੇਰ ਮਿਹਰ ਨਾਲ ਜਗਯਾਸੂ ਮਨ ਬੁਧਿ ਚਿਤ ਆਦਿ ਤੋਂ ਅਗੇ ਪੂਰਨ ਅਵਸਥਾ ਨੂੰ ਪਹੁੰਚ ਗਿਆ। ਜਿਥੇ ਉਸ ਨਿਰਾਕਾਰ ਪਾਰਬ੍ਰਹਮ ਪੂਰਨ ਦੇ ਸ੍ਵਰੂਪ ਦੀ ਪ੍ਰਾਪਤੀ ਪਾਕੇ ਇਕ ਰਸ 'ਮੈਂ ਮੇਰੀ' ਦੀ ਕੈਦ ਤੋਂ ਸੁਤੰਤਰ, ਪੂਰਨ ਯਥਾਰਥਤਾ ਵਿਚ ਤਦ-ਰੂਪਤਾ ਹੋ ਗਈ। ਇਸ ਪ੍ਰਕਾਰ '੧ਓ' ਸੂਖਮ ਅਰ ਸਥੂਲ ਰੂਪ ਹੈ। **ਆਪਹਿ ਸੂਖਮ ਆਪਹਿ ਅਸਥੂਲਾ॥ ਲਖੀ ਨ ਜਾਈ ਨਾਨਕ ਲੀਲਾ॥** (ਗਉੜੀ ਮ: ੫ ਬਾਵਨ ਅਖਰੀ - ੧)

(ਵਯਾਖਯਾ ਜਾਰੀ-'ਸਤਿ') '੧' ਮੂਲ ਅੰਕ ਦੁਆਰਾ ਅਤੇ 'ਓ' ਸ਼ਿਰੋਮਣੀ ਤੇ ਸ੍ਵਰ ਅੱਖਰ ਦੁਆਰਾ ਨਿਰੰਕਾਰ ਦਾ ਅਪਰੰਪਰ, ਵਿਆਪਕ ਤੇ ਅੰਤ੍ਰਮਥ ਸਰੂਪ ਬੰਨ੍ਹ ਕੇ, ਜੋ ਤ੍ਰੈ ਰੂਪ ਨਹੀਂ ਨਿਰੰਤਰ ਇਕੋ ਰੂਪ ਹੈ, ਹੁਣ ਪਦਾਂ ਯਾ ਲਫਜ਼ਾਂ ਦੁਆਰਾ ਉਸੇ ਇਕੋ 'ਸਦਾ ਥਿਰ ਹਸਤੀ' ਨੂੰ ਲਖਾਉਂਦੇ ਹਨ। '੧ਓ' ਤੋਂ ਮਗਰੋਂ ਪਹਿਲਾ ਪਦ 'ਸਤਿ' ਲੈਂਦੇ ਹਨ। ਇਸ ਵਿਚ 'ਸਤਿ' ਪਦ

'੧' ਦਾ ਹੀ ਮਾਨੋ ਟੀਕਾ ਹੈ। '੧' ਦਾ ਅਰਥ ਹੈ-ਇਕ ਹੈ ਮੂਲ ਹਸਤੀ ਜੋ ਹਰ ਹਾਲ '੧' ਹੈ, ਅਰਥਾਤ ਜੋ ਸਦਾ ਅਬਦਲ ਹੈ, ਕਦੇ ਦੁਤੀਆ ਨਹੀਂ ਹੈ। ਸੋਈ 'ਸਤਿ' ਪਦ ਦਾ ਅਰਥ ਹੈ-ਤ੍ਰੈ ਕਾਲ ਅਬਾਧ ਰੂਪ, ਜੋ ਸਦਾ ਥਿਰ ਹੈ! ਅਗੇ ਚੱਲਕੇ 'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਆਖਕੇ ਗੁਰੂ ਜੀ ਨੇ 'ਸਤਿ' ਪਦ ਦਾ ਭਾਵ ਆਪ ਹੀ ਖੁਹਲ ਦਿੱਤਾ ਹੈ।

ਇਸੇ ਤਰ੍ਹਾਂ 'ੴ' ਦੀ ਹੀ ਵਿਆਖਿਆ ਹੈ-ਕਰਤਾ। ਯਥਾ:- **ਓਅੰਕਾਰਿ ਬ੍ਰਹਮਾ ਉਤਪਤਿ॥ ਓਅੰਕਾਰੁ ਕੀਆ ਜਿਨਿ ਚਿਤਿ॥** (ਦਖਣੀ ਓਅੰਕਾਰੁ ਰਾਮ: ਮ: ੧)

ਪੁਨਾ:- **ਪ੍ਰਿਥਮ ਕਾਲ ਜਬ ਕਰਾ ਪਸਾਰਾ॥ ਓਅੰਕਾਰ ਤੇ ਸ੍ਰਿਸਟਿ ਉਪਾਰਾ॥** (ਬਚਿਤ੍ਰ ਨਾਟਕ ਪਾ: ੧੦)
ਭਾਵ ਇਹ ਕਿ 'ਓਅੰਕਾਰ' ਰਚਨਾ ਰਚਣਹਾਰ ਦਾ ਨਾਮ ਹੈ, ਇਹੋ ਭਾਵ 'ਕਰਤਾ' ਪਦ ਦਾ ਹੈ।

ਇਸੇ ਕਰਕੇ ਗੁਰੂ ਜੀ '੧ੴ' ਉਚਾਰਕੇ 'ਸਤਿ' ਪਦ ਆਖਦੇ ਹਨ ਕਿ ਸਤਿ ਸਰੂਪ ਹਸਤੀ ਉਹੋ ਹੈ ਜੋ '੧ੴ' ਦੁਆਰਾ ਲਖਾਈ ਹੈ। 'ਸਤਿ' ਆਖਕੇ ਆਪ 'ਨਾਮੁ' ਆਖਦੇ ਹਨ ਕਿ ਜਿਵੇਂ ਆਪ 'ਸਤਿ' ਹੈ, ਤਿਵੇਂ ਉਸ ਦਾ 'ਨਾਮ' ਬੀ 'ਸਤਿ' ਹੈ। ਇਹ ਅਰਥ ਗੁਰੂ ਜੀ ਆਪ ਕਰਦੇ ਹਨ:-

ਸਾਚਾ ਸਾਹਿਬੁ ਸਾਚੁ ਨਾਇ॥ (ਜਪੁਜੀ-੪)

ਇਸ ਤਰ੍ਹਾਂ ਅਗੇ 'ਕਰਤਾ ਪੁਰਖੁ ਨਿਰਭਉ ਨਿਰਵੈਰੁ' ਆਦਿ ਉਸ ਦੇ ਲੱਛਣ ਕਹਿਣਗੇ, ਕਿਉਂਕਿ ਉਸ ਸਤਿ ਹਸਤੀ ਦੇ ਏਹ ਸਾਰੇ ਲਖਾਇਕ ਹਨ! ਇਨ੍ਹਾਂ ਲਛਣਾਂ ਯਾ ਗੁਣਾਂ ਨੂੰ, ਜੋ ਇਨ੍ਹਾਂ ਦੇ ਵਿਸਥਾਰ ਵਿਚ ਗੁਰਬਾਣੀ ਵਿਚ ਉਚਾਰੇ ਹਨ, ਗਾਇਨ ਤੇ ਪਯਾਰ ਨਾਲ ਪਾਠ ਕਰਨ ਨਾਲ ਮਨ ਦੀ ਮੈਲ ਉਤਰਦੀ ਹੈ:-

ਗੁਨ ਗਾਵਤ ਤੇਰੀ ਉਤਰਸਿ ਮੈਲੁ॥ (ਗਉੜੀ ਸੁਖਮਨੀ, ੧੯-੭)

ਜਦ ਅਸੀਂ ਇਨ੍ਹਾਂ ਲਖਾਯਕ ਲਛਣਾਂ ਦਾ, ਯਾ ਇਨ੍ਹਾਂ ਵਿਚੋਂ ਕਿਸੇ ਇਕ ਦਾ, ਯਾ ਗੁਰਮੰਤ੍ਰ ਦਾ ਜਪ ਸਿਮਰਨ ਕਰਾਂਗੇ ਤਾਂ ਚਿਤ ਦੀ ਬ੍ਰਿਤੀ ਦਾ ਵਿਖੇਪ ਘਟੇਗਾ, ਏਕਾਗ੍ਰਤਾ ਆਵੇਗੀ ਤੇ ਇਕ ਅਕਾਲ ਪੁਰਖ ਵਿਚ ਬ੍ਰਿਤੀ ਦਾ ਟਿਕਾਉ ਹੋਕੇ ਮੇਲ ਪ੍ਰਾਪਤ ਹੋਵੇਗਾ।

ਲਛਣ ਦੋ ਪ੍ਰਕਾਰ ਦੇ ਵਿਦਵਾਨਾਂ ਨੇ ਮੰਨੇ ਹਨ-ਸਰੂਪ ਨੂੰ ਸਿੱਧਾ ਜਨਾਉਣ ਵਾਲੇ ਲਛਣ ਨੂੰ 'ਸਰੂਪ ਲਛਣ' ਕਹਿੰਦੇ ਹਨ; ਜੈਸੇ ਕਹੀਦਾ ਹੈ ਸਾਹਮਣਾ ਚਿੱਟਾ ਘਰ! ਦੂਸਰੇ 'ਤਟਸਥ' ਲਛਣ ਜੋ ਪਾਸ ਦੇ ਪਦਾਰਥਾਂ ਕਰਕੇ ਯਾ ਹੋਰਨਾਂ ਤੋਂ ਭਿੰਨਤਾ, ਵਿਸ਼ੇਸ਼ਤਾ ਆਦਿ ਕਰਕੇ ਲਖਾ ਦੇਣ; ਜੈਸੇ ਕਿ ਬਨੇਰੇ ਤੇ ਮੋਰ ਬੈਠਾ ਹੈ ਜਿਸ ਘਰ ਦੇ, ਉਹ ਘਰ। ਯਾ ਤਟਸਥ ਲਛਣ ਉਹ ਹੈ ਜੋ ਸਰੂਪ ਨੂੰ ਲੈਕੇ ਨਹੀਂ ਸਗੋਂ ਉਸ ਦੇ ਗੁਣ ਧਰਮ ਆਦਿਕਾਂ ਨੂੰ ਲੈਕੇ ਵਰਣਨ ਕੀਤਾ ਜਾਏ।

ਹੁਣ ਲਓ 'ਸਤਿ' ਪਦ ਦੀ ਵਿਸ਼ੇਸ਼ ਵੀਚਾਰ:-

ਅਸੀਂ ਉਪਰ ਦੱਸ ਆਏ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਇਸ ਦਾ ਅਰਥ ਕੀਤਾ ਹੈ:-

ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥ (ਜਪੁਜੀ)

ਜਪੁਜੀ ਵਿਚ ਹੀ ਅਗੇ ਜਾ ਕੇ ਇਉਂ ਫੁਰਮਾਇਆ ਹੈ:-

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ (ਜਪੁਜੀ-੨੮)

'ਆਦਿ ਅਨਾਦਿ' = ਜਿਸ ਦਾ ਆਦਿ (ਮੁੱਢ) ਨਹੀਂ ਹੈ, ਜੋ ਸਭ ਦੇ ਆਦਿ ਵਿਚ ਮੌਜੂਦ ਸੀ, ਭਾਵ ਜੋ ਸਦਾ ਹੈ।

ਅਨਾਹਤਿ = ਜੋ ਕਦੇ ਹਤ ਨਹੀਂ ਹੋਇਆ ਤੇ ਨਾ ਹੋਵੇਗਾ।

ਅਨੀਲ = ਸ਼ੁੱਧ ਸਰੂਪ। ਜਿਸ ਵਿਚ ਮਾਇਆ ਆਦਿ ਕੋਈ ਗ਼ੈਰੀਅਤ ਨਹੀਂ ਹੈ। ਨਿਰਗੁਣ।

ਜੁਗੁ ਜੁਗੁ ਏਕੋ ਵੇਸੁ = ਜਿਸ ਵਿਚ ਕਦੇ ਕੋਈ 'ਸਰੂਪ-ਵਟਾਉ' ਨਹੀਂ ਹੁੰਦਾ। ਸਦਾ ਇਕ-ਰਸ ਰਹਿਣੇ ਵਾਲਾ।

ਫੇਰ ਇਸ ਨੂੰ ਐਉਂ ਖੋਲ੍ਹਿਆ ਹੈ:-

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ [੧] (ਜਪੁਜੀ-੨੭)

ਅਰਥਾਤ ਉਹ 'ਚੇਤਨ ਵਜੂਦ' ਜੋ ਹੈ, ਸੀ ਤੇ ਹੋਵੇਗਾ।

ਇਹ 'ਸਤਿ' ਪਦ ਨਿਰਦ੍ਵੰਦ 'ਸਤਿ' ਦਾ ਵਾਚਕ ਹੈ। 'ਸਤਿ ਅਸਤਿ' ਯਾ 'ਸਚ ਝੂਠ' ਦ੍ਵੰਦ ਪਦ ਹਨ, ਇਹ ਉਹਨਾਂ ਤੋਂ ਉਪਰ ਸੱਤਜ ਸਰੂਪ ਚੇਤਨ ਹਸਤੀ ਦੇ ਅਰਥ ਦੇਂਦਾ ਹੈ। ਜਿਵੇਂ ਮਿਸਾਲ ਲਈ ਸੂਰਜ ਨੂੰ ਮਿਥ ਲਈਏ ਨਿਰਦ੍ਵੰਦ, ਤੇ 'ਧੁਪ ਛਾਂ' ਨੂੰ ਦ੍ਵੰਦ, ਤਾਂ ਸੂਰਜ ਦ੍ਵੰਦ ਅਰਥਾਂ ਤੋਂ ਉਪਰ ਪ੍ਰਕਾਸ਼ਕ ਰੂਪ ਆਪ ਹੈ, 'ਧੁੱਪ ਛਾਂ' ਵਾਲੀ 'ਧੁੱਪ' ਓਸ ਦੇ ਆਸਰੇ ਹੈ। ਸੂਰਜ ਧੁੱਪ ਦੇ ਆਸਰੇ ਨਹੀਂ। ਗੁਰੂ ਜੀ ਨੇ ਆਪ ਫੁਰਮਾਇਆ ਹੈ:-

ਸਚੈ ਸਭਿ ਤਾਣਿ ਸਚੈ ਸਭਿ ਜੋਰਿ॥ (ਵਾਰ ਆਸਾ ਮ: ੧-੨)

ਕਿ ਤੂੰ ਐਸਾ 'ਸੱਤਜ' ਹੈਂ ਕਿ ਹੋਰ ਸਾਰੇ ਸਚੇ ਤੇਰੇ ਤਾਣ ਅਤੇ ਤੇਰੇ ਜੋਰ ਕਰਕੇ ਸਚੇ ਕਹੀਦੇ ਹਨ।

ਪੰਜਵੇਂ ਸਤਿਗੁਰਾਂ ਨੇ ਫੁਰਮਾਇਆ:-

ਰੂਪੁ ਸਤਿ ਜਾ ਕਾ ਸਤਿ ਅਸਥਾਨੁ॥ ਪੁਰਖੁ ਸਤਿ ਕੇਵਲ ਪਰਧਾਨੁ॥ (ਸੁਖਮਨੀ, ੧੬-੬)

ਭਾਵ-ਉਹ ਸਤਿ ਜਿਸ ਦਾ ਰੂਪ ਸਤਿ ਹੈ ਉਹ ਕੇਵਲ ਸਤਿ ਹੈ-ਨਿਰਦ੍ਵੰਦ ਸਤਿ ਹੈ।

ਆਦਿ ਗੁਰੂ ਜੀ ਨੇ ਫੁਰਮਾਇਆ:-

ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ॥ (ਵਾਰ ਆਸਾ ਮ: ੧-੮)

ਭਾਵ- ਇਹ ਕਿ ਸਚਾ ਸਾਹਿਬ ਇਕ ਤੂੰ ਹੈਂ ਜੋ (ਨਿਰਦ੍ਵੰਦ) ਸੱਚ ਹੈਂ, ਹੋਰ ਸਚ ਤੂੰ ਵਰਤਾਏ ਹਨ।

ਸੋ 'ਸਤਿ' ਨਿਰੰਕਾਰ ਦਾ 'ਸਰੂਪ ਲੱਛਣ'[੨] ਕਹੀਦਾ ਹੈ। ਉਸ ਦਾ ਸਾਰਾ ਸਰੂਪ ਲੱਛਣ 'ਸਤਿ ਚਿਤ ਆਨੰਦ' ਵਰਣਨ ਕਰਨ ਕਰਕੇ ਇਸ ਪਦ 'ਸਤਿ' ਤੋਂ 'ਸਤਿ ਚਿਤ ਆਨੰਦ' ਉਪਲਖਤ ਬੀ ਦਾਨੇ ਲੋਕ ਸਮਝ ਲੈਂਦੇ ਹਨ:- **ਸਦਾ ਸਚਿਦਾਨੰਦ॥** (ਸ੍ਰੀ ਜਾਪ ਜੀ-ਪਾਤਸ਼ਾਹੀ: ੧੦)

ਪਰ ਗੁਰੂ ਨਾਨਕ ਦੇਵ ਜੀ ਨੇ ਨਿਰੰਕਾਰ ਦੇ ਸਰੂਪ ਲੱਛਣ ਐਉਂ ਕਹੇ ਹਨ-'ਸਤਿ ਸੁਹਾਣੁ ਸਦਾ ਮਨਿ ਚਾਉ'॥ ਉਹ ਸਦਾ ਸਤਿ ਹੈ, ਸੁੰਦਰ ਹੈ, ਚੇਤਨ ਹੈ, ਆਨੰਦ ਹੈ। ਸੋ ਸਤਿ ਤੋਂ ਜਦ ਉਪਲਖਤ ਅਰਥ ਲਈਏ ਤਾਂ ਸਰੂਪ ਲੱਛਣ ਇਹ ਲਿਆ ਜਾਏਗਾ-ਸਤਿ, ਸੁੰਦਰ, ਚੇਤਨ, ਆਨੰਦ[੩]।

ਪੰਜਵੇਂ ਸਤਿਗੁਰਾਂ ਨੇ 'ਸਤਿ' ਨੂੰ ਅਕਿਰਤਮ ਨਾਮ ਜਣਾਇਆ ਹੈ। ਜਦੋਂ ਕਿ ਹੋਰ ਨਾਮਾਂ ਨੂੰ 'ਕਿਰਤਮ ਨਾਮ' ਦੱਸਿਆ। ਯਥਾ-**ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿਨਾਮੁ ਤੇਰਾ ਪਰਾ ਪੂਰਬਲਾ॥**

(ਮਾਰੂ ਸੋਲਹੇ ਮਹਲਾ: ੫-੧੧)

ਕਿਰਤਮ ਨਾਮ ਨੂੰ ਦਸਵੇਂ ਪਾਤਸ਼ਾਹ ਜੀ ਨੇ 'ਕਰਮ ਨਾਮ' ਲਿਖਿਆ ਹੈ [੪]।

---

[੧] ਰਚਨਾ ਨੂੰ ਰਚਣਾ ਚੇਤਨ ਵਜੂਦ ਦਾ ਕੰਮ ਹੈ।

[੨] ਇਸ ਦਾ ਵੇਰਵਾ ਅੱਗੇ ਆਵੇਗਾ।

[੩] ਸਤਿ=ਸਤਿ। ਸੁਹਾਣ=ਸੁੰਦਰਤਾ। ਮਨਿ=ਮਨੀਖਾ ਯਾ ਚੇਤਨਤਾ-(ਮਨੁ ਗਤਜਾਨੇ)! ਚਾਉ=ਆਨੰਦ।

[੪] ਜੋ ਨਾਮ ਗੁਣ ਯਾ ਕਰਮਾਂ ਕਰਕੇ ਪੈ ਜਾਵੇ ਸੋ ਕਿਰਤਮ ਯਾ ਕਰਮ ਨਾਮ-ਜੈਸੇ ਜਗਤ ਰਚਨਾ ਕਰਨ ਕਰਕੇ 'ਕਰਤਾਰ' ਨਾਮ ਪਿਆ। ਦਇਆ ਕਰਨੇ ਕਰਕੇ 'ਦਿਆਲੂ ਕ੍ਰਿਪਾਲੂ' ਨਾਮ ਪਿਆ।

ਯਥਾ-- **ਕਰਮ ਨਾਮ ਬਰਣਤ ਸੁਮਤਿ॥** (ਜਾਪ ਜੀ)

ਸਤਿ ਦੀ ਅਰਾਧਨਾ ਦਾ ਫਲ ਆਦਿ ਗੁਰੂ ਜੀ ਨੇ ਫੁਰਮਾਇਆ:-

ਨਾਨਕ ਸਚੁ ਧਿਆਇਨਿ ਸਚੁ॥ (ਵਾਰ ਆਸਾ ਮ:੧-੨)

ਪੰਜਵੇਂ ਗੁਰਾਂ ਨੇ ਫੁਰਮਾਇਆ:-**ਨਾਮੁ ਸਤਿ ਸਤਿ ਧਿਆਵਨਹਾਰ॥** (ਸੁਖਮਨੀ, ੧੭-੧)

ਫੇਰ ਫੁਰਮਾਇਆ ਕਿ:-

ਸਤਿ ਸਰੂਪੁ ਰਿਦੈ ਜਿਨਿ ਮਾਨਿਆ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥ (ਸੁਖ:,੧੭-੨)

(ਵਯਾਖਯਾ ਜਾਰੀ-- 'ਨਾਮੁ') ਇਸ ਦਾ ਸੰਸਕ੍ਰਿਤ ਰੂਪ ਹੈ 'ਨਾਮਨ੍'। ਧਾਤੂ ਹੈ 'ਮ੍ਨਾ' = ਯਾਦ ਰਖਣਾ। ਯਾਦ ਕਰਨਾ।

ਇਹ ਪਦ 'ਣਮ੍' ਧਾਤੂ ਤੋਂ ਬਣਦਾ ਬੀ ਮੰਨਦੇ ਹਨ।

ਣਮ੍ = (੧) ਝੁਕਣਾ। (੨) ਸੰਬੋਧਿਤ ਕਰਨਾ।

'ਨਾਮਨ੍' ਤੋਂ ਪ੍ਰਾਕ੍ਰਿਤ ਤੇ ਪੰਜਾਬੀ ਰੂਪ ਹੈ ਨਾਮ[1]। ਇਸ ਦਾ ਅਰਥ ਹੈ ਜਿਸ ਪਦ ਕਰਕੇ ਕਿਸੇ ਨੂੰ ਹੋਰਨਾਂ ਤੋਂ ਵਿਸ਼ੇਸ਼ਤਾ ਦੇਕੇ ਸੱਦਿਆ ਜਾਏ। ਯਾ ਆਪਣੇ ਆਪ ਨੂੰ ਉਸ ਨਾਲ ਸੰਬੰਧਿਤ ਕਰਨੇ ਹਿਤ ਉਸਨੂੰ ਸੰਬੋਧਿਤ ਕੀਤਾ ਜਾਏ ਉਹ 'ਨਾਮ' ਹੈ।

ਕਿਸੇ ਵਸਤੂ ਦਾ ਵਾਚਕ ਪਦ ਜੋ ਅਰਥ ਦਾ ਲਖਾਯਕ ਹੋਵੇ, ਯਥਾ:-

ਮਾਇਆ ਨਾਮੁ ਗਰਭ ਜੋਨਿ ਕਾ ਤਿਹ ਤਜਿ ਦਰਸਨੁ ਪਾਵਉ॥ (ਧਨਾਸਰੀ ਨਾਮਦੇਵ-੨)

੨. ਗੁਰਬਾਣੀ ਵਿਚ ਨਾਮ ਪਦ ਨੂੰ ਨਾਉ, ਨਾਵ, ਨਾਇ ਰੂਪਾਂ ਵਿਚ ਬੀ ਲਿਖਿਆ ਹੈ, ਯਥਾ:-

ਨਾਉ ਤੇਰਾ ਨਿਰੰਕਾਰੁ ਹੈ॥ (ਵਾਰ ਆਸਾ ਮ:੧-੫)

ਨਾਵੈ ਅੰਦਰਿ ਹਉ ਵਸਾਂ॥ (ਸਿਰੀ ਰਾਗ ਮ:੧, ਅਸਟ:੪)

ਸਾਚਾ ਸਾਹਿਬ ਸਾਚੁ ਨਾਇ॥ (ਜਪੁਜੀ-੪)

੩. ਗੁਰਬਾਣੀ ਵਿਚ ਇਹ ਪਦ ਵਿਸ਼ੇਸ਼ ਕਰਕੇ 'ਪਰਮੇਸ਼ੁਰ ਦੇ ਨਾਮ' ਦਾ ਵਾਚਕ ਹੋਕੇ ਆਯਾ ਹੈ, ਜਿਸ ਨੂੰ ਕਈ ਵੇਰ ਤਾਂ 'ਹਰਿਨਾਮ' ਕਰਕੇ ਲਿਖਿਆ ਹੈ, ਪਰ ਅਕਸਰ ਨਿਰਾ 'ਨਾਮ' ਕਰਕੇ ਵਰਤਿਆ ਹੈ। ਯਥਾ:- **ਨਾਮ ਤਤੁ ਸਭ ਹੀ ਸਿਰਿ ਜਾਪੈ.....** (ਰਾਮ: ਮ: ੧ ਸਿਧ ਗੋਸਟਿ-੫੦)

ਪਰਮੇਸ਼ੁਰ ਦਾ ਨਾਮ ਹੀ ਸਾਰ ਵਸਤੂ ਤੇ ਸਭ ਤੋਂ ਸ਼ਿਰੋਮਣ ਜਾਣੀਦਾ ਹੈ।

੪. ਪਿਛੇ ਵਰਣਨ ਹੋ ਚੁਕਾ ਹੈ ਕਿ ਗੁਰਬਾਣੀ ਵਿਚ ਉਨ੍ਹਾਂ ਨਾਮਾਂ ਨੂੰ, ਜੋ ਗੁਣ ਕਰਮ ਆਦਿ ਕਰਕੇ ਪਰਮੇਸ਼ੁਰ ਦੇ ਧਰੇ ਗਏ ਹਨ 'ਕਿਰਤਮ ਨਾਮ' ਕਰਕੇ ਲਿਖਿਆ ਹੈ, ਯਥਾ:-

ਕਿਰਤਮ ਨਾਮ ਕਥੇ ਤੇਰੇ ਜਿਹਬਾ॥ (ਮਾਰੂ ਸੋਲਹੇ ਮ: ੫-੧੧)

ਇਸ ਨੂੰ ਦਸਮੇ ਪਾਤਸ਼ਾਹ ਜੀ ਨੇ ਕਰਮ ਨਾਮ ਲਿਖਿਆ ਹੈ। ਯਥਾ:-

ਕਰਮ ਨਾਮ ਬਰਣਤ ਸੁਮਤਿ॥ (ਜਾਪ ਜੀ)

ਇਸ ਤੋਂ ਧ੍ਵਨੀ ਨਿਕਲੀ ਕਿ ਇਕ ਹੋਰ ਨਾਮ ਹੈ ਜਿਸ ਨੂੰ ਅਕਿਰਤਮ ਕਹਿਣਾ ਚਾਹੀਏ, ਇਸ ਨੂੰ ਗੁਰੂ ਜੀ ਨੇ ਪਰਾ ਪੂਰਬਲਾ ਦਾ ਵਿਸ਼ੇਸ਼ਣ ਦਿੱਤਾ ਹੈ ਤੇ ਇਸ ਦਾ ਵਿਸ਼ੇਸ਼ ਪਦ 'ਸਤਿ' ਦਿੱਤਾ ਹੈ। ਯਥਾ:-

ਸਤਿਨਾਮੁ ਤੇਰਾ ਪਰਾ ਪੂਰਬਲਾ॥ (ਮਾਰੂ ਸੋਲਹੇ ਮ: ੫-੧੧)

ਕਿ ਹੇ ਪਰਮੇਸ਼ੁਰ! ਤੇਰਾ ਜੋ ਨਾਮ 'ਸਤਿ' ਹੈ ਉਹ ਸਭ ਤੋਂ ਸ੍ਰੇਸ਼ਟ ਤੇ ਮੁਹਰਲਾ ਹੈ। ਸਰੂਪ

---

[1]ਇਸ ਦਾ ਫਾਰਸੀ ਰੂਪ ਬੀ ਨਾਮ ਹੀ ਹੈ ਤੇ ਅੰਗ੍ਰੇਜ਼ੀ ਰੂਪ 'ਨੇਮ' (Name) ਹੈ।

ਨਾਮ ਦਾ ਅਰਥ ਐਉਂ ਕਰਨ ਦਾ ਬੀ ਜਤਨ ਹੋਇਆ ਹੈ: -

ਨ+ਆਮਯ=ਜਿਸ ਵਿਚ ਵਿਕਾਰ ਕੋਈ ਨਹੀਂ। ੨. ਨਾਮ ਰੂਪ ਦਾ ਕਰਤਾ। ੩. ਜਿਸ ਵਿਚ 'ਆਮ' ਨਹੀਂ, ਜੋ 'ਆਮ ਖਾਸ' ਵਿਸ਼ੇਸ਼ਣਾਂ ਤੋਂ ਮੁਬੱਰਾ ਹੈ।

ਲਖਾਜਕ ਨਾਮ ਨੂੰ ਅਰਬੀ ਫਾਰਸੀ ਵਾਲੇ 'ਜ਼ਾਤੀ ਨਾਮ' ਆਖਦੇ ਹਨ ਅਤੇ ਕਿਰਤਮ ਨਾਮ ਨੂੰ 'ਸਫ਼ਾਤੀ ਨਾਮ'।

੫. ਤ੍ਰਿਭਵਣ ਦੇ ਪਦਾਰਥਾਂ, ਥਾਵਾਂ, ਵਸਤਾਂ, ਜੀਵ ਜੰਤਾਂ ਆਦਿ ਦੇ ਵੀ ਜੋ ਨਾਮ ਹਨ ਪਰਿਣਾਮੀ ਹਨ, ਕਿਉਂਕਿ ਜਿਨ੍ਹਾਂ ਦੇ ਏਹ ਨਾਮ ਹਨ ਓਹ ਆਪ ਸਾਰੇ ਪਰਿਣਾਮੀ ਹਨ, ਅਰਥਾਤ ਇਕ ਰਸ ਨਹੀਂ ਰਹਿੰਦੇ। ਓਹ ਆਪਣੇ ਰੂਪ ਵਿਚ ਤੇ ਨਾਮ ਵਿਚ ਸਦਾ ਥਿਰ ਨਹੀਂ ਹਨ, ਅਕਸਰ ਉਨ੍ਹਾਂ ਨੂੰ ਨਾਸ਼ ਰੂਪ ਕਹਿਕੇ ਮਿਥਿਆ ਆਖਦੇ ਹਨ।

੬. ਪਰ ਪਰਮੇਸ਼ੁਰ ਅਬਦਲ ਹੈ, ਅਵਿਨਾਸ਼ ਹੈ, ਅਰਥਾਤ ਸਦਾ 'ਸਤਿ' ਹੈ, ਇਸ ਕਰਕੇ ਉਸ ਦਾ ਨਾਮ ਬੀ 'ਸਤਿ' ਹੈ। ਜੈਸਾ ਕਿ ਇਥੇ ਮੁੱਢ ਵਿਚ ਹੀ 'ਸਤਿ ਨਾਮ' ਕਿਹਾ ਹੈ ਕਿ ਉਸ ਦਾ ਨਾਮ ਸਤਿ ਹੈ। ਫਿਰ ਅਗੇ ਚੱਲਕੇ ਚੌਥੀ ਪਉੜੀ ਵਿਚ ਗੁਰੂ ਜੀ ਨੇ ਆਖਿਆ ਹੈ-**ਸਾਚਾ ਸਾਹਿਬੁ ਸਾਚੁ ਨਾਇ॥** ਸਾਹਿਬ ਆਪ ਸੱਚਾ ਹੈ, ਉਸ ਦਾ ਨਾਮ ਬੀ ਸੱਚ ਹੈ **ਅੰਮ੍ਰਿਤ ਵੇਲਾ ਸਚੁ ਨਾਉ॥** ਫਿਰ ਫੁਰਮਾਯਾ:-

ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ॥ (ਗਉ: ਮ:੧, ਛੰਤ-੨)

ਪੁਨਾ- **ਨਿਰਭਉ ਨਿਰੰਕਾਰੁ ਸਚੁ ਨਾਮੁ॥** (ਵਾਰ ਆਸਾ ਮ: ੧-੫)

ਪੁਨਾ- **ਭ੍ਰਮੁ ਮਾਇਆ ਵਿਚਹੁ ਕਟੀਐ ਸਚੜੈ ਨਾਮਿ ਸਮਾਏ॥** (ਵਡਹੰਸ: ਮ: ੩,ਛੰਤ-੪)

ਭਾਈ ਗੁਰਦਾਸ ਜੀ ਨੇ ਆਖਿਆ ਹੈ:-

ਸਤਿ ਰੂਪੁ ਸਤਿਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ॥ (ਵਾਰ ੨੪-੧)

ਅਕਾਲ ਪੁਰਖ ਆਪ 'ਸਤਜ' ਹੈ। ਮਾਨੁਖ ਸਰੀਰ ਵਿਚ ਜੋ ਸੁਧ ਚੇਤਨ ਹੈ ਉਹ ਓਸੇ ਦੀ ਅੰਸ਼ ਹੈ:-

ਕਹੁ ਕਬੀਰ ਇਹੁ ਰਾਮ ਕੀ ਅੰਸੁ॥ (ਗੌਂਡ ਕਬੀਰ ਜੀ)

ਜੈਸੇ ਉਹ ਅੰਸ਼ੀ-ਪਰਮਾਤਮਾ ਆਪ ਅਮਰ ਅਰਥਾਤ ਅਮਿਟ ਹੈ, ਤਿਵੇਂ ਇਹ ਅੰਸ਼ ਅਮਿਟ ਅਰਥਾਤ ਅਮਰ ਹੈ। 'ਸੱਤਜ' ਅੰਸ਼ੀ ਦੀ 'ਅੰਸ਼' ਸਤਜ ਹੈ[੧], 'ਨਾਮ' ਗੁਰਬਾਣੀ ਅਨੁਸਾਰ ਦੋਹਾਂ ਦਾ ਮੇਲਣਹਾਰ ਹੈ ਅਰਥਾਤ ਦੋਹਾਂ ਦੇ ਵਿਚਾਲੇ ਮੇਲਣਹਾਰ ਸੱਤਜ ਹੈ। ਦੋ ਸਤਜ ਵਸਤੂਆਂ ਦੀ ਮੇਲਣਹਾਰ ਵਸਤੂ ਸਤਜ ਦੇ ਸਿਵਾ ਹੋਰ ਕੀਹ ਹੋ ਸਕਦੀ ਹੈ?

ਗੁਰਬਾਣੀ ਅਨੁਸਾਰ ਵਾਹਿਗੁਰੂ ਜੀ ਆਖਦੇ ਹਨ ਕਿ ਮੈਂ ਨਾਮ ਦੇ ਵਿਚ ਆਪ ਵਸਦਾ ਹਾਂ:-

ਨਾਵੈ ਅੰਦਰਿ ਹਉ ਵਸਾ ਨਾਉ ਵਸੈ ਮਨਿ ਆਇ॥ (ਸਿਰੀ ਰਾਗੁ ਮ:੧ ਅਸਟ-੪)

ਫਿਰ ਗੁਰੂ ਜੀ ਨੇ ਫੁਰਮਾਇਆ ਹੈ -**ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥** (ਸੁਖਮਨੀ, ੧-੮)

੭. ਜਿਸ ਤਰ੍ਹਾਂ ਗੁਰਬਾਣੀ ਨੇ ਨਿਰੰਕਾਰ ਨੂੰ ਨਿਰੰਜਨ, ਅਗੰਮ, ਅਗੋਚਰ ਤੇ ਅਲਖ ਆਦਿ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਹੈ ਇਸੀ ਤਰ੍ਹਾਂ 'ਨਾਮ' ਨੂੰ ਭੀ ਕੀਤਾ ਹੈ, ਯਥਾ:-

ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਏ॥ (ਵਡ: ਮ: ੩-ਛੰਤ-੪)

ਫੇਰ ਫੁਰਮਾਇਆ ਹੈ:-

ਨਾਮੁ ਨਿਰੰਜਨੁ ਅਲਖੁ ਹੈ ਕਿਉ ਲਖਿਆ ਜਾਈ॥
ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ॥
ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ॥
ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ॥ (ਸਾਰੰਗ ਵਾਰ ਮ:੪-੧੩)

ਪਹਿਲੀ ਤੁਕ ਵਿਚ ਕਿਹਾ ਸੀ ਕਿ ਨਾਮ ਨਿਰੰਜਨ ਹੈ, ਅਗਮ ਹੈ, ਅਗੋਚਰ ਹੈ।

ਇਨ੍ਹਾਂ ਤੁਕਾਂ ਵਿਚ ਦੱਸਿਆ ਹੈ ਕਿ ਨਿਰੰਜਨ ਦਾ ਨਾਮ ਪਰਮਾਤਮ ਦੇਵ ਦੀ ਤਰ੍ਹਾਂ ਅਲਖ ਹੈ,

---

[੧]ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥ (ਮਾਰੂ ਵਾਰ ਮ: ੫-੧੭)
ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥ (ਮਾਰੂ ਵਾਰ ਮ: ੫-੧੮)

ਫੇਰ ਉਹ ਸਭ ਥਾਂ ਪਰਮਾਤਮਾ ਦੀ ਤਰ੍ਹਾਂ ਵਿਆਪਕ ਹੈ, ਇਕ ਦੇਸ਼ੀ ਨਹੀਂ, ਵਿਆਪਕ ਹੋਣ ਕਰਕੇ ਸਭ ਦੇ ਨਾਲ ਹੈ। ਫਿਰ ਉਹ ਵਿਆਪਕ ਹੋਣ ਕਰਕੇ ਸਭ ਦੇ ਹਿਰਦੇ ਵਿਚ ਹੈ, ਜੋ ਪੂਰਾ ਗੁਰੂ ਜਗਜਾਸੂ ਦੇ ਹਿਰਦੇ ਵਿਚ ਵਸ ਰਿਹਾ ਦਿਖਾ ਦੇਂਦਾ ਹੈ। ਫਿਰ ਫੁਰਮਾਉਂਦੇ ਹਨ:-

ਇਸੁ ਕਾਇਆ ਅੰਦਰਿ ਬਹੁਤੁ ਪਸਾਰਾ॥

ਨਾਮੁ ਨਿਰੰਜਨੁ ਅਤਿ ਅਗਮ ਅਪਾਰਾ॥ (ਮਾਝ ਮ: ੩, ਅਸਟ-੫)

ਅਰਥਾਤ ਦੇਹ ਦੇ ਅੰਦਰ ਬਹੁਤ ਪਸਾਰਾ ਹੈ, ਉਹ ਵਿਆਪਕ ਨਾਮ ਦੇਹੀ ਦੇ ਅੰਦਰ (ਮਨ ਵਿਚ ਮੌਜੂਦ) ਹੈ। ਇਥੇ ਫੇਰ ਨਾਮ ਨੂੰ ਨਿਰੰਜਨੁ ਤੇ ਅਗਮ ਅਪਾਰ ਆਖਿਆ ਹੈ[1]।

ਇਨ੍ਹਾਂ ਪ੍ਰਮਾਣਾਂ ਦੀ ਵੀਚਾਰ ਤੋਂ ਸਿੱਧ ਹੁੰਦਾ ਹੈ, ਕਿ ਨਾਮ ਵਾਹਿਗੁਰੂ ਜੀ ਨਾਲ ਅਭੇਦ ਉਸ ਦੀ ਕੋਈ ਆਪਣੀ ਕਲਾ ਵਿਆਪਕ ਵਸਤੂ ਹੈ। ਉਸੇ ਵਾਂਙੂ ਮਾਇਆ ਰਹਿਤ ਹੈ ਤੇ ਉਸੇ ਵਾਂਙੂ ਹੀ ਅਲਖ ਹੈ। ਫਿਰ ਇਹ ਇਨਸਾਨੀ ਹਿਰਦੇ ਵਿਚ ਵੀ ਵਯਾਪਕ ਹੈ। ਉਸਨੂੰ ਲੱਖਣਾ ਹੈ ਤੇ ਲੱਖਤਾਂ ਗੁਰੂ ਤੋਂ ਮਿਲਦੀ ਹੈ। ਜੋ ਉਸ ਨੂੰ ਹਿਰਦੇ ਵਿਚ (ਦਿਖਾ) ਲਖਾ ਦੇਵੇਗਾ। ਗੁਰੂ ਕਿਸ ਤਰ੍ਹਾਂ ਦਿਖਾਲਦਾ ਹੈ-ਗੁਰ ਪ੍ਰਸਾਦਿ ਨਾਲ ਤੇ ਅਪਣੇ ਦੱਸੇ ਨਾਮ ਅਭਯਾਸ ਨਾਲ। ਇਸ ਤੋਂ ਪਤਾ ਚਲਿਆ ਕਿ ਸਾਡਾ 'ਨਾਮ ਸਿਮਰਣ' ਸਾਨੂੰ ਉਸ ਵਯਾਪਕ ਤੇ ਹਿਰਦੇ ਅੰਦਰ ਵਸਦੇ ਵਯਾਪਕ ਨਾਮ ਨਾਲ ਜੋੜ ਦੇਵੇਗਾ[2]; ਗੋਯਾ ਵਿਆਪਕ ਨਾਮ ਤੇ ਸਿਮਰਿਆ ਜਾ ਰਿਹਾ ਨਾਮ ਦੁਹਾਂ ਦਾ ਸੰਗਮ ਹੁੰਦਾ ਹੈ ਤੇ ਉਹ ਸੰਗਮ ਬੀ ਨਾਮ ਹੀ ਕਹੀਦਾ ਹੈ।

੮. ਇਸ ਤੋਂ ਪਤਾ ਲਗਾ ਕਿ ਨਾਮ ਨਿਰਾ ਸੰਗਯਾ ਮਾਤ੍ਰ ਨਹੀਂ, ਨਾਮ ਜਪ ਹੈ। ਨਾਮ ਸਿਮਰਣ ਹੈ। ਨਾਮ ਲਿਵ ਹੈ, ਨਾਮ ਵਯਾਪਕ ਨਾਮ ਵਿਚ ਪਹੁੰਚ ਕੇ ਤਦਰੂਪ ਹੁੰਦਾ ਹੈ। ਅੰਤ ਨਾਮ ਨਾਮੀ ਦੀ ਅਭੇਦਤਾ ਹੈ। ਅਰਥਾਤ ਨਾਮ ਪ੍ਰੇਮੀ ਨਾਮੀ (=ਵਾਹਿਗੁਰੂ) ਨੂੰ ਪ੍ਰਾਪਤ ਹੋ ਜਾਂਦਾ ਹੈ।

ਯਥਾ-**ਵਾਹੁ ਵਾਹੁ ਪੂਰੇ ਗੁਰ ਕੀ ਬਾਣੀ॥ ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ॥** "(ਸੂਹੀ ਮ:੩ ਅਸ਼ਟ:੨)

ਇਸ ਕਰਕੇ ਗੁਰਬਾਣੀ ਅਨੁਸਾਰ ਨਾਮ ਇਕ ਆਤਮ ਵਿਦਯਾ ਹੈ, ਜੋ ਜਗਯਾਸੂ ਦੀ ਈਸ਼੍ਵਰ ਪ੍ਰਾਪਤੀ ਦੀ ਅਕਾਂਖਯਾ ਤੋਂ ਲੈਕੇ, ਜਪ ਤੋਂ ਆਰੰਭ ਹੋਕੇ, ਸਾਈਂ ਮਿਲਾਪ ਤਕ ਲੈ ਜਾਂਦੀ ਹੈ। ਸਾਈਂ ਦੀ ਸਿਫਤ ਸਲਾਹ, ਕੀਰਤਨ, ਉਸ ਅਗੇ ਬੇਨਤੀ, ਉਸ ਦਾ ਸ਼ੁਕਰ, ਧੰਨਵਾਦ ਆਦਿ ਮਨ ਦੇ ਉਚੇ ਭਾਵ ਉਸ ਨਾਮ ਦੇ ਸਹਾਯਕ ਹਨ ਜੋ ਉਸ ਨੂੰ ਨਿਰਾ ਸਾਧਨ ਮਾਤ੍ਰ ਨਹੀਂ ਰਹਿਣ ਦੇਂਦੇ, ਨਾਮ ਨੂੰ ਓਹ ਜੀਉਂਦਾ ਜਾਗਦਾ ਪ੍ਰੇਮ ਬਣਾ ਦੇਂਦੇ ਹਨ, ਤੇ ਇਸ ਸਾਧਨ ਨੂੰ ਜੀਵਤ ਸਾਧਨ ਬਣਾ ਦੇਂਦੇ ਹਨ ਅਤੇ ਸਾਧਕ ਨੂੰ ਬੀ ਜਿਵਾ ਦੇਂਦੇ ਹਨ:-

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ (ਮਾਝ ਵਾਰ ਮ:੧--੧੦)

ਸੋ ਨਾਮ ਪ੍ਰੇਮ ਹੈ ਤੇ ਪ੍ਰੇਮ ਪ੍ਰਾਪਤੀ ਹੈ:-

ਅੰਤਰਿ ਪ੍ਰੇਮੁ ਪਰਾਪਤਿ ਦਰਸਨੁ॥ (ਮਾਰੂ ਮਹਲਾ ੧, ਸੋਲਹਾ-੧੧)

---

[1] ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ॥ (ਮਾਝ ਮਹਲਾ ੩, ਅਸਟ-੨੯)

[2] ਇਸ ਵਯਾਪਕ ਨਾਮ ਨਾਲ ਮਿਲਾਪ ਦਾ ਪਤਾ ਸੁਖਮਨੀ ਸਾਹਿਬ ਵਿਚ ਐਉਂ ਦਿਤਾ ਹੈ:-

ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥

ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥

ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥

ਨਾਮ ਕੇ ਧਾਰੇ ਪੁਰੀਆ ਸਭ ਭਵਨ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥

ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥ (ਸੁਖਮਨੀ, ੧੬-੫)

ਭਾਵ ਇਹ ਕਿ ਇਕ ਨਾਮ ਹੈ ਜੋ ਵਯਾਪਕ ਹੈ, ਉਹ ਸਭ ਨੂੰ ਧਾਰ ਰਿਹਾ ਹੈ। ਜੋ ਜਗਯਾਸੂ ਸੁਣਕੇ ਸਿਮਰਣ ਵਾਲੇ ਨਾਮ ਵਿਚ ਲਗ ਜਾਏਗਾ ਉਸ ਨੂੰ ਪਰਮਾਤਮਾ ਆਪਣੇ ਇਸ ਨਾਮ ਵਿਚ ਲਾ ਲਵੇਗਾ। ਓਹ ਪੁਰਖ਼ ਚੌਥੇ ਪਦ ਵਿਚ ਪਹੁੰਚ ਜਾਏਗਾ ਤੇ ਮੁਕਤੀ ਪਾ ਲਏਗਾ।

ਪੁਨਾ– **ਸਾਚ ਕਹਉ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ ਤਿਨਹੀ ਪ੍ਰਭੁ ਪਾਇਓ॥** (ਅਕਾਲ ਉਸਤਤ)

('ਸਤਿਨਾਮੁ') – 'ਸਤਿ' ਤੇ 'ਨਾਮ' ਦੀ ਵਖਰੀ ਵਖਰੀ ਵਯਾਖਯਾ ਆ ਚੁਕੀ ਹੈ। ਗੁਰਬਾਣੀ ਵਿਚ 'ਸਤਿਨਾਮ' ਇਕੱਠਾ ਪਦ ਆਕੇ ਉਸ ਦੇ ਜਪਣ ਦੀ ਆਗਿਆ ਬੀ ਲਿਖੀ ਹੈ।

ਯਥਾ– **ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥** (ਧਨਾਸਰੀ ਮ:੪-੧੨)

ਤਥਾ– **ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥** (ਸੂਹੀ ਮ: ੧-੧)

ਭਾਈ ਗੁਰਦਾਸ ਜੀ ਲਿਖਦੇ ਹਨ:–

ਸਤਿ ਰੂਪੁ ਸਤਿਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ॥ (ਵਾਰ ੨੪–੧)

ਹੁਣ ਨਿਰੰਕਾਰ ਦੇ ਸਰੂਪ ਨੂੰ ਲਖਾਉਣ ਵਾਲੇ ਤਟੱਸਥ ਲਖਣ ਕਹਿੰਦੇ ਹਨ:

('ਕਰਤਾ')–ਸੰਸਕ੍ਰਿਤ–ਕਰ੍ਤ੍ਰੀ = ਕਰਨੇ ਵਾਲਾ, ਸਾਜਣੇ ਵਾਲਾ, ਰਚਣੇ ਵਾਲਾ।

ਪ੍ਰਾਕ੍ਰਿਤ, ਹਿੰਦੀ ਤੇ ਪੰਜਾਬੀ ਵਿਚ ਇਸ ਪਦ ਦਾ ਰੂਪ ਹੈ–ਕਰਤਾ। ਪਦ 'ਕਰਤਾਰ' ਵੀ ਦੇਸ ਦੀਆਂ ਬੋਲੀਆਂ ਵਿਚ ਇਸੇ ਦਾ ਰੂਪ ਹੈ। ਕਰਨਹਾਰ ਰਚਨਹਾਰ ਦੇ ਅਰਥਾਂ ਵਿਚ ਇਹ ਕਰਤਾ ਪਦ ਗੁਰਬਾਣੀ ਵਿਚ ਆਇਆ ਹੈ।

ਯਥਾ– **ਜਾ ਤੂੰ ਕਰਣਹਾਰੁ ਕਰਤਾਰੁ॥** (ਆਸਾ ਮਹਲਾ ੧–੩)

ਕਰਤੇ ਕੀ ਮਿਤਿ ਕਰਤਾ ਜਾਣੈ॥ (ਰਾਮ: ਮਹਲਾ: ੧, ਦਖ: ਓਅੰ:–੩)

ਕਰਤੇ ਕੀ ਮਿਤਿ ਨ ਜਾਨੈ ਕੀਆ॥ (ਗਉੜੀ ਮਹਲਾ: ੫, ਸੁਖਮਨੀ,੧੬–੭)

ਗੁਰਬਾਣੀ ਵਿਚ ਇਹ ਪਦ ਅਕਾਲ ਪੁਰਖ ਦੇ ਅਰਥਾਂ ਵਿਚ ਅਨੇਕਾਂ ਵਾਰ ਆਇਆ ਹੈ।

ਯਥਾ– **ਕਰਤਾ ਆਪਿ ਅਭੁਲੁ ਹੈ॥** (ਮਾਝ ਵਾਰ ਮ: ੧–੧੯)

ਇਹੋ ਪਦ ਅਕਾਲ ਪੁਰਖ ਦਾ 'ਸੰਬੋਧਨ' ਹੋਕੇ ਬੀ ਆਇਆ ਹੈ- ਹੇ ਅਕਾਲ ਪੁਰਖ! ਯਥਾ–

ਕਰਤਾ ਤੂੰ ਸਭਨਾ ਕਾ ਸੋਈ॥ (ਆਸਾ ਮਹਲਾ ੧ -੩੯)

ਜਿਥੇ ਇਹ ਪਦ ਮੂਲ ਮੰਤ੍ਰ ਵਿਚ ਪਿਆ ਹੈ ਓਥੇ ਇਹ ਨਿਰੰਕਾਰ ਦਾ ਤਟੱਸਥ ਲੱਛਣ ਹੋਕੇ ਆਇਆ ਹੈ ਤੇ ਕਿਰਤਮ ਨਾਮ ਹੋ ਕੇ ਪਿਆ ਹੈ। ਸੰਸਾਰ ਦੀ ਰਚਨਾ ਕਰਨੇ ਕਰਕੇ ਨਿਰੰਕਾਰ ਦਾ ਇਹ ਨਾਮ 'ਕਰਤਾ' ਪਿਆ।

ਕਰਤਾ ਦੋ ਪ੍ਰਕਾਰ ਦੇ ਹੁੰਦੇ ਹਨ:–

੧. ਜੋ ਕਿਸੇ ਪਦਾਰਥ ਤੋਂ ਲੈਕੇ ਕੁਛ ਬਨਾਉਣ, ਜੈਸੇ ਘੁਮਿਆਰ ਮਿਟੀ ਤੋਂ ਘੜਾ ਬਣਾ ਦੇਂਦਾ ਹੈ।

੨. ਉਹ ਜੋ ਅਪਣੇ ਆਪ ਤੋਂ ਕੁਛ ਬਣਾ ਦੇਣ, ਜਿਕੂੰ ਡੌਰਾ ਅਪਣੇ ਆਪ ਤੋਂ ਜਾਲਾ ਬਣਾ ਲੈਂਦਾ ਹੈ। ਜਿਵੇਂ ਸੁਪਨੇ ਵਿਚ ਗਿਆ ਮਨੁਖ ਆਪਣੇ ਆਪ ਤੋਂ ਰਚਨਾ ਰਚ ਲੈਂਦਾ ਹੈ। ਅਕਾਲ ਪੁਰਖ ਦੂਸਰੀ ਭਾਂਤਿ ਦਾ ਕਰਤਾ ਹੈ, ਪਰ ਫਰਕ ਇਹ ਹੈ ਕਿ ਡੌਰਾ ਪਦਾਰਥ ਅਪਣੇ ਸਰੀਰ ਤੋਂ ਬਣਾਉਂਦਾ ਹੈ, ਪਰ ਅਕਾਲ ਪੁਰਖ ਅਪਣੀ ਆਤਮ ਸਤਯਾ ਮਾਤ੍ਰ ਤੋਂ, ਅਪਣੇ ਹੁਕਮ ਮਾਤ੍ਰ ਨਾਲ ਯਾ ਵਾਕ ਕਰਨੇ ਨਾਲ ਦ੍ਰਿਸ਼ਯ ਅਦ੍ਰਿਸ਼ਯ ਜਗਤ ਰਚ ਦੇਂਦਾ ਹੈ: ਜੈਸੇ

ਕੀਤਾ ਪਸਾਉ ਏਕੋ ਕਵਾਉ॥ (ਜਪੁਜੀ–੧੬)

ਹੁਕਮੀ ਹੋਵਨਿ ਆਕਾਰ॥ (ਜਪੁਜੀ–੨)

'ਕਰਤਾ' ਫਿਰ ਇਕ ਹੋਰ ਤਰ੍ਹਾਂ ਬੀ ਦੋ ਪ੍ਰਕਾਰ ਦੇ ਹਨ–ਇਕ ਓਹ ਜਿਨ੍ਹਾਂ ਦਾ ਕ੍ਰਿਤ ਕਰਕੇ ਕੀਤੀ ਹੋਈ ਵਿਚ ਕੋਈ ਦਖਲ ਨਹੀਂ ਰਹਿੰਦਾ ਜਿਵੇਂ ਰਾਜ ਦਾ ਘਰ ਉਸਾਰ ਕੇ ਘਰ ਉਤੇ ਕੋਈ ਦਖਲ ਨਹੀਂ ਰਹਿੰਦਾ। ਦੂਜੇ ਓਹ ਜੋ ਕੀਤੀ ਉਤੇ ਰਹਿੰਦੇ ਹਨ ਜਿਵੇਂ ਡੌਰੇ ਦਾ ਅਪਣੇ ਰਚੇ ਜਾਲੇ ਉਤੇ ਰਹਿਣਾ।

ਵਾਹਿਗੁਰੂ ਨੂੰ ਗੁਰੂ ਜੀ ਨੇ ਦੂਜੀ ਪ੍ਰਕਾਰ ਦਾ ਕਰਤਾ ਦੱਸਣ ਲਈ 'ਕਾਦਿਰੁ ਕਰਤਾ' ਕਿਹਾ ਹੈ, ਯਥਾ:-

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ [1] (ਵਾਰ ਆਸਾ ਮ:੧-੩)

ਪੁਨਾ:- **ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ॥** (ਵਾਰ ਆਸਾ ਮ: ੧-੮)

ਰਚਣਹਾਰ ਤੇ ਕਾਦਰ ਹੋਣ ਕਰਕੇ ਪਾਲਣਹਾਰ ਉਸ ਦਾ ਬਿਰਦ ਹੋ ਜਾਂਦਾ ਹੈ। ਇਸ ਕਰਕੇ ਗੁਰੂ ਜੀ ਨੇ ਕਾਦਰ ਕਰਤਾ ਤੇ ਨਾਲ ਉਸ ਨੂੰ 'ਦਾਤਾ ਕਰਤਾ' ਬੀ ਦੱਸਿਆ ਹੈ:-

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥ (ਵਾਰ ਆਸਾ ਮ: ੧-੧)

ਕਰਤਾ ਪਦ ਤੋਂ ਇਕ ਹੋਰ ਵੀਚਾਰ ਬੀ ਤੁਰ ਪੈਂਦੀ ਹੈ:- ਕਰਤਾ ਦਾ ਬਿਰਦ 'ਪਾਲਣਹਾਰ' ਤਾਂ ਹੁੰਦਾ ਹੈ ਪਰ ਨਾਲ ਹੀ 'ਸਿਖਾਵਣਹਾਰ' ਬੀ ਉਸੇ ਦਾ ਬਿਰਦ ਬਣ ਜਾਂਦਾ ਹੈ। ਸਾਜੇ ਤੇ ਪਾਲੇ ਨਾ ਤਾਂ ਸਾਜਿਆ ਝਟ ਪਟ ਮਰ ਵੰਞਸੀ ਤੇ ਜੇ ਮਤਿ ਨ ਦੇਵੇ ਤਾਂ ਰੁਲ ਜਾਸੀ। ਸੋ ਸਿਖਾਵਣਾ ਯਾ ਉਪਦੇਸ਼ ਦੇਣਾ, ਉਸ ਕਰਣਹਾਰ ਦਾ ਪਿਤਾ ਸਮਾਨ ਹੋਣ ਕਰਕੇ ਬਿਰਦ ਹੈ ਜੋ ਗੁਰੂ ਜੀ ਨੇ ਐਉਂ ਲਖਾਇਆ ਹੈ:-

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥ (ਸੋਰਠ ਮ: ੫-੬੨)

ਪਿਤਾ ਦੇ ਨਾਲ ਸਿਖਾਵਣਹਾਰ ਹੋਣ ਕਰਕੇ ਉਸ ਨੂੰ 'ਗੁਰੂ' ਆਖਿਆ:-

ਹਰ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ॥ (ਆਸਾ ਮ: ੪ ਛੰਤ-੧੦)

ਪੁਨਾ:- **ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ॥** (ਬਿਲਾ: ਮ: ੪-੫)

ਦੁਨੀਆਂ ਦੇ ਪੈਦਾ ਕਰਨ ਵਾਲੇ ਮਾਤਾ ਪਿਤਾ ਪਾਲਦੇ ਤੇ ਸਿਖ ਮਤਿ ਦੇਂਦੇ ਹਨ। ਪਰ ਉਹ ਬੁਧੀ ਜਿਸ ਨਾਲ ਕਿ 'ਸਤਿ' ਗ੍ਰਹਣ ਕਰਨਾ ਹੈ, ਦੇ ਦਾਤਾ ਨਹੀਂ ਹਨ। ਕੋਈ ਮਾਪੇ ਕਮਲੇ ਨੂੰ ਬੁਧੀ ਦਾਨ ਨਹੀਂ ਕਰ ਸਕਦੇ, ਪਰ ਕਰਤਾ ਪੁਰਖ ਬੁੱਧੀ ਦਾ ਦਾਤਾ ਯਾ ਰਚਨਹਾਰ ਬੀ ਹੈ। ਜੇ ਇਨਸਾਨ ਵਿਚ ਬੁਧੀ ਨਾ ਰਚੇ ਤਾਂ ਉਹ ਸਿਖਯਾ ਧਾਰਨ ਕਿਵੇਂ ਕਰੇ? ਇਸ ਲਈ ਕਰਤਾਰ ਨੂੰ ਬੁਧੀ ਦਾਤਾ ਬੀ ਕਿਹਾ ਹੈ:-

ਸਿਖ ਮਤਿ ਸਭ ਬੁਧਿ ਤੁਮ੍ਹਾਰੀ ਮੰਦਿਰ ਛਾਵਾ ਤੇਰੇ॥ (ਬਿਲਾ: ਮ: ੧-੨)

ਈਸ਼੍ਵਰ ਨੂੰ ਕਰਤਾ ਕਹਿਣਾ ਇਹ ਸਿੱਧਾਂਤ ਬੀ ਪ੍ਰਗਟ ਕਰ ਦੇਂਦਾ ਹੈ ਕਿ ਗੁਰਮਤਿ ਦਾ ਈਸ਼੍ਵਰ ਯੋਗ ਦਰਸ਼ਨ ਵਾਲਾ ਈਸ਼੍ਵਰ ਨਹੀਂ ਜੋ ਜਗਤ ਦਾ ਕਰਤਾ ਨਹੀਂ ਹੈ, ਪਰ ਗੁਰਮਤਿ ਦਾ ਈਸ਼੍ਵਰ ਕਰਤਾ ਹੈ, ਕਾਦਿਰੁ ਕਰਤਾ ਹੈ ਅਤੇ ਦਾਤਾ ਕਰਤਾ ਹੈ। ਉਹ ਜੋ ਚਾਹੇ ਸੋ ਕਰ ਸਕਦਾ ਹੈ। ਯਥਾ:-

ਕਰਤਾ ਕਰੇ ਸੁ ਨਿਹਚਉ ਹੋਵੈ॥ (ਮਾਰੂ ਮਹਲਾ ੩ ਸੋਲਹੇ ੧੮-੫)

ਪੰਚਮ ਗੁਰੂ ਜੀ ਨੇ **ਓਪਤਿ ਕਰਤਾ ਪਰਲਉ ਕਰਤਾ** ਵਾਕ ਉਚਾਰਕੇ ਸਿਰਜਣਹਾਰ ਨੂੰ ਹੀ ਭੰਜਣਹਾਰ ਦੱਸਿਆ, ਮਾਨੋ ਕਰਤਾ ਪਦ ਵਿਚ ਉਤਪਤੀ ਕਰਤਾ ਤੇ ਸੰਹਾਰ ਕਰਤਾ ਦੁਇ ਭਾਵ ਲੈ ਲਏ।

ਸਾਧਨ ਪੱਖ- **ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ ਬਲਿਹਾਰੀ ਕੁਦਰਤਿ ਵਸਿਆ॥ ਕੁਦਰਤਿ ਕਰਿਕੈ ਵਸਿਆ ਸੋਇ॥** ਵਾਕ ਦੱਸਦੇ ਹਨ ਕਿ ਕਰਤਾ ਪੁਰਖ ਅਪਣੀ ਕੁਦਰਤ ਵਿਚ ਵਖ ਹੁੰਦਾ ਹੋਇਆ ਬੀ ਵਖ ਨਹੀਂ ਹੈ, ਵਿੱਚੇ ਵਸ ਰਿਹਾ ਹੈ, ਤੇ ਚਾਉ ਵਿਚ ਵਸ ਰਿਹਾ ਹੈ: ਉਸ ਚਾਉ ਦਾ ਪ੍ਰਕਾਸ਼ ਕੁਦਰਤ ਵਿਚ ਦੇ ਖੇੜੇ ਤੇ ਇਸ ਵਿਚ ਦੀ ਸੁੰਦਰਤਾ ਵਿਚ ਹੋ ਰਿਹਾ ਹੈ। ਯਥਾ:-

ਮਉਲੀ ਧਰਤੀ ਮਉਲਿਆ ਅਕਾਸੁ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥੧॥

---

[1] ਮੂਲ ਮੰਤ੍ਰ ਦੇ ਆਦਿ ਵਿਚ ੧ਓ ਲਿਖਕੇ ਦੱਸਿਆ ਸੀ ਕਿ ਰਚਕੇ ਬੀ ਸਦਾ ਇਕ ਹੈ, ਉਹ ਇਸ ਤੁਕ ਵਿਚ ਸਪਸ਼ਟ ਹੋ ਜਾਂਦਾ ਹੈ ਕਿ ਉਹ ਏਕੰਕਾਰ ਕਰਤਾ ਹੋਕੇ ਬੀ, ਫਿਰ ਕਾਦਰ ਰਹਿਕੇ ਬੀ ਲਿਪਾਇਮਾਨ ਨਹੀਂ, ਦ੍ਵੈਤ ਵਿਚ ਦ੍ਵੈਤ ਨਹੀਂ। ਸਭ ਤੋਂ ਮੁਬੱਰਾ ਹੈ, ਭਾਵ ਇਕ ਦਾ ਇਕ ਹੀ ਹੈ, ਯਥਾ:-"ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥" (ਵਾਰ:ਆਸਾ ਮ: ੧-੩)

ਰਾਜਾ ਰਾਮੁ ਮਉਲਿਆ ਅਨਤ ਭਾਇ॥ (ਬਸੰਤ ਕਬੀਰ-੧)

ਪੁਨਾ:- **ਪ੍ਰਭ ਕੀ ਜੋਤਿ ਸਗਲ ਘਟ ਸੋਹੈ॥** (ਗਉ: ਮ: ੫ ਸੁਖਮਨੀ੧੫-੧)

ਫਿਰ ਕੁਦਰਤ ਵਿਚ ਹਿਸਾਬ ਹੈ, ਵਿਉਂਤ ਹੈ, ਇਸ ਤਰ੍ਹਾਂ ਕੁਦਰਤ ਦੇ ਖੇੜੇ ਦੀ ਛੋਹ ਤੇ ਹਿਸਾਬ ਵਿਉਂਤ ਆਦਿ ਦੀ ਵੀਚਾਰ ਕਾਦਰ ਦਾ ਪਤਾ ਦੇਂਦੀ ਤੇ ਵਿਸਮਾਦੀ ਝਲਕ ਲਾਕੇ ਕਰਤੇ ਉਤੇ ਮੋਹਿਤ ਕਰਦੀ ਹੈ, ਪੰਜਵੇਂ ਸਤਿਗੁਰ ਨੇ ਫੁਰਮਾਇਆ ਹੈ:- **ਕਰਤੇ ਕੁਦਰਤੀ ਮੁਸਤਾਕੁ॥** (ਤਿਲੰਗ ਮ: ੫-੫)

ਪੁਨਾ:- **ਕੁਦਰਤਿ ਦੇਖਿ ਰਹੇ ਮਨੁ ਮਾਨਿਆ॥** (ਮਾਰੂ ਮ: ੧ ਸੋਲਹੇ-੨੨)

ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ:

ਵੇਖਿ ਵਿਡਾਣੁ ਰਹਿਆ ਵਿਸਮਾਦੁ॥ (ਵਾਰ ਆਸਾ ਮ: ੧-੩)

ਮੈਂ ਕੁਦਰਤ ਵਿਚ ਵਿਸਮਾਦ ਵੇਖ ਵੇਖਕੇ ਵਿਸਮਾਦ ਹੋ ਰਿਹਾ ਹਾਂ ਕਿਉਂਕਿ:-

ਤੂ ਅਚਰਜੁ ਕੁਦਰਤਿ ਤੇਰੀ ਬਿਸਮਾ॥ (ਵਡ: ਮ: ੫-੮)

ਕੁਦਰਤ ਵੇਖਕੇ ਇਹ ਸੁਖ ਲੈਣਾ ਹੈ ਜੋ ਕਾਦਰ ਦੀ ਸਿਫਤ ਸਲਾਹ ਵਿਚ ਵੱਸਣਾ ਹੈ। ਕੁਦਰਤ ਦੇ ਮੋਹਤਿ ਕਰ ਲੈਣ ਵਾਲੇ ਧਨ, ਧਾਮ, ਸਾਕ, ਸੈਨ, ਪਤਿ, ਅਬਰੋ ਆਦਿ ਵਿਚ ਖਚਿਤ ਹੋਕੇ ਕਰਤਾ ਪੁਰਖ ਨੂੰ ਭੁਲਾ ਦੇਣ ਦਾ ਅਸਰ ਗੁਰੂ ਜੀ ਨੇ ਵਰਜਿਤ ਕੀਤਾ ਹੈ, ਕਿਉਂਕਿ ਉਹ ਸਦਗਤੀ ਦਾ ਬਾਧਿਕ ਹੈ[1]। ਤਾਂ ਤੇ ਗੁਰੂ ਨਾਨਕ ਦੇਵ ਜੀ ਨੇ ਆਗਿਆ ਕੀਤੀ ਕਿ ਕੀਤੇ ਨੂੰ ਨਾ ਸਾਲਾਹੇ:-

ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ॥ (ਸੂਹੀ ਮ: ੧ ਛੰਤ-੫)

ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ-**ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ॥......**
ਕਰਤਾ ਸੋ ਸਾਲਾਹੀਐ ਜਿਨਿ ਕੀਤਾ ਆਕਾਰੁ॥ " (ਮਹਲਾ ੨ ਸਾਰੰਗ ਵਾਰ-੪)

ਪੰਜਵੇਂ ਸਤਿਗੁਰਾਂ ਨੇ ਫੁਰਮਾਇਆ ਹੈ:-

ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ॥
ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ॥
ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ॥
ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ॥
ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ॥
ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ ॥੫॥ (ਥਿਤੀ ਗਉ: ਮ: ੫)

ਫੇਹ ਕਬੀਰ ਜੀ ਨੇ ਫੁਰਮਾਇਆ:

ਚਿਤ੍ਰ ਬਚਿਤ੍ਰ ਇਹੈ ਅਵਝੇਰਾ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ॥ (ਗਉੜੀ ਕਬੀਰ ਬਾ: ਅ:-੧੨)

ਅਰਥਾਤ-ਇਹ ਰਚਨਾ ਦੀ ਤਸਵੀਰ ਬੜੀ ਸੁੰਦਰ ਹੈ, ਮੁਸ਼ਕਲ ਇਹੋ ਹੈ ਕਿ ਅਪਣੇ ਵਿਚ ਮੋਹ ਲੈਂਦੀ ਹੈ, ਦਾਰੂ ਇਹ ਹੈ ਕਿ ਇਸ ਦੇ ਮੋਹਨਹਾਰ ਅਸਰ ਤੋਂ ਬਚ ਜਾਓ ਤੇ ਇਸਦੇ ਚਿਤ੍ਰਨਹਾਰ ਵਿਚ ਚਿਤ ਲਾਓ ਕਿ ਉਹ ਕਿਤਨਾ ਵਧੀਕ ਸੁੰਦਰ ਹੋਇਆ ਜੋ ਐਸੀ ਸੁੰਦਰ ਰਚਨਾ ਰਚਦਾ ਹੈ। ਅਰਥਾਤ ਕਰਤਾਰ ਵਿਚ ਪ੍ਰੀਤ ਪਾਓ।

ਭਾਈ ਗੁਰਦਾਸ ਜੀ ਲਿਖਦੇ ਹਨ:-

ਕਰਤਾ ਪੁਰਖੁ ਨ ਚੇਤਿਓ ਕੀਤੇ ਨੋ ਕਰਤਾ ਕਰਿ ਜਾਣੈ॥
ਨਾਰਿ ਭਤਾਰਿ ਪਿਆਰੁ ਕਰਿ ਪੁਤੁ ਪੋਤਾ ਪਿਉ ਦਾਦੁ ਵਖਾਣੈ॥....
ਅੰਤ ਕਾਲ ਜਮ ਜਾਲ ਵਿਚਿ ਸਾਥੀ ਕੋਇ ਨ ਹੋਇ ਸਿਞਾਣੈ॥ (ਵਾਰ : ਭਾ: ਗੁ: ੧੫-੭)

ਇਸੀ ਤਰ੍ਹਾਂ 'ਕਰਤਾ' ਕਹਿਣੇ ਵਿਚ ਕਰਤਾਰ ਦੇ ਕੀਤਿਆਂ ਵਡਕਿਆਂ ਨੂੰ ਯੋਗ ਸਨਮਾਨ

[1]ਦਾਤਿ ਪਿਆਰੀ ਵਿਸਰਿਆ ਦਾਤਾਰਾ॥ (ਧਨਾਸਰੀ ਮ: ੫-੨੨)

ਦੇਂਦਿਆਂ ਕਰਤਾ ਸਮਝਣਾ ਵਰਜਿਤ ਹੋ ਗਿਆ ਤੇ ਇਸੀ ਤਰ੍ਹਾਂ ਮਾਨੁਖ ਦੇ ਅਪਣੇ ਕੀਤਿਆਂ ਯਾ ਰਚਿਆਂ ਵਿਚ ਈਸ਼੍ਵਰ ਬੁਧੀ ਕਰਨੀ ਵਰਜਿਤ ਹੋ ਗਈ। ਕਿਉਂਕਿ:-

ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ॥ (ਸਾਰੰਗ ਵਾਰ ਮ: ੨-੪)

ਇਸ ਗੁਰ ਵਾਕ ਵਿਚ ਇਹ ਪੱਖ ਬੀ ਵਿਚੇ ਆ ਜਾਂਦਾ ਹੈ।

ਬਿਨੁ ਕਰਤਾਰ ਨ ਕਿਰਤਮ ਮਾਨੋ॥ (ਸ਼ਬਦ ਹਜ਼ਾਰੇ ਪਾ: ੧੦)

('ਪੁਰਖੁ')- ਸੰਸਕ੍ਰਿਤ-ਪੁਰੁਸ਼, ਪੁਰ+ਸ਼=ਜੋ ਪੁਰ ਵਿਚ ਯਾ ਪੁਰ ਪੁਰ ਵਿਚ ਸੈਨ ਕਰ ਰਿਹਾ ਹੈ ਭਾਵ ਵਿਆਪਕ ਹੈ। ਜੇ ਪੁਰ ਦਾ ਭਾਵ ਸਰੀਰ ਲਈਏ ਤਾਂ ਸਰੀਰ ਵਿਚ ਨਿਵਾਸ ਕਰਨੇ ਵਾਲਾ ਅਰਥਾਤ ਜੀਵਾਤਮਾ। ਇਸ ਤੋਂ ਪੁਰੁਸ਼ ਦਾ ਅਰਥ 'ਮਾਨੁਖ', ਬੀ ਬਣ ਗਿਆ[1]। ਪੁਰੀ ਪੁਰੀ ਵਿਚ ਜੋ ਨਿਵਾਸ ਕਰਦਾ ਹੈ ਯਾ ਜਗਤ ਰੂਪੀ ਪੁਰ ਵਿਚ ਜੋ ਨਿਵਾਸੀ ਹੈ ਯਾ ਵ੍ਯਾਪਕ ਹੈ ਤਾਂ ਈਸ਼੍ਵਰ ਅਰਥ ਹੋ ਗਿਆ। ਅਕਸਰ ਦੋਹਾਂ ਅਰਥਾਂ ਵਿਚ ਇਹ ਪਦ ਵਰਤੀਂਦਾ ਆਇਆ ਹੈ। ਈਸ਼੍ਵਰ ਅਰਥ ਲਈ ਜੇ ਖੋਜ ਕਰੀਏ ਤਾਂ ਰਿਗਵੇਦ ਦੀ ਪੁਰੁਸ਼ ਸੂਕ੍ਤ ਵਿਚ ਜੋ ਕੁਛ ਲਿਖਿਆ ਹੈ ਉਸ ਦਾ ਭਾਵ ਇਹ ਹੈ-ਪੁਰੁਸ਼=ਈਸ਼੍ਵਰ, ਜਿਸ ਤੋਂ ਦ੍ਰਿਸ਼੍ਯ ਅਦ੍ਰਿਸ਼੍ਯ ਜਗਤ ਦੀ ਰਚਨਾ ਹੋਈ ਹੈ।

ਉਪਨਿਸ਼ਦਾਂ ਵਿਚ ਬੀ ਇਹ ਪਦ ਈਸ਼੍ਵਰ ਅਰਥਾਂ ਵਿਚ ਆਇਆ ਹੈ:-

ਦਿਵ੍ਯੋਹ੍ਯ ਮੂਰ੍ਤ੍ਤ: ਪੁਰੁਖ: ਸਬਾਹ੍ਯਾਭ੍ਯੰਤਰੋ ਹ੍ਯਜ:
ਅਪ੍ਰਾਣੋ ਹ੍ਯਮਨਾ: ਸ਼ੁਭ੍ਰੋਹ੍ਯ ਕਜ਼ਰਾ ਤ੍ਪਰਤ: ਪਰ:[2] (ਮੁੰਡਕ ਉਪਨਿਖਧ ੧-੩-੨)

ਸਾਂਖ ਦਰਸ਼ਨ ਵਿਚ ਇਹ ਪਦ ਕੁਛ ਜੀਵਾਤਮਾ ਯਾ ਰੂਹ ਦੇ ਅਰਥਾਂ ਵਿਚ ਆਇਆ ਹੈ। ਪੁਰੁਖ ਅਨੇਕ ਮੰਨੇ ਹਨ। ਯੋਗ ਨੇ ਇਸ ਵਾਂਙੂ ਪੁਰੁਖ ਤਾਂ ਅਨੇਕ ਮੰਨੇ ਹਨ ਪਰ ਇਕ 'ਪੁਰੁਸ਼-ਵਿਸ਼ੇਸ਼' ਮੰਨਿਆ ਹੈ। ਇਸ ਨੂੰ ਈਸ਼੍ਵਰ ਆਖਿਆ ਹੈ-ਪਰ ਇਸ ਪੁਰਖ਼ ਵਿਸ਼ੇਸ਼ ਨੂੰ ਕਰਤਾ ਨਹੀਂ ਮੰਨਿਆ। ਗੁਰਬਾਣੀ ਵਿਚ ਇਹ ਪਦ:-

੧. ਮਾਨੁਖ ਅਰਥਾਂ ਵਿਚ ਆਇਆ ਹੈ।....**ਪੁਰਖਾਂ ਬਿਰਖਾਂ ਤੀਰਥਾਂ**....। (ਵਾ: ਆਸਾ ਮ: ੧-੮)

੨. ਨਰ ਅਰਥਾਂ ਵਿਚ ਆਇਆ ਹੈ-**ਬਿਨੁ ਪਿਰ ਪੁਰਖੁ ਨ ਜਾਣਈ॥** (ਸਿਰੀ ਮ:੧, ਅਸ:੨)

੩. ਮਹਾਨ ਵ੍ਯਕਤੀ ਵਾਲਾ ਇਨਸਾਨ ਪੂਰਨ (ਸਤਿਗੁਰੂ)-

ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ।....... (ਸੋਰਠਿ ਮ: ੪-੭)

੪. ਈਸ਼੍ਵਰ ਪਰਮੇਸ਼੍ਵਰ ਅਰਥਾਂ ਵਿਚ-**ਕਰਤੈ ਪੁਰਖਿ ਤਾਲੁ ਦਿਵਾਇਆ॥** (ਸੋਰਠਿ ਮ: ੫-੬੪)

੫. ਆਤਮਾ, ਜੀਵਾਤਮਾ-**ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ॥** (ਸੋਰਠ ਮ: ੪-੭)

ਅਰਥਾਤ ਗੁਰੂ ਪਾਇਆ ਤਾਂ ਆਤਮਾ ਪਰਮਾਤਮਾ ਨੂੰ ਮਿਲ ਪਿਆ।

ਪੁਰਖੁ=ਆਤਮਾ ਪੁਰਖੈ=ਪਰਮਾਤਮਾ ਨੂੰ।

੬. ਵਿਆਪਕ ਪਰਮੇਸ਼ਰ ਦੇ ਅਰਥਾਂ ਵਿਚ:-

ਤੂ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥ (ਆਸਾ ਮ:੪)

ਪੁਰਾਤਨਾਂ ਨੇ ਪੁਰੁਖ ਪਦ ਨਾਲ ਹੋਰ ਵਿਸ਼ੇਸ਼ਣ ਪਦ ਲਾਕੇ ਈਸ਼੍ਵਰ ਤੋਂ ਛੁਟ ਹੋਰ ਅਰਥ ਬੀ ਲਏ ਹਨ, ਜੈਸੇ ਵੈਸ਼ਨਵਾਂ ਨੇ ਪੁਰਖੁ+ਉਤਮ=ਪੁਰੁਖੋਤਮ ਤੋਂ ਵਿਸ਼ਨੂੰ ਅਰਥ

---

[1]ਅੰਗ੍ਰੇਜ਼ੀ ਦਾ ਪਦ ਪਰਸਨ (person) ਗ਼ਾਲਬਨ ਪੁਰਖ ਪਦ ਤੋਂ ਹੀ ਬਣਿਆ ਹੈ।

[2]ਅਰਥਾਤ-ਉਹ ਪ੍ਰਕਾਸ਼ ਸਰੂਪ, ਮੂਰਤ ਤੋਂ ਰਹਿਤ, ਪੁਰਖ਼ ਬਾਹਰ ਅੰਦਰ ਵਾਲਾ, ਜਨਮ ਤੋਂ ਰਹਿਤ, ਪ੍ਰਾਣਾਂ ਤੋਂ ਬਿਨਾ, ਮਨ ਤੋਂ ਰਹਿਤ, ਸੁਧ ਅਖਰ ਤੋਂ ਪਰੇ ਹੋਰ ਪਰੇ ਹੈ, ਆਦਿ।

ਲਏ[1]। ਜੋਗ ਨੇ ਪੁਰੁਸ਼ ਵਿਸ਼ੇਸ਼ = ਤੋਂ 'ਈਸ਼੍ਵਰ' ਦੇ ਅਰਥ ਲਏ।

ਦਸਮ ਗੁਰੂ ਜੀ ਨੇ ਇਸ ਪਦ ਨਾਲ 'ਪਰਮ' ਲਾਕੇ ਇਸ ਤੋਂ ਪਰਮਾਤਮ ਦੇਵ ਦੇ ਅਰਥ ਲਏ–

ਮੈ ਹੋ ਪਰਮ ਪੁਰਖ ਕੋ ਦਾਸਾ॥ ਤਥਾ:–**ਪਰਮ ਪੁਰਖ ਕਿਨਹੂ ਨਹਿ ਪਾਇਓ॥** (ਬਚਿਤ੍ਰ ਨਾਟਕ

ਪੁਰਖ ਦਾ ਉਹੋ ਅਰਥ ਲਿਆ ਜੋ ਪਰਮ+ਈਸ਼੍ਰ=ਪਰਮੇਸ਼੍ਵਰ ਦਾ ਹੈ, ਯਥਾ–

ਪਰਮ ਪੁਰਖ ਪਰਮੇਸੁਰ ਸੁਆਮੀ ਪਾਵਨ ਪੌਨ ਅਹਾਰੀ॥ (ਸੋਰਠ ਪਾ: ੧੦)

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਸਤਿਗੁਰਾਂ ਨੇ ਵੀ ਪੁਰਖ ਨਾਲ ਵਿਸ਼ੇਸ਼ਣ ਪਦ ਲਾਏ:–

੧. ਅਕਾਲ ਪੁਰਖ=ਕਾਲ ਰਹਿਤ ਪਰਮਾਤਮਾ:–

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥ (ਮਾਰੂ ਮਹਲਾ ੧ ਸੋਲਹੇ-੧੯)

੨. (ੳ) ਆਦਿ ਪੁਰਖੁ=ਸਭ ਦੀ ਆਦਿ ਪਰਮਾਤਮਾ ਜੋ ਅਪਰੰਪਰ ਹੈ:–

ਆਦਿ ਪੁਰਖੁ ਅਪਰੰਪਰੁ ਸੋ ਪ੍ਰਭੁ॥ (ਰਾਮਕਲੀ ਮ: ੧-੨)

(ਪੁਰਖ ਆਦਿ ਰਹਤ ਹੈ, ਪਰੇ ਤੋਂ ਪਰੇ ਹੈ)।

(ਅ) ਆਦਿ ਪੁਰਖ=ਸਭ ਦੀ ਆਦਿ ਹੈ, ਕਰਣ ਕਾਰਣ ਹੈ ਤੇ ਕਰਤਾਰ ਹੈ:–

ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥ (ਸਵਯੇ ਮ: ੫, ਸ੍ਰੀ ਮੁਖ:)

ਆਦਿ ਪੁਰਖ ਕਾਰਣ ਕਰਤਾਰ॥ (ਗਉੜੀ ਮ: ੫ ਸੁਖਮਨੀ੨੦-੨)

(ੲ) ਆਦਿ ਪੁਰਖ=ਉਤਪਤੀ ਤੇ ਸੰਹਾਰ ਕਰਤਾ ਦੁਇ ਹੈ:–

ਆਦਿ ਪੁਰਖੁ ਅਪਰੰਪਰੁ ਆਪੇ॥ ਆਪੇ ਥਾਪੇ ਥਾਪਿ ਉਥਾਪੇ॥ (ਮਾਝ ਮ: ੪-੩੪)

(ਸ) ਆਦਿ ਪੁਰਖ=ਵਯਾਪਕ ਹੈ-ਕਰਤਾਰ ਹੈ, ਕਰਣ ਕਾਰਣ ਹੈ:–

ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥

ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥ (ਸ੍ਰੀ ਮੁਖਬਾਕ ਸਵਯੇ ਮ: ੫)

(੩) ਪੁਰਖ ਨਿਰੰਜਨ=ਮਾਇਆ ਰਹਿਤ ਪਰਮਾਤਮਾ ਸਿਰਜਨਹਾਰ ਹੈ:–

ਪੁਰਖ ਨਿਰੰਜਨ ਸਿਰਜਨਹਾਰ॥ (ਭੈਰਉ ਮ: ੫-੪੩)

ਸੋ ਪਦ 'ਪੁਰਖ' ਅਕਾਲ, ਆਦਿ, ਨਿਰੰਜਨ, ਪਰਮ ਅਰ ਹੋਰ ਐਸੇ ਵਿਸ਼ੇਸ਼ਨਾਂ ਨਾਲ ਮਿਲਕੇ ਚਰਾਚਰ ਵਿਚ ਵਿਆਪਕ ਪ੍ਰਭੂ ਦੇ ਅਰਥ ਦੇਂਦਾ ਹੋਇਆ ਅਪਰੰਪਰ ਹੈ, ਫਿਰ ਕਰਤਾ ਹੈ, ਕਾਰਣ ਹੈ, ਤੇ ਸੰਹਾਰ ਕਰਤਾ ਬੀ ਹੈ।

ਸਾਧਨ ਪਖ– ਤੀਸਰੇ ਸਾਹਿਬਾਂ ਦਾ ਫ਼ੁਰਮਾਨ ਹੈ:–

ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ॥ (ਵਡ: ਵਾਰ ਮ:੩-੧੫)

('ਕਰਤਾ ਪੁਰਖ')– ਮੂਲ ਮੰਤ੍ਰ ਵਿਚ ਸਤਿਗੁਰ ਜੀ ਨੇ 'ਕਰਤਾ' ਦੇ ਮਗਰੋਂ ਪਦ 'ਪੁਰਖ' ਰਖਿਆ। ਕਰਤਾਰ ਰਚਨਹਾਰ ਹੈ ਜੋ ਰਚਕੇ ਰਾਜ ਮਿਸਤ੍ਰੀ ਵਾਂਙੂ ਅਲਗ ਨਹੀਂ ਜਾ ਬੈਠਦਾ ਉਹ ਪੁਰਖ ਹੈ, ਕਰਤਾ ਹੋਕੇ ਅਪਣੀ ਕ੍ਰਿਤ ਵਿਚ ਵਿਆਪਕ ਹੈ। ਉਹ ਹੈ ਤਾਂ ਅਪਰੰਪਰ, ਪਰ ਪੁਰਖ (ਵਯਾਪਕ) ਬੀ ਹੈ। ਯਥਾ: -

ਬ੍ਯਾਪਤੁ ਦੇਖੀਐ ਜਗਤਿ[2]॥ (ਸਵਯੇ ਮ: ੫ ਸ੍ਰੀ ਮੁਖਬਾਕ੍ਯ-੧)

ਕਿਉਂਕਿ ਪੁਰਖ ਪਦ 'ਮਾਨੁਖ' ਅਰਥਾਂ ਵਿਚ ਆ ਚੁਕਾ ਸੀ, ਫੇਰ ਇਹ 'ਜਗਤ ਕਰਤਾਰਤਾ

---

[1]ਗੁਰਬਾਣੀ ਵਿਚ ਬੀ ਪੁਰਖੋਤਮ ਪਦ ਆਇਆ ਹੈ। ਯਥਾ–

"ਅਨਦ ਮੂਲੁ ਧਿਆਇਓ ਪੁਰਖੋਤਮੁ॥" (ਬਿਲਾਵਲ ਮਹਲਾ ੪-੬)

ਪੁਨਾ:–"ਅਬਿਨਾਸੀ ਅਚਲੁ ਅਜੋਨੀ ਸੰਭਉ ਪੁਰਖੋਤਮੁ ਅਪਾਰ ਪਰੇ॥" (ਸਵਈਏ ਮ: ੪ ਕੇ -੫੦)

ਦੋਹੀਂ ਥਾਂਈਂ ਪੁਰਖੋਤਮ ਦਾ ਅਰਥ – ਅਕਾਲ ਪੁਰਖ ਹੈ।

[2] ਆਦਿ ਪੁਰਖ ਨੂੰ ਜਗਤ ਵਿਚ ਵਿਆਪਕ ਦੇਖੀਦਾ ਹੈ।

www.sikhbookclub.com

ਵਿਹੂਨ ਆਤਮਾ' ਦੇ ਅਰਥਾਂ ਵਿਚ ਨਿਯਤ ਕੀਤਾ ਜਾ ਚੁਕਾ ਸੀ, ਇਸ ਕਰਕੇ ਸ੍ਰੀ ਗੁਰੂ ਜੀ ਨੇ ਪੁਰਖ ਦੇ ਪਹਿਲੇ ਪਦ 'ਕਰਤਾ' ਰਖਿਆ ਤੇ ਕਰਤਾ ਦੀ ਵਿਆਪਕਤਾ ਦਰਸਾਉਣ ਲਈ 'ਪੁਰਖੁ' ਪਦ ਪਾਸ ਲਿਖਿਆ। ਫਿਰ 'ਪੁਰਖੁ' ਪਦ ਵਿਚ ਵਿਆਪਕਤਾ ਤੋਂ ਛੁਟ ਉਸ ਵਿਚ ਉਸ ਨੂੰ 'ਕਰਤਾ' ਆਖਕੇ ਸਰਬ ਸ਼ਕਤੀਮਾਨਤਾ ਦਿਖਲਾਈ। ਇਉ:-

ਪਦ 'ਪੁਰਖੁ' ਤੋਂ ਦੋ ਪਦ ਹੋਰ ਬਣੇ ਹਨ 'ਪੌਰਖ਼' ਤੇ 'ਪੁਰਖਾਰਥ', ਜਿਨ੍ਹਾਂ ਦੇ ਅਰਥ ਹਨ ਬਲਵਾਨਤਾ ਤੇ ਉੱਦਮ। ਪੁਰਖ ਪਦ ਵਿਚ ਏਹ ਦੁਏ ਭਾਵ ਮੌਜੂਦ ਹੋਣ ਕਰਕੇ ਏਹ ਦੋ ਪਦ ਬਣੇ । ਗੁਰੂ ਜੀ ਨੇ ਇਸੇ ਕਰਕੇ **'ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ', ਨੂੰ 'ਤੁਧੁ ਜੇਵਡੁ ਅਵਰੁ ਨ ਕੋਈ॥'** ਆਖਕੇ ਉਸ ਦੀ ਸਰਬ ਸ਼ਕਤੀਮਾਨਤਾ ਦਰਸਾਈ ਹੈ। ਫਿਰ ਇਸ ਦੇ ਨਾਲ ਪਦ 'ਕਰਤਾ' ਰੱਖਕੇ ਸਰਬ ਸ਼ਕਤੀਮਾਨਤਾ ਹੋਰ ਪਰਪੱਕ ਕੀਤੀ; ਕਿਉਂਕਿ 'ਜਗਤ ਕਰਤਾ' ਪੂਰਨ ਬਲਵਾਨ ਤੇ ਸਰਬ ਸ਼ਕਤੀਮਾਨ ਹੋਏ ਬਿਨ ਹੋ ਨਹੀਂ ਸਕਦਾ। ਦਸਮੇਂ ਪਾਤਸ਼ਾਹ ਜੀ ਨੇ ਦੱਸਿਆ ਹੈ ਕਿ ਜਲ ਥਲ ਦੇ ਕਰਣਹਾਰ ਵਿਚ ਅਤਿ ਬਲ ਹੁੰਦਾ ਹੈ। ਯਥਾ-

ਅਸੰਭ ਰੂਪ ਅਨਭੈ ਪ੍ਰਭਾ ਅਤਿ ਬਲਿਸ਼ਟ ਜਲ ਥਲ ਕਰਣ॥੨॥ (ਗਯਾਨ ਪ੍ਰਬੋਧ ਪਾ:੧੦-੩੨)

ਵੀਚਾਰ ਕਰੋ ਤਾਂ ਕਰਤਾ ਹੋਣੇ ਲਈ ਕਰਤਾ ਵਿਚ 'ਰਚਣ ਦੀ ਪ੍ਰਬੀਨਤਾ' ਲੋੜੀਦੀ ਹੈ, ਰਚਣੇ ਦਾ ਬਲ ਚਾਹੀਦਾ ਹੈ, ਰਚਨਾ ਦਾ ਸਾਮਾਨ ਲੋੜੀਦਾ ਹੈ, ਰਚਣੇ ਦਾ ਪ੍ਰਯੋਜਨ ਚਾਹੀਏ, ਫਿਰ ਰਚਨਾ ਵਿਚ ਤਰਤੀਬ, ਵਿਉਂਤ ਤੇ ਹਿਸਾਬ ਚਾਹੀਦਾ ਹੈ। ਫਿਰ ਉਸ ਵਿਚ ਰਚਣ ਤੋਂ ਬਾਦ ਉਸ ਨੂੰ ਸੰਭਾਲਣ ਲਈ ਰਚੀ ਹੋਈ ਵਿਚ ਮੌਜੂਦਗੀ ਅਰਥਾਤ ਵਿਆਪਕਤਾ ਦੀ ਸਤਜਾ ਤੇ ਅਧਿਸ਼ਠਾਨ ਰੂਪਤਾ ਦੀ ਆਵੱਸ਼ਕਤਾ ਹੈ ਅਰਥਾਤ ਸਦੈਵੀ ਪੌਰਖ ਚਾਹੀਦਾ ਹੈ। ਏਹ ਸਾਰੇ ਗੁਣ, ਸਾਮਾਨ ਤੇ ਬਲ ਕਰਤਾ ਪੁਰਖ ਵਿਚ ਹੈਨ ਸੋ 'ਕਰਤਾ ਪੁਰਖ' ਪਦ ਇਨ੍ਹਾਂ ਸਾਰਿਆਂ ਭਾਵਾਂ ਦਾ ਲਖਾਯਕ ਹੈ। ਪੰਚਮ ਗੁਰੂ ਜੀ ਨੇ ਦਸਿਆ ਹੈ[1]:-

ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ॥
ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ॥
ਬ੍ਯਾਪਤੁ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ
ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ॥ (ਸਵਯੇ : ਸ੍ਰੀ ਮੁ: ਬਾਕ੍ : ਮ: ੫-੧)

('ਨਿਰਭਉ')- (ਸੰਸਕ੍ਰਿਤ-ਭੈ=ਡਰ। ਪ੍ਰਾਕ੍ਰਿਤ, ਭਉ। ਪੰਜਾਬੀ 'ਭੈ, ਭਉ' ਦੁਇ ਵਰਤੀਂਦੇ ਹਨ[2]। ਨਿਰ= ਬਿਨਾ। ਵਿਹੂਣਾ। ਰਹਿਤ)। ਨਿਰਭਉ= ਬਿਨਾ ਡਰ ਦੇ। ਬੇਡਰ। ਬੇ ਖ਼ੌਫ਼[3]।

ਨਿਰਭਉ ਆਖਣਾ ਇਕ ਹੋਰ ਢੰਗ ਦਾ ਤਟੱਸਥ ਲਛਣ ਹੈ ਜੋ ਅਵਗੁਣ ਕਿਸੇ ਇਕ ਵਿਚ ਨਹੀਂ

---

[1] ਚੌਥੇ ਗੁਰੂ ਜੀ ਨੇ ਰਾਗ ਆਸਾ ਵਿਚ 'ਸੋ ਪੁਰਖੁ' ਬਾਣੀ ਲਿਖੀ ਹੈ ਜਿਸ ਵਿਚ ਆਦਿ ਪੁਰਖ ਅਗੇ ਪ੍ਰਾਰਥਨਾ ਤੇ ਉਸ ਦੇ ਗੁਣ ਤੇ ਲੱਛਣ ਕਥਨ ਕੀਤੇ ਹਨ। 'ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ॥' ਪੁਨਾ: 'ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ॥' (ਆਸਾ ਮ:੪ ਸੋ ਪੁਰਖੁ)

[2] ਭੈ ਦਾ ਪ੍ਰਾਕ੍ਰਿਤ ਰੂਪ ਭਉ ਹੈ। ਗੁਰਬਾਣੀ ਵਿਚ ਭੈ ਤੇ ਭਉ ਦੁਇ ਪਦ ਵਰਤੇ ਹੈਨ। ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤ੍ਰ ਵਿਚ ਨਿਰਭਉ ਪਦ ਵਰਤਿਆ ਹੈ। ਆਸਾ ਦੀ ਵਾਰ ਵਿਚ ਬੀ ਨਿਰਭਉ ਪਦ ਵਰਤਿਆ ਪਰ ਉਸੇ ਸਲੋਕ ਵਿਚ ਭੈ ਪਦ ਬੀ ਵਰਤਿਆ ਹੈ। ਫੇਰ ਗਉੜੀ ਰਾਗ ਵਿਚ ਫੁਰਮਾਇਆ:- ਭੈ ਬਿਨੁ ਘਾੜਤ ਕਚੁ ਨਿਕਚ॥ (ਗਉੜੀ ਮ:੧-੧)

ਸੋ ਭੈ ਤੇ ਭਉ ਬੋਲੀ ਜਾਣ ਵਾਲੀ ਭਾਸ਼ਾ ਵਿਚ ਦੋਏ ਵਰਤੇ ਜਾਂਦੇ ਹਨ। ਪੰਜਾਬੀ ਵਿਚ ਅਡ ਅਡ ਥਾਈਂ ਇਕੋ ਪਦ ਦੇ ਅਡ ਅਡ ਉਚਾਰਨ ਹਨ, ਜੈਸੇ ਕਿਤੇ ਬੋਲਦੇ ਹਨ 'ਸੈਂ ਜਾ' ਕਿਤੇ 'ਸਉਂ ਜਾ'। ਕਿਤੇ 'ਪੇ' ਕਿਤੇ 'ਪਿਉ'। ਕਿਤੇ ਸੈ=੧੦੦। ਕਿਤੇ ਸਉ=੧੦੦।

[3] ਹਿੰਦੁਸਤਾਨੀ ਸ਼ੈਕਸਪੀਰੀਅਨ ਕੋਸ਼ ਵਿਚ 'ਭੌ' ਪਦ ਨੂੰ 'ਭਯ' ਪਦ ਦੀ ਥਾਂ ਵਰਤੇ ਜਾਣ ਵਾਲਾ ਲਿਖਿਆ ਹੈ; ਅਰ ਸ਼ੁਧ ਲਿਖਿਆ ਹੈ, ਦੇਖੋ ਪੰਨਾ ੩੯੯। 'ਪਲੈਟ' ਨੇ ਬੀ ਅਪਣੀ ਹਿੰਦੁਸਤਾਨੀ ਡਿਕਸ਼ਨਰੀ ਵਿਚ ਸਫਾ ੧੯੪ ਤੇ ਭੌ=Fear ਪਦ ਦਿਤਾ ਹੈ।

www.sikhbookclub.com

ਤੇ ਹੋਰਨਾਂ ਵਿਚ ਹੈ ਉਸ ਦੀ ਅਣਹੋਂਦ ਦੱਸਕੇ ਜਣਾ ਦੇਣਾ। ਸਾਰੀ ਸ੍ਰਿਸ਼ਟੀ ਡਰ ਹੇਠ ਹੈ, ਇਕ ਡਰ ਤੋਂ ਰਹਿਤ ਕਰਤਾਰ ਹੈ, ਸੋ ਡਰ ਰਹਿਤ ਕਹਿਕੇ ਉਸ ਨੂੰ ਲਖਾ ਦੇਣੇ ਦਾ ਭਾਵ ਹੈ!

ਹੋਰਥੇ ਫੁਰਮਾਇਆ ਹੈ:-

ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ॥ (ਮਾਰੂ ਮ:੫-੧)

ਸ੍ਰਿਸ਼ਟੀ ਤੋਂ ਹੀ ਨਹੀਂ, ਉਹ ਅਵਤਾਰਾਂ ਤੋਂ ਬੀ ਵਧ ਨਿਰਭਉ ਹੈ:-

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥ (ਵਾਰ ਆਸਾ ਮ:੧-੪)

ਭਉ ਆਪਣੇ ਤੋਂ ਵਡੇ ਦਾ ਹੁੰਦਾ ਹੈ, ਉਸ ਤੋਂ ਵਡਾ ਹੋਰ ਕੋਈ ਹੈ ਨਹੀਂ, ਇਸ ਕਰਕੇ ਉਸ ਕਰਤਾ ਪੁਰਖ ਨੂੰ ਭਉ ਕਿਸਦਾ? ਉਹ ਇਕੋ ਤਾਂ ਹੈ ਜੋ ਸਭ ਤੋਂ ਉਪਰ ਹੈ ਤੇ ਸਦਾ ਸੱਤਜ ਹੈ, ਇਸ ਲਈ ਕਿਹਾ ਹੈ:-

ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ (ਆਸਾ ਵਾਰ ਮ:੧-੪)

ਸਿਰਜੀ ਗਈ ਸ੍ਰਿਸ਼ਟੀ ਦੇ ਸਿਰ ਸਿਰਜਣਹਾਰ ਦਾ ਭਉ ਹੈ ਜੋ ਉਸ ਨੂੰ ਉਸ ਦੇ ਬੱਧੇ ਨਿਯਮਾਂ ਵਿਚ ਟੋਰਦਾ ਹੈ, ਜਿਸ ਦਾ ਉਲੰਘਣ ਉਨ੍ਹਾਂ ਲਈ ਅਸੰਭਵ ਹੈ, ਇਸ ਲਈ ਫੁਰਮਾਇਆ ਹੈ:-

ਸਗਲਿਆ ਭਉ ਲਿਖਿਆ ਸਿਰਿ ਲੇਖੁ॥ (ਵਾਰ ਆਸਾ ਮ: ੧-੪)

ਸ੍ਰਿਸ਼ਟੀ ਦਾ ਕਰਤਾ ਬ੍ਰਹਮਾ ਨੂੰ ਬੀ ਕਿਹਾ ਜਾਂਦਾ ਹੈ, ਪਰ ਬ੍ਰਹਮਾਦਿਕ ਸਭ ਭੈ ਹੇਠ ਹਨ। ਇਸ ਕਰਕੇ ਗੁਰੂ ਜੀ ਨੇ ਕਰਤਾ ਪੁਰਖ ਆਖਕੇ ਨਿਰਭਉ ਆਖਿਆ ਕਿ ਕਰਤਾ ਪੁਰਖ ਬ੍ਰਹਮਾ ਨਹੀਂ ਹੈ, ਪਰ '੧ਓ' ਜੋ ਬ੍ਰਹਮਾ ਦਾ ਬੀ ਕਰਤਾ ਪੁਰਖ ਹੈ, ਯਥਾ:-

ਓਅੰਕਾਰਿ ਬ੍ਰਹਮਾ ਉਤਪਤਿ॥ (ਰਾਮਕਲੀ ਮ: ੧, ਦਖ: ਓਅੰਕਾਰ-੧)

ਫਿਰ ਭਉ ਬਰੱਬਰ ਦੇ ਦਾ ਭੀ ਹੁੰਦਾ ਹੈ, ਅਕਾਲ ਪੁਰਖ ਦੇ ਬਰੋਬਰ ਦਾ ਬੀ ਕੋਈ ਨਹੀਂ, ਇਸ ਕਰਕੇ ਨਿਰਭਉ ਹੈ,

ਯਥਾ:-**ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡ ਅਵਰੁ ਨ ਕੋਈ॥** (ਆਸਾ ਮ: ੪-ਸੋ ਪੁਰਖੁ)

ਪੁਨਾ:-**ਏਕੇ ਕਉ ਨਾਹੀ ਭਉ ਕੋਇ॥ ਕਰਤਾ ਕਰੇ ਕਰਾਵੈ ਸੋਇ॥** (ਬਿਲਾ: ਮ:੧-੩)

ਪੁਨਾ:-**ਤਿਸ ਤੇ ਊਪਰਿ ਨਾਹੀ ਕੋਇ॥ ਕਉਣੁ ਡਰੈ ਡਰੁ ਕਿਸਕਾ ਹੋਇ॥** (ਬਿਲਾ: ਮ:੩-ਥਿਤੀ)

ਇਥੇ ਇਕ ਸ਼ੰਕਾ ਹੋ ਸਕਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੀ ਤਾਂ ਭੈ-ਭਉ ਦਾ ਉਪਦੇਸ਼ ਹੈ? ਉੱਤਰ:-ਓਥੇ ਭਉ ਕਈ ਪ੍ਰਕਾਰ ਦਾ ਦੱਸਿਆ ਹੈ, ਇਕ ਹੈ ਖੋਟੇ ਕਰਮਾਂ ਦਾ,-ਜਦ ਖੋਟੇ ਕਰਮਾਂ ਦਾ ਭਉ ਪੈਂਦਾ ਹੈ, ਤਾਂ ਖੋਟੇ ਕਰਮ ਛੁਟਦੇ ਹਨ, ਅਰ ਇਸ ਯਤਨ ਵਿਚ ਕਰਤਾਰ ਦੀ ਸਹਾਯਤਾ ਦੀ ਲੋੜ ਪੈਂਦੀ ਹੈ, ਉਸ ਅਗੇ ਬੇਨਤੀ ਕਰੀਦੀ ਹੈ। ਜਿਸ ਕਰਕੇ ਖੋਟੇ ਕਰਮ ਛੁਟ ਜਾਂਦੇ ਹਨ, ਸ਼ੁਭ ਕਰਮ ਆ ਜਾਂਦੇ ਹਨ; ਅਰ ਪਰਮੇਸ਼ੁਰ ਨਾਲ ਹਿਤ ਹੋ ਜਾਂਦਾ ਹੈ, ਜੋ ਆਪ ਨਿਰਭੈ ਹੋਣੇ ਕਰਕੇ ਆਪਣੇ ਪ੍ਰੇਮੀ ਨੂੰ ਬੀ ਨਿਰਭੈ ਕਰਦਾ ਹੈ। ਯਥਾ:-'**ਭੈ ਤੇ ਨਿਰਭਉ ਹੋਇ ਬਸਾਨਾ॥**' (ਸੁਖਮਨੀ, ੧੭ ੨)

ਇਹ ਭੈ ਨਿਰਭੈ ਹੋਣੇ ਦੀ ਪਉੜੀ ਹੈ। ਇਹ ਭੈ (ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲਾ) ਖਰਾ ਭੈ ਹੈ ਤੇ ਵਾਸਤਵ ਵਿਚ, ਕੀਤੇ ਕਰਮਾਂ ਦੇ ਫਲ ਦਾ ਹੈ, ਜੋ ਭਜਨ ਕਰਨੇ ਲਈ ਉੱਦਮ ਦੇਂਦਾ ਹੈ, ਪਰ ਉਹ ਖੋਟਾ ਭੈ ਵਹਿਮ ਦਾ ਹੁੰਦਾ ਹੈ, ਜੋ ਬੁੱਧੀ ਨੂੰ ਮਲੀਨ ਕਰਦਾ ਹੈ। ਖਰਾ ਭੈ ਬੁੱਧੀ ਦੀ ਮਲ ਦੂਰ ਕਰਦਾ ਹੈ। ਖਰਾ ਭੈ ਪਰਮੇਸ਼ੁਰ ਦੇ ਨੇੜੇ ਲਿਆਉਂਦਾ ਹੈ, ਖੋਟਾ ਭੈ ਦੂਰ ਕਰਦਾ ਹੈ। ਖੋਟੇ ਨਾਲ ਅਗਯਾਨ ਵਧਦਾ ਹੈ। ਖਰੇ ਭੈ ਨਾਲ ਅਗਯਾਨ ਦੇ ਛੌੜ ਕਟੀਂਦੇ ਹਨ, ਇਹ ਖਰਾ ਭੌ ਨਿਰਭਉ ਪਦ ਵਿਚ ਲੈ ਜਾਂਦਾ ਹੈ:-

ਭੈ ਤੇ ਨਿਰਭਉ ਹੋਇ ਬਸਾਨਾ॥ (ਗਉੜੀ: ਸੁਖਮਨੀ, ੧੭-੨)

ਇਸ ਭੈ ਵਾਲੇ ਦਾ ਗਾਂਢਾ ਬੇਨਤੀ ਦ੍ਵਾਰਾ ਪਰਮੇਸ਼ੁਰ ਨਾਲ ਪੈ ਜਾਂਦਾ ਹੈ, ਜੋ ਅੰਤ ਉਪਾਸ਼ਕ ਨੂੰ ਇਹ ਕਹ ਦਿੰਦਾ ਹੈ:-

www.sikhbookclub.com

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥੧੬॥ (ਸਲੋਕ ਮ:੯)

ਸਾਧਨ ਪੱਖ– ਮੂਲ ਮੰਤ੍ਰ ਦੇ ਭਾਵ ਸਮਝਣੇ ਵਾਲਾ ਜਗਜਾਸੂ ਜਦ ਅਪਣੇ ਉਪਾਸ਼ਜ ਕਰਤਾ ਪੁਰਖ ਵਿਚ ਨਿਰਭਉ ਦਾ ਭਾਵ ਸਮਝ ਕੇ ਉਪਾਸ਼ਨਾ, ਪ੍ਰੇਮ ਕਰੇਗਾ ਤਾਂ ਉਪਾਸ਼ਜ ਦੇਵ ਦੇ ਗੁਣ ਉਸ ਵਿਚ ਪ੍ਰਵੇਸ਼ ਕਰਨਗੇ। ਇਸ ਲਈ ਫੁਮਾਇਆ ਹੈ:-

ਨਿਰਭਉ ਜਪੈ ਸਗਲ ਭਉ ਮਿਟੈ॥ (ਗਉ: ਸੁਖ:੨੨-੭)

ਸਗੋਂ ਇਹ ਬੀ ਦੱਸਿਆ ਹੈ ਕਿ ਵਾਹਿਗੁਰੂ ਆਪ ਆਪਣੇ ਉਪਾਸ਼ਨਾ ਕਰਨੇ ਵਾਲੇ ਦਾ ਭਉ ਦੂਰ ਕਰ ਦੇਂਦਾ ਹੈ। ਯਥਾ:-

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ॥
(ਆਸਾ ਮ:੪ ਸੋ ਪੁਰਖੁ)

ਪਰ ਤੀਸਰੇ ਸਾਹਿਬਾਂ ਇਹ ਬੀ ਫੁਰਮਾਇਆ ਹੈ:-

ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ॥ (ਵਾ: ਮਾਝ ਮ: ੩-੨੫)

ਸੋ ਨਾਲੇ ਭਉ ਦੂਰ ਕਰਦੇ ਹੋ ਨਾਲੇ ਭਉ ਦੱਸਦੇ ਹੋ ਇਸ ਦਾ ਕੀ ਕਾਰਣ ਹੈ?

ਉੱਤਰ:- ਸ੍ਰੀ ਗੁਰੂ ਜੀ ਨੇ ਬਾਣੀ ਵਿਚ ਭਉ ਦੋ ਪ੍ਰਕਾਰ ਦਾ ਦੱਸਿਆ ਹੈ। ਇਕ ਭਉ ਜੋ ਜੀਵਾਂ ਨੂੰ ਡਾਢਿਆਂ ਤੋਂ ਲਗਦਾ ਹੈ, ਤੇ ਮਨ ਨੂੰ ਨਿਤਾਣਿਆ ਕਰਦਾ ਹੈ, ਕਈ ਫਿਕਰਾਂ ਤੋਂ ਤੌਖਲੇ ਪੈਦਾ ਕਰਦਾ ਤੇ ਹੀਣਤਾਈ ਵਿਚ ਲੈ ਜਾਂਦਾ ਹੈ। ਇਹ ਭਉ ਪਰਮੇਸ਼ੁਰ ਦੇ ਭਉ ਪਿਆਂ ਦੂਰ ਹੁੰਦਾ ਹੈ। ਦੂਸਰਾ ਭਉ ਇਕ ਨਿਰਮਲ ਭਉ[1] ਹੈ ਜੋ ਪਹਿਲੇ ਨੂੰ ਕਟਦਾ ਹੈ। ਇਸ ਭੈ ਤੋਂ ਬਿਨਾ ਜੋ ਜੀਵ ਜੀਉਂਦਾ ਹੈ ਤੇ ਨਿਡਰ ਖੁਸ਼ੀਆਂ ਮਾਣਦਾ ਹੈ ਉਸ ਨੂੰ ਆਖਿਆ ਹੈ:-

ਭੈ ਵਿਣੁ ਜੀਵੈ ਬਹੁਤੁ ਬਹੁਤੁ ਖੁਸੀਆ ਖੁਸੀ ਕਮਾਇ॥
ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ॥ (ਵਾਰ ਮਾਝ ਮ:੩-੨੫)

ਪਰ ਜੇ ਪਰਮੇਸ਼ੁਰ ਦੇ ਭੈ ਵਿਚ ਜੀਵੇ ਤਾਂ ਫੁਰਮਾਇਆ ਹੈ:-

ਭੈ ਵਿਚਿ ਜੰਮੈ ਭੈ ਮਰੈ ਭੀ ਭਉ ਮਨ ਮਹਿ ਹੋਇ॥
ਨਾਨਕ ਭੈ ਵਿਚਿ ਜੇ ਮਰੈ ਸਹਿਲਾ ਆਇਆ ਸੋਇ॥ (ਵਾਰ ਮਾਝ ਮ:੩-੨੫)

ਕਿਉਂਕਿ ਇਹ ਭੈ ਸਾਰੇ ਭੈ ਤੋਂ ਨਿਰਭੈ ਕਰ ਦੇਂਦਾ ਹੈ। ਯਥਾ:-

ਭੈ ਰਚਿ ਰਹੈ ਸੁ ਨਿਰਭਉ ਹੋਇ॥ (ਗਉੜੀ ਮ:੧-੭)

ਦੂਜੇ ਸਤਿਗੁਰਾਂ ਦਾ ਵਾਕ ਹੈ:-

ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ॥ (ਸੂਹੀ ਵਾਰ ਮ:੨-੮)

ਅਰਥਾਤ- ਇਸ ਭੈ ਦੇ ਪੈਣ ਨਾਲ ਦੁਰਮਤਿ ਦੂਰ ਹੁੰਦੀ ਹੈ:-

... ...ਲੋਭੁ ਰਤੁ ਵਿਚਹੁ ਜਾਇ॥
ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥ (ਵਾਰ ਰਾਮ: ਮ: ੩-੮)

ਜਿਵੇਂ ਅਗਨੀ ਦੇ ਤਾਓ ਨਾਲ ਧਾਤ ਸ਼ੁਧ ਹੋ ਜਾਂਦੀ ਹੈ ਤਿਵੇਂ ਵਾਹਿਗੁਰੂ ਦਾ ਭਉ ਦੁਰਮਤਿ ਦੀ ਮੈਲ ਨੂੰ ਦੂਰ ਕਰਕੇ ਸ਼ੁਧ ਕਰ ਦਿੰਦਾ ਹੈ।

ਇਸ ਭੈ ਨਾਲ ਮਨ ਵਸ ਹੁੰਦਾ ਤੇ ਹਉਮੈ ਕਟੀਂਦੀ ਹੈ:-

---

[1] ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥ (ਸੂਹੀ ਮ: ੪ ਛੰਤ)
ਜਿਨ੍ਹਾਂ ਨੂੰ ਪਰਮੇਸ਼ੁਰ ਦਾ ਭਉ ਹੈ ਉਹਨਾਂ ਨੂੰ ਜਗਤ ਦੇ ਹੋਰ ਭਉ ਨਹੀਂ ਸਤਾਉਂਦੇ; ਪਰ ਜੋ ਇਸ ਭਉ ਤੋਂ ਖਾਲੀ ਹਨ, ਉਨ੍ਹਾਂ ਲਈ ਬਹੁਤ ਡਰ ਦਾ ਥਾਉਂ ਹੈ ਕਿ ਓਹ ਨਿਡਰ ਹੋਕੇ ਅਪਣੇ ਕੀਤੇ ਕਰਮਾਂ ਦੇ ਫਲ ਵਿਚ ਦੁੱਖ ਪਾਉਣਗੇ।

ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ॥ (ਸੋਰਠ ਵਾਰ ਮ:੩-੬)

ਇਸ ਭੈ ਨਾਲ ਪ੍ਰੇਮ ਉਪਜਦਾ ਹੈ[1], ਯਥਾ:-

ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ॥ (ਵਾਰ ਆਸਾ ਮ: ੧-੫)

ਪੁਨਾ:- **ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ॥** (ਕੇਦਾਰਾ ਕਬੀਰ ਜੀ-੩)

ਇਸ ਭੈ ਨਾਲ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਤੇ ਸਹਜ ਅਵਸਥਾ ਆਉਂਦੀ ਹੈ:-

ਭੈ ਵਿਚਿ ਨਿਰਭਉ ਪਾਇਆ॥ ਤਾ ਸਹਜੈ ਕੈ ਘਰਿ ਆਇਆ[2] **॥੩॥** (ਸੋਰਠ ਮ:੧-੧੨)

ਭੈ ਤੋਂ ਭਗਤੀ (ਪ੍ਰੇਮਾ ਭਗਤੀ) ਉਪਜਦੀ ਹੈ। ਯਥਾ:-

ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ॥ (ਬਿਲਾ: ਮ: ੫-੫੪)

ਫੇਰ ਫੁਰਮਾਇਆ ਹੈ ਕਿ ਇਹ ਭਉ ਗੁਰੂ ਤੋਂ ਮਿਲਦਾ ਹੈ ਤੇ ਇਸ ਨਾਲ ਨਾਮ ਦਾ ਪਿਆਰ ਉਪਜਦਾ ਹੈ ਤੇ ਭਰਮ ਦੀ ਨਵਿਰਤੀ ਹੁੰਦੀ ਹੈ; ਯਥਾ:-

ਪਉੜੀ॥ ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ॥
ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ॥
ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ॥
ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ॥
ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ॥
ਭੈ ਤੇ ਨਿਰਭਉ ਪਾਈਐ ਜਿਸਦਾ ਅੰਤੁ ਨ ਪਾਰਾਵਾਰੁ॥
ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥
ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿਧਾਰ॥

(ਮਲਾਰ ਵਾਰ ਮ: ੧-੨੨)

ਜੋ ਪੁਰਖ ਨਿਰਭਉ ਪਰਮੇਸਰ ਦੀ ਉਪਾਸ਼ਨਾ ਕਰਕੇ ਨਿਰਭਉ ਹੋ ਜਾਂਦਾ ਹੈ ਉਹ ਆਪ ਡਰ ਦਾਤਾ ਨਹੀਂ ਬਣ ਜਾਂਦਾ। ਉਸ ਗਿਆਨਵਾਨ ਬਾਬਤ ਇਹ ਫੁਰਮਾਨ ਹੈ:-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ (ਸਲੋਕ ਮਹਲਾ:੯-੧੬)

ਉਹ ਨਾ ਕਿਸੇ ਦਾ ਡਰ ਮੰਨਦਾ ਹੈ ਤੇ ਨਾ ਆਪ ਕਿਸੇ ਨੂੰ ਡਰ ਦੇਂਦਾ ਹੈ, ਕਿਉਂਕਿ ਜੇ ਉਹ ਡਰ ਦੇਵੇ ਤਾਂ ਅਪਣੇ ਵਰਗੇ ਹੋਰ ਨਿਰਭੈ ਬੰਦੇ ਪੈਦਾ ਹੋਣ ਦੀ ਰੋਕ ਕਰਦਾ ਹੈ, ਤੇ ਨਿਰਭੈ ਬੰਦੇ ਪੈਦਾ ਕਰਨੇ ਪ੍ਰਯੋਜਨੀਯ ਹੈ, ਸੋ ਉਹ ਪ੍ਰਯੋਜਨ ਦੀ ਸਿੱਧੀ ਦਾ ਬਾਧਕ ਹੋ ਜਾਂਦਾ ਹੈ। ਇਸ ਕਰਕੇ ਉਹ ਦੁਨੀਆਂ ਦੇ ਜਰਵਾਣਿਆਂ ਵਾਂਙੂ ਭੈ ਦਾਤਾ ਨਹੀਂ ਬਣਦਾ।

('ਨਿਰਵੈਰੁ')- (ਸੰਸ: ਨਿਰ੍+ਵੈਰ। ਦ੍ਵੈਸ਼ ਤੋਂ ਰਹਿਤ) ਦ੍ਵੈਸ਼ ਦੁਸ਼ਮਨੀ ਤੋਂ ਸੱਖਣਾ। ਗੁਰੂ ਜੀ ਨੇ ਇਹ ਪਦ ਨਿਰੰਕਾਰ ਦੀ ਤਾਰੀਫ ਵਿਚ ਲਿਖਿਆ ਹੈ। ਯਥਾ:-

ਮੇਰੇ ਮਨ ਅਨਦਿਨੋ ਧਿਆਇ ਨਿਰੰਕਾਰੁ ਨਿਰਾਹਾਰੀ॥ (ਸਾਰੰ : ਮ: ੪-੧੧)

ਇਹ ਉਪਦੇਸ਼ ਦਿੱਤਾ ਹੈ ਤੇ ਓਥੇ ਉਸ ਦਾ ਰੂਪ ਦੱਸਿਆ:-

ਨਿਰਵੈਰੁ ਅਕਾਲ ਮੂਰਤਿ॥[3] (ਸਾਰੰ: ਮ: ੪-੧੧)

ਨਿਰਵੈਰੁ ਪਦ ਕਿਉਂ ਵਰਤਿਆ? ਜਗਤ ਦੇ ਅਨੇਕ ਮਤਾਂ ਵਿਚ ਦੇਵੀ ਦੇਉਤਿਆਂ ਨੂੰ

---

[1] ਪਰਮੇਸ਼ਰ ਪ੍ਰੇਮ ਸਰੂਪ ਹੈ, ਉਸ ਦੇ ਭੈ ਵਿਚ ਜਦ ਜੀਵ ਉਸ ਦਾ ਨਾਮ ਜਪਦਾ ਹੈ ਤੇ ਅਰਦਾਸ ਕਰਦਾ ਹੈ ਤਾਂ ਉਸ ਦੇ ਨੇੜੇ ਹੁੰਦਾ ਹੈ, ਉਸ ਪ੍ਰੇਮ ਸਰੂਪ ਦੀ ਨਿਕਟਤਾ ਉਸ ਤੇ ਪ੍ਰੇਮ ਦਾ ਅਸਰ ਕਰਦੀ ਹੈ।

[2] ਸੁਲੇਮਾਨ ਪਿਕੰਬਰ ਨੇ ਲਿਖਿਆ ਹੈ:ਪਰਮੇਸ਼ੁਰ ਦਾ ਭਉ ਗਯਾਨ ਦਾ ਮੁਢ ਹੈ।

[3] ਜਪਿ ਮਨ ਨਿਰਭਉ॥ ਸਤਿ ਸਤਿ ਸਦਾ ਸਤਿ॥ ਨਿਰਵੈਰੁ ਅਕਾਲ ਮੂਰਤਿ॥ ਆਜੂਨੀ ਸੰਭਉ॥ (ਸਾਰੰ: ਮ: ੪-੧੧)

www.sikhbookclub.com

ਪਰਮੇਸ਼ੁਰ ਕਰਕੇ ਮੰਨਿਆ ਹੈ। ਓਹ ਕੀਤੇ ਹੋਏ ਸਨ ਕਰਤਾ ਪੁਰਖ ਦੇ। ਉਨ੍ਹਾਂ ਵਿਚ ਵਡਿੱਤ ਦੇ ਕਈ ਗੁਣਾਂ ਦੇ ਹੁੰਦਿਆਂ ਬੀ ਛੋਟਿਆਂ ਨਾਲ ਗੁੱਸਾ, ਬਰੱਬਰ ਦਿਆਂ ਨਾਲ ਈਰਖਾ ਤੇ ਵੈਰ, ਤੇ ਵਡਿਆਂ ਤੋਂ ਭੈ ਵਿਆਪਦਾ ਰਿਹਾ। ਕਰਤਾ ਪੁਰਖ ਸਭ ਤੋਂ ਵੱਡਾ ਹੈ, ਉਸ ਤੋਂ ਵੱਡਾ ਕੋਈ ਨਹੀਂ। ਉਹ ਨਿਰਭਉ ਹੈ। ਉਸ ਦੇ ਬਰੱਬਰ ਦਾ ਬੀ ਕੋਈ ਹੈ ਨਹੀਂ, ਇਸ ਕਰਕੇ ਉਸ ਨੂੰ ਕਿਸੇ ਨਾਲ ਈਰਖਾ, ਦ੍ਵੈਸ਼, ਵੈਰ ਨਹੀਂ। ਛੋਟਿਆਂ ਤੇ ਉਹ ਸਦਾ ਦਿਆਲੂ ਹੈ, ਸੋ ਉਸ ਦਾ ਗੁੱਸਾ ਕਿਸੇ ਨਾਲ ਨਹੀਂ। ਜੀਵ ਸਾਰੇ ਅਲਪੱਗ ਹਨ, ਉਹ ਸਰਬੱਗ ਹੈ, ਕੋਈ ਅਲਪੱਗ ਉਸ ਦੀ ਸਰਬੱਗਤਾ ਨੂੰ ਤੇ ਕੋਈ 'ਹਦਬੰਦੀ ਦੀ ਸ਼ਕਤੀ ਵਾਲਾ' ਉਸ ਦੀ ਸਰਬ ਸ਼ਕਤੀ-ਮਾਨਤਾ ਨੂੰ ਪਹੁੰਚ ਨਹੀਂ ਸਕਦਾ। ਨਾ ਕੋਈ ਦੂਸਰਾ ਉਸ ਜੈਸਾ ਹੈ ਨਾ ਹੋ ਸਕਦਾ ਹੈ। **ਦੂਸਰ ਹੋਆ ਨਾ ਕੋ ਹੋਈ॥** (ਸੂਹੀ ਮ:੫) ਸੋ ਉਹ ਨਿਰਵੈਰ ਹੈ।

ਵਾਹਿਗੁਰੂ ਦੇ ਬਰੱਬਰ ਦਾ ਕੋਈ ਨਹੀਂ- ਜੈਸਾ ਕਿ ਗੁਰੂ ਜੀ ਨੇ ਉਚਾਰਨ ਕੀਤਾ ਹੈ:

ਤਿਸਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ॥ (ਵਾਰ ਵਡ: ਮ: ੩-੧੫)

ਪੁਨਾ:- **ਤਿਸਹਿ ਸਰੀਕੁ ਨਾਹੀ ਰੇ ਕੋਈ॥ ਕਿਸ ਹੀ ਬੁਤੈ ਜਬਾਬੁ ਨ ਹੋਈ॥** (ਮਾਰੂ ਸੋਲਹੇ ਮ:੫-੧੦)

ਪਰਮੇਸੁਰ ਸਾਡੇ ਕਰਮਾਂ ਦਾ ਫਲ ਪ੍ਰਦਾਤਾ ਤਾਂ ਹੈ, ਪਰ ਉਹ ਵੈਰੀ ਨਹੀਂ ਹੈ। ਜੇ ਉਸ ਨੂੰ ਬਦਲੇ ਲੈਣ ਵਾਲਾ, ਅਰਥਾਤ ਜੱਬਾਰ ਤੇ ਕਹਾਰ ਮੰਨੀਏ ਤਾਂ ਭੈ ਤੇ ਨਿਰਾਸਤਾ ਵਧਦੀ ਹੈ। ਜੇ ਤਾਂ ਮਤਲਬ ਫਲ ਪ੍ਰਦਾਤਾ ਹੋਵੇ ਤਾਂ ਸੁਖ ਹੈ, ਪਰ ਜੇ ਐਵੇਂ ਨਿਰਾ ਸਖਤੀ ਕਰਨੇ ਦਾ ਭਾਵ ਲੀਤਾ ਜਾਵੇ ਤਾਂ ਵਿੱਥ ਵਧਦੀ ਹੈ। ਗੁਰੂ ਬਾਣੀ ਵਿਚ ਨਿਰਵੈਰ ਆਖਕੇ ਉਸ ਨੂੰ ਅਕਾਰਣ ਸਖਤੀ ਕਰਨੇ ਵਾਲੇ ਅਵਗੁਣ ਤੋਂ ਪਾਕ ਦੱਸਿਆ ਹੈ। ਉਸ ਦਾ ਆਪਣਾ ਸਰੂਪ ਪ੍ਰੇਮ ਹੈ:-

ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ॥.....
ਅਹਿਨਿਸਿ ਜੀਆ ਦੇਖਿ ਸਮ੍ਾਲੇ ਸੁਖੁ ਦੁਖੁ ਪੁਰਬਿ ਕਮਾਈ॥ (ਪ੍ਰਭਾਤੀ ਮ: ੧-੧੧)

ਅਰਥਾਤ-ਆਪ ਤਾ ਪਰਮੇਸ਼ੁਰ ਦਾ ਸਰੂਪ ਪ੍ਰੀਤ ਤੇ ਪ੍ਰੇਮ ਹੈ, ਜਿਸ ਦਾ ਪਰਤੱਖ ਸਬੂਤ ਇਹ ਹੈ ਕਿ ਰਾਤ ਦਿਨੇ ਜੀਵਾਂ ਦੀ ਦੇਖ ਭਾਲ ਤੇ ਸੰਭਾਲ ਕਰਦਾ ਹੈ; ਫੇਰ ਸਾਨੂੰ ਜੋ ਵਡਾਈ ਤੇ ਦੁਖ ਸੁਖ ਮਿਲਦਾ ਹੈ ਉਹ ਕੀ ਹੈ? ਫੁਰਮਾਉਂਦੇ ਹਨ:-

ਸੁਖੁ ਦੁਖੁ ਪੁਰਬ ਜਨਮ ਕੇ ਕੀਏ॥ (ਮਾਰੂ ਸੋਲਹੇ ਮ: ੧-੧੦-੧੪)

ਪੁਨਾ:- **ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ॥** (ਵਡ: ਮ: ੧, ਛੰਤ-੧)

ਸਾਨੂੰ ਸਾਡੇ ਪੂਰਬਲੇ ਕਰਮਾਂ ਕਰਕੇ ਸੁਖ ਦੁਖ ਤੇ ਵਡਾਈ ਮਿਲਦੀ ਹੈ। ਸੋ ਗੁਰਮਤਿ ਦਾ ਪਰਮੇਸ਼ੁਰ ਸ਼ੱਤ੍ਰੁਤਾ ਤੋਂ, ਵੈਰ ਭਾਵ ਤੋਂ ਰਹਿਤ ਹੈ। ਜਦ ਦੁੱਖ ਪੀੜਾ ਆਵੇ ਤਾਂ ਪਰਮੇਸ਼ੁਰ ਦੇ ਕਿਸੇ ਵੈਰ ਭਾਵ ਤੋਂ ਨਹੀਂ ਸਮਝਣਾ ਚਾਹੀਏ, ਉਹ ਆਪਣੇ ਕੀਤੇ ਦਾ ਫਲ ਸਮਝਣਾ ਠੀਕ ਹੈ।

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥ (ਧਨਾ: ਤ੍ਰਿਲੋਚਨ ਜੀ)

ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥ (ਤੁਖਾ: ਛੰ: ਮ: ੧-੧)

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥ (ਆਸਾ ਮ: ੧ ਪਟੀ)

ਸਾਧਨ ਪੱਖ- ਗੁਰੂ ਨਾਨਕ ਦੇਵ ਜੀ ਨੇ ਇਕ ਇਹ ਅਸੂਲ ਬੀ ਦੱਸਿਆ ਹੈ:-

ਜੈਸਾ ਸੇਵੈ ਤੈਸੋ ਹੋਇ॥ (ਗਉੜੀ ਮ: ੧, ਅਸਟ:੭)

 www.sikhbookclub.com

ਇਸ ਅਨੁਸਾਰ ਸਮਝ ਪਈ ਕਿ ਨਿਰਭਉ ਦਾ ਸੇਵਨਹਾਰ ਨਿਰਭਉ ਹੋ ਜਾਂਦਾ ਹੈ। ਤਿਵੇਂ ਨਿਰਵੈਰ ਦਾ ਉਪਾਸ਼ਕ ਨਿਰਵੈਰ ਹੋ ਜਾਂਦਾ ਹੈ। ਇਸ ਪਰ ਚੌਥੇ ਸਤਿਗੁਰਾਂ ਦੱਸਿਆ:-

ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ॥ (ਗਉੜੀ ਵਾਰ ਮ: ੪-੫)

ਫੇਰ ਪੰਜਵੇਂ ਸਤਿਗੁਰਾਂ ਫੁਰਮਾਇਆ ਹੈ:-

ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥ (ਮਾਝ ਮ: ੫-੪੯)

ਹੇ ਰਬ ਜੀ ਤੁਸੀਂ ਨਿਰਵੈਰ ਹੋ, ਤੁਹਾਡੇ ਉਪਾਸ਼ਕ ਸੰਤ ਤੁਹਾਡੀ ਉਪਾਸ਼ਨਾਂ ਕਰਕੇ ਵੈਰ ਭਾਵ ਤੋਂ ਨਿਰਮਲ ਹੋ ਗਏ ਹਨ। ਐਸੇ ਕਿ ਉਨ੍ਹਾਂ ਦੇ ਦਰਸ਼ਨ ਤੋਂ ਪਾਪ ਦੂਰ ਹੁੰਦੇ ਹਨ:-

ਜਿਨ ਦੇਖੇ ਸਭ ਉਤਰਹਿ ਕਲਮਲ॥ (ਮਾਝ: ਮ:੫-੪੯)

ਨਾਮ ਅਭਿਆਸੀ ਵਾਹਿਗੁਰੂ ਨੂੰ ਤਾਂ ਨਿਰਵੈਰ ਸਮਝੇ ਤੇ ਆਪਣੇ ਆਪ ਨੂੰ ਬੀ ਜੀਵਾਂ ਨਾਲ ਕਿ ਸਾਈਂ ਨਾਲ ਵੈਰ ਭਾਵ ਵਿਚ ਨਾ ਲਿਜਾਵੇ; ਕਿਉਂਕਿ ਨਿਰਵੈਰ ਨਾਲ ਵੈਰ ਕੀਤਿਆਂ ਵੈਰ ਆਪਣੇ ਤੇ ਪੈਂਦਾ ਹੈ। ਜਿਵੇਂ ਅਕਾਸ਼ ਜੋ ਨਿਰਵੈਰ ਤੇ ਅਗੰਮ ਹੈ ਉਸ ਨੂੰ ਤੀਰ ਮਾਰਿਆਂ ਆਪਣੇ ਤੇ ਪੈਂਦਾ ਹੈ:-

ਸਰ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ॥ ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ॥
(ਮਾਝ ਵਾਰ ਮ: ੨-੨੨)

ਪੰਜਵੇਂ ਸਤਿਗੁਰ ਜੀ ਨੇ ਫੁਰਮਾਯਾ:-

ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ॥ (ਸਾਰੰਗ ਮ: ੫-੧੦)

ਸੋ ਵਾਹਿਗੁਰੂ ਪ੍ਰੇਮੀ ਆਪਣੇ ਮਨ ਨਾਲ ਨਿਰਵੈਰ ਵਾਹਿਗੁਰੂ ਦੇ ਗੁਣ ਗਾਉਂਦਾ ਆਪ ਨੂੰ ਨਿਰਵੈਰ ਬਨਾਉਣ ਦਾ ਜਤਨ ਕਰਦਾ ਰਹੇ। ਵੈਰ ਭਾਵ ਨਾਲ ਆਪਣਾ ਅੰਦਰ ਸੜਦਾ ਰਹਿੰਦਾ ਹੈ, ਓਥੇ ਨਾਮ ਦਾ ਰਸ ਨਹੀਂ ਪੈਂਦਾ। ਇਸ ਲਈ ਗੁਰੂ ਜੀ ਨੇ ਵੈਰ ਕਰਨ ਤੋਂ ਵਰਜਿਆ ਹੈ :-

ਵਵਾ ਵੈਰੁ ਨ ਕਰੀਐ ਕਾਹੂ॥ ਘਟ ਘਟ ਅੰਤਰਿ ਬ੍ਰਹਮ ਸਮਾਹੂ॥ (ਗਉ: ਬਾ: ਅ: ਮ: ੫-੪੬)

ਗੁਰਮੁਖਿ ਵੈਰ ਵਿਰੋਧ ਗਵਾਵੈ॥ (ਰਾਮ: ਸਿ: ਗੋ: ਮ: ੧-੩੭)

ਦੂਸਰੇ ਜੇ ਪਰਮੇਸ਼ੁਰ ਨੂੰ ਵੈਰ ਲੈਣ ਵਾਲਾ ਕਿ ਗੁੱਸੇ ਵਾਲਾ ਕਿ ਬਦਲੇ ਲੈਣ ਵਾਲਾ ਸਮਝ ਲਵੀਏ ਤਾਂ ਆਪਣੇ ਅੰਦਰ ਇਕ ਸ਼ੰਕਾ ਯਾ ਸੰਗ ਪੈਦਾ ਹੋ ਜਾਂਦੀ ਹੈ, ਉਹ ਵਾਹਿਗੁਰੂ ਜੀ ਵਲ ਲੱਗਣ ਨਹੀਂ ਦੇਂਦੀ। ਜੇ ਉਸ ਨੂੰ ਨਿਰਵੈਰ ਤੇ ਪ੍ਰੇਮ ਮੂਰਤੀ ਸਮਝ ਲਵੀਏ ਤਾਂ ਉਸ ਦੀ ਭਗਤੀ ਪ੍ਰੇਮ ਨੂੰ ਜੀ ਕਰ ਆਉਂਦਾ ਹੈ। ਬਾਵਜੂਦ ਆਪਣੇ ਅਵਗੁਣੀ ਹੋਣ ਦੇ ਤੇ ਗੁਨਹਗਾਰ ਹੋਣ ਦੇ ਫੇਰ ਪ੍ਰਾਰਥਨਾ ਕਰਨ ਵਿਚ, ਬਾਣੀ ਪੜ੍ਹਨ ਵਿਚ ਕਿ ਸਤਿਸੰਗ ਕਰਨ ਵਿਚ ਦਿਲ ਵਿਚ ਸੰਗ ਨਹੀਂ ਆ ਅਟਕਾਰਾ ਪਾਉਂਦੀ। ਸਾਈਂ ਨਿਰਵੈਰ ਹੈ, ਪ੍ਰੇਮ ਮੂਰਤ ਹੈ, ਪਿਤਾ ਤੇ ਮਾਤਾ ਹੈ, ਅਸੀਂ ਭੁੱਲਣਹਾਰ ਬੱਚੇ ਹਾਂ, ਉਹ ਸਦਾ ਗਲ ਲਾਉਣ ਨੂੰ ਤਯਾਰ ਹੈ ਜਿਵੇਂ ਮਾਂ ਮੈਲੇ ਕੁਚੈਲੇ ਪੁਤ੍ਰ ਨੂੰ ਤ੍ਰਾਹ ਨਹੀਂ ਦੇਂਦੀ, ਝਿੜਕ ਕੇ, ਪੂੰਝ ਕੇ ਫੇਰ ਗਲ ਲਾ ਲੈਂਦੀ ਹੈ। ਸੋ ਜਗਯਾਸੂ ਨੂੰ ਐਉਂ ਅਰਦਾਸ ਕਰਨੀ ਚਾਹੀਏ:-

ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ॥ (ਬਿਹਾ: ਮ: ੫, ਛੰਤ-੮)

ਇਹ ਸ਼ੰਕਾ ਬੀ ਨਹੀਂ ਕਰਣੀ ਚਾਹੀਏ ਕਿ ਕਰਤਾ ਪੁਰਖ ਨਿਆਇਕਾਰੀ ਹੈ ਉਹ ਸਾਡੇ ਪਾਪਾਂ ਦੇ ਬਦਲੇ ਦੰਡ ਦੇਵੇਗਾ। ਜੇ ਦੰਡ ਨਾ ਦੇਵੇ ਤੇ ਬਖਸ਼ ਦੇਵੇ ਤਾਂ ਨਿਆਇ ਨਹੀਂ ਰਹੇਗਾ। ਇਸ ਤਰ੍ਹਾਂ ਦੇ ਖਯਾਲ ਇਸ ਭੁੱਲ ਤੇ ਮਬਨੀ ਹਨ ਕਿ ਅਸੀਂ ਉਸ ਦੀ ਸਰਬ ਸ਼ਕਤੀ-ਮਾਨਤਾ ਨੂੰ ਭੁੱਲ ਜਾਂਦੇ ਹਾਂ। ਉਹ ਫਲ ਪ੍ਰਦਾਤਾ ਹੈ, ਉਹ ਨਿਆਇਕਾਰੀ ਹੈ। ਪਰ ਉਹ ਪ੍ਰੇਮ ਸਰੂਪ ਹੈ ਤੇ ਸਰਬ ਸ਼ਕਤੀ-ਮਾਨ ਹੈ। ਕੋਈ ਹਦ ਬੰਦੀ ਉਸ ਦੀ ਸਰਬ ਸ਼ਕਤੀ-ਮਾਨਤਾ ਨੂੰ ਹਦ ਬੰਦੀ ਵਿਚ ਨਹੀਂ ਲਿਆ ਸਕਦੀ, ਜੇ ਲੈ ਆਵੇ ਤਾਂ ਉਹ ਬੇਹਦ, ਅਨੰਤ ਤੇ ਅਨੰਤ ਸ਼ਕਤੀਆਂ ਦਾ ਮਾਲਕ ਕਿਵੇਂ ਰਿਹਾ? ਇਨਸਾਨੀ ਪ੍ਰਬੰਧ ਵਿਚ ਹੀ ਦੇਖ ਲਓ ਕਿ ਅਦਾਲਤਾਂ ਦੇ ਅਦਲ ਦੇ ਉਤੇ ਪਾਤਸ਼ਾਹ ਦਾ ਰਹਿਮ ਹਾਵੀ ਹੈ। ਉਹ ਚਾਹੇ ਤਾਂ

ਅਦਾਲਤਾਂ ਦੇ ਦੰਡਿਆਂ ਨੂੰ ਬਖਸ਼ ਦੇਂਦਾ ਹੈ। ਇਸ ਕਰਕੇ ਗੁਰੂ ਜੀ ਨੇ ਫੁਰਮਾਇਆ ਹੈ:-

ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ॥

ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ॥੨॥

ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ॥ (ਗਉ: ਮ:੫-੧੩੭)

ਪੁਨਾ :- **ਜਾ ਕਉ ਅਪੁਨੀ ਕਰੈ ਬਖਸੀਸ॥ ਤਾਕਾ ਲੇਖਾ ਨ ਗਨੈ ਜਗਦੀਸ॥**

(ਗਉ: ਸੁਖ: ਮ: ੫,੧੧-੪)

('ਅਕਾਲ ਮੂਰਤਿ')- (ਅ = ਨਹੀਂ। ਕਾਲ = ੧. ਸਮਾਂ। ੨. ਮੌਤ, ਅੰਤ।
ਅਕਾਲ = ਕਾਲ ਰਹਿਤ॥ ਮੂਰਤਿ = ਵਜੂਦ, ਸਰੂਪ। ਹੋਂਦ। ਹਸਤੀ।)
ਉਹ ਹੋਂਦ ਜੋ ਕਾਲ ਦੇ ਅਸਰ ਹੇਠ ਨਹੀਂ। ਜਿਸ ਦਾ ਵਿਨਾਸ਼ ਕਾਲ ਨਹੀਂ ਕਰ ਸਕਦਾ।
ਗੁਰ ਨਾਨਕੋ ਵਾਚ:- **ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥** (ਮਾਰੂ ਮ:੧, ਸੋਲਹਾ-੧੮-੩)
ਗੁਰੂ ਅਰਜਨ ਦੇਵ ਜੀ ਦਾ ਵਾਕ ਹੈ:-

ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥ (ਮਾਰੂ ਮ:੫, ਸੋਲਹਾ ੧੧-੭)

ਅਕਾਲ ਮੂਰਤਿ ਉਹ ਹੈ ਜੋ ਹੈ ਤੇ ਸਦਾ ਹੋਵੇਗਾ:-

ਕਾਲ ਰਹਤ ਅਨਕਾਲ ਸਰੂਪਾ॥ (ਅਕਾਲ ਉਸਤਤ)

ਜੋ ਕਾਲ ਤੋਂ ਰਹਿਤ ਹੈ, ਪਰ ਜਿਸ ਦਾ ਸਰੂਪ ਕਾਲ ਤੋਂ ਪਰੇ ਹੈ ਉਹ ਅਕਾਲ ਹੈ।

ਜਿਸ ਦਾ ਆਦਿ ਹੋਵੇ ਉਸ ਦਾ ਅੰਤ ਬੀ ਹੁੰਦਾ ਹੈ, ਸੋ ਜਿਸ ਨੂੰ ਗੁਰੂ ਜੀ ਨੇ 'ਅਨਾਦਿ' ਆਖਿਆ ਉਸ ਦਾ ਅੰਤ ਨਹੀਂ। ਜਿਸ ਦਾ ਨਾ ਆਦਿ ਹੈ ਨਾ ਅੰਤ ਹੈ, ਉਹ ਦੋਹਾਂ ਸਿਰਿਆਂ ਤੋਂ 'ਕਾਲ ਸੁਤੰਤ੍ਰ' ਹੈ। ਉਹ ਸਭ ਦਾ 'ਆਦਿ' ਹੈ, ਉਸ ਤੋਂ ਸਾਰੇ ਹੋਏ। ਜੋ ਹੋਏ ਉਹਨਾਂ ਦਾ ਆਦਿ ਹੈ, ਆਦਿ ਦਾ ਅੰਤ ਬੀ ਹੈ ਸੋ ਓਹਨਾਂ ਸਭਨਾਂ ਦੇ ਸਿਰ ਕਾਲ ਹੈ:-

ਜੋ ਉਪਜੈ ਸੋ ਕਾਲਿ ਸੰਘਾਰਿਆ॥ (ਗਉੜੀ: ਮ: ੧-੧੪)

ਓਹ 'ਅਕਾਲ' ਨਹੀਂ ਹਨ। ਚਾਹੋ ਓਹ ਮਹਾਨ ਵਯਕਤੀਆਂ ਹੋਣ ਸਭ ਕਾਲ ਦੇ ਵੱਸ ਹਨ।
ਯਥਾ:- **ਪ੍ਰਥਮੇ ਬ੍ਰਹਮਾਂ ਕਾਲੈ ਘਰਿ ਆਇਆ॥**[1] (ਗਉੜੀ ਮ: ੧-੧੪)

ਸੋ ਅਕਾਲ ਮੂਰਤਿ ਸਿਵਾ '੧ਓ ਸਤਿਨਾਮੁ ਕਰਤਾ ਪੁਰਖੁ' ਦੇ ਕੋਈ ਨਹੀਂ। ਇਸ ਲਈ 'ਅਕਾਲ ਮੂਰਤਿ' ਕਹਿਣੇ ਤੇ ਕਾਗਜ਼ ਕਿ ਕਪੜੇ ਕਿ ਕੰਧਾਂ ਤੇ ਚਿਤਰੀਆਂ ਮੂਰਤਾਂ, ਪੱਥਰਾਂ ਤੇ ਉੱਕਰੀਆਂ ਤੇ ਧਾਤੂਆਂ ਵਿਚ ਢਾਲੀਆਂ ਮੂਰਤੀਆਂ, ਮਾਤਾ ਦੇ ਉਦਰ ਤੋਂ ਉਪਜੀਆਂ ਸਾਧਾਰਣ ਕਿ ਚਮਤਕਾਰੀ ਸੂਰਤ ਮੂਰਤਾਂ ਕਿ ਸੂਰਤ ਤੋਂ ਅਮੂਰਤ ਅਦ੍ਰਿਸ਼ਯ ਹਸਤੀਆਂ ਚਾਹੋ ਕਿਤਨੀਆਂ ਵੱਡੀਆਂ ਹੋਣ: ਇਸ ਮੂਲ ਮੰਤ੍ਰ ਦੇ ਲਕਸ਼ ਹੋਣ ਤੋਂ ਵਰਜਿਤ ਹੋ ਗਈਆਂ।

ਅਕਾਲ ਮੂਰਤਿ ਦਾ ਅਰਥ- 'ਮੌਤ ਰਹਿਤ ਹਸਤੀ'[2] ਬੀ ਕਰਦੇ ਹਨ, ਅਰਥਾਤ ਜੋ ਕਦੇ ਮੌਤ ਯਾ ਨਾਸ਼ ਨੂੰ ਪ੍ਰਾਪਤ ਨਹੀਂ ਹੁੰਦਾ। ਕਾਲ ਦਾ ਅਰਥ ਮੌਤ, ਕਾਲ ਦੇ ਅਰਥ 'ਸਮਾਂ' ਦੇ ਅੰਤਰਗਤਿ ਹੈ। ਕਾਲ (ਸਮਾਂ) ਆਦਿ ਅੰਤ ਤੇ ਮੱਧ, ਤ੍ਰੈ ਵੰਡਾਂ ਵਿੱਚ, ਆਪ ਨੂੰ ਪ੍ਰਤੀਤ ਕਰਾਉਂਦਾ ਹੈ। ਸੋ ਕਾਲ ਜਦ

---

[1]ਔਰ ਸੁ ਕਾਲ ਸਭੈ ਬਸਿ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ॥ (ਪਾਤ, ੧੦, ਬਚਿਤ੍ਰ ਨਾਟਕ)

[2]ਕਿਉਂਕਿ ਕਾਲ ਦਾ ਅਰਥ 'ਸਮਾਂ' ਬੀ ਹੈ ਤੇ 'ਮੌਤ' ਬੀ ਹੈ।

'ਅੰਤ' ਵਿਚ ਆਪਣਾ ਆਪ ਦਿਖਾਲਦਾ ਹੈ ਤਾਂ ਅਰਥ 'ਮੌਤ' ਹੋ ਜਾਂਦਾ ਹੈ; ਇਉਂ 'ਕਾਲ' ਪਦ ਦਾ 'ਮੌਤ' ਅਰਥ 'ਕਾਲ' ਪਦ ਦੇ 'ਸਮਾਂ' ਅਰਥ ਦੇ ਅੰਤਰਗਤਿ ਹੈ ਤੇ ਇਉਂ ਦੁਏ ਅਰਥ ਅਨਕੂਲਤਾ ਵਿਚ ਹਨ।

ਅਕਾਲ ਕਹਿਕੇ ਮੂਰਤਿ ਪਦ ਨਾਲ ਲਿਖਣਾ ਇਸ ਵਾਸਤੇ ਸਹੀ ਹੁੰਦਾ ਹੈ, ਕਿ ਅਕਾਲ ਹੋਣੇ ਕਰਕੇ ਓਹ 'ਅਣਹੋਂਦ' ਨਹੀਂ ਹੋ ਜਾਂਦਾ। ਕਈ ਕਾਲ (ਸਮਾਂ) ਨੂੰ ਹੀ ਨਿੱਤ ਮੰਨਦੇ ਹਨ: ਦਸਮ ਗੁਰੂ ਜੀ ਨੇ ਏਸੇ ਕਰਕੇ 'ਕਾਲ ਰਹਤ ਅਨਕਾਲ ਸਰੂਪਾ ਆਖਿਆ, ਕਿ ਉਹ ਕਾਲ ਰਹਿਤ ਹੈ ਅਨਕਾਲ ਅਰਥਾਤ ਅਕਾਲ ਹੈ ਪਰ ਸਰੂਪ ਹੈ, ਹਸਤੀ ਹੈ, ਹੋਂਦ ਹੈ। ਇਹੋ ਭਾਵ 'ਅਕਾਲ ਮੂਰਤਿ' ਪਦ ਦਾ ਹੈ ਕਿ ਕਾਲ ਰਹਿਤ ਹੈ, ਪਰ ਹੈ ਹੋਂਦ, ਅਰਥਾਤ ਹਸਤੀ ਹੈ।

ਸਾਧਨ ਪੱਖ– ਕਾਲ ਦਾ ਦੁੱਖ ਮੂਲ ਦੁੱਖ ਹੈ। ਇਸ ਤੋਂ ਬਚਣੇ ਲਈ ਹੱਠ ਜੋਗੀਆਂ ਨੇ ਕਾਲ ਬੰਚਨ ਆਦਿ ਕ੍ਰਿਯਾ ਕਰ ਕਰਕੇ ਉਮਰਾਂ ਵਧਾਈਆਂ ਪਰ ਓਹ ਅੰਤ ਕਾਲ ਨੇ ਗ੍ਰਸੇ। ਗੁਰੂ ਜੀ ਨੇ ਇਸ ਲਈ ਫੁਰਮਾਇਆ ਕਿ ਕਾਲ ਦੀ ਸਰਕਾਰ ਵਿਚੋਂ ਨਿਕਲ ਜਾਣਾ ਤਾਂ ਠੀਕ ਸਿਆਣਪ ਹੈ ਪਰ ਉਸ ਦਾ ਦਾਰੂ ਯਾ ਸਾਧਨ ਏਹ ਦੱਸਿਆ:–

ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ॥ (ਮਾਰੂ ਵਾਰ ਮ: ੫-੨੦)

ਫੇਰ ਫੁਰਮਾਇਆ : **ਕਾਲੈ ਕਵਲੁ ਨਿਰੰਜਨੁ ਜਾਣੈ॥** (ਮਾਰੂ ਮ: ੧ ਸੋਲ:-੧੯)

ਜੋ ਨਿਰੰਜਨ ਅਕਾਲ ਨੂੰ ਜਾਣ ਲਵੇ ਓਹੋ ਕਾਲ ਨੂੰ ਗ੍ਰਾਹੀ ਕਰਕੇ (ਖਾ ਜਾਂਦਾ ਹੈ), ਭਾਵ ਉਹ ਕਾਲ ਬਿਜਈ ਹੋ ਜਾਂਦਾ ਹੈ। ਇਸ ਦਾ ਇਹ ਅਰਥ ਨਹੀਂ ਕਿ ਸਰੀਰ ਨਹੀਂ ਮਰਦਾ ਪਰ ਇਹ ਕਿ ਜਨਮ ਮਰਨ ਰਹਿਤ ਹੋ ਜਾਂਦਾ ਹੈ।

ਪਰ ਕਾਲ ਕੀਕੂੰ ਘੇਰਦਾ ਹੈ ਜੀਵਾਂ ਨੂੰ? ਇਹ ਜਾਣਕੇ ਦਾਰੂ ਖਾਣਾ ਵਧੀਕ ਛੇਤੀ ਅਸਰ ਕਰੇਗਾ: **ਕਾਲੁ ਜਾਲੁ ਜਿਹਵਾ ਅਰੁ ਨੈਣੀ॥ ਕਾਨੀ ਕਾਲੁ ਸੁਣੈ ਬਿਖੁ ਬੈਣੀ॥** (ਗਉੜੀ ਮ: ੧-੧੪)

ਕਾਲ ਆਪਣਾ ਜਾਲ ਸਾਡੀ ਜੀਭ, ਸਾਡੇ ਅੱਖਾਂ ਥਾਣੀ ਸਾਡੇ ਤੇ ਸਟਦਾ ਰਹਿੰਦਾ ਹੈ। ਕੰਨਾਂ ਨਾਲ ਵਿਹਲੇ ਵਾਕ ਸੁਣਨੇ ਬੀ ਕਾਲ ਜਾਲ ਨੂੰ ਸੱਦੇ ਦੇਣੇ ਹਨ। ਭਾਵ ਰਸ ਕਸ ਵਿਚ ਫਸੇ ਰਹਿਣਾ, ਮੰਦ ਦ੍ਰਿਸ਼ਟੀਆਂ ਵਿੱਚ ਤੇ ਜ਼ਹਿਰੀਲੇ ਅਸਰ ਵਾਲੇ ਵਾਕਾਂ ਦੇ ਸੁਣਨੇ ਵਿੱਚ ਜੋ ਰਚੇ ਰਹਿਣਾ ਹੈ, ਇਹ ਕਾਲ ਜਾਲ ਆਪਣੇ ਤੇ ਲੈਣਾ ਹੈ। ਇਨ੍ਹਾਂ ਵਿਕਾਰਾਂ ਤੋਂ ਆਪ ਨੂੰ ਹੋੜ ਲਓ ਤੇ ਅਕਾਲ ਮੂਰਤਿ ਹਰੀ ਦਾ ਨਾਮ ਰਿਦੇ ਧਾਰਨ ਕਰੋ:–

ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਣਿ ਜਪੰਥਾ॥ (ਮਾਰੂ ਵਾਰ ਮ: ੫-੨੦)

ਹਾਂ ਜੀ, **ਹਿਰਦੈ ਸਾਚੁ ਵਸੈ ਹਰਿ ਨਾਇ॥ ਕਾਲੁ ਨ ਜੋਹਿ ਸਕੈ ਗੁਣ ਗਾਇ॥**
ਨਾਨਕ ਗੁਰਮੁਖਿ ਸਬਦਿ ਸਮਾਇ॥੮॥੧੪॥ (ਗਉੜੀ ਮ:੧, ਅਸ਼ਟ:-੧੪)

ਐਉਂ ਜੋ 'ਸਤਜ' ਦੇ ਘਰ ਵਿਚ ਟਿਕ ਜਾਵੇ, ਕਾਲ ਬਿਜਈ ਹੋ ਜਾਏ, ਜਨਮ ਮਰਨ ਰਹਿਤ ਹੋ ਜਾਏ:–

ਸਚ ਘਰਿ ਬੈਸੈ ਕਾਲੁ ਨ ਜੋਹੈ॥ (ਗਉ: ਮ:੧, ਅਸਟ:- ੧੫)

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ॥ (ਮਾਰੂ ਮ: ੧ ਸੋਲਹੇ-੧)

ਲਿਵ ਵਾਲੇ ਪੁਰਖ ਜੀਉਂਦੇ ਜੀ ਵਾਹਿਗੁਰੂ ਨੂੰ ਪ੍ਰਾਪਤ ਹੁੰਦੇ ਹਨ, ਇਸ ਕਰਕੇ ਅਮਰ ਹੋਏ ਹੁੰਦੇ ਹਨ, ਜਮ ਨੇੜੇ ਨਹੀਂ ਫਟਕਦਾ, ਜਦ ਓਹ ਚੋਲਾ ਛੋੜਦੇ ਹੈਨ ਓਹ ਪ੍ਰਭੂ ਨੂੰ ਪ੍ਰਾਪਤ ਹੋਏ ਹੋਏ ਉਸ ਨੂੰ ਪ੍ਰਾਪਤ ਰਹਿੰਦੇ ਹਨ, ਸੋ ਕਾਲ ਦੇ ਵੱਸ ਨਹੀਂ ਪੈਂਦੇ।

('ਅਜੂਨੀ')– (ਸੰਸ:, ਅਯੋਨਿ। ਪੰ:, ਅਜੋਨਿ, ਅਜੋਨੀ, ਅਜੂਨੀ। ਅ+ਯੋਨਿ=ਜਿਸ

ਦੀ ਹੋਂਦ ਦਾ ਕਾਰਣ ਕੋਈ ਨਹੀਂ। ਜਿਸ ਦੀ ਹੋਂਦ ਦਾ ਕਾਰਣ ਨਹੀਂ ਹੈ। ਅਕਾਰਣ।

੨. ਜੋ ਜੂਨ, ਜਨਮ ਮਰਨ ਤੋਂ ਰਹਿਤ ਹੈ।

ਪਰਮੇਸ਼ੁਰ ਦੇ ਵਜੂਦ ਦਾ ਕਾਰਣ ਕੋਈ ਨਹੀਂ, ਉਹ ਆਪ ਕਾਰਣਾਂ ਦਾ ਕਾਰਣ ਹੈ। ਜੇ ਉਸ ਦਾ ਬੀ ਕੋਈ ਕਾਰਣ ਹੋਵੇ ਤਾਂ ਉਹ ਬੀ ਪ੍ਰਣਾਮੀ ਹੋ ਜਾਵੇ। ਉਹ ਸਦਾ ਸਤਜ ਹੈ, ਇਸ ਕਰਕੇ ਉਹ ਪ੍ਰਣਾਮੀ ਨਹੀਂ, ਉਸ ਦਾ ਕਾਰਣ ਕੋਈ ਨਹੀਂ। ਓਹ ਸਭ ਕਾਰਣਾਂ ਦਾ ਕਾਰਣ ਆਪ ਹੈ, ਯਥਾ:-

ਤੁਮ੍ ਸਮਰਥਾ ਕਾਰਨ ਕਰਨ॥ (ਬਿਲਾ: ਮ: ੫-੧੧੮)

ਪੁਨਾ:- **ਕਰਣ ਕਾਰਣ ਏਕ ਓਹੀ ਜਿਨਿ ਕੀਆ ਆਕਾਰੁ॥** (ਸਿਰੀ ਰਾਗੁ ਮਹਲਾ ੫-੯੪)

ਉਸ ਨੂੰ ਕਰਤਾ ਆਖਕੇ ਕਾਰਣ ਉਸ ਦੇ ਵੱਸ ਦੱਸਿਆ ਹੈ:-

ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥ (ਵਾਰ ਮਾਝ: ਸਲੋਕ ਮ: ੨-੨੩)

ਜੋ ਸਭ ਦਾ ਕਾਰਣ ਹੈ ਉਹ ਕਿਸੇ ਦਾ ਕਾਰਯ ਬੀ ਨਹੀਂ ਹੋ ਸਕਦਾ।

ਅਜੂਨੀ ਦਾ ਅਰਥ ਜਨਮ ਰਹਿਤ ਬੀ ਹੈ। ਜਿਸ ਦੀ ਹੋਂਦ ਦਾ ਕਾਰਣ ਕੋਈ ਨਹੀਂ ਉਹ ਜਨਮ ਵਿਚ ਆ ਹੀ ਨਹੀਂ ਸਕਦਾ। ਓਹ ਜਨਮ ਜੂਨ ਤੋਂ ਸੁਤੰਤ੍ਰ ਹੈ। ਇਹ ਅਰਥ ਪਹਿਲੇ ਅਕਾਰਣ-ਅਰਥ ਦੇ ਪ੍ਰਤਿਕੂਲ ਨਹੀਂ ਹੈ।

ਜੋ ਜਨਮ ਤੋਂ ਰਹਿਤ ਹੈ ਉਹ ਮਰਨ ਤੋਂ ਬੀ ਰਹਿਤ ਹੈ; ਸੋ ਜਨਮ ਜੂਨ ਤੇ ਮਰਣ ਤੋਂ ਰਹਿਤ ਹੋਣੇ ਬਾਬਤ ਸਤਿਗੁਰ ਜੀ ਦਾ ਵਾਕ ਹੈ:-

ਜਨਮਿ ਮਰਣਿ ਨਹੀ ਧੰਧਾ ਧੈਰੁ॥ (ਰਾਮ : ਦਖ: ਓਅੰ: ਮ: ੧-੧੫)

ਜਨਮ ਮਰਣ ਤੇ ਰਹਤ ਨਾਰਾਇਣ॥..... (ਭੈਰੋ : ਮ:੫-੧)

ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥੩॥ (ਭੈਰੋ : ਮ:੫-੧)

ਜਨਮਿ ਨ ਮਰੈ ਨ ਆਵੈ ਨ ਜਾਇ॥ ਨਾਨਕ ਕਾ ਪ੍ਰਭੁ ਰਹਿਓ ਸਮਾਇ॥ (ਭੈਰਉ ਮ: ੫-੧)

ਓਹ ਸਾਰੇ ਜੋ ਜਨਮ ਜੂਨਿ ਵਿਚ ਆਏ ਤੇ ਆਪ ਓਹ ਕਾਰਣ ਕਰਣ ਨਹੀਂ ਸਨ ਫਿਰ ਕਰਤਾਰ ਮੰਨੇ ਜਾਂਦੇ ਸਨ, ਇਸ ਮੂਲ ਮੰਤ੍ਰ ਦੇ ਲਕਜ਼ ਹੋਣ ਤੋਂ ਬਾਹਰ ਹੋ ਗਏ। ਦਸਵੇਂ ਪਾਤਸ਼ਾਹ ਜੀ ਦਾ ਵਾਕ ਹੈ:-

ਬਿਨੁ ਕਰਤਾਰ ਨ ਕਿਰਤਮ ਮਾਨੋ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹਿ ਪਰਮੇਸ੍ਰੁਰ ਜਾਨੋ॥ (ਕਲਿ: ਪਾਤ: ੧੦)

ਸਾਧਨ ਪੱਖ- ਅਕਾਲ ਪੁਰਖ ਅਜੋਨੀ ਹੈ, ਜਨਮ ਮਰਣ ਤੋਂ ਰਹਿਤ ਹੈ, ਜੀਵ ਜਨਮ ਮਰਣ ਵਿਚ ਹੈਨ। ਜਨਮ ਮਰਨ ਬੜਾ ਦੁਖ ਹੈ:-

ਜਨਮ ਮਰਣ ਕਾ ਦੁਖੁ ਘਣੋ ਨਿਤ ਮਹਸਾ ਦੋਈ॥ (ਆਸਾ ਮ: ੧-੨੨)

ਇਸ ਦੁਖ ਦੀ ਨਵਿਰਤੀ ਲਈ ਤੇ ਸਦਾ ਸੁਖ ਦਸ਼ਾ ਵਿੱਚ ਰਹਿਣੇ ਲਈ ਪਰਮਾਰਥ ਧਾਰਨ ਕਰੀਦਾ ਹੈ। ਗੁਰਮਤ ਸਿਖਾਲਦੀ ਹੈ ਕਿ ਅਜੋਨੀ ਤੇ ਜਨਮ ਮਰਣ ਤੋਂ ਰਹਿਤ ਅਕਾਲ ਦੀ ਆਰਾਧਨਾ ਕਰੋ ਜੋ ਜਨਮ ਦਾ ਕਾਰਣ-ਤ੍ਰਿਸ਼ਨਾ ਵਾਸ਼ਨਾ-ਹੀ ਮਿਟ ਜਾਵੇ[1] ਤੇ ਤੁਸੀਂ ਸੁਖੀ ਹੋ ਜਾਓ। ਉਸ ਦੀ ਆਰਾਧਨਾ ਦਾ ਪਹਿਲਾ ਕਦਮ ਇਹ ਦੱਸਦੇ ਹਨ:-

੧. ਸਤਿਸੰਗ {
ਆਵਣੁ ਜਾਵਣੁ ਤਉ ਰਹੈ ਪਾਈਐ ਗੁਰੁ ਪੂਰਾ॥ (ਆਸਾ ਮ: ੧ ਅਸਟ:-੨੨)
ਜੇ ਕੋ ਜਨਮ ਮਰਣ ਤੇ ਡਰੈ॥ ਸਾਧ ਜਨਾ ਕੀ ਸਰਨੀ ਪਰੈ॥ (ਗਉ:ਮ.੫ ਸੁਖ:, ੩-੫)

[1]ਇਕੁ ਦੁਖੁ ਰਾਮਰਾਇ ਕਾਟਹੁ ਮੇਰਾ॥ਅਗਨਿ ਦਹੈ ਅਰੁ ਗਰਭ ਬਸੇਰਾ॥ (ਗਉ: ਕਬੀਰ ਜੀ - ੩੨)

www.sikhbookclub.com

੨. ਨਾਮ
ਦੂਸਰਾ ਕਦਮ:- **ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ॥**
ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ॥ (ਆਸਾ ਮ: ੧,ਅਸਟ:-੨੨)
ਪੁਨਾ :**ਦਮਿ ਦਮਿ ਸਦਾ ਸਮ੍ਾਲਦਾ ਦੰਮੁ ਨ ਬਿਰਥਾ ਜਾਇ॥**
ਜਨਮ ਮਰਨ ਦਾ ਭਉ ਗਇਆ ਜੀਵਨ ਪਦਵੀ ਪਾਇ॥ (ਬਿਹਾ: ਵਾ: ਮ: ੩-੧੯)

੩. ਹਰਿ ਗੁਣ ਗਾਇਨ
ਜਦ ਜਨਮ ਮਰਨ ਦਾ ਭਉ ਦੂਰ ਹੋ ਗਿਆ ਤਦ ਜਨਮ ਮਰਣ ਹੀ ਪਰਵਾਣ ਹੋ ਗਿਆ:-
ਜਨਮਤ ਹੀ ਦੁਖੁ ਲਾਗੈ ਮਰਣਾ ਆਇਕੈ॥
ਜਨਮੁ ਮਰਣੁ ਪਰਵਾਣੁ ਹਰਿ ਗੁਣ ਗਾਇਕੈ॥ (ਸੂਹੀ: ਮ: ੧,ਅਸਟ:-੫)

ਐਸਾ ਗੁਰਮੁਖ ਫਿਰ ਆਵਣ ਜਾਣ ਤੋਂ ਸੰਕੁਚਤ ਨਹੀਂ ਹੁੰਦਾ:-

ਗੁਰਮੁਖਿ ਆਵੈ ਜਾਇ ਨਿਸੰਗੁ॥ (ਰਾਮ : ਦਖ: ਓਅੰ: ਮ: ੧-੨੨)

ਕਿਉਂਕਿ ਫਿਰ ਉਸ ਦਾ ਆਉਣਾ ਜਾਣਾ ਜੇ ਹੋਵੇ ਤਾਂ ਪਰਉਪਕਾਰ ਲਈ ਹੁੰਦਾ ਹੈ ਤੇ ਹੁਕਮ ਵਿਚ ਹੁੰਦਾ ਹੈ। ਉਹ ਫਿਰ ਡਾਕਟਰ ਵਾਂਞੂ ਜੇਲ ਵਿਚ ਜਾਂਦਾ ਆਉਂਦਾ ਹੈ, ਕੈਦੀ ਵਾਂਞੂ ਨਹੀਂ, ਯਥਾ:-

ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ (ਸੂਹੀ: ਮ: ੫-੫੪)

ਪੁਨਾ:- **ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ॥** (ਰਾਮ: ਮ:੧ ਸਿਧ: ਗੋ : ੩)

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥ (ਸਾਰੰਗ ਵਾਰ ਮ: ੨-੫)

('ਸੈਭੰ')- (ਸੰਸ:, ਸ੍ਵਯੰ, ਸ੍ਵ=ਆਪਣਾ ਆਪ, ਆਪਣੇ ਆਪ। 'ਸ੍ਵ' ਦਾ ਪੰਜਾਬੀ ਰੂਪ ਹੈ-ਸੈ। ਭਾ=ਦੀਪਤੌ, ਭਾ ਦਾ ਅਰਥ ਹੈ ਪ੍ਰਕਾਸ਼। 'ਭਾ' ਦਾ ਹੀ ਬਣਿਆ ਹੈ: ਭੰ=ਪ੍ਰਕਾਸ਼)[1]।

ਆਪਣੇ ਆਪ ਹੀ ਪ੍ਰਕਾਸ਼ ਸਰੂਪ ਹੈ ਅਰਥਾਤ ਜਯੋਤੀ ਸਰੂਪ ਹੈ ਪਰ ਆਪਣੇ ਆਪ। ਕੋਈ ਹੋਰ ਪ੍ਰਕਾਸ਼ ਉਸ ਨੂੰ ਪ੍ਰਕਾਸ਼ਣੇ ਵਾਲਾ ਨਹੀਂ ਹੈ, ਸਗੋਂ ਸਭ ਨੂੰ ਪ੍ਰਕਾਸ਼ਣੇ ਵਾਲਾ ਉਹ ਆਪ ਹੈ:-

ਸਭ ਮਹਿ ਜੋਤਿ ਜੋਤਿ ਹੈ ਸੋਇ॥ (ਧਨਾ: ਮ: ੧, ਆਰਤੀ)

ਪਰਮੇਸ਼ੁਰ ਨੂੰ ਜਯੋਤਿ ਸਰੂਪ, ਪ੍ਰਕਾਸ਼ ਸਰੂਪ, ਸੈਭੰ ਕਹਿਣੇ ਤੋਂ ਭਾਵ ਹੈ ਕਿ ਉਹ ਚੇਤਨ ਹੈ ਅਰ ਉਸ ਦੀ ਚੇਤਨਤਾ ਆਪਣੇ ਆਪ ਹੈ। ਜਿਵੇਂ 'ਸਤਜ' ਕਹਕੇ ਉਸ ਦੀ 'ਹੋਂਦ' ਆਪਣੇ ਆਪ ਉਸ ਦਾ ਸਰੂਪ ਦੱਸਿਆ ਸੀ ਤਿਵੇਂ 'ਸੈਭੰ' ਆਖਕੇ ਉਸ ਦੀ 'ਚੇਤਨਾ' ਉਸ ਦੀ 'ਸੁਤੇ ਸਿੱਧ ਦੀ ਅਪਣੀ' ਦੱਸੀ, ਜੋ ਕਿਸੇ ਹੋਰ ਆਧਾਰ ਤੇ ਨਹੀਂ। ਸੱਚਾ ਆਪ ਜੋਤਿ ਸਰੂਪ ਹੈ[2] ਯਥਾ:-

ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ॥ (ਮਾਰੂ ਮ: ੧ ਸੋਲਹੇ-੧੬)

ਦਸਮ ਗੁਰੂ ਜੀ ਨੇ ਭੀ 'ਅਨਭਉ ਪ੍ਰਕਾਸ਼' ਕਹਿਕੇ ਉਸ ਨੂੰ 'ਸ੍ਵਯੰ ਪ੍ਰਕਾਸ਼' ਯਾ 'ਸੁਤਹ ਪ੍ਰਕਾਸ਼' ਦੱਸਿਆ ਹੈ : ਫਿਰ ਫੁਰਮਾਯਾ ਕਿ ਉਹੋ ਜੋਤ ਸਾਰੇ ਹੈ (ਸਭ ਨੂੰ) ਤ੍ਰਿਭਵਣ ਨੂੰ ਪ੍ਰਕਾਸ਼ ਰਹੀ ਹੈ:-

ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ॥ (ਬਿਲਾ: ਮ: ੧ ਛੰਤ -੧)

ਦਸਮ ਪਾਤਸ਼ਾਹ ਜੀ ਦਾ ਵਾਕ ਹੈ:-

ਜਿਮੀ ਅਸਮਾਨ ਕੇ ਬਿਖੇ ਸਮਸਤ ਏਕ ਜੋਤਿ ਹੈ॥ (ਗਿਆਨ ਪ੍ਰਬੋਧ)

ਗੁਰਬਾਣੀ ਵਿਚ 'ਅਜੂਨੀ ਸੰਭਉ,' 'ਅਜੂਨੀ ਸੰਭਵਿਓ' ਪਾਠ ਬੀ ਆਇਆ ਹੈ। ਅਰਥ ਹੈ ਜੋ ਬਿਨਾ ਕਿਸੇ ਕਾਰਣ ਦੇ ਆਪਣੀ ਹੋਂਦ ਵਿੱਚ ਹੈ। ਇਹ ਪਾਠ ਉਸ ਦੀ ਹੋਂਦ ਦੇ ਲਖਾਯਕ ਹੈਨ ਪਰ 'ਸੈਭੰ' ਪਦ ਉਸ ਦੇ 'ਸ੍ਵੈ ਪ੍ਰਕਾਸ਼ ਸਰੂਪ' ਹੋਣ ਦਾ ਲਖਾਯਕ ਹੈ। ਜਿਸ ਵਿਚ ਉਸ ਦੇ 'ਚੇਤਨ ਹੋਣ ਦੀ

---

[1] ਸ੍ਰੀ ਪੰਡਤ ਸਾਧੂ ਸਿੰਘ ਜੀ ਨੇ ਸੈਭੰ ਦੇ ਅਰਥ ਐਉਂ ਕੀਤੇ ਹਨ: ਸਯਭੰ=ਜੋ ਅੰਤਹਕਰਣ ਵਿਚ ਪ੍ਰਕਾਸ਼ ਸਰੂਪ ਹੈ।

[2] ਆਪੇ ਜੋਤਿ ਸਰੂਪੀ ਬਾਲਾ॥ (ਮਾਰੂ ਸੋਲਹੇ ਮ: ੧-੨)

ਸ੍ਵਯੰ ਆਧਾਰਤਾ ਦੱਸੀ ਹੈ; ਅਰਥਾਤ ਉਸ ਦੀ ਚੇਤਨਤਾ ਸ੍ਵਯੰ ਆਧਾਰ ਹੈ। ਪਹਲੋਂ 'ਸਤਿ' ਪਦ ਆਖਕੇ ਉਸ ਦੀ 'ਹੋਂਦ' ਤ੍ਰੈਕਾਲ ਅਬਾਧ ਦੱਸ ਆਏ ਹਨ, ਏਥੇ ਚੇਤਨਤਾ ਸੁਤੇ ਪ੍ਰਕਾਸ਼ ਦੱਸੀ। ਭਾਈ ਗੁਰਦਾਸ ਜੀ ਨੇ ਭੀ ਇਸ ਪਦ ਦਾ ਅਰਥ 'ਜੋਤਿ ਉਜਾਲਿਆ' ਕੀਤਾ ਹੈ। ਯਥਾ:-

ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ[1]। ਅਰਥਾਤ-ਉਜਾਲਾ ਕਰਨੇ ਵਾਲੀ ਜੋਤਿ ਹੈ। ਪਰ ਕਈ ਦਾਨੇ ਸੈਭੰ ਦਾ ਅਰਥ ਬੀ ਸੰਭਵ (ਸ੍ਵਯੰਭੂ) ਹੀ ਕਰਦੇ ਹਨ ਕਿ ਅਯੋਨਿ ਸੰਭਵ ਹੈ ਕਿਉਂਕਿ ਉਸ ਹੋਣ ਦਾ ਕਾਰਣ ਕੋਈ ਨਹੀਂ; ਪਰ ਇਹ ਭਾਵ ਤਾਂ 'ਸਤਿ' ਤੇ 'ਅਕਾਲ ਮੂਰਤਿ' ਵਿਚ ਆ ਚੁਕਾ ਹੈ। ਕਈ ਥਾਈਂ ਗੁਰਬਾਣੀ ਵਿਚ 'ਅਜੋਨੀ ਸੰਭਵਿਓ' ਆਦਿ ਪਾਠ ਹਨ। ਓਥੇ ਅਰਥ ਹੈ ਉਸ ਦੀ ਹਸਤੀ ਆਪਣੇ ਆਪ ਹੈ ਕਿਸੇ ਕਾਰਣ ਦੇ ਆਸਰੇ ਨਹੀਂ ਹੈ।

ਸਾਧਨ ਪੱਖ- ਗੁਰੂ ਜੀ ਨੇ ਕਰਤਾ ਪੁਰਖ ਨਿਰੰਕਾਰ ਨੂੰ ਜੋਤਿ ਸਰੂਪ ਤੇ ਜੋਤੀ ਬੀ ਕਿਹਾ ਹੈ, ਤੇ ਨਾਲ ਜੋਤਿ ਨੂੰ ਆਤਮਾ ਅਰਥਾਂ ਵਿਚ ਵਰਤਿਆ ਹੈ। ਯਥਾ:-

ਜੋਤੀ ਅੰਦਿਰ ਜੋਤਿ ਸਮਾਣੀ ਆਪੁ ਪਛਾਤਾ ਆਪੈ॥ (ਤੁਖਾ: ਮ: ੧-੩)

ਫਿਰ ਦੱਸਿਆ:- **ਜੋਤੀ ਮਹਿ ਜੋਤਿ ਰਲਿ ਜਾਇਆ॥** (ਰਾਮ: ਮ: ੫-੧੦)

ਪੁਨਾ:- **ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥** (ਬਿਲਾ: ਮ: ੫-੨)

ਭਾਵ ਹੈ ਕਿ ਪਰਮਾਤਮਾ ਵਿਚ ਆਤਮਾ ਜਾ ਰਲੇਗੀ। ਇਸ ਦਾ ਮਤਲਬ ਇਹ ਹੋਇਆ ਕਿ 'ਸੁਤੇ ਪ੍ਰਕਾਸ਼' ਦੇ ਉਪਾਸ਼ਕ ਉਸ ਦੇ ਇਸ ਸਰੂਪ ਦੀ ਲੱਖਤਾ ਲਈ ਅਭਜਾਸ ਕਰਦੇ ਹੋਏ ਉਸ ਨੂੰ ਪ੍ਰਾਪਤ ਹੋ ਜਾਣਗੇ। ਇਸ ਲਈ ਮੂਲ ਮੰਤ੍ਰ ਵਿਚ ਸੈਭੰ ਪਦ ਰਖਿਆ ਕਿ ਅਭਜਾਸੀ ਉਸ ਸੁਤੇ (ਆਪਣੇ ਆਪ) ਪ੍ਰਕਾਸ਼ ਸਰੂਪ ਨੂੰ ਮੂਲ ਮੰਤ੍ਰ ਦਾ ਲਕਸ਼ ਸਮਝਣ।

('ਗੁਰ')- (ਸੰਸ: ਗੁਰੁ[2]= ੧.ਸਿਖਜਾ ਦਾਤਾ। ੨. ਗੁਰ ਮੰਤ੍ਰ ਦਾਤਾ। ਦੀਖਜਤ ਕਰਨ ਵਾਲਾ) ਗੁਰ= ਗੁਰੂ ਦਾ। ਰ ਮੁਕਤਾ ਹੋਣ ਕਰਕੇ ਸਮਾਸ ਹੈ ਤੇ ਏ ਖਸ਼ਟੀ ਦਾ ਸਮਾਸ ਹੈ;ਅਰਥ ਹੈ ਗੁਰੂ ਦਾ (ਪ੍ਰਸਾਦ)।

---

[1] ਭਾਈ ਗੁਰਦਾਸ ਜੀ ਦੀ ਵਾਰ ੩ ਪਉੜੀ ੧੫ ਵਿਚ ਪਾਠ ਹੈ:

ਏਕਾ ਏਕੰਕਾਰੁ ਲਿਖਿ ਦੇਖਾਲਿਆ।	੧
ਊੜਾ ਓਅੰਕਾਰੁ ਪਾਸਿ ਬਹਾਲਿਆ।	ੳ
ਸਤਿਨਾਮੁ ਕਰਤਾਰ ਨਿਰਭਉ ਭਾਲਿਆ।	ਸਤਿਨਾਮੁ ਕਰਤਾ ਪੁਰਖੁ ਨਿਰਭਉ
ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।	ਨਿਰਵੈਰੁ ਅਕਾਲ ਮੂਰਤਿ ਅਜੂਨੀ
ਸਚ ਨੀਸਾਣੁ ਅਪਾਰੁ ਜੋਤਿ ਉਜਾਲਿਆ।	ਸੈਭੰ

(ਜੋਤਿ ਉਜਾਲਿਆ=ਸੈਭੰ) ਇਹ ਉਸ ਦਾ ਸਚਾ ਨੀਸਾਣ ਹੈ।

[2] ਗੁਰੂ ਦੀਆਂ ਵਿਤਪਤੀਆਂ ਕਈ ਹਨ:-

੧. ਗ੍ਰੀ= ਬੋਲਣਾ ਤੋਂ ਸ਼ਬਦ ਦਾ ਦਾਤਾ ਅਰਥ ਬਣਦਾ ਹੈ।

੨. ਗੁਰ= ਗੁਰਤ੍ਵ ਵਾਲੀ ਸ਼ੈ। ਭਾਰੀ, ਵੱਡਾ।

੩. ਗੁ= ਅੰਧਕਾਰ, ਰ=ਪ੍ਰਕਾਸ਼। ਅਗਜਾਨ ਦੇ ਅੰਧੇਰੇ ਨੂੰ ਗਜਾਨ ਪ੍ਰਕਾਸ਼ ਨਾਲ ਦੂਰ ਕਰਨ ਵਾਲਾ
ਯਥਾ: ਗਕਾਰਸਤੂ ਅੰਧਕਾਰਾ ਸਜਾਤ ਰਕਾਰਮਤਨ੍ ਨਿਰੋਧਕ:
ਅੰਧਕਾਰ ਵਿਨਾਸ਼ਤ੍ਵਾਤ ਗੁਰੁਰਿਤਜਭਿਧੀਯਤੇ।

('ਪ੍ਰਸਾਦਿ')-(ਸੰਸ: ਪ੍ਰਸਾਦ=੧. ਪ੍ਰਸੰਨਤਾ ੨. ਕ੍ਰਿਪਾਲਤਾ। ਮਿਹਰ।) ਕ੍ਰਿਪਾ, ਮੇਹਰ[੧]।

ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ॥ (ਰਾਮ: ਸਦ-੧)

ਗੁਰ ਪ੍ਰਸਾਦਿ= ਗੁਰੂ ਦੀ ਕ੍ਰਿਪਾ ਨਾਲ (ਪ੍ਰਾਪਤ ਹੈ।) 'ਦ' ਦੀ ਸਿਆਰੀ 'ੲ' ਹੈ, ਇਸ 'ੲ' ਦੇ ਕਈ ਅਰਥਾਂ ਵਿਚੋਂ ਇਕ ਅਰਥ 'ਪ੍ਰਾਪਤ ਕਰਨਾ' ਬੀ ਹੈ। ਸੋ 'ਗੁਰ ਪ੍ਰਸਾਦਿ' ਦਾ ਅਰਥ ਹੋਇਆ-ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ।

ਪਰੰਪਰਾ ਤੋਂ ਬੀ ਗਯਾਨੀ ਇਹੋ ਅਰਥ ਕਰਦੇ ਆਏ ਹਨ। ਇਹ ਅਸੂਲ ਕਿ ਗੁਰੂ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ ਗੁਰੂ ਬਾਣੀ ਵਿਚ ਆਪ ਪ੍ਰਤਿਪਾਦਨ ਕੀਤਾ ਹੋਇਆ ਹੈ[੨], ਯਥਾ:-

ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ॥ (ਭੈਰ: ਮ: ੧-੪)

ਪਰਸਾਦਿ ਦੇ ਦਦੇ ਦੀ ਸਿਆਰੀ ਦੀ ਥਾਂ ਬਿਹਾਰੀ ਵਰਤਕੇ ਬਿਹਾਰੀ ਦੇ ਅਰਥ 'ਨਾਲ' ਯਾ 'ਦੁਆਰਾ' ਸ੍ਰੀ ਗੁਰੂ ਜੀ ਨੇ ਆਪ ਦੱਸੇ ਹਨ:-

ਗੁਰ ਪਰਸਾਦੀ ਬੁਝਿ ਸਚਿ ਸਮਾਈਐ॥ (ਵਾਰ ਮਾਝ ਮ: ੧-੨੦)

ਗੁਰ ਪਰਸਾਦੀ ਅਕਥਉ ਕਥੀਐ ਕਹਉ ਕਹਾਵੈ ਸੋਈ॥ (ਸਾਰਗ ਮ: ੧-ਅਸਟ:-੨)

ਤੀਸਰੇ ਸਤਿਗੁਰਾਂ ਨੇ ਫੁਰਮਾਇਆ ਹੈ:-

ਹਰਿ ਜੀਉ ਸਭ ਮਹਿ ਰਹਿਆ ਸਮਾਈ॥ ਗੁਰ ਪਰਸਾਦੀ ਪਾਇਆ ਜਾਈ॥ (ਮਾਰੂ ਮ: ੩-੨੨)

ਗੁਰ ਪਰਸਾਦੀ ਨਾਮੁ ਮਨਿ ਵਸਿਆ....॥ (ਵਾਰ ਬਿਲਾ: ਮ: ੩-੮)

ਗੁਰ ਪਰਸਾਦਿ ਨਿਰੰਜਨੁ ਪਾਇਆ....॥ (ਸਾਰਗ ਮ: ੩-੨)

ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ॥ (ਗਉੜੀ ਮਹਲਾ: ੫-੧੪੬)

ਸੋ 'ਗੁਰ ਪ੍ਰਸਾਦਿ' ਦਾ ਅਰਥ 'ਗੁਰੂ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ' ਗੁਰਬਾਣੀ ਗੁਰਮਤਿ ਅਨਕੂਲ ਹੈ।

ਗੁਰਬਾਣੀ ਵਿਚ ਗੁਰੂ ਪਦ ਅਕਾਲ ਪੁਰਖ ਦਾ ਵਾਚਕ ਬੀ ਆਇਆ ਹੈ:-

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ॥ (ਸੋਰਠਿ ਮ: ੧-੧੧)

ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ॥ (ਰਾਮ ਮ: ੧-੬)

ਫਿਰ ਇਹ ਗੁਰ ਨਾਨਕ ਦੇਵ ਜੀ ਪਰਥਾਇ ਆਇਆ ਹੈ:-

ਗੁਰੁ ਨਾਨਕੁ ਨਾਨਕੁ ਹਰਿ ਸੋਇ॥ (ਗੋਂਡ ਮ: ੫-੯)

ਗੁਰ ਨਾਨਕ ਦੇਵ ਗੋਵਿੰਦ ਰੂਪ॥ (ਬਸੰਤ ਮਹਲਾ: ੫ ਅਸਟ-੧)

ਗੁਰੁ ਨਾਨਕੁ ਜਿਨ ਸੁਣਿਆ ਪੇਖਿਆ...॥ (ਸੋਰਠ ਮਹਲਾ: ੫-੧੩)

ਫਿਰ ਇਹ ਪਦ ਗੁਰੂ ਨਾਨਕ ਦੇਵ ਜੀ ਦੇ ਗੱਦੀ ਨਸ਼ੀਨ ਗੁਰੂ ਸਾਹਿਬਾਂ ਲਈ ਆਇਆ ਹੈ:-

ਗੁਰ ਅੰਗਦ ਦੀ ਦੋਹੀ ਫਿਰੀ....। (ਰਾਮ ਵਾਰ: ਸਤਾ ਬਲਵੰਡ)

ਪੁਨਾ:- **ਸਚੁ ਸਚਾ ਸਤਿਗੁਰੁ ਅਮਰੁ ਹੈ....॥** (ਵਾਰ ਗਉੜੀ: ਮ: ੪-੧੨)

ਪੁਨਾ:-**ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ॥** (ਸਵ: ਮਹਲਾ:੫ ਕੇ-੧)

ਪੁਨਾ:-**ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜਨੁ ਪਰਤਖ੍ਯ ਹਰਿ॥** (ਸਵ: ਮਹਲਾ:੫ ਕੇ-੧੯)

---

੧ ਪ੍ਰਸਾਦ ਦਾ ਧਾਤੂ ਹੈ ਸਦ੍=ਬੈਠਣਾ। ਜਦੋਂ ਸਤਿ ਪੁਰਖ ਦੇ ਮਨ ਬੁਧੀ ਵਿਚੋਂ ਤਮੋਂ ਦਾ ਹਨੇਰਾ ਤੇ ਰਜੋ ਦਾ ਘਬਰਾ ਬੈਠ ਜਾਂਦੇ ਹਨ ਤਾਂ ਮਨ ਟਿਕ ਕੇ ਸਾਫ ਹੋ ਜਾਂਦਾ ਹੈ। ਐਸੇ ਮਨ ਵਾਲੇ ਦਾ ਸੁਭਾਵ ਮਿਹਰ ਦਇਆ ਵਾਲਾ ਹੋ ਜਾਂਦਾ ਹੈ। ਇਉਂ ਪ੍ਰਸਾਦਿ ਦਾ ਅਰਥ ਪਵਿੱਤ੍ਰਤਾ, ਸਚਾਈ, ਪ੍ਰਸੰਨਤਾ ਤੇ ਕ੍ਰਿਪਾਲਤਾ ਹੈ।

੨ ਯਥਾ:-ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ॥ (ਮਾਰੂ ਸੋਲਹੇ ਮ: ੫-੭)

ਦਸਮ ਗੁਰੂ ਜੀ ਨੇ ਸਾਰੇ ਗੁਰੂ ਸਾਹਿਬਾਂ ਨੂੰ 'ਇਕ ਰੂਪ' ਕਿਹਾ ਹੈ:-

ਸ੍ਰੀ ਨਾਨਕ ਅੰਗਦ ਕਰ ਮਾਨਾ॥ ਅੰਗਦ ਅਮਰਦਾਸ ਪਹਿਚਾਨਾ॥
ਅਮਰਦਾਸ ਰਾਮਦਾਸ ਕਹਾਯੋ॥ ਸਾਧਨ ਲਖਾ ਮੂੜ ਨਹਿ ਪਾਯੋ॥੯॥
ਭਿੰਨ ਭਿੰਨ ਸਭਹੂੰ ਕਰਿ ਜਾਨਾ॥ ਏਕ ਰੂਪ ਕਿਨਹੂ ਪਹਿਚਾਨਾ॥
ਜਿਨ ਜਾਨਾ ਤਿਨਹੀ ਸਿਧ ਪਾਈ॥ ਬਿਨ ਸਮਝੇ ਸਿਧ ਹਾਥ ਨ ਆਈ॥੧੦॥

(ਬਚਿਤ੍ਰ ਨਾਟਕ ਪਾ: ੧੦)

ਇਸੀ ਤਰ੍ਹਾਂ ਭਾਈ ਗੁਰਦਾਸ, ਭਾਈ ਨੰਦ ਲਾਲ ਦੇ ਵਾਕ ਮਿਲਦੇ ਹਨ।

ਵਿਸ਼ੇਸ਼- ਸੋ ਗੁਰਸਿਖੀ ਵਿਚ ਇਹ ਪਦ ਦਸੋਂ ਗੁਰੂ ਸਾਹਿਬਾਨ ਵਾਸਤੇ ਮਖ਼ਸੂਸ ਹੈ। ਦਸੋਂ ਗੁਰੂ ਸਾਹਿਬ 'ਇਨਸਾਨ ਗੁਰੂ' ਨਹੀਂ, ਪਰ 'ਦੈਵ ਗੁਰੂ' ਮੰਨੇ ਗਏ ਹਨ, ਜੈਸਾ ਕਿ ਫ਼ੁਰਮਾਨ ਹੈ:-

ਗੁਰ ਨਾਨਕ ਦੇਵ ਗੋਵਿੰਦ ਰੂਪ॥ (ਬਸੰਤ ਮ: ੫, ਅਸਟ:੧)
ਗੁਰੁ ਨਾਨਕੁ ਨਾਨਕੁ ਹਰਿ ਸੋਇ॥ (ਗੋਂਡ ਮਹਲਾ ੫-੯)

ਗੁਰੂ ਪਦ ਦਾ ਅਰਥ, ਜਦ ਉਹ ਉਪ੍ਰੋਕਤ ਗੁਰੂ ਸਾਹਿਬਾਨ ਤੇ ਵਰਤਿਆ ਜਾਂਦਾ ਹੈ, ਤਾਂ ਉਸਤਾਦ ਮਾਤ੍ਰ ਯਾ ਦੀਖਯਾਦਾਤਾ ਮਾਤ੍ਰ ਨਹੀਂ, ਪਰ ਵਾਹਿਗੁਰੂ ਦੀ 'ਗੁਰੂ ਜਯੋਤੀ' ਤੋਂ ਹੈ। ਇਹ ਜਯੋਤਿ ਹੀ ਸਾਰੇ ਗੁਰੂ ਸਾਹਿਬਾਂ ਵਿਚ ਕੰਮ ਕਰਦੀ ਹੈ[1], ਇਸ ਜੋਤਿ ਵਾਲੇ 'ਦੈਵ ਗੁਰੂ' ਹਨ।

ਦਸਾਂ ਗੁਰੂ ਸਾਹਿਬਾਂ ਦੇ ਸਰੀਰ-ਤਯਾਗ ਮਗਰੋਂ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰੱਖੀ ਗਈ ਤੇ ਪੰਥ ਉਨ੍ਹਾਂ ਦੀ ਤਾਬਿਆ ਗੁਰੂ ਕੀਤਾ ਗਿਆ, ਸੋ ਪੰਜ ਪਿਆਰੇ ਗੁਰੂ ਗ੍ਰੰਥ ਦੀ ਤਾਬਿਆ ਹੋਕੇ ਦੀਖਯਾ ਦੇਣ ਦਾ ਕਾਰਜ ਕਰਦੇ ਹਨ[2]। ਦੀਖਯਤ ਪੁਰਖ ਨੂੰ ਨਾਮ ਅਭਯਾਸ ਵਿਚ ਮੁਸ਼ਕਲਾਂ ਦੇ ਹੱਲ ਤੇ ਸਹਾਇਤਾ ਦਾ ਕਾਰਜ ਗੁਰਮੁਖ ਕਰਦੇ ਹਨ। ਗੁਰਮੁਖ ਨੂੰ ਗੁਰੂ ਬਾਣੀ ਵਿਚ 'ਸੰਤ, ਜਨ, ਹਰੀਜਨ, ਸਾਧੂ' ਕਈ ਨਾਮਾਂ ਨਾਲ ਵਰਣਨ ਕੀਤਾ ਹੈ। ਗੁਰੂ ਸਾਹਿਬਾਂ ਦੇ ਆਪਣੇ ਸਮੇਂ ਭੀ ਦੂਰ ਦੂਰ ਥਾਈਂ ਗੁਰਮੁਖ ਹੀ ਦੀਖਯਾ ਦੇਣ ਦਾ ਕੰਮ ਕਰਦੇ ਸਨ, ਪਰ ਉਹ ਆਪ ਗੁਰੂ ਸਾਹਿਬਾਂ ਤੁੱਲ 'ਦੈਵ ਗੁਰੂ' ਹੋਣ ਦਾ ਦਾਅਵਾ ਨਹੀਂ ਸਨ ਕਰਦੇ। ਸਭ ਸਿਖਾਂ ਨੂੰ ਲਿਆ ਕੇ ਗੁਰੂ ਕੀ ਚਰਨੀਂ ਲਾਉਂਦੇ ਸਨ। ਹੁਣ ਭੀ 'ਗੁਰਮੁਖ ਦਾ ਮੇਲ' ਅਰਦਾਸੇ ਵਿਚ ਰੋਜ਼ ਮੰਗੀਦਾ ਹੈ। ਯਥਾ:-

'ਗੁਰਮੁਖ ਦਾ ਮੇਲ, ਸਾਧ ਦਾ ਸੰਗ, ਸੇਈ ਪਿਆਰੇ ਮੇਲੀਂ,
ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।'

ਗੁਰਬਾਣੀ ਵਿਚ 'ਗੁਰਮੁਖਾਂ' ਤੇ 'ਗੁਰਸਿਖਾਂ' ਨੂੰ ਨਾਮ ਪ੍ਰਚਾਰ ਦਾ ਅਧਿਕਾਰ ਦਿੱਤਾ ਹੈ। ਯਥਾ:-

ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ॥
ਸਦਾ ਅਲਿਪਤੁ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ॥ (ਸੂਹੀ ਮ: ੩-ਅਸਟ: -੧)

ਸੋ ਕਿਸੇ ਗੁਰਮੁਖ ਨੂੰ, ਚਾਹੋ ਕਿਤਨਾ ਪਾਰਗਿਰਾਮੀ ਹੋਵੇ, ਦਸਾਂ ਗੁਰੂ ਸਾਹਿਬਾਂ ਦੇ ਤੁੱਲ ਮੰਨਣਾ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਤੋਂ ਇਨਕਾਰ ਕਰਨਾ, ਗੁਰਮਤਿ ਨਹੀਂ। ਪਰ ਗੁਰਮੁਖ, ਗੁਰਸਿਖ, ਸੰਤ ਆਦਿ ਨਾਮ-ਪ੍ਰੇਮੀਆਂ ਦੇ ਸਤਿਸੰਗ ਤੇ ਸਹਾਇਤਾ ਤੋਂ ਵਾਂਜੇ ਜਾਣਾ ਭੀ ਗੁਰਮਤਿ ਅਨਕੂਲ ਨਹੀਂ।

ਆਮ ਤੌਰ ਤੇ ਜਦ ਕੋਈ ਦੀਖਯਤ ਹੋ ਜਾਂਦਾ ਸੀ ਤਾਂ ਗੁਰਮੁਖ ਹੋ ਗਿਆ ਕਹਾਉਂਦਾ ਸੀ, ਪਰ ਸਿੱਧ ਗੋਸ਼ਟ ਤੋਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿਖ ਨੂੰ, ਜੋ ਉੱਨਤੀ

---

[1] ਗੁਰ ਜੋਤਿ ਅਰਜੁਨ ਮਾਹਿ ਧਰੀ॥ (ਸਵ: ਮ: ੫ ਕੇ ੧੬)

[2] 'ਇਕੁ ਸਿਖੁ ਦੁਇ ਸਾਧ ਸੰਗੁ, ਪੰਜੀਂ ਪਰਮੇਸਰੁ॥' (ਵਾਰ : ਭਾ: ਗੁ. ੧੩-੧੯)

ਕਰਕੇ ਕਮਾਲ ਨੂੰ ਪਹੁੰਚਾ ਹੈ; 'ਗੁਰਮੁਖ' ਆਖਿਆ ਹੈ। ਯਥਾ:-

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ॥ ਗੁਰਮੁਖਿ ਸਾਚੁ ਰਖਿਆ ਉਰਧਾਰਿ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ॥ ਗੁਰਮੁਖਿ ਦਰਗਹ ਨ ਆਵੈ ਹਾਰਿ॥
ਗੁਰਮੁਖਿ ਮੇਲਿ ਮਿਲਾਏ ਸੋੁ ਜਾਣੈ॥ ਨਾਨਕ ਗੁਰਮੁਖਿ ਸਬਦਿ ਪਛਾਣੈ॥੨੧॥

ਗੁਰਮੁਖਿ ਸਾਚੇ ਕਾ ਭਉ ਪਾਵੈ॥ ਗੁਰਮੁਖਿ ਬਾਣੀ ਅਘੜੁ ਘੜਾਵੈ॥
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ॥ ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ॥
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ ਨਾਨਕ ਗੁਰਮੁਖਿ ਸਾਚਿ ਸਮਾਵੈ॥੨੭॥

(ਰਾਮ: ਸਿਧ ਗੋ: ਮ: ੧)

ਨਾਮ ਦੇ 'ਪ੍ਰਚਾਰ' ਕਰਨ ਦਾ ਅਧਿਕਾਰ ਸ੍ਰੀ ਗੁਰੂ ਸਾਹਿਬਾਨ ਜੀ ਨੇ 'ਗੁਰਸਿੱਖ' ਨੂੰ ਬੀ ਦਿੱਤਾ ਹੈ:-

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

(ਗਉੜੀ ਵਾਰ ਮ: ੪-੧੧)

ਪੁਨਾ:-**ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ॥** (ਸੂਹੀ ਮ: ੩ ਅਸਟ: ੧)

('ਜਪੁ'॥)-(ਸੰਸ:, ਜਪ੍= ਬੋਲਣਾ। ੨. ਐਸਾ ਬੋਲਣਾ ਜੋ ਸੁਣੀਵੇ ਨਾ ਪਾਠ। ਚੁੱਪ ਚਾਪ ਦਾ ਪਾਠ) ਮੰਤ੍ਰ ਦਾ ਉਚਾਰਣਾ। ਪਾਠ।

ਗੁਰ ਪ੍ਰਸਾਦਿ ਦੇ ਮਗਰੋਂ 'ਜਪੁ' ਪਦ ਪਿਆ ਹੈ। ਇਸ ਦਾ ਤਾਤਪਰਜ ਇਹ ਹੈ ਕਿ ਹੁਣ 'ਜਪੁਜੀ' ਨਾਮੇ ਬਾਣੀ ਦਾ ਅਰੰਭ ਹੋਇਆ। ਇਸ ਦਾ ਨਾਮੁ 'ਜਪੁ' ਇਸ ਲਈ ਰਖਿਆ ਗਿਆ ਹੈ ਕਿ ਇਹ ਬਾਣੀ ਨਿਤ ਨੇਮ ਨਾਲ ਪਾਠ ਕਰਨੇ ਲਈ ਰਚੀ ਗਈ ਸੀ।

ਇਥੇ 'ਜਪੁ' ਨੂੰ ਅਕਸਰ ਗਿਆਨੀ ਤੇ ਪੰਡਿਤ ਲੋਟ ਲਕਾਰ ਅਰਥਾਤ 'ਸੀ.ਗਾ ਅਮਰ' ਯਾ 'ਹੁਕਮ' ਮੰਨਦੇ ਹਨ, ਕਿ ਇਸ ਦਾ ਇਹ ਅਰਥ ਹੈ ਕਿ 'ਤੂੰ ਜਪ ਕਰ'। ਗੁਰਬਾਣੀ ਵਿਚ ਜਪ ਜਦ ਲੋਟ ਲਕਾਰ ਵਿਚ ਆਇਆ ਹੈ ਤਾਂ ਆਮ ਤੌਰ ਤੇ 'ਜਪਿ' ਰੂਪ ਵਿਚ ਆਇਆ ਹੈ। ਪਰ 'ਜਪ' ਰੂਪ ਵਿਚ ਬੀ ਇਹ ਪਦ ਲੋਟ ਲਕਾਰ' ਵਿਚ ਵਰਤਿਆ ਗਿਆ ਹੈ। ਜੈਸੇ

ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ॥ (ਸਵ: ਮ: ੧ ਕੇ-੯)

ਸੁਖਮਨੀ ਵਿਚ 'ਜਾਪੁ' ਪਦ ਔਂਕੜ ਨਾਲ ਇਸੇ ਲਕਾਰ ਵਿਚ ਆਯਾ ਹੈ ਤੇ ਅਰਥ ਹੈ 'ਜਪ ਕਰੋ'।

ਯਥਾ:- **ਰੇ ਮਨ ਮੂੜ ਤੂ ਤਾਕਉ ਜਾਪੁ॥** (ਗਉ: ਸੁਖ: ਮ: ੫,੬-੭)

ਇਸ ਲਈ ਜੋ ਸਜਣ 'ਜਪ ਕਰੋ' ਅਰਥ ਕਰਦੇ ਹਨ ਉਹ ਭੀ ਭੁੱਲ ਵਿਚ ਨਹੀਂ ਕਹੇ ਜਾ ਸਕਦੇ, ਕਿਉਂਕਿ ਬਾਣੀ ਦਾ ਨਾਮ 'ਜਪੁ' ਰਖਣ ਦਾ ਬੀ ਤਾਤਪਰਜ ਇਹੋ ਹੈ ਕਿ ਇਹ ਮੂਲ ਮੰਤ੍ਰ ਤੇ ਅਗਲੀ ਬਾਣੀ 'ਜਪ ਕਰਨੇ' ਲਈ ਹੈ, ਨਹੀਂ ਤਾਂ ਸੁਖਮਨੀ ਵਾਂਙੂ ਇਸ ਦਾ ਨਾਮ ਬੀ ਕੋਈ ਵਿਸ਼ੇਸ਼ਣ ਪਦ ਵਾਲਾ ਹੋਰ ਹੁੰਦਾ। ਵਰਤਾਵੇ ਵਿਚ ਤੱਕੋ: ਦਸੋ ਪਾਤਸ਼ਾਹੀਆਂ ਆਪ ਇਸ ਦਾ ਪਾਠ ਰੋਜ਼ ਕਰਦੀਆਂ ਰਹੀਆਂ। ਸਿੱਖਾਂ ਦੇ ਨਿਤਨੇਮ ਵਿਚ ਇਹ ਸਵੇਰ ਦਾ ਪਾਠ ਜਪੁਜੀ ਦਾ ਹੁਣ ਤਕ ਜਾਰੀ ਹੈ। ਅੰਮ੍ਰਿਤ ਤਿਆਰ ਕਰਨ ਵੇਲੇ ਪਹਿਲਾ ਪਾਠ ਇਸੇ ਦਾ ਹੁੰਦਾ ਹੈ। ਭਾਈ ਗੁਰਦਾਸ ਜੀ ਨੇ ਪਤਾ ਦਿੱਤਾ ਹੈ:-

ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥ (ਵਾਰ: ਭਾ:ਗੁ: ੧-੩੮)

ਰਹਿਤ ਨਾਮਿਆਂ ਵਿਚ ਇਸ ਬਾਣੀ ਦੇ ਰੋਜ਼ ਪਾਠ ਦੀ ਤਾਕੀਦ ਹੈ:-

ਬਿਨ ਜਪ ਪੜੇ ਪ੍ਰਸਾਦ ਜੁ ਪਾਵੈ। ਬਿਨ ਰਹਿਰਾਸ ਸਮਾ ਜੋ ਖੋਵੈ।
ਕੀਰਤਨ ਪੜੇ ਬਿਨਾ ਜੋ ਸੋਵੈ। ਧ੍ਰਿਗ ਤਿਸ ਜਨਮ ਜੁ ਧਰਮ ਬਿਸਾਰੈ॥

(ਤਨਖਾਹ ਨਾਮਾ।)

ਵਾਹਿਗੁਰੂ ਪੁਨ ਮੰਤ੍ਰ ਸੁ ਜਾਪ। ਕਰਿ ਇਸਨਾਨ ਪੜ੍ਹੇ ਜਪ ਜਾਪ।
ਸੰਧਯਾ ਸਮੇ ਸੁਨੈ ਰਹਿਰਾਸ। ਕੀਰਤਨ ਕਥਾ ਸੁਨੈ ਹਰਿ ਯਾਸ।
ਇਨ ਪੈ ਨੇਮ ਜੁ ਏਕ ਕਰਾਇ। ਸੋ ਸਿਖ ਅਮਰ ਪੁਰੀ ਮਹਿ ਜਾਇ।

(ਰਹਿਤ ਨਾਮਾ।)

ਵਿਸ਼ੇਸ਼-- ਇਕ ਵੀਚਾਰ ਹੋਰ ਹੈ। ਮੂਲ ਮੰਤ੍ਰ ਤਾਂ 'ਗੁਰ ਪ੍ਰਸਾਦਿ' ਤਕ ਹੈ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੇ ਆਦਿ ਵਿਚ ਜਦ ਮੂਲ ਮੰਤ੍ਰ ਦੁਹਰਾਇਆ ਹੈ ਤਾਂ ਪਾਠ ਇਥੋਂ ਤਾਈਂ ਹੀ ਹੈ। ਸੋ ਇਸ ਤੋਂ ਅਗਲਾ ਸਲੋਕ 'ਆਦਿ ਸਚੁ ......' ਵਾਲਾ ਵੱਖਰਾ ਹੈ। ਇਸ ਦਾ ਸਬੂਤ ਇਹ ਹੈ ਕਿ ਪੰਜਵੇਂ ਸਤਿਗੁਰੂ ਜੀ ਨੇ ਇਹ ਸਲੋਕ ੧੭ਵੀਂ ਅਸਟਪਦੀ ਦਾ ਸੁਖਮਨੀ ਵਿਚ 'ਸਲੋਕ' ਲਿਖਕੇ ਅਸਟਪਦੀ ਦੇ ਸਿਰੇ ਤੇ ਰਖਿਆ ਹੈ। ਇਥੇ ਜਪੁਜੀ ਦੇ ਮੁੱਢ ਵਿਚ ਬੀ 'ਹੋਸੀ ਭੀ[੧] ਸਚੁ' ਦੇ ਮਗਰੋਂ ਅੰਕ '੧' ਦਿਤਾ ਹੈ, ਸੋ ਇਹ ਅੰਕ '੧' ਸਲੋਕ ਦਾ ਹੈ ਤੇ ਮਗਰੋਂ ਚੱਲੀ ਪਉੜੀ 'ਸੋਚੈ ਸੋਚਿ ਨ ਹੋਵਈ...' ਦਾ ਅੰਕ 'ਨਾਨਕ ਲਿਖਿਆ ਨਾਲਿ॥' ਤੇ ਜਾਕੇ ਫੇਰ '੧' ਦਿਤਾ ਹੈ। ਇਹ ਅੰਕ ਪਉੜੀਆਂ ਦੀ ਗੇਣਤੀ ਦਾ '੩੮' ਤਕ ਗਿਆ ਹੈ। ਦੇਖੋ, '.....ਨਦਰਿ ਨਿਹਾਲ॥' ਦੇ ਪਿਛੋਂ ਅੰਕ '੩੮' ਹੀ ਦਿਤਾ ਹੈ।

ਇਸ ਤੋਂ ਮਗਰੋਂ ਸਲੋਕ ਹੈ- 'ਪਵਣੁ ਗੁਰੂ....' ਉਸ ਦਾ ਅੰਕ ਫੇਰ '੧' ਹੈ। ਸੋ ਸਿੱਟਾ ਇਹ ਨਿਕਲਿਆ ਕਿ ਜਪੁ ਵਿਚ ੩੮ ਤਾਂ ਪਉੜੀਆਂ ਹਨ ਤੇ ਆਦਿ ਅੰਤ ਇਕ ਇਕ ਸਲੋਕ ਹੈ। ਅੰਤਲੇ ਸਲੋਕ ਦੇ ਸਿਰੇ ਉੱਤੇ ਤਾਂ 'ਸਲੋਕ' ਪਦ ਲਿਖਿਆ ਹੀ ਹੈ, ਪਰ ਪਹਿਲੇ ਸਲੋਕ ਤੇ ਲਿਖਿਆ ਨਹੀਂ, ਹਾਂ ਇਹ ਸੁਖਮਨੀ ਨੇ ਦੱਸ ਦਿਤਾ ਹੈ ਕਿ ਓਥੇ ਉਸ ਨੂੰ ਸਲੋਕ ਲਿਖਿਆ ਹੈ; ਸੋ ਦੋ ਸਲੋਕ ਤੇ ੩੮ ਪਉੜੀਆਂ (=੪੦) ਤੇ ਮੂਲ ਮੰਤ੍ਰ ਜਪੁਜੀ ਦੀ ਗੇਣਤੀ ਹੈ। ਪਰ ਕਈ ਪ੍ਰੇਮੀ ਗੁਰ ਪ੍ਰਸਾਦਿ ਤੋਂ ਅੱਗੇ 'ਹੋਸੀ ਭੀ ਸਚੁ' ਤਕ ਦਾ ਅਭਿਆਸ ਕਰਦੇ ਹਨ। ਕਈ ਦੱਸਦੇ ਹਨ ਕਿ 'ਗੁਰਪ੍ਰਸਾਦਿ' ਤੇ 'ਆਦਿ ਸਚੁ' ਦੇ ਵਿਚਕਾਰੇ 'ਜਪੁ' ਹੁਕਮ ਪਿਆ ਹੈ ਕਿ 'ਮੂਲ ਮੰਤ੍ਰ' ਤੇ 'ਸੱਚ ਮੰਤ੍ਰ'[੨] ਦੁਹਾਂ ਦਾ ਰਲਾਕੇ ਅਭਿਆਸ ਕਰੋ। ਠੀਕ ਵੇਰਵਾ ਤਾਂ ਅਸੀਂ ਉਪਰ ਦੱਸ ਦਿੱਤਾ ਹੈ, ਪਰ ਬਾਣੀ ਮਿਸ਼ਰੀ ਦੀ ਡਲੀ ਵਾਂਙੂ ਹਰ ਪਹਿਲੂ ਤੋਂ ਮਿੱਠੀ ਹੈ, ਇਸ ਦਾ ਪਾਠ ਤੇ ਅਭ੍ਯਾਸ ਜਿੰਨਾ ਕੋਈ ਕਰੇ ਗੁਰਬਾਣੀ ਦਾ ਪਾਠ ਹੈ ਤੇ ਕਲ੍ਯਾਣਕਾਰੀ ਹੈ।

ਜਪ ਕਰਨ ਦਾ ਭਾਵ ਏਸ ਤਰ੍ਹਾਂ ਦਾ ਰਟਨ ਮਾਤ੍ਰ ਨਹੀਂ, ਜਿਸ ਤਰ੍ਹਾਂ ਕਿ ਮਸ਼ੀਨ ਵਿਚੋਂ ਕੋਈ ਅਵਾਜ਼ ਹੁੰਦੀ ਹੈ। ਮਸ਼ੀਨ ਨਿਰਜਿੰਦ ਹੈ, ਜਪਣ ਵਾਲਾ ਸਜਿੰਦ ਹੈ। ਜਪਣ ਵਾਲੇ ਦਾ ਧਿਆਨ ਜਪ ਕਰਦਿਆਂ, 'ਜਪ' ਜਿਸ ਨੂੰ ਜਣਾਉਂਦਾ ਹੈ, ਉਸ ਵਲ ਸੁਤੇ ਹੀ ਜਾਣਾ ਹੈ, ਚਾਹੋ ਥੋੜਾ ਜਾਵੇ, ਚਾਹੋ ਬਹੁਤਾ। ਇਹੋ 'ਜਪ' ਦਾ ਪ੍ਰਯੋਜਨ ਹੈ ਕਿ ਜਪ ਨਾਲ ਤਵੱਜੋ ਮੁੜ ਮੁੜ ਜਪੇ ਜਾਣ ਵਾਲੇ ਵਲ ਮੋੜਾ ਖਾਵੇ। 'ਧਾਵਤੁ ਵਰਜਿ ਰਹਾਏ॥' (ਰਾਮ: ਸਿਧ ਗੋ:੬੪) ਇਸੇ ਲਈ ਹੁਕਮ ਹੈ ਕਿ ਜਪ ਸਮੇਂ ਜੇ ਮਨ ਦੌੜੇ ਤਾਂ ਉਸ ਨੂੰ ਵਰਜ ਵਰਜ ਕੇ ਜਪ ਦੇ ਲਕਸ਼ ਵਲ ਪਾਏ। ਫੇਰ ਜਿਸ ਤੇ ਮਨ ਬਾਰ ਬਾਰ ਜੁੜੇਗਾ ਉਸ ਨਾਲ ਖਿੱਚ ਹੋ ਜਾਏਗੀ, ਇਹੋ ਖਿੱਚ ਮੇਲ ਕਰਾਵੇਗੀ। ਜਿਵੇਂ: ਜੇ ਅੰਗ੍ਰੇਜ਼ ਨੂੰ ਕਿਹਾ ਜਾਵੇ: 'ਗਾਡ' ਕਹੁ ਤਾਂ ਉਸ ਦਾ ਖਿਆਲ ਗਾਡ ਆਖਦਿਆਂ 'ਰੱਬ' ਵਲ ਜਾਏਗਾ। ਕਿਉਂਕਿ ਉਸ ਦੀ ਬੋਲੀ ਵਿਚ ਇਹ ਨਾਮ ਪਰਮੇਸ਼ੁਰ ਦਾ ਹੈ। ਪਰ ਜੇ ਕਸ਼ਮੀਰੀ ਨੂੰ 'ਗਾਡ' ਆਖੋ ਤਾਂ ਉਸ ਦਾ ਖਿਆਲ ਮੱਛੀ ਵੱਲ

---

[੧] ਜਪੁਜੀ ਵਿਚ ਪਾਠ 'ਭੀ' ਹੈ ਤੇ ਸੁਖਮਨੀ ਵਿਚ 'ਭਿ'।

[੨] '੧ਓ......' ਤੋਂ '......ਪ੍ਰਸਾਦਿ॥' ਤਕ 'ਮੂਲ ਮੰਤ੍ਰ', 'ਆਦਿ ਸਚੁ......' ਤੋਂ '.....ਹੋਸੀ ਭੀ ਸਚੁ' ਤਕ 'ਸੱਚ ਮੰਤ੍ਰ' ਹੈ ਤੇ ਵਿਚਕਾਰੇ 'ਜਪੁ' ਦੇਹੁਰੀ ਦੀਪਕ ਪਿਆ ਹੈ: 'ਤੂੰ ਜਪ ਕਰ'। ਇਉਂ ਕਰਕੇ ਮੰਨਦੇ ਤੇ ਪਾਠ 'ਹੋਸੀ ਭੀ ਸਚੁ' ਤੱਕ ਕਰਦੇ ਹਨ।

ਜਾਏਗਾ, ਕਿਉਂਕਿ ਉਸ ਦੀ ਬੋਲੀ ਵਿਚ 'ਗਾਡ' ਨਾਮ 'ਮੱਛੀ' ਦਾ ਹੈ। ਇਸ ਕਰਕੇ ਜਪੇ ਜਾਣ ਵਾਲੇ ਪਦ ਦੇ ਅਰਥ ਭਾਵ ਵਿਚ ਦਿਲ ਦੇ ਕੇ ਜਪ ਕਰੇ ਯਾ ਜਪ ਬਾਣੀ ਪੜ੍ਹੇ ਤਾਂ ਮਨ ਦੀ ਤਵੱਜੋ, ਜੋ ਖਿੰਡੀ ਰਹਿੰਦੀ ਹੈ, ਉਹ ਜਪੇ ਜਾਣ ਵਾਲੇ ਤੇ ਪਏ ਤੇ ਉਸ ਇੱਕੋ ਉਤੇ ਪਵੇ।

ਇਕ ਵੀਚਾਰ ਹੋਰ ਵੀ ਲੋਕੀ ਪੁੱਛਦੇ ਹਨ:'ਜੇ ਮੂੰਹੋਂ ਨਿੰਮ ਨਿੰਮ ਕਹੀਏ ਤਾਂ ਮੂੰਹ ਕੌੜਾ ਨਹੀਂ ਹੁੰਦਾ। ਰਬ ਰਬ ਕਹਿਣ ਨਾਲ ਰਬ ਕਿਵੇਂ ਮਿਲੇਗਾ?' ਇਸ ਵਿਚ ਭੁਲੇਵਾਂ ਇਹ ਹੈ ਕਿ ਨਿੰਮ ਸਾਥੋਂ ਇਕ ਵੱਖਰਾ ਪਦਾਰਥ ਹੈ ਜੋ ਕਹਿਣ ਮਾਤ੍ਰ ਨਾਲ ਪ੍ਰਾਪਤ ਨਹੀਂ ਹੁੰਦਾ, ਪਰ ਰਬ ਸਾਡੇ ਅੰਤ੍ਰਸਥ ਹੈ, ਅੰਦਰ ਮੌਜੂਦ ਹੈ, ਉਸ ਦੀ ਪ੍ਰਾਪਤੀ ਨਹੀਂ ਹੋਣੀ, ਪ੍ਰਾਪਤੀ ਤਾਂ ਉਸ ਦੀ ਹੈ ਹੀ, ਕਿਉਂਕਿ ਅੰਦਰ ਮੌਜੂਦ ਜੁ ਹੈ, ਮੌਜੂਦ ਵਸਤੂ ਦੀ ਕੇਵਲ ਸਾਨੂੰ ਲੱਖਤਾ ਹੋਣੀ ਹੈ, ਹਾਂ ਅੰਦਰ ਮੌਜੂਦ ਪਦਾਰਥ ਦੀ, ਜੋ ਅਤਿ ਸੂਖਮ ਹੈ ਤੇ ਸਾਡੇ ਸਰੀਰ, ਮਨ, ਬੁੱਧੀ ਵਿਚ ਸਾਰੇ ਵਿਆਪਕ ਹੈ। 'ਸੂਖਮ ਪਰ ਅੰਦਰ ਵਿਆਪਕ' ਦੀ ਲੱਖਤਾ ਧਿਆਨ ਦੇ ਜੁੜਨ ਤੇ ਸੂਖਮ ਹੋ ਕੇ ਜੁੜਨ ਨਾਲ ਹੁੰਦੀ। ਵਾਕ ਹੈ:-

ਪੰਚਾ ਕਾ ਗੁਰੁ ਏਕੁ ਧਿਆਨੁ॥ (ਜਪੁਜੀ ੧੬)

ਧਿਆਨ ਨੂੰ ਜੋੜਨ ਦਾ ਵਸੀਲਾ ਨਾਮ ਦਾ ਜਪ ਹੈ, ਨਾਮ ਦਾ ਸਿਮਰਨ ਹੈ, ਜਿਸ ਨਾਲ ਚੇਤੇ ਵਾਲੀ ਸ਼ਕਤੀ ਕਹੋ, ਸੁਰਤ ਕਹੋ, ਮਨ ਕਹੋ, ਅੰਦਰਲੇ ਨੇ ਤਵੱਜੋ ਨੂੰ ਬਾਹਰੋਂ ਅੰਦਰ ਨੂੰ ਕਰਨਾ ਹੈ। ਨਾਮ ਨੇ ਬਾਹਰ ਜਾਂਦੀ ਸੁਰਤ ਅੰਤ੍ਰਮੁੱਖ ਕਰਨੀ ਹੈ ਤੇ ਅੰਤ ਧਿਆਨ ਜੋੜਕੇ ਉਸ ਇਕ ਤੇ ਕਾਇਮ ਹੋ ਜਾਣਾ ਹੈ। ਐਉਂ ਉਸ ਦੀ, ਜੋ ਅੰਦਰੇ ਹੈ, ਲੱਖਤਾ ਪ੍ਰਾਪਤੀ ਹੋ ਜਾਣੀ ਹੈ, ਜੋ ਮਨ ਬੁਧਿ ਆਤਮਾਂ ਵਿਚ ਮੌਜੂਦ ਹੈ ਤੇ ਸਾਡੀ ਭੁੱਲ ਕਰ ਕੇ ਲਖਿਆ ਨਹੀਂ ਸੀ ਜਾਂਦਾ, 'ਯਾਦ' ਨਾਲ ਲਖਿਆ ਜਾਏਗਾ। ਸੋ ਲੋਕਾਂ ਦਾ ਕਹਿਣਾ ਕਿ 'ਖੰਡ ਖੰਡ ਕਹਿਣ ਨਾਲ ਮੂੰਹ ਮਿਠਾ ਨਹੀਂ ਹੁੰਦਾ' ਗ਼ਲਤ ਦ੍ਰਿਸ਼ਟਾਂਤ ਹੈ ਤੇ ਅਯੁਕ੍ਤ ਦਲੀਲ ਹੈ।

ਦਾਨਿਆਂ ਨੇ ਕੁਛ ਖਿਆਲ ਜਪ ਦੀ ਸਫ਼ਲਤਾ ਦੇ ਸਹਾਇਕ ਵਰਣਨ ਕੀਤੇ ਹਨ, ਜੋ ਇਸ ਪ੍ਰਕਾਰ ਹਨ: -

੧. ਜਪ ਲਈ ਸਥਾਨ ਜਿਥੋਂ ਤਕ ਹੋ ਸਕੇ ਸ੍ਵੱਛ ਹੋਵੇ, ਤੇ ਜਿੰਨਾ ਏਕਾਂਤ ਮਿਲ ਸਕੇ ਪ੍ਰਾਪਤ ਕੀਤਾ ਜਾਵੇ।

੨. ਸਰੀਰ ਇਸ਼ਨਾਨ ਜਾਂ ਪੰਜ ਇਸ਼ਨਾਨੇ ਨਾਲ ਸ੍ਵੱਛ ਕੀਤਾ ਜਾਵੇ, ਪਰ ਜੇ ਸਰੀਰ ਝੱਲ ਸਕੇ ਤਾਂ।

੩. ਹੋਰ ਗੱਲਾਂ ਬਾਤਾਂ ਵਲੋਂ, ਪਾਠ ਜਪ ਵੇਲੇ, ਚੁਪ ਹੋਵੇ।

੪. ਜੋ ਬਾਣੀ ਦਾ ਪਾਠ, ਮੂਲ ਮੰਤ੍ਰ ਦਾ ਜਪ ਯਾ ਨਾਮ ਜਪਣਾ ਹੈ, ਉਸ ਦੇ ਭਾਵ ਵਿਚ ਸਮਝ ਤੇ ਸ਼ਰਧਾ ਹੋਵੇ[੧]।

੫. ਮਨ ਸਾਵਧਾਨ ਰਹੇ। ਜੇ ਜਪ, ਜਿਸ ਨੂੰ ਲਖਾਉਂਦਾ ਹੈ, ਉਸ ਵਲੋਂ ਤਵੱਜੋ ਉੱਠ ਉੱਠਕੇ ਹੋਰ ਹੋਰ ਪਾਸੇ ਜਾਵੇ ਤਾਂ ਉਸ ਨੂੰ ਵਰਜ ਵਰਜ ਕੇ ਆਪਣੇ ਭਾਵ ਤੇ ਰਖੇ।

੬. ਚਿਰ ਤੀਕ ਤੇ ਨਿਤਾਪ੍ਰਤਿ ਅਭਿਆਸ ਕਰੇ।

੭. ਵੇਲਾ ਸਭ ਤੋਂ ਚੰਗਾ ਅੰਮ੍ਰਿਤ ਵੇਲਾ ਹੈ। ਉਂਞ ਨਾਮ ਜਪਣ ਦਾ ਵੇਲਾ ਹਰ ਵੇਲੇ ਹੈ, ਖਾਸ ਕਰ ਗ੍ਰਿਹਸਤੀਆਂ ਲਈ 'ਵਿਹਲ ਦੇ ਵੇਲੇ' ਨਾਮ ਸੰਭਾਲ ਲਈ ਉਤਮ ਵੇਲੇ ਹਨ।

੮. ਕਈ ਤਬੀਅਤਾਂ ਨੂੰ ਸਵੇਰ ਸਾਰ ਏਕਾਂਤ ਪਾਸੇ ਵਲ ਸੈਰ ਕਰਨ ਨਿਕਲਿਆਂ ਸਹਿਜੇ ਸਹਿਜੇ ਪਾਠ ਕਰਨਾ ਯਾ ਸਿਮਰਨ ਜਪ ਕਰਨਾ ਵਧੇਰੇ ਸੁਖਦਾਈ ਤੇ ਰਸਮਯ ਹੁੰਦਾ ਹੈ। ਸੋ ਆਪੋ ਆਪਣੇ ਸਰੀਰ ਦੀਆਂ ਲੋੜਾਂ ਦਾ ਵੀਚਾਰ ਕਰ ਲੈਣਾ ਉਚਿਤ ਹੈ। ਸਾਰੇ ਸਰੀਰ ਤੇ ਉਨ੍ਹਾਂ ਦੇ ਮਿਜ਼ਾਜ

[੧] ਯੋਗ ਦਰਸ਼ਨ ਵਿਚ ਬੀ ਲਿਖਿਆ ਹੈ: ਤੱਜਪਸ੍ਤਦਰ੍ਥ ਭਾਵਨਮ੍" (੧-੨੮)

ਤੇ ਤਾਕਤਾਂ ਇਕ ਤੁੱਲ ਨਹੀਂ ਹੁੰਦੀਆਂ। ਸਾਰਾ ਦਿਨ ਰੋਟੀ ਕਮਾਉਣ ਦੀ ਘਾਲ ਕਰਨ ਵਾਲਿਆਂ ਦੇ ਸਰੀਰ ਸਾਰਾ ਦਿਨ ਵਿਹਲਿਆਂ ਵਾਲੀ ਝਾਲ ਨਹੀਂ ਝੱਲ ਸਕਦੇ। ਸੋ ਹਰ ਸਜਣ ਨੂੰ ਨਾਮ ਦੀ ਘਾਲ ਚਾਹੀਏ, ਪਰ ਸਹਜ ਰੰਗ ਵਿਚ, ਕਿਉਂਕਿ ਇਸ ਮਾਰਗ ਦਾ ਨਾਮ ਹੀ 'ਸਹਜ' ਹੈ।

ਕੁਛ ਪੱਥ (ਪ੍ਰਹੇਜ਼) ਭੀ ਲੋੜੀਦੇ ਹਨ:-

੧. ਭੁਖੋਂ ਵੱਧ ਖਾਣਾ। ੨. ਨੀਂਦੋਂ ਵੱਧ ਸੌਣਾ।

੩. ਆਲਸ ਵਿਚ ਹੋਣਾ। ੪. ਮਨ ਨੂੰ ਵਿਖੇਪ ਵਿਚ ਪਾਉਣਾ।

੫. ਸਰੀਰਕ ਲੋੜ ਨਾਲੋਂ ਘੱਟ ਸੌਣਾ[੧]।

ਪਾਠ ਤੇ ਜਪ ਤ੍ਰੈ ਹਨ:-

੧. ਬਾਣੀ ਦਾ-ਜੈਸੇ ਨਿਤਨੇਮ ਦੀ ਬਾਣੀ। ਜਪੁਜੀ ਸਾਹਿਬ ਆਦਿਕ।

੨. ਮੂਲ ਮੰਤ੍ਰ ਦਾ-'੧ਓ' ਤੋਂ 'ਗੁਰਪ੍ਰਸਾਦਿ' ਤੱਕ। ਯਾ 'ਹੋਸੀ ਭੀ ਸਚੁ' ਤਕ।

੩. ਨਾਮ--**ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥** (ਵਾਰ : ਭਾ: ਗੁ: ੧੩-੨)

ਨਾਮ ਪਹਿਲੋਂ ਰਸਨਾਂ ਨਾਲ ਜਪੀਦਾ ਹੈ, ਇਸ ਨੂੰ 'ਜਪੁ' ਕਹੀਦਾ ਹੈ[੨]। ਫਿਰ ਇਹ ਸੂਖਮ ਹੋ ਕੇ ਅੰਦਰ ਚਲਾ ਜਾਂਦਾ ਹੈ। ਮਨ ਵਿਚ ਗਿਆਂ ਇਸ ਨੂੰ 'ਸਿਮਰਨ' ਕਹੀਦਾ ਹੈ। ਜਦੋਂ ਭੁੱਲਦਾ ਨਹੀਂ ਆਪੇ ਹੁੰਦਾ ਹੈ ਤੇ ਸਰੀਰ ਵਿਚ ਇਕ ਸੰਗੀਤਕ ਭਾਵ ਵਾਂਕੂ ਜਾਰੀ ਰਹਿੰਦਾ ਹੈ ਤਾਂ **ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ** (ਸਿਧ ਗੋ:੨੭) ਕਹੀਦਾ ਹੈ। ਜਦ ਨਾਮੀ ਦੀ ਲੱਖਤਾ ਹੋ ਆਉਂਦੀ ਹੈ ਤਾਂ **ਥਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ** (ਗਉ: ਸੁਖ:੨੩-੨) ਦਾ ਅਨੁਭਵ ਹੋ ਆਉਂਦਾ ਹੈ।

ਨਾਮ ਜਪ ਤੇ ਨਾਮ ਸਿਮਰਨ ਦੇ ਨਾਲ ਸਤਿਗੁਰ ਜੀ ਨੇ ਬਾਣੀ ਦਾ ਪਾਠ, ਵੀਚਾਰ ਤੇ ਕੀਰਤਨ ਦੱਸਿਆ ਹੈ। ਬਾਣੀ ਮਨ ਨੂੰ ਆਪਣੇ ਭਾਵਾਂ ਵਿਚ, ਵਾਹਿਗੁਰੂ ਦੀ ਸਿਫਤ ਸਲਾਹ ਵਿਚ, ਅਰਦਾਸ ਵਿਚ ਲਿਆਉਂਦੀ ਹੈ। ਇਸ ਲਈ ਜਪੁ ਬਾਣੀ ਦਾ ਨਿਤਨੇਮ ਪਾਠ ਰਖਿਆ।

ਬਾਣੀ ਗੁਣ ਗਾਇਨ ਕਰਾਉਂਦੀ ਹੈ:-

ਗੁਨ ਗਾਵਤ ਤੇਰੀ ਉਤਰਸਿ ਮੈਲੁ॥ (ਗਉ: ਸੁਖ: ੧੯-੭)

ਬਾਣੀ ਲਕਸ਼ ਵੱਲ ਪ੍ਰੇਮ ਪੈਦਾ ਕਰਾਉਂਦੀ ਹੈ। ਨਾਮ ਲਕਸ਼ ਵਿਚ ਜੋੜਦਾ ਹੈ, ਬਾਣੀ ਨਾਲ ਨਿਰਮਲ ਹੋਏ ਮਨ ਨੂੰ ਵਾਹਿਗੁਰੂ ਵਿਚ ਲਿਵ ਲੁਆਉਂਦਾ ਹੈ। ਇਸ ਕਰਕੇ ਬਾਣੀ ਕਹਿੰਦੀ ਹੈ:-

੧. **ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥**
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥ (ਸੂਹੀ ਮ: ੫ ਅਸਟ:-੧੬)

੨. **ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥** (ਮਾਰੂ ਮ: ੩ ਸੋਲਹੇ-੨੨)

੩. **ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥** (ਬਿਲਾ: ਮ: ੩-੪)

੪. **ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥** (ਰਾਮ: ਮ: ੧ : ਦਖ: ਓਅੰ:-੪੦)

ਪ੍ਰਾਕ੍ਕਥਨ- ਅਗਲੇ ਸਲੋਕ ਵਿਚ 'ਸਤਿ' ਪਦ ਦੀ ਵਿਆਖਿਆ ਗੁਰੂ ਜੀ ਆਪ ਕਰਦੇ ਹਨ।

---

[੧] ਅਕਸਰ ਗ੍ਰਿਹਸਤੀ ਮਰਦ ਇਸਤ੍ਰੀ ਲਈ ਸੱਤ ਅੱਠ ਘੰਟੇ ਤੋਂ ਘੱਟ ਸੌਣਾ ਸਰੀਰ ਤੇ ਮਾੜਾ ਅਸਰ ਕਰਦਾ ਹੈ।

[੨] ਕੋਸ਼ਾਂ ਵਿਚ ਜਪੁ ਦੇ ਅਰਥ ਚੁਪ ਚਾਪ ਪਾਠ ਕਰਨਾ ਬੀ ਹੈ। ਪਰ ਵਰਤੋਂ ਵਿਚ 'ਜਪੁ ਹੈ ਰਸਨਾ ਨਾਲ' ਤੇ 'ਸਿਮਰਨ ਹੈ ਮਨ ਨਾਲ' ਜਾਪ ਕਰਨਾ।

ਮੂਲ	ਅਰਥ
ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥	(ਮੂਲ ਮੰਤ੍ਰ ਵਿਚ ਪ੍ਰਤਿਪਾਦਨ ਹੋਇਆ ਅਕਾਲ ਪੁਰਖ)[੧] ਆਦਿ ਵਿਚ ਸਚੁ ਸੀ, ਜੁਗਾਂ ਦੇ ਆਦਿ ਵਿਚ ਸਚੁ ਸੀ, (ਹੁਣ) ਭੀ ਸਚੁ ਹੈ, (ਤੇ ਅਗੋਂ ਨੂੰ) ਭੀ ਸਚ ਹੋਵੇਗਾ, (ਹੇ) ਨਾਨਕ! (ਅਰਥਾਤ ਗੁਰੂ ਨਾਨਕ ਦੇਵ ਜੀ ਇਹ ਕੁਛ ਵਰਣਨ ਕਰਦੇ ਹਨ)॥੧॥

ਵਜਾਖਜਾ–ਸੰਸਕ੍ਰਿਤ ਪਦ 'ਸਤਜ' ਦਾ ਪ੍ਰਾਕ੍ਰਿਤ ਵਿਚ ਰੂਪ ਹੈ 'ਸਚ੍ਚ' ਤੇ ਇਸ ਦਾ ਪੰਜਾਬੀ ਰੂਪ ਹੈ ਸੱਚ। ਮੂਲ ਮੰਤ੍ਰ ਵਿਚ ਇਸੇ ਦਾ ਰੂਪ ਆ ਚੁਕਾ ਹੈ 'ਸਤਿ'। 'ਸਤਿ' ਦੀ ਵਜਾਖਜਾ ਪਿਛੇ ਆ ਚੁਕੀ ਹੈ। ਉਹੋ ਅਰਥ ਭਾਵ ਹੈ ਏਥੇ 'ਸਚ' ਪਦ ਦਾ। ਤਿੰਨਾਂ ਕਾਲਾਂ ਵਿਚ ਥਿਰ ਹਸਤੀ ਦਾ ਨਾਮ ਹੈ ਸਤਜ, ਸਤਿ, ਸਚ[੨]।

ਇਸ ਸਲੋਕ ਵਿਚ ਜੁਗਾਦਿ (ਜੁਗ+ਆਦਿ= ਜੁਗ ਜਦ ਸ਼ੁਰੂ ਹੋਏ) ਤੋਂ ਮੁਰਾਦ ਭੂਤ ਕਾਲ ਦੀ ਹੈ, ਜਦੋਂ 'ਸਮਾਂ' ਸਮਝੋ ਹੋਇਆ, 'ਹੈ' ਤੋਂ ਭਾਵ ਵਰਤਮਾਨ ਕਾਲ ਦਾ ਹੈ ਤੇ 'ਹੋਸੀ' ਤੋਂ ਭਾਵ ਭਵਿੱਖਤ ਕਾਲ ਦਾ ਹੈ। 'ਆਦਿ' ਪਦ ਦਾ ਭਾਵ 'ਜੁਗਾਦਿ' ਪਦ ਦੇ ਭਾਵ ਤੋਂ ਵੱਖਰਾ ਹੈ, ਜੋ ਹੈ-'ਕਾਲ ਯਾ ਸਮੇਂ ਤੋਂ ਅਤੀਤਤਾ'। ਤਿੰਨਾਂ ਕਾਲਾਂ ਵਿਚ ਤਾਂ ਉਹ ਸਤਜ ਹੈ ਪਰ ਜੋ ਕਾਲ ਅਤੀਤ 'ਯਥਾਰਥਤਾ' ਹੈ, ਉਸ ਵਿਚ ਬੀ ਉਹ ਸਤਜ ਹੈ। 'ਯਥਾਰਥਤਾ' ਵਿਚ ਦੀ 'ਸਤਜਤਾ' ਹੀ ਉਸ ਦੀ ਕਾਲ ਕਰਕੇ ਬਦਲਦੀ ਨਹੀਂ[੩]। ਇਸੇ ਕਰਕੇ ਦਸਮ ਗੁਰੂ ਜੀ ਨੇ ਫੁਰਮਾਇਆ ਹੈ:-

ਕਾਲ ਰਹਤ ਅਨਕਾਲ ਸਰੂਪਾ॥ (ਅਕਾਲ ਉਸਤਤ)

ਭੂਤ ਭਵਿਖ ਵਰਤਮਾਨ, ਕਾਲ ਦੀਆਂ ਤ੍ਰੈਹਾਂ ਹੀ ਵੰਡਾਂ ਵਿਚ ਓਹੀ ਕੇਵਲ ਸਤਜ ਸਰੂਪ ਹੈ-ਅਰਥਾਤ ਅਬਦਲ ਹਸਤੀ ਹੈ ਤੇ ਕਾਲ ਦੀ ਇਸ ਵੰਡ ਤੋਂ ਉਪਰ ਯਾ ਪਰੇ ਹੈ, ਉਹ 'ਅਨਕਾਲ ਸਰੂਪ' ਹੈ। ਪਰ ਸਰਬ ਦੀ ਆਦਿ ਉਹ ਆਪ ਹੈ, ਉਸ ਦੀ ਆਦਿ ਕੋਈ ਨਹੀਂ। ਉਹ ਜਗਤ ਦੀ ਉਤਪਤੀ, ਸਥਿੱਤੀ ਤੇ ਪ੍ਰਲਯ, ਤਿੰਨਾਂ ਹਾਲਤਾਂ ਵਿਚ ਬੀ ਉਹ ਸਤਜ ਹੈ।

ਇਸ ਸਲੋਕ ਵਿਚ ਦੱਸੀ 'ਕਾਲ ਦੀ ਸੁਤੰਤ੍ਰਤਾ' ਤੋਂ ਉਪਲਖਤ ਦਾਨੇ ਇਹ ਸਮਝਦੇ ਹਨ ਕਿ ਇਸ ਦਾ ਭਾਵ ਇਹ ਬੀ ਹੈ ਕਿ ਅਕਾਲਪੁਰਖ ਕਾਲ ਤੋਂ ਹੀ ਨਹੀਂ ਸਗੋਂ ਕਾਲ, ਦੇਸ਼, ਵਸਤੂ (ਯਾ ਕਾਲ, ਦੇਸ਼, ਨਿਮਿਤ) ਸਭ ਤੋਂ ਪਰੇ ਯਾ ਉੱਪਰ ਹੈ, ਅਤੀਤ ਹੈ, ਫੇਰ ਨੇਸਤੀ ਨਹੀਂ ਹਸਤੀ ਹੈ ਤੇ ਸਦਾ ਥਿਰ ਮੂਲ ਹਸਤੀ ਹੈ ਸਾਰੇ ਪਸਾਰੇ ਦੀ।

ਸਾਧਨ ਪੱਖ-- ਮੂਲ ਮੰਤ੍ਰ ਵਿਚ ਆਏ ਪਦ 'ਸਤਿ' ਦਾ ਮਾਨੋ ਇਹ ਸਲੋਕ ਟੀਕਾ ਹੈ, ਇਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਦੀ ੧੭ਵੀਂ ਅਸਟਪਦੀ ਵਿਚ ਸਲੋਕ ਦੀ ਥਾਂ ਦੇ ਕੇ ਸਿਰੇ ਤੇ ਰਖਿਆ ਤੇ ਇਸ ਸਲੋਕ ਦਾ ਭਾਵ ਅਸਟਪਦੀ ਵਿਚ ਖੁਹਲਿਆ। ਤੇ ਸਚ=ਸਤਜ ਸਰੂਪ ਨੂੰ ਜਾਣ ਲੈਣ ਵਾਲੇ ਸਾਧਕ ਦੀ ਪ੍ਰਾਪਤੀ ਬੀ ਦੱਸੀ:-

ਸਤਿ ਸਰੂਪੁ ਰਿਦੈ ਜਿਨਿ ਮਾਨਿਆ॥
ਕਰਨ ਕਰਾਵਨ ਤਿਨਿ ਮੂਲੁ ਪਛਾਨਿਆ॥ (ਗਉ: ਸੁਖ: ਮ: ੫-੧੭-੨)

[੧] ਜੈਸਾ ਕਿ ਗੁਰੂ ਜੀ ਦਾ ਫੁਰਮਾਨ ਹੈ: 'ਨਾਨਕ ਸਾਚੇ ਕਉ ਸਚੁ ਜਾਣੁ॥' (ਸਿਰੀ ਰਾਗੁ ਮ: ੧-੫)

[੨] ਇਸ ਸਲੋਕ ਨੂੰ ਪੰਚਮ ਗੁਰੂ ਜੀ ਨੇ ਸੁਖਮਨੀ ਦੀ ੧੭ਵੀਂ ਅਸਟਪਦੀ ਦਾ ਪਹਿਲਾ ਸਲੋਕ ਕਰਕੇ ਰਖਿਆ ਹੈ। ਤੇ ਉਸ ਅਸਟਪਦੀ ਦੀਆਂ ਪਹਿਲੀਆਂ ਦੋ ਪਉੜੀਆਂ ਵਿਚ ਇਸ ਪਦ ਦੀ ਆਪ ਵਜਾਖਜਾ ਕਰ ਦਿੱਤੀ ਹੈ।

[੩] ਕਾਲ ਵਿਚ ਦੀਆਂ ਹਾਲਤਾਂ ਨੂੰ 'ਅਵਸਥਾ' ਆਖਦੇ ਹਨ, ਕਾਲ ਅਤੀਤਤਾ ਨੂੰ 'ਯਥਾਰਥ' ਆਖੀਦਾ ਹੈ।

www.sikhbookclub.com

ਨਿਰੁਕ੍ਤ- ਆਦਿ-ਆਰੰਭ, ਪਹਿਲੇ (ਸੰਸ:ਆਦ੍ਯ=ਪਹਿਲੇ)। ਆਦਿ ਪਦ ਉਸ ਅਕਹਿ ਦਸ਼ਾ ਦਾ ਸੂਚਕ ਹੈ ਕਿ ਜੋ ਸਮੇਂ ਤੋਂ ਬੀ ਪਹਿਲੇ ਸੀ। ਅਰਥਾਤ ਜਦੋਂ ਨਾ ਸ੍ਰਿਸ਼ਟੀ, ਨਾ ਜੁਗ, ਨਾ ਕਾਲ, ਨਾ ਵਸਤੂ, ਨਾ ਨਮਿਤ ਸੀ। ਸਿਵਾਏ ਇਕ ਦੇ ਹੋਰ ਸਥੂਲ ਸੂਖਮ ਕੁਝ ਨਾਂ ਸੀ।

ਜੁਗਾਦਿ- ਜੁਗਾਂ ਦਾ ਆਦਿ। ਉਹ ਸਮਾਂ ਜਦ ਯੁਗ ਬਣੇ। ਜਦ ਤੋਂ ਸਮਾਂ ਜਾਂ ਕਾਲ ਬਣਿਆ ਜਾਂ ਸਮਝਿਆ ਗਿਆ, ਜਦੋਂ ਰਚਨਾ ਦਾ ਮੁੱਢ ਹੋਇਆ।

ਸਚੁ-(ਸੰਸ:, ਸਤ੍ਯ, ਪ੍ਰਾ: ਸਚੁ) ਸਤਿ, ਨਾਸ਼ ਰਹਿਤ, ਸਦਾ ਇਕ ਰਸ।

(ਪਉੜੀ ੧)

ਪ੍ਰਾਕ੍ਕਥਨ- 'ਆਦਿ ਸਚੁ' ਦਾ ਸਲੋਕ ਉਚਾਰਕੇ ਆਪ ਜੀ ਹੁਣ ਜਪੁਜੀ ਦੀ ਪਹਿਲੀ ਪਉੜੀ ਉਚਾਰਦੇ ਹਨ, ਜਿਸ ਦਾ ਵਿਸ਼ਯ ਇਹ ਹੈ:-

ਮੂਲ ਮੰਤ੍ਰ ਵਿਚ ਕਥੇ ਅਕਾਲ ਪੁਰਖ ਦੀ ਪ੍ਰਾਪਤੀ ਗੁਰੂ ਪਾਸੋਂ ਦੱਸੀ ਸੀ, ਗੁਰੂ ਜੀ ਹੁਣ ਉਹ ਉਪਾਉ ਦੱਸਦੇ ਹਨ ਜਿਸ ਨਾਲ ਪ੍ਰਾਪਤੀ ਹੋਵੇ। ੧. ਪਹਿਲਾਂ ਉਹ ਉਪਾਉ ਦੱਸੇ ਹਨ ਜੋ ਕੀਤੇ ਗਏ ਤੇ ਅਸਫਲ ਰਹੇ, ਫੇਰ ੨. ਉਹ ਉਪਾਉ ਦੱਸਿਆ ਹੈ ਜੋ ਸਫਲ ਉਪਾਉ ਹੈ।

ਮੂਲ	ਅਰਥ
ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ॥	(ਸੱਤ੍ਯ ਸਰੂਪ ਨੂੰ ਪ੍ਰਾਪਤ ਕਰਨੇ ਨਮਿਤ, ਕੂੜ ਦੀ ਕੰਧ ਤੋੜਨ ਦੀ ਲੋੜ ਹੈ ਜੋ ਸਾਡੇ ਤੇ ਉਸਦੇ ਵਿਚਾਲੇ ਹੈ। ਉਹ ਕੰਧ ਸਰੀਰ ਧੋਣ ਵਾਲੇ ਕਰਮਾਂ ਨਾਲ ਨਹੀਂ ਟੁੱਟਦੀ, ਕਿਉਂਕਿ) ਸ਼ੌਚ ਕਰਨੇ ਨਾਲ (ਮਨ) ਦੀ ਸੁਚ ਪ੍ਰਾਪਤ ਨਹੀਂ ਹੁੰਦੀ, ਚਾਹੇ ਲਖ ਵਾਰ ਸੁੱਚਮ ਪਿਆ ਕਰਾਂ।
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥	(ਭਲਾ ਜੇ ਮੈਂ ਬੋਲਾਂ ਹੀ ਨਾ, ਤਾਂ ਤਾਂ ਝੂਠ ਬੰਦ ਹੋ ਗਿਆ, ਆਪੇ ਸਚਿਆਰ ਬਣ ਗਿਆ, ਇਸ ਪਰ ਦੱਸਦੇ ਹਨ ਕਿ ਬੋਲਣ ਵਲੋਂ) ਚੁਪ ਕਰ ਰਹਿਣ ਨਾਲ (ਮਨ ਨੂੰ ਵਾਸ਼ਨਾ ਦੇ ਵੇਗ ਦੀ ਕੂੜੀ ਲਗਨ ਵਲੋਂ) ਚੁਪ (ਸ਼ਾਂਤੀ) ਨਹੀਂ ਹੋ ਸਕਦੀ, ਚਾਹੋ (ਇਕ) ਤਾਰ (ਬੱਝਵੀਂ) ਲਿਵ ਲਾਈ ਰਖਾਂ।
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥	(ਭਲਾ ਜੇ ਬ੍ਰਤ ਧਾਰਨ ਕਰ ਲਵਾਂ ਤਾਂ ਸਚਿਆਰ ਹੋ ਜਾਵਾਂ? ਫੁਰਮਾਉਂਦੇ ਹਨ: ਇਸੇ ਤਰ੍ਹਾਂ ਬ੍ਰਤ ਧਾਰਨ ਕਰਕੇ=) ਭੁੱਖਿਆਂ ਰਹਿਣੇ ਨਾਲ (ਵਾਸ਼ਨਾਂ ਵਿਚ ਵੱਸਣੇ ਵਾਲੀ ਕੂੜੇ ਪਦਾਰਥਾਂ ਦੀ) ਭੁੱਖ (=ਤ੍ਰਿਸ਼ਨਾਂ ਕਦੇ) ਤ੍ਰਿਪਤ ਨਹੀਂ ਹੁੰਦੀ ਚਾਹੋ (ਬ੍ਰਤਾਂ ਦੇ ਪ੍ਰਭਾਵ ਕਰਕੇ ਚੌਦਾਂ) ਪੁਰੀਆਂ (ਦੇ ਪਦਾਰਥਾਂ ਦੇ) ਭਾਰ ਪ੍ਰਾਪਤ ਕਰ ਲਵਾਂ।
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥	(ਭਲਾ ਜੇ ਸੰਯਮ-ਸਾਧਨ ਛੱਡਕੇ ਬੁੱਧੀ ਦੀ ਚਾਤੁਰਤਾ ਵਰਤੀ ਜਾਏ ਤਾਂ? ਫੁਰਮਾਉਂਦੇ ਹਨ ਕਿ) ਸਿਆਣਪਾਂ ਚਾਹੋ ਹਜ਼ਾਰਾਂ ਲੱਖਾਂ ਹੋਣ (ਓਹ ਹਉਂ ਆਸ਼੍ਰਿਤ ਹੋਣ ਕਰਕੇ ਉਰੇ ਹੀ ਰਹਿ ਜਾਂਦੀਆਂ ਹਨ, ਧੁਰ ਸੱਚ ਦੇ ਦੇਸ ਤਕ) ਇਕ ਬੀ ਨਾਲ ਨਹੀਂ ਜਾਂਦੀ।
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥	(ਫਿਰ ਦੱਸੋ) ਕੀਕੂੰ ਸਚਿਆਰ ਬਣੀਏ ਤੇ ਕੂੜ ਦੀ ਕੰਧ ਕਿੱਕੁਰ ਟੁੱਟ ਜਾਵੇ (ਜੋ ਸਾਡੇ ਤੇ ਉਸ ਦੇ ਵਿਚਾਲੇ ਵਿੱਥ ਪਾ ਰਹੀ ਹੈ)?

www.sikhbookclub.com

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (ਹੁਣ ਸਚਿਆਰ ਬਣਨ ਦਾ ਸੱਚਾ ਸਾਧਨ ਦੱਸਦੇ ਹਨ:) ਹੇ ਨਾਨਕ! ਪਰਮੇਸ਼੍ਵਰ ਦੇ (ਉਸ) ਹੁਕਮ (ਅਨੁਸਾਰ) ਤੁਰਨੇ (ਕਰਕੇ ਜੋ ਉਸ ਨੇ ਜੀਵ ਦੇ) ਨਾਲ ਲਿਖ ਦਿੱਤਾ ਹੈ, (ਸਚਿਆਰ ਬਣੀਦਾ ਹੈ)॥੧॥

ਵਡਾਪਕਾ– ਉਪਰ ਕਥੇ ਸਤਜ ਸਰੂਪ ਅਕਾਲ ਪੁਰਖ ਦੀ ਪ੍ਰਾਪਤੀ ਕਰਕੇ ਜੋ 'ਸਚਿਆਰ' ਪਦ ਤੇ ਅੱਪੜਨਾ ਹੈ ਸੋ ਸਰੀਰ ਦੀ ਸੁੱਚਮ ਮਾਤ੍ਰ ਨਾਲ ਨਹੀਂ ਹੋ ਸਕਦਾ, ਕਿਉਂਕਿ ਕੂੜ ਦੀ ਪਾਲ (ਹਉਮੈ[1]) ਤਾਂ ਅੰਦਰਲੇ ਦੇ ਦੁਆਲੇ ਖੜੀ ਹੈ, ਜਿਸ ਨੇ ਸਤਿ ਸਰੂਪ ਤੋਂ ਵਿੱਥ ਪਾ ਰੱਖੀ ਹੈ। ਸੋ ਇਹ ਕਰਮ ਕਾਂਡ ਦੀ ਦੱਸੀ ਸਰੀਰ ਦੀ ਸੁੱਚਮ ਅੰਦਰਲੀ ਹਉਂ ਦੀ ਪਾਲ ਨੂੰ ਦੂਰ ਕਰਨ ਵਿਚ ਅਸਮ੍ਰੱਥ ਹੈ, ਸਗੋਂ ਕਰਮ ਕਾਂਡ ਦੇ ਦੱਸੇ ਕਰਮ ਕਰਨ ਨਾਲ ਤਾਂ ਹਉਮੈ ਵਧਦੀ ਹੈ। ਯਥਾ:-

ਕਰਮ ਕਰਤ ਬਧੇ ਅਹੰਮੇਵ॥ (ਗਉ: ਕਬੀਰ ਜੀ-੬)

ਇਸੀ ਤਰ੍ਹਾਂ ਚੁੱਪ ਧਾਰਨ ਕਰਨ, ਅਰਥਾਤ ਮੋਨ ਕਰਨ, ਨਾਲ ਸਚਿਆਰ ਨਹੀਂ ਬਣ ਸਕੀਦਾ। ਮੋਨ ਇਕ ਤਪ ਹੈ। ਤਪਾਂ ਬਾਬਤ ਵਾਕ ਹੈ:-

ਤਪੇ ਤਪੀਸਰ ਡੋਲੈ ਚੀਤ॥ (ਗੋਂਡ ਕਬੀਰ ਜੀ-੮)

ਮੋਨ ਇਕ ਤਪ ਹੈ ਜੋ ਬਾਹਰਲਾ ਟਿਕਾਉ ਬਣਾਉਂਦਾ ਹੈ, ਅੰਦਰ ਡੋਲਦਾ ਰਹਿੰਦਾ ਹੈ। ਜਿਵੇਂ ਬਗਲੇ ਤੇ ਬਿੱਲੀ ਦੀ ਲਿਵ ਵਿਚ ਉਹਨਾਂ ਦਾ ਮਨ ਪੇਟ ਪਾਲਣ ਲਈ ਡੋਲਦਾ ਰਹਿੰਦਾ ਹੈ[2], ਇਸੀ ਤਰ੍ਹਾਂ ਮੋਨੀ ਪੁਰਖ ਦੇ ਅੰਦਰ ਮਨ ਚੁੱਪ ਨਹੀਂ ਹੁੰਦਾ, ਉਥੇ ਸੰਕਲਪ ਵਿਕਲਪ ਦੀ ਧਾਰਾ 'ਹਉਂ' ਦੇ ਪ੍ਰਭਾਵ ਕਰਕੇ ਰੁਕਦੀ ਨਹੀਂ। ਫਿਰ ਸਰੀਰ ਤ੍ਰੈ ਗੁਣਾਂ ਦਾ ਹੋਣ ਕਰਕੇ ਸਰੀਰਕ ਲੋੜਾਂ ਨਹੀਂ ਚੁੱਪ ਹੁੰਦੀਆਂ। ਅੰਤਹਕਰਣ ਵਿਚ ਹਿਲਾਉ ਬਣਿਆ ਰਹਿੰਦਾ ਹੈ[3]।

ਇਸੀ ਤਰ੍ਹਾਂ ਭੁਖ ਅਰਥਾਤ ਬ੍ਰਤ ਧਾਰਨ ਕਰਨੇ ਨਾਲ ਤ੍ਰਿਸ਼ਨਾ, ਜੋ ਹਉਂ ਤੋਂ ਹੀ ਉਪਜਦੀ ਹੈ, ਦੂਰ ਨਹੀਂ ਹੁੰਦੀ ਤੇ ਕੂੜ ਦੀ ਪਾਲ 'ਹਉਂ' ਬਣੀ ਰਹਿੰਦੀ ਹੈ ਅਤੇ ਸਚਿਆਰ ਨਹੀਂ ਬਣ ਸਕੀਦਾ। ਬ੍ਰਤ ਧਾਰਨ ਕਰਨ ਦਾ ਫਲ ਸ਼ਾਸਤ੍ਰਾਂ ਵਿਚ ਪਦਾਰਥਾਂ ਦੀ ਪ੍ਰਾਪਤੀ ਹੈ, ਸੋ ਜਿਤਨੇ ਵਧੀਕ ਪਦਾਰਥ ਮਿਲਨਗੇ ਤ੍ਰਿਸ਼ਨਾ ਦਾ ਧਰਮ ਹੈ ਕਿ ਉਹ ਹੋਰ ਵਧੇਗੀ[4]। ਭੁੱਖ ਅਰਥਾਤ ਤ੍ਰਿਸ਼ਨਾ ਤਾਂ ਤ੍ਰਿਸ਼ਨਾਂ ਦੇ ਤਿਆਗ ਨਾਲ ਹੀ ਹਟਦੀ ਹੈ, ਜਿਸ ਦਾ ਤਰੀਕਾ ਗੁਰਬਾਣੀ ਵਿਚ ਦੱਸਿਆ ਹੈ:

ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ॥
ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ॥ (ਵਾਰ ਮਾਝ ਮ: ੨-੧੯)

ਪੁਨਾ:- **ਸਾਚੁ ਨਾਮੁ ਆਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥** (ਰਾਮ: ਮ: ੩ ਅਨੰਦ-੪)

ਸੋ ਬ੍ਰਤ ਆਦਿ ਸੰਜਮ ਵੀ ਸਚਿਆਰ ਨਹੀਂ ਬਣਾਉਂਦੇ।

ਬਾਕੀ ਦੇ ਹੋਰ ਤ੍ਰੀਕੇ ਗੁਰੂ ਜੀ ਨੇ 'ਸਹਸ ਸਿਆਣਪਾਂ' ਵਿਚ ਗਿਣ ਲਏ ਹਨ ਕਿ ਉਹ ਭੀ ਕੂੜ ਦੀ ਪਾਲ ਨਹੀਂ ਤੋੜਦੇ। ਸਿਆਣਪ ਦਾ ਭਾਵ ਹੈ ਬੁਧੀ ਦਾ ਚਮਤਕਾਰ, ਚਾਹੇ ਆਪਣੇ ਮਨ ਦੀ ਚਤੁਰਾਈ ਦਾ ਹੈ, ਚਾਹੇ ਸ਼ਾਸਤ੍ਰਾਂ ਦੀ ਵੀਚਾਰ ਦਾ, ਚਾਹੇ ਵਿਦ੍ਵਾਨ ਤੇ ਚਤੁਰ ਪੁਰਖਾਂ ਦੀ ਸੁਹਬਤ ਤੋਂ

---

[1] "ਹਉ ਹਉ ਭੀਤਿ ਭਇਓ ਹੈ ਬੀਚੋ....॥" (ਸੋਰ: ਮ: ੫-੬੧)

[2] ਠਗ ਦਿਸਟਿ ਬਗਾ ਲਿਵ ਲਾਗਾ॥ (ਪ੍ਰਭਾਤੀ ਬੇਣੀ ਜੀ)

ਪੁਨਾ:- ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ॥ (ਆਸਾ ਨਾਮ:-੪)

[3] ਬੋਲੈ ਨਾਹੀ ਹੋਇ ਬੈਠਾ ਮੋਨੀ॥ ਅੰਤਰਿ ਕਲਪ ਭਵਾਈਐ ਜੋਨੀ॥ (ਪ੍ਰਭਾਤੀ ਮ: ੫ ਅਸਟ:-੨)

[4] ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥ (ਗਉ: ਮ: ੫ ਸੁਖ: ੧੨-੫)

ਸਿਖਿਆ ਹੋਇਆ ! ਇਸ ਨਾਲ ਬੁੱਧੀ ਚਤੁਰ ਹੋ ਜਾਂਦੀ ਹੈ, ਵਕਤਾ ਤੇ ਲੇਖਕ ਬਣਾ ਦੇਂਦੀ ਹੈ, ਪਰ ਕੂੜ ਦੀ ਪਾਲ 'ਹਉਮੈਂ' ਨਵਿਰਤ ਨਹੀਂ ਹੁੰਦੀ, ਸਗੋਂ ਵਧਦੀ ਹੈ। ਵਾਕ ਹੈ:-

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥ (ਰਾਮ: ਰਵਿਦਾਸ ਜੀ)

ਚੌਥੇ ਸਤਿਗੁਰਾਂ ਨੇ ਭੀ ਸਿਆਣਪਾਂ ਪਰਥਾਇ ਕਿਹਾ ਹੈ:-

ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ
ਜਨ ਨਾਨਕ ਗੁਰਮੁਖਿ ਜਾਤਾ ਰਾਮ॥ (ਬਿਹਾਗੜਾ ਮ: ੪-੬)

ਪੁਨਾ:- **ਸੰਜਮ ਸਹਸ ਸਿਆਣਪਾ ਪਿਆਰੇ ਇਕ ਨ ਚਲੀ ਨਾਲਿ॥** (ਸੋਰਠਿ ਮ : ੫-ਅਸਟ-੨)
ਹਿਕਮਤਿ ਹੁਕਮਿ ਨ ਪਾਇਆ ਜਾਇ॥
ਕਿਉ ਕਰਿ ਸਾਚਿ ਮਿਲਉ ਮੇਰੀ ਮਾਇ॥ (ਧਨਾ: ਮ: ੧-੩)

ਕਾਰਣ ਇਹ ਕਿ ਸਿਆਣਪਾਂ ਮਨ ਦੇ ਚਮਤਕਾਰ ਹਨ। ਅਗਮ ਅਗੋਚਰ ਸਤਜ ਸਰੂਪ ਪਰਮਾਤਮ ਦੇਵ ਮਨ ਬੁੱਧੀ ਦੀ ਗੰਮਤਾ ਤੋਂ ਪਰੇ ਹੈ।

ਪਹਿਲੀ ਤੁਕ ਵਿਚ ਜੇ 'ਸੋਚੈ' ਦਾ ਅਰਥ 'ਸੌਚ' ਨਾ, ਪਰ 'ਸੋਚ ਵੀਚਾਰ' ਕੀਤਾ ਜਾਏ ਤਾਂ ਉਹ ਅਰਥ ਸਿਆਣਪਾਂ ਦੇ ਵਿਚ ਹੀ ਆ ਜਾਂਦਾ ਹੈ। ਸਿਆਣਨਾ ਤੇ ਸੋਚਣਾ ਦੁਇ ਬੁੱਧੀ ਦੇ ਹੀ ਕੰਮ ਹਨ। ਸੋਚ ਅਰਥਾਤ ਵੀਚਾਰ ਜੀਵ ਦੀ ਮਨ ਬੁੱਧੀ ਅਨੁਸਾਰ ਹੁੰਦੀ ਹੈ ਤੇ ਸਤਜ ਸਰੂਪ ਪਰਮਾਤਮਾਂ ਮਨ ਬੁੱਧੀ ਤੋਂ ਅਵਿਸ਼ੇ ਹੈ।

ਸੁਤੇ ਹੀ ਹੁਣ ਪ੍ਰਸ਼ਨ ਹੁੰਦਾ ਹੈ ਕਿ ਜੇ ਕਰਮ, ਤਪ, ਸੰਜਮ ਤੇ ਸੋਚ ਸਿਆਣਪਾਂ ਕੰਮ ਨਹੀਂ ਸਾਰਦੀਆਂ ਤਾਂ ਫਿਰ ਕੀਕੂੰ ਇਹ ਕੂੜ ਦੀ ਪਾਲ ਟੁੱਟੇ ਤੇ ਸਤਜ ਸਰੂਪ ਨੂੰ ਪ੍ਰਾਪਤ ਹੋ ਕੇ ਸਚਿਆਰ ਹੋ ਜਾਈਏ? ਤਾਂ ਪ੍ਰਸਾਦਿ ਕਰਨੇ ਵਾਲੇ ਗੁਰੂ ਨੇ ਉੱਤਰ ਦਿਤਾ ਹੈ:- ਕਿ ਹੁਕਮ ਤੇ ਰਜ਼ਾ ਦਾ ਜੋ ਮਾਲਕ ਹੈ ਉਸ ਦੇ ਹੁਕਮ ਅਨੁਸਾਰ ਟੁਰਨੇ ਨਾਲ। ਹੁਣ ਪ੍ਰਸ਼ਨ ਹੁੰਦਾ ਹੈ ਕਿ ਹੁਕਮ ਕਿਥੇ ਹੈ? ਤਾਂ ਉੱਤਰ ਦੇਂਦੇ ਹਨ ਕਿ 'ਲਿਖਿਆ ਨਾਲਿ' ਅਰਥਾਤ ਨਾਲ ਲਿਖਿਆ ਹੈ। ਜੀਵ ਦੇ ਨਾਲ, ਉਸ ਦੀ ਸਰਿਸ਼ਤ ਵਿਚ ਲਿਖਿਆ ਹੈ। ਇਸ ਦਾ ਭਾਵ ਇਹ ਹੈ ਕਿ ਹਰ ਇਨਸਾਨ ਇਹ ਚਾਹੁੰਦਾ ਹੈ ਕਿ ਮੇਰੇ ਮਿਤ੍ਰ, ਪੁਤ੍ਰ, ਸਾਕ, ਦਾਸ, ਮਾਲਕ ਮੇਰੇ ਅਨਕੂਲ ਹੋਣ, ਕੋਈ ਮੇਰੇ ਪ੍ਰਤਿਕੂਲ ਨਾ ਹੋਵੇ, ਇਹ ਗੱਲ ਹਰ ਇਕ ਦੇ ਸੁਭਾਵ ਵਿਚ ਹੋਣ ਕਰਕੇ ਮਾਨੋ ਹਰ ਇਕ ਦੀ ਫ਼ਿਤਰਤ ਵਿਚ ਲਿਖੀ ਪਈ ਹੈ। ਇਸ ਮੂਜਬ ਚਾਹੀਦਾ ਹੈ ਕਿ 'ਸਤਿ ਪੁਰਖ' ਦੀ ਪ੍ਰਾਪਤੀ ਦਾ ਚਾਹਵਾਨ ਪੁਰਖ 'ਰਜ਼ਾ ਦਾ ਜੋ ਮਾਲਕ ਹੈ' ਵਾਹਿਗੁਰੂ, ਉਸ ਦੇ ਹੁਕਮ ਦੇ ਪ੍ਰਤਿਕੂਲ ਨਾ ਟੁਰੇ, ਉਸ ਦੇ ਅਨਕੂਲ ਟੁਰੇ। ਇਹ ਅਨਕੂਲਤਾ ਵਰਤਣੀ, ਮਾਰਗ ਹੈ ਸਚਿਆਰ ਹੋਣੇ ਦਾ[1]। ਜਿਵੇਂ ਕਿਸੇ ਸਤਾਰ, ਸਾਰੰਗੀ, ਸਰੋਦੇ ਦੀ ਕੋਈ ਤਰਬ ਬੇਸੁਰੀ ਹੋਵੇ ਤਾਂ ਉਹ

---

੧ ਕਈ ਦਾਨੇ 'ਲਿਖਿਆ ਨਾਲਿ' ਦਾ ਇਹ ਅਰਥ ਬੀ ਕਰਦੇ ਹਨ ਕਿ ਭਾਣੇ ਵਿਚ ਟੁਰੋ, ਜੋ ਕੁਛ ਤੇਰੀ ਪਰਾਲਬਧ ਵਿਚ ਹੈ ਸੋ ਤੇਰੇ ਨਾਲ ਲਿਖਿਆ ਹੋਇਆ ਹੈ ਉਸ ਪਰ ਸੰਤੁਸ਼ਟ ਰਹੋ। ਸ਼ੁਕਰ ਕਰਕੇ ਉਸ ਮੁਤਾਬਿਕ ਟੁਰੋ, ਅਸੰਤੁਸ਼ਟਤਾ ਤੇ ਸ਼ਿਕਾਇਤਾਂ ਤੇ ਨਾਸ਼ੁਕਰਾ ਪਨ ਨਾ ਬਣਾਓ, ਜਦ ਇਉਂ ਭਾਣੇ ਤੇ ਸ਼ਾਕਰ ਹੋ ਜਾਓਗੇ ਤਾਂ ਸਚਿਆਰ ਹੋ ਜਾਓਗੇ। ਪਰ ਭਾਣੇ ਤੇ ਸ਼ੁਕਰ ਵਿਚ ਰਹਿਣਾ ਨਾਮ ਦੇ ਅਭਿਆਸ ਬਿਨਾਂ ਹੋ ਨਹੀਂ ਸਕਦਾ, ਕਿਉਂਕਿ ਆਗਿਆ ਦਾ ਪਾਲਕ ਹੀ ਵਾਹਿਗੁਰੂ ਦਾ ਸੇਵਕ ਹੋ ਸਕਦਾ ਹੈ। ਸੇਵਕ ਕੀਕੂੰ ਬਣਦਾ ਹੈ ? 'ਪ੍ਰਭ ਕਾ ਸੇਵਕੁ ਨਾਮ ਕੈ ਰੰਗਿ॥' (ਗਉ: ਮ: ੫ ਸੁਖ: ੧੭-੩)

ਸੋ ਐਸਾ ਸੇਵਕ ਆਗਿਆ ਵਿਚ ਟੁਰਦਾ ਹੈ: 'ਠਾਕੁਰ ਕਾ ਸੇਵਕੁ ਆਗਿਆਕਾਰੀ॥' (ਗਉ: ਮ: ੫ ਸੁਖ: ੧੭-੩)

ਕਿਉਂਕਿ ਉਸ ਦੇ ਮਨ ਵਿਚ ਠਾਕਰ ਤੇ ਭਰੋਸਾ ਬੱਝ ਜਾਂਦਾ ਹੈ: 'ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ॥'
ਜਿਸ ਨੂੰ ਪ੍ਰਤੀਤ ਭਰੋਸਾ ਕਿ ਵਿਸ਼ਵਾਸ਼ ਬੱਝ ਗਿਆ ਉਹੋ ਪਾਰਗਿਰਾਮੀ--
ਜਾਕੈ ਰਿਦੈ ਬਿਸ੍ਰਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥ (ਸੁਖ: ੧੭-੨)

ਐਉਂ ਭਾਣੇ ਤੇ ਸ਼ਾਕਰ ਹੋਣ ਵਾਲੀ ਮੰਜ਼ਲ ਤੇ ਬੀ ਨਾਮ ਹੀ ਲੇ ਜਾਂਦਾ ਹੈ। ਇਸੇ ਕਰਕੇ ਫੁਰਮਾਯਾ:--
'ਏਕੋ ਨਾਮੁ ਹੁਕਮੁ ਹੈ॥' (ਸਿਰੀ: ਮ:੧) ਸੋ ਇਹ ਅਰਥ ਬੀ ਅਪਣੇ ਭਾਵ ਵਿਚ ਓਥੇ ਹੀ ਆ ਟਿਕਿਆ।

ਰਸਹੀਨ ਹੁੰਦੀ ਹੈ; ਜਦ ਉਸ ਨੂੰ ਬਾਜ਼ ਸੁਰ ਨਾਲ ਸੁਰ ਕਰ ਦਿਓ, ਭਾਵ ਉਸ ਨਾਲ ਅਨਕੂਲ ਕਰ ਦਿਓ, ਤਾਂ ਉਹੀ ਅਵਾਜ਼ ਦੇਣ ਲਗ ਜਾਂਦੀ ਹੈ ਜੋ ਬਾਜ਼ ਸੁਰ ਦੇਂਦੀ ਹੈ; ਇਥੋਂ ਤਾਈਂ ਕਿ ਹਿਲਾਈਦਾ ਤਾਂ ਹੈ ਬਾਜ਼ ਸੁਰ ਨੂੰ, ਉਂਗਲ ਬੀ ਉਸੇ ਉਤੇ ਹੁੰਦੀ ਹੈ, ਅਰਥਾਤ ਸ਼ਕਤੀ ਤੇ ਹਿਸਾਬ ਤਾਂ ਬਾਜ਼ ਸੁਰ ਉਤੇ ਕੰਮ ਕਰ ਰਹੇ ਹੁੰਦੇ ਹਨ ਪਰ ਹੇਠਾਂ ਦੇਖੋ ਤਾਂ ਤਰਬ ਕੰਬਦੀ ਬੀ ਦਿੱਸਦੀ ਹੈ ਤੇ ਸੁਰ ਭੀ ਓਹੋ ਦੇਂਦੀ ਹੈ ਜੋ ਬਾਜ਼ ਦੀ ਤਾਰ ਦੇ ਰਹੀ ਹੈ। ਇਸ ਤਰ੍ਹਾਂ ਸਤਜ ਸਰੂਪ ਪਰਮਾਤਮ ਦੇਵ ਨਾਲ ਇਕ-ਸੁਰ ਹੋ ਗਿਆਂ, ਅਰਥਾਤ ਅਨਕੂਲ ਹੋ ਗਿਆਂ, ਸਤਿ ਸਰੂਪਤਾ ਵਾਲੀ ਗਤੀ ਹੋ ਜਾਂਦੀ ਹੈ, ਭਾਵ ਸਚਿਆਰ ਹੋ ਜਾਈਦਾ ਹੈ।

'ਸੌਚ, ਮੌਨ, ਬ੍ਰਤ, ਸਿਆਣਪ' ਇਹਨਾਂ ਦੇ ਆਹਰ ਦੇ ਯਤਨ ਵਿਚ ਮਨ ਸ੍ਰਿਸ਼ਟੀ ਦੇ ਕਰਤਾ ਦੇ ਧਿਆਨ ਵਿਚ ਨਹੀਂ ਜਾਂਦਾ। ਮਨ ਦਾ ਉਸ ਦੇ ਧਿਆਨ ਸਿਮਰਨ ਵਿਚ ਜਾਕੇ ਹਉਂ ਤੋਂ ਛੁੱਟਕੇ ਉਸ ਨਾਲ ਪ੍ਰੇਮ ਸੰਯੁਕਤ ਹੋ ਜਾਣਾ, ਇਹ ਹੈ ਸਤਜ ਸਰੂਪ ਨਾਲ ਸੁਰ ਹੋ ਜਾਣਾ ਅਤੇ ਸਚਿਆਰ ਹੋ ਜਾਣਾ। ਇਸ ਲਈ ਜੋ ਸਾਧਨ ਕਿ 'ਮੈਂ' ਵਿਚ ਰਖਦੇ ਹਨ ਤੇ ਕਰਤਾ ਪੁਰਖ ਵਿਚ ਨਹੀਂ ਜੋੜਦੇ ਉਹ ਪਰਮ ਪ੍ਰਯੋਜਨ ਦੀ ਪ੍ਰਾਪਤੀ ਨਹੀਂ ਲਿਆਉਂਦੇ।

ਸਾਧਨ ਪੱਖ- ਹੁਕਮ ਤੇ ਟੁਰ ਪੈਣ ਦੀ ਚਾਹ ਵਾਲਾ ਸਾਧਕ ਪੁੱਛਦਾ ਹੈ ਕਿ ਹੁਕਮ ਕੀਹ ਹੈ? ਜਿਸ ਵਿਚ ਟੁਰਨਾ ਹੈ ਤੇ ਜੋ ਨਾਲ ਲਿਖਿਆ ਪਿਆ ਹੈ?

ਉਤਰ:- ਉਹ ਹੁਕਮ ਹੈ ਪਰਮੇਸ਼ੁਰ ਦਾ ਨਾਮ ਜੋ ਗੁਰੂ ਨੇ ਦੱਸ ਦਿੱਤਾ ਹੈ। ਯਥਾ:-

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ (ਸਿਰੀ ਰਾਗੁ ਮ:੧)

ਨਾਮ ਕੂੜ ਦੀ ਮੈਲ ਦੂਰ ਕਰਦਾ ਹੈ। ਕੂੜ ਦੀ ਮੈਲ ਦੂਰ ਹੋਣੀ ਜਾਂ ਕੂੜ ਦੀ ਪਾਲ ਟੁੱਟਣੀ ਇਕੋ ਗੱਲ ਹੈ। ਜਿਸ ਸਾਧਨ ਨਾਲ ਕੂੜ ਦੀ ਮੈਲ ਦੂਰ ਹੋਵੇਗੀ ਉਹੋ ਸਚਿਆਰ ਬਣਾ ਦੇਵੇਗਾ, ਉਹ ਹੈ ਨਾਮ। ਯਥਾ:

ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ॥ (ਵਾਰ ਰਾਮ: ਮ: ੩-੯)

ਅਰਥਾਤ ਕੂੜ ਦੀ ਮੈਲ (ਯਾ ਪਾਲ) ਨਾਮ ਨਾਲ ਦੂਰ ਹੁੰਦੀ ਹੈ, ਪਾਲ ਦੂਰ ਹੋਣ ਨਾਲ ਸਚਿਆਰ ਬਣੀਦਾ ਹੈ, ਤਾਂਤੇ ਨਾਮ ਨੂੰ ਜਪਕੇ ਜੀਵ ਸਚਿਆਰ ਹੁੰਦਾ ਹੈ। ਫਿਰ ਪੰਚਮ ਗੁਰੂ ਜੀ ਦੱਸਦੇ ਹਨ ਕਿ ਇਹ ਨਾਮ ਸਿਮਰਨ ਦਾ ਹੁਕਮ ਤੇਰੇ ਮਨ ਤੇ ਤਨ ਵਿਚ ਧੁਰੋਂ ਲਿਖਿਆ ਹੋਇਆ ਹੈ, ਯਥਾ:-

ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ॥ (ਗਉ: ਮ: ੫-੧੬੬)

ਹੁਕਮ ਤੇ ਹੁਕਮੀ

ਇਸ ਪ੍ਰਮਾਣ ਤੋਂ ਸਮਝ ਪਈ ਕਿ 'ਨਾਮ ਸਿਮਰਨ' ਹੁਕਮ ਹੈ, ਇਹ ਧੁਰੋਂ ਲਿਖਿਆ ਹੋਇਆ ਹੈ[1]। ਇਸੇ ਨੇ ਕੂੜ ਦੀ ਪਾਲ ਤੋੜਨੀ ਹੈ। ਇਸੇ ਨੇ ਸਚਿਆਰ ਬਣਾ ਦੇਣਾ ਹੈ।

'ਹੁਕਮ' ਤਾਂ ਇਕੋ ਹੈ, ਪਰ ਸਮਝਣੇ ਲਈ ਇਸ ਦੇ ਕਈ ਪਹਿਲੂ ਹਨ:-

੧. ਹੁਕਮ ਹੁਕਮੀ ਦੀ 'ਨਿਜ ਅਨੰਤ ਚੇਤਨਾ' ਹੋਣ ਕਰਕੇ ਉਸ ਨਾਲ ਅਭੇਦ ਹੈ ਤੇ ਉਸੇ ਵਾਂਙ ਬੇਅੰਤ ਹੈ ਤੇ ਅਕੱਥ ਹੈ। ਯਥਾ:-

ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ॥ (ਮਾਰੂ: ਵਾਰ ਮ: ੧-੧੧)

ਹੁਕਮੁ ਨ ਕਹਿਆ ਜਾਈ॥ (ਜਪੁਜੀ-੨)

੨. ਇਹ ਹੁਕਮ ਸਤਜ ਸਰੂਪ ਵਿਚ ਸਤਜ ਸਰੂਪ ਹੈ:

ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥ (ਵਾਰ ਆਸਾ ਮ: ੧-੨)

ਪੁਨਾ:- **ਸਚੇ ਤੇਰੇ ਕਰਣੇ ਸਰਬ ਬੀਚਾਰ॥** (ਵਾਰ ਆਸਾ ਮ: ੧-੨)

---

੧ 'ਲਿਖਿਆ ਨਾਲਿ' ਤੋਂ 'ਮਨਿ ਤਨਿ ਧੁਰਿ ਲਿਖਿਆ' ਦੀ ਸਮਿਲਤਤਾ ਪ੍ਰਤੱਖ ਹੈ।

www.sikhbookclub.com

ਹੁਕਮ ਤੇ ਵਿਸ਼੍ਵ

੩. ਇਹ ਹੁਕਮ ਇਕ ਤੋਂ ਅਨੇਕਤਾ ਰਚਦਾ ਹੈ, ਅਰਥਾਤ ਸ੍ਰਿਸ਼ਟੀ ਰਚਦਾ ਹੈ:

ਹੁਕਮੀ ਹੋਵਨਿ ਆਕਾਰ.....॥ (ਜਪੁਜੀ-੨)

ਹੁਕਮੀ ਸਗਲ ਕਰੇ ਆਕਾਰ॥ (ਵਾਰ ਮਾਝ ਮ: ੨-੨੭)

ਹੁਕਮੀ ਸ੍ਰਿਸਟਿ ਸਾਜੀਅਨੁ....॥ (ਵਾਰ ਗੂਜਰੀ ਮ: ੩-੨)

੪. ਸਾਜਕੇ ਹੁਕਮ ਹੀ ਸੰਭਾਲਦਾ ਹੈ:-

ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ॥ (ਵਾਰ ਮਾਝ ਮ: ੧-੧੫)

੫. ਹੁਕਮ ਹੀ ਵਿਸਰਜਨ ਕਰਦਾ ਹੈ:

ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ॥ (ਵਾਰ ਮਲਾਰ ਮ: ੧-੨੪)

ਹੁਕਮ ਤੇ ਜੀਵ

੬. ਮਨੁਖ ਦੇ ਅੰਦਰ ਜੋਤੀ ਸਰੂਪ ਦੀ ਜੋਤਿ ਅੰਸ਼ ਹੋਣ ਕਰਕੇ ਇਹ ਹੁਕਮ ਸਾਡੇ ਅੰਦਰ ਬੀ ਹੈ, ਮਾਨੋਂ ਇਹ ਹੁਕਮ ਸਾਡੇ ਅੰਦਰ ਲਿਖਿਆ ਹੈ, ਜੋ ਅੰਦਰੋਂ ਮੰਦਾ ਕਰਨ ਵੇਲੇ 'ਰੁਕ ਜਾਓ' ਦੀ ਸੈਨਤ ਦੇਂਦਾ ਹੈ, ਤੇ ਚੰਗਾ ਕਰਨ ਵੇਲੇ ਪ੍ਰਸੰਨਤਾ ਦੀ ਸੈਨਤ ਮਾਰਦਾ ਹੈ। ਇਸ ਨੂੰ ਸਮਝਕੇ ਅਭ੍ਯਾਸੀ ਚਉਪੜ ਦੇ ਵਾਂਗੂ ਚੰਗੇ ਦਾਉ ਢਾਲਦਾ ਤੇ ਆਪਾ ਸੁਆਰਦਾ ਹੈ। ਯਥਾ:-

ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ॥ (ਸੂਹੀ ਕਬੀਰ-੪)

ਜੋ ਇਸ ਹੁਕਮ ਨੂੰ ਪਛਾਣਦਾ ਹੈ ਉਹ ਸਾਂਈਂ ਦੇ ਭਉ ਵਿਚ ਅਵਗੁਣ ਛੋੜਦਾ ਤੇ ਸ਼ੁਭ ਗੁਣ ਸੰਗ੍ਰਹ ਕਰਦਾ ਹੈ:-

ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥

ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥ (ਤਿਲੰਗ ਮ: ੧ ਅਸਟ:-੧)

ਇਸ ਹੁਕਮ ਦੀ ਬ੍ਰੀਕ ਆਵਾਜ਼ ਜੀਵ ਨੇ ਆਪ ਆਪਣੇ ਅੰਦਰ ਸੁਣਨੀ ਹੈ।

੭. ਫਿਰ ਇਸ 'ਅੰਦਰ ਲਿਖੇ ਹੁਕਮ' ਦਾ ਇਕ ਪਹਿਲੂ ਹੋਰ ਹੈ, ਜਿਸ ਦੀ ਪਛਾਣ ਗੁਰੂ ਦੱਸਦਾ ਹੈ, ਉਹ ਹੈ ਨਾਮ ਸਿਮਰੋ। ਯਥਾ:-

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ (ਸਿਰੀ ਮ: ੧)

ਹੁਕਮੁ ਜਿਨਾ ਨੋ ਮਨਾਇਆ॥ ਤਿਨ ਅੰਤਰਿ ਸਬਦੁ ਵਸਾਇਆ॥ (ਸਿਰੀ: ਮ: ੧)

੮. ਹੁਕਮ ਕਿਥੇ ਹੈ?

ਉਤਰ:ਇਹ ਨਾਮ ਸਿਮਰਣ ਦਾ ਹੁਕਮ ਅੰਦਰ ਧੁਰ (ਡੂੰਘੇ ਥਾਉਂ) ਲਿਖਿਆ ਪਿਆ ਹੈ, ਯਥਾ:- **ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ॥** (ਗਉ: ਮ: ੫-੧੬੬)

ਅਰਥਾਤ ਤਨ ਤੇ ਮਨ ਵਿਚ ਧੁਰ (ਡੂੰਘੇ ਥਾਉਂ) ਇਹ ਹੁਕਮ ਅੰਕਤ ਹੈ। ਡੂੰਘੇ ਥਾਉਂ ਹੋਣ ਕਰਕੇ ਗੁਰੂ ਇਸ ਦਾ ਪਤਾ ਦੇਂਦਾ ਹੈ। ਜੇ 'ਧੁਰਿ' ਦਾ ਅਰਥ 'ਧੁਰ ਦਰਗਾਹੋਂ' ਕਰੀਏ, ਤਦ ਬੀ ਪਤਾ ਗੁਰੂ ਹੀ ਦੇਂਦਾ ਹੈ:

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ (ਸਿਰੀ: ਮ: ੧)

੯. ਹੁਕਮ ਬੁੱਝੇ ਬਿਨਾ ਜੀਵ ਦੁਖੀ ਹੈ:-

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ॥ (ਆਸਾ ਮ: ੫-੧੧੯)

੧੦. ਫਿਰ ਹੁਕਮ ਸਾਡੇ ਕਰਮਾਂ ਅਨੁਸਾਰ ਦੁਖ ਸੁਖ ਦਾ ਲਿਖਾਰੀ ਹੈ:-

ਨਾਨਕ ਹੁਕਮੀ ਲਿਖੀਐ ਲੇਖੁ॥ (ਵਾਰ ਆਸਾ ਮ: ੧-੭)

ਹੁਕਮਿ ਚਲਾਏ ਆਪਣੇ ਕਰਮੀ ਵਹੈ ਕਲਾਮ॥ (ਸਾਰੰਗ ਵਾਰ ਮ: ੧-੯)

www.sikhbookclub.com

੧੧. ਹੁਕਮ[1] ਕਲਜਾਨ ਕਰਤਾ ਹੈ:-

ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ॥ (ਸਿਧ ਗੋਸਟਿ-੨੩)

ਹੁਕਮ ਬਿਸਮਾਦ ਹੈ, ਹੁਕਮੀ ਬਿਸਮਾਦ ਹੈ। ਬਿਸਮਾਦ ਵਿਚ ਪਹੁੰਚ ਕੇ ਜਦ ਦੋਹਾਂ ਨੂੰ ਪਛਾਣ ਲਵੇ ਉਹ ਜੀਵ ਤੇ ਬ੍ਰਹਮ ਦੇ ਮੇਲ ਦੀ ਜੁਗਤਿ ਨੂੰ ਜਾਣ ਲੈਂਦਾ ਹੈ। ਇਸ ਦਾ ਅਰਥ ਇਉਂ ਬੀ ਕਰਦੇ ਹਨ:- ਹੁਕਮ ਵਿਸਮਾਦ ਹੈ, ਹੁਕਮ ਦੁਆਰਾ ਪਛਾਣੀਦਾ ਹੈ, ਜੀਵਨ ਦੀ ਜੁਗਤਿ ਐਉਂ ਜਾਣ ਲਈਦੀ ਹੈ। ਭਾਵ ਉਹੋ ਹੀ ਰਹਿੰਦਾ ਹੈ ਕਿ ਹੁਕਮ ਕਲਜਾਨ ਕਰਤਾ ਹੈ।

'ਹੁਕਮ-ਰਜ਼ਾ':- ਹੈ ਤਾਂ 'ਹੁਕਮ' ਤੇ 'ਰਜ਼ਾ' ਇਕੋ ਹੀ ਗੱਲ। 'ਹੁਕਮੀ' ਤੇ 'ਰਜਾਈ' ਦੁਇ ਪਦ ਵਾਹਿਗੁਰੂ ਜੀ ਲਈ ਵਰਤੇ ਹਨ। ਕਿਉਂ ਏਥੇ 'ਹੁਕਮੀ' ਪਦ ਨਹੀਂ ਵਰਤਿਆ ਤੇ 'ਰਜਾਈ' ਪਦ ਵਰਤਿਆ ਹੈ? ਗ਼ਾਲਬਨ ਇਹ ਇਸ਼ਾਰਾ ਦੇਣ ਲਈ ਕਿ ਵਾਹਿਗੁਰੂ ਹੁਕਮ ਨਾਲ ਜੋ ਕੁਛ ਕਰਦਾ ਹੈ, ਉਹ ਸੁਤੰਤ੍ਰ ਅਪਣੀ ਰਜ਼ਾ ਅਰਥਾਤ ਮਰਜ਼ੀ ਨਾਲ ਕਰਦਾ ਹੈ, ਕਿਉਂਕਿ ਰਜ਼ਾ ਦਾ ਇਕ ਅਰਥ ਮਰਜ਼ੀ[2] ਹੈ। ਯਥਾ:

ਸੋ ਕਰੇ ਜਿ ਤਿਸੈ ਰਜਾਇ॥ (ਵਾਰ ਆਸਾ ਮ:੧-੨੪)

ਉਸ ਵਿਚ ਕਿਸੇ ਦੇ ਸਲਾਹ ਮਸ਼ਵਰੇ ਦੀ ਲੋੜ ਨਹੀਂ[3]।

ਦੂਸਰੇ ਉਹ ਰਜ਼ਾਈ ਹੈ, ਹੁਕਮ ਜਦ ਕਰਦਾ ਹੈ 'ਰਜ਼ਾਈ' ਹੁੰਦਾ ਹੈ ਤੇ ਹੁਕਮ ਦੇ ਕੇ ਬੀ 'ਰਜ਼ਾਈ' ਹੀ ਰਹਿੰਦਾ ਹੈ, ਅਰਥਾਤ ਪ੍ਰਸੰਨ ਰਹਿੰਦਾ ਹੈ, ਕਿਉਂਕਿ 'ਰਜ਼ਾ' ਦੇ ਮਾਅਨੇ 'ਪ੍ਰਸੰਨਤਾ' ਬੀ ਹਨ। ਪ੍ਰਸੰਨਤਾ ਵਿਚ ਕਟਾਖਜ ਇਹ ਹੈ ਕਿ ਹੁਕਮ ਦੇ ਕੇ ਉਹ ਵਿਕਾਰੀ ਯਾ ਲਿਪਾਇਮਾਨ ਨਹੀਂ ਹੋ ਜਾਂਦਾ, ਉਹ ਪ੍ਰਸੰਨ ਮੂਰਤੀ ਹਰ ਹਾਲ 'ਰਜ਼ਾਈ' ਹੈ ਅਰਥਾਤ ਪ੍ਰਸੰਨ ਯਾ ਅਨੰਦ ਹੈ।

'ਹੁਕਮ' ਤੇ 'ਰਜ਼ਾ' ਦਾ ਕੁਛ ਫਰਕ ਹੁਕਮ ਮੰਨਣ ਵਾਲੇ ਅਰਥਾਤ ਜੀਵ ਲਈ ਬੀ ਹੈ। ਜੋ ਅਵਸਥਾ ਭੇਦ ਕਿਹਾ ਜਾ ਸਕਦਾ ਹੈ। ਹੁਕਮ ਮੰਨਣਾ ਉਹ ਅਵਸਥਾ ਹੈ ਜਿਸ ਵੇਲੇ ਪਰਮੇਸ਼ੁਰ ਦੇ ਹੁਕਮ ਨੂੰ ਹੁਕਮ ਮੰਨਕੇ ਉਸ ਪੁਰ ਜੀਵ ਤੁਰਦਾ ਹੈ। ਰਜ਼ਾ ਮੰਨਣੀ ਉਹ ਹੈ ਕਿ ਸਾਈਂ ਦੀ ਖੁਸ਼ੀ ਨੂੰ ਪਛਾਣਦਾ ਤੇ ਪ੍ਰਸੰਨਤਾ ਵਿਚ ਆਉਂਦਾ ਹੈ। ਅਰਥਾਤ ਹੁਕਮ ਵਿਚ ਉਸ ਦੀ ਪ੍ਰਸੰਨਤਾ ਨੂੰ ਪਛਾਣਦਾ ਹੈ ਤੇ ਉਸ ਦੀ ਪ੍ਰਸੰਨਤਾ ਵਿਚ ਅਪਣੀ ਪ੍ਰਸੰਨਤਾ ਇਕ-ਸੂਰ ਕਰਦਾ ਹੈ। ਰਜ਼ਾ ਅਰਬੀ ਭਾਸ਼ਾ ਵਿਚ (ਪਰਮੇਸ਼ੁਰ ਦੀ) ਪ੍ਰਸੰਨਤਾ ਨੂੰ ਬੀ ਕਹਿੰਦੇ ਹਨ, ਸੋ ਹੁਕਮ ਦੇਣ ਵਾਲੇ ਅਰਥਾਤ ਪਰਮੇਸ਼ੁਰ ਦੀ ਜਿਸ ਗੱਲ ਵਿਚ ਪ੍ਰਸੰਨਤਾ ਹੈ, ਪ੍ਰੇਮੀ ਨੂੰ ਉਸੇ ਵਿਚ ਪ੍ਰਸੰਨਤਾ ਹੁੰਦੀ ਹੈ। ਜੈਸੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੀਆਂ ਮੀਰ ਨੂੰ ਕਿਹਾ ਸੀ ਕਿ ਜਿਸ ਨੂੰ ਤੁਸੀਂ ਸਾਡਾ ਖੇਦ ਕਹਿੰਦੇ ਹੋ, ਪਰਮੇਸ਼ੁਰ ਦੀ ਰਜ਼ਾ (ਪ੍ਰਸੰਨਤਾ) ਹੈ, ਉਸ ਦੀ ਪ੍ਰਸੰਨਤਾ ਵਿਚ ਸਾਨੂੰ ਪ੍ਰਸੰਨਤਾ ਹੈ। ਰਜ਼ਾ ਪੁਰ ਤੁਰਨੇ ਵਾਲੇ ਅਪਣੇ ਸੁਭਾਵ ਤੋਂ ਛੁਟਕੇ ਪਰਮੇਸ਼ੁਰ ਦੇ ਸੁਭਾਵ ਦੇ ਐਸੇ ਅਨੁਸਾਰੀ ਹੁੰਦੇ ਹਨ ਕਿ ਹੁਕਮੀ ਤੇ ਹੁਕਮ ਮੰਨਣ ਵਾਲੇ ਵਿਚ ਪੂਰਨ ਪ੍ਰਸੰਨਤਾ ਹੀ ਪ੍ਰਸੰਨਤਾ ਹੋ ਜਾਂਦੀ ਹੈ। ਯਥਾ:- 'ਤੇਰਾ ਕੀਆ ਮੀਠਾ ਲਾਗੈ॥' (ਆਸਾ ਮ: ੫-੯੩)

ਨਿਰੁਕ੍ਤ- ਸੋਚੈ=ਸੋਚ ਕਰਨੇ ਨਾਲ (ਸੁੱਚਮ ਯਾ ਪਵਿੱਤ੍ਰਤਾ ਕਰਨੇ ਨਾਲ)।

---

[1] ਹੁਕਮੁ=ਹੁਕਮ ਨੂੰ, ਹੁਕਮਿ=ਹੁਕਮੀ ਨੂੰ, ਜੀਅ=ਜੀਵ, ਸਚ=ਸਤਜ ਸਰੂਪ, ਬ੍ਰਹਮ। ਜੁਗਤਿ=ਯੁਕ੍ਤਿ=ਮਿਲਾਪ
(ਅ). ਅਵਸਥਾ, ਹਾਲਤ।

[2] 'ਮਰਜ਼ੀ' ਪਦ ਅਰਬੀ ਵਿਚ ਬਣਦਾ ਹੀ 'ਰਜ਼ਾ' ਤੋਂ ਹੈ।

[3] ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ॥
ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ॥
ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ॥ (ਸਿਰੀ: ਮ: ੧ ਅਸਟ:-੧)
ਪੁਨਾ-ਪੰਚਮ ਗੁਰੂ ਜੀ ਦਾ ਵਾਕ ਹੈ:-
ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥ (ਗੋਂਡ ਮ: ੫-੫)

 www.sikhbookclub.com

ਸੋਚੀ=ਸੌਚ ਕਰਾਂ, ਭਾਵ ਸਰੀਰ ਦੀ ਪਵਿਤ੍ਰਤਾ ਕਰਾਂ। (ਸੰਸ:, ਸ਼ੌਚ=ਜਲ ਮਿੱਟੀ ਆਦਿ ਨਾਲ ਪਵਿਤ੍ਰਤਾ ਕਰਨੀ; ਸ਼ੁਚਿ=ਪਵਿਤ੍ਰਤਾ)।

ਪ੍ਰਮਾਣ-ਸੋਚ ਕਰੈ ਦਿਨਸੁ ਅਰੁ ਰਾਤਿ॥ ਮਨ ਕੀ ਮੈਲੁ ਨ ਤਨ ਤੇ ਜਾਤਿ॥ (ਗਉ:ਮ:੫ ਸੁਖਮਨੀ-੩-੩)

(ਅ) **ਸੋਚੈ**=ਸੋਚ ਕਰਨੇ ਨਾਲ। ਮਾਨਸਿਕ ਵੀਚਾਰ ਮਾਤ੍ਰ ਦੇ ਕਰਨੇ ਨਾਲ। ੧੯੨੫ ਬਿ: ਤੋਂ ਪਹਿਲੇ 'ਸੋਚੈ' ਦਾ ਅਰਥ 'ਮਨ ਦੀ ਵੀਚਾਰ ਨਾਲ' ਕੀਤਾ ਜਾਂਦਾ ਰਿਹਾ ਹੈ। ਸੋਚਣਾ=ਵੀਚਾਰ ਕਰਨਾ। ੧੯੫੨ ਵਿਚ 'ਪਵਿਤ੍ਰਤਾ ਕਰਨੇ ਨਾਲ' ਅਰ 'ਸੰਸਾ ਕਰਨੇ ਨਾਲ' ਅਰਥ ਕੀਤੇ ਗਏ। ਫਿਰ ੧੯੯੯ ਵਿਚ ਭਾਈ ਸੰਤੋਖ ਸਿੰਘ ਦੇ ਲਿਖੇ ਗਰਬ ਗੰਜਨੀ ਟੀਕੇ ਵਿਚ 'ਜਲ ਮ੍ਰਿਤਕਾ ਆਦਿ ਤੋਂ ਜੋ ਸ਼ੌਚ ਕੀਤੀ ਜਾਵੇ' ਅਰਥ ਕੀਤੇ ਗਏ। ਇਸ ਤੋਂ ਮਗਰੋਂ ਪੰਡਤ ਟੀਕਾਕਾਰਾਂ ਨੇ ਦੁਇ ਅਰਥ ਐਉਂ ਮਿਲਾ ਲਏ:(ਕੇਵਲ) ਸੋਚ (ਵੀਚਾਰ) ਮਾਤ੍ਰ ਦੇ ਕਰਨ ਨਾਲ ਮਨ ਦੀ ਸ਼ੌਚ (=ਪਵਿਤ੍ਰਤਾ) ਨਹੀਂ ਹੋ ਸਕਦੀ, (ਭਾਵ-ਪਵਿਤ੍ਰਤਾ ਦੇ ਕਰਮ 'ਨਾਮ ਜਪ' ਆਦਿ ਦੇ ਕਰਨ ਨਾਲ ਹੀ ਪਵਿਤ੍ਰਤਾ ਹੁੰਦੀ ਹੈ)। ਅਥਵਾ (ਇਸ਼ਨਾਨ ਆਦਿਕ ਸਰੀਰ ਦੀ) ਪਵਿਤ੍ਰਤਾ ਦੇ ਕਰਨੇ ਨਾਲ (ਮਨ ਦੀ) ਪਵਿਤ੍ਰਤਾ ਨਹੀਂ ਹੋ ਸਕਦੀ, ਤੁਸੀਂ ਭਾਵੇਂ ਲੱਖਾਂ ਵਾਰ ਸੋਚ ਵੀਚਾਰ ਕਰਕੇ ਵੇਖ ਲਵੋ।

ਚੁਪੈ=ਚੁਪ ਕਰਨ ਨਾਲ, ਭਾਵ ਮੌਨ ਧਾਰਨ ਕਰਨੇ ਨਾਲ।

ਲਿਵ=(ਸੰਸ:,ਲਯ=ਲੀਨਤਾ, ਏਕਾਗ੍ਰਤਾ, ਸਮਾਈ, ਗੁੰਮਤਾ) ਬ੍ਰਿਤੀ ਦਾ ਇਕ ਰਸ ਪ੍ਰਵਾਹ। ੧. ਨਾਮ ਵਿਚ ਸੁਰਤ ਦਾ ਲਗਾਉ ਯਾ ਪ੍ਰਵਾਹ ਜੋ ਹੋਰ ਭਾਵਾਂ ਵਲ ਨਾ ਜਾਵੇ। ਗੁਰੂ ਜੀ ਨੇ ਆਪ ਇਹ ਅਰਥ ਕੀਤਾ ਹੈ। ਯਥਾ:- **ਲਿਵ ਲਾਗੀ ਨਾਮਿ ਤਜਿ ਦੂਜਾ ਭਾਉ॥** (ਬਸੰਤ ਮ: ੧-੫)

੨. ਨਾਮ ਦੇ ਇਕ ਰਸ ਪ੍ਰਵਾਹ ਦੁਆਰਾ ਵਾਹਿਗੁਰੂ ਵਿਚ ਜੁੜ ਜਾਣਾ, ਯਥਾ:-

ਲਿਵ ਲਾਇ ਹਰਿ ਸਿਉ ਰਹੀ ਗੋਇਲਿ ਸਹਜਿ ਸਬਦਿ ਸੀਗਾਰੀਆ॥ (ਬਿਲਾ: ਮ: ੧ ਛੰਤ-੧)

ਅਰਥਾਤ-ਸਬਦਿ (ਨਾਮ ਦੁਆਰਾ) ਸਹਿਜੇ ਹੀ ਸੀਂਗਾਰੀ ਜਾ ਕੇ ਗੋਇਲ (ਜਗਜਾਸੂ ਇਸਤ੍ਰੀ) ਹਰੀ ਨਾਲ ਲਿਵ ਧਾਰੀ ਹੋ ਗਈ।

੩. ਬਿੱਲੀ ਜਾਂ ਬਗਲੇ ਦੇ ਆਪਣੇ ਸ਼ਿਕਾਰ ਲਈ ਨਿਹਚਲ ਜੁੜ ਬੈਠਣ ਨੂੰ ਬੀ ਲਿਵ ਲਿਖਿਆ ਹੈ। ਜਦੋਂ ਓਹ ਸਰੀਰ ਕਰਕੇ ਚੁੱਪ ਹੁੰਦੇ ਹਨ, ਪਰ ਮਨ ਵਿਚ ਚੂਹੇ ਤੇ ਮੱਛੀ ਦੀ ਵਾਸ਼ਨਾ ਬੋਲ ਰਹੀ ਹੁੰਦੀ ਹੈ। ਯਥਾ:- **ਠਗ ਦਿਸਟਿ ਬਗਾ ਲਿਵ ਲਾਗਾ॥** (ਪ੍ਰਭਾ: ਬੇਣੀ)

ਲਿਵ ਤਾਰ= ਤੇਲ ਦੀ ਧਾਰਾ ਵਾਂਙੂ ਬ੍ਰਿਤੀ ਦਾ ਪ੍ਰਵਾਹ। ਇਕ ਰਸ ਲਗਾਉ ਯਾ ਲੀਨਤਾ ਸਾਂਈਂ ਵਿਚ। ਯਥਾ:- **ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ॥** (ਬਿਲਾ: ਮ: ੧ ਥਿਤੀ)

ਪਰ ਇਥੇ 'ਵਾਸ਼ਨਾ ਰੁਕਕੇ ਨਾਮ ਦੇ ਪ੍ਰਵਾਹ ਵਿਚ ਮਗਨ ਹੋਣਾ' ਭਾਵ ਨਹੀਂ, ਪਰ ਉਪਰ ਦਿਤੇ ਅੰਕ ੩ ਦੇ ਅਰਥਾਂ ਵਿਚ ਜੋ ਭਾਵ ਹੈ ਉਹ ਇਸ ਪਹਿਲੀ ਪਉੜੀ ਵਿਚ ਵਰਤਿਆ ਹੈ: 'ਜੇ ਲਾਇ ਰਹਾ ਲਿਵਤਾਰ॥' ਅਰਥਾਤ (ਬਗਲੇ ਵਾਂਙੂ ਚਾਹੇ) ਲਿਵ ਦੀ ਤਾਰ ਬੰਨ੍ਹਕੇ (ਖੜਾ ਰਹਾਂ) ਚੁਪ ਨਹੀਂ ਹੋਣੀ, ਕਿਉਂਕਿ ਅੰਦਰ ਵਾਸ਼ਨਾ ਤ੍ਰਿਸ਼ਨਾ ਹੈ ਤੇ ਧਯਾਨ ਅਤੀਤ ਹੋਕੇ ਸਾਂਈਂ ਵਿਚ ਨਹੀਂ ਜੁੜ ਰਿਹਾ ਹੈ।

ਭੁਖਿਆ=ਭੁੱਖਿਆਂ ਰਹਿਣੇ ਨਾਲ ਭਾਵ ਬ੍ਰਤ ਧਾਰਨ ਕਰਨੇ ਨਾਲ। (ਅ) ਭੁਖਿਆ ਦਾ ਅਰਥ 'ਭੁੱਖਿਆਂ ਰਹਿਣ ਨਾਲ' ਦੀ ਥਾਂ 'ਭੁੱਖੇ ਰਹਿਣ ਵਾਲੇ' ਬੀ ਕਰ ਲੈਂਦੇ ਹਨ। 'ਭੁਖਿਆ' ਦਾ ਅਰਥ 'ਭੁੱਖੇ ਰਹਿਣ ਵਾਲੇ' ਅਰਥਾਤ 'ਤ੍ਰਿਸ਼ਨਾਲੂ' ਕਰਨ ਨਾਲ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਅਕਾਂਡ ਪ੍ਰਕਥਨ ਦੋਖ ਆਉਂਦਾ ਹੈ। (ਅਕਾਂਡ ਪ੍ਰਕਥਨ ਦੋਸ਼:-ਪ੍ਰਥਮ ਕਰੈ ਬਰਨਨ ਜਿਸ ਤਾਂਈਂ। ਬੀਚਹਿ ਬਰਨਹਿ ਔਰ ਬਨਾਈ।) ਭੁਖਿਆ ਦਾ ਅਰਥ 'ਤ੍ਰਿਸ਼ਨਾ ਆਸ਼ਕਤ ਰਹਿਣ ਨਾਲ' ਕੀਤਿਆਂ ਬੀ ਦੂਖਨ ਦੂਰ ਨਹੀਂ ਹੁੰਦਾ, ਕਿਉਂਕਿ ਤ੍ਰਿਸ਼ਨਾ ਦੇ ਵੱਸ ਰਹਿਣਾ ਕੋਈ ਸਾਧਨ ਨਹੀਂ ਹੈ, ਜੈਸੇ ਕਿ 'ਸੋਚ' ਤੇ 'ਚੁਪ' ਸਾਧਨ ਹਨ। ਤੁਕ ਦੇ ਅਰਥ ਕਠਨ ਹੋਣ ਕਰਕੇ ਹੋਰ ਬੀ ਐਉਂ ਜਤਨ

www.sikhbookclub.com

ਗੁਣੀ ਜਨਾਂ ਵਲੋਂ ਹੋਏ ਹਨ:-

੧. ਭੁੱਖਿਆਂ ਰਹਿਣੇ ਨਾਲ ਤ੍ਰਿਸ਼ਨਾਂ ਨਹੀਂ ਹਟਦੀ, (ਤੇ) ਜੇ ਪੁਰੀਆਂ ਦੇ ਪਦਾਰਥ ਪ੍ਰਾਪਤ ਕਰ ਲਵਾਂ ਤਾਂ ਬੀ ਦੂਰ ਨਹੀਂ ਹੁੰਦੀ।

੨. ਭੁੱਖਿਆਂ ਰਹਿਣੇ ਨਾਲ ਤ੍ਰਿਸ਼ਨਾ ਨਹੀਂ ਮਿਟਦੀ, (ਇਹ ਤਾਂ ਮਿਟਦੀ ਹੈ ਜੇ) ਚੌਦਾਂ ਹੀ ਪੁਰੀਆਂ ਦੇ ਪਦਾਰਥਾਂ ਤੋਂ ਮਨ ਨੂੰ ਬੰਨ੍ਹ ਲਵਾਂ--ਰੋਕ ਲਵਾਂ-ਭਾਵ ਵੈਰਾਗ ਕਰਾਂ!

੩. ਪਰਮਾਤਮਾਂ ਦੇ ਮਿਲਣ ਦੀ ਭੁੱਖ ਭੁੱਖਿਆਂ ਰਹਿਣ ਨਾਲ ਨਹੀਂ ਦੂਰ ਹੁੰਦੀ, ਚਾਹੇ ੧੪ ਲੋਕਾਂ ਦੇ ਪਦਾਰਥ ਤਿਆਗ ਦਿਆਂ। ਇਸ ਤੇ ਪਹਿਲੇ ਅਰਥ ਵਿਚ 'ਬੰਨਾ' ਦਾ ਅਰਥ ਤਜਾਗ ਦਿਆਂ ਯਾ ਰੋਕ ਲਵਾਂ ਖਿੱਚ ਨਾਲ ਲਾਉਣੇ ਪੈਂਦੇ ਹਨ। ਉਂਞ ਜੇ ਕੋਈ 'ਸਾਂਈਂ ਮਿਲਣ ਦੀ ਭੁੱਖ ਲੈ ਕੇ' ਬ੍ਰਤ ਧਾਰਨ ਕਰਦਾ ਹੈ ਤਾਂ ਉਸ ਭੁੱਖ ਦਾ ਤ੍ਰਿਪਤ ਹੋਣਾ ਖ਼ੁਰਾਕ ਵਲੋਂ ਭੁੱਖੇ ਰਹਿਣਾ ਨਹੀਂ, ਉਹ ਤਾਂ ਸਰੀਰ ਨੂੰ ਕ੍ਰਿਸ਼ਜ ਕਰੇਗੀ! ਉਸ ਦਾ ਦਾਰੂ ਹੈ:--

ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੈ ਖਾਹਿ ਚਲੀਅਹਿ ਦੂਖ॥ (ਆਸਾ ਮ: ੧)

ਇਹ ਤਾਂ ਭੁਖ ਹੀ ਦਾਰੂ ਹੈ ਤੇ ਮੁਬਾਰਕ ਹੈ:-

ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ॥ (ਗਉ:ਮ:੫,ਸੁਖ: ੩-੫)

ਸਿਆਣਪ= (ਪ੍ਰਾਕ੍ਰਿਤ, ਸਜਾਣ; ਪੰਜਾਬੀ, ਸਿਆਣ; ਸਿਆਣਪ)! ਸਿਆਣਪ ਦਾ ਭਾਵ ਹੈ ਬੁਧਿ ਦਾ ਚਮਤਕਾਰ, ਚਾਹੇ ਉਹ ਮਨ ਦੀ ਆਪਣੀ ਚਤੁਰਾਈ ਦਾ ਹੈ, ਚਾਹੇ ਸ਼ਾਸਤ੍ਰ ਦੇ ਵੀਚਾਰ ਦਾ, ਚਾਹੇ ਵਿਦਵਾਨ ਤੇ ਚਤੁਰ ਪੁਰਖਾਂ ਦੀ ਸੁਹਬਤ ਤੋਂ ਸਿਖਿਆ ਹੋਇਆ। ਇਸ ਵਿਚ ਹੋਰ ਬੁਧਿ ਦੇ ਸਾਧਨ ਜੋ ਸਾਂਈਂ ਪ੍ਰਾਪਤੀ ਲਈ ਲੋਕੀ ਕਰ ਰਹੇ ਹਨ ਆ ਗਏ।

ਸਹਸ ਸਿਆਣਪ ਨਹ ਮਿਲੈ ਮੇਰੀ ਜਿੰਦੁੜੀਏ ਜਨ ਨਾਨਕ ਗੁਰਮੁਖਿ ਜਾਤਾ ਰਾਮ॥

(ਬਿਹਾ: ਮ: ੪, ਛੰਤ ੬)

ਸੰਜਮ ਸਹਸ ਸਿਆਣਪਾ ਪਿਆਰੇ ਇਕ ਨ ਚਲੀ ਨਾਲਿ॥ (ਸੋਰਠਿ ਮ: ੫, ਅਸਟ: ੨)

ਸਚਿਆਰ= (ਸਤਜ+ਆਕਾਰ। ਜਿਸ ਦਾ ਸਰੂਪ ਹੀ ਸਤਜ ਹੈ)।

੧. ਸਤਜ ਸਰੂਪ ਪਰਮਾਤਮ ਦੇਵ। ਯਥਾ:

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥ (ਜਪੁਜੀ-੩)

੨. ਓਹ ਸਤਿ ਪੁਰਖ ਜੋ ਕੂੜ ਦੀ ਪਾਲ ਟੁੱਟਣ ਨਾਲ ਸਤਜ ਸਰੂਪ ਨੂੰ ਪ੍ਰਾਪਤ ਹੋ ਜਾਵੇ। ਯਥਾ:-

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ (ਜਪੁਜੀ)

ਤਥਾ:-- **ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ॥**
ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ॥ (ਰਾਮ: ਮ: ੧ ਦ: ਓਅੰ: ੪੮)

੩. ਸਚ ਧਾਰਨ ਕਰਨ ਵਾਲਾ। ਸਚਾ ਪੁਰਖ। ਯਥਾ:-

ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ॥ (ਸਿਰੀ: ਵਾਰ ਮ:੪-੧੬)

੪. ਸਚ ਬੋਲਣ ਵਾਲਾ ਪਰ ਜਿਸ ਨੂੰ ਆਪਣੇ ਸਚ ਤੇ ਮਾਣ ਤੇ ਅਹੰਕਾਰ ਹੈ। ਯਥਾ:-

ਹਉ ਵਿਚਿ ਸਚਿਆਰੁ ਕੂੜਿਆਰੁ॥ (ਵਾਰ ਆਸਾ ਮ: ੧-੭)

ਪਾਲਿ= (ਸੰਸਕ੍ਰਿਤ, ਪਾਲਿ)। ੧. ਪਾਣੀ ਦੇ ਰੋਕਣ ਲਈ ਉਸਾਰਿਆ ਬੰਨ੍ਹ। ੨. ਹੱਦ, ਰੋਕ ਥਾਮ। ੩. ਕਤਾਰ, ਪੰਕਤੀ। ੪. ਕੰਧ ਬੀ ਅਰਥ ਕਰਦੇ ਹਨ। ਭਾਵ ਹੈ ਆਵਰਣ ਤੋਂ ਜੋ ਵਾਹਿਗੁਰੂ ਦੀ ਲੱਖਤਾ ਨਹੀਂ ਹੋਣ ਦੇਂਦਾ। ਉਹ ਹੈ- ਹਉਮੈ।

ਅਗਲੀ ਪਉੜੀ ਤੋਂ ਪਤਾ ਲਗਦਾ ਹੈ ਕਿ 'ਕੂੜ ਦੀ ਪਾਲਿ' ਹਉਮੈ' ਹੈ।

(ਸੋਰਠ ਮ: ੫-੬੧)

ਪੁਨਾ: **ਹਉ ਹਉ ਭੀਤਿ ਭਇਓ ਹੈ ਬੀਚੋ॥**

ਰਜਾ= (ਅ਼ਰਬੀ, ਰਜੁ= ਖੁਸ਼ ਹੋਣਾਂ ਤੋਂ ਪਦ 'ਰਜ਼ਾ' ਯਾ 'ਰਿਜੁ' ਬਣਦਾ ਹੈ। 'ਰਜਾ' = ਖ਼ੁਸ਼ੀ ਹੋਣ ਦੀ ਹਾਲਤ, ਖੁਸ਼ੀ, ਪ੍ਰਸੰਨਤਾ)।

੧. ਆਮ ਪੰਜਾਬੀ ਤੇ ਗੁਰਬਾਣੀ ਵਿਚ 'ਰਜ਼ਾ' ਪਦ ਨੂੰ 'ਈ' ਲਾ ਕੇ 'ਰਜਾਈ' ਦਾ ਅਰਥ ਆਗਿਆ ਦੇਣ ਵਾਲਾ, ਹੁਕਮ ਕਰਨ ਵਾਲਾ ਕੀਤਾ ਜਾਂਦਾ ਹੈ। ਅਰਥਾਤ ਪਰਮੇਸ਼ੁਰ, ਰਜ਼ਾ ਵਾਲਾ ਪਰਮੇਸ਼ੁਰ। ਯਥਾ:-

ਤਾਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ॥੩॥
ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥.....॥੪॥ (ਆਸਾ ਮ: ੧-੨੦)

ਇਸ ਪਉੜੀ ਵਿਚ ਰਜ਼ਾ ਵਾਲਾ 'ਪਰਮੇਸ਼ੁਰ' ਹੀ ਅਰਥ ਲਗਦਾ ਹੈ।

੨. 'ਈ' ਪ੍ਰਤੇ ਪੰਜਾਬੀ ਦਾ ਲਾ ਕੇ 'ਰਜਾਈ' ਬਣਾਇਆ ਤਾਂ ਅਰਥ ਹੋਇਆ ਪ੍ਰਸੰਨਤਾ ਵਾਲਾ ਹੋ ਕੇ, ਖ਼ੁਸ਼ੀ ਨਾਲ ਮੰਨ ਲੈਣ ਵਾਲਾ ਹੋਕੇ। ਗੁਰਬਾਣੀ ਵਿਚ ਇਸ ਅਰਥ ਦਾ ਵਰਤਾਉ ਬੀ ਆਇਆ ਹੈ, ਯਥਾ:

ਜੈਸੇ ਸਚ ਮਹਿ ਰਹਉ ਰਜਾਈ॥ (ਬਿਲਾ: ਮ: ੧-੧)

੩. ਇਸ ਪਦ ਦਾ ਅਰਥ ਕਿਤੇ 'ਰਜ਼ਾ ਵਿਚ' ਬੀ ਲਗਦਾ ਹੈ, ਯਥਾ:-

ਨਾਨਕ ਰਹਣੁ ਰਜਾਈ॥ (ਜਪੁਜੀ-੨੭) ਰਜ਼ਾ ਵਿਚ ਰਹਿਣਾ (ਬਣਦਾ) ਹੈ।

ਯਾਦ ਰਹੇ ਰਜ਼ਾ ਪਦ ਅਰਬੀ ਦਾ ਹੈ ਪਰ ਰਜਾਈ ਪਦ 'ਰਜ਼ਾ' ਤੋਂ ਪੰਜਾਬੀ ਨੇ ਬਣਾਇਆ ਹੈ।

ਗੁਰਬਾਣੀ ਵਿਚ 'ਰਜਾਇ' ਪਦ ਬੀ ਆਯਾ ਹੈ, ਓਥੇ ਭਾਵ ਰਜ਼ਾ ਤੋਂ ਹੀ ਹੁੰਦਾ ਹੈ। ਯਥਾ:-

ਸੋ ਕਰੇ ਜਿ ਤਿਸੈ ਰਜ਼ਾਇ॥ (ਵਾਰ ਆਸਾ ਮ: ੧-੨੪)

ਪੁਨਾ:- **ਰਬ ਕੀ ਰਜਾਇ ਮੰਨੇ ਸਿਰ ਉਪਰਿ....॥** (ਵਾਰ ਮਾਝ ਮ: ੧-੮)

(ਪਉੜੀ ੨)

ਪ੍ਰਾਕ੍ਕਥਨ- ਇਹ ਸੁਣਕੇ ਸੁਤੇ ਹੀ ਪ੍ਰਸ਼ਨ ਹੁੰਦਾ ਹੈ ਕਿ 'ਹੁਕਮ' ਜੋ ਆਪ ਨੇ ਦੱਸਿਆ ਹੈ, ਕੀਹ ਵਸਤੂ ਹੈ? ਉਤਰ ਦੇਂਦੇ ਹਨ:-

ਮੂਲ	ਅਰਥ
ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥	(ਅਕੱਥ ਪਰਮਾਤਮਾਂ ਦਾ) ਹੁਕਮ ਕਥਨ ਨਹੀਂ ਕੀਤਾ ਜਾ ਸਕਦਾ (ਪਰ ਉਸ ਦਾ ਕਰਤੱਵ ਪ੍ਰਤੱਖ ਹੈ ਕਿ ਉਸ ਦੇ) ਹੁਕਮ ਨਾਲ ਆਕਾਰ (ਅਰਥਾਤ ਨਾ ਦਿੱਸਣ ਵਾਲੇ ਤੇ ਦਿੱਸਣ ਵਾਲੇ, ਸੂਰਤਾਂ ਵਾਲੇ, ਪਦਾਰਥ ਤੇ ਇਹ ਸੂਰਤ ਵਾਲਾ ਜਗਤ) ਰਚੇ ਜਾਂਦੇ ਹਨ।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥	(ਫਿਰ ਇਸ ਜਗਤ ਵਿਚ ਰਹਿਣ ਵਾਲੇ ਤੇ ਪਦਾਰਥਾਂ ਨੂੰ ਮਾਣਨ ਵਾਲੇ) ਜੀਵ (ਬੀ) ਹੁਕਮ ਨਾਲ ਹੀ ਰਚੇ ਜਾਂਦੇ ਹਨ। (ਉਸੇ ਦੇ) ਹੁਕਮ ਨਾਲ (ਜੀਵਾਂ ਨੂੰ) ਵਡਿਆਈ ਮਿਲਦੀ ਹੈ। ਹੁਕਮ ਨਾਲ ਹੀ (ਮਨੁਖਾਂ ਵਿਚ) ਉਤਮ ਤੇ ਨੀਚ ਹਨ, ਹੁਕਮ ਦੁਆਰਾ ਲਿਖੇ ਗਏ (ਲੇਖਾਂ ਅਨੁਸਾਰ) ਦੁਖ ਤੇ ਸੁਖ ਪਾਈਦਾ ਹੈ।
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥	ਇਕਨਾਂ ਨੂੰ (ਤਾਂ) ਹੁਕਮ ਨਾਲ ਬਖਸ਼ਿਸ਼ ਪ੍ਰਾਪਤ ਹੁੰਦੀ ਹੈ (ਤੇ) ਇਕ ਹੁਕਮ ਨਾਲ ਸਦਾ (ਜਨਮ ਮਰਨ ਦੇ ਚੱਕ੍ਰ ਵਿਚ) ਭੁਵਾਏ ਜਾਂਦੇ ਹਨ।
ਹੁਕਮੈ ਅੰਦਰਿ ਸਭੁ ਕੋ	ਸਭ ਕੋਈ ਹੁਕਮ ਦੇ ਵਿਚ ਹੈ, ਹੁਕਮ ਤੋਂ ਬਾਹਰ ਕੋਈ ਨਹੀਂ ਹੈ।

www.sikhbookclub.com

ਬਾਹਰਿ ਹੁਕਮ ਨ ਕੋਇ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੇ ਨ ਕੋਇ॥੨॥	ਜੇ (ਉਸ ਦੇ) ਹੁਕਮ ਨੂੰ (ਕੋਈ) ਸਮਝ ਲਵੇ ਤਾਂ ਹੇ ਨਾਨਕ! (ਫਿਰ ਉਹ) ਹਉਮੈ ਦਾ ਨਾਉਂ ਨਾ ਲਵੇਗਾ (ਅਰਥਾਤ ਉਸ ਦੀ ਹਉਂ ਟੁੱਟ ਜਾਏਗੀ, ਇਹ ਹਉਂ ਹੀ ਕੂੜੀ ਪਾਲਿ ਹੈ ਜੋ ਮਾਨੂੰ ਸਚਿਆਰ ਨਹੀਂ ਬਣਨ ਦੇਂਦੀ, ਹਉਂ ਟੁੱਟੀ ਤਾਂ ਸਚਿਆਰ ਹੋ ਗਿਆ[1])॥੨॥

ਵ੍ਯਾਖ੍ਯਾ— ਪਿਛਲੀ ਪਉੜੀ ਵਿਚ ਕਥੇ ਹੁਕਮ ਦੀ ਇਸ ਪਉੜੀ ਵਿਚ ਕੁਛ ਵ੍ਯਾਖ੍ਯਾ ਦੱਸੀ ਹੈ। ਪਹਿਲਾਂ ਤਾਂ ਦੱਸਦੇ ਹਨ ਕਿ ਹੁਕਮ ਅਕੱਥ ਹੈ। ਕਿਉਂਕਿ ਹੁਕਮ ਉਸ ਦੇ ਅਪਣੇ ਸਰੂਪ ਤੋਂ ਵੱਖਰੀ ਵਸਤੂ ਨਹੀਂ। ਜਿਵੇਂ ਹੁਕਮੀ ਸਾਡੀ ਸਮਝ ਤੋਂ ਪਰੇ ਹੈ, ਉਸ ਨੂੰ ਅਸੀਂ ਵਰਣਨ ਨਹੀਂ ਕਰ ਸਕਦੇ, ਤਿਵੇਂ ਅਸੀਂ ਹੁਕਮ ਦਾ ਵਰਣਨ ਬੀ ਨਹੀਂ ਕਰ ਸਕਦੇ। ਪਰ ਉਸ ਹੁਕਮ ਦੁਆਰਾ ਜੋ ਕੁਛ ਹੋ ਰਿਹਾ ਹੈ ਉਸ ਦਾ ਕੁਛ ਜ਼ਿਕਰ ਕਰਦੇ ਹਨ:-

ਹੁਕਮੀ ਨਿਰ ਆਕਾਰ ਹੈ; ਪਰ ਜਿਤਨੇ ਦ੍ਰਿਸ਼ਯ ਯਾ ਅਦ੍ਰਿਸ਼ਯ ਆਕਾਰ ਹਨ ਸਭ ਉਸ ਦੇ ਹੁਕਮ ਦੁਆਰਾ ਹੋਏ ਹਨ। ਫਿਰ ਜੀਵਾਂ ਦੀਆਂ ਅਨੇਕ ਸ਼੍ਰੇਣੀਆਂ ਹਨ। ਕੋਈ ਨੀਵੀਂਆਂ ਕੋਈ ਉੱਚੀਆਂ ਜਿਵੇਂ ਬਨਸਪਤੀ ਜੀਵਨ ਰੌ ਵਿਚ ਘਟੀਆ ਹੈ ਤੇ ਮਾਨੁਖ ਸਭ ਤੋਂ ਵਧੀਆ ਹੈ। ਸੋ ਇਹ ਵਡਿਆਈ ਤੇ ਛੁਟਿਆਈ ਹੁਕਮ ਦੁਆਰਾ ਹੋਈ ਹੈ। ਫੇਰ ਮਨੁਖ ਸ਼੍ਰੇਣੀ ਵਿਚ ਕੋਈ ਉਤਮ ਹਨ ਕੋਈ ਨੀਵੇਂ ਹਨ, ਇਹ ਬੀ ਹੁਕਮ ਦੁਆਰਾ ਹੈ। ਅਸੀਂ ਜੋ ਮਾਨੁਖੀ ਸਰੀਰ ਵਿਚ ਦੁਖ ਸੁਖ ਪਾ ਰਹੇ ਹਾਂ, ਓਹ (ਸਾਡੇ ਕੀਤੇ ਕਰਮਾਂ ਅਨੁਸਾਰ) ਹੁਕਮ ਨੇ ਹੀ ਲੇਖ ਲਿਖੇ ਹਨ[2]। ਹੁਕਮ ਦੁਆਰਾ ਹੀ ਸਦਾ ਜਨਮ ਮਰਨ (ਦੇ ਗੇੜ ਵਿਚ) ਭਵਾਈਦਾ ਹੈ ਤੇ ਹੁਕਮ ਦੁਆਰਾ ਹੀ ਬਖਸ਼ਿਸ਼ ਦਾ ਦਰ ਪ੍ਰਾਪਤ ਹੁੰਦਾ ਹੈ। ਹੁਕਮ ਇਤਨਾ ਬਲਵਾਨ ਹੈ ਕਿ ਸਾਰੇ ਉਸ ਹੁਕਮ ਦੇ ਹੇਠਾਂ ਹਨ, ਕੋਈ ਉਸ ਤੋਂ ਬਾਹਰ ਨਹੀਂ, ਜੈਸਾ ਕਿ ਧਰਤੀ, ਚੰਦ, ਸੂਰ, ਸਿਆਰੇ, ਸਤਾਰੇ ਸਭ ਰਚਨਾ ਹੁਕਮ ਵਿਚ ਟੁਰ ਰਹੀ ਹੈ। ਕੋਈ ਹੁਕਮ ਵਿਰੁਧ ਨਹੀਂ ਟੁਰ ਸਕਦਾ[3]। ਫਿਰ ਦੱਸਦੇ ਹਨ ਕਿ ਜੇ ਕੋਈ ਮਨੁਖ ਹੁਕਮ ਨੂੰ ਬੂਝ ਲਵੇ ਤਾਂ ਫਿਰ ਓਹ ਹਉਮੈ ਨਹੀਂ ਕਹੇਗਾ; ਭਾਵ ਉਸ ਦੀ ਹਉਮੈ ਦੂਰ ਹੋ ਜਾਵੇਗੀ। ਹੁਕਮ ਬੁੱਝਣ ਨਾਲ ਹਉਂ ਟੁੱਟਦੀ ਹੈ, ਹਉਂ ਹੀ ਕੂੜ ਦੀ ਪਾਲਿ ਹੈ। ਸੋ ਹੁਕਮ ਦਾ ਪਛਾਣੂ ਪਾਲਿ ਟੁੱਟਣ ਤੇ ਬਿਸਮਾਦ ਵਿਚ ਅੱਪੜਦਾ ਹੈ:-

ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ[4]॥ (ਸਿਧ ਗੋਸ਼ਟਿ-੨੩)

ਗੁਰਬਾਣੀ ਵਿਚ ਇਕ ਪਾਸੇ 'ਹੁਕਮ' ਦਾ ਜ਼ਿਕਰ ਹੈ ਦੂਜੇ ਪਾਸੇ 'ਕਰਮ' ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਦੋਹਾਂ ਦਾ ਸਮਾਧਾਨ ਗੁਰਬਾਣੀ ਤੋਂ ਐਉਂ ਕੁਛ ਖੁੱਲ੍ਹਦਾ ਹੈ:-

ਜੀਵ ਮਿਤ ਵਿਚ ਹਨ, ਹੁਕਮੀ ਅਮਿਤ ਹੈ। ਜੀਵ ਦੇਸ਼ ਕਾਲ ਵਸਤੂ ਨਾਲ ਬੱਝੇ ਹੋਏ ਹਨ, ਇਨ੍ਹਾਂ ਦਾ ਹੁਕਮ ਦੇਸ਼ ਕਾਲ ਵਾਲਾ ਹੈ। 'ਸਤ੍ਯ ਸਰੂਪ' ਦੇਸ਼ ਕਾਲ ਆਦਿ ਤੋਂ ਪਰੇ ਹੈ, ਉਸ ਦਾ ਹੁਕਮ ਬੀ ਪਰੇ ਹੈ। ਹੁਕਮ ਸਤ੍ਯ ਸਰੂਪ ਨਾਲ ਸਤ੍ਯ ਸਰੂਪ ਹੈ। ਯਥਾ:-

ਸਚੇ ਤੇਰੇ ਕਰਣੇ ਸਰਬ ਬੀਚਾਰ।....
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥ (ਵਾਰ ਆਸਾ ਮ: ੧-੨)

---

[1]ਜੈਸੇ ਕਿ ਤੀਸਰੀ ਪਾਤਸ਼ਾਹੀ ਨੇ ਫੁਰਮਾਇਆ ਹੈ:-
ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ॥ (ਵਾਰ ਰਾਮ: ਮ: ੩-੯)
[2] ਨਾਨਕ ਹੁਕਮੀ ਲਿਖੀਐ ਲੇਖੁ॥ (ਵਾਰ ਆਸਾ ਮ: ੧-੨)
ਪੁਨਾ:- ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ॥ (ਮਲਾਰ ਵਾਰ ਮ: ੧-੪)
ਪੁਨਾ:- ਹੁਕਮਿ ਚਲਾਏ ਅਪਣੈ ਕਰਮੀ ਵਹੈ ਕਲਾਮ॥ (ਸਾਰੰਗ ਵਾਰ ਮ: ੧-੯)
[3]ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ॥ (ਸਾਰੰਗ ਵਾਰ ਮ:੨-੧੬)
[4] ਜੀਅ=ਜੀਵ। ਸਚੁ=ਸਤ੍ਯ ਸਰੂਪ ਵਾਹਿਗੁਰੂ। ਜੁਗਤਿ=ਮਿਲਣੇ ਦੀ ਜਾਚ। ਤੁਕ ਦੇ ਅਰਥ ਪਿਛੇ ਆ ਚੁਕੇ ਹਨ; ਦੇਖੋ ਪੰਨਾ ੪੪।

ਪੁਨਾ:- **ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ॥** (ਵਾਰ ਮਾਝ ਮ: ੧-੧੩)

ਭਾਵੇਹ ਕਿ ਆਪ ਸਤਜ ਹੈ, ਹੁਕਮ ਬੀ ਸਤਜ ਹੈ। ਆਪ ਅਕੱਥ ਹੈ, ਹੁਕਮ ਬੀ ਅਕੱਥ ਹੈ। ਸੋ ਸਤਜ ਸਰੂਪ ਆਪ ਅਕੱਥ ਹੈ, ਇਸ ਕਰਕੇ ਉਸ ਦਾ ਹੁਕਮ ਬੀ ਕਹਿਆ ਨਹੀਂ ਜਾ ਸਕਦਾ। ਯਥਾ:-

ਹੁਕਮੁ ਨ ਜਾਪੀ ਕੇਤੜਾ.....॥ (ਸਾਰੰਗ: ਵਾਰ ਮ: ੧-੧੧)

ਪੁਨਾ:- **ਹੁਕਮੁ ਨ ਕਹਿਆ ਜਾਈ॥** (ਜਪੁਜੀ-੨)

ਜੀਵ ਸ਼੍ਰੇਣੀ ਦੇ ਹੁਕਮ ਨੂੰ ਸਤਜ ਸਰੂਪ ਦੇ ਹੁਕਮ ਦੀ ਤੁੱਲਤਾ ਦੇਕੇ ਇਹ ਆਖ ਦੇਣਾ ਕਿ ''ਪਰਮਾਤਮ ਦੇਵ ਵਿਚ ਜੇ 'ਹੁਕਮ' ਮੰਨੀਏ ਤਾਂ ਉਹ ਪਰਿਣਾਮੀ[੧] ਹੋ ਜਾਏਗਾ'', ਠੀਕ ਨਹੀਂ। ਕਿਉਂਕਿ ਉਸ ਦਾ ਸਰੂਪ, ਉਸ ਦੀ ਚੇਤਨਾ, ਉਸਦਾ ਹੁਕਮ ਤੇ ਵੀਚਾਰ, ਜੋ ਕੁਛ ਭੀ ਕਹੋ, ਦੇਸ਼ ਕਾਲ ਤੋਂ ਪਰੇ ਹੈ, ਤੇ ਇਨਸਾਨੀ ਸਮਝ ਤੋਂ ਅਗੰਮ ਹੈ, ਤਾਂ ਤੇ 'ਇਨਸਾਨ ਦਾ ਹੁਕਮ' 'ਅਨੰਤ ਦੇ ਹੁਕਮ' ਦੀ ਸਦਰਸ਼ਤਾ ਨਹੀਂ ਰਖਦਾ, ਇਹ ਹੁਕਮ ਅੰਤ ਵਾਲਾ ਹੈ, ਉਹ ਹੁਕਮ ਅਨੰਤ ਹੈ। ਕਿਉਂਕਿ ਹੁਕਮ ਅਨੰਤ ਦੀ ਅਪਣੀ ਚੇਤਨਾ ਹੈ ਕੋਈ ਵੱਖਰੀ ਵਸਤੂ ਨਹੀਂ, ਤਾਂ ਤੇ ਉਹ ਅਪਣੇ ਹੁਕਮ ਨਾਲ ਪਰਿਣਾਮੀ ਨਹੀਂ ਹੁੰਦਾ।

ਹੁਕਮ ਨੂੰ ਇਸ ਤਰ੍ਹਾਂ ਅਕੱਥ ਦੱਸਕੇ ਇਸ ਪਉੜੀ ਵਿਚ ਫਿਰ ਉਸ ਹੁਕਮ ਦੇ ਕਰਤਵਜ ਦੱਸੇ ਹਨ, ਫੇਰ ਹੁਕਮ ਸਭ ਤੇ ਹਾਵੀ ਦੱਸਿਆ ਹੈ। ਗੁਰਬਾਣੀ ਵਿਚ ਜਗ੍ਹਾ ਜਗ੍ਹਾ 'ਹੁਕਮ' ਦਾ ਜ਼ਿਕਰ ਆਉਂਦਾ ਹੈ, ਪਰ ਨਾਲ ਹੀ 'ਕਰਮ' ਦਾ ਜ਼ਿਕਰ ਬੀ ਆਉਂਦਾ ਹੈ। ਉਂਞ ਸਰਸਰੀ ਨਜ਼ਰੇ ਜਾਪਦਾ ਹੈ ਜੇ 'ਹੁਕਮ' ਹੈ ਤਾਂ 'ਕਰਮ' ਨਹੀਂ, ਜੇ 'ਕਰਮ' ਹੈ ਤਾਂ 'ਹੁਕਮ' ਦਾ ਕਿਹੜਾ ਥਾਉਂ? ਪਰ ਗੁਰਬਾਣੀ ਦੇ ਪਰ ਅਪਰ ਬੀਚਾਰਕੇ ਤੱਕੀਏ ਤਾਂ ਗੁਰੂ ਜੀ ਨੇ 'ਹੁਕਮੀ' ਤੇ 'ਹੁਕਮ' ਦਾ ਧ੍ਰਵਾ ਬੰਨ੍ਹਕੇ ਫੇਰ 'ਕਰਮਾਂ' ਨੂੰ ਬੀ ਲਿਆ ਹੈ, ਯਥਾ:-

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥ (ਗਉ: ਮ: ੧-੧੮)

ਪੁਨਾ:- **ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥** (ਆਸਾ ਮ: ੧ ਪਟੀ-੨੧)

ਪਰ ਗੁਰੂ ਜੀ ਨੇ ਕਰਮ ਨੂੰ ਅਟੁੱਟ[੨] ਨਹੀਂ ਮੰਨਿਆ। ਜੈਸਾ ਕਿ ਪੰਜਵੇਂ ਸਤਿਗੁਰਾਂ ਨੇ ਫੁਰਮਾਇਆ ਹੈ:

ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ[੩]॥ (ਸੂਹੀ ਮ: ੫-੫੩)

ਕਬੀਰ ਜੀ ਨੇ ਕਿਹਾ ਹੈ:-

ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ॥[੪] (ਗੋਂਡ ਕਬੀਰ ਜੀ-੩)

ਅਰਥਾਤ ਕਰਮ ਜੀਵ ਦੇਹ ਧਾਰਕੇ ਕਰਦਾ ਹੈ। ਸੋ ਕਰਮਾਂ ਦਾ ਆਦਿ ਹੋ ਗਿਆ, ਜਿਸ ਦਾ ਆਦਿ ਹੈ, ਉਸ ਦਾ ਅੰਤ ਬੀ ਹੁੰਦਾ ਹੈ। ਇਉਂ ਕਰਮ ਮੰਨਿਆ, ਪਰ ਉਸਨੂੰ ਅਟੁੱਟ ਨਾ ਮੰਨਿਆ।

ਗੁਰੂ ਜੀ ਦੇ ਸਮੇਂ ਤੋਂ ਪਹਿਲੋਂ ਹਿੰਦ ਦੇ ਪੁਰਾਤਨ ਮੁੱਖ ਧਰਮਾਂ ਵਿਚ- ''ਕਰਮ ਅਟੁੱਟ ਹੈ, ਕਰਮ ਮਬਲ ਹੈ, ਕੀਤੇ ਦਾ ਫਲ ਕਰਮ ਦੀ ਲਪੇਟ ਆਪੇ ਦੇਂਦੀ ਹੈ, ਕਿਸੇ ਹੋਰ ਦੀ ਲੋੜ ਨਹੀਂ ਜੋ

---

੧ ਬਦਲਣ ਵਾਲਾ॥ ਇਕ ਰਸ ਨਾ ਰਹਿਣ ਵਾਲਾ, ਅੰਤ ਹੋ ਜਾਣ ਵਾਲਾ।

੨ Absolute.

੩ (ਦੱਸੋ ਭਾਈ) ਜਦੋਂ (ਸਰੀਰ ਕਿ ਸੰਸਾਰ) ਕੁਛ ਬੀ ਨਹੀਂ ਸੀ ਤਦੋਂ (ਜੀਵ) ਕੀਹ ਕਰਮ ਕਰਦਾ ਸੀ (ਭਾਵ ਕੁਛ ਨਹੀਂ ਸੀ ਕਰਦਾ ਫਿਰ) ਕਿਹੜੇ ਕਰਮਾਂ ਕਰਕੇ (ਸਰੀਰ) ਵਿਚ ਆਇਆ ਹੈ?

੪ ਤੁਸੀਂ ਜੀਵ ਨੂੰ ਕਰਮਾਂ ਨਾਲ ਬੱਧਾ ਦੱਸਦੇ ਹੋ, ਦੱਸੋ ਕਰਮਾਂ ਨੂੰ ਜਿੰਦ ਕਿਸ ਨੇ ਦਿੱਤੀ ਹੈ? ਭਾਵ ਕਰਮ ਵਿਚ ਸਤਜਾ ਜੀਵ ਨੂੰ ਬੰਨ੍ਹ ਲੈਣ ਦੀ ਤਦੋਂ ਆਈ ਜਦੋਂ ਇਸ ਨੇ ਕਰਮ ਕੀਤੇ, ਕਰਮ ਦੇਹ ਧਾਰਕੇ ਕੀਤੇ, ਤਾਂਤੇ ਕਰਮ ਦਾ ਮੁੱਢ ਬੱਝ ਗਿਆ। ਇਸ ਤੋਂ ਪਹਿਲੋਂ ਤਾਂ ਦੇਹ ਵਿਚ ਸਾਈਂ ਹੁਕਮ ਨਾਲ ਆਇਆ ਹੈ, ਕਰਮ ਨਾਲ ਨਹੀਂ ਆਇਆ।

ਐਉਂ ਬੀ ਅਰਥ ਕਰਦੇ ਹਨ:- ਕਰਮਾਂ ਦੇ ਸਪੁਰਦ ਜੀਵ ਨੂੰ ਕਿਸ ਨੇ ਕੀਤਾ? ਭਾਵ ਈਸ਼੍ਵਰ ਨੇ ਜੀਵ ਰਚਕੇ ਕਰਮਾਂ ਦੇ ਵੱਸ ਪਾਇਆ। ਭਾਵ ਇਕੋ ਹੋਇਆ ਕਿ ਕਰਮ ਦੇਹ ਧਾਰਕੇ ਸ਼ੁਰੂ ਹੋਏ।

ਕਰਮ ਨੂੰ ਜਾਚੇ ਤੋਲੇ ਤੇ ਫਲ ਦੇਵੇ, ਯਾ ਕਰਮ ਦੀ ਸਬਲਤਾ ਵਧਾਵੇ ਘਟਾਵੇ, ਕਿਨ੍ਹਾਂ ਹਾਲਤਾਂ ਵਿਚ ਕਰਮ ਹੋਏ ਹਨ ਇਨ੍ਹਾਂ ਦੀ ਵੀਚਾਰ ਕਰੇ। ਨੀਯਤ ਤੇ ਕਰਮ ਦਾ ਕਿੰਨਾ ਕੁ ਪਰਮਪਰ ਅਮਰ ਹੈ। ਕੋਈ ਥਾਂ ਬਖਸ਼ਿਸ਼ ਦੀ ਬੀ ਹੈ ਕਿ ਨਹੀਂ?'' ਇਹ ਸਾਰਾ ਇਨਸਾਫ ਨੂੰ ਇਨਸਾਫ ਰਖਣ ਵਾਲਾ ਪਹਿਲੂ ਤੇ ਨਾਲ ਹੀ ਬਖਸ਼ਿਸ਼ ਦਾ ਪਹਿਲੂ ਕਰਮ ਦੇ ਫਿਲਸਫੇ ਵਿਚੋਂ ਲਗ ਪਗ ਉਡ ਚੁਕੇ ਸਨ। ਕਰਮ ਅਟੁੱਟ ਮੰਨਿਆ ਜਾਂਦਾ ਸੀ।

ਗੁਰੂ ਜੀ ਨੇ 'ਹੁਕਮ' ਤੇ 'ਹੁਕਮੀ' ਦਾ ਪਹਿਲੂ ਨਿਰੂਪਣ ਕਰਕੇ ਦੱਸਿਆ ਕਿ 'ਕਰਮ' ਫਲ ਦੇਂਦਾ ਹੈ, ਪਰ ਸਿਰ ਤੇ ਫਲ ਪ੍ਰਦਾਤਾ ਹੈ, ਜੋ ਆਪਣੀ ਅੰਤਰਯਾਮਤਾ ਵਿਚ ਕਰਮ ਨੂੰ ਤੋਲਦਾ, ਜਾਚਦਾ, ਪੜਤਾਲਦਾ, ਛਾਣਦਾ ਪੁਣਦਾ ਹੈ? ਤੇ ਆਪਣੇ ਹੁਕਮ ਨਾਲ ਫਲ ਦੇਂਦਾ ਹੈ:-

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥ (ਸਾਰੰਗ: ਵਾਰ: ਮ: ੧-੯)

ਕਰਮਾਂ ਅਨੁਸਾਰ ਕਲਮ ਵਹਿੰਦੀ, ਹੈ, ਪਰ ਹੁਕਮ ਉਸ ਨੂੰ ਟੋਰਦਾ ਹੈ। ਇਸ ਲਈ ਆਪ ਨੇ ਫੁਰਮਾਇਆ ਕਿ ਕਰਮ ਅਟੁੱਟ ਤੇ ਅਮਿੱਟ ਨਹੀਂ, ਪਰ ਕੀਤੇ ਕਰਮਾਂ ਅਨੁਸਾਰ ਹੁਕਮੀ ਦੇ ਲਿਖੇ ਲੇਖ ਅਮਿਟ ਹਨ। ਯਥਾ:- **ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥** (ਰਾਮ: ਮ: ੧, ਦਖ: ਓਅੰ:-੫੨)

ਜੀਵ ਦੇ ਆਪਣੇ ਕਰਮਾਂ ਵਿਚ ਨਿਰਾ ਹੁਕਮ ਹੀ ਚਲ ਰਿਹਾ ਮੰਨਿਆ ਜਾਏ ਤਾਂ ਜੀਵ ਦੀ ਇਖ਼ਲਾਕੀ ਜ਼ਿਮੇਂਵਾਰੀ ਕੋਈ ਨਹੀਂ ਰਹਿੰਦੀ। ਪਰ ਹਰ ਜੀਵ ਦੇ ਅੰਦਰ ਇਖ਼ਲਾਕੀ ਨੁਕਤਾ ਮੌਜੂਦ ਹੈ ਜੋ ਦਲੀਲ ਹੈ ਇਨਸਾਨ ਦੀ ਇਖ਼ਲਾਕੀ ਜ਼ਿਮੇਵਾਰੀ ਦੀ। ਫਿਰ ਜੀਵ ਵਿਚ ਬੁੱਧੀ ਹੈ, ਚੋਣ ਦੀ ਸੁਤੰਤ੍ਰਤਾ ਹੈ। ਚੋਣ ਦੀ ਸੁਤੰਤ੍ਰਤਾ ਬੀ ਜ਼ਿਮੇਵਾਰੀ ਦੀ ਦਲੀਲ ਹੈ। ਜੇ ਨਿਰਾ ਕਰਮ ਮੰਨੀਏ ਤੇ ਉਸ ਨੂੰ ਸੁਤੰਤ੍ਰ ਫਲ ਪ੍ਰਦਾਤਾ ਮੰਨੀਏ ਤਾਂ ਕਰਤਾਪੁਰਖ ਦੀ ਹੋਂਦ ਤੋਂ ਮਨ ਉਟਕ ਜਾਂਦਾ ਹੈ ਤੇ ਫਲ ਹੁੰਦਾ ਹੈ ਨਿਰਾਸਤਾ। ਫਿਰ ਕਰਮ ਦੇਹ ਧਾਰਕੇ ਕੀਤੇ, ਓਹ ਅਟੁੱਟ ਹੋ ਨਹੀਂ ਸਕਦੇ। ਨਿਰੇ ਕਰਮ ਦੀ ਮਸਲਾਬਾਜ਼ੀ ਨਿਰਾਸਤਾ ਵਿਚ ਲੈ ਗਈ, ਤੇ ਨਿਤਾਣਿਆਂ ਕਰ ਗਈ। ਇਨਸਾਨ ਦੀ ਤਬੀਅਤ ਭੁੱਲਣਹਾਰ ਹੈ, ਕਰਮ ਸਾਰੇ ਸ਼ੁੱਧ ਨਹੀਂ ਹੋ ਸਕਦੇ। ਇਕ ਵਾਰੀ ਜੋ ਟਿੰਡਾਂ ਦਾ ਗੇੜ ਚਲਿਆ ਅਮੁੱਕ ਹੋ ਗਿਆ। ਇਉਂ ਬੇਵਸੀ ਲਖਕੇ ਦਿਲ ਵਿਚ ਨਿਰਾਸਤਾ ਆਈ ਤੇ ਨਿਰਾਸਤਾ ਤੋਂ ਨਿਤਾਣਪੁਣਾ।

ਜਦ ਗੁਰੂ ਜੀ ਨੇ ਹੁਕਮੀ ਦੀ ਪੂਜਾ ਸਿਖਾਈ ਤੇ 'ਕਰਮ' ਦੇ ਸਿਰ 'ਹੁਕਮੀ' ਦੀ ਵੀਚਾਰ ਦੀ ਕਸਵਟੀ ਤੇ ਉਸ ਦੀ ਸਬਲਤਾ ਦਾ ਜ਼ੋਰ ਕਰਮ ਨੂੰ ਕੱਟ ਸਕਣ ਦਾ ਦੱਸਿਆ ਤਾਂ ਮਨ ਨਿਰਾਸਾ ਵਿਚੋਂ ਨਿਕਲ ਗਏ ਤੇ ਚੜ੍ਹਦੀਆਂ ਕਲਾਂ ਵਿਚ ਚਲੇ ਗਏ। ਯਥਾ:-

ਜਿਨੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ॥ (ਗੂਜਰੀ ਵਾਰ ਮ: ੫-੧੮)

ਨਿਰਾਸਾ ਭਰੀ ਕਰਮ ਦੀ ਟੇਕ ਤੋਂ ਉਠਕੇ ਆਸਾ ਭਰੀ ਟੇਕ ਹੁਕਮੀ ਤੇ ਚਲੀ ਗਈ, ਆਸਾ ਬੱਝਣ ਨਾਲ ਮਨ ਤੇ ਸਰੀਰ ਵਿਚ ਖਲ ਭਰ ਗਿਆ, ਪ੍ਰਤੱਖ ਫਲ ਗੁਰੂ ਕੇ ਸਿਖਾਂ ਦੇ ਉੱਦਮੀ ਜੀਵਨਾਂ ਵਿਚ ਤੇ ਅਮਲੀ ਕਾਰਨਾਮਿਆਂ ਵਿਚ ਜਗਤ ਨੇ ਦੇਖ ਲਿਆ।

ਇਹ ਵੀਚਾਰ ਠੀਕ ਨਹੀਂ ਕਿ 'ਜੇ ਰੱਬ ਨਿਆਇਕਾਰੀ ਹੈ ਤਾਂ ਰਹਿਮ ਨਹੀਂ ਕਰ ਸਕਦਾ'। ਇਹ ਕਹਿਣ ਵੇਲੇ ਅਸੀਂ ਆਪਣੇ ਪਰਿਣਾਮੀ ਰਹਿਮ ਤੇ ਅਦਲ ਦੀ ਸੋਚਦੇ ਹਾਂ, ਅਮਿੱਤ ਤੇ ਸਬਲ ਦੇ ਰਹਿਮ ਤੇ ਨਿਆਂ ਨੂੰ ਤੇ ਉਸ ਦੀ ਅਨੰਤ ਵੀਚਾਰ ਧਾਰਾ ਨੂੰ ਅਸੀਂ ਆਪਣੀ ਸੋਚ ਵਿਚ ਨਹੀਂ ਲਿਆਉਂਦੇ। ਅਨੰਤ ਤੇ ਅਸੀਮਾ ਤੇ ਸਰਬ ਸ਼ਕਤੀਮਾਨ ਨੂੰ ਆਪਣੇ ਕਿਆਸਾਂ ਨਾਲ ਅੰਤ ਤੇ ਸੀਮਾਂ ਵਿਚ ਲਿਆਕੇ ਉਸ ਦੀ ਸ਼ਕਤੀ ਨੂੰ ਬੰਨ੍ਹ ਦੇਂਦੇ ਹਾਂ। ਫਿਰ ਅਸੀਂ ਆਪਣੇ ਅਦਲ ਤੇ ਇਨਸਾਫ ਨੂੰ ਬੀ ਭੁੱਲ ਜਾਂਦੇ ਹਾਂ। ਵਡੀ ਤੋਂ ਵਡੀ ਅਦਾਲਤ ਦੇ ਸਿਰ ਤੇ ਰਾਜ ਦੇ ਪ੍ਰਧਾਨ ਪੁਰਖ (ਰਾਜਾ ਆਦਿ) ਨੂੰ ਰਹਿਮ ਕਰਨ ਦਾ ਵਸੀਕਾਰ ਹੈ, ਜੋ ਹਾਈਕੋਰਟਾਂ ਦੇ ਦੰਡਿਆਂ ਨੂੰ ਬੀ ਬਖਸ਼ ਸਕਦਾ ਹੈ। ਸਰਬ ਸ਼ਕਤੀਮਾਨ ਦੀ ਸਰਬ ਸ਼ਕਤੀਮਾਨਤਾ ਕੀ ਹੋਈ ਜੇ ਉਹ ਅਪਣੇ ਅਨੰਤ ਰਹਿਮ ਵਿਚ ਬਖਸ਼ਿਸ਼

ਨਹੀਂ ਕਰ ਸਕਦਾ? ਫੇਰ ਓਸ ਉੱਤੇ, ਅਸੀਂ ਹਦਬੰਦੀ ਵਾਲੇ, ਹੱਦ ਲਾਉਂਦੇ ਹਾਂ ਕਿ ਓਹ ਨਹੀਂ ਜੇ ਬਖਸ਼ ਸਕਦਾ। ਗੁਰੂ ਜੀ ਨੇ ਫੁਰਮਾਇਆ ਹੈ:-

ਲੋਕਾ ਮਤ ਕੋ ਫਕੜਿ ਪਾਇ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥

(ਆਸਾ ਮ: ੧-੩੨)

ਪੁਨਾ:- **ਅਸੰਖ ਖਤੇ ਖਿਨ ਬਖਸਨਹਾਰਾ॥ ਨਾਨਕ ਸਾਹਿਬ ਸਦਾ ਦਇਆਰਾ॥**

(ਗਉ: ਬਾ: ਅਖ: ਮ: ੫-੪੯)

ਸਰਬ ਗਿਆਤਾ ਹੋਣ ਕਰਕੇ ਉਸ ਦਾ 'ਨਿਆਂ' ਉਸ ਦੀ ਅਨੰਤ ਵੀਚਾਰ ਧਾਰਾ ਦੇ ਤੱਕੜ ਤੇ ਤੁਲਕੇ ਤਾਰੇਗਾ। ਸਰਬ ਸ਼ਕਤੀਮਾਨ ਹੋਣ ਕਰਕੇ ਉਸ ਦਾ ਬਖਸ਼ਿੰਦ ਪਹਿਲੂ ਬੀ ਅਪਣਾ ਕੰਮ ਕਰਦਾ ਰਹੇਗਾ। ਦੋਹਾਂ ਨਾਲ ਨਿਰਾਸਾ ਦਿਲ ਨੂੰ ਨੱਪੇਗੀ ਨਹੀਂ। ਆਸਾ ਕਾਇਮ ਰਹੇਗੀ, ਤੇ ਮਨ ਨੂੰ ਚੜ੍ਹਦੀਆਂ ਕਲਾਂ ਵਿਚ ਰੱਖੇਗੀ। ਸ਼ੁਭ ਕਰਮਾਂ ਦਾ ਉੱਦਮ ਭੀ ਭਰੇਗੀ। 'ਸਿਫਤ ਸਲਾਹ' ਦੀ ਟੇਕ ਅੰਦਰ ਬੱਝੇਗੀ। ਨਾਮ ਦੀ ਵਿਖੇਪ ਦੂਰ ਕਰਨੇ ਵਾਲੀ ਤਾਸੀਰ ਤੇ ਪਿਆਰ ਤਾਸੀਰ ਹੁਕਮੀ ਵਿਚ ਟਿਕਾ ਦੇਵੇਗੀ। ਹੁਕਮ ਬੁੱਝਣ ਦਾ ਵਸੀਲਾ ਬੀ ਨਾਮ ਸੀ, ਕਰਮ ਤੋਂ ਉੱਚਾ ਉੱਠਣ ਦਾ ਵਸੀਲਾ ਬੀ ਨਾਮ ਹੈ। ਜੋ ਆਪ ਨੇ ਸਾਫ ਦੱਸ ਦਿੱਤਾ ਹੈ ਕਿ:-

ਕਰਮ ਧਰਮ ਪ੍ਰਭਿ ਮੇਰੈ ਕੀਏ॥ ਨਾਮੁ ਵਡਾਈ ਸਿਰਿ ਕਰਮਾਂ ਕੀਏ॥ (ਪ੍ਰਭਾਤੀ ਮ: ੧ ਅਸਟ:-੭)

ਨਾਮ ਨੇ ਕਰਮਾਂ ਉੱਪਰ ਹੋਕੇ ਕਰਮ ਨੂੰ ਕੱਟਣ ਦੀ ਜਾਚ ਦੱਸ ਦਿਤੀ। ਫਿਰ ਨਾਮ ਵਾਲਾ ਨਾਮੀ ਤੇ ਟੇਕ ਧਾਰਦਾ ਬਖਸ਼ਿਸ਼ ਦਾ ਉਮੈਦਵਾਰ ਹੋ ਜਾਂਦਾ ਹੈ:-

ਤੂ ਬਖਸਹਿ ਤਾ ਮੇਲਿ ਲੈਹਿ ਨਾਨਕ ਬਲਿ ਜਾਉ॥ (ਮਾਰੂ ਮ: ੧ ਅਸਟ:-੪)

ਐਉਂ ਬਖਸ਼ਿਸ਼ ਦੇ ਤਕੀਏ ਲਗਕੇ ਚੜ੍ਹਦੀਆਂ ਕਲਾਂ ਆਉਂਦੀਆਂ ਹਨ। ਇਸ ਤਰ੍ਹਾਂ ਹੁਕਮ ਸਮਝਣ ਨਾਲ ਜੀਵਨ ਸੁਖੀ ਹੋ ਜਾਂਦਾ ਹੈ ਤੇ ਪ੍ਰਲੋਕ ਬੀ ਸੰਵਰ ਜਾਂਦਾ ਹੈ:

ਹੁਕਮੇ ਬੁਝਿ ਨਿਹਾਲੁ ਸੁਖਿ ਸੁਖੇਣਿਆ॥ (ਗੂਜਰੀ ਵਾਰ ਮ: ੫-੧੦)

ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ॥ (ਗੂਜਰੀ ਵਾਰ ਮ: ੫-੨੦)

ਨਿਰੁਕ੍ਤ- ਹੁਕਮ=(ਅ਼ਰਬੀ, ਹੁਕਮ) ਆਗਜਾ। ੨. ਆਪਣੀ ਮਰਜ਼ੀ ਜੋ ਦੂਸਰੇ ਨੂੰ ਮਨਾਈ ਜਾਵੇ। ੩. ਉਹ ਮਰਜ਼ੀ ਜੋ ਅਕਾਲ ਪੁਰਖ ਵਿਚ ਨਿਵਾਸ ਰਖਦੀ ਹੈ, ਜੋ ਉਸ ਦੇ ਦੇਸ਼ ਕਾਲ ਰਹਿਤ ਸਰੂਪ ਵਾਂਙੂ ਦੇਸ਼ ਕਾਲ ਰਹਿਤ ਹੈ। ਸਾਡੀ ਮਰਜ਼ੀ, ਜੋ ਦੇਸ਼ ਕਾਲ ਵਾਲੇ ਹਾਂ, ਦੇਸ਼ ਕਾਲ ਵਾਲੀ ਹੈ, ਪਰ ਉਸ ਦੀ ਦੇਸ਼ ਕਾਲ ਰਹਿਤ ਦੀ ਅਦੇਸ਼ ਅਕਾਲਕ ਚੇਤਨ ਸਤਜਾ ਵਿਚ, ਜੋ ਓਥੋਂ ਦੀ ਆਪਣੀ ਇੱਛਾ ਹੈ, ਉਸ ਨੂੰ 'ਹੁਕਮ' ਕਿਹਾ ਹੈ। ਇਹ ਹੁਕਮ ਉਸ ਦੇ ਸਰੂਪ ਵਾਂਙੂ ਅਕਹਿ ਆਖਿਆ ਹੈ, ਯਥਾ:-'ਹੁਕਮੁ ਨ ਕਹਿਆ ਜਾਈ'। ਇਹ ਹੁਕਮ ਪਾਰਬ੍ਰਹਮ ਦੀ ਚੇਤਨ ਸੱਤਾ ਦਾ ਉਹ ਰੰਗ ਹੈ ਜਿਸ ਤੋਂ ਜਗਤ ਦੀ ਉਤਪਤੀ, ਪਾਲਣਾ ਆਦਿ ਹੁੰਦੀ ਹੈ:- 'ਹੁਕਮੀ ਹੋਵਨਿ ਆਕਾਰ'। ਇਹ ਹੁਕਮ ਉਸ ਦੀ ਇਛਾ, ਕਾਨੂੰਨ, ਸ਼ਬਦ-ਕਈ ਪਦਾਂ ਨਾਲ ਟੀਕਾ ਹੋ ਸਕਦਾ ਹੈ; ਪਰ ਇਹ ਜੋ ਕੁਛ ਹੈ ਸਾਡੇ ਦੇਸ਼ ਕਾਲ ਵਾਲੀ ਇਛਾ, ਕਾਨੂੰਨ, ਸ਼ਬਦ, ਹੁਕਮ ਨਾਲ ਸਦਰਸ਼ਤਾ ਨਹੀਂ ਰਖਦਾ। ਇਸ ਲਈ ਇਹ ਵਿਕਾਰ ਨਹੀਂ।

ਆਕਾਰ=(ਸੰਸ:, ਆਕਾਰ) ਪਸ਼ੂ ਅਰ ਮਨੁੱਖ ਤੇ ਪਦਾਰਥਾਂ ਆਦਿ ਦੀਆਂ ਦੇਹਾਂ, ਸੂਰਤਾਂ। ਸਰੂਪ। ਵਜੂਦ।

ਜੀਅ=(ਸੰਸ: ਜੀਵ। ਪੰ:, ਜੀਅ, ਜੀ) ਜਾਨਦਾਰ, ਜਾਨ ਵਾਲਾ, ਜੀਵ।

ਬਖਸੀਸ=(ਫ਼ਾ, ਬਖ਼ਸ਼ਿਸ਼। ਪੰ:, ਬਖਸੀਸ) ਦਾਤ।

ਹਉਮੈ=ਮੈਂਪਨੇ ਦਾ ਭਾਵ ਜੋ ਅੰਦਰ ਸਥੂਲ ਰੂਪ ਧਾਰ ਲਵੇ। 'ਮੈਂ' ਜਦ 'ਮੈਂ ਨਹੀਂ' ਵੱਲ

www.sikhbookclub.com

ਜਾਂਦੀ ਹੈ ਤਾਂ ਆਪਾ ਨਿਵਾਰਦੀ ਹੈ। 'ਮੈਂ' ਜਦ 'ਹਉਂ' ਵੱਲ ਝੁਕਦੀ 'ਹਉ' ਵਿਚ ਦ੍ਰਿੜ ਹੋ ਜਾਂਦੀ ਹੈ ਤਦ ਆਪਾ ਦ੍ਰਿੜ ਕਰਦੀ ਹੈ, ਇਸ ਭਾਵ ਤੋਂ ਮੋਹ ਮਾਇਆ ਵਿਚ ਫਸਦੀ ਹੈ, ਇਹ 'ਹਉਮੈ' ਹੈ, ਅਹੰਕਾਰ, ਅਭਿਮਾਨ, ਜੋ ਸਤਿਗੁਰਾਂ ਨੇ ਦੀਰਘ ਰੋਗ ਗਿਣਿਆ ਹੈ। ਯਥਾ:-**ਹਉਮੈ ਦੀਰਘ ਰੋਗੁ ਹੈ**।

(ਵਾਰ ਆਸਾ ਮ: ੨-੭)

(ਪਉੜੀ ੩)

ਪ੍ਰਾਕ੍ਰਥਨ- 'ਜਿਸ ਦੇ ਹੁਕਮ ਦਾ ਵਰਣਨ ਕਰ ਰਹੇ ਹੋ, ਉਸ ਹੁਕਮ ਦੇ ਹੁਕਮੀ ਦਾ ਪਤਾ ਦਿਓ'? ਇਹ ਪ੍ਰਸ਼ਨ ਹੁੰਦਾ ਹੈ। ਉਤਰ ਦੇਂਦੇ ਹਨ ਕਿ ਉਸ ਨੂੰ ਸਾਰਾ ਵਰਣਨ ਕਰ ਸਕਣਾ ਕਠਨ ਹੈ ਤੇ ਕਿਸੇ ਤੋਂ ਹੋ ਨਹੀਂ ਸਕਿਆ, ਪਰ ਜਿਵੇਂ ਜਿਵੇਂ ਆਪਣੇ ਆਪਣੇ ਧ੍ਰਵੇ ਤੋਂ ਵਰਣਨ ਕੀਤਾ ਜਾਂਦਾ ਹੈ ਸੰਖੇਪ ਵਿਚ ਐਉਂ ਹੈ:

ਮੂਲ	ਅਰਥ
ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ। ਗਾਵੈ ਕੋ ਦਾਤਿ ਜਾਣੈ ਨੀਸਾਣੁ॥ ਗਾਵੈ ਕੋ ਗੁਣ ਵਡਿਆਈਆ ਚਾਰ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥ ਗਾਵੈ ਕੋ ਸਾਜਿ ਕਰੇ ਤਨੁ ਖੇਹ॥ ਗਾਵੈ ਕੋ ਜੀਅ ਲੈ ਫਿਰਿ ਦੇਹ॥	ਕੋਈ ਜਿਸ ਨੂੰ ਕਿ (ਜਨਮ ਤੋਂ ਯਾ ਇਥੇ ਅਭਯਾਸ ਸਤਿਸੰਗ ਤੋਂ ਕੋਈ ਸ਼ੁਭ) ਬਲ (ਕਥਨ ਕਰਨੇ ਦਾ) ਹੋ ਆਇਆ ਹੈ (ਉਹ) ਕੋਈ (ਉਸ ਦੇ) ਬਲ ਨੂੰ ਗਾਉਂਦਾ ਹੈ। ਕੋਈ (ਉਸ ਦੀ) ਦਾਤ ਨੂੰ ਗਾਉਂ ਰਿਹਾ (ਤੇ ਇਸ ਨੂੰ ਉਸ ਦੀ) ਨਿਸ਼ਾਨੀ ਸਮਝ ਰਿਹਾ ਹੈ[1]। ਕੋਈ (ਉਸ ਦੇ) ਗੁਣਾਂ ਤੇ ਵਡਿਆਈਆਂ ਦੀਆਂ ਸੁੰਦਰਤਾਈਆਂ ਨੂੰ ਗਾਉਂ ਰਿਹਾ ਹੈ। (ਇਸ ਤਰ੍ਹਾਂ) ਕੋਈ (ਉਸ ਨੂੰ ਸਮ ਵੀਚਾਰ ਨਾਲ ਤੇ ਕੋਈ ਉਸ ਨੂੰ ਉਸ) ਵਿਦਯਾ ਦੁਆਰਾ ਗਾਉਂ ਰਿਹਾ ਹੈ (ਜਿਸ ਦਾ) ਵੀਚਾਰ ਵਿਖਮ ਹੈ; ਕੋਈ (ਉਸ ਨੂੰ) ਸਰੀਰ ਸਾਜਕੇ ਖੇਹ ਕਰ ਦੇਣ ਵਾਲਾ (ਦੱਸਕੇ) ਗਾਉਂ ਰਿਹਾ ਹੈ। ਕੋਈ (ਉਸ ਨੂੰ) ਜੀਵ ਲੈਕੇ ਫੇਰ (ਦੇਹ ਵਿਚ) ਦੇਣ ਵਾਲਾ (=ਕਰਤਾਰ ਮੰਨਕੇ) ਗਾਉਂ ਰਿਹਾ ਹੈ।
ਗਾਵੈ ਕੋ ਜਾਪੈ ਦਿਸੈ ਦੂਰਿ॥ ਗਾਵੈ ਕੋ ਵੇਖੈ ਹਾਦਰਾ ਹਦੂਰਿ॥	ਕੋਈ (ਉਸ ਨੂੰ ਇਉਂ ਦੱਸਕੇ) ਗਾਉਂ ਰਿਹਾ ਹੈ (ਕਿ ਓਹ) ਜਾਪਦਾ ਹੈ (=ਜਾਣਿਆਂ ਜਾਂਦਾ ਹੈ, ਪਰ ਪ੍ਰਾਪਤੀ ਉਸ ਦੀ) ਦੂਰ ਦਿੱਸਦੀ ਹੈ (ਅਰਥਾਤ ਕੁਦਰਤ ਵਿਚ ਵਿਉਂਤ ਹਿਸਾਬ ਤੇ ਤਰਤੀਬ ਆਦਿ ਤੋਂ ਜਾਪ ਤਾਂ ਜਾਂਦਾ ਹੈ, ਪਰ ਯੋਗ ਆਦਿ ਕਠਨ ਸਾਧਨਾਂ ਨਾਲ ਦਿੱਸਦਾ ਅਰਥਾਤ ਪ੍ਰਾਪਤ ਹੁੰਦਾ ਹੈ) ਕੋਈ (ਉਸ ਨੂੰ) ਹਾਜ਼ਰਾ ਹਜ਼ੂਰ ਵੇਖਕੇ ਗਾਉਂ ਰਿਹਾ ਹੈ। (ਭਾਵ ਪਰਾ ਭਗਤੀ ਯਾ ਭਗਤੀ ਗਯਾਨ ਨਾਲ ਅਨੁਭਵ ਕਰਕੇ ਅਪ੍ਰੋਖ਼ਯ ਦੇਖ ਰਿਹਾ ਹੈ। ਇਸ ਪ੍ਰਕਾਰ ਦੇ) ਕਥੇ ਗਏ ਕਥਨਾਂ ਦਾ ਅੰਤ ਨਹੀਂ ਪਾਇਆ
ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥ ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥	ਜਾਂਦਾ (ਭਾਵੇਂ) ਕ੍ਰੋੜਾਂ (ਕਥਨਹਾਰਿਆਂ) ਨੇ ਕ੍ਰੋੜਾਂ ਕਥਨੀਆਂ ਕ੍ਰੋੜਾਂ ਵਾਰ ਕਹੀਆਂ। (ਪਰ) ਦੇਣਦਾਰ ਦੇਂਦਾ ਹੀ ਦੇਂਦਾ ਹੈ, ਲੈਣਹਾਰੇ ਥੱਕ ਜਾਂਦੇ ਹਨ (ਭਾਵ ਲੈਂਦੇ ਲੈਂਦੇ ਉਨ੍ਹਾਂ ਦੇ ਸਰੀਰ ਅੰਤ ਹੋ ਜਾਂਦੇ ਹਨ, ਪਰ ਦਾਤ ਫੇਰ ਨਹੀਂ ਮੁੱਕਦੀ, ਮੁੜ ਜਨਮ ਧਾਰਕੇ ਓਹ ਲੈਣਹਾਰੇ ਫੇਰ ਲੈਂਦੇ ਹਨ ਇਉਂ) ਜੁਗਾਂ ਜੁਗਾਂਤਰਾਂ ਤੋਂ ਭੋਗਦੇ ਚਲੇ ਆ ਰਹੇ ਹਨ। (ਇਹ ਸਾਰੀ) ਮ੍ਰਿਯਾਦਾ ਹੁਕਮੀ ਦਾ ਹੁਕਮ ਚਲਾ ਰਿਹਾ ਹੈ, (ਪਰ ਇਸ ਹੁਕਮ ਦੇ ਸੰਚਾਲਨ

[1]ਭਾਵ ਦਾਤਾਰਗੀ ਤੋਂ ਸੁਖੀ ਹੋਕੇ ਉਸ ਦੇ ਗੁਣ ਗਾ ਰਿਹਾ ਹੈ।

ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥੩॥	ਨਾਲ ਓਹ ਹੁਕਮੀ ਕਿਸੇ ਲਿਪਾਇਮਾਨਤਾ, ਯਾ ਕਿਸੇ ਸੋਚ ਫਿਕਰ ਵਿਚ ਗ੍ਰਸਿਆ ਨਹੀਂ ਜਾਂਦਾ, ਉਹ ਸਦਾ (ਵੇਪਰਵਾਹ=) ਨਿਰਲੇਪ ਤੇ ਅਨੰਦ ਰਹਿੰਦਾ ਹੈ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥੩॥

ਵ੍ਯਾਖ੍ਯਾ— ਦੂਜੀ ਪਉੜੀ ਵਿਚ ਜੋ ਹੁਕਮ ਦਾ ਜ਼ਿਕਰ ਆਇਆ ਹੈ ਉਸ ਤੋਂ ਖਿਆਲ ਹੋ ਸਕਦਾ ਹੈ ਕਿ ਹੁਕਮ ਕੋਈ ਬਿਜਲੀ ਯਾ ਗਰਮੀ ਵਾਂਙੂ ਸ਼ਕਤੀ ਮਾਤ੍ਰ ਹੈ, ਯਾ ਕਰਮ ਵਾਂਙੂ ਕੋਈ ਸਬਲਤਾ ਹੈ, ਯਾ ਆਪੇ ਟੁਰ ਰਿਹਾ ਕੋਈ ਕਾਨੂੰਨੇ ਕੁਦਰਤ ਹੈ, ਜੋ ਆਪੇ ਸੁਤੰਤਰ ਆਪਣਾ ਕਾਰਜ ਕਰ ਰਿਹਾ ਹੈ। ਇਹ ਸੰਸਾ ਨਾ ਪਵੇ, ਇਸ ਲਈ ਗੁਰੂ ਜੀ ਇਸ ਤੀਸਰੀ ਪਉੜੀ ਦੇ ਅੰਤ ਵਿਚ ਹੁਕਮ ਦੇ ਸੁਆਮੀ ਦਾ, ਜਿਸ ਤੋਂ ਹੁਕਮ ਟੁਰਦਾ ਹੈ, ਪਤਾ ਦੇਂਦੇ ਤੇ ਉਸ ਨੂੰ 'ਹੁਕਮੀ' ਦੱਸਦੇ ਹਨ। ਚਾਹੋ ਪਹਿਲੀ ਪਉੜੀ ਵਿਚ ਉਸ ਨੂੰ 'ਰਜਾਈ' ਕਹਿ ਆਏ ਹਨ, ਪਰ ਹੁਣ 'ਹੁਕਮੀ' ਕਹਿਕੇ ਮੂਲੋਂ ਨਿਰਸੰਸੇ ਕਰਦੇ ਹਨ। 'ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥' ਵਿਚ ਦੱਸਦੇ ਹਨ ਕਿ ਹੁਕਮੀ ਜਗਤ ਪ੍ਰਬੰਧ ਦੀ ਸਾਰੀ ਮਿਰਯਾਦਾ ਆਪ ਚਲਾ ਰਿਹਾ ਹੈ। ਜਿਸ ਅਪਣੇ ਵੀਚਾਰ ਦੁਆਰਾ ਇਹ ਕੰਮ ਕਰ ਰਿਹਾ ਹੈ ਉਸ ਦਾ ਨਾਉ 'ਹੁਕਮ' ਹੈ, ਪਰ ਇਸ ਹੁਕਮ ਨਾਲ ਉਹ ਹੁਕਮੀ ਕਿਸੇ ਪ੍ਰਵਾਹ ਅਰਥਾਤ ਲਿਪਾਇਮਾਨਤਾ ਵਿਚ ਨਹੀਂ ਆਉਂਦਾ, ਨਾ ਹੀ ਉਸ ਦਾ 'ਆਨੰਦ ਸਰੂਪ' ਕਿਸੇ ਵਟਾਉ ਵਿਚ ਜਾਂਦਾ ਹੈ, ਉਹ ਅਲੇਪ ਤੇ 'ਆਨੰਦ' ਹੀ ਵਰਤਦਾ ਹੈ। ਭਾਵ ਇਹ ਕਿ ਹੁਕਮ ਉਸ ਦੀ ਕੋਈ ਐਸੀ ਖੇਲ ਹੈ ਜੋ ਜਗਤ ਮਿਰਯਾਦਾ ਟੋਰ ਰਿਹਾ ਹੈ ਤੇ ਜਿਸ ਨਾਲ ਉਹ ਆਪ ਪਰਿਣਾਮੀ ਨਹੀਂ ਹੁੰਦਾ।

ਦੂਸਰੀ ਪਉੜੀ ਵਿਚ ਹੀ ਆਪ ਨੇ ਫੁਰਮਾਇਆ ਸੀ 'ਹੁਕਮੁ ਨ ਕਹਿਆ ਜਾਈ॥' ਇਸ ਪਉੜੀ ਵਿਚ ਜਦ ਕਿਹਾ ਹੁਕਮ ਦਾ ਹੁਕਮੀ ਹੈ ਤੇ ਓਹ ਹੁਕਮ ਨਾਲ ਕਾਰ ਚਲਾ ਰਿਹਾ ਹੈ ਤਾਂ ਸੁਤੇ ਪ੍ਰਸ਼ਨ ਹੁੰਦਾ ਹੈ ਕਿ ਆਪ ਨੇ 'ਹੁਕਮ ਕਿਹਾ ਨਹੀਂ ਜਾਂਦਾ' ਆਖਿਆ ਸੀ, ਇਸ ਤੋਂ ਸਪਸ਼ਟ ਹੈ ਕਿ ਹੁਕਮੀ ਬੀ ਨਹੀਂ ਕਿਹਾ ਜਾ ਸਕਦਾ, ਪਰ ਅਸੀਂ ਦੇਖਦੇ ਹਾਂ ਕਿ 'ਹੁਕਮੀ' ਦਾ ਯਸ਼ ਗਾਇਨ, ਕਥਨ ਜਗਤ ਵਿਚ ਹੋ ਰਿਹਾ ਹੈ ਫਿਰ ਹੁਕਮ ਦਾ ਕਥਨ ਕਿਉਂ ਨਹੀਂ ਹੋ ਸਕਦਾ? ਇਸ ਲਈ ਆਪ ਫੁਰਮਾਉਂਦੇ ਹਨ: ਕਿ ਠੀਕ ਹੈ ਕਿ ਹੁਕਮੀ ਦਾ ਗੁਣ ਗਾਇਨ ਤੇ ਕਥਨ ਹੋ ਰਿਹਾ ਹੈ, ਪਰ ਓਹ ਕਿਸੇ ਕਿਸੇ ਗੁਣ ਨੂੰ ਲੈਕੇ ਕਥਨਹਾਰਿਆਂ ਦੀ ਮਿਤ ਵਿਚ ਹੋ ਰਿਹਾ ਹੈ। ਗੁਣਾਂ ਦਾ ਸਮੱਗ੍ਰ 'ਗਾਇਨ' ਕਿ 'ਸਰੂਪ ਦਾ ਵਰਣਨ' ਸਾਰਾ ਨਹੀਂ ਹੋ ਰਿਹਾ ਤੇ ਨਾਂ ਹੀ ਹੋ ਸਕਦਾ ਹੈ, ਨਾ ਮਿਤ ਵਾਲੇ ਅਮਿਤ ਦੇ ਸਾਰੇ ਗੁਣਾਂ ਨੂੰ ਜਾਣਦੇ ਹੀ ਹਨ, ਕਿਤਨਾ ਕੋਈ ਪਏ ਕਹਿਣ, ਫੇਰ ਹੋਰ ਅਜੇ ਬਾਕੀ ਹੋਰ ਕਹਿਣੇ ਜੋਗ ਹੁੰਦਾ ਹੈ, ਇਉਂ ਹੁਕਮੀ ਬਾਬਤ ਕਥਨ ਮੁੱਕਦਾ ਨਹੀਂ। ਇਸ ਕਰਕੇ ਹੁਕਮੀ ਵਾਂਙੂ ਹੁਕਮ ਅਕੱਥ ਹੀ ਰਿਹਾ। ਹਾਂ, ਹੁਕਮ ਦੀ ਅਟੱਲਤਾ, ਹੁਕਮ ਦੀ ਹੁਕਮੀ ਨਾਲ ਅਭੇਦਤਾ, ਹੁਕਮ ਤੋਂ ਹੋ ਰਹੇ ਕਾਰਜ, ਹੁਕਮ ਦੀ ਸਫਲਤਾ ਪਉੜੀ ੨ ਵਿਚ ਪਿਛੇ ਵਰਣਨ ਹੋ ਚੁਕੀ ਹੈ।

ਇਸ ਪਉੜੀ ਵਿਚ ਆਏ ਕੋਈ ਕੋਈ ਗਾਉਣਹਾਰੇ ਕਿਸੇ ਕਿਸੇ ਗੁਣ ਨੂੰ ਲੈਕੇ ਗਾਉਂ ਰਹੇ ਦੱਸੇ ਹਨ। ਖਿਆਲ ਹੁੰਦਾ ਹੈ ਕਿ ਕਿਉਂ ਕਥਨਹਾਰੇ ਕਥ ਤੇ ਗਾਉਂ ਰਹੇ ਹਨ? ਰਬ ਜੀ ਦਾ ਅੰਤ ਲੈਣਾ ਤਾਂ ਪ੍ਰਯੋਜਨ ਹੋ ਨਹੀਂ ਸਕਦਾ, ਕਿਉਂਕਿ ਬੇਅੰਤ ਦਾ ਅੰਤ ਕਿਸ ਲੈ ਸਕਣਾ ਹੈ। ਫਿਰ ਨਿਸ਼ਕਾਮਤਾ ਲਈ ਜੋ ਗਾ ਰਹੇ ਹਨ, ਕਿ ਕਲਯਾਣ ਹੋਵੇ, ਓਹ ਕਲਯਾਣ ਪਾ ਗਏ। ਬਹੁਤੇ ਸਕਾਮਤਾ ਲਈ ਗਾ ਰਹੇ ਹਨ ਕਿ ਜੋ ਲੋੜਾਂ ਪੂਰਨ ਕਰਨ ਲਈ ਦਾਤਾਂ ਮੰਗਦੇ ਹਨ। ਇਹ ਲੁਪਤੀ ਵਿਚ ਰਖਕੇ ਗੁਰੂ ਜੀ ਦੋ ਤੁਕਾਂ ਵਿਚ ਉੱਤਰ ਦੇਂਦੇ ਹਨ: ''ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥''

ਕਿ ਓਹ ਅਮਿੱਤ ਹੈ, ਦਾਤਾਂ ਬੀ ਅਮਿੱਤ ਹਨ, ਓਹ ਦੇਂਦਾ ਥੱਕਦਾ ਨਹੀਂ? ਉਸ ਦਾ ਦਿਤਾ ਮੁੱਕਦਾ ਨਹੀਂ, ਪਰ ਲੈਣ ਵਾਲੇ ਮਿਤ ਵਿਚ ਹਨ, ਸੋ ਲੈਂਦੇ ਲੈਂਦੇ ਉਹਨਾਂ ਦੇ ਸਰੀਰ ਰਹਿ ਜਾਂਦੇ ਹਨ,

ਭਾਵ ਮਰ ਜਾਂਦੇ ਹਨ, ਪਰ ਦਾਤ ਦੀ ਅਮੁੱਕਤਾ ਇਤਨੀ ਹੈ ਕਿ ਜੁਗਾਂ ਜੁਗੰਤਰਾਂ ਤਕ ਨਹੀਂ ਮੁੱਕਦੀ। ਓਹ ਸਕਾਮ ਯਾਚਕ ਹੋਣ ਕਰਕੇ ਮੁੜ ਮੁੜ ਜੰਮਦੇ ਹਨ, ਜੁਗੋ ਜੁਗ ਦਾਤ ਮਿਲਦੀ ਰਹਿੰਦੀ ਹੈ। ਇਹ ਸਾਰੀ ਮਿਰਯਾਦਾ ਹੁਕਮੀ ਦਾ ਹੁਕਮ ਚਲਾ ਰਿਹਾ ਹੈ, ਆਪ ਅਨੰਦ ਸਰੂਪ ਨਿਰਲੇਪ ਹੈ।

ਨਿਰੁਕਤ-'ਕੋ' ਪਦ ਗੁਰਬਾਣੀ ਵਿਖੇ ਕਈ ਅਰਥਾਂ ਵਿਚ ਆਇਆ ਹੈ, ਯਥਾ:-

ਕੋ= ਨੂੰ- **ਸਭੁ ਕੋ ਮੀਤੁ ਹਮ ਆਪਨ ਕੀਨਾ......॥** (ਧਨਾਸਰੀ: ਮ: ੫-੩)
ਕੋ= ਦਾ- **ਰਾਮੁ ਕੋ ਬਲੁ ਪੂਰਨ ਭਾਈ॥** (ਗਉੜੀ: ਮ: ੫-੧੧੫)
ਕੋ= ਕੌਣ- **ਕੋ ਕੋ ਨ ਬਿਗੂਤੋ ਮੈ ਕੋ ਆਹਿ॥੧॥** (ਬਸੰਤ: ਕਬੀਰ ਜੀ-੫)
ਕੋ= ਕੋਈ- **ਕਬੀਰਾ ਹਮਰਾ ਕੋ ਨਹੀਂ..............॥** (ਸਲੋਕ: ਕਬੀਰ ੨੧੪)

ਇਥੇ 'ਕੋ' ਦਾ ਸੰਪ੍ਰਦਾਈ ਅਰਥ 'ਕੋਈ' ਲੈਕੇ ਟੀਕਾ ਕੀਤੀ ਗਈ ਹੈ। ਗਯਾਨੀ ਚੰਦਾ ਸਿੰਘ ਜੀ 'ਕੌਣ' ਅਰਥ ਲੈਕੇ ਬੀ ਟੀਕਾ ਕਰਿਆ ਕਰਦੇ ਸਨ। ਸ੍ਰੀ ਨਰੋਤਮ ਪੰਡਤ ਤਾਰਾ ਸਿੰਘ ਜੀ ਅੱਧੀ ਤੁਕ ਵਿਚ 'ਕੌਣ'ਅਰਥ ਪ੍ਰਸ਼ਨ ਵਾਚੀ ਕਰਕੇ ਅਗਲੀ ਅੱਧੀ ਤੁਕ ਵਿਚੋਂ ਉਤਰ ਦਾ ਭਾਵ ਦਰਸਾਇਆ ਕਰਦੇ ਸਨ; ਯਥਾ: ਕੌਣ ਉਸ ਦਾ ਬਲ ਗਾ ਸਕਦਾ ਹੈ? ਉਤਰ:- ਜਿਸ ਵਿਚ ਬਲ ਹੋਵੇ। ਪਰ ਭਾਵ ਤ੍ਰੈਹਾਂ ਤ੍ਰੀਕਿਆਂ ਦਾ ਸੰਪੂਰਨ ਗਾਉਂ ਸਕਣ ਦੀ ਅਸਮ੍ਰੱਥਤਾ ਤੇ ਆ ਟਿਕਦਾ ਹੈ।

ਤਾਣੁ-ਬਲ, ਪ੍ਰਾਕ੍ਰਮ। ਭਾਵ ਉਸ ਨੂੰ ਸਰਬ ਸ਼ਕਤੀਮਾਨ ਵਰਣਨ ਕਰਨਾ।

(ਅ) ਤਾਣ=ਤ੍ਰਾਣ=ਰਖ੍ਯਾ। ਤੁਕ ਦਾ ਅਰਥ:- ਜਿਸ ਕਿਸੇ ਨੂੰ ਰਖ੍ਯਾ ਪ੍ਰਾਪਤ ਹੋਈ ਹੈ, ਜੈਸੇ ਪ੍ਰਹਲਾਦ ਨੂੰ, ਉਹ ਗਾਉਂਦਾ ਹੈ। ਰਖ੍ਯਾ ਅਰਥਾਂ ਵਿਚ ਤਾਣ ਪਦ 'ਪਗ ਉਪੇਤਾਣਾ' ਵਿਚ ਆਇਆ ਹੈ।

ਵੀਚਾਰੁ-ਵੀਚਾਰ ਦੋ ਪ੍ਰਕਾਰ ਦੀ ਹੈ:- ਸਮ ਵੀਚਾਰ=ਆਮ ਵੀਚਾਰ ਜੋ ਬਹੁਤ ਕਠਨ ਨਾ ਹੋਵੇ। ਅਤੇ ਵਿਖਮ ਵੀਚਾਰ=ਕਠਨਤਾ ਨਾਲ ਪ੍ਰਾਪਤ ਹੋਣ ਵਾਲੀ ਵਾਕਫੀ ਜੈਸੇ ਨਯਾਯ, ਵੇਦਾਂਤ ਆਦਿ ਦੁਆਰਾ।

ਦਿਸੈ ਦੂਰਿ -(ਪ੍ਰਾਪਤੀ) ਦੂਰ ਦਿੱਸਦੀ ਹੈ।

(ਅ) ਮੋਹ ਮਾਇਆ ਵਿਚ ਫਸਿਆਂ ਨੂੰ ਦੂਰ ਦਿੱਸਦਾ ਹੈ, ਵਿਵੇਕੀਆਂ ਨੂੰ (ਨੇੜੇ) ਜਾਪਦਾ (ਦਿੱਸਦਾ) ਹੈ।

ਥਕਿ ਪਾਹਿ-ਦਾਤਾਂ ਖਾਂਦੇ ਖਾਂਦੇ ਥਕ ਪੈਣ ਦਾ ਭਾਵ ਹੈ, ਸਰੀਰ ਦਾ ਭੋਗਣੋਂ ਚੁੰਚਣੋਂ ਰਹਿ ਜਾਣਾ, ਮਰ ਜਾਣਾਂ।

ਜੁਗਾ ਜੁਗੰਤਰਿ ਖਾਹੀ ਖਾਹਿ-ਜੁਗਾਂ ਜੁਗਾਂਤਰਾਂ ਵਿਚ ਖਾਣ ਤੋਂ ਮੁਰਾਦ ਹੈ, ਜਨਮ ਦਰ ਜਨਮ। ਜੁਗ ਬੀ ਪਲਟ ਜਾਣ ਤਾਂ ਬੀ ਦਾਤ ਮਿਲਦੀ ਰਹਿੰਦੀ ਹੈ।

ਵਿਗਸੈ-(ਸੰਸ: ਵਿਕਾਸ਼-ਵਿ+ਕਾਸ਼=ਚਮਕਣਾ। ਪ੍ਰਕਾਸ਼। ਖੇੜਾ, ਖੇੜੇ ਵਿਚ। ਆਨੰਦ ਵਿਚ।) ਆਨੰਦ ਵਿਚ ਰਹਿੰਦਾ ਹੈ। ਖੁਸ਼ ਹੁੰਦਾ ਹੈ ਯਾ ਰਹਿੰਦਾ ਹੈ। ਵਿਗਾਸ, ਵਿਗਸੈ, ਪਦ ਗੁਰਬਾਣੀ ਵਿਚ ਆਨੰਦ, ਖੁਸ਼ੀ, ਖੇੜੇ, ਅਰਥਾਂ ਵਿਚ ਕਈ ਵੇਰ ਆਇਆ ਹੈ।

ਵੇ ਪਰਵਾਹੁ -(ਫ਼ਾਰਸੀ, ਬੇ=ਬਿਨਾ। ਪਰਵਾਹ=ਫਿਕਰ, ਚਿੰਤਾ, ਇੱਛਾ, ਲੋੜ; ਮੋਹ, ਡਰ ਆਦਿ) ਬਿਨਾ ਚਿੰਤਾ ਦੇ, ਬਿਨਾ ਪਕੜ ਦੇ, ਸੁਤੰਤਰ, ਅਲੇਪ।

(ਪਉੜੀ ੪)

ਪ੍ਰਾਕ੍ਥਨ– ਪਉੜੀ ੪ ਵਿਚ ਸਕਾਮ ਤੇ ਨਿਸ਼ਕਾਮ ਮੰਗਾਂ ਦੱਸਕੇ 'ਹੁਕਮੀ' ਦੀ ਪ੍ਰਾਪਤੀ ਦਾ ਰਾਹ ਦੱਸਦੇ ਹਨ। ਪਿਛਲੀ ਪਉੜੀ ੩ ਵਿਚ ਕਹੇ 'ਵਿਗਸੈ ਵੇ ਪਰਵਾਹੁ' 'ਹੁਕਮੀ' ਨੂੰ ਪਉੜੀ ੪ ਵਿਚ 'ਸਾਚਾ ਸਾਹਿਬੁ' ਕਹਿਕੇ ਪਿਛਲੀ ਪਉੜੀ ੩ ਦੇ ਖਿਆਲ ''ਸਾਈਂ ਦੇ 'ਦਾਤਾ' ਤੇ ਜਗਤ ਦੇ 'ਜਾਚਕ' ਹੋਣ'' ਨੂੰ ਫੇਰ ਦੁਹਰਾਇਆ ਹੈ ਕਿ ਲੋਕ ਮੰਗਦੇ ਹਨ ਤੇ ਓਹ ਦਾਤਾਰ ਦੇਂਦਾ ਹੈ। ਇਸ ਗਲ ਨੂੰ ਗੂਜਰੀ ਮ: ੧ ਵਿਚ ਗੁਰੂ ਜੀ ਨੇ ਵੇਰਵੇ ਨਾਲ ਦੱਸਿਆ ਹੈ:-

ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ॥....(ਗੁਜ: ਮ: ੧-ਅਸ਼ਟ-੨)

ਪੁਨਾ:-**ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇਦੇ ਤੋਟਿ ਨਾਹੀ ਭੰਡਾਰੁ॥**.... (ਗੁਜ: ਮ: ੧-ਅਸ਼ਟ-੨)

ਪੁਨਾ:-**ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ॥** (ਗੁਜ: ਮ: ੧-ਅਸ਼ਟ-੨)

ਇਉਂ ਸਾਰੇ ਮੰਗਣਹਾਰਿਆਂ ਦੀਆਂ ਸਕਾਮ ਮੰਗਾਂ ਦਾ ਤੇ ਉਸ ਦੇ ਦੇਣ ਦਾ ਜ਼ਿਕਰ ਕਰਕੇ ਅੰਤ ਆਪਣੀ ਮੰਗ ਐਉਂ ਦੱਸਦੇ ਹਨ:-

ਅਬ ਤਬ ਅਵਰੁ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ॥ (ਗੂਜਰੀ ਮ: ੧-ਅਸਟ-੨)

ਇਸ ਸ਼ਬਦ ਵਿਚ ਦੱਸੇ ਭਾਵ ਅਨੁਸਾਰ ਜਪੁਜੀ ਦੀ ਇਸ ਪਉੜੀ ੪ ਵਿਚ ਬੀ ਗੁਰੂ ਜੀ ਨੇ '.......ਦਾਤਿ ਕਰੇ ਦਾਤਾਰੁ॥' ਤੱਕ ਦੂਸਰਿਆਂ ਦੀਆਂ ਮੰਗਾਂ ਦੱਸੀਆਂ ਹਨ ਪਰ 'ਫੇਰਿ ਕਿ ਅਗੈ ਰਖੀਐ' ਤੋਂ ਅਪਣੀ ਮੰਗ ਦੱਸੀ ਤੇ ਇਸ ਗਲ ਦੇ ਨਿਰਣੈ ਲਈ 'ਆਖਹਿ ਮੰਗਹਿ' ਅੰਨਜ਼ ਪੁਰਖ ਵਾਚੀ ਕ੍ਰਿਯਾਂ ਵਰਤੀਆਂ ਕਿ ਓਹ ਮੰਗਦੇ ਹਨ ਯਾ ਓਹ ਆਖਦੇ ਹਨ, ਪਰ ਜਦ ਆਪਣੀ ਮੰਗ ਉਹਨਾਂ ਤੋਂ ਵਿਤ੍ਰੇਕਵੀਂ ਮੰਗਣੀ ਸ਼ੁਰੂ ਕੀਤੀ ਤਾਂ ਕ੍ਰਿਯਾ ਉੱਤਮ ਪੁਰਖ ਦੀ ਵਰਤੀ: 'ਰਖੀਐ', ਅਰਥਾਤ ਅਸੀਂ ਕੀ ਰਖੀਏ? ਸੋ ਭਾਵ ਇਹ ਨਿਕਲਿਆ ਕਿ ਆਪ ਦੂਸਰਿਆਂ ਦੀ ਸਕਾਮ ਮੰਗ ਛੋੜਕੇ ਨਿਸ਼ਕਾਮ ਮੰਗ 'ਨਾਮ' ਦੀ ਕਰਦੇ ਹਨ ਤੇ ਉੱਤਮ ਪੁਰਖ ਦੁਆਰਾ ਸਾਨੂੰ ਜਾਚ ਸਿਖਾਲਦੇ ਹਨ ਕਿ ਤੁਸੀਂ ਬੀ ਨਿਸ਼ਕਾਮ, ਮੰਗ ਮੰਗੋ। ਇਸੇ ਕਰਕੇ 'ਕਰਮੀ ਆਵੈ ਕਪੜਾ' ਤੇ 'ਨਦਰੀ ਮੋਖੁ ਦੁਆਰੁ' ਵਿਚ ਬੀ ਸਕਾਮ ਕਰਮਾਂ ਤੋਂ ਸਰੀਰ ਦੀ ਪ੍ਰਾਪਤੀ ਤੇ ਨਿਸ਼ਕਾਮ ਮੰਗ ਤੋਂ 'ਮਿਹਰ' ਹੋਣ ਦ੍ਵਾਰਾ 'ਵਾਹਿਗੁਰੂ ਪ੍ਰਾਪਤੀ' ਦਾ ਨਿਖੇੜਵਾਂ ਵੇਰਵਾ ਦੱਸਦੇ ਹਨ।

ਮੂਲ	ਅਰਥ
ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥	(ਵੇਪ੍ਰਵਾਹ ਤੇ ਵਿਗਸੰਦਾ ਹੁਕਮੀ ਆਪਣੀ ਰਚੀ ਹੋਈ ਦਾ) ਸਾਹਿਬ ਹੈ (ਇਸ ਰਚੀ ਹੋਈ ਦੇ ਬਦਲਣਹਾਰ ਰੂਪ ਵਿਚ ਓਹ ਆਪ) ਸਤਿ (ਸਰੂਪ) ਹੈ ਤੇ ਸਤਿ ਨਾਮ ਹੈ, (ਅਨੇਕ) ਭਾਵ (ਵਾਲੇ ਜੀਵਾਂ ਤੋਂ ਉਹ) ਅਪਾਰ (=ਅਨੇਕ ਨਾਮਾਂ ਵਾਲਾ) ਪੁਕਾਰਿਆ ਗਿਆ ਹੈ। (ਆਪਣੇ ਆਪਣੇ ਭਾਵ ਅਨੁਸਾਰ
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥	ਓਹ ਉਸ ਦਾ ਨਾਮ) ਆਖਦੇ ਹਨ (ਤੇ ਆਪਣੀ ਮੰਗ ਅਨੁਸਾਰ ਉਸ ਤੋਂ ਦਾਤਾਂ) ਮੰਗਦੇ, ਹਨ ਤੇ 'ਦੇਹ ਦੇਹ' ਕਰਦੇ ਹਨ, (ਉਹ) ਦਾਤਾਰ (ਉਹੋ) ਦਾਤ ਦੇਂਦਾ ਹੈ। (ਪਰ ਇਹ ਮੰਗਾਂ ਸਕਾਮ ਹਨ ਤੇ ਸਾਡੀ ਮੰਗ 'ਨਿਸ਼ਕਾਮ' ਕੇਵਲ ਸਚੇ ਸਾਹਿਬ ਤੇ ਉਸ ਦੇ ਨਾਮ ਦੀ ਹੈ। ਫਿਰ ਸਾਡੇ ਪਾਸ ਜੋ ਕੁਛ ਹੈ ਉਸੇ ਦਾਤੇ ਦੀ ਦਾਤ ਹੈ, ਸੋ ਪ੍ਰਸ਼ਨ ਉਪਜਦਾ ਹੈ
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥	ਕਿ) ਫੇਰ (ਅਸੀਂ) ਕੀਹ (ਉਸ ਦਾਤੇ ਦੇ) ਅੱਗੇ ਧਰੀਏ (ਭਾਵ ਕੀ ਨਜ਼ਰ ਪੇਸ਼ ਕਰੀਏ) ਜਿਸ ਕਰਕੇ (ਕਿ ਸਾਨੂੰ ਉਸ ਦਾ) ਦਰਬਾਰ ਦਿੱਸ ਪਵੇ (ਤੇ ਦਰਬਾਰ ਦਿੱਸੇ ਤੇ) ਮੂੰਹੋਂ ਕੀਹ ਵਾਕ ਬੋਲੀਏ ਕਿ ਜਿਸ ਨੂੰ ਸੁਣਕੇ (ਓਹ ਸਾਡੇ ਨਾਲ) ਪਯਾਰ ਕਰੇ? (ਉੱਤਰ: ਉਸ ਦੀਆਂ ਦਾਤਾਂ ਵਿਚੋਂ ਅੱਠ ਪਹਿਰ ਦਾ

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥	ਸਮਾਂ ਇਕ ਅਮੋਲਕ ਦਾਤ ਹੈ, ਇਸ ਵਿਚੋਂ ਪਿਛਲੀ ਰਾਤ ਦਾ ਪਹਿਰ ਅਰਥਾਤ) ਅੰਮ੍ਰਿਤ ਵੇਲਾ (ਉਸ ਦੀ ਨਜ਼ਰ ਵਜੋਂ ਭੇਟ ਧਰੀਏ ਇੰਜ ਕਿ ਉਸ ਵੇਲੇ ਉਸ ਦਾ) ਸੱਚਾ ਨਾਮ (ਸਿਮਰੀਏ ਤੇ ਉਸ ਦੀਆਂ) ਵਡਿਆਈਆਂ ਦਾ ਵੀਚਾਰ ਕਰੀਏ, (ਇਸ ਨਾਲ ਉਸ ਦੀ ਮਿਹਰ ਸਾਡੇ ਉਤੇ ਹੋਵੇਗੀ। ਜੇ ਅਸੀਂ ਨਿਰੇ ਕਰਮਾਂ ਤੇ ਟੇਕ ਰਖੀ ਤਾਂ) ਕਰਮਾਂ ਨਾਲ ਤਾਂ ਸਰੀਰ ਮਿਲਦਾ ਹੈ (ਮੁਕਤਿ ਨਹੀਂ ਮਿਲਦੀ, ਪਰ) ਮੁਕਤਿ ਦੁਆਰਾ (ਸਾਈਂ ਦੀ) ਮਿਹਰ ਦ੍ਰਿਸ਼ਟੀ ਨਾਲ (ਹੀ ਖੁੱਲ੍ਹਦਾ ਹੈ, ਸੋ ਮਿਹਰ ਲਈ ਗੁਣਾਨੁਵਾਦ ਤੇ ਨਾਮ ਆਰਾਧਨਾ ਚਾਹੀਏ। ਜਦੋਂ ਮੁਕਤਿ ਦੁਆਰਾ ਖੁੱਲ੍ਹ ਜਾਂਦਾ ਹੈ ਤਾਂ) ਹੇ ਨਾਨਕ!
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥੪॥	ਐਉਂ ਜਾਣ ਲਈਦਾ ਹੈ (ਭਾਵ ਇਹ ਗਜਾਨ ਹੋ ਜਾਂਦਾ ਹੈ ਕਿ ਉਹ ਸਚਿਆਰ=)ਸਤਜ ਸਰੂਪ ਵਾਹਿਗੁਰੂ ਸਭ ਕੁਛ ਆਪ ਹੀ ਆਪ ਹੈ॥੪॥

ਵਜਾਖਜਾ– ਇਹ ਪਉੜੀ ਲਗ ਪਗ ਸਾਰੀ ਹੀ ਸਾਧਨ ਪੱਖ ਦੀ ਹੈ। ਇਸ ਵਿਚ ਪਹਿਲੋਂ 'ਹੁਕਮੀ' ਨੂੰ 'ਸਚਾ ਸਾਹਿਬੁ' ਆਖਕੇ ਫੇਰ 'ਦਾਤਾ' ਕਿਹਾ ਹੈ: ਜਿਵੇਂ ਕਿ ਪਉੜੀ ੩ ਵਿਚ ਕਿਹਾ ਸੀ; ਸੋ ਓਹ ਦਾਤਾ ਹੋਇਆ ਤੇ ਜੀਵ ਯਾਚਕ ਹੋਏ। ਜਿਸ ਜਾਚਕ ਦਾ ਜੀ ਕਰੇ ਕਿ ਦਾਤ ਦੀ ਥਾਵੇਂ ਮੈਨੂੰ ਦਾਤਾਰ ਆਪ ਪ੍ਰਾਪਤ ਹੋਵੇ ਤਾਂ ਉਹ ਕੀਹ ਕਰੇ? ਇਹ ਗੱਲ ਪ੍ਰਸ਼ਨ ਰੂਪ ਵਿਚ ਆਪ ਹੀ ਲਿਖਕੇ ਪੁੱਛਦੇ ਹਨ ਕਿ ਸਾਡੇ ਕੋਲ ਜੋ ਕੁਛ ਹੈ ਦਾਤ ਹੈ, ਦਿੱਤੇ ਵਿਚੋਂ ਦਾਤੇ ਨੂੰ ਹੀ ਦੇਕੇ ਖੁਸ਼ ਕਰ ਸਕਣਾ ਕਠਨ ਗੱਲ ਹੈ, ਤਾਂ ਫੇਰ ਅਸੀਂ ਪ੍ਰਸੰਨਤਾ ਤੇ ਪਿਆਰ ਲੈਣ ਲਈ ਕੀ ਭੇਟਾ ਧਰੀਏ, ਕੀ ਸ੍ਵਸਤੀ ਵਾਚਕ[1] ਵਾਕ ਕਹੀਏ ਕਿ ਜਿਸ ਨੂੰ ਸੁਣਕੇ ਓਹ ਸਾਡੇ ਜਿਹੇ ਤੁੱਛ ਜੀਵਾਂ ਦੇ ਨਾਲ ਪਿਆਰ ਵਿਚ ਆ ਜਾਵੇ? ਫਿਰ ਆਪ ਹੀ ਪ੍ਰਸ਼ਨ ਦਾ ਉੱਤਰ ਦਿੰਦੇ ਹਨ ਕਿ ਅੰਮ੍ਰਿਤ ਵੇਲੇ ਜਾਗਕੇ ਉਸ ਦੇ ਗੁਣਾਂ ਦਾ ਵੀਚਾਰ ਕਰੀਏ ਤੇ ਉਸ ਦਾ ਨਾਮ ਸਿਮਰਨ ਕਰੀਏ। ਇਹ ਭੇਟਾ ਕੋਈ ਸਥੂਲ ਪਦਾਰਥ ਨਹੀਂ, ਕੋਈ ਕਰਮ ਮਾਤ੍ਰ ਨਹੀਂ, ਇਹ ਦਿਲ ਦਾ ਭਾਵ (ਪ੍ਰੇਮ) ਹੈ। ਇਸ ਭਾਵ ਪਰ 'ਪ੍ਰੇਮ ਸਰੂਪ' ਵਾਹਿਗੁਰੂ ਰੀਝੇਗਾ, ਉਸ ਦੀ ਮਿਹਰ ਦੀ ਨਦਰ ਪਏਗੀ, ਜਿਸ ਨਾਲ ਮੁਕਤੀ ਤੇ ਸਚਿਆਰਤਾ ਪ੍ਰਾਪਤ ਹੋ ਜਾਏਗੀ। ਪਿਆਰ ਵਿਚ ਇਹ ਸ਼ਕਤੀ ਹੈ ਕਿ ਪਿਆਰ ਪਿਆਰ ਨੂੰ ਖਿੱਚ ਪਾਉਂਦਾ ਹੈ, ਚਾਹੋ ਕਿੰਨਾ ਥੋੜਾ ਪਿਆਰ ਖਿੱਚ ਪਾਉਣ ਵਾਲਾ ਹੋਵੇ, ਜਿਵੇਂ ਸੁਰ ਹੋਈ ਤਰਬ ਨੂੰ ਜਦ ਛੇੜੋ ਤਾਂ ਬਾਜ਼ ਦੀ ਉਹੋ ਸੁਰ ਬੋਲ ਪਵੇਗੀ ਚਾਹੋ ਕਿਤਨੀ ਘੱਟ ਥਰਰਾਟ ਦੇਵੇ, ਪਰ ਦੇਵੇਗੀ ਜ਼ਰੂਰ।

ਜੇ ਅਸੀਂ ਇਹ ਪਜਾਰ-ਮਾਰਗ ਛੋੜਕੇ ਨਿਰੇ ਕਰਮਾਂ ਵਿਚ ਰਹਾਂਗੇ ਤਾਂ ਫੇਰ ਫੇਰ ਜਨਮ ਧਾਰਾਂਗੇ, ਇਤਨੀ ਗੱਲ ਹੋ ਜਾਏਗੀ ਕਿ ਸ਼ੁਭ ਕਰਮਾਂ ਅਨੁਸਾਰ ਦੇਹ ਚੰਗੀ ਮਿਲ ਜਾਏਗੀ, ਪਰ ਮੁਕਤਿ ਨਹੀਂ ਮਿਲੇਗੀ। ਮੋਖ-ਦੁਆਰਾ ਤਾਂ ਮਿਹਰ ਦੀ ਨਦਰ ਨਾਲ ਮਿਲੇਗਾ, ਫੇਰ ਮੋਖ-ਦੁਆਰ ਤੇ ਅੱਪੜਕੇ ਸਾਡੀ ਦ੍ਰਿਸ਼ਟੀ ਇਹ ਹੋ ਜਾਏਗੀ ਕਿ ਵਾਹਿਗੁਰੂ ਸਤਜ ਸਰੂਪ ਸਭ ਕੁਛ ਆਪ ਹੀ ਹੈ, ਭਾਵ ਅਸੀਂ ਸਚਿਆਰ ਵਾਹਿਗੁਰੂ ਦਾ ਅਨੁਭਵ ਪ੍ਰਾਪਤ ਕਰ ਲਵਾਂਗੇ। ਜੋ ਪਉੜੀ ੧ ਵਿਚ ਪਿਛੇ ਸਚਿਆਰ ਹੋਣ ਦੀ ਜਾਚ ਪੁੱਛੀ ਸੀ ਤੇ ਉੱਤਰ 'ਹੁਕਮ ਵਿਚ ਚੱਲਣਾਂ' ਦੱਸਿਆ ਸੀ, ਏਥੇ ਆਪ ਗੁਰੂ ਜੀ ਨੇ ਖੋਹਲ ਦਿਤਾ ਹੈ ਕਿ ਨਾਮ ਤੇ ਸਿਫਤ ਸਲਾਹ ਨਾਲ ਸਚਿਆਰ ਨੂੰ ਪ੍ਰਾਪਤ ਹੋਕੇ ਸਚਿਆਰ ਹੋ ਜਾਓਗੇ। ਗੋਇਆ 'ਨਾਮ ਤੇ ਸਿਫਤ ਸਲਾਹ' ਵਾਲਾ ਜੀਵਨ ਹੁਕਮ ਵਿਚ ਟੁਰਨੇ ਵਾਲਾ ਜੀਵਨ ਹੈ, ਜੋ ਸਚਿਆਰਤਾ ਦਾ ਮਾਰਗ ਹੈ।

---

[1]ਮੰਗਲ ਸੂਚਕ ਵਾਕ। ਅਸ਼ੀਰਵਾਦ ਸੂਚਕ ਬਚਨ। ਜੈਸੇ: ਕਲਜਾਣ ਹੋ, ਮੰਗਲ ਹੋ, ਭਲਾ ਹੋ ਆਦਿ ਲਫਜ਼ ਕਹਿਣੇ।

www.sikhbookclub.com

'ਸਚਾ ਸਾਹਿਬ ਸਾਨੂੰ ਪਿਆਰ ਕਿਵੇਂ ਕਰੇ?' ਇਹ ਮੰਗ ਅਨੂਠੀ ਹੈ। ਦੁਨੀਆਂ ਦੇ ਇਤਰ ਮਤ: ਸੂਫੀ ਆਦਿ ਦੇ ਜਗਜਾਸੂ ਆਪਣੇ ਆਪ ਨੂੰ ਰਬ ਜੀ ਦਾ ਪ੍ਰੇਮੀ (ਆਸ਼ਿਕ) ਬਿਆਨ ਕਰਦੇ ਕਵਿਤਾਵਾਂ ਰਚਦੇ ਹਨ। ਗੁਰੂ ਜੀ ਕਹਿੰਦੇ ਹਨ ਕਿ ਉਹ ਜਾਚ ਦੱਸੋ ਜਿਸ ਨਾਲ ਓਹ ਦਾਤਾ ਸਾਨੂੰ ਪਿਆਰ ਕਰੇ। ਇਸ ਵਿਚ ਉਸ ਬੇਅਦਬੀ ਦਾ ਬਚਾਉ ਹੈ ਜੋ ਨਿਜ ਨੂੰ ਆਸ਼ਿਕ ਮੰਨਣ ਵਾਲੇ ਕਦੇ ਕਦੇ ਲਿਖ ਬੈਠਦੇ ਹਨ। ਗੁਰੂ ਜੀ ਦੱਸਦੇ ਹਨ ਕਿ ਅਸੀਂ ਗੁਣ ਧਾਰਨ ਕਰੀਏ ਐਸੇ ਕਿ ਜੋ ਸਾਈਂ ਨੂੰ ਪ੍ਰਿਯ ਹੋਣ ਤੇ ਓਹ ਸਾਨੂੰ ਪਿਆਰ ਕਰੇ, ਗੋਇਆ ਕਿ ਅਸੀਂ ਸਦਾ ਉਸ ਦੇ ਪ੍ਰਸੰਨ ਕਰਨ ਦੇ ਯਤਨ ਕਰਨ ਵਿਚ, ਉਸਦੇ ਪ੍ਰੇਮ ਦੇ ਅਧਿਕਾਰੀ ਬਣਨ ਵਿਚ ਲਗੇ ਰਹਾਂਗੇ, ਇਉਂ ਸਾਥੋਂ ਭੁੱਲਾਂ ਦੀ ਸੰਭਾਵਨਾਂ ਘਟੇਗੀ, ਅਦਬ ਵਿਚ ਰਹਾਂਗੇ ਤੇ ਸਦਾ 'ਈਸ਼੍ਵਰ ਪ੍ਰਿਯ' ਗੁਣਾਂ ਦੇ ਸੰਗ੍ਰਹ ਵਿਚ ਲਗੇ ਰਹਾਂਗੇ। ਭਾਈ ਨੰਦ ਲਾਲ ਜੀ ਨੇ ਲਿਖਿਆ ਹੈ:-

ਦਰ ਰਹੇ ਹੱਕ ਜੁਜ਼ ਅਦਬ ਤਾਲੀਮ ਨੇਸਤ,
ਤਾਲਬੇ ਓ ਰਾ ਬਜੁਜ਼ ਤਸਲੀਮ ਨੇਸਤ।
ਗਰਚਿਹ ਅਜ਼ ਸਰ ਤਾ ਬਪਾ ਮੌਲਾ ਬਵੱਦ,
ਜ਼ਿੰਦਗੀ ਦਰ ਬੰਦਗੀ ਔਲਾ ਬਵੱਦ[1]। (ਜ਼ਿੰਦਗੀ ਨਾਮਹ।)

ਇਹ ਗੋਇਆ ਇਕ ਸੂਖਮ ਤਰੀਕਾ ਹੈ ਸੂਖਮ ਤੋਂ ਸੂਖਮ ਹਉਂ ਤੋਂ ਬਚੇ ਰਹਿਣ ਦਾ। ਇਹ ਹੈ ਬਾ-ਅਦਬ ਤਰੀਕਾ ਪ੍ਰੇਮ ਮਾਰਗ ਦਾ।

ਇਸ ਪਉੜੀ ਦੀ ਪਹਿਲੀ ਤੁਕ ਵਿਚ 'ਸਾਚੁ ਨਾਇ' ਕਿਹਾ ਹੈ। ਇਸੇ ਨੂੰ ਪੰਜਵੀਂ ਤੁਕ ਵਿਚ 'ਸਚੁ ਨਾਉ' ਕਿਹਾ ਹੈ, ਪਰ ਨਾਲ 'ਜਪੋ' ਆਦਿ ਕ੍ਰਿਯਾਵਾਚੀ ਪਦ ਕੋਈ ਨਹੀਂ ਦਿੱਤਾ; ਪਰ ਹੋਰਥੇ ਗੁਰੂ ਜੀ ਨੇ ਇਹੋ ਤੁਕ ਫੁਰਮਾਕੇ ਨਾਲ ਕ੍ਰਿਯਾ ਪਦ ਬੀ ਵਰਤਿਆ ਹੈ, ਯਥਾ:-

ਸੋ ਕਿਉ ਵਿਸਰੈ ਮੇਰੀ ਮਾਇ॥ ਸਾਚਾ ਸਾਹਿਬੁ ਸਾਚੈ ਨਾਇ॥ (ਆਸਾ ਮ: ੧-੨)

ਏਥੇ 'ਸਾਚੁ ਨਾਇ' ਨੂੰ ਨਾ ਵਿਸਾਰਨਾ ਅਰਥਾਤ ਸਿਮਰਨਾ ਸਾਫ ਦੱਸਿਆ ਹੈ।

ਵਡਿਆਈ ਵੀਚਾਰ ਤੋਂ ਭਾਵ ਵਾਹਿਗੁਰੂ ਜੀ ਦੇ ਗੁਣ ਸਿਮਰਣ ਤੋਂ ਹੈ। ਗੁਣ ਸਭ ਤੋਂ ਸੁਹਣੀ ਤਰ੍ਹਾਂ ਬਾਣੀ ਵਿਚ ਵਰਣਿਤ ਹਨ ਤੇ ਬਾਣੀ ਗੁਰੂ ਕੀ ਪੱਕੀ ਬਾਣੀ ਹੈ, ਸੋ ਇਸ ਦਾ ਤਾਤਪਰਜ ਇਹ ਹੈ ਕਿ ਗੁਰਬਾਣੀ ਦੁਆਰਾ ਸਾਈਂ ਦੇ ਗੁਣ ਕਥਨ ਕਰਨੇ ਚਾਹੀਏ। ਬਾਣੀ ਦਾ ਪਾਠ ਬਾਣੀ ਵਿਚ ਧਿਆਨ ਦੇ ਕੇ ਪਜਾਰ ਨਾਲ ਕਰਨਾ ਚਾਹੀਏ, ਜੈਸਾ ਕਿ ਹੁਕਮ ਹੈ:-

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥ (ਰਾਮ: ਮ:੧ : ਦਖ: ਓਅ:-੪੦)

ਬਾਣੀ ਪਰਮੇਸ਼ੁਰ, ਗੁਰੂ, ਸੰਤ, ਸਤਿਸੰਗ ਤੇ ਨਾਮ ਦੀ ਮਹਿੰਮਾ ਦੱਸਦੀ ਹੈ, ਪ੍ਰੇਮ ਵਧਾਉਂਦੀ ਹੈ। ਬਾਣੀ ਪੜ੍ਹਨੇ ਵਾਲੇ ਵਿਚ ਦੈਵੀ ਗੁਣ ਪ੍ਰਵੇਸ਼ ਕਰਾਉਂਦੀ ਹੈ, ਅਰ ਉਸ ਨੂੰ ਪਰਮੇਸ਼ੁਰ ਦੀ ਨਜ਼ਰ ਵਿਚ ਪ੍ਰਵਾਨ ਅਰ ਯੋਗ ਕਰਦੀ ਹੈ। ਬਾਣੀ ਦੇ ਭਜਨੀਕ ਸਿੰਘ, ਅਰ ਪੁਰਾਤਨ ਮਹਾਤਮਾ ਤੋਂ ਪਤਾ ਲਗਦਾ ਹੈ ਕਿ ਬਾਣੀ ਦਾ ਅਭਜਾਸ ਵਿਚਾਰ ਸੰਯੁਕਤ ਦ੍ਰਿੜ ਹੋਣੇ ਤੇ ਨਾਮ ਦ੍ਰਿੜ ਕਰੀਦਾ ਹੈ। ਬਾਣੀ ਬਿਨ ਹਿਰਦਾ ਸਫਾ ਨਹੀਂ ਹੁੰਦਾ, ਨਾਮ ਮੈਲੇ ਹਿਰਦੇ ਵਿਚ ਟਿਕ ਨਹੀਂ ਸਕਦਾ, ਇਸ ਲਈ ਪਹਿਲਾਂ ਬਾਣੀ ਦਾ ਅਭਜਾਸ ਹੋਵੇ। ਜਦ ਇਸ ਅਭਜਾਸ ਮਗਰੋਂ ਹਿਰਦੇ ਵਿਚ ਨਾਮ ਆ ਟਿਕੇ ਤਦ ਬਾਣੀ ਉਸ ਵਿਚ ਪ੍ਰੇਮ ਅਧਿਕ ਕਰਦੀ ਹੈ। ਇਸ ਕਰਕੇ ਦੁਹਾਂ ਦਾ ਪਰਸਪਰ ਸੰਜੋਗ ਹੈ, ਇਕ ਬੜੇ ਸਿੰਘ ਮਹਾਤਮਾਂ ਦਾ ਖਤ ਪੜ੍ਹਨੇ ਵਿਚ ਆਇਆ ਹੈ। ਉਸ ਵਿਚ ਉਹ ਇਕ ਪ੍ਰੇਮੀ ਨੂੰ ਇਸ ਪ੍ਰਕਾਰ ਦੀ

[1]ਇਸਦਾ ਅਰਥ ਇਹ ਹੈ: ਰੱਬ ਦੇ ਰਸਤੇ ਵਿਚ ਅਦਬ ਵਿਚ ਰਹਿਣ ਤੋਂ ਸਿਵਾ ਹੋਰ ਕੋਈ (ਵਡੀ) ਸਿਖਜਾ ਨਹੀਂ ਹੈ। ਰਬ ਦੇ ਜਗਜਾਸੂ ਲਈ ਉਸ ਦੇ ਭਾਣੇ ਮੰਨਣ ਤੋਂ ਸਿਵਾ (ਹੋਰ ਕੋਈ) ਵਡੀ ਗਲ ਨਹੀਂ। ਚਾਹੇ (ਕੋਈ) ਸਿਰ ਤੋਂ ਪੈਰਾਂ ਤਕ ਮੌਲਾ ਹੀ ਹੋ ਜਾਵੇ, ਪਰ ਜੀਵਨ ਫਿਰ ਬੀ ਬੰਦਗੀ ਵਿਚ ਹੀ ਬਸਰ ਕਰਨਾ ਬਿਹਤਰ ਹੈ।

ਤਾਕੀਦ ਕਰਦੇ ਸਨ ਕਿ "ਦੇਖੀਂ ਕਦਾਚਿਤ ਬਾਣੀ ਵਿਸਾਰੇਂ। ਬਾਣੀ ਗੋਦ ਮਾਤਾ ਦੀ ਹੈ। ਨਾਮ ਤੋਂ ਜ਼ਰਾ ਸ਼ੌਕ ਘਟੇ ਝਟ ਬਾਣੀ ਸਹਾਰਾ ਦੇਵੇਗੀ, ਜੇ ਬਾਣੀ ਛਡ ਬੈਠੇ ਤਦ ਉਲਟ ਚਕ੍ਰ ਵੇਲੇ ਕਿਸ ਨੂੰ ਹੱਥ ਪਾਓਗੇ; ਬਾਣੀ ਦੀ ਗੋਦ ਵਿਚ ਨਾਮ ਨੂੰ ਖਿਡਾਓ। ਜਦ ਕਦੀ ਫਰੌਟੀ ਲੱਗੂ, ਜੋ ਜਗਜਾਸੂ ਨੂੰ ਅਨੇਕਾਂ ਵੇਰਾਂ ਲਗਦੀਆਂ ਹਨ, ਤਦ ਬਾਣੀ ਬਚਾ ਲਏਗੀ, ਨਹੀਂ ਤਾਂ ਉਸ ਵੇਲੇ ਕੋਈ ਠਾਹਰ ਨਹੀਂ।"

ਗੁਰੂ ਮਹਾਰਾਜ ਜੀ ਨੇ ਦੋ ਭੇਟਾਂ ਵਾਹਿਗੁਰੂ ਜੀ ਅਗੇ ਰਖਣੀਆਂ ਦੱਸੀਆਂ ਹਨ: 'ਨਾਮ' ਤੇ 'ਹਰੀ ਕੀਰਤਨ'। ਕਿਆ ਸ਼ੁਭ ਕਰਮਾਂ ਨੂੰ ਬੀ ਕੋਈ ਥਾਂ ਹੈ? ਇਸ ਹਿਤ ਗੁਰੂ ਜੀ ਨੇ ਅਗਲੀ ਤੁਕ ਕਹੀ ਹੈ। 'ਕਰਮੀ ਆਵੈ ਕਪੜਾ' ਕਰਮਾਂ ਕਰਕੇ ਕਪੜਾ ਮਿਲਦਾ ਹੈ, ਕਪੜੇ ਦਾ ਭਾਵ ਹੈ ਸਰੀਰ; ਸਰੀਰ ਦੀ ਲੋੜ ਦੇ ਪਦਾਰਥ ਤੇ ਸਰੀਰ ਦੇ ਸੁਖ ਲਈ ਮਨ ਦੇ ਆਧਾਰ। ਸੋ ਕਰਮਾਂ ਦਾ ਫਲ ਇਹ ਤਿੰਨੇ ਚੀਜ਼ਾਂ ਹਨ। ਮੁਕਤੀ ਕਰਮਾਂ ਦਾ ਫਲ ਨਹੀਂ ਹੋ ਸਕਦੀ, ਇਸ ਵਿਚ ਦੋ ਹੇਤੂ ਹਨ:-

(੧) ਕਰਮ ਸਾਂਗੋ ਪਾਂਗ ਸਾਹੇ ਨੇਕ ਹੋ ਨਹੀਂ ਸਕਦੇ, ਕੋਈ ਨ ਕੋਈ ਭੁੱਲ ਹੋ ਹੀ ਜਾਂਦੀ ਹੈ, ਕਿਉਂਕਿ ਮਨੁਖ ਪੂਰਨ ਨਹੀਂ, ਸਰਬੱਗ ਨਹੀਂ, ਇਸ ਕਰਕੇ ਭੁੱਲ ਹੋਣੀ ਅਵੱਸ਼ ਹੈ, ਤੇ ਕਰਮ ਮਾਰਗ ਦਾ ਇਹ ਨਿਯਮ ਹੈ ਕਿ ਸਾਂਗੋ ਪਾਂਗ ਪੂਰਨ ਕਰਮ ਹੋਣ, ਵਾਲ ਜਿੰਨੀ ਕਸਰ ਨਾ ਪਵੇ ਤਦ ਸਿੱਧੀ ਹੈ ਨਹੀਂ ਤਾਂ ਅਸਿੱਧੀ!

(੨) ਭਲਾ ਜੇ ਕੋਈ ਕਰਮ ਪੂਰਨ ਕਰ ਬੀ ਲਵੇ ਤਦ ਬੀ ਵਾਸ਼ਨਾ ਨਾਲ ਰਹਿੰਦੀ ਹੈ, ਵਾਸ਼ਨਾਜੰਨ ਕੀਤੇ ਕੰਮ ਸੁਖਾਂ ਦੇ ਭੋਗ ਦੇਂਦੇ ਹਨ, ਮੁਕਤੀ ਵਾਸ਼ਨਾ ਤੋਂ ਨਿਰਵਾਸ਼ ਹੋਏ ਹੁੰਦੀ ਹੈ।

(੩) ਮੁਕਤੀ ਨਾਮ ਹੈ ਸੰਸਾਰ ਤੋਂ ਛੁੱਟਣੇ ਦਾ, ਤੇ ਕਰਮ ਤਾਣਾ ਪੇਟਾ ਖਿਲਾਰਦੇ ਹਨ; ਛੁੱਟੇ ਕਿੱਕੁਰ? ਇਕ ਵਪਾਰੀ ਬਿਦੇਸ਼ ਵਿਚ ਹੱਟੀ ਕੱਢੀ ਬੈਠਾ ਹੈ, ਉਹ ਚਾਹੁੰਦਾ ਹੈ ਮੈਂ ਘਰ ਜਾਵਾਂ ਤਦ ਲੇਖੇ ਚੋਖੇ ਸਮੇਟਦਾ ਹੈ, ਸਭ ਵਿਹਾਰ ਸੰਕੋਚਦਾ ਹੈ, ਤਦ ਘਰ ਜਾਂਦਾ ਹੈ, ਤੇ ਜੇ ਕਰਜ਼ੇ ਦਈ ਜਾਵੇ ਤੇ ਖਲੇਰੇ ਖਲੇਰੀ ਜਾਵੇ ਤਦ ਕਿੱਕੁਰ ਛੁਟਕਾਰਾ ਪਾ ਸਕਦਾ ਹੈ? ਇਕੁਰ ਹੀ ਜਗਜਾਸੂ ਦੇ ਕਰਮ ਸਮਝੋ।

(੪) ਵਾਕ: **ਕਰਮ ਕਰਤ ਬਧੇ ਅਹੰਮੇਵ॥** (ਗਉੜੀ: ਕਬੀਰ ਜੀ-੬)

ਮੁਕਤ ਹਉਂ ਹਟਣੇ ਤੇ ਹੈ। ਪਰ ਕਰਮ ਕਰੀਦੇ ਹੀ ਹਉਮੈ ਨਾਲ ਹਨ। ਸੋ ਕਰਮਾਂ ਅਨੁਸਾਰ ਮੁੜ ਮੁੜ ਦੇਹ ਮਿਲਦੀ ਹੈ-ਕਰਮਾਂ ਅਨੁਸਾਰ:ਸ਼ੁਭ ਯਾ ਅਸ਼ੁਭ। ਇਸ ਲਈ ਕਰਮ ਸਰਬ ਸਹਾਇਕ ਨਹੀਂ। ਇਸ ਦਾ ਇਹ ਭਾਵ ਨਹੀਂ ਕਿ ਸ਼ੁਭ ਕਰਮ ਕਰਨੇ ਨਹੀਂ, ਕਦੀ ਨਹੀਂ। ਮੰਦੇ ਤਿਆਗ ਕੇ ਚੰਗੇ ਜ਼ਰੂਰ ਕਰਨੇ ਹਨ, ਇਹੋ ਤਾਂ ਪਰਮਾਰਥ ਹੈ; ਪਰ ਮਹਾਰਾਜ ਦਾ ਤਾਤਪਰਜ ਇਹ ਹੈ ਕਿ ਕਰਮਾਂ ਪਰ ਮੁਕਤੀ ਦਾ ਆਸਰਾ ਨਾ ਰਖੋ। ਕਰਮ ਭਲੇ ਕਰੋ ਪਰ ਨਿਸ਼ਕਾਮ[1] ਹੋਕੇ ਕਰੋ, ਤਾਂ ਜੋ ਹਿਰਦਾ ਸ਼ੁਧ ਹੋਵੇ, ਨਾਮ ਦਾ ਸਿੰਘਾਸਨ ਬਣੇ। ਪਰ ਨਿਰੇ ਕਰਮਾਂ ਨਾਲ ਪਰਮੇਸ਼ੁਰ ਪ੍ਰਾਪਤੀ ਨਾ ਜਾਣੋ। ਸ਼ੁਭ ਕਰਮ ਨੀਂਹ ਭਰੋ, ਮਹਲ ਨਾਮ ਦਾ ਉਸਾਰੋ।

ਨਿਰੇ ਕਰਮਾਂ ਦਾ ਭਰੋਸਾ ਛਡੀਏ, ਸ਼ੁਭ ਕਰਮ ਕਰੀਏ, ਪਰ ਭਰੋਸਾ ਉਹਨਾਂ ਪੁਰ ਨ ਕਰੀਏ, ਤੇ ਮਾਣ ਤਾਣ ਤਿਆਗਕੇ ਸ਼ਰਨ ਪੈ ਜਾਈਏ, ਨਦਰ ਪਰ ਭਰੋਸਾ ਕਰੀਏ ਤੇ ਨਾਮ ਤੇ ਸਿਫਤ ਸਲਾਹ ਨਾਲ 'ਕਰਤਾ ਪੁਰਖੁ' ਨੂੰ ਪਿਆਰ ਕਰੀਏ। ਪਿਆਰ ਪਰ ਨਦਰ ਹੋ ਜਾਣੀ ਸੌਖੀ ਗਲ ਹੈ, ਸੋ ਉਪਰ ਲਿਖੇ ਤੁਹਫੇ 'ਨਾਮ' ਤੇ 'ਬਾਣੀ' ਉਸ ਦੇ ਅਗੇ ਧਰ ਦੇਈਏ ਤੇ ਪਕੜ ਨੂੰ ਛਡਕੇ ਨਿਰਮਾਣ ਹੋ ਜਾਈਏ, ਇਕੁਰ ਉਸ ਦੀ ਮਿਹਰ ਹੁੰਦੀ ਹੈ:-

ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ॥ (ਸੂਹੀ ਮ: ੫ ਅਸਟ:-੪)

'ਨਦਰੀ ਮੋਖੁ ਦੁਆਰੁ' ਦਾ ਭਾਵ ਇਹ ਨਹੀਂ ਕਿ ਨਾਮ ਤੇ ਸਿਫਤ ਸਲਾਹ ਛੱਡਕੇ ਆਲਸ ਧਾਰਨ ਕਰੇ ਕਿ ਆਪੇ ਹੋ ਰਹੂ ਨਦਰ। ਨਦਰ ਲਈ ਸਿਫਤ ਸਲਾਹ ਤੇ ਨਾਮ ਦਾ ਜਤਨ ਦੱਸਿਆ ਹੈ।

---

[1]ਕਰਮ ਕਰਤ ਹੋਵੈ ਨਿਹਕਰਮ॥ (ਗਉੜੀ ਮਹਲਾ ੫, ਸੁਖਮਨੀ ੯-੨)

ਨਾਮ ਬਾਣੀ ਨੇ ਹਉਂ ਕੱਟਣੀ ਹੈ, ਹਉਂ ਕਟੀਜਿਆਂ ਮਿਹਰ ਹੁੰਦੀ ਹੈ। ਜਿੰਨਾਂ ਚਿਰ ਮੈਂ ਵਿਚ ਮੈਂ ਦੀ ਕਾਈ ਹੈ, ਮੇਲ ਕਠਨ। ਕਾਈ ਦੂਰ ਹੋਈ, ਕਰਤਾਰ ਕ੍ਰਿਪਾਲ ਹੋਇਆ। ਇਸ ਨਿਰਮਾਣਤਾ, ਨਿਰਹੰਕਾਰਤਾ ਦੇ ਪੈਦਾ ਕਰਨੇ ਹਿਤ ਗੁਰੂ ਜੀ ਕਹਿੰਦੇ ਹਨ ਕਿ ਪਰਮੇਸ਼ੁਰ ਦੀ ਦਇਆ ਦ੍ਰਿਸ਼ਟੀ ਹੀ ਮੁਕਤੀ ਦਾ ਸਾਧਨ ਹੈ, ਜੀਵ ਦਾ ਕੋਈ ਕਰਤੱਤ ਨਹੀਂ। ਇਹ ਜੀਵ ਕੇਵਲ ਅਨਹੋਈ ਹਉਮੈ ਨੂੰ ਦੂਰ ਕਰੇ, ਕਿ ਜਦ 'ਮੈਂ' ਮੁਕਤੀ ਦਾ ਕਰਤੱਤ ਕਰ ਹੀ ਨਹੀਂ ਸਕਦਾ, ਤਦ ਇਸ 'ਮੈਂ' ਨੂੰ ਦੂਰ ਕਰਾਂ, ਇਹ ਝੂਠਾ ਹਥਿਆਰ ਹੈ। ਇਸ ਨੂੰ ਦੂਰ ਕਰਨਾ ਫਰਜ਼ ਹੈ, ਐਥੋਂ ਤਾਈਂ ਕਿ ਦੂਰ ਕੀਤੇ ਦਾ ਹੰਕਾਰ ਬੀ ਨਾ ਹੋਵੇ। ਇਸ ਦੇ ਕਰਨੇ ਲਈ ਨਾਮ ਬਾਣੀ ਹੀ ਉਪਰਾਲਾ ਹੈ। ਅੰਮ੍ਰਿਤ ਵੇਲਾ ਤੇ ਸ਼ੁਭ ਕਰਮ ਉਪਯੋਗੀ ਹਨ।

ਜੋ ਕੰਮ ਕਰੀਦਾ ਹੈ ਕੋਈ ਕਾਮਨਾਂ ਯਾ ਵਾਸ਼ਨਾਂ ਰੱਖਕੇ ਕਰੀਦਾ ਹੈ, ਭਜਨ ਬੀ ਲੋਕੀ ਕਾਮਨਾ ਰਖਕੇ ਕਰਦੇ ਹੈਨ, ਕੋਈ ਤਾਂ ਸੰਸਾਰਕ ਪਦਾਰਥ, ਪੁਤ੍ਰ, ਸੰਪਦਾ, ਇਸਤ੍ਰੀ ਆਦਿ, ਕੋਈ ਸ੍ਵਰਗ ਦੀ, ਕੋਈ ਮੁਕਤੀ ਆਦਿ ਦੀ। ਗੁਰੂ ਮਹਾਰਾਜ ਜੀ ਦਾ ਭਾਵ ਇਹ ਹੈ ਕਿ ਕਾਮਨਾ ਛੋੜਕੇ ਪ੍ਰੇਮ ਕਰੋ, ਕਾਮਨਾ ਇਕ ਕੁੰਗੀ ਹੈ ਜੋ ਪ੍ਰੇਮਾ ਭਗਤੀ ਦੀ ਕੀਮਤ ਘਟਾ ਦੇਂਦੀ ਹੈ। ਸੋ ਇਸ ਤੁਕ ਵਿਚ ਆਪ ਨੇ ਇਹੋ ਸਿਖਯਾ ਦਿੱਤੀ ਹੈ ਕਿ 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥' ਦੇ ਵਾਸਤੇ ਨਿਸ਼ਕਾਮ ਹੋਣਾ ਜ਼ਰੂਰੀ ਹੈ। ਵੀਚਾਰ ਕਰੋ ਕਿ ਸਰੀਰ ਦਾ ਜੋ ਭੋਗ ਹੈ ਅਵੱਸ਼ ਕਰਮਾਂ ਦੇ ਅਨੁਸਾਰ ਮਿਲੇਗਾ, ਉਸ ਲਈ ਪ੍ਰੇਮਾ ਭਗਤੀ ਨੂੰ ਕੁੰਗੀ ਲਗਾਉਣੇ ਦੀ ਲੋੜ ਨਹੀਂ। ਦਾਤਾ ਦੇ ਰਿਹਾ ਹੈ, ਯਥਾ:-

ਤੂੰ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥...
ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ॥ (ਤਿਲੰਗ ਮ: ੫-੩)

ਪੁਨਾ:- **ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ॥** (ਰਾਮ: ਵਾਰ ਮ: ੨-੧੯) ਆਦਿ।

ਸੰਸਾਰਕ ਕਾਮਨਾ ਨਿਸ਼ਫਲ ਹੋਈ ਹੁਣ ਪਰਮਾਰਥਿਕ ਕਾਮਨਾ ਛੱਡੇ, ਕਿਉਂਕਿ ਮੁਕਤੀ ਕਰਮਾਂ ਕਰਕੇ ਪ੍ਰਾਪਤ ਹੀ ਨਹੀਂ ਹੋ ਸਕਦੀ, ਇਹ ਅਮਿਤ ਫਲ, ਮਿਤ ਦੇ ਜੀਵ ਦੇ ਕੀਤੇ ਹੋਏ ਮਿਤ ਵਾਲੇ ਕਰਮਾਂ ਦੇ ਵੱਟੇ ਵਿਚ ਕਿਸ ਤਰ੍ਹਾਂ ਪ੍ਰਾਪਤ ਹੋ ਸਕਦਾ ਹੈ, ਉਪਰ ਇਸ ਦਾ ਕਥਨ ਹੋ ਚੁਕਾ ਹੈ। ਮੁਕਤੀ ਤਾਂ ਅਕਾਲ ਪੁਰਖ ਦੀ ਦਇਆ ਦ੍ਰਿਸ਼ਟੀ ਨਾਲ ਹੀ ਪ੍ਰਾਪਤ ਹੁੰਦੀ ਹੈ, ਉਹ ਉਸ ਦੇ ਵੱਸ ਹੈ, ਸੋ ਟੇਕ ਉਸ ਤੇ ਧਾਰੋ:-

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥ (ਸਲੋਕ ਕਬੀਰ ਜੀ-੧੨੦)

ਪੁਨਾ:- **ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥**
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥ (ਗਉੜੀ ਕਬੀਰ-੬੩)

ਪੁਨਾ:- **ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥** (ਮਾਰੂ ਮ: ੫, ਸੋਹਲੇ-੭-੮)

ਤਾਂ ਇਸ ਦੀ ਕਾਮਨਾ ਬੀ ਛੁੱਟੀ। ਦੋਨੋਂ ਕਾਮਨਾ ਤਿਆਗ ਕੇ ਅੰਮ੍ਰਿਤ ਵੇਲੇ ਬਾਣੀ ਤੇ ਨਾਮ ਦੀ ਭੇਟਾ ਲੈ ਕੇ ਕਰਤਾਰ ਦੇ ਹਜ਼ੂਰ ਦਿਲ ਨਾਲ ਹਾਜ਼ਰ ਹੋਣਾ ਚਾਹੀਏ।

ਹੁਣ ਕੋਈ ਪੁੱਛੇ ਕਿ ਕਾਮਨਾਂ ਤਾਂ ਰਹੀ ਨਾਂ, ਕੋਈ ਕਿਸ ਪਿੱਛੇ ਉੱਦਮ ਕਰੇ? ਉਤਰ 'ਜਿਤੁ ਸੁਣਿ ਧਰੇ ਪਿਆਰੁ॥' ਉਸ ਦੇ ਪਯਾਰ ਨੂੰ ਪ੍ਰਾਪਤ ਕਰਨ ਖ਼ਾਤਰ। ਜੋ ਅਸਲ ਕਾਮਨਾ ਕਰਨੇ ਯੋਗ ਵਸਤੂ ਹੈ। ਇਸ ਪ੍ਰੇਮ ਦੀ ਤੁਫੈਲ ਹੋਰ ਕਾਮਨਾ ਨਾਸ਼ ਹੁੰਦੀ ਹੈ, ਅਰ ਇਹ ਪਰਮੇਸ਼ੁਰ ਨਾਲ ਸਦੈਵੀ ਸੰਯੋਗ ਕਰਾਉਂਦੀ ਹੈ। ਹੋਰ ਕਾਮਨਾਂ ਪਰਮੇਸ਼ੁਰ ਦੇ ਕੀਤੇ ਪਦਾਰਥਾਂ ਨਾਲ ਜੋੜਦੀਆਂ ਹਨ। ਇਹ ਕਾਮਨਾ ਕਰਤਾ ਨਾਲ ਜੋੜਦੀ ਹੈ, ਜੋ ਜੀਵ ਦਾ ਪਰਮਾਰਥ ਹੈ, ਤਦੇ ਕਹਿੰਦੇ ਹਨ:-

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾ ਰੇ॥ (ਦੇਵ: ਮ: ੫-੨੯)

www.sikhbookclub.com

ਜੋ ਕ੍ਰਿਤ ਨਾਲ ਹਿਤ ਕਰਦੇ ਹਨ ਓਹ ਮੁੜ ਮੁੜ ਫਸਦੇ ਹਨ[੧]।

ਅਸਲ ਪ੍ਰੇਮੀ ਤੇ ਮਟਾਤਮਾ ਸਭ ਪਾਪਾਂ ਤੋਂ ਸੁਥਰੇ ਓਹ ਹਨ ਜੋ ਪਰਮੇਸ਼ੁਰ ਕਰਤਾ ਪੁਰਖ ਨਾਲ ਪ੍ਰੇਮ ਕਰਦੇ ਹਨ[੨]।

ਛੇਕੜਲੀ ਤੁਕ '**ਸਭੁ ਆਪੇ ਸਚਿਆਰੁ॥**' ਵਿਚ ਉਸ ਨਿਰਮਾਣ ਪੁਰਖ ਦੀ ਅਵਸਥਾ ਦੱਸੀ ਨੇ ਕਿ ਜਿਸ ਪੁਰ 'ਨਦਰ' ਹੋ ਗਈ ਹੈ, ਉਹ ਆਪਣੀ ਮੈਂ, ਅਰਥਾਤ ਅਨਹੋਈ ਹਉਮੈ ਖੋਕੇ ਦਇਆ ਦੇ ਅੰਦਰ ਪਹੁੰਚਾ ਹੈ। ਹੁਣ ਉਸ ਦੀ ਦ੍ਰਿਸ਼ਟੀ ਹੈ ਕਿ ਪਰਮੇਸ਼ੁਰ ਹੀ ਕੇਵਲ ਸਤਜ ਸਰੂਪ ਹੈ:-

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ (ਖਿਲਾ: ਮ: ੫-੧੧੭)

ਜੋ ਕੁਛ ਹੈ ਉਹ ਆਪ ਸਤਜ ਸਰੂਪ ਹੀ ਹੈ।

ਸੋ ਬਾਣੀ ਦੁਆਰਾ ਗੁਣ ਗਾਵਣ ਨਾਲ ਮਨ ਦੀ ਮੈਲ ਉਤਰਦੀ ਹੈ:-

ਗੁਨ ਗਾਵਤ ਤੇਰੀ ਉਤਰਸਿ ਮੈਲੁ॥
ਬਿਨਸਿ ਜਾਇ ਹਉਮੈ ਬਿਖੁ ਫੈਲੁ॥ (ਗਉ: ਮ: ੫, ਸੁਖਮਨੀ ੧੯-੭)

ਪੁਨਾ:- **ਗੁਣ ਗਾਵਤ ਹੋਵਤ ਪਰਗਾਸੁ॥** (ਰਾਮ: ਮ: ੫-੫੭)

ਨਾਮ ਨਾਲ ਚਿਤ ਏਕਾਗ੍ਰ ਹੁੰਦਾ ਹੈ:- **ਨਾਮੋ ਹੀ ਚਿਤਿ ਕੀਨੀ ਓਟ॥** (ਗੋਂਡ ਮ: ੫-੪)

ਪੁਨਾ:- **ਨਾਮੁ ਜਪਤ ਹੋਆ ਪਰਗਾਸੁ॥** (ਪ੍ਰਭਾਤੀ ਮ: ੫-੧੧)

ਤੇ ਨਾਮ ਨਾਲ ਹੀ ਜੀਵ ਵਾਹਿਗੁਰੂ ਜੀ ਦੇ ਸ਼ਰਧਾ ਪਿਆਰ ਵਿਚ ਜੁੜਦਾ ਹੈ:-

ਨਾਮੁ ਜਪਤ ਹਰਿ ਚਰਣ ਨਿਵਾਸੁ॥ (ਭੈਰਉ ਮ: ੫-੪੯)

ਪੁਨਾ:- **ਨਾਮੁ ਜਪਤ ਪ੍ਰਭ ਸਿਉ ਮਨ ਮਾਨੇ॥** (ਗਉ: ਮ: ੫-੧੧੧)

ਉਪਰੋਂ ਵਾਹਿਗੁਰੂ ਜੀ ਦੀ ਪਿਆਰ ਦੀ ਨਦਰ ਹੁੰਦੀ ਹੈ, ਇਸ ਨਾਲ ਸਚਿਆਰ (ਸਤਜ ਸਰੂਪ) ਨੂੰ ਪ੍ਰਾਪਤ ਹੋਕੇ ਸਚਿਆਰ ਹੋ ਜਾਈਦਾ ਹੈ। ਯਥਾ:-

ਸਹਜਿ ਅਨੰਦਿ ਕਿਰਪਾ ਧਾਰਿ॥ ਨਾਮਿ ਰਤੇ ਸਦਾ ਸਚਿ ਪਿਆਰਿ॥ (ਆਸਾ ਮ: ੩ ਅਸਟ:-੨੫)

ਵਾਹਿਗੁਰੂ ਦੀ ਕ੍ਰਿਪਾ ਕਰਨ ਨਾਲ (ਜਗਜਾਸੂ) ਸਹਿਜ ਅਨੰਦ ਵਿਚ ਹੋ ਜਾਂਦਾ ਹੈ।

ਨਾਮ ਵਿਚ ਰੱਤੇ ਹੋਏ ਸਦੀਵ 'ਸਚ' (ਵਾਹਿਗੁਰੂ) ਵਿਚ (ਤੇ ਉਸ ਦੇ) ਪਿਆਰ ਵਿਚ ਵਸਦੇ ਹਨ।

ਨਿਰੁਕ੍ਤ-'ਨਾਇ' ਦਾ ਅਕਸਰ ਅਰਥ 'ਨਾਮ ਕਰਕੇ' 'ਨਾਮ ਨਾਲ' ਹੁੰਦਾ ਹੈ, ਪਰ ਗੁਰਬਾਣੀ ਵਿਚ 'ਨਾਇ' ਤੇ 'ਨਾਉ' ਇਕੋ ਤਰ੍ਹਾਂ ਬੀ ਵਰਤੇ ਹਨ, ਯਥਾ:-

ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ॥
ਨਾਉ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ॥ (ਵਾਰ ਸਾਰੰਗ ਮ: ੪-੧੧)

ਪੁਨਾ:- **ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ॥** (ਵਾਰ ਸਾਰੰਗ ਮ: ੪-੧੨)

(ਅ) ਐਉਂ ਬੀ ਇਸ ਤੁਕ ਦਾ ਅਰਥ ਲਾਉਂਦੇ ਹਨ, ਸਾਹਿਬ (ਆਪ) ਸਚਾ ਹੈ ਤੇ ਸਚੇ ਨਾਮ ਵਾਲਾ ਹੈ। (ਸੰਪ੍ਰ:)।

ਭਾਖਿਆ- (ਸੰਸ:, ਭਾਸ਼ਾ=ਬੋਲੀ। ਹਿੰਦੀ, ਭਾਖਣਾ=ਕਹਿਣਾ) ਆਖਿਆ ਗਿਆ। ਪੁਕਾਰਿਆ ਗਿਆ। ਉਪਨਿਸ਼ਧ ਵਾਕ ਬੀ ਹੈ:- ਏਕਂ ਸਦ੍ਵਿਪ੍ਰਾ ਬਹੁਧਾ ਵਦੰਤਿ।

ਸਚ ਇਕੋ ਹੈ, ਪੰਡਤ ਉਸ ਨੂੰ ਅਨੇਕ ਤਰ੍ਹਾਂ ਵਰਣਨ ਕਰਦੇ ਹਨ। (ਅ) ਭਾਖਿਆ ਦਾ ਅਰਥ ਬੋਲੀ ਬੀ ਕਰ ਲੈਂਦੇ ਹਨ।

---

[੧]ਜੇਤਾ ਮੋਹੁ ਪਰੀਤਿ ਸੁਆਦ॥ ਸਭਾ ਕਾਲਖ ਦਾਗਾ ਦਾਗ॥ (ਧਨਾ: ਮ: ੧-੫)

[੨]ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ॥ (ਗਉੜੀ ਸੁਖਮਨੀ ੩-੫)

(ੲ) ਐਉਂ ਬੀ ਅਰਥ ਲਾਉਂਦੇ ਹਨ:- ਅਪਾਰ ਪ੍ਰੇਮ ਨਾਲ ਕਹਿੰਦੇ ਹਨ ਉਸ ਦੇ ਨਾਮ ਨੂੰ।

ਭਾਉ-(ਸੰਸ:, ਭਾਵ) ਮੁਰਾਦ, ਮਨੋਰਥ। ਮਤਲਬ।

ਅੰਮ੍ਰਿਤ ਵੇਲਾ-ਉਹ ਸਮਾਂ ਜੋ ਅੰਮ੍ਰਿਤ ਤੁੱਲ ਰਸਦਾਇਕ ਦੇ ਅਮਰ ਪਦਵੀ ਵੱਲ ਲੈ ਜਾਣ ਲਈ ਉਪਯੋਗੀ ਹੈ। ਗੁਰ ਨਾਨਕ ਦੇਵ ਜੀ ਨੇ ਇਹ ਪਦ ਰਾਤ ਦੇ ਪਿਛਲੇ ਪਹਿਰ ਲਈ ਸੰਕੇਤ ਕੀਤਾ ਹੈ।

ਵਡਿਆਈ ਵੀਚਾਰੁ- ਹਰਿ ਜਸ ਕਰਨਾ। ਮੁਰਾਦ ਹੈ ਗੁਰੂ ਕੀ ਬਾਣੀ ਦਾ ਪਾਠ, ਵੀਚਾਰ, ਜਿਸ ਵਿਚ ਪਰਮੇਸ਼ਰ ਦੀ ਵਡਿਆਈ ਦਾ ਅਮਿਤ ਵਰਣਨ ਹੈ। ਤੇ ਜਿਸ ਬਾਣੀ ਨੂੰ ਪੱਕੀ ਬਾਣੀ ਕਿਹਾ ਹੈ।

ਕਰਮੀ-ਕਰਮਾਂ ਦੁਆਰਾ।

ਕਪੜਾ-ਜੀਵਾਤਮਾ ਜਿਸ ਨੂੰ ਕਪੜੇ ਵਾਂਙੂ ਪਹਿਨੇ ਹੋਏ ਹੈ, ਦੇਹ ਰੂਪੀ ਕਪੜਾ।

(ਅ) ਐਉਂ ਬੀ ਲਾਉਣ ਦਾ ਜਤਨ ਹੁੰਦਾ ਹੈ:- ਵਾਹਿਗੁਰੂ ਦੀ ਮਿਹਰ ਨਾਲ ਸਿਫਤ ਸਲਾਹ ਦਾ ਕਪੜਾ ਮਿਲਦਾ ਹੈ, ਨਦਰ ਨਾਲ ਮੋਖ ਦੁਆਰ ਮਿਲਦਾ ਹੈ। (ਸੰਪ੍ਰ:)।

ਸਚਿਆਰੁ- ਸਤਸ ਸਰੂਪ ਵਾਹਿਗੁਰੂ। ਹੋਰ ਦੇਖੋ ਪਹਿਲੀ ਪਉੜੀ ਦੀ ਨਿਰੁਕ੍ਤ, ਪਦ ਸਚਿਆਰੁ, ਅੰਕ ੧। (ਪੰਨਾ-੪੬)

(ਪਉੜੀ ੫)

ਪ੍ਰਾਕ੍ਕਥਨ- ਹੁਣ ਤੱਕ ਚਾਰ ਪਉੜੀਆਂ ਵਿਚ ਏਹ ਵਿਸ਼ਯ ਆ ਚੁਕੇ ਹਨ:

੧. ਅਦੁਤੀ ਅਕਾਲ ਪੁਰਖ ਦਾ ਸਰੂਪ।

੨. ਉਸ ਦੀ ਪ੍ਰਾਪਤੀ ਦਾ ਪ੍ਰਤਿਬੰਧਕ-ਕੂੜ ਦੀ ਪਾਲ।

੩. ਕੂੜ ਦੀ ਪਾਲ-ਹਉਂ-ਟੁੱਟਣ ਦਾ ਉਪਰਾਲਾ ਹੁਕਮ ਵਿਚ ਚੱਲਣਾ ਹੈ।

੪. ਹੁਕਮ ਦੀ ਬੂਝ।

੫. ਹੁਕਮ ਦੇ ਮਾਲਕ 'ਹੁਕਮੀ' ਦੀ ਸੋਝੀ।

੬. ਹੁਕਮੀ ਅਕੱਥ ਹੈ, ਹੁਕਮੀ ਦਾਤਾਰ ਹੈ।

੭. ਹੁਕਮ ਨਾਲ ਮਰਯਾਦਾ ਟੋਰਦਾ ਹੁਕਮੀ ਅਲੇਪ ਤੇ ਸਦਾਨੰਦ ਹੈ।

੮. ਹੁਕਮੀ ਆਪ ਸਚਾ ਸਾਹਿਬ ਹੈ ਤੇ ਉਸ ਦਾ ਨਾਮ ਬੀ ਸਚਾ ਹੈ।

੯. 'ਸਚਾ ਨਾਮ' ਤੇ ਉਸ ਦੀ 'ਸਿਫਤ ਸਲਾਹ' ਦੋ ਸਾਧਨ ਹਨ ਸੱਚੇ ਸਾਹਿਬ ਦੇ ਪਿਆਰ ਨੂੰ ਅਪਣੇ ਵੱਲ ਮੋੜ ਲੈਣ ਦੇ।

੧੦. ਉਸ ਦਾ ਪਿਆਰ, ਉਸ ਦੀ ਮਿਹਰ ਦ੍ਰਿਸ਼ਟੀ ਪੁਆਉਂਦਾ ਹੈ ਜਿਸ ਕਰਕੇ ਮੋਖ ਦੁਆਰ ਤੇ ਪਹੁੰਚਕੇ ਦਰਬਾਰ ਅੱਪੜੀਦਾ ਹੈ। ਤੇ

੧੧. ਸਚਿਆਰ ਹੋ ਜਾਈਦਾ ਹੈ।

ਹੁਣ ਪੰਜਵੀਂ ਪਉੜੀ ਵਿਚ ਇਕ ਹੋਰ ਰੁਕਨ ਦਰਸਾਉਂਦੇ ਹਨ, ਜਿਸ ਦੀ ਸੈਨਤ ਮੂਲ ਮੰਤ੍ਰ ਵਿਚ 'ਗੁਰਪ੍ਰਸਾਦਿ' ਕਹਿਕੇ ਦੇ ਆਏ ਸਨ; ਉਹ ਹੈ 'ਗੁਰੂ'। ਗੁਰੂ ਦੇ ਨਾਲ ਹੀ ਇਕ 'ਪ੍ਰੇਮ' ਦਾ ਇਕ ਹੋਰ ਰੁਕਨ ਬੀ ਦਰਸਾਇਆ ਹੈ ਕਿ ਗੁਰੂ ਦੇ ਦੱਸੇ ਨਾਮ ਤੇ ਗੁਣ ਗਾਇਨ ਵਿਚ ਪ੍ਰੇਮ ਲੋੜੀਏ।

ਹੁਕਮੀ ਨੂੰ ਇਸ ਪਉੜੀ ਵਿਚ 'ਨਿਰੰਜਨ' ਆਖਕੇ ਮਾਇਆ ਤੋਂ ਅਤੀਤ ਤੇ ਸੁਤੇ ਪ੍ਰਕਾਸ਼ ਦੱਸਿਆ ਹੈ।

ਮੂਲ

ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ॥
ਨਾਨਕ ਗਾਵੀਐ ਗੁਣੀ ਨਿਧਾਨੁ॥ ਗਾਵੀਐ ਸੁਣੀਐ ਮਨਿ ਰਖੀਐ ਭਾਉ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥ ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੫॥

ਅਰਥ

(ਉਹ ਸਚਿਆਰ ਸਤਜ ਸਰੂਪ ਜੋ ਸਭ ਕਿਛ ਆਪੇ ਆਪ ਹੈ) ਥਾਪਿਆ ਨਹੀਂ ਜਾ ਸਕਦਾ, ਨਾ ਰਚਿਆ ਜਾ ਸਕਦਾ ਹੈ, ਉਹ ਆਪਣੇ (ਆਪ ਤੇ ਆਪੇ) ਆਪ ਹੈ, ਉਹ ਮਾਇਆ (ਆਦਿ ਕਿਸੇ ਆਸਰੇ ਉਪਾਧੀ) ਤੋਂ ਅਲੇਪ ਹੈ। ਜਿਸ ਨੇ (ਉਸ ਮੁਤੇ ਕਾਯਮ ਤੇ ਸੁਤੇ ਪ੍ਰਕਾਸ਼ ਤੇ ਨਿਰਲੇਪ ਦੀ) ਸੇਵਾ ਕੀਤੀ ਹੈ ਉਸ ਨੇ (ਉਸ ਦੀ ਹੋਂਦ ਦਾ) ਸਬੂਤ ਪਾ ਲਿਆ ਹੈ। (ਪ੍ਰਸ਼ਨ-ਹੇ ਗੁਰੂ) ਨਾਨਕ(ਦੇਵ ਜੀ ਉਸ ਨਿਰ+ਅੰਜਨ=ਨਿਰ ਆਕਾਰ ਦੀ ਸੇਵਾ ਕੀਕੂੰ ਕਰੀਦੀ ਹੈ? ਉਤਰ--ਉਮ) ਗੁਣ ਸਾਗਰ ਦੇ ਗੁਣ ਗਾਵੀਏ, ਹਾਂ, ਗਾਵੀਏ (ਤੇ ਗੁਣ ਕਥਨ ਨੂੰ) ਸੁਣੀਏ (ਬੀ, ਗਾ ਸੁਣਕੇ) ਮਨ ਵਿਚ (ਉਸ ਨਾਲ) ਪ੍ਰੇਮ ਰਖੀਏ, (ਤਾਂ ਜੋ ਇਹ ਮਨ) ਦੁਖ ਨੂੰ ਦੂਰ ਕਰ ਲਵੇ ਤੇ ਸੁਖ ਨੂੰ (ਆਪਣੇ) ਸਰੂਪ ਵਿਚ ਵਸਾ ਲਵੇ। (ਪ੍ਰਸ਼ਨ ਕਿਆ ਤੁਸੀਂ ਨਿਰੰਜਨ ਤੋਂ ਹੇਠਾਂ ਈਸ਼ਰ, ਸ਼ਿਵ, ਵਿਸ਼ਨੂੰ, ਬ੍ਰਹਮਾ ਆਦਿ ਸ਼ਕਤੇ ਤੇ ਪਾਰਬਤੀ, ਲਛਮੀ, ਸਰਸ੍ਵਤੀ ਆਦਿ ਸ਼ਕਤੀਆਂ ਨੂੰ ਨਹੀਂ ਮੰਨਦੇ ਹੋ, ਜਿਨ੍ਹਾਂ ਦਾ ਸਰਗੁਣ ਸਰੂਪ ਹੋਣ ਕਰਕੇ ਧਜਾਨ ਧਰਿਆ ਜਾ ਸਕਦਾ ਹੈ? ਉੱਤਰ:) ਗੁਰੂ ਹੀ ਮੇਰਾ ਸ਼ਿਵ ਹੈ, ਗੁਰੂ ਹੀ ਮੇਰਾ ਵਿਸ਼ਨੂੰ ਹੈ, ਗੁਰੂ ਹੀ ਮੇਰਾ ਬ੍ਰਹਮਾ, ਗੁਰੂ ਹੀ ਮੇਰੀ ਪਾਰਬਤੀ, ਲਛਮੀ ਤੇ ਸਰਸ੍ਵਤੀ ਹੈ। (ਪ੍ਰਸ਼ਨ:ਬਿਨਾਂ ਉਨ੍ਹਾਂ ਦੇ ਮੰਨੇ ਦੇ ਨਾਦ ਤੇ ਵੇਦ ਸ਼ਬਦ ਤੇ ਗਜਾਨ--ਦਾ ਅਧਿਸ਼ਠਾਤਾ ਕੌਣ ਬਣੇਗਾ? ਉੱਤਰ:)[੧] ਗੁਰੂ (ਦਾ ਉਚਾਰਿਆ) ਵਾਕ (ਮੇਰੇ ਲਈ) ਨਾਦ ਹੈ, ਗੁਰੂ ਦਾ ਵਾਕ (ਹੀ) ਵੇਦ ਹੈ, (ਕਿਉਂਕਿ) ਗੁਰੂ ਵਾਕ ਵਿਚ (ਨਿਰੰਜਨ) ਸਮਾ ਰਿਹਾ ਹੈ[੨]। (ਉਸ ਗੁਰੂ ਦੀ ਮਹਿੰਮਾ ਪੂਰੀ ਪੂਰੀ ਨਹੀਂ ਜਾਣ ਸਕੀਦੀ),[੩] ਜੇ ਮੈਂ ਜਾਣ ਬੀ ਲਵਾਂ ਤਾਂ ਵਰਣਨ ਨਹੀਂ ਕਰ ਸਕਦਾ (ਕਿਉਂਕਿ) ਉਸ ਦਾ ਕਥਨ ਕਿਹਾ ਹੀ ਨਹੀਂ ਜਾ ਸਕਦਾ[੪] (ਇਸ ਲਈ ਮੇਰੀ ਤਾਂ ਉਸ ਗੁਰੂ ਅਗੇ ਹੀ ਅਰਦਾਸ ਹੈ ਕਿ ਹੇ) ਗੁਰੋ (ਮੈਨੂੰ) ਇਕ (ਗੱਲ) ਬੁਝਾ ਦਿਓ ਕਿ ਸਭਨਾਂ ਜੀਆਂ ਦਾ (ਜੋ) ਇਕੋ ਦਾਤਾ ਹੈ ਓਹ ਮੈਨੂੰ ਕਦੇ ਵਿਸਰੇ ਨਾ[੫]॥੫॥

ਵ੍ਯਾਖ੍ਯਾ–'ਸੋਇ' ਉਹ ਜਿਸ ਨੂੰ ਪਿਛੇ ਹੁਕਮੀ, ਦਾਤਾ, ਸੱਚਾ ਸਾਹਿਬ ਤੇ ਆਪੇ ਸਚਿਆਰ ਦੱਸ ਆਏ ਹਨ, ਹੁਣ 'ਨਿਰੰਜਨ' ਨਾਮ ਨਾਲ ਯਾਦ ਕਰਦੇ ਹਨ ਕਿ ਉਹ ਮਾਇਆ ਅਤੀਤ ਹੈ। ਇਹ ਨਾ ਸਮਝੋ ਕਿ ਨਿਰੰਜਨ ਨਾਮ ਹੋਣ ਕਰਕੇ ਉਹ ਹੈ ਹੀ ਨਹੀਂ ਤੇ ਐਵੇਂ ਦਾਨਿਆਂ ਨੇ ਉਸ ਦੀ ਹਸਤੀ ਮਿਥ ਲਈ ਹੈ। ਤੇ ਨਾ ਹੀ ਓਹ ਕੋਈ ਬਨਾਵਟ ਹੈ, ਜਿਵੇਂ ਮੂਰਤ ਪੂਜਕ ਮੂਰਤੀ ਬਣਾ ਲੈਂਦੇ ਹਨ। ਉਹ ਹੈ ਪਰ ਕਲਪਨਾ ਤੇ ਕ੍ਰਿਤ ਦੋਹਾਂ ਤੋਂ ਪਰੇ ਹੈ। ਹੁਣ ਪ੍ਰਸ਼ਨ ਹੁੰਦਾ ਹੈ ਕਿ ਜੋ ਕਲਪਨਾ ਕ੍ਰਿਤ

---

[੧]'ਗੁਰੁ ਈਸਰੁ.........' ਦਾ ਅਰਥ ਪਹਿਲੇ ਆਇਆ ਹੈ ਤੇ 'ਗਰਮੁਖਿ ਨਾਦੰ.....' ਦਾ ਅਰਥ ਹੁਣ ਤੁਰਿਆ ਹੈ।

[੨]ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥ (ਮਲਾਰ ਵਾਰ ਮ: ੧-੨)
ਪੁਨਾ:- ਗੁਰ ਮਹਿ ਆਪੁ ਰਖਿਆ ਕਰਤਾਰੇ॥ (ਮਾਰੂ ਸੋ: ਮ: ੧-੪)

[੩]'ਜੇ ਹਉ ਜਾਣਾ. .' ਦਾ ਅਰਥ ਤੁਰਿਆ।

[੪]ਗੁਰ ਕੀ ਮਹਿਮਾ ਅਗਮ ਹੈ ਕਿਆ ਕਥੈ ਕਥਨਹਾਰੁ॥ (ਸਿਰੀ ਰਾਗ ਮ: ੫-੯੯)

[੫]'ਗੁਰਾਂ ਨੈ ਇਕ ਗੱਲ ਸਮਝਾ ਦਿੱਤੀ ਹੈ।' ਐਉਂ ਬੀ ਲਾਉਂਦੇ ਹਨ, ਪਰ 'ਦੇਹਿ' ਪਦ ਲੋਟ ਲਕਾਰ ਵਿਚ ਪਿਆ ਹੈ।

www.sikhbookclub.com

ਤੋਂ ਪਰੇ ਹੈ ਤੇ ਜੋ ਮਾਇਆ ਤੋਂ ਬੀ ਅਤੀਤ ਹੈ ਤਾਂ ਕਿਵੇਂ? ਆਪ ਦੱਸਦੇ ਹਨ ਕਿ ਓਹ 'ਆਪਣੇ ਆਪ ਹੈ' ਭਾਵ ਸੁਤੇ ਪ੍ਰਕਾਸ਼ ਹੈ। ਉਸ ਦੀ ਹਸਤੀ ਅਜ਼ਲੀ ਹਸਤੀ ਹੈ, ਉਹ ਕਿਸੇ ਕਾਰਣ ਕਾਰਜ ਦੀ ਮੁਥਾਜ ਨਹੀਂ। ਫਿਰ ਪ੍ਰਸ਼ਨ ਹੁੰਦਾ ਹੈ ਕਿ ਸਬੂਤ ਕੀਹ? ਤਾਂ ਉੱਤਰ ਦੇਂਦੇ ਹਨ ਕਿ ਗੱਲਾਂ ਨਾਲ ਨਹੀਂ, ਜਿਸ ਨੇ ਉਸ ਨੂੰ ਸੇਵਿਆ ਹੈ ਉਸ ਨੇ ਉਸ ਦੀ ਹੋਂਦ ਦਾ ਪ੍ਰਮਾਣ (ਸਬੂਤ)[1] ਪਾ ਲੀਤਾ ਹੈ। ਫਿਰ ਸਵਾਲ ਹੁੰਦਾ ਹੈ ਕਿ ਸੇਵੀਦਾ ਕੀਕੂੰ ਹੈ ਕਿ ਜੋ ਮਾਯਾਵੀ ਰੂਪ ਵਾਲਾ ਨਹੀਂ, ਜੋ ਮੂਰਤੀ ਬੀ ਨਹੀਂ, ਜੋ ਮਾਨਸਿਕ ਵਹਿਮ ਵਿਚ ਮਿਥਿਆ ਹੋਇਆ ਕਲਪਨਾ ਰੂਪ ਬੀ ਨਹੀਂ? ਉਤਰ ਦੇਂਦੇ ਹਨ ਕਿ ਉਸ ਦੇ ਗੁਣਾਨੁਵਾਦ ਕਰੀਦੇ ਹਨ, ਗੁਣ ਸੁਣੀਂਦੇ ਹਨ, ਪਰ ਮਨ ਵਿਚ ਪ੍ਰੇਮ ਧਾਰਕੇ। ਇਹ ਪ੍ਰੇਮ ਦਾ ਗੁਣ ਕਥਨ, ਜਿਸ ਵਿਚ ਉਸ ਦਾ ਨਾਮ ਧਯਾਨ ਬੀ ਆ ਜਾਂਦੇ ਹਨ, ਇਹ ਹੈ ਉਸ ਦੀ ਸੇਵਾ, ਇਹ ਦਾਤ ਗੁਰੂ ਤੋਂ ਮਿਲਦੀ ਹੈ। ਇਸ ਲਈ ਗੁਰੂ ਸ਼ਿਵ, ਵਿਸ਼ਨੂੰ, ਬ੍ਰਹਮਾਂ ਸਭ ਵਡੇ ਮੰਨੇ ਦੇਵਤਿਆਂ ਨਾਲੋਂ ਸ੍ਰੇਸ਼ਟ ਹੈ ਤੇ ਉਸ ਦਾ ਵਾਕ ਨਾਦ ਤੇ ਵੇਦ ਸਭ ਤੋਂ ਵਡੇਰਾ ਹੈ[2]। ਕਿਉਂਕਿ ਉਸ ਦੇ ਵਾਕ 'ਨਾਮ' ਵਿਚ ਸਾਈਂ ਸਮਾਇਆ ਹੁੰਦਾ ਹੈ, ਭਾਵ ਨਾਮ ਵਿਚ ਨਾਮੀ ਦਾ ਨਿਵਾਸ ਹੁੰਦਾ ਹੈ ਤੇ ਗੁਰੂ ਕੇ ਵਾਕ ਨਾਲ ਮਨ ਵਾਹਿਗੁਰੂ ਵਿਚ ਲੱਗ ਜਾਂਦਾ ਹੈ:-

ਸਭਿ ਨਾਦ ਬੇਦ ਗੁਰਬਾਣੀ॥ ਮਨੁ ਰਾਤਾ ਸਾਰਿਗਪਾਣੀ॥ (ਰਾਮ: ਮ: ੧-੧੦)

ਇਸ ਲਈ ਗੁਰੂ ਅਗੇ ਹੀ ਪ੍ਰਾਰਥਨਾ ਕਰਨ ਦੀ ਜਾਚ ਦੱਸਦੇ ਹਨ ਕਿ ਸਭਨਾਂ ਜੀਆਂ ਦਾ ਜੋ ਦਾਤਾ ਹੈ, ਜੋ ਅਦੁਤੀ ਹੈ, ਓਹ ਮੈਨੂੰ ਕਦੇ ਨਾ ਭੁੱਲੇ।

ਵਿਸ਼ਨੂੰ ਬ੍ਰਹਮਾ ਤੇ ਸ਼ਿਵ ਤੋਂ ਗੁਰਮੁਖ ਕਿਉਂ ਉਚਾ ਹੈ, ਭਾਈ ਗੁਰਦਾਸ ਜੀ ਦੱਸਦੇ ਹਨ[3]:

ਬਿਸਨੈ ਦਸ ਅਵਤਾਰ ਨਾਵ ਗਣਾਇਆ॥
ਕਰਿ ਕਰਿ ਅਸੁਰ ਸੰਘਾਰ ਵਾਦੁ ਵਧਾਇਆ॥
ਬ੍ਰਹਮੈ ਵੇਦ ਵੀਚਾਰਿ ਆਖਿ ਸੁਣਾਇਆ॥
ਮਨ ਅੰਦਰਿ ਅਹੰਕਾਰੁ ਜਗਤੁ ਉਪਾਇਆ॥
ਮਹਾਦੇਉ ਲਾਇ ਤਾਰ ਤਾਮਸ ਤਾਇਆ॥
ਗੁਰਮੁਖਿ ਮੋਖ ਦੁਆਰੁ ਆਪੁ ਗਵਾਇਆ ॥੪॥ (ਵਾਰ -੧੪)

ਗੁਰਮੁਖ ਕਿੰਵ ਤਾਰਦਾ ਹੈ?

ਗੁਰਮੁਖਿ ਸਾਚੇ ਕਾ ਭਉ ਪਾਵੈ॥ ਗੁਰਮੁਖਿ ਬਾਣੀ ਅਘੜੁ ਘੜਾਵੈ॥ (ਸਿਧ ਗੋਸਟਿ-੨੭)

ਗੁਰਮੁਖਿ ਵਾਹਿਗੁਰੂ ਦਾ ਭਉ ਜਗਜਾਸੂ ਮਨਾਂ ਤੇ ਪਾਉਂਦਾ ਹੈ, ਗੁਰਮੁਖ ਅਪਣੀ ਬਾਣੀ

---

[1]ਸੰਸਕ੍ਰਿਤ-ਮਾਨ=ਅੰਦਾਜ਼ਾ, ਸਿਆਣ, ਗਿਆਨ, ਧਾਤੂ ਹੈ ਮਨ੍=ਗਯਾਨ ਪ੍ਰਾਪਤ ਕਰਨੇ ਦੀ ਇਛਾ ਕਰਨੀ, ਸਿਆਣਨਾ, ਪਛਾਣਨਾ। ਸਬੂਤ।

[2]ਤਿੰਨਾਂ ਦਾ ਨਾਮ ਇਸ ਕਰਕੇ ਆਇਆ ਜਾਪਦਾ ਹੈ ਕਿ ਸ਼ਿਵ ਨਾਦ ਦਾ ਪ੍ਰੇਮੀ ਹੈ, ਵਿਸ਼ਨੂੰ ਵੇਦ ਦਾ ਰਖਯਕ ਹੈ ਤੇ ਬ੍ਰਹਮਾ ਵੇਦ ਵੀਚਾਰ ਦਾ ਨੇਮੀ ਹੈ।

[3]ਇਕ ਲੇਖਕ ਨੇ ਇਨ੍ਹਾਂ ਤੁਕਾਂ ਵਿਚੋਂ ਖਿੱਚ ਮਾਰਕੇ ਸ਼ਿਵ, ਵਿਸ਼ਨੂੰ, ਬ੍ਰਹਮਾ, ਪਾਰਬਤੀ, ਲਛਮੀ, ਸੁਰੱਸ੍ਰਤੀ ਛੇ ਗੁਰੂ ਦੱਸੇ ਹਨ ਕਿ ਏਹਨਾਂ ਨੂੰ ਗੁਰੂ ਜੀ ਆਪਣਾ ਗੁਰੂ ਦੱਸ ਰਹੇ ਹਨ। ਪਰ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਗਰਬ ਗੰਜਨੀ ਟੀਕੇ ਵਿਚ ਇਸ ਦਾ ਖੰਡਨ ਕੀਤਾ ਹੈ। ਇਨ੍ਹਾਂ ਬਾਬਤ ਗੁਰਬਾਣੀ ਐਉਂ ਦੱਸਦੀ ਹੈ:

'ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ॥' (ਮਲਾਰ ਮ: ੩-੧)
ਪੁਨਾ:-ਸਿਵ ਬਿਰੰਚਿ ਅਸੁਰ ਸੁਰ ਜਤੇ ਕਾਲ ਅਗਨਿ ਮਹਿ ਜਰਤੇ॥ (ਮਲਾਰ ਮ: ੫-੪)
ਤਥਾ:- ਮਹਾ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥ (ਗੋਂਡ ਨਾਮ: ੬)
ਤਥਾ:- ਦੇਵੀਆ ਨਹੀ ਜਾਨੈ ਮਰਮ॥ (ਰਾਮ: ਮਹਲਾ ੫-੩੬)
ਪੁਨਾ:-ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ॥ (ਭੈਰਉ ਮ: ੧ ਅਸਟ:-੧)
ਭਾਈ ਗੁਰਦਾਸ--ਗੁਰਮੁਖਿ ਭੂਪਤਿ ਵੇਸਿ ਨ ਵਿਆਪੈ ਮਾਇਆ॥
ਬ੍ਰਹਮੇ ਬਿਸਨ ਮਹੇਸ਼ ਨ ਦਰਸਨੁ ਪਾਇਆ॥ (ਵਾਰ : ੧੪-੩)

ਅਰਥਾਤ ਵਾਕ (ਨਾਮ) ਨਾਲ ਅਨਘੜੇ (ਅਨਸਿਖਜਤ ਜਗਜਾਸੂ) ਨੂੰ ਸੁਸਿਖਜਤ ਕਰ ਦੇਂਦਾ ਹੈ। ਜੋ ਗੁਰਮੁਖ ਨਾਲ ਪਰਚਾ ਪਾ ਲੈਂਦੇ ਹਨ ਓਹ ਸ਼ਬਦ ਦੇ ਗਜਾਨੀ ਹੋ ਜਾਂਦੇ ਹਨ ਤੇ ਵੇਦ ਵੀਚਾਰ ਦੇ ਜਾਣੂ ਹੋ ਜਾਂਦੇ ਹਨ; ਨਹੀਂ ਨਹੀਂ ਓਹ ਅਪਣੇ ਅੰਦਰ ਦੀ ਸਾਰੀ ਗਲ ਸਮਝ ਜਾਂਦੇ ਹਨ। ਯਥਾ:-

ਗੁਰਮੁਖਿ ਪਰਚੈ ਬੇਦ ਬੀਚਾਰੀ॥ ਗੁਰਮੁਖਿ ਪਰਚੈ ਤਰੀਐ ਤਾਰੀ॥
ਗੁਰਮੁਖਿ ਪਰਚੈ ਸੁ ਸਬਦਿ ਗਿਆਨੀ॥ ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ॥
ਗੁਰਮੁਖਿ ਪਾਈਐ ਅਲਖ ਅਪਾਰੁ॥ ਨਾਨਕ ਗੁਰਮੁਖਿ ਮੁਕਤਿ ਦੁਆਰੁ॥੨੮॥ (ਸਿਧ ਗੋਸਟਿ)

ਤੀਸਰੇ ਸਤਿਗੁਰਾਂ ਦਾ ਵਾਕ ਹੈ:- **ਗੁਰਮੁਖਿ ਨਾਦ ਬੇਦ ਬੀਚਾਰੁ॥** (ਮਾਰੂ ਮ: ੩-੧੪)

ਗੁਰਮੁਖ ਦੀ ਵੀਚਾਰ ਹੀ ਨਾਦ ਤੇ ਵੇਦ ਹੈ। ਫਿਰ ਪੰਜਵੇਂ ਸਤਿਗੁਰਾਂ ਬੀ ਫੁਰਮਾਇਆ:

ਗੁਰਮੁਖਿ ਨਾਦ ਬੇਦ ਬੀਚਾਰੁ॥ (ਰਾਗੁ ਮਲਾਰ ਮ: ੫-੧੯)

ਫਿਰ ਗੁਰ ਵਾਕ ਹੈ:- **ਗੁਰਮੁਖਿ ਪਰਚੈ ਸੁ ਸਬਦਿ ਗਿਆਨੀ॥** (ਸਿਧ ਗੋਸਟਿ-੨੮)

ਗੁਰਮੁਖਿ ਪਾਈਐ ਸਬਦਿ ਅਚਾਰਿ॥ ਸਬਦਿ ਭੇਦਿ ਜਾਣੈ ਜਾਣਾਈ॥
ਨਾਨਕ ਹਉਮੈ ਜਾਲਿ ਸਮਾਈ॥੨੯॥ (ਸਿਧ ਗੋਸਟਿ)

ਇਹ ਗਲ ਗੁਰੂ ਤੋਂ ਕਿਉਂ ਖਾਸ ਕਰਕੇ ਮੰਗੀ ਹੈ ਕਿ ਮੈਨੂੰ ਦਾਤਾ ਨਾ ਵਿਸਰੇ? ਇਸ ਦਾ ਉਤਰ ਗੁਰਬਾਣੀ ਵਿਚ ਇਹ ਹੈ ਕਿ ਦਾਤਾ ਨੂੰ ਨਾਂ ਵਿਸਾਰਨਾ ਮਤਜ ਸਰੂਪ ਵਿਚ ਲੈ ਜਾਂਦਾ ਹੈ:-

ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ (ਆਸਾ ਮ: ੫-੧੦੮)

ਨਿਰੁਕਤ- ਥਾਪਨਾ-ਸਥਾਪਨ ਕਰਨਾ, ਕਿਸੇ ਥਾਂ ਯਾ ਪਦਵੀ ਉਤੇ ਕਾਇਮ ਕਰਨਾ। ਮਿਥ ਲੈਣਾ। ਫਰਜ਼ ਕਰ ਲੈਣਾ।

'ਥਾਪਿਆ ਨ ਜਾਇ.....'-ਵਾਹਿਗੁਰੂ ਐਸੀ ਜ਼ਾਤ ਨਹੀਂ ਕਿ ਜੋ ਹੈ ਤਾਂ ਨਹੀਂ, ਪਰ ਮਿਥ ਲਈ ਗਈ ਹੈ। ਨਾ ਉਹ ਮੂਰਤੀਆਂ ਦੀ ਤਰ੍ਹਾਂ (ਕੀਤੀ ਹੋਈ=) ਰਚੀ ਹੋਈ ਵਸਤੂ ਹੋ ਸਕਦਾ ਹੈ, ਉਹ ਆਪੇ ਆਪ ਹੈ=ਕਾਇਮ ਬਿਲਜ਼ਾਤ ਹੈ। ਵਧੇਰੇ ਨਿਰਸੰਸੇ ਕਰਨ ਲਈ ਉਸ ਨੂੰ ਨਿਰੰਜਨ=ਮਾਯਾ ਆਦਿ ਤੋਂ ਬੀ ਨਿਰਲੇਪ ਦੱਸਿਆ ਹੈ। ਨਿਰੰਜਨ, ਨਿਰ+ਅੰਜਨ=ਮਾਇਆ ਆਦਿ ਕਿਸੇ ਰਲੇ ਉਪਾਧੀ ਵਜਾਪਤੀ ਤੋਂ ਬਿਨਾਂ। ਸ਼ੁੱਧ ਸਰੂਪ।

ਮਾਨੁ-ਪ੍ਰਮਾਣ=ਉਹ ਸਬੂਤ ਜਿਸ ਨਾਲ ਨਿਹਚਾ ਆ ਜਾਵੇ। ਲਫਜ਼ 'ਪ੍ਰਮਾਣ' ਦਾ ਧਾਤੂ ਹੈ ਮਾ=ਮਿਣਤੀ ਕਰਨਾ। (ਅ) ਸੰਪ੍ਰਦਾਈ ਅਰਥ ਐਉਂ ਬੀ ਹੈ:ਜਿਸ ਨੇ ਉਸ ਨੂੰ ਸੇਵਿਆ ਉਸ ਨੈ (ਦਰਗਾਹ ਦਾ ਮਾਨ=) ਸਨਮਾਨ ਪ੍ਰਾਪਤ ਕੀਤਾ।

ਗੁਰਮੁਖਿ ਨਾਦੰ-ਕੋਸ਼ਾਂ ਵਿਚ 'ਮੁਖ' ਦਾ ਅਰਥ ਉਚਾਰਣ[1] ਬੀ ਦਿੱਤਾ ਹੈ। ਸੋ ਗੁਰ+ਮੁਖਿ=ਗੁਰੂ ਦੇ ਵਾਕ ਵਿਚ। ਲਛਣਾਂ ਦ੍ਵਾਰਾ ਬੀ ਗੁਰੂ ਦਾ ਮੁਖ 'ਗੁਰੂ ਦਾ ਵਾਕ' ਹੈ:

ਸਭਿ ਨਾਦ ਬੇਦ ਗੁਰਬਾਣੀ॥ (ਰਾਮਕਲੀ ਮਹਲਾ ੧-੧੦)

ਇਸ ਤੁਕ ਦੇ ਅਰਥ ਹੋਰ ਤਰ੍ਹਾਂ ਬੀ ਲਾਉਂਦੇ ਹਨ ਪਰ ਕੋਈ ਨ ਕੋਈ ਤ੍ਰੁਟੀ ਰਹਿ ਜਾਂਦੀ ਹੈ।

੧. ਗੁਰੂ ਹੀ ਨਾਦ ਹੈ, ਗੁਰੂ ਹੀ ਵੇਦ ਹੈ, ਗੁਰੂ ਹੀ ਸਮਾ ਰਿਹਾ ਹੈ। ਏਥੇ ਗੁਰਮੁਖ ਦਾ ਅਰਥ ਗੁਰੂ ਕਰਨਾ ਪਿਆ। ਜਿਵੇਂ ਗੁਰੂ ਜੀ ਨੇ ਅਗਲੀ ਤੁਕ ਵਿਚ ਗੁਰੂ ਪਦ ਵਰਤਿਆ ਹੈ ਏਥੇ ਬੀ ਵਰਤ ਸਕਦੇ ਸਨ, ਏਥੇ 'ਗੁਰਮੁਖ' ਰਖਿਆ ਤਾਂ ਜ਼ਰੂਰ ਕੋਈ ਅਰਥ ਵਿਚ ਵਿਲੱਖਣਤਾ ਰਖੀ ਹੈ ਜੋ ਇਸ ਅਰਥ ਵਿਚ ਨਹੀਂ ਦਿੱਸਦੀ।

[1]ਸ਼ਬਦ ਕੋਸਤਭ ਕੋਸ਼ ਵਿਚ 'ਮੁਖ' ਪਦ ਦੇ ੧੬ ਅਰਥ ਹਨ, ਇਕ ਅਰਥ ਹੈ ਮੂੰਹ ਦਾ ਉਚਾਰਿਆ ਵਾਕ। Utterance.

www.sikhbookclub.com

੨. ਗੁਰੂ ਦੁਆਰਾ ਨਾਦ ਪ੍ਰਾਪਤ ਹੁੰਦਾ ਹੈ ਤੇ ਵੇਦ ਪ੍ਰਾਪਤ ਹੁੰਦਾ ਹੈ ਤੇ ਗੁਰੂ ਦੁਆਰਾ ਸਾਰੇ ਸਮਾ ਰਿਹਾ (ਜਾਣੀਦਾ ਹੈ), ਪਰ ਅਗਲੀ ਤੁਕ ਦੱਸਦੀ ਹੈ ਕਿ ਸ਼ਿਵ, ਵਿਸ਼ਨੂੰ, ਬ੍ਰਹਮਾਂ ਦੀ ਥਾਂ ਗੁਰੁ ਨੂੰ ਦੱਸ ਰਹੇ ਹਨ।

੩. ਇਸੇ ਤਰ੍ਹਾਂ ਦਾ ਅਰਥ ਇਕ ਹੋਰ ਹੈ, ਗੁਰੂ ਮੁਖ=ਗੁਰੂ ਜੋ ਮੁੱਖ ਹੈ, ਅਰਥਾਤ ਸ੍ਰੇਸ਼ਟ ਗੁਰੂ ਦਾ ਨਾਦ (ਸ਼ਬਦ) (ਜਦ ਗੁਰਮੁਖ=) ਜਗਜਾਸੂ (ਨੇ ਸੁਣਕੇ ਵੇਦੰ=) ਜਾਣਿਆਂ, ਤਦ (ਗੁਰਮੁਖ=) ਗੁਰੂ ਜੋ ਮੁੱਖ ਹੈ ਅਰਥਾਤ ਪਰਮਾਤਮਾ ਉਸ ਵਿਚ ਸਮਾਂ ਅਰਥਾਤ ਅਭਿੰਨ ਹੋ ਜਾਂਦਾ ਹੈ।

(ਪਉੜੀ ੬)

ਪ੍ਰਾਕ੍ਰਥਨ- ਪਉੜੀ ਪੰਜ ਵਿਚ 'ਪ੍ਰੇਮ ਸਰੂਪ' ਦੇ ਪ੍ਰੇਮ ਦਾ ਅਧਿਕਾਰੀ ਹੋਣ ਲਈ 'ਨਾਮ ਮਾਰਗ' ਦੱਸਿਆ ਸੀ। ਨਾਮ ਜੋ ਪ੍ਰੇਮ ਰੂਪ ਹੈ 'ਪ੍ਰੇਮ ਸਰੂਪ' ਪ੍ਰਭੂ ਨੂੰ ਪ੍ਰਸੰਨ ਕਰਦਾ ਹੈ। ਹੁਣ ਪ੍ਰਸ਼ਨ ਹੁੰਦਾ ਹੈ ਕਿ ਕਿਆ 'ਕਰਮ'; ਜੈਸੇ ਕਿ ਤੀਰਥ ਇਸ਼ਨਾਨ ਹੈ, ਦਾਤੇ ਨੂੰ ਪ੍ਰਸੰਨ ਨਹੀਂ ਕਰਦਾ? ਉੱਤਰ ਦੇਂਦੇ ਹਨ ਕਿ ਤੀਰਥ ਆਦਿ ਕਰਮ ਪ੍ਰਭੂ ਦੀ ਪ੍ਰਸੰਨਤਾ ਲੈਣ ਦੇ ਸਰਮਥ ਨਹੀਂ। 'ਨਾਮ' ਹੀ ਠੀਕ ਮਾਰਗ ਹੈ ਜਿਸ ਨਾਲ ਬੁੱਧੀ ਉੱਜਲ ਹੋ 'ਆਤਮ ਦਾਤਾਂ' ਦੀ ਲਖਣਹਾਰੀ ਹੋ ਜਾਂਦੀ ਹੈ ਤੇ ਈਸ਼੍ਵਰ ਦੀ ਪ੍ਰਸੰਨਤਾ ਲੈਣ ਦੇ ਗੁਣ ਧਾਰਨ ਕਰਦੀ ਹੈ।

ਮਨ ਵਿਚ ਪ੍ਰੇਮ ਉਪਜਦਾ ਹੈ ਜੋ ਪਰਮਾਤਮ ਦੇਵ ਦੇ ਪ੍ਰੇਮ ਨੂੰ ਖਿੱਚ ਪਾਉਂਦਾ ਹੈ। ਨਾਮ ਨੂੰ ਇਸ ਪਉੜੀ ਵਿਚ 'ਸੋ ਮੈ ਵਿਸਰਿ ਨ ਜਾਈ' ਦੀ ਅਰਦਾਸ ਵਿਚ ਖੁਹਲਿਆ ਹੈ।

ਮੂਲ	ਅਰਥ
ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥ ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥ ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥ ਗੁਰਾ ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੬॥	(ਮੈਂ) ਤੀਰਥ ਵਿਚ ਨ੍ਹਾਵਾਂ ਜੇ (ਨ੍ਹਾਉਣ ਨਾਲ) ਉਸ ਨੂੰ ਭਾ ਜਾਵਾਂ, ਬਿਨਾਂ (ਉਸ ਨੂੰ) ਭਾਏ (ਜਾਣ ਦੇ ਮੈਂ) ਨ੍ਹਾਕੇ ਕੀਹ ਕਰਾਂ, (ਭਾਵ ਤੀਰਥ ਸ਼ਨਾਨ ਉਸ ਦੀ ਪ੍ਰਸੰਨਤਾ ਦਾ ਕਾਰਨ ਨਹੀਂ, ਸੋ ਉਸ ਦੀ ਪ੍ਰਸੰਨਤਾ ਲੈਣ ਲਈ ਨਿਰੇ ਤੀਰਥ ਆਦਿ ਕਰਮਾਂ ਦੇ ਕਰਨੇ ਦਾ ਲਾਭ ਨਹੀਂ)। ਜਿਤਨੀ (ਕਰਤਾ ਪੁਰਖ ਦੀ) ਉਪਜਾਈ ਰਚਨਾ (ਮੈਂ) ਵੇਖਦਾ ਹਾਂ (ਉਸ ਵਿਚ) ਕਿਸੇ ਨੂੰ ਕਰਮਾਂ (ਭਾਗਾਂ) ਬਾਝੋਂ ਕੀਹ ਮਿਲਦਾ ਹੈ? (ਭਾਵ ਕੁਛ ਨਹੀਂ, ਜੇ ਮਿਲਦਾ ਹੈ ਤਾਂ ਕੋਈ) ਲੈ ਲਵੇ (ਅਰਥਾਤ ਲੈਕੇ ਦਿਖਾਵੇ, ਭਾਵ ਹੈ ਆਪਣੇ ਲੈਣ ਦੇ ਜ਼ੋਰ ਨਾਲ ਕੁਝ ਨਹੀਂ ਲੱਭਦਾ)। (ਇਸੀ ਤਰ੍ਹਾਂ ਜੀਵ ਦੀ) ਬੁੱਧੀ ਵਿਚ ਰਤਨ ਜਵਾਹਰ ਤੇ ਮਾਣਕ ਹੈਨ, (ਪਰ ਆਪਣੇ ਜ਼ੋਰ ਨਾਲ ਨਹੀਂ ਮਿਲਦੇ। ਪ੍ਰਸ਼ਨ-ਫਿਰ ਕੀਕੂੰ ਲਏ ਜਾਵਣ? ਉੱਤਰ:) ਜੇ ਗੁਰਾਂ ਦੀ ਇਕ ਸਿਖਯਾ ਸੁਣ ਲਵੇ ਤਾਂ (ਉਹ ਮਿਲਦੇ ਹੈਨ, ਸੋ ਉਸ ਸਿਖਯਾ ਲਈ ਅਰਦਾਸ ਕਰ ਕਿ) ਹੇ ਗੁਰੂ ਜੀ (ਮੈਨੂੰ) ਇਕ ਗੱਲ ਬੁਝਾ ਦਿਓ (ਅਰਥਾਤ ਸਮਝਾਕੇ ਮੇਰੇ ਅੰਦਰ ਵਾੜ ਦਿਓ ਕਿ) ਸਭਨਾਂ ਜੀਆਂ ਦਾ (ਜੋ) ਇੱਕੋ ਦਾਤਾ ਹੈ ਓਹ ਮੈਨੂੰ (ਕਿਵੇਂ ਵੀ ਤੇ ਕਦੇ ਵੀ) ਵਿਸਰ ਨਾ ਜਾਵੇ॥੬॥

ਵ੍ਯਾਖ੍ਯਾ-ਪਹਿਲੀ ਪਉੜੀ ਵਿਚ ਦੱਸਿਆ ਸੀ ਕਿ ਸ਼ੌਚ, ਚੁਪ, ਬ੍ਰਤ, ਆਦਿ ਕਰਮਾਂ ਤੇ ਹਉਂ-ਲਿਪਤ ਸਿਆਣਪਾਂ ਨਾਲ ਸਚਿਆਰ ਨਹੀਂ ਬਣ ਸਕੀਦਾ। ਫੇਰ ਦੱਸਿਆ ਸੀ ਕਿ ਹੁਕਮ ਵਿਚ ਚੱਲਣੇ ਨਾਲ ਬਣ ਸਕੀਦਾ ਹੈ। ਉਥੋਂ ਲੈਕੇ ਪੰਜਵੀਂ ਪਉੜੀ ਦੇ ਅਖ਼ੀਰ ਤਕ ਸਾਰਾ ਵੇਰਵਾ 'ਹੁਕਮ'

ਤੱਕ ਅੱਪੜਨੇ ਦਾ ਦੱਸਿਆ ਸੀ। ਹੁਣ 'ਤੀਰਥ ਨਾਵਾ' ਵਾਲੀ ਤੁਕ ਵਿਚ ਉਹੋ 'ਸ਼ੌਚ' ਵਾਲੀ ਗੱਲ 'ਤੀਰਥ ਨਾਵਾ' ਕਹਿਕੇ ਦੱਸਦੇ ਹਨ ਕਿ ਇਹ ਕਰਮ ਪਰਮੇਸ਼ੁਰ ਦੀ ਪ੍ਰਸੰਨਤਾ ਨੂੰ ਆਕਰਖਣ ਨਹੀਂ ਕਰਦੇ। ਸੋ ਘਰ ਬੈਠਕੇ ਸ਼ੌਚ ਕਰਨੀ ਕਿ ਤੀਰਥਾਟਨ ਕਰਕੇ ਪੁਰਬਾਂ ਦੇ ਇਸ਼ਨਾਨਾਂ ਨਾਲ ਸ਼ੌਚ ਤੇ ਐਸੀਆਂ ਹੋਰ ਗੱਲਾਂ ਦੇ ਕਰਨੇ ਦੀ ਲੋੜ ਨਹੀਂ। ਇਹ ਭਾਵ ਇਥੇ ਬੱਸ ਨਹੀਂ, ਇਸ ਪਉੜੀ ਵਿਚ 'ਅੰਤਰ ਗਤਿ ਤੀਰਥਿ' ਦਾ ਮੁੱਢ ਬੱਝਦਾ ਹੈ, ਜਿਸ ਦਾ ਵੇਰਵਾ ਪਉੜੀ ੨੧ ਵਿਚ ਹੈ। ਏਥੇ ਤੀਰਥ ਇਸ਼ਨਾਨ ਦਾ ਜ਼ਿਕਰ ਹੈ, ਓਥੇ 'ਤੀਰਥੁ ਤਪੁ ਦਇਆ ਦਤੁ ਦਾਨੁ' ਆਦਿ ਵਧੇਰੇ ਕਰਮ ਗਿਣੇ ਹਨ, ਸੋ ਏਥੇ ਬੀ ਤੀਰਥ ਉਪਲਖਤ ਸਾਰੇ ਕਰਮਾਂ ਤੋਂ ਮੁਰਾਦ ਹੈ। ਕਰਮ ਮਾਰਗ ਵਿਚ ਤੇ ਜੋਗੀਆਂ ਵਿਚ ਤੀਰਥ ਇਸ਼ਨਾਨ ਇਕ ਵੱਡਾ ਕਰਮ ਮੰਨਿਆਂ ਗਿਆ ਹੈ। ਜਿਵੇਂ ਲੋਹਾਰੀਪਾ ਨੇ ਗੁਰੂ ਜੀ ਨੂੰ ਕਿਹਾ ਸੀ:-

ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥ (ਸਿਧ ਗੋਸਟਿ-੭)

ਗੁਰੂ ਜੀ ਦਾ ਮਾਰਗ 'ਕਰਮ-ਮਾਰਗ' ਨਹੀਂ, ਨਾ ਹਠਯੋਗ ਹੈ, ਪਰ 'ਪ੍ਰੇਮ-ਮਾਰਗ' ਹੈ[੧]। ਜਿਸ ਦਾ ਹੁਣ ਤਾਈਂ ਉਪਦੇਸ਼ ਕਰਦੇ ਆਏ ਹਨ, ਕਿ ਅਸੀਂ ਕੀਹ ਨਜ਼ਰ ਭੇਟ ਕਰੀਏ, ਕੀਹ ਬੋਲ ਬੋਲੀਏ ਕਿ ਦਾਤਾ ਸਾਨੂੰ ਪਿਆਰ ਕਰੇ। ਪਿਆਰ ਪ੍ਰਸੰਨਤਾ ਲੈਣ ਨਾਲ ਹੁੰਦਾ ਹੈ, ਪ੍ਰਸੰਨਤਾ ਲੈਣ ਲਈ ਹੁਕਮ ਮੰਨਣਾ ਦੱਸਿਆ ਹੈ ਤੇ ਹੁਕਮ ਪਰ ਆਉਣ ਲਈ 'ਗੁਣ ਗਾਇਨ' ਤੇ 'ਨਾਮ ਸਿਮਰਨ' ਉਪਾਉ ਦੱਸੇ। 'ਗੁਣ ਗਾਇਨ ਤੇ ਨਾਮ' ਆਪਣੇ ਆਪ ਵਿਚ ਪ੍ਰੇਮ ਦਾ ਹੀ ਇਕ ਰੂਪ ਹਨ, ਜਿਨ੍ਹਾਂ ਨਾਲ ਸਾਈਂ ਦੀ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ[੨]। ਪ੍ਰਸੰਨ ਹੋਕੇ ਦਾਤਾ ਪਯਾਰ ਦੀ ਨਦਰ ਕਰਦਾ ਤੇ ਮੋਖ ਦੁਆਰ ਬਖਸ਼ਦਾ ਹੈ। ਇਸ ਪਉੜੀ ਵਿਚ ਫੇਰ ਫੁਰਮਾਉਂਦੇ ਹਨ ਕਿ ਤੀਰਥਾਦਿ ਕਰਮ ਉਸ ਦੀ ਪ੍ਰਸੰਨਤਾ ਲੈਣ ਦੇ ਉਪਾਇ ਨਹੀਂ ਹਨ। ਪ੍ਰਸੰਨਤਾ ਲੈਣ ਦਾ ਉਪਾਉ ਦਾਤੇ ਨੂੰ (ਵਿਸਰ ਨਾ ਜਾਣਾ=) ਸਿਮਰਨ ਕਰਨਾ ਹੀ ਹੈ।

'ਤੀਰਥ ਨਾਵਾ' ਤੋਂ ਭਾਵ 'ਤੀਰਥ ਇਸ਼ਨਾਨ ਆਦਿ ਕਰਮ' ਹੈਨ:-

ਤੀਰਥ ਵਰਤ ਨੇਮ ਕਰਹਿ ਉਦਿਆਨਾ॥ ਜਤੁ ਸਤੁ ਸੰਜਮੁ ਕਥਹਿ ਗਿਆਨਾ॥
ਰਾਮ ਨਾਮੁ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ॥ (ਮਾਰੂ ਮ:੧, ਸੋਲ: ੨੨-੧੩)

ਪੁਨਾ:-**ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥** (ਗਉ: ਮ: ੫-੧੬੪)

ਪਰ ਦੂਸਰੀ ਤੁਕ ਵਿਚ ਪਦ 'ਵਿਣੁ ਕਰਮਾ' ਵਿਚ ਕਰਮਾਂ ਦਾ ਅਰਥ ਹੈ ਭਾਗਾਂ ਤੋਂ ਬਿਨਾ,

ਯਥਾ:- **ਆਪਣ ਲੀਆ ਜੇ ਮਿਲੈ ਤਾਂ ਸਭੁ ਕੋ ਭਾਗਠੁ ਹੋਇ॥**
ਕਰਮਾ[੩] ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥ (ਗਉ: ਬੈਰਾ:ਮ: ੧-੧੮)

ਪਿਛਲੇ ਜਨਮ ਦੇ ਕੀਤੇ ਕਰਮਾਂ ਦੇ ਫਲ ਵਿਚ ਪਰਾਰਬਧ ਰੂਪੀ ਭਾਗ ਬਣੇ ਹੋਏ ਹਨ, ਜਿਨ੍ਹਾਂ ਦਾ ਕਰਨਾ ਤਾਂ ਜੀਵ ਦਾ ਹੈ ਤੇ ਉਹਨਾਂ ਦੇ ਭੋਗਣ ਦਾ ਹੁਕਮ ਕਰਤਾ ਪੁਰਖ ਦਾ ਹੈ:-

ਹੁਕਮ[੩] ਚਲਾਏ ਆਪਣੈ ਕਰਮੀ ਵਹੈ ਕਲਾਮ॥ (ਸਾਰੰਗ ਵਾਰ: ਮ: ੧-੯)

ਐਉਂ ਕਰਮਾਂ ਦਾ ਅਰਥ ਏਥੇ 'ਕਰਮ ਫਲ' ਹੈ ਜੋ ਅਪਣੇ ਆਪ ਨਹੀਂ, ਪਰ ਵਾਹਿਗੁਰੂ ਦੇ ਹੁਕਮ ਨਾਲ ਮਿਲਦਾ ਹੈ।

ਸੋ ਇਸ ਕਹਿਣ ਵਿਚ ਬੀ ਧੁਨੀ ਈਸ਼੍ਵਰ ਵਲ ਗਈ ਕਿ ਜਿਸ ਦੇ 'ਭਾਗਾਂ' ਵਿਚ ਈਸ਼੍ਵਰ ਨੇ ਜੋ

---

[੧]ਜਿਸ ਦੇ ਅੰਤਰ ਗਤਿ 'ਵਿਸਮਾਦ' ਹੈ।

[੨]ਨਾਮ ਦਾ ਅਰਥ ਇਸ ਪਉੜੀ ਵਿਚ 'ਸੋ ਮੈ ਵਿਸਰਿ ਨ ਜਾਈ' ਕੀਤਾ ਹੈ। ਵਿਸਰ ਨਾ ਜਾਣਾ ਪ੍ਰੇਮ ਪੈਦਾ ਕਰਦਾ ਹੈ, ਪ੍ਰੇਮ ਵਿਸਰ ਨਾ ਜਾਣਾ ਪੈਦਾ ਕਰਦਾ ਹੈ। ਸੋ ਵਿਸਰ ਨਾ ਜਾਣਾ 'ਸਿਮਰਣ' ਹੈ। ਸਿਮਰਣ ਪਦ ਦਾ ਧਾਤੂ ਹੈ ਸਮ੍ਰੀ। ਇਸ ਧਾਤੂ ਦੇ ਅਰਥ ਹੈਨ ਯਾਦ ਕਰਨਾ, ਪ੍ਰਸੰਨ ਕਰਨਾ, ਪਯਾਰ ਕਰਨਾ ਆਦਿ।

[੩]ਭਾਗਾਂ ਅਨੁਸਾਰ।

ਪਾ ਦਿਤਾ ਹੈ ਸੋ ਮਿਲਦਾ ਹੈ। ਜੇ 'ਵਿਣੁ ਕਰਮਾ' ਵਿਚ ਕਰਮ ਦਾ ਅਰਥ 'ਕਰਮ' ਅਰਥਾਤ 'ਕਰਮ ਕਾਂਡ ਦੇ ਅਨੁਸਾਰ ਕੀਤੇ ਕਰਮ' ਕਰੀਏ ਤਾਂ ਪਹਿਲੀ ਤੁਕ ਨਾਲ ਵਿਰੋਧ ਹੋ ਜਾਂਦਾ ਹੈ, ਜਿਸ ਵਿਚ 'ਤੀਰਥਿ ਨਾਵਾ' ਕਹਿਕੇ ਐਸੇ ਕਰਮਾਂ ਦੀ ਨਿਖੇਧੀ ਕੀਤੀ ਹੈ। ਇਸੇ ਮੁਸ਼ਕਲ ਕਰਕੇ ਕਈ ਦਾਨੇ ਏਥੇ 'ਕਰਮ' ਪਦ ਦਾ ਅਰਥ-ਦਇਆ ਯਾ ਮੇਹਰ ਬੀ ਕਰ ਲੈਂਦੇ ਹਨ[1]।

ਜੇ ਕਹੋ 'ਵਿਣੁ ਕਰਮਾ' ਤੋਂ ਮੁਰਾਦ 'ਸ਼ੁਭ ਕਰਮਾਂ ਤੋਂ ਬਿਨਾਂ' ਹੈ, ਤਾਂ ਸਭ ਕੁਛ ਦੀ ਪ੍ਰਾਪਤੀ ਸ਼ੁਭ ਕਰਮਾਂ ਨਾਲ ਹੋ ਗਈ, ਮੁਕਤਿ ਬੀ ਵਿਚੇ ਆ ਗਈ. ਪਰ ਪਉੜੀ ੪ ਵਿਚ ਦੱਸ ਆਏ ਹਨ ਕਿ ਕਰਮਾਂ ਨਾਲ ਨਿਰਾ ਕਪੜਾ (ਸਰੀਰ) ਮਿਲਦਾ ਹੈ, ਮੋਖ ਦੁਆਰ ਨਹੀਂ ਮਿਲਦਾ।

ਫਿਰ ਦੇਖੋ ਕਿ ਇਸ ਪਉੜੀ ਦੀਆਂ ਅਗਲੀਆਂ ਤ੍ਰੈ ਤੁਕਾਂ ਵਿਚ ਯਾਚਨਾ ਨਾਮ ਦੀ ਹੈ, ਜੋ ਮੋਖ ਪ੍ਰਾਪਤੀ ਦਾ ਮਾਰਗ ਹੈ। ਤਾਂਤੇ ਇਥੇ ਗੁਰੂ ਜੀ ਇਨਸਾਨ ਦੀ ਦ੍ਰਿਸ਼ਟੀ ਨੂੰ 'ਕਰਮਾਂ' ਤੋਂ ਚੁੱਕ ਕੇ ਈਸ਼੍ਵਰ ਉਤੇ ਲਿਜਾ ਰਹੇ ਹਨ ਤੇ ਉਸ ਦੀ ਪ੍ਰਾਪਤੀ ਲਈ ਨਾਮ ਲਈ ਯਾਚਨਾ ਕਰਨੀ ਸਿਖਾ ਰਹੇ ਹਨ।

ਈਸ਼੍ਵਰ ਨੂੰ ਆਪਣੇ ਲਈ ਪ੍ਰਸੰਨਤਾ ਮਈ ਬਨਾਉਣ ਦਾ ਉਪਾਉ ਅਗਲੀ ਅਰਥਾਤ ਤੀਸਰੀ ਤੁਕ ਵਿਚ ਦੱਸਿਆ ਹੈ ਕਿ ਗੁਰੂ ਦੀ ਸਿਖਜਾ ਸੁਣ, ਉਸ ਅਨੁਸਾਰ ਨਾਮ ਸਿਮਰ, ਤਦੋਂ ਬੁੱਧਿ ਵਿਚ ਰਤਨ ਜਵਾਹਰ ਮਾਣਕ ਪ੍ਰਾਪਤ ਹੋਣਗੇ, ਇਹ ਇਸ਼ਨਾਨ ਹੋਵੇਗਾ ਅੰਤਰ ਗਤਿ[2]। ਜਿਸ ਬੁੱਧੀ ਰੂਪੀ ਤੀਰਥ ਵਿਚ ਨ੍ਹਾ ਕੇ ਨਾ ਕੇਵਲ ਇਸ਼ਨਾਨ ਹੋਵੇਗਾ ਸਗੋਂ ਬੁੱਧੀ ਦੇ ਉਜਲ ਹੋ ਜਾਣ ਨਾਲ ਰਤਨ ਲੱਭਣਗੇ, ਜਿਵੇਂ ਕੋਈ ਉਜਲ ਦ੍ਰਿਸ਼ਟੀ ਵਾਲਾ ਸਮੁੰਦਰ ਦੇ ਕਿਸੇ ਤੀਰਥ ਵਿਚ ਨ੍ਹਾਉਂਦਾ ਮੋਤੀ ਪ੍ਰਾਪਤ ਕਰ ਲਿਆਵੇ।

ਸੋ ਨਾਮ ਦੇ ਦੋ ਪਹਿਲੂ ਦਿਖਾਏ ਹਨ:-

੧. ਨਾਮ ਪਰਮੇਸ਼ੁਰ ਦੀ 'ਪਜਾਰ' ਰੂਪੀ ਆਤਮ ਦਾਤ ਨੂੰ ਆਕਰਖਣ ਕਰਦਾ ਹੈ।

੨. ਨਾਮ ਹੀ ਬੁਧਿ ਨੂੰ ਉੱਜਲ ਕਰਕੇ ਆਤਮ ਦਾਤ ਦੇ ਗ੍ਰਹਣ ਕਰਨ ਯੋਗ ਬਣਾ ਦਿੰਦਾ ਹੈ। ਇਸ ਕਰਕੇ ਫੁਰਮਾਇਆ ਹੈ:

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨ ਹੈ॥ (ਧਨਾਸਰੀ ਮ: ੧ ਛੰਤ ੧)

ਇਸ਼ਨਾਨ ਆਦਿ ਕਰਮ ਗੁਰੂ ਜੀ ਨੇ ਮਨ੍ਹਾਂ ਨਹੀਂ ਕੀਤੇ ਹਨ, 'ਗੁਰਮੁਖਿ ਨਾਮੁ ਦਾਨੁ ਇਸਨਾਨੁ' ਆਪ ਆਖਿਆ ਹੈ! ਕੇਵਲ ਸਰੀਰਕ ਇਸ਼ਨਾਨ ਮਾਤ੍ਰ ਈਸ਼੍ਵਰ ਪ੍ਰੇਮ ਨੂੰ ਖਿੱਚ ਲੈਂਦਾ ਹੈ, ਇਹ ਭਰਮ ਕੱਟਿਆ ਹੈ, ਪਰ ਪਵਿਤ੍ਰ ਅਸਥਾਨਾਂ ਤੇ ਜਾਣਾ, ਨ੍ਹਾਉਣਾ, ਏਕਾਂਤ ਦਾ ਸੁਖ ਪਾ ਕੇ ਭਜਨ ਕਰਨਾ ਆਦਿ ਮਨ੍ਹੇ ਨਹੀਂ ਕੀਤੇ। ਨੇਕੀ ਕਰਨੀ, ਪਾਪ ਕਰਮ ਨਾ ਕਰਨੇ, ਦਾਨ ਦੇਣਾ, ਸਦਾਚਾਰੀ ਜੀਵਨ ਬਸਰ ਕਰਨਾ, ਨਾਮ ਮਾਰਗ ਦੇ ਸਹਾਇਕ ਹਨ; ਇਨ੍ਹਾਂ ਦਾ ਤਿਆਗ ਨਹੀਂ ਦੱਸ ਰਹੇ। ਨਾਮ ਦੀ, ਵਾਹਿਗੁਰੂ ਸਿਮਰਣ ਦੀ ਵਿਸ਼ੇਸ਼ਤਾ ਦੱਸ ਰਹੇ ਹਨ। ਸਦਾਚਾਰ ਸ਼ੁਭ ਕਰਮ ਪਥ ਪ੍ਰਹੇਜ਼ ਹਨ, ਦਾਰੂ 'ਨਾਮ' ਹੈ। ਦੱਸ ਇਹ ਰਹੇ ਹਨ ਕਿ:-

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥ (ਧਨਾ: ਮ: ੧ ਛੰਤ ੧)

ਨਿਰੁਕ੍ਤ- ਤੀਰਥਿ-(ਸੰਸ:, ਤੀਰਥ, ਧਾਤੂ-ਤ੍ਰੀ=ਤਰ ਜਾਣਾ) ਦਰਯਾਵਾਂ ਯਾ ਹੋਰ ਪਾਣੀਆਂ ਦੇ ਕਿਨਾਰੇ ਮੰਨੇ ਪਵਿਤ੍ਰ ਥਾਉਂ ਜਿੱਥੇ ਨ੍ਹਾਉਣ ਮਾਤ੍ਰ ਨਾਲ ਪਾਪ ਮਿਟਦੇ ਖਿਆਲ ਕੀਤੇ ਜਾਂਦੇ ਹਨ। ਤਰ ਜਾਣ ਤੋਂ ਮੁਰਾਦ ਸੰਸਾਰ ਤਰ ਜਾਣਾ ਬੀ ਹੈ। ਇਸ ਤੋਂ ਛੁਟ ਇਸ ਪਦ ਦੇ ਹੋਰ ੧੯ ਅਰਥ ਹਨ।

---

[1] ਅਰਬੀ ਵਿਚ 'ਕਰਮ' ਦਾ ਅਰਥ ਹੈ ਮੇਹਰ। [2] ਦੇਖੋ ਪਉੜੀ ੨੧

ਭਾਵਾ-ਭਾ ਜਾਵਾਂ, ਪਿਆਰਾ ਲਗ ਜਾਵਾਂ।

ਵਿਣੁ ਭਾਣੇ-ਵਾਹਿਗੁਰੂ ਨੂੰ ਭਾਏ ਬਿਨਾ-ਭਾਵ ਹੈ (ਉਸ ਪ੍ਰਭੂ ਨੂੰ) ਭਾਏ ਜਾਣ ਤੋਂ ਬਿਨਾ।

ਰਤਨ-(ਸੰਸ:, ਰਤ੍ਨ) ਬਹੁਮੁੱਲੇ ਕਈ ਰੰਗ ਦੇ ਪੱਥਰ ਤੋਂ ਉਚੇਰੇ ਕੀਮਤੀ ਪਦਾਰਥ। ਜੋ ਵਿਸ਼ੇਸ਼ ਕਰਕੇ ਨੌਂ ਗਿਣੇ ਜਾਂਦੇ ਹਨ[੧]। ਕਈ ਵੇਰ ਗੇਣਤੀ ਚਾਰ ਤੇ ੧੪ ਬੀ ਦੱਸੀ ਜਾਂਦੀ ਹੈ।

੨. ਰਤਨ ਤੋਂ ਮੁਰਾਦ ਕਿਸੇ ਬੀ ਵਿਸ਼ੇਸ਼ ਉੱਤਮ ਵਸਤੂ ਦੀ ਲਈ ਜਾਂਦੀ ਹੈ। ਜਿਵੇਂ ਸਮੁੰਦਰ ਵਿਚੋਂ ਨਿਕਲੇ ੧੪ ਰਤਨ।

੩. ਕਿਸੇ ਸਾਰ ਵਸਤੂ ਨੂੰ ਬੀ ਕਹਿ ਲੈਂਦੇ ਹਨ ਜਿਵੇਂ ਮੱਖਣ ਨੂੰ ਰਤਨ ਕਹਿ ਲੈਂਦੇ ਹਨ।

ਜਵਾਹਰ-(ਅਰਬੀ, ਜੌਹਰ ਦਾ ਬਹੁਵਚਨ ਜਵਾਹਿਰ, ਪਰ ਜੋ ਅਕਸਰ ਵਰਤੀਂਦਾ ਇਕ ਵਚਨ ਵਾਂਗ ਹੈ, ਤੇ ਇਸ ਦਾ ਬਹੁਵਚਨ ਜਵਾਹਰਾਤ ਬਣਾਉਂਦੇ ਹਨ) ਕੀਮਤੀ ਪੱਥਰ।

ਖਿਆਲ ਹੈ ਕਿ ਹਿੰਦ ਦੇ ਜੌਹਰੀ, ਜਵਾਹਰਾਤ ਵਿਚ ਨੌਂ ਰਤਨ ਤੇ ੮੪ ਸੰਗ ਸ਼ਾਮਲ ਸਮਝਦੇ ਹਨ। ਕਵੀ ਸੰਤੋਖ ਸਿੰਘ ਜੀ ਦੱਸਦੇ ਹਨ ਕਿ ਇਨ੍ਹਾਂ ਤਿੰਨਾਂ ਤੋਂ ਮੁਰਾਦ ਏਥੇ ਸਤਿ, ਚਿਤ, ਆਨੰਦ ਪਰਮਾਤਮ ਦੇਵ ਦੀ ਹੈ। 'ਬੁੱਧੀ' ਨਿਸਚੇ ਕਰਨ ਵਾਲਾ ਅੰਤਹਕਰਣ ਹੈ। ਤਿਸ ਬੁੱਧੀ ਵਿਚ ਸਤਿ ਚਿਤ ਆਨੰਦ ਬ੍ਰਹਮ ਦਾ ਪ੍ਰਤਿਬਿੰਬ ਪਿਆ ਜੋ ਜੀਵਾਤਮਾ ਹੈ। ਬੁੱਧੀ ਜੇ ਗੁਰੂ ਦੀ ਸਿਖਯਾ ਸੁਣੇ ਤੇ ਨਾਮ ਅਭਿਆਸ ਕਰੇ ਤਾਂ ਜੀਵਾਤਮਾ ਨੂੰ ਪਰਮਾਤਮਾ ਨਾਲ ਅਭੇਦ ਲਖ ਲਵੇ ਜੋ ਸਤਿ ਚਿਤ ਆਨੰਦ ਸਰੂਪ ਹੈ।

ਮਾਣਿਕ-(ਸੰਸ:, ਮਾਣਿਕਯੰ) ਲਾਲ ਰੰਗ ਦਾ ਪੱਥਰ ਵਿਸ਼ੇਸ਼ ਜਿਸ ਨੂੰ ਲਾਲ ਯਾ ਲਾਅਲ ਆਖਦੇ ਹਨ। ਐਉਂ ਬੀ ਅਰਥ ਲਾਉਣ ਦਾ ਜਤਨ ਹੁੰਦਾ ਹੈ:-

ਰਤਨ-ਰਤ+ਨ=ਪ੍ਰੀਤ ਨਹੀਂ ਭਾਵ ਵੈਰਾਗ।

ਜਵਾਹਰ-ਜਵਾ=ਜਨਮ ਮਰਨ। +ਹਰ=ਜੋ ਹਰੇ। ਜੋ ਜਨਮ ਮਰਨ ਦੂਰ ਕਰੇ ਸੋ ਵਿਵੇਕ।

ਮਾਣਿਕ-ਮਾਨ+ਕ= ਜੋ ਮਾਨ ਦੂਰ ਕਰੇ, ਨੰਮ੍ਰਤਾ।

'ਰਤਨ ਜਵਾਹਰ ਮਾਣਿਕ' ਤੋਂ ਕੀਹ ਮੁਰਾਦ ਹੈ?

ਉੱਤਰ:- ਨਾਮ-**ਰਤਨੁ ਜਵੇਹਰੁ ਲਾਲੁ ਹਰਿਨਾਮਾ ਗੁਰ ਕਾਢਿ ਤਲੀ ਦਿਖਲਾਇਆ॥**

(ਰਾਮਕਲੀ ਮਹਲਾ ੪-੧)

ਹਰੀ ਕੀਰਤਨ-**ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ॥**

(ਮਾਰੂ ਮਹਲਾ: ੧ ਸੋਲ: ੮)

ਹੋ ਸਕਦਾ ਹੈ ਕਿ ਸਤਿਗੁਰੂ ਜੀ ਦੀ ਸੈਨਤ ਪਿੱਛੇ ਆ ਚੁਕੇ ਕੀਮਤੀ ਉਪਦੇਸ਼ਾਂ ਵਲ ਹੋਵੇ, ਜੈਸੇ ਕਿ 'ਹੁਕਮ, ਨਾਮ, ਗੁਣ ਗਾਯਨ' ਆਏ ਹਨ; ਤੇ ਅਗੇ ਆਉਣ ਵਾਲੇ ਰਤਨਾਂ ਵਲ ਬੀ ਹੋਵੇ; ਜੈਸੇ: 'ਸੁਣੀਐ, ਮੰਨੀਐ, ਸਹਜ ਧਿਆਨੁ'। 'ਜੋ ਤੁਧੁ ਭਾਵੈ ਸਾਈ ਭਲੀ ਕਾਰ'॥ 'ਅੰਤਰਗਤਿ ਤੀਰਥਿ ਮਲਿ ਨਾਉ'॥ ਆਦਿ।

(ਅ) ਦੂਜੀ ਤੁਕ ਦੇ ਗੁਣੀ ਜਨਾਂ ਨੇ ਹੋਰ ਜ਼ੋਰ ਬੀ ਅਰਥ ਕਰਨ ਤੇ ਲਾਏ ਹਨ:-

੧. ਜੇਤੀ ਸਿਰਠਿ ਉਪਾਈ ਹੋਈ ਦਿੱਸ ਰਹੀ ਹੈ, ਉਸ ਵਿਚ (ਜੋ ਦਾਤ ਦਾਤੇ ਦੀ) ਮਿਲ ਰਹੀ ਤੇ ਅਸੀਂ ਲੈ ਰਹੇ ਹਾਂ, ਉਹ ਬਿਨਾਂ ਕਰਮਾਂ ਦੇ ਹੀ ਮਿਲ ਰਹੀ ਹੈ ਤੇ ਅਸੀਂ ਲੈ ਰਹੇ ਹਾਂ; ਜੈਸੇ ਸੂਰ, ਚੰਦ, ਤਾਰੇ, ਵਾਯੂ, ਜਲ, ਧਰਤੀ ਆਦਿ ਦਾਤਾਂ ਹਨ।

---

[੧] ਨੌ ਰਤਨ ਇਹ ਹਨ: ੧. ਹੀਰਾ (Diamond), ੨. ਪੰਨਾ (Emerald), ੩. ਮਾਣਿਕ (Ruby), ੪. ਨੀਲਮ (Saphire), ੫. ਮੋਤੀ (Pearl), ੬. ਮੋਂਗਾ (ਯਾ ਗੁੱਲੀਆ) (Coral), ੭. ਲਹਸੁਨਿਯਾ (Cat's Eye), ੮. ਗੋਮੇਦ (Cinnamon), ੯. ਪੁਖਰਾਜ (Topaz)

੨. ਸ਼ੁਭ ਕਰਮਾਂ ਬਿਨਾਂ ਕੁਛ ਨਹੀਂ ਮਿਲਦਾ, ਜਦ ਸ਼ੁਭ ਕਰਮ ਕਰਦੇ ਕਰਦੇ ਨਿਸ਼ਕਾਮ ਕਰਮ ਤੇ ਅੱਪੜੋਗੇ ਤਾਂ ਗੁਰੂ ਮਿਲੇਗਾ, ਉਸ ਦੀ ਸਿਖਜ਼ਾ 'ਨਾਮ' ਨਾਲ ਮਤ ਵਿਚ ਰਤਨ ਪਦਾਰਥ ਦਿੱਸ ਪੈਣਗੇ। ਪਰ ਇਹ ਭਾਵ ਮੂਲ ਤੁਕ ਵਿਚ ਨਹੀਂ, ਖਿੱਚ ਲਾਕੇ ਲਾਉਣਾ ਪੈਂਦਾ ਹੈ।

੩. ਐਉਂ ਬੀ ਕਰਦੇ ਹਨ ਕਿ ਜੀਵਾਂ ਨੂੰ ਕੁਛ ਨਹੀਂ ਲੱਭਦਾ ਜਦ ਤਕ ਕਿ ਕ੍ਰਿਯਾ ਨਾ ਕਰਨ; ਅਰਥਾਤ ਕਰਮ ਦਾ ਅਰਥ ਪ੍ਰਯਤਨ, ਮਿਹਨਤ, ਹੀਲਾ, ਹਿੰਮਤ ਕਰ ਲੈਂਦੇ ਹਨ।

(ਪਉੜੀ ੭)

ਪ੍ਰਾਕ੍ਰਥਨ- ਕਰਮ ਮਾਰਗ ਤੇ ਹਠ ਯੋਗ ਦੇ ਤੀਰਥ ਇਸ਼ਨਾਨ ਆਦਿ ਕਰਮਾਂ ਦੀ, ਨਿਰੰਕਾਰ ਦੀ ਪ੍ਰਸੰਨਤਾ ਨੂੰ ਆਪਣੇ ਵੱਲ ਪ੍ਰੇਰਤ ਕਰ ਲੈਣ ਦੀ, ਅਸਮਰੱਥਾ ਦੱਸਕੇ ਅਤੇ ਨਾਮ ਸਿਰਮਣ ਦੀ ਸਫਲਤਾ ਤੇ ਪ੍ਰਾਪਤੀ ਦੀ ਯਾਚਨਾ ਵਰਣਨ ਕਰਕੇ ਹੁਣ ਯੋਗੀਆਂ ਦੇ ਹਠ ਸਾਧਨਾ ਤੋਂ ਜੋ ਪ੍ਰਾਪਤੀਆਂ ਹੁੰਦੀਆਂ ਦੱਸੀਦੀਆਂ ਹਨ, ਉਨ੍ਹਾਂ ਦੀ ਵਾਹਿਗੁਰੂ ਪ੍ਰਸੰਨਤਾ ਨੂੰ ਆਕਰਖਣ ਕਰ ਲੈਣ ਦੀ ਅਸਮਰੱਥਾ ਦਰਸਾਉਂਦੇ ਹਨ:-

ਮੂਲ	ਅਰਥ
ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥ ਨਵਾਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥ ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥ ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥੭॥	(ਹਠ ਯੋਗ ਆਦਿ ਸਾਧਨ ਕਰਕੇ) ਜੇ (ਜੀਵ ਦੀ) ਉਮਰਾ (ਇੰਨੀ ਲੰਮੀ ਹੋ ਜਾਵੇ ਜਿੰਨੇ ਕਿ) ਚਾਰ ਯੁਗ (ਹੁੰਦੇ ਹਨ, ਇਸ ਤੋਂ ਬੀ) ਦਸ ਗੁਣੀ ਹੋਰ ਹੋ ਜਾਵੇ (ਫੇਰ ਉਹ) ਸਾਰੇ ਸੰਸਾਰ[1] ਵਿਚ ਪ੍ਰਸਿੱਧ ਹੋ ਜਾਵੇ (ਤੇ ਇੰਨਾਂ ਸਤਿਕਾਰਿਆ ਜਾਵੇ ਕਿ) ਸਭ ਕੋਈ (ਆਦਰ ਲਈ ਉਸ ਦੇ) ਨਾਲ ਹੋ ਟੁਰੇ। ਜਗਤ ਵਿਚ ਜਸ ਤੇ ਕੀਰਤੀ (ਸ਼ੋਭਾ ਐਤਨੀ) ਲਵੇ (ਕਿ ਸਭ ਕੋਈ ਉਸ ਨੂੰ) ਚੰਗਾ ਚੰਗਾ ਆਖੇ। (ਪਰ) ਜੇ (ਉਹ) ਉਸ (ਗੁਣੀ ਨਿਧਾਨ ਦੀ ਕ੍ਰਿਪਾ) ਦ੍ਰਿਸ਼ਟੀ ਹੇਠ ਨਹੀਂ ਆਇਆ ਤਾਂ (ਉਸ ਦੀ) ਸਾਰ ਕਿਸੇ ਨਹੀਂ ਲੈਣੀ। (ਸਗੋਂ ਉਸ ਦੇ ਕੀਤੇ) ਦੋਸ਼ (ਉਸ ਦੇ) ਜ਼ਿੰਮੇ ਲਾਕੇ (ਉਹ) ਦੋਸ਼ੀ (ਠਹਿਰਾਇਆ ਜਾਏਗਾ) ਤੇ ਉਹ ਕੀੜਿਆਂ ਵਿਚ ਕੀੜਾ ਕੀਤਾ ਜਾਏਗਾ (ਭਾਵ ਨੀਚ ਅਵਸਥਾ ਨੂੰ ਪ੍ਰਾਪਤ ਹੋਵੇਗਾ, ਪਰੰਤੂ ਐਸੇ) ਗੁਣਾਂ ਤੋਂ ਵਿਹੂਣੇ (ਹੋ ਚੁਕੇ) ਵਿਚ (ਬੀ ਜੇ ਓਹ ਗੁਣੀ ਨਿਧਾਨ ਚਾਹੇ ਤਾਂ) ਗੁਣ ਭਰ ਦੇਂਦਾ ਹੈ, (ਉਹ ਚਾਹੇ ਤਾਂ) ਗੁਣਵੰਤਿਆਂ (ਵਿਚ ਹੋਰ) ਗੁਣ ਪਾ ਦੇਂਦਾ ਹੈ। ਉਸ (ਗੁਣੀ ਨਿਧਾਨ) ਜੈਸਾ (ਹੋਰ) ਕੋਈ ਨਹੀਂ (ਮੈਨੂੰ) ਦਿੱਸਦਾ ਜੋ ਉਸ ਨੂੰ ਕੋਈ ਗੁਣ ਲਾ ਸਕੇ, ਹੇ ਨਾਨਕ!॥੭॥

ਵਜ਼ਾਖਜ਼ਾ- ਪਿਛਲੀ ਪਉੜੀ ਵਿਚ ਤੀਰਥ ਇਸ਼ਨਾਨ ਆਦਿ 'ਕਰਮਾਂ' ਤੋਂ 'ਨਾਮ' ਦੀ ਵਿਸ਼ੇਸ਼ਤਾ ਦੱਸੀ ਸੀ ਕਿ: **ਨਾਮ ਤੁਲਿ ਕਛੁ ਅਵਰੁ ਨ ਹੋਇ॥** (ਸੁਖਮਨੀ ੨-੮)

ਹੁਣ ਇਸ ਪਉੜੀ ਵਿਚ ਹਠ ਯੋਗ ਸਾਧਨਾ ਦਵਾਰਾ ਪ੍ਰਾਪਤ ਹੋਏ ਐਸ਼੍ਵਰਯ ਦੀ ਈਸ਼੍ਵਰ ਪ੍ਰਾਪਤੀ ਲਈ ਨਿਸ਼ਫਲਤਾ ਨੂੰ ਲੈਂਦੇ ਹਨ ਕਿ ਹਠ ਯੋਗ ਨਾਲ ਉਮਰਾ ਤਾਂ ਵਡੀ ਹੋ ਜਾਂਦੀ ਹੈ ਪਰ ਜੇ ਵਾਹਿਗੁਰੂ ਜੀ ਦੀ ਪ੍ਰਾਪਤੀ ਨਹੀਂ ਤਾਂ ਕਲਜਾਣ ਕਿੱਥੇ? ਇਹ ਉਮਰਾ ਜੇ ਚਾਰ ਜੁਗਾਂ ਤੋਂ ਬੀ ਵਧੀਕ

[1]ਪ੍ਰਿਥਵੀ ਦੇ ਨੌਂ (ਖੰਡ=) ਹਿੱਸੇ ਮੰਨੇ ਹੋਏ ਹਨ, ਸੋ ਨੌਂ ਖੰਡ ਸਾਰਾ ਸੰਸਾਰ ਹੈ।

www.sikhbookclub.com

ਚਾਲੀ ਜੁਗਾਂ ਦੀ ਹੋ ਜਾਏ ਫੇਰ ਨਾਲ ਹੋਰ ਵਿਭੂਤੀਆਂ[1] ਬੀ ਮਿਲ ਜਾਣ, ਐਥੋਂ ਤਾਈਂ ਕਿ ਸਾਰੇ ਜਗਤ ਵਿਚ ਪ੍ਰਤਿਸ਼ਟਤ ਹੋ ਜਾਏ, ਭਾਵ ਇਹ ਕਿ ਨਿਰਾ ਉਮਰਾ ਹੀ ਨਾ ਵਧੇ ਸਗੋਂ ਉਸ ਵਿਚ ਭੋਗਾਂ ਲਈ ਪੂਰਨ ਐਸ਼੍ਵਰਜ ਬੀ ਪ੍ਰਾਪਤ ਹੋਵੇ, ਪਰ ਜੇ ਪ੍ਰਭੂ ਦੀ ਪ੍ਰਸੰਨਤਾ ਪ੍ਰਾਪਤ ਨਹੀਂ ਹੋਈ, ਅਰਥਾਤ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਉਸ ਉਪਰ ਨਹੀਂ ਪਈ ਤਾਂ ਕੀਹ ਲਾਭ? ਕਿਉਂਕਿ ਉਹ ਉਮਰਾ ਆਖ਼ਰ ਮੁੱਕੇਗੀ, ਓਹ ਭੋਗ ਦੇਣ ਵਾਲੇ ਐਸ਼੍ਵਰਜ ਨਾਲ ਹੀ ਮੁੱਕ ਜਾਣਗੇ। ਫੇਰ ਵੇਲਾ ਆਵੇਗਾ ਮਾੜੇ ਕੀਤੇ ਕਰਮਾਂ ਦੇ ਫਲ ਭੋਗਣ ਦਾ, ਉਸ ਵੇਲੇ ਨੀਵੀਂ ਦਸ਼ਾ ਪ੍ਰਾਪਤ ਹੋਵੇਗੀ। ਕਿਉਂਕਿ ਜੋ ਕਰਮ-ਅਭ੍ਯਾਸ ਕੀਤੇ ਸਨ ਓਹ ਹਉਂ ਦੇ ਆਸਰੇ ਕੀਤੇ ਸਨ, ਸਰੀਰ ਦੀ ਅਰੋਗਤਾ, ਵਡੀ ਉਮਰਾ ਤੇ ਐਸ਼੍ਵਰਜ ਲਈ ਕੀਤੇ ਸਨ, ਕਲਯਾਣ ਲਈ ਕੋਈ ਸਾਧਨ ਨਹੀਂ ਕੀਤੇ ਸਨ। ਓਹ ਹਉਮੈ ਦੇ ਕਰਮ ਸਨ, ਉਹਨਾਂ ਨਾਲ ਹਉਂ ਵਧੀ ਸੀ:- **ਕਰਮ ਕਰਤ ਬਧੇ ਅਹੰਮੇਵ॥** (ਗਉੜੀ ਕਬੀਰ ਜੀ-੬)

ਲਿਖਿਆ ਹੈ, ਅਹੰਮੇਵ ਬੰਧਨ ਦਾ ਕਾਰਨ ਹੈ:-

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ॥ (ਜੈਤਸਰੀ ਮ:੯-੧)

ਓਹ ਬੰਧਨ ਦਾ ਕਾਰਨ ਬਣੇ, ਹੁਣ ਕਰਮ ਮਾਰਗ ਅਨੁਸਾਰ ਮਾੜੇ ਕੀਤੇ ਕਰਮਾਂ ਦੇ ਫਲ ਭੋਗਣ ਦਾ ਸਮਾਂ ਆਇਆ ਤਾਂ ਦੋਸ਼ੀਆਂ ਮਹਾਂ ਦੋਸ਼ੀਆਂ, ਵਿਚ ਥਾਂ ਮਿਲੀ। ਸ਼ੁਭ ਕਰਮਾਂ ਦਾ ਫਲ ਪਾ ਚੁਕਾ ਹੈ, ਹਠ ਯੋਗ ਸਾਧਨਾਂ ਦੇ ਫਲ ਐਸ਼੍ਵਰਜ ਭੋਗ ਚੁਕਾ ਹੈ, ਉਸ ਨੂੰ ਮਾੜੇ ਕਰਮਾਂ ਦੇ ਫਲ ਭੋਗਣ ਵੇਲੇ ਦੁਖ ਵਧੇਰੇ ਚੁਭਦਾ ਹੈ। ਉਸ ਵੇਲੇ ਵਡੀ ਉਮਰਾ ਭੋਗੀ ਦੀ ਤੇ ਐਸ਼੍ਵਰਜ ਮਾਣੇ ਦੀ ਨਿਸ਼ਫਲਤਾ ਦਿੱਸ ਪੈਂਦੀ ਹੈ। ਜੇ ਕਦੇ ਪਹਿਲੋਂ ਦਿੱਸ ਪੈਂਦੀ ਤਾਂ ਗੁਰ ਵਾਕ ਹੈ:-

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥ (ਆਸਾ ਮ: ੧ ਅਸਟ:੧)

ਜੇ ਉਹਨਾਂ ਕਰਮਾਂ ਤੇ ਸਾਧਨਾਂ ਦੀ ਥਾਵੇਂ ਪ੍ਰੇਮਾਭਗਤੀ ਵਿਚ ਆਉਂਦਾ: ਨਾਮ ਜਪਦਾ, ਵਾਹਿਗੁਰੂ ਨਾਲ ਪ੍ਰੀਤਿ ਪਾਉਂਦਾ, ਤਾਂ ਉਸ ਨੂੰ ਵਾਹਿਗੁਰੂ ਜੀ ਦਾ ਪ੍ਰਸ਼ਾਦ ਮਿਲਦਾ, ਕਰਮ ਦਗਧ ਹੋ ਜਾਂਦੇ, ਮੋਖ ਦੁਆਰ ਅੱਪੜਦਾ, ਸਚਿਆਰ ਹੋ ਕੇ ਸਚਿਆਰ (ਵਾਹਿਗੁਰੂ) ਨੂੰ ਮਿਲ ਜਾਂਦਾ ਤਾਂ ਹੁਣ ਗਿੜਾਉ ਨਾ ਮਿਲਦਾ, ਯਥਾ:-

ਜੋ ਜੋ ਜਪੈ ਤਿਸ ਕੀ ਗਤਿ ਹੋਇ॥ (ਸੁਖਮਨੀ ੯-੫)

ਹੁਣ ਇਕ ਹੋਰ ਪ੍ਰਸ਼ਨ ਹੁੰਦਾ ਹੈ ਕਿ ਜਦ 'ਨਾਲਿ ਚਲੈ ਸਭੁ ਕੋਇ' ਹੋ ਗਿਆ ਤਾਂ ਬਾਕੀ ਕੌਣ ਹੈ ਜਿਸ ਬਾਬਤ ਕਿਹਾ ਹੈ ਕਿ 'ਵਾਤ ਨ ਪੁਛੈ ਕੇ'? ਵੀਚਾਰ ਕੀਤਿਆਂ ਸਿੱਟਾ ਇਹ ਨਿਕਲਦਾ ਹੈ ਕਿ ਇਹ 'ਵਾਤ ਨ ਪੁਛੈ ਕੇ' ਦਾ ਇਸ਼ਾਰਾ ਪ੍ਰਲੋਕ ਵੱਲ ਹੈ ਕਿ ਓਥੇ ਗਿਆਂ ਅਵਗੁਣੀਆਂ ਦੀ ਕੋਈ ਵਾਤ ਨਹੀਂ ਪੁੱਛੇਗਾ; ਕਿਉਂਕਿ ਲਿਖਿਆ ਹੈ:-

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥
ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ॥ (ਸੋਰਠਿ ਮ: ੧-੧)

ਪੁਨਾ:- **ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰ ਬੀਚਾਰੀ ਜੀਉ॥** (ਮਾਰੂ ਮ: ੩ ਅਸਟ:੧)

ਓਥੇ ਤਾਂ **ਗੁਣੀਆ ਗੁਣ ਲੇ ਪ੍ਰਭ ਮਿਲੇ..........॥** (ਦਖ: ਓਅੰ:੪੪)

ਓਥੇ ਗੁਣ ਕੀ ਹਨ ਤੇ ਕੀਕੂੰ ਪ੍ਰਾਪਤ ਹੁੰਦੇ ਹਨ? ਫੁਰਮਾਨ ਹੈ:-

ਵਿਣੁ ਸਤਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ॥ (ਦਖ: ਓਅੰ:੪੪)

ਅਰਥਾਤ ਨਾਮ ਦੀ ਕਮਾਈ ਨੇ ਗੁਣਵੰਤ ਬਨਾਉਣਾ ਹੈ ਤੇ ਜਾਚ ਗੁਰੂ ਨੇ ਦੱਸਣੀ ਹੈ, ਮੌਕਿਆ ਹੁਣੇ ਹੀ ਹੈ ਤੇ ਏਥੇ ਹੀ ਹੈ; ਯਥਾ:-

ਈਦਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥ (ਗਉ: ਪੂਰ: ਮ: ੫)

---

[1]ਵਿਭੂਤੀ=ਐਸ਼੍ਵਰਜ, ਪ੍ਰਤਾਪ, ਰਿਧੀਆਂ ਸਿਧੀਆਂ ਆਦਿ।

ਪੁਨਾ:- **ਹੁਣਿ ਵਤੈ ਹਰਿਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥** (ਆਸਾ ਮ: ੪ ਛੰਤ-੧੧)

ਨਾਮ ਤੋਂ ਬਿਨਾ ਜੀਉਣਾ ਤੇ ਚਿਰ ਜੀਉਣਾ ਕੀ ਹੈ?

ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥ (ਟੋਡੀ ਮ: ੫-੨)

ਨਵਖੰਡਾਂ ਦਾ ਐਸ਼੍ਵਰਜ ਕੀ ਫਲ ਦੇਵੇਗਾ?

ਨਵਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ॥ (ਟੋਡੀ ਮ: ੫-੨)

ਤਾਂਤੇ- **ਹਰਿ ਬਿਸਰਤ ਸਦਾ ਖੁਆਰੀ॥** (ਟੋਡੀ ਮ: ੫-੨)

ਚਾਹੋ ਕਿਤਨਾ ਚਿਰ ਜੀਵੋ, ਹਾਂ ਕਿਤਨੇ ਹਠ ਯੋਗ ਕਰੋ, ਜੇ ਮਨੋਰਥ ਈਸ਼੍ਵਰ ਪ੍ਰਾਪਤੀ ਨਹੀਂ ਤਾਂ ਸਿਧੀ ਅਰਥਾਤ ਪਰਮਪਦ ਦੀ ਪ੍ਰਾਪਤੀ ਨਹੀਂ ਹੁੰਦੀ[੧]:-

ਸਭਿ ਸਤ ਸਭਿ ਤਪ ਸਭਿ ਚੰਗਿਆਈਆ॥ ਸਿਧਾ ਪੁਰਖਾ ਕੀਆ ਵਡਿਆਈਆ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥ (ਆਸਾ ਮ: ੧, ਚਉਪਦਾ-੧)

ਹੁਣ ਇਕ ਹੋਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਦੋਸ਼ੀਆਂ ਅਤੇ ਨਿਰਗੁਣੀਆਰਿਆਂ ਦੀ ਬੀ ਕਲਜਾਣ ਹੋ ਸਕਦੀ ਹੈ ਕਿ ਓਹ ਸਦਾ ਲਈ ਦੋਸ਼ੀ ਕਰਾਰ ਦੇਕੇ ਮਾਰੇ ਗਏ? ਐਸਾ ਹੋਣਾ ਨਹੀਂ ਚਾਹੀਏ, ਕਿਉਂਕਿ ਜੀਵ ਜਨਮ ਧਾਰਕੇ ਕਰਮ ਕਰਦਾ ਹੈ, ਜੀਵਨ ਗੇਣਤੀ ਦੇ ਸਾਲਾਂ ਦਾ ਹੈ, ਚਾਹੋ ਸਾਰੇ ਹੀ ਕਰਮ ਦੋਸ਼ਾਂ ਵਾਲੇ ਹੋਣ, ਓਹ ਗੇਣਤੀ ਵਿਚ ਹੋਣਗੇ। ਗੇਣਤੀ ਦੇ ਕਰਮਾਂ ਬਦਲੇ ਸਦਾ ਦੀ ਮਾਰ ਨਿਆਇ ਨਹੀਂ ਹੈ। ਇਸ ਸੰਸੇ ਦੀ ਨਵਿਰਤੀ ਲਈ ਛੇਵੀਂ ਤੁਕ ਇਸ ਪਉੜੀ ਵਿਚ ਉਚਾਰੀ ਹੈ '**ਨਾਨਕ ਨਿਰਗੁਣਿ ਗੁਣੁ ਕਰੇ......**' ਅਰਥਾਤ ਪ੍ਰਭੂ ਨਿਰਗੁਣੀ ਪੁਰਖ ਵਿਚ ਬੀ ਨਾਮ ਦਾ ਗੁਣ ਲਾ ਦੇਂਦਾ ਹੈ। ਯਥਾ: -

ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ॥ (ਤੁਖਾਰੀ ਛੰਤ ਮ: ੫-੧੧)

ਪੁਨਾ:- **ਸਤਿਗੁਰ ਬਚਨ ਤੁਮ੍ਾਰੇ॥ ਨਿਰਗੁਣ ਨਿਸਤਾਰੇ॥** (ਆਸਾ ਮ: ੫-੧੪੧)

ਕਿਉਂਕਿ ਅਵਗੁਣਾਂ ਨੂੰ ਬਖਸ਼ ਦੇਣਾ ਉਸ ਦਾ ਬਿਰਦ ਹੈ:-

ਅਵਗੁਣ ਬਖਸਣਹਾਰਾ ਕਾਮਣਿ ਕੰਤੁ ਪਿਆਰਾ ਘਟਿ ਘਟਿ ਰਹਿਆ ਸਮਾਈ॥ (ਗਉ: ਮ: ੩ ਛੰਤ ੩)

ਉਹ ਗੁਣਹੀਨਾਂ ਨੂੰ ਕੀਕੂੰ ਬਖਸ਼ਦਾ ਹੈ? ਉੱਤਰ:- ਨਿਰਗੁਣ ਜਦ ਆਪ ਨੂੰ ਸਚਮੁਚ ਨਿਰਗੁਣ ਲਖ ਲੈਂਦਾ ਹੈ ਤਾਂ ਉਹ ਸਤਿਸੰਗ ਦੀ ਟੋਲ ਕਰਦਾ ਹੈ:-

ਨਿਰਗੁਣ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ॥ (ਸੋਰਠਿ ਮ: ੫-੭)

ਸਤਿਸੰਗ ਵਿਚ ਫਿਰ ਉਹ ਨਾਮ ਦੀ ਮੰਗ ਕਰਦਾ ਹੈ:-

ਨਿਰਗੁਨੀਆਰੇ ਕਉ ਗੁਨੁ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੇ॥ (ਗਉ: ਮ: ੫-੧੩੫)

ਨਾਮ ਅਰਾਧਨਾ ਕਰਨਹਾਰ ਦੇ ਅਵਗੁਣ ਆਪ ਮੇਟਦਾ ਤੇ ਗੁਣ ਭਰਪੂਰ ਕਰ ਦੇਂਦਾ ਹੈ, ਇਹ ਉਸ ਕਰਤਾ ਪੁਰਖ ਦਾ ਬਿਰਦ ਹੈ: **ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ॥** (ਸੂਹੀ ਛੰਤ ਮ: ੧-੩)

ਪੂਰਨ ਪੁਰਖ ਰਚਨਹਾਰ ਅਵਗੁਣਾਂ ਨੂੰ ਮੇਟਕੇ ਹਿਰਦੇ ਨੂੰ ਗੁਣ ਭਰਪੂਰ ਕਰ ਦੇਂਦਾ ਹੈ! ਉਹ ਸ੍ਵੈਛੰਦ ਦਾਤਾ ਕਈ ਵਾਰ ਆਪਣੇ ਆਪ ਰੰਗ ਲਾ ਦੇਂਦਾ ਹੈ:-

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥
ਇਕ ਜਾਗੰਦੇ ਨ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ॥ (ਸਿਰੀ ਰਾਗ ਵਾਰ ਮ:੧-੨)

ਨਿਰਗੁਣੀ ਦੀ ਨਿਰਾਸਤਾ ਦੂਰ ਕਰਕੇ ਹੁਣ ਗੁਣਵੰਤ ਦੀ ਪਰਮ ਦਸ਼ਾ ਦੀ ਮੰਗਲਮਈ ਸੁਧ ਦੇਂਦੇ ਹਨ:-

.......ਗੁਣਵੰਤਿਆ ਗੁਣੁ ਦੇ॥

---

[੧] ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥ (ਸੋਰਠ ਮ: ੫, ਅਸਟ:੩)

ਅਰਥਾਤ ਜਿਨ੍ਹਾਂ ਪਾਸ ਨਾਮ ਦਾ ਗੁਣ ਅੱਗੇ ਹੈ ਤੇ ਓਹ ਗੁਣਵੰਤ ਬਣ ਗਏ ਹਨ ਉਹਨਾਂ ਨੂੰ ਦਾਤਾ ਹੋਰ ਇਕ[1] ਗੁਣੁ ਦਾਨ ਕਰਦਾ ਹੈ, ਉਹ ਗੁਣ ਦਾਨ ਇਉਂ ਹੈ:-

ਆਪੇ ਮੇਲਿ ਲਏ ਗੁਣ ਦਾਤਾ ਹਉਮੈ ਤ੍ਰਿਸਨਾ ਮਾਰੀ॥੧੫॥
ਤ੍ਰੈਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ॥੧੬॥ (ਰਾਮ: ਅਸਟ: ਮ:੧-੯)

ਅਰਥਾਤ 'ਨਾਮ ਗੁਣ ਦਾਤਾ ਪ੍ਰਭੂ' ਹਉਮੈਂ ਤੇ ਤ੍ਰਿਸ਼ਨਾ 'ਨਾਮੀ ਪੁਰਖਾਂ' ਦੀ ਮਾਰਕੇ ਇਕ ਨਿਰਾਰੀ ਭਗਤੀ ਦਾਨ ਕਰਦਾ ਹੈ, ਉਹ ਹੈ ਤ੍ਰੈ ਗੁਣਾਂ ਦਾ ਮਿਟ ਜਾਣਾ ਤੇ ਗੁਣਾਤੀਤ ਹੋਕੇ ਚਉਥੇ ਪਦ-ਤੁਰੀਆ-ਵਿਚ ਜਾ ਵਰਤਣਾ। ਹਾਂ, ਤ੍ਰਿਗੁਣਾਤੀਤ ਹੋਕੇ ਤ੍ਰਿਗੁਣਾਤੀਤ ਪ੍ਰਭੂ ਵਿਚ-ਬ੍ਰਹਮ ਵਿਚਜਾ ਮਿਲਣਾ:-

ਤ੍ਰੈਗੁਣ ਮੇਟੇ ਨਿਰਮਲੁ ਹੋਈ॥ ਸਹਜੇ ਸਾਚਿ ਮਿਲੈ ਪ੍ਰਭੁ ਸੋਈ॥ (ਗਉ: ਮ: ੩:ਅਸਟ:੭)

ਪੁਨਾ:- **ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ॥ ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ॥**

(ਗਉੜੀ ਮਹਲਾ ੩ ਅਸਟਪਦੀ:-੪)

ਜੇ ਕਦੇ ਕਰਮ ਮਾਰਗ ਵਾਲੇ ਯਾ ਹਠ ਯੋਗ ਵਾਲੇ ਭਗਤੀ ਮਾਰਗ ਵਿਚ ਆ ਜਾਣ, ਹਉਂ ਦਾ ਆਸਰਾ ਛੱਡਕੇ ਪੁਰਮੇਸ਼ੁਰ ਦੇ ਪ੍ਰੇਮ ਆਸ੍ਰਿਤ ਹੋਕੇ ਨਾਮ ਜਪਣ ਲਗ ਜਾਣ ਤਾਂ ਉਹ ਬੀ ਕਲਜਾਣ ਦੇ ਭਾਗੀ ਹੋ ਜਾਣਗੇ, ਕਿਉਂਕਿ ਕਲਜਾਣ ਤਾਂ ਪਰਮਾਤਮ ਦੇਵ ਵਿਚ ਪਹੁੰਚ ਪੈਣ ਦਾ ਨਾਮ ਹੈ, ਜਿਸ ਦਾ ਸਿੱਧਾ ਤੇ ਸੁਗਮ ਮਾਰਗ ਭਗਤੀ ਹੈ। ਯੋਗੀ ਜੇ ਯੋਗ ਸਾਧਦਾ ਹੋਇਆ ਈਸ੍ਵਰ ਭਗਤੀ ਵਿਚ ਆ ਜਾਵੇ ਤਾਂ ਉਸ ਨੂੰ ਕੈਵਲ ਪ੍ਰਾਪਤੀ ਸੁਗਮ ਹੋ ਜਾਂਦੀ ਹੈ।

ਛੇਕੜਲੀ ਤੁਕ ਦੇ ਭਾਵ ਦੋ ਤਰ੍ਹਾਂ ਲਏ ਜਾਂਦੇ ਹਨ:-

੧. ਐਸਾ ਕੋਈ ਨਜ਼ਰ ਨਹੀਂ ਆਉਂਦਾ ਜੋ (ਤਿਸ=) ਉਸਨੂੰ ਕੋਈ ਗੁਣ ਲਾ ਸਕੇ। 'ਤਿਸੁ' ਦਾ ਭਾਵ ਪਰਮਾਤਮ ਦੇਵ ਲਿਆ ਜਾਂਦਾ ਹੈ। ਤੀਸਰੀ ਸਤਰ ਵਿਚ ਪਿਆ ਪਦ 'ਤਿਸੁ' ਹੈ ਤੇ ਇਸ ਵਿਚ ਬੀ ਪਦ 'ਤਿਸੁ' ਹੈ।

੨. ਦੂਸਰਾ ਭਾਵ ਇਹ ਸਹੀ ਹੁੰਦਾ ਹੈ ਕਿ ਇਹ 'ਤਿਸੁ' ਪਦ 'ਨਿਰਗੁਣੁ' ਦਾ ਸਰਵ ਨਾਮ ਹੈ। ਕਿਉਂਕਿ ਨਿਰਗੁਣ ਬੀ ਇਕ ਵਚਨ ਵਿਚ ਹੈ ਤੇ 'ਤਿਸੁ' ਬੀ ਇਕ ਵਚਨ ਵਿਚ ਹੈ ਤੇ 'ਗੁਣੁ ਕਰੇ' ਕ੍ਰਿਯਾ ਪਦ ਦੀ ਸਮੀਪਤਾ 'ਨਿਰਗੁਣੁ' ਨਾਲ ਵਧੇਰੇ ਹੈ।

ਨਿਰੁਕ੍ਤ- ਜੁਗ-(ਸੰਸ:, ਯੁਗ) ਕਾਲ ਦਾ ਇਕ ਲੰਮਾ ਹਿੱਸਾ। ਯੁਗ ਚਾਰ ਮੰਨੇ ਹਨ, ਸਤਿ, ਤ੍ਰੇਤਾ, ਦੁਆਪਰ, ਕਲਿ। ਸਤਿਯੁਗ ਸਤਾਰਾਂ ਲਖ ਅਠਾਈ ਹਜ਼ਾਰ ਵਰ੍ਹੇ ਦਾ, ਤ੍ਰੇਤਾ ਬਾਰਾਂ ਲਖ ਛਿਆਨਵੇਂ ਹਜ਼ਾਰ ਦਾ, ਦੁਆਪਰ ਅਠ ਲਖ ਚੌਂਠ ਹਜ਼ਾਰ ਦਾ ਤੇ ਕਲਿ ਚਾਰ ਲਖ ਬੱਤੀ ਹਜ਼ਾਰ ਵਰ੍ਹੇ ਦਾ ਮੰਨਦੇ ਹਨ।

ਆਰਜਾ-(ਸੰਸ:, ਆਯੁਸ੍, ਸਿੰਧੀ-ਆਰਜਾ)=ਉਮਰਾ।

ਦਸੂਣੀ-ਪੰਜਾਬੀ: ਦਸ ਗੁਣੀ ਦਾ ਸੰਖੇਪ।

ਨਵਾ ਖੰਡਾ-(ਸੰਸ:,) ਨੌ ਖੰਡ। ਪ੍ਰਿਥਵੀ ਦੇ ਨੌ ਖੰਡ ਮੰਨੇ ਹਨ, ਤਾਂਤੇ ਸਾਰੀ ਧਰਤੀ ਅਰਥ ਹੈ।

ਜਸੁ-(ਸੰਸ:, ਯਸ਼ਸ੍) ਪ੍ਰਸਿੱਧੀ। ਯਸ਼।

ਕੀਰਤਿ-(ਸੰਸ:, ਕੀਰ੍ਤ) ਮਹਿਮਾ, ਨਾਮਵਰੀ।

ਯਸ਼ ਸ਼ੁਭ ਗੁਣਾਂ ਕਰਕੇ ਬੀ ਹੁੰਦਾ ਹੈ ਤੇ ਭਾਟ ਆਦਿ ਮਾਯਾ ਗ੍ਰਹਣ ਕਰਨ ਵਾਲੇ ਦਾ ਬੀ ਕਰਦੇ ਹਨ। ਕੀਰਤੀ ਸ਼ੁਭ ਗੁਣਾਂ ਕਰਕੇ ਹੁੰਦੀ ਹੈ ਤੇ ਖ਼ੁਦ ਬਖ਼ੁਦ ਫੈਲਦੀ ਹੈ ਖ਼ੁਸ਼ਬੋਈ ਵਾਂਙੂ। ਪਰ ਏਥੇ ਦੋ ਪਦ ਜ਼ੋਰ ਦੇਣ ਲਈ ਵਰਤੇ ਹਨ।

[1] 'ਗੁਣੁ ਦੇ' ਵਿਚ ਪਦ 'ਗੁਣੁ' ਇਕ ਵਚਨ ਹੈ, ਭਾਵ ਇਕ ਗੁਣ ਹੋਰ ਦਾਨ ਕਰਦਾ ਹੈ।

ਕੀਟੁ-(ਸੰਸ:, ਕੀਟ) ਕੀੜਾ, ਤੁੱਛ। 'ਕਰਿ' ਪਦ ਦੇਹੁਲੀ ਦੀਪਕ ਹੈ: 'ਕੀਟੁ ਕਰਿ', 'ਕਰਿ ਦੋਸੀ'।

(ਪਉੜੀ ੮, ੯, ੧੦ ਤੇ ੧੧)

ਪ੍ਰਾਕ੍ਥਨ-ਚਉਥੀ ਤੇ ਪੰਜਵੀਂ ਪਉੜੀ ਵਿਚ ਗੁਰੂ ਤੋਂ ਨਾਮ ਦੀ ਯਾਚਨਾ ਕੀਤੀ ਸੀ। ਹੁਣ ਉਹੋ ਵਿਸ਼ਯ ਫੇਰ ਸ਼ੁਰੂ ਹੁੰਦਾ ਹੈ। ੬ ਤੇ ੭ ਵਿਚ ਜੋ ਤੀਰਥ ਤੇ ਹਠ ਯੋਗ ਦਾ ਜ਼ਿਕਰ ਆਇਆ ਹੈ ਉਹ ਇਕ ਪ੍ਰਸ਼ਨ ਦਾ ਉੱਤਰ ਸਹੀ ਹੁੰਦਾ ਹੈ, ਜੋ ਹੋ ਪੈਣਾ ਉਸ ਟਿਕਾਣੇ ਤੇ ਉਸ ਸਮੇਂ ਦੇ ਵਰਤਾਉ ਮੂਜਬ ਸੁਭਾਵਕ ਸੀ। ਉਹ ਇਹ ਸੀ ਕਿ ਕੀਹ ਤੀਰਥ ਯਾਤ੍ਰਾ ਆਦਿ ਕਰਮ ਤੇ ਹਠ ਯੋਗ ਆਦਿ ਸਾਧਨ ਕਾਫੀ ਨਹੀਂ ਕਿ ਪਰਮਾਤਮ ਦੇਵ ਰੀਝਕੇ ਪਿਆਰ ਕਰਨ ਲੱਗ ਪਵੇ? ਇਸ ਦਾ ਸਮਾਧਾਨ ਪਉੜੀ ੬ ਤੇ ੭ ਵਿਚ ਕਰ੍ਕੇ ਹੁਣ ਫੇਰ ਪਉੜੀ ਪੰਜ ਵਾਲੀ ਲੜੀ ਫੜਦੇ ਹਨ। ਜਦੋਂ ਗੁਰੂ ਤੋਂ ਨਾਮ ਦੀ ਸੋਝੀ ਮੰਗੀ ਤਾਂ ਉਹ ਨਾਮ ਦਾਨ ਕਰੇਗਾ, ਨਾਲ ਹੀ ਨਾਮ ਦੀ ਮੁਹਿੰਮਾ, ਤੇ ਫਲ ਦੱਸੇਗਾ। ਨਾਮ ਨਿਰਵਿਘਨ ਸਿਰੇ ਚੜ੍ਹੇ ਇਸ ਕਰਕੇ ਦੈਵੀ ਗੁਣਾਂ ਦੀ ਸੋਝੀ ਤੇ ਧਾਰਨਾ ਦੱਸੇਗਾ। ਇਹ ਸਾਰਾ ਕੁਛ ਉਹ ਕਹੇਗਾ ਤੇ ਜਗਜਾਮੂ ਸੁਣੇਗਾ। ਸੁਣਕੇ ਮਨ ਵਿਚ ਧਾਰਨ ਕਰੇਗਾ, ਉਸ ਪਰ ਅਮਲ ਕਰੇਗਾ। ਇਸ ਨੂੰ ਗੁਰੂ ਜੀ 'ਸੁਣਿਐ' ਕਰਕੇ ਲਿਖਦੇ ਹਨ।

ਸੋ ਸੁਣਨੇ ਤੋਂ ਮੁਰਾਦ ਕੰਨੀਂ ਪੈਕੇ ਨਿਕਲ ਜਾਣ ਮਾਤ੍ਰ ਤੋਂ ਨਹੀਂ, ਪਰ ਐਸਾ ਸੁਣਨਾ ਜੋ ਸਮਝ ਵਿਚ ਪੈ ਕੇ ਬੂਝ ਬਣ ਜਾਵੇ। ਪਿਛੇ ਯਾਚਨਾ 'ਬੁਝਾਈ' ਦੀ ਸੀ, ਬੁਝਾਈ ਦਾ ਭਾਵ ਹੈ ਮਨ ਵਿਚ ਪ੍ਰਵੇਸ਼ ਕਰ ਜਾਣ ਤੋਂ। ਸੁਣਨ ਤੇ ਬੁੱਝਣ ਪਰਥਾਇ ਚੌਥੇ ਗੁਰੂ ਜੀ ਦਾ ਇਹ ਹੁਕਮ ਹੈ, ਯਥਾ:-

ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ॥
ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ॥ (ਸਾਰੰਗ ਵਾਰ ਮ: ੪-੫)

ਇਸ ਸੁਣਿਐ ਦੇ ਫਲ ਕੀਹ ਹਨ? ਇਹ ਗੱਲ ਹੁਣ ਪਉੜੀ ੮,੯,੧੦ ਤੇ ੧੧ ਵਿਚ ਦੱਸਣਗੇ:

ਮੂਲ	ਅਰਥ
ਸੁਣਿਐ ਸਿਧ ਪੀਰ ਸੁਰਿ ਨਾਥ॥ **ਸੁਣਿਐ ਧਰਤਿ ਧਵਲ ਆਕਾਸ॥** **ਸੁਣਿਐ ਦੀਪ ਲੋਅ ਪਾਤਾਲ॥** **ਸੁਣਿਐ ਪੋਹਿ ਨ ਸਕੈ ਕਾਲੁ॥** **ਨਾਨਕ ਭਗਤਾ ਸਦਾ ਵਿਗਾਸੁ॥** **ਸੁਣਿਐ ਦੂਖ ਪਾਪ ਕਾ ਨਾਸੁ॥੮॥**	ਸੁਣਨੇ ਨਾਲ (ਬਣੇ ਹਨ) ਸਿੱਧ, ਪੀਰ, ਸੁਰਿ ਤੇ ਨਾਥ (ਆਦਿ ਵਡਕੇ)। ਸੁਣਨੇ ਨਾਲ (ਬਣੇ ਹਨ) ਇਸ ਧਰਤੀ ਦੇ ਹੇਠਲੇ ਤੇ (ਉਪਰ) ਅਕਾਸ਼ਾਂ (ਵਿਚ ਰਹਿਣ ਵਾਲੇ ਵਡਕੇ)। ਸੁਣਨੇ ਨਾਲ (ਬਣੇ ਹਨ) ਦੀਪਾਂ, ਲੋਕਾਂ ਤੇ ਪਾਤਾਲਾਂ[1] ਦੇ ਵਾਸੀ (ਵਡਕੇ)। ਸੁਣਨੇ ਨਾਲ ਬਣੇ ਹਨ (ਓਹ ਲੋਕ ਜਿਨ੍ਹਾਂ ਪਰ) ਕਾਲ ਆਪਣਾ ਅਸਰ ਨਹੀਂ ਪਾ ਸਕਦਾ (ਭਾਵ ਚਿਰਜੀਵੀ ਯਾ ਕਾਲ ਬਿਜਈ ਜੋਗੀਆਂ ਤੋਂ ਹੈ)। (ਪਰੰਤੂ) ਭਗਤਾਂ ਨੂੰ ਸੁਣਨੇ ਨਾਲ ਪਾਪਾਂ ਦਾ ਨਾਸ਼, ਦੁਖਾਂ ਦਾ ਵਿਨਾਸ਼ ਤੇ ਸਦਾ ਦਾ ਅਨੰਦ ਪ੍ਰਾਪਤ ਹੁੰਦਾ ਹੈ, ਹੇ ਨਾਨਕ[2]॥੮॥

---

[1]ਉਪਾਦਾਨ ਲੱਛਣਾਂ ਦੁਆਰਾ ਧਰਤੀ, ਧਉਲ, ਅਕਾਸ਼, ਦੀਪ, ਲੋਕ, ਪਾਤਾਲ ਦਾ ਭਾਵ ਹੈ-ਇਨ੍ਹਾਂ ਟਿਕਾਣਿਆਂ ਦੇ ਵੱਸਣ ਵਾਲੇ ਵਡਕੇ: ਸਿੱਧ, ਪੀਰ, ਸੁਰ ਤੇ ਨਾਥਾਂ ਵਰਗੇ, ਜਿਵੇਂ ਕਹੀਦਾ ਹੈ--ਸਾਰਾ ਸ਼ਹਿਰ ਅੱਜ ਗੁਡੀਆਂ, ਪਤੰਗਾਂ ਵੇਖਣ ਕੋਠਿਆਂ ਤੇ ਚੜ੍ਹ ਗਿਆ। ਸ਼ਹਿਰ ਤਾਂ ਨਹੀਂ ਕੋਠੇ ਚੜ੍ਹ ਗਿਆ, ਪਰ ਸ਼ਹਿਰ ਦੇ ਵਾਸੀ ਚੜ੍ਹ ਗਏ। ਇਹ ਭਾਵ ਹੈ। ਇਹ ਹੈ ਉਪਾਦਾਨ ਲੱਛਣਾ।

[2]ਪਾਪਾਂ ਦਾ ਫਲ ਦੁਖ ਹੈ। ਦੁਖ ਵਿਚ ਚਿੰਤਾ ਤੇ ਉਦਾਸੀ ਹੁੰਦੀ ਹੈ। ਨਾਮ ਵਾਲੇ ਭਗਤ ਦੇ ਪਾਪ ਨਸ਼ਟ ਹੋ ਜਾਂਦੇ ਹਨ-ਭਰੀਐ ਮਤਿ ਪਾਪਾ ਕੇ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ (ਜਪੁਜੀ)। ਪਾਪ ਨਸ਼ਟ ਹੋਇਆਂ ਦੁਖ ਦੂਰ ਹੁੰਦੇ ਹਨ। ਅਦੁਖੀ ਮਨ ਜੋ ਨਾਮ ਦੁਆਰਾ ਵਾਹਿਗੁਰੂ ਪ੍ਰੇਮ ਵਿਚ ਆ ਜਾਂਦਾ ਹੈ, ਸਦਾ ਖਿੜਿਆ ਤੇ ਆਨੰਦ ਰਹਿੰਦਾ ਹੈ। ਯਥਾ:-

ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ॥ ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ॥..... ..
ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰ ਗਵਾਵੈ॥............
ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ॥........ (ਸਾਰੰਗ ਵਾਰ ਮ: ੪-੬ ਤੇ ੮)

 www.sikhbookclub.com

ਸੁਣਿਐ ਈਸਰੁ ਬਰਮਾ ਇੰਦੁ॥
ਸੁਣਿਐ ਮੁਖਿ ਸਾਲਾਹਣ ਮੰਦੁ॥
ਸੁਣਿਐ ਜੋਗ ਜੁਗਤਿ ਤਨਿ ਭੇਦ॥
ਸੁਣਿਐ ਸਾਸਤ ਸਿਮ੍ਰਿਤਿ ਵੇਦ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੯॥

(ਨਾਮ) ਸੁਣਨੇ ਨਾਲ ਸ਼ਿਵ, ਬ੍ਰਹਮਾਂ ਤੇ ਇੰਦ੍ਰ (ਬਣੇ ਹਨ)' (ਨਾਮ) ਸੁਣਨੇ ਨਾਲ ਮੰਦਾ (ਪੁਰਖ ਬੀ) ਸਿਫ਼ਤ ਸਲਾਹਾਂ (ਕਰਦਾ ਕਰਦਾ) ਮੁਖੀ (=ਸ੍ਰੇਸ਼ਟ[1] ਹੋ ਜਾਂਦਾ ਹੈ: ਨਾਮ) ਸੁਣਨ ਨਾਲ ਜੋਗ ਦੀਆਂ ਜੁਗਤੀਆਂ ਤੇ ਤਨੁ ਅੰਦਰਲੀਆਂ (ਨਾੜੀਆਂ ਆਦਿਕਾਂ ਦੀਆਂ) ਗੁੱਝੀਆਂ ਗੱਲਾਂ (ਦਾ ਪਤਾ ਲੱਗ ਜਾਂਦਾ ਹੈ): (ਨਾਮ) ਸੁਣਨੇ ਨਾਲ ਸ਼ਾਸਤ੍ਰ ਸਿੰਮ੍ਰਤੀਆਂ ਤੇ ਵੇਦਾਂ (ਵਾਲੀ ਸੋਝੀ ਪੈ ਜਾਂਦੀ ਹੈ)। (ਅੰਤ ਦੀਆਂ ਦੋ ਤੁਕਾਂ ਦਾ ਅਰਥ ਪਿਛੇ ਆ ਚੁਕਾ ਹੈ)॥੯॥

ਸੁਣਿਐ ਸਤੁ ਸੰਤੋਖੁ ਗਿਆਨੁ॥
ਸੁਣਿਐ ਅਠਸਠਿ ਕਾ ਇਸਨਾਨੁ॥
ਸੁਣਿਐ ਪੜਿ ਪੜਿ ਪਾਵਹਿ ਮਾਨੁ॥
ਸੁਣਿਐ ਲਾਗੈ ਸਹਜਿ ਧਿਆਨੁ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੧੦॥

(ਨਾਮ) ਸੁਣਨੇ ਨਾਲ ਸਤਿ, ਸੰਤੋਖ ਤੇ ਗਯਾਨ (ਪ੍ਰਾਪਤ ਹੋ ਜਾਂਦਾ) ਹੈ। (ਨਾਮ) ਸੁਣਨੇ ਨਾਲ ਅਠਾਹਠ ਤੀਰਥਾਂ ਦਾ ਇਸ਼ਨਾਨ (ਪ੍ਰਾਪਤ ਹੋ ਜਾਂਦਾ ਹੈ, ਭਾਵ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਜੋ ਮੰਨਿਆ ਗਿਆ ਹੈ ਸੋ ਪ੍ਰਾਪਤ ਹੋ ਜਾਂਦਾ ਹੈ)! ਸੁਣਨੇ ਨਾਲ (ਵਿਦਯਾ) ਪੜ੍ਹ ਪੜ੍ਹਕੇ (ਪ੍ਰਾਪਤ ਹੋਣੇ ਵਾਲਾ) ਮਾਨ (ਬੀ) ਪ੍ਰਾਪਤ ਹੋ ਜਾਂਦਾ ਹੈ, (ਨਿਸ਼ਕਾਮ ਸੁਣਨੇ ਵਾਲੇ ਦਾ) ਸੁਣਨੇ ਨਾਲ ਸਹਜ ਧਿਆਨ ਲਗ ਜਾਂਦਾ ਹੈ (ਭਾਵ ਬ੍ਰਿਤੀ ਦਾ ਟਿਕਾਉ ਵਾਹਿਗੁਰੂ ਸਰੂਪ ਵਿਚ ਨਿਰਯਤਨ ਟਿਕਿਆ ਰਹਿੰਦਾ ਹੈ। ਬਾਕੀ ਦਾ ਅਰਥ ਪਿੱਛੇ ਆ ਚੁਕਾ ਹੈ)॥੧੦॥

ਸੁਣਿਐ ਸਰਾ ਗੁਣਾ ਕੇ ਗਾਹ॥
ਸੁਣਿਐ ਸੇਖ ਪੀਰ ਪਾਤਿਸਾਹ॥
ਸੁਣਿਐ ਅੰਧੇ ਪਾਵਹਿ ਰਾਹੁ॥
ਸੁਣਿਐ ਹਾਥ ਹੋਵੈ ਅਸਗਾਹੁ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੧੧॥

ਸੁਣਨੇ ਨਾਲ ਗੁਣਾਂ ਦੇ ਸਰਾਂ ਦੇ ਜਾਣਨਹਾਰ ਹੋ ਜਾਈਦਾ ਹੈ। ਸੁਣਨੇ ਨਾਲ ਸ਼ੇਖ, ਪੀਰ ਤੇ ਪਾਤਸ਼ਾਹ (ਭਾਵ ਦੀਨ ਦੁਨੀ ਦੇ ਵੱਡੇ) ਬਣ ਜਾਈਦਾ ਹੈ। ਸੁਣਨੇ ਨਾਲ ਅੰਨ੍ਹੇ (=ਗਜਾਨਹੀਨ ਲੋਕ ਗਜਾਨ ਦਾ) ਮਾਰਗ ਪਾ ਲੈਂਦੇ ਹਨ। ਸੁਣਨੇ ਨਾਲ (ਸੁਣਨ ਵਾਲੇ ਨੂੰ) ਅਥਾਹ (ਭਵ ਸਾਗਰ) ਹਥਾਲੜਾ ਹੋ ਜਾਂਦਾ ਹੈ। (ਅੰਤਲੀਆਂ ਦੋਹਾਂ ਤੁਕਾਂ ਦਾ ਅਰਥ ਪਿੱਛੇ ਆ ਚੁਕਾ ਹੈ)॥੧੧॥

ਵਜਾਖਜਾ--(ਪਉ: ੮ ਤੋਂ ੧੧) ਇਨ੍ਹਾਂ ਚਾਰ ਪਉੜੀਆਂ ਵਿਚ 'ਸੋ ਮੈ ਵਿਸਰਿ ਨ ਜਾਈ॥' ਅਰਥਾਤ ਨਾਮ ਸੁਣਨ ਦੀ ਸਿਖਜਾ ਗੁਰੂ ਤੋਂ ਸੁਣ ਬੁੱਝ ਲੈਣ ਦਾ ਲਾਭ ਦੱਸਦੇ ਹਨ ਕਿ ਜਿਨ੍ਹਾਂ ਨੇ ਸੁਣੀ, ਉਹਨਾਂ ਨੂੰ ਕੀ ਪ੍ਰਾਪਤੀ ਹੋਈ? ਐਸੇ ਪੁਰਖਾਂ ਨੂੰ ਆਪ ਜੀ ਨੇ ਭਗਤ ਲਿਖਿਆ ਹੈ:-

ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥

ਕਿ ਉਹਨਾਂ ਨੂੰ ਜਾਚ ਆ ਗਈ ਆਪਣੇ ਪਾਪ ਨਸ਼ਟ ਕਰ ਲੈਣ ਦੀ, ਦੁਖ ਦੂਰ ਕਰ ਲੈਣ ਦੀ ਤੇ ਸਦਾ ਵਿਗਾਸ ਪ੍ਰਾਪਤ ਕਰ ਲੈਣ ਦੀ। ਇਹ ਗਲ ਚੌਹਾਂ ਪਉੜੀਆਂ ਵਿਚ ਫੇਰ ਫੇਰ ਆਖੀ ਹੈ। ਜਿਸ ਤੋਂ ਭਾਵ ਇਹ ਹੈ ਕਿ ਇਹ ਗੱਲ ਆਪ ਜੀ ਮੁੱਖ ਦੱਸ ਰਹੇ ਹਨ। ਪਰ ਨਾਲ ਹੀ ਚੌਹਾਂ ਪਉੜੀਆਂ ਵਿਚ ਹੋਰ ਹੋਰ ਲਾਭ ਬੀ ਦੱਸੇ ਹਨ। ਏਹ ਲਾਭ ਯਥਾ ਭਾਵਨੀ ਪ੍ਰਾਪਤ ਹੋਏ ਦੱਸੇ ਹਨ। ਜਿਨ੍ਹਾਂ ਨੇ ਭਗਤੀ ਭਾਵ ਨਾਲ ਸੁਣਿਆਂ ਉਹ ਤਾਂ ਚਾਰ ਵੇਰ ਕਥਕੇ ਵਿਸ਼ੇਸ਼ ਨਿਰੂਪਣ ਕੀਤੇ; ਦੂਜੇ ਭਾਵਨੀ ਵਾਲਿਆਂ ਦੇ

[1]ਐਉਂ ਬੀ ਕਰ ਲੈਂਦੇ ਹਨ-ਸੁਣਨੇ ਵਾਲਾ ਮੰਦਾ ਪੁਰਖ ਬੀ ਵਾਹਿਗੁਰੂ ਨੂੰ ਮੂੰਹੋਂ ਸਲਾਹੁਣ ਲਗ ਪੈਂਦਾ ਹੈ।

ਫਲ ਯਥਾ ਭਾਵਨੀ ਦਰਸਾਏ। ਜਿਨ੍ਹਾਂ ਸਿਧ ਪੀਰ ਬਣਨੇ ਲਈ ਸ਼੍ਰਵਣ ਕੀਤਾ ਓਹ ਸਿਧ ਪੀਰ ਹੋਏ, ਜਿਨ੍ਹਾਂ ਪਾਤਸ਼ਾਹੀ ਲਈ ਸੁਣਿਆਂ ਓਹ ਪਾਤਸ਼ਾਹ ਬਣੇ, ਆਦਿ।

ਚੌਹਾਂ ਪਉੜੀਆਂ ਵਿਚ ਗੇਣਤੀ ਇਸ ਪ੍ਰਕਾਰ ਹੈ-ਸਿਧ, ਸੁਰ, ਨਾਥ, ਈਸ਼ਰ, ਬ੍ਰਹਮਾ, ਇੰਦ, ਪਾਤਸ਼ਾਹ, ਸ਼ੇਖ, ਪੀਰ। ਏਹੋ ਗੇਣਤੀ ਲਗ ਪਗ ਫੇਰ ਪਉੜੀ ੩੫ ਵਿਚ ਹੈ, ਯਥਾ-ਸਿਧ, ਦੇਵ, ਨਾਥ, ਮਹੇਸ਼, ਬਰਮੇ, ਇੰਦ, ਨਰਿੰਦ ਆਦਿ'ਅੰਤੁ ਨ ਅੰਤੁ'। ਪਉੜੀ ੮ ਵਿਚ ਇਨ੍ਹਾਂ ਨੂੰ ਸਿਖਯਾ ਸੁਣਕੇ ਯਥਾ ਭਾਵਨੀ ਲਾਭ ਲੈਣ ਵਾਲੇ ਦਰਸਾਇਆ ਹੈ ਤੇ ਪਉੜੀ ੩੫ ਵਿਚ ਇਨ੍ਹਾਂ ਨੂੰ ਗਿਆਨ ਖੰਡ ਵਿਚ ਦਰਸਾਇਆ ਹੈ। ਪਰ ਪਉੜੀ ੩੭ ਵਿਚ ਭਗਤ ਦਾ ਨਿਵਾਸ ਕਰਮ ਖੰਡ ਵਿਚ ਤੇ ਉਹਨਾਂ ਨੂੰ 'ਅਨੰਦ' ਵਿਚ ਤੇ 'ਸਚਾ ਮਨਿ' ਵਸਿਆ 'ਸੋਇ' ਦਰਸਇਆ ਹੈ, ਯਥਾ:-

ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥

ਧਰਮ ਖੰਡ ਤੋਂ ਅਗੇ ਗਿਆਨ ਖੰਡ ਹੈ, ਇਸ ਤੋਂ ਅਗੇ ਸ਼ਰਮ ਖੰਡ ਹੈ ਤੇ ਸ਼ਰਮ ਖੰਡ ਤੋਂ ਅਗੇ ਕਰਮ ਖੰਡ ਹੈ। ਕਰਮ ਖੰਡ ਦੀ ਇਸ ਵਿਵੇਚਨਾ ਤੋਂ ਬੀ ਇਹੀ ਸਹੀ ਹੋਇਆ ਕਿ ਇਨ੍ਹਾਂ ਚਾਰ ਪਉੜੀਆਂ ਵਿਚ ਏਕਾਂਕੀ ਪ੍ਰੀਤ ਵਾਲੇ ਭਗਤ ਦੀ ਵਿਸ਼ੇਸ਼ਤਾ ਦਰਸਾਉਣ ਲਈ ਉਸ ਦੀ ਪ੍ਰਾਪਤੀ ਚਾਰ ਵੇਰ ਦੁਹਰਾਈ ਹੈ।

ਨਿਰੁਕਤ--(ਪਉ: ੮ ਤੋਂ ੧੧)ਸੁਣਿਐ-(ਸ਼੍ਰਵਣ ਇੰਦ੍ਰੇ (ਕੰਨਾਂ) ਦ੍ਵਾਰਾ ਜੋ ਗਯਾਨ ਹੁੰਦਾ ਹੈ ਉਸ ਦਾ ਨਾਮ ਸ਼੍ਰਵਣ ਹੈ।) ਸ਼ਾਸਤ੍ਰਿਕ ਬੋਲੀ ਵਿਚ-ਸ਼ਾਸਤ੍ਰ ਵਾਕ ਸੁਣਕੇ ਉਸ ਅਨੁਸਾਰ ਕਾਰਜ ਕਰਨੇ ਦਾ ਨਾਮ ਸ਼੍ਰਵਣ ਹੈ।

ਪੰਜਾਬੀ ਵਿਚ ਸ਼੍ਰਵਣ ਦਾ ਰੂਪ 'ਸੁਣਨਾ' ਹੈ। ਸੁਣਿਐ ਦਾ ਅਰਥ ਹੈ ਸੁਣਨੇ ਨਾਲ, ਸੁਣਨੇ ਕਰਕੇ।

ਗੁਰਬਾਣੀ ਵਿਚ ਸੁਣਨਾ ਪਦ 'ਕੰਨਾਂ ਨਾਲ ਜੋ ਗਯਾਨ ਹੁੰਦਾ ਹੈ' ਉਸ ਦੇ ਅਰਥਾਂ ਵਿਚ ਬੀ ਆਇਆ ਹੈ, ਯਥਾ:- **ਸੁਣਿ ਸੁਆਮੀ ਅਰਦਾਸਿ ਹਮਾਰੀ.....॥** (ਸਿਧ ਗੋਸਟਿ-੬)

ਤੇ ਸ਼ਾਸਤ੍ਰੀ ਅਰਥ ਜੋ ਸ਼੍ਰਵਣ ਦੇ ਹਨ ਉਹਨਾਂ ਅਰਥਾਂ ਵਿਚ ਬੀ ਆਇਆ ਹੈ; ਅਰਥਾਤ ਭਲਿਆਈ ਦੇ ਉਪਦੇਸ਼ ਦਾ ਸ਼੍ਰਵਣ ਕਰਨਾ। ਯਥਾ:-

ਸੁਣਿ ਸੁਣਿ ਸਿਖ ਹਮਾਰੀ॥ ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ....॥ (ਗਉ: ਮ: ੧-੧੩)

ਪਰ ਗੁਰਬਾਣੀ ਵਿਚ ਇਸ ਦਾ ਵਿਸ਼ੇਸ਼ ਅਰਥ ਹੈ,'ਵਾਹਿਗੁਰੂ ਜੀ ਦੇ ਨਾਮ ਦਾ ਸੁਣਨਾ' ਜੈਸਾ ਕਿ ਹੇਠ ਲਿਖੇ ਪ੍ਰਮਾਣਾਂ ਤੋਂ ਸਿਧ ਹੋ ਜਾਂਦਾ ਹੈ:

ਸੁਣਿਐ ਸਿਧ ਪੀਰ ਸੁਰਿ ਨਾਥ॥	**ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ।** (ਸਾਰੰ:ਵਾ:ਮ: ੪-੭)
ਸੁਣਿਐ ਧਰਤਿ ਧਵਲ ਆਕਾਸ॥	
ਸੁਣਿਐ ਦੀਪ ਲੋਅ ਪਾਤਾਲ॥	
ਸੁਣਿਐ ਪੋਹਿ ਨ ਸਕੈ ਕਾਲੁ॥	ਨਾਮੁ ਸੁਣਤ ਜਮੁ ਦੂਰਹੁ ਭਾਗੈ॥ (ਭੈਰਉ ਮ: ੫-੪੯) ਪੁਨਾ:-ਬਿਨੁ ਨਾਵੈ ਦੁਖੁ ਕਾਲੁ ਸੰਤਾਪੈ[1]॥ (ਸਿਧ ਗੋਸਟਿ-੫੦)
ਨਾਨਕ ਭਗਤਾ ਸਦਾ ਵਿਗਾਸੁ॥	**ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ।** (ਸਾਰੰ:ਵਾ:ਮ: ੪-੫)
ਸੁਣਿਐ ਦੂਖ ਪਾਪ ਕਾ ਨਾਸੁ॥੮॥	ਪੁਨਾ:-**ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ॥** **ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ॥** (ਸਾ:ਵਾ:ਮ: ੪-੬)

[1]ਭਗਤਾ ਨੋ ਜਮੁ ਜੋਹ ਨ ਸਾਕੈ ਕਾਲੁ ਨ ਨੇੜੈ ਜਾਈ॥ (ਸੋਰਠਿ ਮ: ੩ ਅਸਟ:-੧)

ਸੁਣਿਐ ਈਸਰੁ ਬਰਮਾ ਇੰਦੁ॥	ਪੁਨਾ:-ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ॥ (ਸਾਰੰਗ ਵਾਰ ਮਹਲਾ: ੪-੮)
ਸੁਣਿਐ ਮੁਖਿ ਸਾਲਾਹਣ ਮੰਦੁ॥	ਨਾਨਕ ਨਾਇ ਸੁਣਿਐ ਮੁਖ ਉਜਲੇ......॥ (ਸਾਰੰ: ਵਾਰ ਮ: ੪-੮)
ਸੁਣਿਐ ਜੋਗ ਜੁਗਤਿ ਤਨਿ ਭੇਦ॥	ਗੁਰਮੁਖਿ ਨਾਮੁ ਧਿਆਈਐ ਨਾਨਕ ਲਿਵ ਲਾਈ॥ (ਸਾ:ਵਾ:ਮ: ੪-੬)
ਸੁਣਿਐ ਸਾਸਤ ਸਿਮ੍ਰਿਤਿ ਵੇਦ॥...	
ਸੁਣਿਐ ਸਤੁ ਸੰਤੋਖੁ ਗਿਆਨੁ॥	ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ॥ (ਸਾ:ਵਾ:ਮ: ੪-੭)
ਸੁਣਿਐ ਅਠਸਠਿ ਕਾ ਇਸਨਾਨੁ॥	ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ॥ (ਸਾ:ਵਾ:ਮ: ੪-੮)
ਸੁਣਿਐ ਪੜਿਪੜਿ ਪਾਵਹਿ ਮਾਨੁ॥	ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ[1]॥ (ਸਾ:ਵਾ:ਮ: ੪-੬)
ਸੁਣਿਐ ਲਾਗੈ ਸਹਜਿ ਧਿਆਨੁ॥...	ਨਾਇ ਸੁਣਿਐ ਸਹਜ ਊਪਜੈ ਸਹਜੇ ਸੁਖੁ ਪਾਵੈ॥ (ਸਾ:ਵਾ:ਮ: ੪-੭) ਪੁਨਾ:-ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥ (ਬਿਲਾਵਲ ਵਾਰ ਮ: ੩-੧)
ਸੁਣਿਐ ਸਰਾ ਗੁਣਾ ਕੇ ਗਾਹ॥	ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ॥ (ਸਾ:ਵਾ:ਮ: ੪-੮)
ਸੁਣਿਐ ਸੇਖ ਪੀਰ ਪਾਤਿਸਾਹ॥	ਨਾਮੇ ਹੀ ਸਭਿ ਜਾਤਿ ਪਤਿ ਨਾਮੇ ਗਤਿ ਪਾਈ॥ (ਸਾਰੰ:ਵਾ:ਮ: ੪-੬)
ਸੁਣਿਐ ਅੰਧੇ ਪਾਵਹਿ ਰਾਹੁ॥	ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ॥ (ਸਾ:ਵਾ:ਮ: ੪-੮)
ਸੁਣਿਐ ਹਾਥ ਹੋਵੈ ਅਸਗਾਹੁ॥...	

ਸਿਧ-(ਸੰਸ: ਸਿਦ੍ਧ)੧. ਜੋ ਸਿੱਧੀ ਨੂੰ ਪ੍ਰਾਪਤ ਹੋ ਗਿਆ ਹੈ। ੨. ਜੋਗੀਆਂ ਦੇ ਵਡਕੇ। ੩. ਜੈਨੀਆਂ ਦੇ ਵਡਕੇ। ੪. ਪਰ ਏਥੇ ਉਸ ਪੁਰਖ ਤੋਂ ਮੁਰਾਦ ਹੈ ਜਿਸ ਨੂੰ ਸਿੱਧੀਆਂ ਪ੍ਰਾਪਤ ਹੋਣ:

ਪੀਰ-(ਫਾ:) ਵਡਾ। ਮੁਸਲਮਾਨਾਂ ਵਿਚ ਕਰਾਮਾਤੀ ਤੇ ਸਿਧੀਆਂ ਵਾਲਾ ਆਦਮੀ।

ਸੁਰਿ-(ਸੰਸ: ਸੁਰ) ਦੇਵਤਾ। ੨. ਵਿਦ੍ਵਾਨ ਪੁਰਖ।

ਨਾਥ-(ਸੰਸ:) ਜੋਗੀਆਂ ਦਾ ਵਡਕਾ।

ਧਰਤਿ-ਪ੍ਰਿਥਵੀ। ਧਵਲ=ਬੈਲ, ਚਿੱਟਾ। ਮੁਰਾਦ ਹੈ ਧਰਤੀ ਦਾ ਹੇਠਲਾ ਪਾਸਾ[2]।

ਅਕਾਸ=ਅਸਮਾਨ, ਮੁਰਾਦ ਹੈ ਧਰਤੀ ਦਾ ਉਪਰਲਾ ਪਾਸਾ।

ਦੀਪ=ਟਾਪੂ। ਲੋਅ=ਲੋਕ।

ਪਾਤਾਲ=ਧਰਤੀ ਤੋਂ ਹੇਠਲੇ ਤੇ ਅਗੋਂ ਹੋਰ ਹੇਠਲੇ ਟਿਕਾਣੇ।

ਇਨ੍ਹਾਂ ਤੁਕਾਂ ਦੇ ਕਈ ਭਾਵ ਅਰਥ ਲੀਤੇ ਜਾਂਦੇ ਹਨ:-

੧. ਸੁਣਨੇ ਕਰਕੇ ਕਾਇਮ ਹਨ ਧਰਤੀ, ਹੇਠਲਾ ਤੇ ਉਪਰਲਾ (ਭਾਵ ਚੁਫੇਰੇ ਦਾ) ਆਕਾਸ਼, ਹਾਂ ਧਰਤੀ ਦੇ ਦੀਪ, ਲੋਅ (ਉਪਰਲੇ ਲੋਕ) ਤੇ ਪਾਤਾਲ (=ਹੇਠਲੇ ਲੋਕ)। ਯੁਕਤੀ ਇਹ ਹੈ ਕਿ ਜਿਵੇਂ ਸੋਦਰੁ ਵਿਚ ਖੰਡ, ਮੰਡਲ, ਸੁਰਗ, ਪਾਤਾਲ ਆਦਿ ਜਸ ਗਾਇਨ ਕਰਦੇ ਦੱਸੇ ਹਨ, ਆਸਾ ਦੀ ਵਾਰ ਵਿਚ ਧਰਤੀ ਸੂਰਜ ਚੰਦ ਈਸ਼੍ਵਰ ਦਾ ਭੈ ਮੰਨਦੇ ਦੱਸੇ ਹਨ। ਜਿਵੇਂ ਬਿਹਾਗੜਾ ਮ: ੪ ਵਿਚ ਧਰਤਿ ਪਤਾਲੁ ਅਕਾਸੁ ਹਰਿਨਾਮ ਧਿਆਉਂਦੇ ਦੱਸੇ ਹਨ, ਤਿਵੇਂ ਏਥੇ ਧਰਤੀ ਅਕਾਸ ਪਤਾਲ ਆਦਿ ਹਰਿਨਾਮ ਸੁਣਦੇ ਦੱਸੇ ਹਨ, ਜੋ ਨਾਮ ਸੁਣਕੇ ਕਾਇਮ ਹੋਏ ਤੇ ਚਲ ਰਹੇ ਹਨ। ਚਾਹੋ ਇਨ੍ਹਾਂ ਦਾ

[1]ਧੀਰਜੁ ਜਸੁ ਸੋਭਾ ਤਿਹ ਬਨਿਆ॥ ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ॥ (ਬਾਵਨ ਅਖਰੀ-੩੫)

[2]ਬੈਲ ਮੁਰਾਦ ਨਹੀਂ ਕਿਉਂਕਿ ਧਰਤੀ ਹੇਠ ਬੈਲ ਨਹੀਂ ਹੈ, ਇਹ ਗਲ ਜਪੁਜੀ ਵਿਚ ਹੀ ਦੱਸੀ ਹੈ। ਦੇਖੋ ਪਉੜੀ ੧੬ਵੀਂ ਜਪੁ ਸਾਹਿਬ ਦੀ।

www.sikhbookclub.com

ਗਾਇਨ, ਧਿਆਉਣ ਤੇ ਸੁਣਨ ਦਾ ਢੰਗ ਵੱਖਰੇ ਪ੍ਰਕਾਰ ਦਾ ਹੈ। ਜਦੋਂ ਸਾਈਂ ਨੇ 'ਕੀਤਾ ਪਸਾਉ ਏਕੋ ਕਵਾਉ॥' ਤਦੋਂ ਜੋ 'ਕਵਾਉ' ਕੀਤਾ ਉਸ ਨਾਲ ਸ੍ਰਵਣ ਦੇ ਪ੍ਰਤਾਪ ਗਾ, ਧਿਆ ਤੇ ਕਾਇਮ ਚਲੇ ਆ ਰਹੇ ਹਨ। ਚਾਹੇ ਉਹਨਾਂ ਦੇ ਗਾਇਨ ਆਦਿ ਦਾ ਢੰਗ ਵੱਖਰਾ ਹੈ।

੨. ਕਈ ਦਾਨੇ 'ਗੁਣ' ਲੈਕੇ 'ਗੁਣਾਨੁਵਾਦ ਦੁਆਰਾ' ਅਰਥ ਕਰਦੇ ਹਨ। ਐਉਂ:-

ਈਸ਼੍ਵਰ ਦਾ ਨਾਮ ਸੁਣਨੇ ਕਰਕੇ ਜੀਵ ਧਰਤੀ ਵਾਂਙੂ ਧੀਰਜਵਾਨ ਹੋ ਜਾਂਦਾ ਹੈ, ਧਉਲ ਵਾਂਙੂ ਉੱਜਲ, ਯਾ ਅਡੋਲ ਹੋ ਜਾਂਦਾ ਹੈ ਤੇ ਅਕਾਸ਼ ਵਾਂਙੂ ਅਸੰਗ, ਅਥਵਾ ਦੈਵੀ ਗੁਣਾਂ ਦਾ ਅਸਥਾਨ ਯਾ ਆਪ ਨੂੰ ਵਜਾਪਕ ਵੇਖਣ ਵਾਲਾ ਹੋ ਜਾਂਦਾ ਹੈ। ਇਸੀ ਤਰ੍ਹਾਂ ਦੀਪ ਦਾ ਗੁਣ ਪ੍ਰਕਾਸ਼, ਪਾਤਾਲ ਦਾ ਨੰਮ੍ਰਤਾ ਹੈ। ਏਹ ਗੁਣ ਸੁਣਨੇ ਨਾਲ ਆ ਜਾਂਦੇ ਹਨ।

੩. ਦੀਪ, ਲੋਅ, ਪਾਤਾਲ ਆਦਿ ਦੇ ਅਧਿਸ਼ਟਾਤਾ ਦੇਵਤੇ ਸੁਣਨ ਨਾਲ ਇਸ ਪਦ ਨੂੰ ਪਹੁੰਚੇ ਹਨ।

੪. ਸੁਣਨੇ ਨਾਲ ਜਾਣ ਲਈਦਾ ਹੈ ਸਿਧਾਂ, ਪੀਰਾਂ, ਸੁਰਾਂ, ਨਾਥਾਂ, ਧਰਤੀਆਂ, ਧਉਲਾਂ, ਆਕਾਸਾਂ, ਦੀਪਾਂ, ਲੋਆਂ ਤੇ ਪਾਤਾਲਾਂ ਦੇ ਭੇਤਾਂ ਨੂੰ।

੫. ਸੁਣਨ ਨਾਲ ਜਾਚ ਆ ਜਾਂਦੀ ਹੈ ਸਿਧ ਪੀਰ ਆਦਿ ਬਣਨੇ ਦੀ ਤੇ ਧਰਤੀ ਅਕਾਮ ਦੀਪ ਲੋਆਂ ਵਿਚ ਗਤੀ ਪ੍ਰਾਪਤ ਹੋ ਜਾਣੇ ਦੀ।

੬. ਅਥਵਾ, ਇਨ੍ਹਾਂ ਸਾਰਿਆਂ ਨੂੰ ਸਮਝ ਲੈਣੇ ਦੀ ਜਾਚ ਆ ਜਾਂਦੀ ਹੈ।

(ਪਉੜੀ ੧੨, ੧੩, ੧੪ ਤੇ ੧੫)

ਪ੍ਰਾਕ੍ਥਨ- 'ਸੋ ਮੈ ਵਿਸਰਿ ਨ ਜਾਈ', 'ਅੰਮ੍ਰਿਤ ਵੇਲਾ ਸਚੁ ਨਾਉ', 'ਸਾਚਾ ਸਾਹਿਬੁ ਸਾਚੁ ਨਾਇ', ਅਰਥਾਤ 'ਨਾਮ' ਦਾ ਉਪਦੇਸ਼ ਦੇਕੇ, ਗੁਰੂ ਤੋਂ ਇਸ ਦੀ ਪ੍ਰਾਪਤੀ ਲਈ ਯਾਚਨਾ ਕਰਕੇ, ਉਸਤੋਂ ਸੁਣਕੇ, ਪਿਛਲੀਆਂ ੪ ਪਉੜੀਆਂ ਵਿਚ ਸੁਣਨ ਦੇ ਲਾਭ ਦੱਸੇ ਸਨ। ਹੁਣ ਅਗਲੀਆਂ ਚਾਰ ਪਉੜੀਆਂ ਵਿਚ ਦੱਸਦੇ ਹਨ ਕਿ ਸਿਖ ਜੋ ਉਸ ਨਾਮ ਦਾ ਮੰਨਣ ਕਰੇਗਾ ਤਾਂ ਉਹ ਨਾਮੀ ਨੂੰ ਪ੍ਰਾਪਤ ਹੋਵੇਗਾ। ਚਾਹੇ ਐਸੇ 'ਮੰਨ ਲੈਣ ਵਾਲੇ' ਦੀ ਗਤੀ ਤਾਂ ਅਕੱਥ ਹੈ, ਪਰ ਉਸ ਦੀ ਪ੍ਰਾਪਤੀ ਬਾਬਤ ਕੁਛ ਨਾ ਕੁਛ ਕਿਹਾਂ ਤੇ ਹੀ ਪਤਾ ਲਗੇਗਾ ਤੇ ਮਨਨਸ਼ੀਲ ਹੋਣ ਦੀ ਰੁਚੀ ਉਪਜੇਗੀ। ਇਸ ਲਈ ਕੁਛ ਲਾਭ ਦੱਸਦੇ ਹਨ:-

<u>ਮੂਲ</u>

ਮੰਨੇ ਕੀ ਗਤਿ ਕਹੀ ਨ ਜਾਇ॥
ਜੇ ਕੋ ਕਹੈ ਪਿਛੈ ਪਛੁਤਾਇ॥
ਕਾਗਦਿ ਕਲਮ ਨ ਲਿਖਣਹਾਰੁ॥
ਮੰਨੇ ਕਾ ਬਹਿ ਕਰਨਿ ਵੀਚਾਰੁ॥
ਐਸਾ ਨਾਮੁ ਨਿਰੰਜਨੁ ਹੋਇ॥
ਜੇਕੋ ਮੰਨਿ ਜਾਣੈ ਮਨਿ ਕੋਇ॥੧੨॥

<u>ਅਰਥ</u>

(ਸਭਨਾਂ ਜੀਆਂ ਦੇ ਇਕ ਦਾਤੇ ਨੂੰ ਨਾ ਵਿਸਾਰਨ ਵਾਲੇ ਅਰਥਾਤ ਸਚੇ ਨਾਮ ਨੂੰ) ਮੰਨ ਲੈਣ ਵਾਲੇ ਦੀ[1] ਅਵਸਥਾ (ਯਾ ਪ੍ਰਾਪਤੀ) ਕਹੀ ਨਹੀਂ ਜਾ ਸਕਦੀ, ਜੇ ਕੋਈ ਕਹੇ ਤਾਂ ਪਿਛੋਂ ਪਛੁਤਾਉਂਦਾ ਹੈ (ਕਿ ਮੈਂ ਥੋੜੀ ਕਹੀ ਹੈ। ਭਲਾ ਜੇ ਕੋਈ ਦਾਨੇ) ਮੰਨ ਲੈਣ ਵਾਲੇ ਦਾ ਬੈਠਕੇ ਵੀਚਾਰ ਕਰਨ (ਤੇ ਕਈ ਲਿਖਾਰੀ ਲਿਖੀ ਜਾਣ ਤਾਂ ਵਰਣਨ ਹੋ ਸਕੇ? ਉਤਰ: ਨਹੀਂ, ਕਿਉਂਕਿ ਸੰਪੂਰਨ ਲਿਖ ਲੈਣ ਵਾਲਾ) ਲਿਖਾਰੀ ਨਹੀਂ, ਨਾ (ਅਮੁੱਕ ਲਿਖਣੇਹਾਰ) ਕਲਮ ਹੈ ਤੇ ਨਾ (ਅਮਿਤ) ਕਾਗਤ ਹੈ (ਜਿਸ ਪਰ ਲਿਖਿਆ ਜਾ ਸਕੇ)। (ਪਰਮੇਸ਼ੁਰ ਦਾ) ਨਾਮ ਐਸਾ ਮਾਇਆ ਤੋਂ ਨਿਰਲਿਪਤ (=ਪਾਵਨ

[1]ਮੰਨੇ ਕੀ=ਮੰਨ ਲੈਣ ਵਾਲੇ ਦੀ, ਜਿਸ ਨੇ ਮੰਨਨ ਕਰ ਲਿਆ ਹੈ, ਉਸ ਦੀ।

www.sikhbookclub.com

ਪਦਾਰਥ) ਹੈ, (ਪਰ ਇਸ ਗੱਲ ਨੂੰ) ਕੋਈ ਤਾਂ ਹੀ ਜਾਣ ਸਕਦਾ ਹੈ ਜੇ ਕੋਈ ਮਨ ਵਿਚ (ਨਾਮ ਨੂੰ) ਮਨਨ ਕਰ ਲਵੇ॥੧੨॥

ਮੰਨੈ ਸੁਰਤਿ ਹੋਵੈ ਮਨਿ ਬੁਧਿ॥
ਮੰਨੈ ਸਗਲ ਭਵਣ ਕੀ ਸੁਧਿ॥
ਮੰਨੈ ਮੁਹਿ ਚੋਟਾ ਨਾ ਖਾਇ॥
ਮੰਨੈ ਜਮ ਕੈ ਸਾਥਿ ਨ ਜਾਇ॥
ਐਸਾ ਨਾਮੁ ਨਿਰੰਜਨੁ ਹੋਇ॥
ਜੇਕੋ ਮੰਨਿ ਜਾਣੈ ਮਨਿ ਕੋਇ॥੧੩॥

(ਨਾਮ ਨੂੰ) ਮੰਨ ਲੈਣ ਨਾਲ (ਜਗਤਜਾਸੂ ਦੀ) ਸੁਰਤਿ, ਮਨੀਖਾ, (ਤੇ) ਬੁਧਿ (ਨਾਮੀ ਨੂੰ ਵਿਸ਼ਯ ਕਰਨ ਵਾਲੀ) ਹੋ ਜਾਂਦੀ ਹੈ। (ਨਾਮ ਨੂੰ) ਮੰਨ ਲੈਣ ਨਾਲ (ਉਹ ਸੁਧਿ ਪ੍ਰਾਪਤ ਹੁੰਦੀ ਹੈ ਜੋ) ਸਾਰੇ ਭਵਨਾਂ ਦੀ ਸੋਝੀ (ਕਹੀਦੀ ਹੈ, ਭਾਵ ਸੁਤੇ ਗਯਾਨ ਪ੍ਰਾਪਤੀ ਵਾਲੀ ਬੁੱਧੀ, ਜੋ ਦੇਵਤਿਆਂ ਤੇ ਸਿਧਾਂ ਪੁਰਖਾਂ ਨੂੰ ਪ੍ਰਾਪਤ ਹੁੰਦੀ ਹੈ)। (ਐਸੀ ਅਨੁਭਵੀ ਸੁਤੇ ਬੁੱਧੀ ਜਿਸ ਨੂੰ ਪ੍ਰਾਪਤ ਹੋ ਜਾਏ ਉਹ ਮਨਨਸ਼ੀਲ ਪਰਮੇਸ਼ੁਰ ਦਾ ਨਾਮ) ਮੰਨ ਲੈਣ ਨਾਲ (ਭ੍ਰਮ ਭ੍ਰਾਂਤੀ ਦੀਆਂ) ਸੱਟਾਂ ਮੂੰਹ ਤੇ (ਫੇਰ) ਨਹੀਂ ਖਾਂਦਾ[1]। (ਤੇ ਐਸਾ ਮਨਨਸ਼ੀਲ ਪੁਰਖ) ਮੰਨ ਲੈਣ ਕਰਕੇ ਜਮ ਦੇ ਨਾਲ ਨਹੀਂ ਜਾਂਦਾ (ਭਾਵ ਜਨਮ ਮਰਨ ਰਹਿਤ ਹੋ ਜਾਂਦਾ ਹੈ)। (ਬਾਕੀ ਅੰਤਲੀਆਂ ਦੋ ਸਤਰਾਂ ਦਾ ਅਰਥ ਪਿੱਛੇ ਆ ਚੁਕਾ ਹੈ)॥੧੩॥

ਮੰਨੈ ਮਾਰਗਿ ਠਾਕ ਨ ਪਾਇ॥
ਮੰਨੈ ਪਤਿ ਸਿਉ ਪਰਗਟੁ ਜਾਇ॥
ਮੰਨੈ ਮਗੁ ਨ ਚਲੈ ਪੰਥੁ॥
ਮੰਨੈ ਧਰਮ ਸੇਤੀ ਸਨਬੰਧੁ॥
ਐਸਾ ਨਾਮੁ ਨਿਰੰਜਨੁ ਹੋਇ॥
ਜੇਕੋ ਮੰਨਿ ਜਾਣੈ ਮਨਿ ਕੋਇ॥੧੪॥

ਮੰਨ ਲੈਣ ਨਾਲ (ਮੰਨ ਲੈਣ ਵਾਲਾ ਫੇਰ ਵਾਹਿਗੁਰੂ ਦੇ) ਰਸਤੇ ਵਿਚ (ਕੋਈ) ਰੋਕ ਨਹੀਂ ਪਾਉਂਦਾ। ਮੰਨ ਲੈਣ ਨਾਲ (ਮੰਨ ਲੈਣ ਵਾਲਾ) ਪਤ ਅਬਰੋ ਨਾਲ ਪ੍ਰਗਟ ਜਾਂਦਾ ਹੈ। ਮੰਨ ਲੈਣ ਨਾਲ (ਮੰਨ ਲੈਣ ਵਾਲਾ, ਧਰਮਰਾਜ ਦੇ ਦਰ ਤੋਂ ਜੀਵਾਂ ਨੂੰ ਨਰਕ ਤੇ ਸੁਰਗ ਵਿਚ ਲੈ ਜਾਣ ਵਾਲੇ) ਰਸਤੇ ਉਤੇ ਨਹੀਂ ਚਲਦਾ, (ਕਿਉਂਕਿ) ਮਨਨ ਕਰਕੇ ਧਰਮ ਨਾਲ (ਤਾਂ ਉਸ ਦਾ ਮੈਤ੍ਰੀ) ਸਨਬੰਧ ਹੋ ਗਿਆ ਹੈ। (ਬਾਕੀ ਦਾ ਅਰਥ ਪਿੱਛੇ ੧੨ ਪਉੜੀ ਦੇ ਅੰਤ ਆ ਚੁਕਾ ਹੈ)॥੧੪॥

ਮੰਨੈ ਪਾਵਹਿ ਮੋਖੁ ਦੁਆਰੁ॥
ਮੰਨੈ ਪਰਵਾਰੈ ਸਾਧਾਰੁ॥
ਮੰਨੈ ਤਰੈ ਤਾਰੇ ਗੁਰੁ ਸਿਖ॥
ਮੰਨੈ ਨਾਨਕ ਭਵਹਿ ਨ ਭਿਖ॥
ਐਸਾ ਨਾਮੁ ਨਿਰੰਜਨੁ ਹੋਇ॥
ਜੇਕੋ ਮੰਨਿ ਜਾਣੈ ਮਨਿ ਕੋਇ॥੧੫॥

ਮੰਨ ਲੈਣ ਨਾਲ (ਮੰਨ ਲੈਣ ਵਾਲਾ) ਮੁਕਤਿ ਦਾ ਦੁਆਰ ਪਾ ਲੈਂਦਾ ਹੈ (ਜਦੋਂ ਉਹ ਇਸ ਤਰ੍ਹਾਂ ਜੀਉਂਦਾ ਮੁਕਤ ਪਦ ਤੇ ਅੱਪੜ ਪੈਂਦਾ ਹੈ ਤਾਂ ਅਲੱਗ ਨਹੀਂ ਹੋ ਬੈਠਦਾ, ਉਹ) ਪਰਵਾਰ ਨੂੰ ਆਧਾਰ ਸਹਿਤ ਕਰਦਾ ਹੈ, (ਸਾਧਾਰਦਾ ਹੈ ਭਾਵ ਉਨ੍ਹਾਂ ਨੂੰ ਨਾਮ ਦਾ ਆਸਰਾ ਦੇਂਦਾ ਹੈ। ਪਰਵਾਰ ਹੀ ਨਹੀਂ ਸਗੋਂ) ਮੰਨ ਲੈਣ ਨਾਲ ਤਾਰਦਾ ਹੈ ਸਿਖਾਂ ਨੂੰ ਤੇ ਤਰਦਾ ਹੈ ਗੁਰੂ (ਆਪ)। ਮੰਨ ਲੈਣ ਵਾਲਾ ਭਿੱਖਿਆ ਨਹੀਂ ਮੰਗਦਾ ਫਿਰਦਾ। (ਅੰਤਲੀਆਂ ਤੁਕਾਂ ਦਾ ਅਰਥ ਪਿੱਛੇ ਆ ਚੁਕਾ ਹੈ)॥੧੫॥

ਵ੍ਯਾਖ੍ਯਾ-(ਪਉ: ੧੨ ਤੋਂ ੧੫) ਇਨ੍ਹਾਂ ਚਾਰ ਪਉੜੀਆਂ ਦੇ ਅਰਥ ਤਾਂ ਆ ਚੁਕੇ ਪਰ ਇਨ੍ਹਾਂ ਦਾ ਭਾਵ ਸਮਝਣੇ ਲਈ ਕੁਛ ਹੋਰ ਗਲਾਂ ਦੀ ਵਿਵੇਚਨਾ ਕਰਨੇ ਦੀ ਲੋੜ ਹੈ, ਜੋ ਇਸ ਪ੍ਰਕਾਰ ਹੈ:-

---

[1]ਇਕ ਚੋਟਾਂ ਜਮ ਦਰ ਬੀ ਖਾਣੀਆਂ ਪੈਂਦੀਆਂ ਹਨ, ਉਧਰ ਬੀ ਸੈਨਤ ਹੈ। ਯਥਾ:-
ਜਮਦਰਿ ਬਧਾ ਚੋਟਾ ਖਾਇ॥ (ਮਾਝ ਮਹਲਾ ੧ ਅਸਟ:-੧)

੧. ਵੇਦਾਂਤ ਵਿਚ ਮੰਨਣ ਦਾ ਅਰਥ ਹੈ ਸੁਣੇ ਹੋਏ ਸ਼ਾਸਤ੍ਰ ਵਾਕਾਂ ਦਾ ਵਾਰ ਵਾਰ ਵਿਚਾਰ ਕਰਨਾ ਯਾ ਪ੍ਰਸ਼ਨੋਤਰ ਕਿ ਸ਼ੰਕਾ ਸਮਾਧਾਨ ਦੁਆਰਾ ਨਿਸ਼ਚਯ ਕਰਨਾ। ਪਰ ਇਨ੍ਹਾਂ ਪਉੜੀਆਂ ਵਿਚ 'ਮੰਨੈ' ਦਾ ਭਾਵ 'ਈਸ਼੍ਵਰ ਦੇ ਨਾਮ ਦਾ ਮਨਨ' ਹੈ। ਇਹ ਗਲ ਇਨ੍ਹਾਂ ਪਉੜੀਆਂ ਦੇ ਆਰੰਭ ਵਿਚ ਹੀ ਸਪਸ਼ਟ ਹੋ ਜਾਂਦੀ ਹੈ, ਯਥਾ-'**ਐਸਾ ਨਾਮੁ ਨਿਰੰਜਨੁ ਹੋਇ॥ ਜੇਕੋ ਮੰਨਿ ਜਾਣੈ ਮਨਿ ਕੋਇ॥** '[1]

੨. 'ਮੰਨੈ' ਪਦ ਦਾ ਮੂਲ ਹੈ ਮੰਨਣਾ॥ ਮੰਨਣਾ ਪਦ ਦੇ ਦੋ ਮੂਲ ਹਨ:-

(ੳ) ਸੰਸਕ੍ਰਿਤ, ਮਾਨਨੰ। ਹਿੰਦੀ, ਮਾਨਨਾ। ਪੰਜਾਬੀ, ਮੰਨਣਾ=ਸਤਿਕਾਰ ਕਰਨਾ, ਸਵੀਕਾਰ ਕਰਨਾ। ਯਥਾ:- **ਮੰਨੀਐ ਸਤਿਗੁਰ ਪਰਮ ਬੀਚਾਰੀ॥** (ਵਾਰਾਂ ਤੇ ਵ: ਸਲੋਕ ਮ:੪-੨੦)

(ਅ) ਦੂਸਰੇ ਦਾ ਮੂਲ ਹੈ: ਸੰਸਕ੍ਰਿਤ, ਮਨਨੰ। ਹਿੰਦੀ, ਮਨਨ। ਪੰਜਾਬੀ, ਮੰਨਣਾ। ਜਿਸ ਦਾ ਅਰਥ ਹੈ ਵੀਚਾਰ ਕਰਨਾ, ਮਨ ਵਿਚ ਧਾਰਨ ਕਰਨਾ। ਇਨ੍ਹਾਂ ਚਾਰ ਪਉੜੀਆਂ ਵਿਚ ਦੂਸਰਾ ਅਰਥ ਲਗਦਾ ਹੈ। ਇਹ ਅਰਥ ਚੌਥੇ ਗੁਰੂ ਜੀ ਨੇ ਆਪ ਹੀ ਦੱਸਿਆ ਹੈ:-

ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ॥ (ਸਾਰੰਗ ਵਾਰ ਮ: ੪-੧੦)

੩. ਇਨ੍ਹਾਂ ਪਉੜੀਆਂ ਵਿਚ 'ਮੰਨੈ' ਦਾ ਅਰਥ ਇਹ ਹੈ, ਜੋ ਉਪਰ ਅੰਕ ੨ ਵਿਚ ਦੱਸਿਆ ਹੈ[2]। ਹੁਣ ਵੀਚਾਰ ਇਹ ਰਹੀ ਕਿ ਕੀਹ ਇਹ ਸ਼ਾਸਤ੍ਰ ਵਿਚ ਕਥੇ 'ਮਨਨ' ਮਾਤ੍ਰ ਦਾ ਲਖਾਇਕ ਹੈ ਯਾ ਕੁਛ ਵਿਸ਼ੇਸ਼ ਦਾ?

ਇਨ੍ਹਾਂ ਪਉੜੀਆਂ ਦੀ ਘੋਖਨਾ ਦੱਸ ਦੇਂਦੀ ਹੈ ਕਿ ਪਿਛੇ ਨਾਮ ਸੁਣਨ ਵਿਚ ਨਾਮ ਧਾਰਨ ਆ ਗਿਆ ਹੈ ਤੇ ਉਸ ਦਾ ਫਲ (ਵਿਗਾਸ=) ਨਾਮ ਰਸ ਆ ਗਿਆ ਹੈ। ਹੁਣ ਮਨੈ ਵਿਚ ਨਾਮ ਸੁਣਕੇ, ਸਵੀਕਾਰ ਕਰਕੇ, ਵਾਰੰਵਾਰ ਅਭਯਾਸ ਕਰਕੇ ਧਾਰਨ ਕਰਨਾ ਹੈ। ਇਸ ਮਨਨ ਨੇ '**ਮੰਨੈ ਪਾਵਹਿ ਮੋਖ ਦੁਆਰ**' ਤਕ ਲੈ ਜਾਣਾ ਹੈ। ਭਾਵ ਇਹ ਹੋਇਆ ਕਿ 'ਮੰਨੈ' ਪਦ ਵਿਚ ਸ਼ਾਸਤ੍ਰੀ ਬੋਲੀ ਦਾ ਕੇਵਲ 'ਮਨਨ' ਮਾਤ੍ਰ ਨਹੀਂ ਪਰ 'ਨਿਧਯਾਸਨ' ਬੀ ਸ਼ਾਮਲ ਹੈ। ਕਿਉਂਕਿ ਮੋਖ ਦੁਆਰ ਦੀ ਪ੍ਰਾਪਤੀ ਸਾਖਯਾਤਕਾਰ ਹੈ; ਸਾਖਯਾਤਕਾਰ ਨਿਧਯਾਸਨ ਦੇ ਮਗਰੋਂ ਹੁੰਦਾ ਹੈ। ਤੀਸਰੇ ਗੁਰਾਂ ਦਾ ਵਾਕ ਹੈ:-

ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ॥ (ਸਿਰੀ: ਮਹਲਾ ੩-੩੭)

ਫਿਰ ਚਉਥੇ ਸਤਿਗੁਰਾਂ ਫੁਰਮਾਇਆ ਹੈ:-

ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ॥ (ਸਾਰੰਗ ਵਾਰ ਮ: ੪-੯)

ਅਰਥਾਤ- ਨਾਮ ਦਾ ਨਾਮੀ 'ਹਰਿ' ਹਿਰਦੈ ਵਿਚ ਦਿੱਸ ਪੈਂਦਾ ਹੈ।

ਪਾਤਸ਼ਾਹੀ ਚੌਥੀ ਦਾ ਹੋਰ ਵਾਕ ਹੈ:-

ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ॥ (ਸੋਰਠਿ ਵਾਰ ਮ: ੪-੮)

੪. ਨਾਮ ਦੇ ਮਨਨ ਨੇ ਕੀਕੂੰ ਸਾਖਯਾਤਕਾਰ ਤਕ ਲੈ ਜਾਣਾ ਹੈ? ਇਸ ਦੀ ਵਿਵੇਚਨਾ ਇਸ ਪ੍ਰਕਾਰ ਹੈ:-

ਨਾਮ ਦਾ ਜਦ ਜਪ ਕਰੀਦਾ ਹੈ ਤਾਂ ਮਨ ਜਾਣਦਾ ਹੈ ਕਿ ਮੈਂ ਈਸ਼੍ਵਰ ਦੇ ਨਾਮ ਦਾ ਉਚਾਰਨ ਕਰ ਰਿਹਾ ਹਾਂ। ਅਰਥਾਤ ਨਾਮ ਜਿਸ ਦਾ ਹੈ ਉਸ ਦਾ ਸਾਧਾਰਨ ਗਯਾਨ ਲੈਕੇ ਨਾਮ ਜਪੀਦਾ ਹੈ।

[1]ਵਿਸ਼ੇਸ਼ ਤਸੱਲੀ ਅਗੇ ਆਉਣ ਵਾਲੇ ਸਫੇ ੮੧ ਤੇ ਦਿਤੇ ਟਾਕਰੇ ਤੋਂ ਹੋ ਜਾਂਦੀ ਹੈ, ਜੋ ਬਹੁਤ ਕਰਕੇ ਚੌਥੀ ਪਾਤਸ਼ਾਹੀ ਜੀ ਦੀਆਂ ਤੁਕਾਂ ਸਾਹਮਣੇ ਦੇਕੇ ਕੀਤੀ ਗਈ ਹੈ।

[2]ਇਥੈ 'ਮੰਨੈ' ਪਦ ਦੇ ਦੂਸਰੇ ਅਰਥ ਵਿਚ ਪਹਿਲੇ ਅਰਥ ਦਾ ਭਾਵ ਸੁਤੇ ਹੀ ਸ਼ਾਮਲ ਹੈ, ਕਿਉਂਕਿ ਪਹਿਲਾਂ ਜਗਯਾਸੂ ਇਹ ਗਲ ਮੰਨ ਲਏਗਾ, ਅਰਥਾਤ ਤਸਲੀਮ ਕਰ ਲਏਗਾ ਕਿ 'ਨਾਮ' ਹੀ ਮਾਰਗ ਹੈ ਤਾਂ ਨਾਮ ਨੂੰ ਧਾਰਨ ਕਰਕੇ ਉਸ ਦਾ ਮਨਨ ਕਰੇਗਾ।

www.sikhbookclub.com

ਇਸ ਕਰਕੇ ਇਹ ਨਾਮ, ਅਭ੍ਯਾਸ ਨਾਲ, ਮਨ ਵਿਚ ਸਿਮਰਨ ਬਣ ਜਾਂਦਾ ਹੈ। ਈਸ਼੍ਵਰ ਦਾ ਗੁਣ ਗ੍ਯਾਨ ਤੇ ਸਰੂਪ-ਗ੍ਯਾਨ ਮਨ ਵਿਚ ਦੇ ਸਿਮਰਨ ਦਾ ਵਿਸ਼ਯ ਹੁੰਦਾ ਹੈ। ਮਾਨੋ ਸਿਮਰਨ ਕਰਨ ਵਾਲਾ ਤੇ ਸਿਮਰਨ ਤੇ ਜਿਸ ਨੂੰ ਸਿਮਰਦਾ ਹੈ ਤ੍ਰੈਹਾਂ ਦਾ ਭਾਵ ਅੰਦਰ ਚਲਦਾ ਹੈ। ਇਹ ਸਿਮਰਨ ਮਨ ਦੇ ਪਹਿਲੇ ਹਿੱਸੇ ਦਾ ਕਰਤਵ੍ਯ ਹੈ। ਫਿਰ ਸੂਖਮ ਹੁੰਦਾ ਨਾਮ ਮਨ ਦੇ ਹੇਠ ਉਤਰਦਾ ਹੈ ਤੇ ਉਸ ਦੇ ਮੱਧ ਭਾਗ ਵਿਚ ਜਾਂਦਾ ਹੈ ਤਾਂ ਲਿਵ ਦੀ ਸ਼ਕਲ ਬਣਦੀ ਹੈ, ਭਾਵ ਪ੍ਰਵਾਹ ਸੁਤੇ ਚਲਦਾ ਹੈ, ਆਪਾ ਲੀਨ ਹੋ ਹੋ ਜਾਂਦਾ ਹੈ। ਇਸ ਤੋਂ ਅਗੇ ਨਾਮ ਜਦ ਮਨ ਦੇ ਅੰਤ ਉਸ ਦੀ ਸੀਮਾ ਤੇ ਜਾ ਅੱਪੜਦਾ ਹੈ ਤਾਂ ਮਨ ਅਮਨ (ਅ+ਮਨ) ਹੋ ਜਾਂਦਾ ਹੈ; '**ਮੈ ਨਾਹੀ ਪ੍ਰਭ ਸਭ ਕਿਛੁ ਤੂ ਹੈ**' ਵਾਲੀ ਅਵਸਥਾ ਘਟਦੀ ਹੈ। ਇਥੋਂ ਸਾਈਂ ਦੀ ਮਿਹਰ ਸਾਈਂ ਵਿਚ ਖਿੱਚ ਲਿਜਾਂਦੀ ਹੈ। ਇਹ ਮੋਖ਼ ਦੁਆਰ ਦੀ ਅੱਪੜ ਹੈ। ਇਹ ਅਵਸਥਾ ਬਹੁਤ ਦੁਰਲਭ ਹੈ, ਕੋਈ ਵਿਰਲਾ ਇਥੇ ਅੱਪੜਦਾ ਹੈ, ਇਸ ਕਰਕੇ ਸ਼ੁਰੂ ਵਿਚ ਹੀ ਕਿਹਾ ਹੈ '**ਜੇਕੋ ਮੰਨਿ ਜਾਣੈ ਮਨਿ ਕੋਇ॥**' ਜੇ ਕੋਈ ਮਨ ਵਿਚ ਵਸਾ ਕੇ ਨਾਮ ਦਾ ਮਨਨ ਕਰਨਾ ਜਾਣੇ ਤਾਂ ਉਸ ਨੂੰ ਪਤਾ ਲਗੇ ਕਿ 'ਨਾਮ' ਆਪ ਹੀ ਨਿਰੰਜਨ ਹੈ।

੫. ਜਦ ਨਾਮ ਨਿਰੰਜਨ ਹੈ ਤਾਂ ਉਹ ਅਵਸਥਾ ਤਾਂ ਨਿਰੰਜਨ ਪ੍ਰਾਪਤੀ ਦੀ ਹੋਈ, ਕਿਉਂਕਿ ਦੋ ਅੱਡ ਅੱਡ ਨਿਰੰਜਨ ਨਹੀਂ ਹੋ ਸਕਦੇ, ਨਾਮ ਨਾਮੀ ਦੀ ਅਭੇਦਤਾ ਹੋਣ ਕਰਕੇ ਨਾਮ ਨਾਮੀ ਦੁਇ ਨਿਰੰਜਨ ਹਨ, ਇਸੇ ਕਰਕੇ ਪਉੜੀ ਦੇ ਸ਼ੁਰੂ ਵਿਚ ਫੁਰਮਾਇਆ ਹੈ ਕਿ ਜਿਸ ਨੂੰ ਅਸੀਂ 'ਮੰਨੈ' ਕਰਕੇ ਕਹਿ ਰਹੇ ਹਾਂ ਉਹ ਬਹੁਤ ਵਡੀ ਵਸਤੂ ਹੈ। ਜਿਸ ਨੂੰ ਇਹ ਮੰਨਨ ਪ੍ਰਾਪਤ ਹੁੰਦਾ ਹੈ ਉਸ ਦੀ ਗਤੀ ਅਥਵਾ ਪਹੁੰਚ ਵਰਣਨ ਨਹੀਂ ਹੋ ਸਕਦੀ। ਕਿਉਂ ਨਹੀਂ ਹੋ ਸਕਦੀ? ਕਿ ਉਹ ਗਤੀ ਨਿਰੰਜਨ ਵਿਚ ਲੈ ਜਾਂਦੀ ਹੈ ਤੇ ਨਿਰੰਜਨ ਅਕੱਥ ਹੈ; ਸੋ 'ਮੰਨੇ' ਦੀ ਗਤੀ ਅਕੱਥ ਹੈ। ਜੇ ਕੋਈ ਕਹੇਗਾ ਤਾਂ ਪਛੁਤਾਏਗਾ ਕਿਉਂਕਿ ਕਹਿਕੇ ਪਤਾ ਲਗੇਗਾ ਕਿ ਅਜੇ ਹੋਰ ਕਹਿਣਾ ਬਾਕੀ ਸੀ, ਕਿਉਂਕਿ ਉਹ ਗਤੀ ਨਿਰੰਜਨ ਦੀ ਸੀ ਜੋ ਅਨੰਤ ਦੀ ਸੀ। ਕਾਗਤ, ਕਲਮ, ਲਿਖਣਹਾਰ ਤੇ ਵੀਚਾਰ ਕਰਨਹਾਰ ਸਾਰੇ ਅੰਤ ਵਿਚ ਹਨ, ਓਹ ਅਨੰਤ ਦਾ ਵਰਣਨ ਨਹੀਂ ਕਰ ਸਕਦੇ।

੬. ਪਰ ਇਹ ਆਖਕੇ ਗੁਰੂ ਜੀ ਫੇਰ ਆਪ 'ਮੰਨੇ' ਦੀ ਬਾਬਤ ਤ੍ਰੈ ਪਉੜੀਆਂ ਉਚਾਰਦੇ ਹਨ। ਵੀਚਾਰਕੇ ਪੜ੍ਹਿਆਂ ਪਤਾ ਲਗਦਾ ਹੈ ਕਿ ਗੁਰੂ ਜੀ ਮੰਨੇ ਦੀ ਸੰਪੂਰਣ ਗਤੀ ਦਾ ਵਰਣਨ ਨਹੀਂ ਕਰਦੇ, ਉਸ ਦੀਆਂ 'ਪ੍ਰਾਪਤੀਆਂ' ਦਾ ਵਰਣਨ ਕਰਦੇ ਹਨ। ਇਸ ਲਈ ਕਿ ਜੇ ਜਗ੍ਯਾਸੂਆਂ ਨੂੰ ਇਹ ਬੀ ਪਤਾ ਨਾ ਲਗੇ ਕਿ ਮਨਨ ਦੇ ਲਾਭ ਕੀ ਹਨ ਤਾਂ ਉਹਨਾਂ ਨੂੰ ਲਗਣੇ ਦੀ ਰੁਚੀ ਕੀਕੂੰ ਹੋਵੇ? ਉਹ ਲਾਭ ਭੀ ਫਿਰ ਸਾਰੇ ਨਹੀਂ ਦਰਸਾਏ, ਪਰ ਮੋਟੇ ਮੋਟੇ ਓਹ ਦਰਸਾਏ ਹਨ, ਜਿਨ੍ਹਾਂ ਨੂੰ ਲੈਕੇ ਜਗ੍ਯਾਸੂ ਸੰਸਾਰ ਤੋਂ ਚਿੱਤ ਬ੍ਰਿਤੀ ਮੋੜਕੇ ਪਰਮਾਰਥ ਵਿਚ ਲਗਾ ਹੈ ਤੇ ਜਿਨ੍ਹਾਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ, ਜਿਹਾ ਕੁ ਸੁਰਤ ਮਨ ਤੇ ਬੁੱਧੀ ਦਾ ਉੱਜਲ ਹੋਕੇ ਆਤਮ ਵਿਸ਼ੈਣੀ ਹੋ ਜਾਣਾ, ਜਨਮ ਮਰਨ ਕਟ ਜਾਣਾ, ਮੋਖ ਪ੍ਰਾਪਤ ਹੋ ਜਾਣਾ। ਸਿਖ ਪਾਕੇ ਫੇਰ ਗੁਰਮੁਖ ਪਦ-'ਪਰਵਾਰ ਤੇ ਜਗਤ ਉਧਾਰ' ਦੀ ਸ਼ਕਤੀ ਮਿਲ ਜਾਣੀ ਤੇ ਇਤਨਾ ਕੁਛ ਪਾਕੇ 'ਭਵਹਿ ਨ ਭਿਖ' ਅਰਥਾਤ ਬਿਰਤੀ ਨੇ ਨਿਰਚਾਹ ਰਹਿਣਾ, ਕਿਸੇ ਮੰਗ ਵਿਚ ਨਾ ਜਾਣਾ, ਨਿਰਲੇਪ ਰਹਿਣਾ।

ਨਿਰੁਕ੍ਤ--(ਪਉ: ੧੨ ਤੋਂ ੧੫) ਮੰਨੈ[੧]-ਉਹ ਪੁਰਖ ਜਿਸ ਨੇ ਮਨਨ ਕੀਤਾ ਹੈ।

ਮੰਨੈ-ਮਨਨ ਕਰਨੇ ਨਾਲ। 'ਮੰਨੇ' ਤੋਂ ਭਾਵ ਨਾਮ ਦਾ ਮੰਨਨ ਹੈ, ਜੋ ੧੨ਵੀਂ ਪਉੜੀ ਤੋਂ ਹੀ ਪਤਾ ਲਗ ਜਾਂਦਾ ਹੈ: 'ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥' ਇਸ ਅਰਥ ਦੀ ਵਿਸ਼ੇਸ਼ ਪ੍ਰੌਢਤਾ ਅੱਗੇ ਲਿਖੀਆਂ ਟਾਕਰੇ ਤੇ ਦਿਤੀਆਂ ਤੁਕਾਂ ਤੋਂ ਹੋ ਜਾਂਦੀ ਹੈ:-

---

[੧]ਮੰਨਣਾ ਦੀ ਵਿਤਪਤੀ ਪਿਛੇ ਵ੍ਯਾਖ੍ਯਾ ਵਿਚ ਆ ਚੁਕੀ ਹੈ।

www.sikhbookclub.com

ਮੰਨੈ ਸੁਰਤਿ ਹੋਵੈ ਮਨਿ ਬੁਧਿ॥	ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ॥ (ਵਾਰ ਸਾਰੰਗ-੧੨-੧)
ਮੰਨੈ ਸਗਲ ਭਵਣ ਕੀ ਸੁਧਿ॥	ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ॥ (ਵਾਰਸਾਰੰਗ-੧੨-੩)
ਮੰਨੈ ਮੁਹਿ ਚੋਟਾ ਨਾ ਖਾਇ॥	ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ[1]॥ (ਵਾਰ ਸਾਰੰਗ ਮ: ੪,੯-੩)
ਮੰਨੈ ਜਮ ਕੈ ਸਾਥਿ ਨ ਜਾਇ॥	ਮੰਨੇ ਨਾਉ ਸੋਈ ਜਿਣਿ ਜਾਇ॥[2] (ਰਾਮ: ਵਾਰ ਸਲੋ: ਮ: ੧-੧੪) ਹਰਿ ਗੁਣ ਰਮਤ ਨਾਹੀ ਜਮ ਪੰਥ॥ (ਗੋਂਡ ਮ: ੫-੧੭)
ਐਸਾ ਨਾਮੁ ਨਿਰੰਜਨੁ ਹੋਇ॥	
ਜੇਕੋ ਮੰਨਿਜਾਣੈ ਮਨਿਕੋਇ॥੧੩॥	
ਮੰਨੈ ਮਾਰਗਿ ਠਾਕ ਨ ਪਾਇ॥	ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ॥ (ਵਾਰ ਸਾਰੰਗ-੯-੩)
ਮੰਨੈ ਪਤਿਸਿਉ ਪਰਗਟੁ ਜਾਇ॥	ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ॥ (ਵਾਰ ਸਾਰੰਗ-੯-੨) ਨਾਮੁ ਨਿਰੰਜਨੁ ਉਚਰਾਂ ਪਤਿ ਸਿਉ ਘਰਿ ਜਾਂਈ॥ (ਵਾਰ ਮਾਰੰਗ-੪-੨) ਨਾਨਕ ਨਾਮਿ ਰਤੇ ਪਤਿ ਹੋਇ॥ (ਦਖਣੀ ਓਅੰਕਾਰ-੯) ਪੁਨਾ:- ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ॥ (ਵਾਰ ਸਾਰੰਗ ੯-੪)
ਮੰਨੈ ਮਗੁ ਨ ਚਲੈ ਪੰਥੁ॥	
ਮੰਨੈ ਧਰਮ ਸੇਤੀ ਸਨਬੰਧੁ॥	ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ॥ (ਵਾਰ ਸਾਰੰਗ ੧੨-੪)
ਐਸਾ ਨਾਮੁ ਨਿਰੰਜਨੁ ਹੋਇ॥	
ਜੇਕੋ ਮੰਨਿਜਾਣੈ ਮਨਿਕੋਇ॥੧੪॥	
ਮੰਨੈ ਪਾਵਹਿ ਮੋਖੁ ਦੁਆਰੁ॥	ਗੁਰਮਤਿ ਮਾਨਿਆ ਮੋਖ ਦੁਆਰੁ[3]॥ (ਬਿਲਾ: ਮ: ੩, ਅਸਟ:-੩) ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ॥ (ਵਾਰ ਸਾਰੰਗ-੧੧-੪)
ਮੰਨੈ ਪਰਵਾਰੈ ਸਾਧਾਰੁ॥	ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ॥ (ਵਾਰ ਸਾਰੰਗ-੧੦-੧)
ਮੰਨੈ ਤਰੈ ਤਾਰੇ ਗੁਰੁ ਸਿਖ॥	ਨਾਇ ਮੰਨਿਐ ਸੰਗਤਿ ਉਧਰੈ ਜਿਨ੍ ਰਿਦੈ ਵਸਾਇਆ॥ (ਵਾ:ਸਾ: ੧੨-੨) ਨਾਇ ਮੰਨਿਐ ਸੁਣਿ ਉਧਰੇ ਜਿਨ੍ ਰਸਨ ਰਸਾਇਆ॥ (ਵਾਰ ਸਾਰੰਗ-੧੦-੩)
ਮੰਨੈ ਨਾਨਕ ਭਵਹਿ ਨ ਭਿਖ॥	ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ॥ (ਵਾਰ ਸਾਰੰਗ-੧੦-੪)

ਗਤਿ-ਹਾਲਤ, ਪਹੁੰਚ, ਪ੍ਰਾਪਤੀ, ਫਲ, ਚਾਲ, ਅਵਸਥਾ, ਰਸਤਾ ਆਦਿ।

ਕਾਗਦਿ ਕਲਮ-(ਫ਼ਾਰਸੀ, ਕਾਗਜ਼। ਅ: ਕ਼ਲਮ) ਕਾਗਦਿ = ਕਾਗਤ, ਕਾਗਜ਼। ਕਲਮ = ਲਿਖਣ।

ਨਿਰੰਜਨੁ-ਨਿਰ+ਅੰਜਨ = ਮਾਯਾ ਤੋਂ ਨਿਰਲਿਪਤ। ਸ਼ੁੱਧ, ਪਵਿਤ੍ਰ। ਵਾਚਕ ਤੇ ਵਾਚਯ ਅਭੇਦ ਰੂਪ ਹੁੰਦੇ ਹਨ ਯਾ 'ਨਾਮ ਨਾਮੀ ਦੀ ਅਭੇਦਤਾ' ਦੇ ਨਿਯਮ ਅਨੁਸਾਰ ਨਾਮ ਬੀ ਨਿਰੰਜਨ ਹੈ।

[1]ਨਾਵਹੁ ਭੁਲੀ ਚੋਟਾ ਖਾਏ॥ (ਮਾਰੂ ਮ: ੧, ਸੋਲਹੇ ੫)
ਪੁਨਾ: ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ॥ (ਆਸਾ ਮ: ੧, ਛੰਤ ੫)
[2] ਬਿਨੁ ਨਾਵੈ ਕੋ ਸੰਗਿ ਨ ਸਾਥੀ॥ (ਮਾਝ ਮ: ੧, ਅਸਟ: ੧)
[3]ਜਮ ਦੁਆਰਿ ਨ ਹੋਹੁ ਖੜੀਆ॥ (ਵਡ: ਮ: ੧, ਛੰਤ-੨)

ਜੈਸੇ ਵਾਕ ਹੈ:- **ਨਾਮੁ ਨਿਰੰਜਨੁ ਅਤਿ ਅਗਮ ਅਪਾਰਾ॥** (ਮਾਝ ਮ: ੩, ਅਸਟ:-੬)

ਪੁਨਾ:-**ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਏ॥** (ਵਡ: ਮ: ੩ ਛੰਤ-੪)

(ਅ) ਸੰਪ੍ਰ: ਅਰਥ ਇਹ ਬੀ ਹੈ: ਨਾਮ ਐਸਾ ਨਿਰੰਜਨ ਰੂਪ ਹੈ ਕਿ ਜੋ ਉਸ ਦਾ ਮਨਨ ਕਰੇ ਓਹੀ ਉਸ ਦੇ ਰਸ ਨੂੰ ਜਾਣਦਾ ਹੈ।

ਮੰਨਿ ਜਾਣੈ--ਮਨਨ ਕਰਨਾ ਜਾਣੇ। (ਅ) ਮਨਿ = ਮਨ ਵਿਚ।

ਸੁਰਤਿ-'ਸੁਰਤਿ' ਪਦ ਦਾ ਮੂਲ ਕੋਸ਼ਕਾਰਾਂ ਨੇ ਸਿਮ੍ਰਿਤਿ ਮੰਨਿਆ ਹੈ ਤੇ ਇਸਦੇ ਅਰਥ ਕੀਤੇ ਹਨ:-ਸਮਰਣ, ਚੇਤਨਾ, ਸੁਧਿ, ਧਯਾਨ। ਗੁਰਬਾਣੀ ਵਿਚ ਇਹ ਪਦ ਗਯਾਤ, ਬ੍ਰਿਤੀ, ਚੇਤਨਾ, ਧਯਾਨ, ਵਿਸ਼ੇਸ਼ ਪ੍ਰੀਤ, ਸੁਧ, ਖ਼ਬਰ, ਸਿਮ੍ਰਿਤਿ, ਸ਼ੁਤੀ, ਅਨੇਕਾਂ ਅਰਥਾਂ ਵਿਚ ਆਇਆ ਹੈ। ਚੌਥੇ ਸਤਿਗੁਰਾਂ ਨੇ ਬੀ ਫੁਰਮਾਯਾ ਹੈ:- **ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ॥** (ਸਾਰੰਗ ਵਾਰ ਮ: ੪-੧੨)

ਫਿਰ ਜਪੁਜੀ (ਪਉੜੀ ੩੬) ਵਿਚ ਲਿਖਿਆ ਹੈ:

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥

ਇਥੇ 'ਮਨਿ' ਪਦ ਵਿਚ ਸਿਆਰੀ ਇਸਤ੍ਰੀ ਲਿੰਗ ਦਾ ਚਿੰਨ੍ਹ ਹੈ ਤੇ ਦੱਸਦਾ ਹੈ ਕਿ 'ਮਨਿ' ਤੋਂ 'ਮਨੀਖਾ' ਮੁਰਾਦ ਹੈ। ਸੁਰਤਿ = Consciousness, ਮਨਿ = ਮਨੀਖਾ = Intelligence, ਬੁਧਿ = Reason ਏਹ ਸੁਰਤਿ ਮਨਿ ਬੁਧਿ ਆਦਿ ਸਾਡੀ ਗਯਾਤ ਸ਼ਕਤੀ ਦੇ ਅੰਗ ਯਾ ਦਰਜੇ ਹਨ, ਜਿਨਾਂ ਦਾ ਕੰਮ ਹੈ ਗਯਾਨ ਪ੍ਰਾਪਤੀ। ਕਾਰਜ-ਕਾਰਜ ਕਾਰਣ ਆਦਿ ਵੀਚਾਰ ਨਾਲ, ਯਾ ਤਰਕ ਵਿਤ੍ਰੇਕ ਅਨੁਮਾਨ ਆਦਿ ਨਾਲ ਸਿਧਾਂਤ ਤੇ ਅੱਪੜਨਾ ਸਾਡੀ ਇਸ ਗਯਾਤ ਦਾ ਕੰਮ ਕਰਨੇ ਦਾ ਤ੍ਰੀਕਾ ਹੈ। ਪ੍ਰੰਤੂ ਨਾਮ ਦੇ ਮਨ ਵਿਚ ਮਨਨ ਕਰਨ ਨਾਲ ਗਯਾਤ ਦੇ ਸਾਰੇ ਅੰਗ ਆਤਮਾਂ ਨੂੰ ਨਿਸਚਿਤ ਕਰਨ ਵਾਲੇ ਹੋ ਜਾਂਦੇ ਹਨ, ਜੈਸੇ ਵਾਕ ਹੈ:-

ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ॥ (ਸਾਰੰਗ ਵਾਰ ਮ: ੪-੧੧)

ਇਹ ਉਤਮ ਮਤਿ ਫੇਰ 'ਸੁਧਿ' ਬਣ ਜਾਂਦੀ ਹੈ। 'ਸੁਧਿ' ਉਹ ਗਯਾਤ ਹੈ ਜੋ ਸਿੱਧੀ ਤੇ ਸੁਤੇ ਹੀ ਸਤਯ ਗਯਾਨ ਤੇ ਅੱਪੜਦੀ ਹੈ। ਇਸ ਵਿਚ ਭ੍ਰਮ ਭ੍ਰਾਂਤੀ ਦੀ ਅੰਸ਼ ਹੀ ਨਹੀਂ ਹੁੰਦੀ। ਇਹ ਸ੍ਵਯੰ 'ਸਤਯ' ਨੂੰ ਲਖ ਲੈਂਦੀ ਹੈ। ਇਸ ਕਰਕੇ ਇਸ ਦੀ ਤਾਰੀਫ ਇਹ ਕੀਤੀ ਹੈ ਕਿ ਇਹ ਦੇਵਤਿਆਂ ਵਿਚ ਯਾ ਪੂਰਨ ਪੁਰਖਾਂ ਵਿਚ ਹੁੰਦੀ ਹੈ। 'ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ[1]॥' ਯੋਗ ਦਰਸ਼ਨ ਵਿਚ ਸ਼ਾਯਦ 'ਰਿਤੰਭਰਾ ਤਤ੍ਰ ਪ੍ਰਗਯਾ' ਇਸੇ ਨੂੰ ਕਿਹਾ ਹੈ।

(ਅ) ੧੯੫੨, ੧੯੮੬ ਬਿ: ਵਿਚ ਟੀਕਾਕਾਰਾਂ ਵਲੋਂ ਏਹ ਅਰਥ ਬੀ ਕੀਤੇ ਗਏ ਸਨ: ਮਨ ਵਿਚ ਤੇ ਬੁਧਿ ਵਿਚ (ਸ੍ਰੇਸ਼ਟ) ਸੁਰਤਿ ਹੋ ਆਉਂਦੀ ਹੈ।

ਚੋਟਾ-(ਪੰਜਾਬੀ) ਸੱਟਾਂ। ਭ੍ਰਮ ਰੂਪੀ ਸੱਟਾਂ। ਯਥਾ:-

ਭਾਗਹੀਨ ਭ੍ਰਮਿ ਚੋਟਾ ਖਾਵਹਿ॥ (ਮਾਝ ਮ: ੪-੪)

ਪੁਨਾ:- **ਜਮ ਦਰਿ ਬਧਾ ਚੋਟਾ ਖਾਏ॥** (ਮਾਝ ਮ: ੧-੧)

ਪਰ ਨਾਮ ਮੰਨ ਲੈਣ ਨਾਲ ਜਮ ਦੀਆਂ ਯਾ ਕਾਲ ਦੀਆਂ ਚੋਟਾਂ ਨਹੀਂ ਖਾਂਦਾ।

ਠਾਕਿ-(ਪੰਜਾਬੀ) ਰੋਕ। ਭਾਵ, ਉਸ ਨੂੰ ਕੋਈ ਰੋਕ ਨਹੀਂ ਅਗੋਂ ਮਿਲਦੀ। ਯਥਾ:

ਠਾਕਿ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁਪ੍ਰਸੰਨ॥ (ਬਾਵਨ ਅਖਰੀ : ਮ: ੫-੨੮)

ਪਰਗਟੁ-(ਸੰਸ:, ਪ੍ਰਗਟ) ਜ਼ਾਹਰ, ਪ੍ਰਤੱਖ। ਲੁਕਾ ਛਿਪਾ ਬਿਨਾ।

ਮਗੁ-(ਸੰਸ:, ਮਾਰਗ। ਪ੍ਰਾ: ਮਗ) ਰਸਤਾ।

---

[1]ਕਬੀਰ ਜੀ ਨੇ ਬੀ ਇਸ ਨੂੰ ਬੁਧੀ ਤੋਂ ਅਗਲੀ ਸ਼ੈ ਕਰਕੇ ਦੱਸਿਆ ਹੈ ਤੇ ਇਸ ਦਾ ਰੂਪ ਦਿਤਾ ਹੈ 'ਸਿਧਿ' ਯਥਾ: -
ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ॥ (ਗਉ: ਕਬੀਰ ਜੀ ੭੨)

ਪੰਥੁ-(ਸੰਸ:, ਪੰਥ) ਰਸਤਾ, ਮਗ।

ਇਕ ਅਰਥ ਦੇ ਦੋ ਪਦ 'ਪੰਥ' ਤੇ 'ਮਗੁ' ਕੱਠੇ ਵਰਤਣੇ ਗੁਰਬਾਣੀ ਦਾ ਮੁਹਾਵਰਾ ਹੈ ਤੇ ਦੋ ਪਦ ਵਰਤ ਕੇ ਕ੍ਰਿਆ ਇਕ ਵਚਨ ਵਰਤੀ ਦੀ ਹੈ, ਯਥਾ:-

ਮਾਰਗੁ ਪੰਥੁ ਨ ਜਾਣਉ ਵਿਖੜਾ........॥ (ਤੁਖਾਰੀ: ਮਹਲਾ: ੧-੪)

ਤਥਾ- **ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ॥** (ਵਡ: ਮਹਲਾ: ੧-੪)

ਜਿਵੇਂ ਮੁਹਾਵਰੇ ਵਿਚ ਬੀ ਕਹੀਦਾ ਹੈ: ਕੁਛ ਜਲ ਪਾਣੀ ਛਕ ਲਓ। ਇਸੇ ਤਰ੍ਹਾਂ ਮਗ ਤੇ ਪੰਥ ਇਕੋ ਅਰਥ ਵਾਚੀ ਹਨ।

ਧਰਮ-(ਸੰਸ:, ਧਰ੍ਮ)।

੧. ਜੋ ਧਾਰਨ ਕੀਤਾ ਜਾਏ, ਫਰਜ਼। ਕਰਨੇ ਯੋਗ ਸ਼ੁਭ ਕਰਮ, ਮਜ਼੍ਹਬ।

੨. ਦੇਖੋ ਧਰਮ, ਪਉੜੀ ੧੬ ਦੇ ਨਿਰੁਕ੍ਤ ਵਿਚ। (ਪੰਨਾ ੯੧)

੩. ਧਰਮਰਾਜ, ਇਸ ਅਰਥ ਵਿਚ ਬੀ ਪਦ ਧਰਮ ਗੁਰਬਾਣੀ ਵਿਚ ਆਇਆ ਹੈ। ਯਥਾ:-

ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥ (ਵਾਰਾਂ ਤੇ ਵ: ਸਲੋ: ਮ: ੫-੧੦)

ਯਮ ਦੇ ਰਸਤੇ ਧਰਮਰਾਜ ਨਹੀਂ ਜਾਣ ਦੇਂਦਾ ਹੋਰਥੇ ਬੀ ਫੁਰਮਾਇਆ ਹੈ:-

ਧਰਮ ਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ॥ (ਮਾਰੂ ਵਾ: ਮਹਲਾ: ੩-੧੪)

ਇਸ ਲਈ ਵਾਕ ਹੈ:-

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰਿ ਕੇ ਪਰਸਾਦਿ॥ (ਸਲੋਕ ਕਬੀਰ-੧੨੦)

ਸਾਧਾਰੁ-ਸ+ਅਧਾਰ=ਸਹਿਤ ਆਧਾਰ ਦੇ। 'ਨਾਮ ਦੇ ਆਧਾਰ ਸਹਿਤ' ਕਰ ਦੇਂਦਾ ਹੈ ਪਰਵਾਰ ਨੂੰ। (ਅ) ਸੁਧਾਰਦਾ ਹੈ ਬੀ ਅਰਥ ਲਾਉਂਦੇ ਹਨ।

ਭਿਖ-(ਸੰਸ:, ਭਿਕ੍ਸ਼ਾ) ਭੀਖ, ਮੰਗ। ਅਥਵਾ-ਇਹ 'ਪਰਵਾਰ ਉਧਾਰ' ਤੇ 'ਸਿਖ ਉਧਾਰ' ਦਾ ਕੰਮ ਕਰਦਿਆਂ ਉਹ ਦਾਤਾ ਪਦ ਵਿਚ ਰਹਿੰਦਾ ਹੈ। ਉਸ ਦੀ ਬ੍ਰਿਤੀ ਕਦੇ ਮੰਗਤ ਭਾਵ ਵਿਚ ਨਹੀਂ ਜਾਂਦੀ, ਅਤੇ ਏਹ ਉਪਕਾਰ ਕਰਦਿਆਂ ਉਹ 'ਜਨਮ ਮਰਨ ਥੀਂ ਮੁਕਤ ਪਦ' ਤੇ ਟਿਕਿਆ ਰਹਿੰਦਾ ਹੈ।

(ਅ) ਉਹ ਜੂਨਾਂ ਵਿਚ ਨਹੀਂ ਪਿੰਨਦਾ ਫਿਰਦਾ।

(ਪਉੜੀ ੧੬)

ਪ੍ਰਾਕ੍ਥਨ- ਪਿਛੇ ਕਿਹਾ ਸੀ ਕਿ ਮਨਨਸ਼ੀਲ ਪੁਰਖ ਮੋਖ ਪਾਉਂਦੇ, ਆਪ ਤਰਦੇ ਤੇ ਹੋਰਨਾਂ ਨੂੰ ਤਾਰਦੇ ਹਨ। ਹੁਣ ਪਉੜੀ ੧੬ ਵਿਚ ਫੁਰਮਾਉਂਦੇ ਹਨ ਕਿ ਉਹਨਾਂ ਦਾ ਗੁਰੂ 'ਇਕ ਧਿਆਨ' ਹੋ ਜਾਂਦਾ ਹੈ। ਅਰਥਾਤ ਸੁਣਕੇ, ਮੰਨਕੇ ਉਨ੍ਹਾਂ ਦਾ ਧ੍ਯਾਨ ਇਕ ਈਸ਼੍ਵਰ ਵਿਚ ਟਿਕ ਜਾਂਦਾ ਹੈ। ਧ੍ਯਾਨ ਹੀ ਪਰਮ ਟਿਕਾਉ ਵਿਚ ਜਾ ਕੇ ਸਮਾਧੀ ਕਹਿਲਾਉਂਦਾ ਹੈ। ਇਹ ਧ੍ਯਾਨ 'ਅਭ੍ਯਾਸ ਦਾ ਮੁਥਾਜ ਧ੍ਯਾਨ' 'ਪ੍ਰਯਤਨ ਮਈ ਨਿੱਧ੍ਯਾਸਨ' ਨਹੀਂ, ਪਰ 'ਪ੍ਰਪੱਕ ਧ੍ਯਾਨ' ਹੈ ਜੋ 'ਸਹਜ ਸਮਾਧੀ' ਦੇ ਰੂਪ ਵਿਚ ਨਿਰਯਤਨ ਲਗਾ ਰਹਿੰਦਾ ਹੈ। ਯਥਾ: **ਗੁਰਮੁਖਿ ਲਾਗੈ ਸਹਜਿ ਧਿਆਨੁ॥** (ਸਿਧ ਗੋਸਟਿ ੩੬) ਇਸ ਪਉੜੀ ਵਿਚ ਇਨ੍ਹਾਂ ਸਹਜ ਧ੍ਯਾਨੀਆਂ ਨੂੰ ਪੰਚ' ਪਦ ਨਾਲ ਯਾਦ ਕੀਤਾ ਹੈ। ਇਸਤੋਂ ਮੁਹਰੇ ਪਹਿਲੀਆਂ ਪਉੜੀਆਂ ਵਿਚ ਜੋ ਉਪਾਉ ਆਦਿ ਆਏ ਹਨ, ਉਨਾਂ ਦੇ ਕਰਨ ਵਾਲੇ ਸਚਿਆਰਾਂ ਤੋਂ ਮੁਰਾਦ ਹੈ, ਯਥਾ:-੧. ਸੁਣਨੇ ਵਾਲੇ, ੨. ਮੰਨਣ ਵਾਲੇ, ੩. ਗਾਉਣ ਵਾਲੇ, ੪. ਹੁਕਮ ਰਜ਼ਾਈ ਟੁਰਨ ਵਾਲੇ, ੫. 'ਮਨਿ ਰਖਿਐ ਭਾਉ॥' ਅਰਥਾਤ ਮਨ ਨਾਲ ਪ੍ਰੇਮ ਕਰਨ ਵਾਲੇ ਜੋ ਪੰਜੇ ਉਪਾਉ ਕਰਕੇ ਸਚਿਆਰ ਹੋ ਗਏ ਹਨ, ਉਨ੍ਹਾਂ ਨੂੰ ਏਥੇ ਪੰਚ ਕਿਹਾ ਹੈ।

 www.sikhbookclub.com

ਮੂਲ	ਅਰਥ
ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥ ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥	੪. (ਇਨ੍ਹਾਂ) ਪੰਚਾਂ (ਸੰਤਾਂ) ਦਾ ਗੁਰੂ ਇਕ ਧ੍ਯਾਨ (ਹੋ ਜਾਂਦਾ) ਹੈ (ਭਾਵ ਇਹ ਕਿ ਉਹ ਨਾਮ ਜਪਦੇ ਜਪਦੇ ਈਸ਼੍ਵਰ ਦੇ ਧ੍ਯਾਨ ਵਿਚ ਪਰਪੱਕ ਹੋ ਜਾਂਦੇ ਹਨ)। ੧. (ਐਸਾ ਹੋ ਜਾਣੇ ਨਾਲ ਏਹ) ਪੰਚ (ਜ਼ੀਉਂਦੇ ਜੀ ਹੀ ਈਸ਼੍ਵਰ ਦੀ ਦ੍ਰਿਸ਼ਟੀ ਵਿਚ) ਮਨਜ਼ੂਰ ਹੋ ਜਾਂਦੇ ਹਨ (ਇਧਰ ਸਾਧ ਸੰਗਤ ਵਿਚ ਬੀ ਓਹ) ਪੰਚ ਮੁਖੀਏ (ਮੰਨੇ ਜਾਂਦੇ) ਹਨ। ੨. (ਜਦੋਂ ਸਰੀਰ ਛੋੜਦੇ ਹਨ ਤਾਂ ਸਾਈਂ ਦੀ) ਦਰਗਾਹ ਵਿਚ ਬੀ (ਏਹ) ਪੰਚ ਮਾਨ ਪਾਉਂਦੇ ਹਨ। ੩. (ਐਸਾ ਕਿ ਉਸ ਸ਼ਹਿਨਸ਼ਾਹ ਦੇ ਦਰਿ =) ਦਰਬਾਰ ਵਿਚ (ਏਹ) ਪੰਚ ਰਾਜਿਆਂ ਦੀ ਨਿਆਈਂ ਸੁਭਾਇਮਾਨ ਹੁੰਦੇ ਹਨ।

ਵ੍ਯਾਖ੍ਯਾ—ਇਸ ਪਉੜੀ ਦੀਆਂ ਉਪਰਲੀਆਂ ਚਾਰ ਤੁਕਾਂ ਵਿਚ ਸੁਣਨ ਮੰਨਨ, ਗ੍ਯਾਨ ਆਦਿ ਵਾਲੇ ਮੋਖ ਦੁਆਰ ਨੂੰ ਪ੍ਰਾਪਤ ਗੁਰ ਸਿਖ ਨੂੰ 'ਪੰਚ' ਪਦ ਨਾਲ ਯਾਦ ਕੀਤਾ ਹੈ। ਵੇਦਾਂਤ ਪਰਿਭਾਖਾ ਵਿਚ ਕਹਿਣਗੇ ਕਿ ਇਹ ਪੰਚ ਸ਼੍ਰਵਣ, ਮਨਨ, ਨਿੱਧ੍ਯਾਸਨ[1] ਕਰਕੇ ਸਾਖ੍ਯਾਤਕਾਰ ਨੂੰ ਪ੍ਰਾਪਤ ਪੁਰਖ ਹੈਨ। ਪਰ ਗੁਰੂ ਜੀ ਦੇ ਸ਼੍ਰਵਣ, ਮਨਨ ਤੇ ਸ਼ਾਸਤ੍ਰਿਕ ਸ਼੍ਰਵਣ ਮਨਨ ਆਦਿ ਵਿਚ ਫਰਕ ਹੈ। ਸ਼ਾਸਤ੍ਰੀ ਸ਼੍ਰਵਣ ਮਨਨ ਵੀਚਾਰ ਦਾ ਪ੍ਰਯਤਨ ਹੈ। ਗੁਰੂ ਜੀ ਦਾ ਸ਼੍ਰਵਣ ਮਨਨ, ਜੋ ਏਥੇ ਆਇਆ ਹੈ, ਸੋ ਨਾਮ ਦਾ ਸ਼੍ਰਵਣ ਮਨਨ ਤੇ ਨਿਧ੍ਯਾਸਨ ਹੈ, ਨਾਮ ਵਿਹੂਣੀ ਵੀਚਾਰ ਮਾਤ੍ਰ ਦਾ ਨਹੀਂ, ਕਿਉਂਕਿ ਗੁਰੂ ਜੀ ਨਾਮ ਤੋਂ ਬਿਨਾ ਸਾਖ੍ਯਾਤਕਾਰ ਨਹੀਂ ਮੰਨਦੇ। ਯਥਾ:-

ਨਾਮ ਬਿਨਾ ਨਾਹੀ ਦਰਿ ਢੋਈ........॥ (ਮਾਰੂ ਮਹਲਾ: ੧-੧੦)

ਨਾਮ ਬਿਹੂਨਾ ਮੁਕਤਿ ਨ ਹੋਈ॥ (ਪ੍ਰਭਾਤੀ ਮ: ੧ ਅਸਟ:-੫)

ਪੁਨਾ:- **ਨਾਮਿ ਰਤੇ ਪਾਵਹਿ ਮੋਖ ਦੁਆਰੁ॥** (ਸਿਧ ਗੋਸਟਿ-੩੨)

ਵੀਚਾਰ ਨੇ ਤਾਂ ਨਾਮ ਅਭਿਆਮ ਦੇ ਨਾਲ ਆਪੇ ਟੁਰੇ ਰਹਿਣਾ ਹੈ, ਕਿਉਂਕਿ ਅਭਿਆਸੀ ਕੋਈ ਨਿਰਜਿੰਦ ਯੰਤ੍ਰ ਨਹੀਂ ਹੈ, ਉਹ ਤਾਂ ਸਜੀਵ ਹੈ, ਸਬੁਧਿ ਹੈ, ਤੇ ਮਨੀਖਾ ਵਾਲਾ ਮਨੁੱਖ ਹੈ। ਵੀਚਾਰ ਨੇ ਹੀ ਤਾਂ ਉਸਨੂੰ ਗੁਰੂ ਕੀ ਸ਼ਰਣ ਆਂਦਾ ਸੀ ਤੇ ਨਾਮ ਲਈ ਅਰਦਾਸ ਕਰਵਾਈ ਸੀ ਤੇ ਨਾਮ ਦੇ ਸ਼੍ਰਵਣ ਮਨਨ ਦੇ ਰਸਤੇ ਪਾਇਆ ਸੀ। ਮੁਖਤਾ ਨਾਮ ਅਭਿਆਸ ਦੀ ਹੈ, ਵੀਚਾਰ ਨੇ ਨਾਲ ਸਹਾਈ ਰਹਿਣਾ ਹੀ ਹੈ। ਪੰਚਮ ਗੁਰੂ ਜੀ ਨੇ ਜਦੋਂ ਮੁੰਦਾਵਣੀ ਵਿਚ ਤ੍ਰੈ ਪਦਾਰਥ ਗਿਣੇ-ਨਾਮ, ਸਤਿ, ਸੰਤੋਖ ਤਾਂ ਵੀਚਾਰ ਸੁਤੇ ਹੀ ਨਾਲ ਹੋਣ ਕਰਕੇ ਕਥਨ ਵਿਚ ਆ ਗਈ 'ਸਤੁ ਸੰਤੋਖੁ ਵੀਚਾਰੋ'॥ ਮੁੱਖ ਨਾਮ ਹੈ ਜਿਸ ਦੇ ਅਭਿਆਸ ਨੇ ਵੀਚਾਰ ਨੂੰ ਸਫਲਤਾ ਤੇ ਅਪੜਾਉਣਾ ਹੈ। ਅਸਫਲ ਵੀਚਾਰ ਤਾਂ ਵਾਚ-ਗਿਆਨੀਆਂ ਤੇ ਕੋਰੜ ਪੰਡਿਤਾਂ ਪਾਸ ਲੋੜ ਤੋਂ ਬੀ ਵਧੀਕ ਹੁੰਦੀ ਹੈ। ਗੁਰੂ ਜੀ ਦਾ ਮਨੋਰਥ ਵਾਚ-ਗਿਆਨੀ ਬਨਾਉਣੇ ਦਾ ਨਹੀਂ, ਪਰ ਗੁਰਮੁਖਿ ਬਨਾਉਣੇ ਦਾ ਹੈ, ਜਿਸ ਦਾ ਵੇਰਵਾ ਸਿਧ ਗੋਸਟਿ ਵਿਚ ਕੀਤਾ ਹੈ, ਉਸੇ ਨੂੰ ਏਥੇ 'ਪੰਚ' ਕਿਹਾ ਹੈ। ਨਿਰੀ ਵੀਚਾਰ ਹਉਮੈ ਦੀ ਮੈਲ ਨੂੰ ਨਹੀਂ ਕੱਟਦੀ, ਨਾ ਹੀ ਮਨ ਦਾ ਵਿਖਜੇਪ ਦੂਰ ਹੋਕੇ ਬ੍ਰਿਤੀਆਂ ਟਿਕਾਉ ਪਾਉਂਦੀਆਂ ਹਨ।

ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ॥ (ਭੈਰਉ ਮ: ੧-੨)

ਪੁਨਾ:- **ਨਾਮੇ ਰਾਤੇ ਹਉਮੈ ਜਾਇ॥** (ਸਿਧ ਗੋਸਟਿ-੩੨)

[1]ਕਿਸੇ ਗਲ ਨੂੰ ਬਾਰ ਬਾਰ ਧ੍ਯਾਨ ਵਿਚ ਲਿਆਉਣਾ ਨਿੱਧ੍ਯਾਸਨ ਹੈ।

ਨਾਮ ਬਿਨਾ ਹਉਂ ਨਿਖਰਕੇ, ਆਪਾ ਧ੍ਯਾਨ ਵਿਚ ਜੁੜਕੇ, ਸਾਈਂ ਵਿਚ ਸਮਾਈ ਪ੍ਰਾਪਤ ਨਹੀਂ ਕਰਦਾ। ਇਸੇ ਕਰਕੇ ਗੁਰੂ ਜੀ ਨੇ ਨਾਮ ਦੀ ਮੁੱਖਤਾ ਸ੍ਰਵਣ ਮਨਨ ਵਿਚ ਬੀ ਰੱਖੀ ਹੈ ਤੇ ਨਾਮ ਦੁਆਰਾ ਅੱਪੜੇ ਨੂੰ ਪੰਚ ਆਖਕੇ ਉਸ ਨੂੰ ਸਦਾ ਸਹਜ ਧਿਆਨੀ ਆਖਿਆ ਹੈ।

ਨਿਰੁਕ੍ਤ– ਪੰਚ–ਦੇਖੋ ਇਸੇ ਨਿਰੁਕ੍ਤ ਦੇ ਅੰਤ ਤੇ।

ਪਰਵਾਣ–(ਸੰਸ:, ਪ੍ਰਮਾਣ) ੧. ਸਬੂਤ ਹੋਈ ਹੋਈ ਬਾਤ। ਸਬੂਤ। ੨. ਪ੍ਰਮਾਣੀਕ। ਮਨਜ਼ੂਰ ਹੋਏ।

ਪਰਧਾਨੁ–(ਸੰਸ:, ਪ੍ਰਧਾਨ) ਸ੍ਰੇਸ਼ਟ, ਮੁਖੀਆ। ੨. ਮੰਤ੍ਰੀ[1]।

ਦਰਗਹਿ–(ਫਾ: ਦਰਗਾਹ) ਦਰਗਾਹ ਵਿਚ।

ਰਾਜਾਨੁ–(ਰਾਜਾ+ਅਨੁ। ਰਾਜਾ = ਰਾਜ ਕਰਨੇ ਵਾਲਾ। ਅਨੁ = ਵਾਙੂ, ਨਿਆਈਂ)। ਰਾਜਾ ਵਰਗੇ। ਰਾਜਿਆਂ ਦੀ ਨਿਆਈਂ।

ਭਗਤ ਰਾਜੇ ਹੁੰਦੇ ਹਨ:-

ਨਾਨਕ ਹੋਰਿ ਪਾਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ॥ (ਵਾਰਾ ਤੇ ਵਧੀਕ ਸ: ਮ: ੩-੧੧)

ਪੁਨਾ:–**ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ॥** (ਸੁਖਮਨੀ ੧-੫)

ਤਥਾ:–**ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ॥**

(ਵਾਰ ਵਡ: ਮਹਲਾ: ੩-੧੧)

ਦਰਗਾਹੇ ਮਾਨ ਪਾਉਂਦੇ ਹਨ, ਯਥਾ:-

ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ ਜਨ ਨਾਨਕ ਮੇਲਿ ਲਏ ਗਲਿ ਲਾਈ॥ (ਗੂਜਰੀ ਮ: ੪-੪)

(ਅ) 'ਦਰਿ ਰਾਜਾਨੁ' ਦਾ ਐਉਂ ਅਰਥ ਬੀ ਲਾਉਂਦੇ ਹਨ:ਰਾਜਿਆਂ ਦੇ ਦਰਬਾਰ ਵਿਚ ਮਾਨ ਪਾਉਂਦੇ ਹਨ। ਪਰ ਪਉੜੀ ੩੪ ਪੜ੍ਹਕੇ ਸ਼ੱਕ ਨਹੀਂ ਰਹਿੰਦਾ ਕਿ 'ਦਰਿ' ਦਾ ਭਾਵ 'ਪਰਮੇਸ਼ੁਰ ਦਾ ਦਰ ਹੈ ਜਿਥੇ ਪਰਵਾਰ ਹੋਏ ਪੰਚ ਸ਼ੋਭਦੇ ਹਨ। ਯਥਾ:-

ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥ (ਜਪੁਜੀ)

ਧਿਆਨੁ–(ਸੰਸ: ਧਯਾਨ) ਇਕ ਪ੍ਰਕਾਰ ਦੀ ਬ੍ਰਿਤਿ ਦਾ ਲਗਾਤਾਰ ਇਕ ਪਾਸੇ ਲਗੇ ਚਲੇ ਜਾਣਾ। ਬ੍ਰਿਤੀ ਦੀ ਏਕਾਗ੍ਰਤਾ। ਸੁਰਤ ਦਾ ਵਾਹਿਗੁਰੂ ਜੀ ਵਿਚ ਲਗਾਤਾਰੀ ਲਗਾਉ।

ਪੰਚ–(ਸੰਸ:, ਪਞ੍ਚ, ਪੰਚ। ਧਾਤੂ ਹੈ ਪਚਿ = ਫੈਲਾਉਣਾ)।

ਹੱਥ ਜਦ ਫੈਲਾਈਏ ਤਾਂ ਪੰਜ ਉਂਗਲਾਂ ਦਿੱਸਦੀਆਂ ਹਨ। ਏਥੋਂ ਪੰਚ ਪਦ ਪੰਜ ਦਾ ਲਖਾਇਕ ਹੋ ਗਿਆ ਤੇ ਫੇਰ ਇਸ ਦਾ ਅਰਥ ਹੀ ਪੰਜ ਹੋ ਗਿਆ। ਪਹਿਲੀ ਜਾਂਗਲੀ ਦਸ਼ਾ ਵਿਚ ਗੇਣਤੀ ਪੰਜ ਦੀ ਪੰਜ ਉਂਗਲਾਂ ਤੋਂ ਹੀ ਗਿਣਦੇ ਹੋਣਗੇ। ਇਸ ਤਰ੍ਹਾਂ ਪੰਜ ਦਾ ਅੰਗ ਅੰਗਾਂ ਵਿਚ ਪ੍ਰਧਾਨ ਹੋ ਗਿਆ। ਜਦ ਬਿਰਾਦਰੀਆਂ ਵਿਚ ਫੈਸਲੇ ਕਰਨ ਲਈ ਮੁਖੀਏ ਥਾਪਦੇ ਸਨ ਤਾਂ ਪੰਜ। ਐਉਂ ਪੰਚ ਪਦ ਵਿਚ ਸ੍ਰੇਸ਼ਟਟਾ ਦਾ ਭਾਵ ਆ ਗਿਆ[2]।

ਪੰਜਾਬ ਵਿਚ ਪਿੰਡ ਦੇ ਚੌਧਰੀ ਨੂੰ ਹੁਣ ਤੋੜੀ ਪੈਂਚ ਤੇ ਪੰਚ ਆਖਦੇ ਹਨ। ਇਸ ਤਰ੍ਹਾਂ ਇਸ ਦੇ ਅਰਥ ਸ੍ਰੇਸ਼ਟ ਮੁਖੀਆਂ ਤੇ ਅੰਤ 'ਸੰਤ' ਹੋ ਗਏ।

---

[1]ਇਹ ਪਦ ਪ੍ਰਧਾਨ ਅਜ ਕਲ ਜਥੇਦਾਰ ਲਈ ਬੀ ਵਰਤਦੇ ਹਨ। ਲੋਕ ਰਾਜ ਦੇ ਚੁਣੇ ਵਡਕੇ ਨੂੰ ਬੀ ਪ੍ਰਧਾਨ ਕਹਿੰਦੇ ਹਨ।

[2] ਜੋ ਪੰਜ ਮੁਕਰਰ ਹੁੰਦੇ ਸਨ ਇਨਸਾਫ ਕਰਨ ਲਈ ਹੁੰਦੇ ਸਨ। ਓਹ ਜੋ ਕੁਛ ਕਹਿੰਦੇ ਸਨ ਸੋ ਬਿਨਾ ਰੌ ਰਿਆਇਤ ਤੁਲਵਾਂ ਤੇ ਠੀਕ ਮੰਨ ਲਿਆ ਜਾਂਦਾ ਸੀ। ਸੋ ਯਥਾਰਥ ਗਲ ਕਹਿਣ ਤੇ ਕਥਨਹਾਰ ਹੋਣ ਕਰਕੇ ਉਹਨਾਂ ਦਾ ਸਤਿਕਾਰ ਬਣ ਗਿਆ ਤੇ ਪੰਚ ਪਦ ਦੇ ਅਰਥਾਂ ਵਿਚ ਬੀ ਇਹ ਸ੍ਰੇਸ਼ਟਤਾ ਦਾ ਭਾਵ ਭਰ ਗਿਆ।

ਗੁਰਬਾਣੀ ਵਿਚ ਆਇਆ ਹੈ:

ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ॥ (ਥਿਤੀ ਗਉੜੀ: ਮ: ੫-੫)

ਜਿਨ੍ਹਾਂ ਨੇ ਪਰਪੰਚ ਨੂੰ ਸਮਝ ਲਿਆ ਹੈ (ਕਿ ਇਹ ਸਦਾ ਇਕ ਰਸ ਨਹੀਂ) ਉਹ ਪ੍ਰਧਾਨ ਹਨ, ਉਹ ਪੰਚ ('ਸੰਤ' ਕਹੀਦੇ ਹਨ, ਇਹ ਉਪਦੇਸ਼) ਪੰਜਵੀਂ (ਥਿਤ ਦਾ ਹੈ)। ਪੰਚ ਪਦ ਦਾ ਏਥੇ ਅਰਥ ਸੰਤ ਯਾ ਗੁਰਮੁਖ ਹੈ; ਇਹ ਜਪੁਜੀ ਦੀ ਪਉੜੀ ੩੪ ਤੋਂ ਬੀ ਸਹੀ ਹੋ ਜਾਂਦਾ ਹੈ, ਜਿੱਥੇ ਫੁਰਮਾਇਆ ਹੈ:-

ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥

ਜੇ ਇਹ ਭਾਵ ਲਈਏ ਕਿ ਪੰਚ ਦਾ ਅਰਥ ਏਥੇ ਪੰਜ ਦੀ ਗੇਣਤੀ ਹੀ ਹੈ ਤੇ ਓਹ ਪੰਜ ਇਸ ਪਉੜੀ ਤੋਂ ਪਹਿਲੋਂ ਆ ਚੁਕੇ ਹਨ ਤਦ ਬੀ ਭਾਵ ਗੁਰਮੁਖਾਂ ਦਾ ਹੀ ਰਹੇਗਾ। ਓਹ ਇਨ੍ਹਾਂ ਪੰਜ ਗੁਣਾਂ ਦੇ, ਜਿਨ੍ਹਾਂ ਦਾ ਪਿਛੇ ਜ਼ਿਕਰ ਆ ਚੁਕਾ ਹੈ, ਧਾਰਨੀ ਹੋਣਗੇ:-

੧. ਨਾਮ ਸ਼੍ਰਵਣ ਕਰਨ ਦੇ (ਪਉ: ੮-੧੧)।

੨. ਨਾਮ ਮਨਨ ਕਰਨ ਦੇ (ਪਉ: ੧੨-੧੫) ਜੋ ਪਉੜੀ ੪-੫ ਵਿਚ 'ਸਚਾ ਨਾਉ' ਤੇ 'ਸੋ ਮੈ ਵਿਸਰਿ ਨ ਜਾਈ' ਵਿਚ ਦੱਸਿਆ ਹੈ ਅਰਥਾਤ ਨਾਮ ਦਾ ਸਿਮਰਣ ਤੇ ਦ੍ਰਿੜਾਉਣ।

੩. ਸਿਫਤ ਸਲਾਹ ਯਾ ਗੁਣ ਗਾਇਨ ਜੋ ਪਉੜੀ ੪ ਵਿਚ 'ਵਡਿਆਈ ਵੀਚਾਰੁ' ਤੇ ਪਉੜੀ ੫ ਵਿਚ 'ਗਾਵੀਐ' ਕਰਕੇ ਦੱਸਿਆ ਹੈ।

੪. ਹੁਕਮ ਰਜਾਈ ਚਲਨਾ ਜੋ ਪਉੜੀ ੧ ਵਿਚ ਦਰਸਾਇਆ ਹੈ।

੫. ਪੰਜਵਾਂ ਗੁਣ ਹੈ ਪ੍ਰੇਮ, ਜੋ 'ਨਾਮ ਦੇ' ਤੇ 'ਵਡਿਆਈ ਦੇ' ਗਾਵਨ ਤੇ ਸੁਣਨ ਨਾਲ ਮਨ ਵਿਚ ਧਾਰੀ ਰਖਣਾ ਹੈ। **ਗਾਵੀਐ ਸੁਣੀਐ ਮਨਿ ਰਖੀਐ ਭਾਉ** ਪਉੜੀ ੫ ਵਿਚ ਦਰਸਾਇਆ ਹੈ। ਜੋ ਇਨ੍ਹਾਂ ਪੰਜਾਂ ਗੁਣਾਂ ਨੂੰ ਧਾਰੇਗਾ ਉਹ ਸੰਤ ਯਾ ਗੁਰਮੁਖ ਹੀ ਹੋਵੇਗਾ; ਤਾਂ ਤੇ 'ਪੰਚ' ਦਾ ਅਰਥ ਉਹੋ 'ਸੰਤ' ਹੀ ਸਹੀ ਰਿਹਾ।

ਪੰਚ ਸ਼ਬਦ ਅਨੇਕਾਂ ਵਸਤੂਆਂ ਦਾ ਸੰਖਜਾ ਵਾਚਕ ਵਿਸ਼ੇਸ਼ਨ ਹੈ, ਜੈਸੇ ਪੰਚ ਤੱਤ, ਪੰਚ ਇੰਦ੍ਰੇ, ਪੰਚ ਗਜਾਨ ਇੰਦ੍ਰੇ, ਪੰਚ ਸ਼ਬਦ, ਪੰਚ ਬਿਕਾਰ। ਇਸ ਕਰਕੇ ਕਈ ਵਿਦਵਾਨਾਂ ਦੀ ਵਿਦਵਤਾ ਪੰਚ ਪਦ ਦੀਆਂ ਇਸ ਤਰ੍ਹਾਂ ਦੀਆਂ ਕਈ ਗੇਣਤੀਆਂ ਨੂੰ ਇਨਾਂ ਅਰਥਾਂ ਵਿਚ ਢੁਕਾਉਣ ਵਲ ਗਈ ਹੈ। ਨਮੂਨੇ ਮਾਤ੍ਰ ਇਹ ਹਨ:-

(੧) ਸਭ ਤੋਂ ਪੁਰਾਤਣ ਮਿਲੇ ਟੀਕੇ[1] ਵਿਚ 'ਪੰਜ ਤਤ' ਅਰਥ ਕੀਤਾ ਹੈ, ਯਥਾ:- ''ਪੰਚ ਜਿ ਹੈਂ ਸੇ ਕਵਨ ਹਹਿਂ? ਪ੍ਰਿਥੀ, ਅਪ, ਤੇਜ, ਬਾਇ, ਅਕਾਸੁ। ਏਈ ਪੰਚ ਤਤ ਹਹਿਂ, ਸੁ ਏਈ ਪੰਚ ਪਰਵਾਨੁ ਹਹਿਂ। ਏਈ ਪੰਚ ਪਾਵਹਿਂ ਦਰਗਹਿ ਮਾਨੁ। ਏਈ ਪੰਚੇ ਸੋਹਹਿਂ ਦਰਿ ਰਾਜਾਨੁ। ਰਾਜੇ ਰਾਮ ਕੇ ਦਰਗਾਹ ਮਹ ਏਈ ਸੋਭਾ ਪਾਵਤ ਹੈਂ। ਪੰਚਾ ਕਾ ਗੁਰੁ ਏਕੁ ਧਿਆਨੁ॥ ਜਬ ਏਈ ਏਕ ਮਨਿ ਰਾਜੇ ਨਿਰੰਕਾਰ ਕਾ ਧਿਆਨ ਕਰਹਿਂ ਤਬ ਏਈ ਪਰਵਾਨ ਹੋਹਿਂ।''

ਪੰਜ ਤਤ ਕਿਵੇ ਪਰਵਾਨ ਪ੍ਰਧਾਨ ਆਦਿਕ ਹਨ ਇਸ ਨੇ ਵੇਰਵਾ ਨਹੀਂ ਦਿੱਤਾ।

(੨) ਇਕ ਹੋਰ ਵਿਦ੍ਵਾਨ ਨੇ ਐਉਂ ਵੇਰਵਾ ਸਿਰੇ ਚਾੜ੍ਹਿਆ ਹੈ:-

ਪੰਚ ਪਰਵਾਣ-ਪੰਚ ਤਤ (ਜਲ, ਤੇਜ, ਵਾਇ, ਪ੍ਰਿਥਵੀ, ਆਕਾਸ਼) ਹੀ ਪਰਵਾਣ ਹੈਂ, ਜਿਨ੍ਹਾਂ ਦੇ ਪੰਚੀਕ੍ਰਿਤ[2] ਹੋਣ ਨਾਲ ਦੇਹਾਂ ਦੀ ਰਚਨਾ ਹੋਈ ਹੈ।

---

[1]ਇਸ ਟੀਕੇ ਵਿਚ ਟੀਕਾ ਕਾਰ ਨੇ ਅਪਣਾ ਨਾਮ ਨਹੀਂ ਦਿਤਾ, ਪਰ ੧੭੫੮ ਬਿ: ਤੋਂ ਇਹ ਪਹਿਲੋਂ ਦਾ ਹੈ।

[2]ਪੰਚੀ ਕਰਣ ਦਾ ਵਿਸਥਾਰ ਲੰਮਾ ਹੈ; ਭਾਵ ਇਸ ਤਰ੍ਹਾਂ ਦਾ ਹੈ:-

ਪੰਚੀਕਰਣ-ਵੇਦਾਂਤ ਮਤ ਅਨੁਸਾਰ ਪੰਜ ਤੱਤਾਂ ਦੀ ਵੰਡ। ਪੁਰਾਣੇ ਗ੍ਰੰਥਾਂ ਵਿਚ ਪੰਚੀਕਰਣ ਕਈ ਪ੍ਰਕਾਰ ਲਿਖਿਆ ਹੈ, ਪਰ ਬਹੁਤਿਆਂ ਦਾ ਮਤ ਹੈ ਕਿ ਆਰੰਭ ਵਿਚ ਇਕ ਇਕ ਤੱਤ ਦੇ ਦੋ ਦੋ ਹਿੱਸੇ ਕੀਤੇ ਗਏ, ਇਕ ਹਿੱਸਾ ਸਾਬਤ ਰਿਹਾ ਅਰ ਦੂਜੇ ਭਾਗ ਦੇ ਚਾਰ ਚਾਰ ਟੁਕੜੇ ਕੀਤੇ ਗਏ, ਇਸ ਤਰ੍ਹਾਂ ਪੰਜ ਭਾਗ ਹੋਏ। ਫੇਰ ਇਨ੍ਹਾਂ ਭਾਗਾਂ ਨੂੰ ਦੂਜੇ ਤੱਤਾਂ ਦੇ ਭਾਗਾਂ ਨਾਲ ਮਿਲਾ ਦਿੱਤਾ, ਤਾਂਕਿ ਆਪੋ ਵਿੱਚੀ ਸਾਰੇ ਤੱਤ ਮਿਲਕੇ ਰਚਨਾ ਕਰਨ ਵਿਚ ਸਹਾਇਕ ਹੋਣ।

ਪੰਚ ਪਰਧਾਨ-ਪੰਜ ਹੀ ਮਾਯਕ ਰੂਪ ਹਨ। (ਪ੍ਰਧਾਨ = ਪ੍ਰਕ੍ਰਿਤੀ) ਜੋ ਇੰਦ੍ਰਿਆਂ ਕਰਕੇ ਵਿਖਯ ਹੁੰਦੇ ਹਨ:-

ਸ਼ਬਦ, ਸਪਰਸ਼, ਰੂਪ, ਰਸ, ਗੰਧਿ।

ਪੰਚੇ ਪਾਵਹਿ ਦਰਗਹਿ ਮਾਨੁ॥ - ਪੰਜੇ (ਪ੍ਰਧਾਨ ਜੋ ਉਪਰ ਕਹੇ ਹਨ) ਮਨ ਵਿਚ ਹੀ ਗ੍ਰਹਣ ਹੁੰਦੇ ਹਨ।

ਆਤਮਾ ਦੀ ਦਰਗਾਹ ਮਨ ਹੈ, ਮਨ ਵਿਚ ਮਾਨ ਪਾਉਣ ਦਾ ਅਰਥ ਹੈ ਮਨ ਵਿਚ ਗ੍ਰਹਣ ਹੋਣਾ। ਜੈਸੇ ਵਾਕ ਹੈ:- **ਤਨ ਮਹਿ ਮਨੂਆ ਮਨ ਮਹਿ ਸਾਚਾ॥** (ਧਨਾ: ਮ: ੧ ਅਸਟ: ੨)"

ਪੰਚੇ ਸੋਹਹਿ ਦਰਿ ਰਾਜਾਨੁ॥ -ਰਾਜੇ ਦੇ ਦਰਬਾਰ ਪੰਜੇ ਸੋਭਦੇ ਹਨ। ਰਾਜਾ ਆਤਮ ਦੇਵ ਹੈ, ਦ੍ਵਾਰ ਉਸ ਦੇ ਪੰਜ ਹਨ:- ਤ੍ਵਚਾ, ਰਸਨਾਂ, ਅੱਖਾਂ, ਨੱਕ, ਕੰਨ ਆਦਿ। ਯਾ ਰਾਜਾਨ = ਈਸ਼੍ਵਰ ਰੂਪੀ ਰਾਜਾ ਦੇ ਦ੍ਵਾਰੇ ਹੋਕੇ ਪੰਜੇ ਇੰਦ੍ਰੇ ਸ਼ੋਭ ਰਹੇ ਹਨ।

ਪੰਚਾ ਕਾ ਗੁਰੁ ਏਕੁ ਧਿਆਨੁ॥ - ਪੰਚਾਂ ਇੰਦ੍ਰਿਆਂ ਦਾ ਗੁਰੂ (= ਗਜਾਨ ਕਰਾਉਣ ਵਾਲਾ ਆਤਮ ਦੇਵ ਹੈ।) ਉਹ ਆਪਣੇ ਧਿਆਨ ਵਿਚ ਸਦਾ ਸਥਿਤ ਹੈ। ਯਥਾ:-

ਦੇਹੀ ਨਗਰੀ ਊਤਮ ਥਾਨਾ॥ ਪੰਚ ਲੋਕ ਵਸਹਿ ਪਰਧਾਨਾ॥
ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ[1]**॥੩॥** (ਮਾਰੂ ਮ: ੧ ਸੋਲਹੇ-੧੯)

ਭਾਵੇਂਹ ਕਿ ਆਤਮਾ ਨੂੰ ਆਪਣੇ ਵਿਚ ਇਸਥਿਤ ਤੇ ਬਾਕੀ ਖੇਲ ਪੰਜਾਂ ਤਤਾਂ ਦਾ ਸਮਝਣਾ ਇਸ ਪ੍ਰਯੋਜਨ ਲਈ ਇਹ ਪਉੜੀ ਹੈ।

(੩) ਇਕ ਹੋਰ ਸਜਣ ਜੀ ਕੁਛ ਇਸ ਪ੍ਰਕਾਰ ਅਰਥ ਕਰਦੇ ਹਨ:-

ਪੰਚ ਤਤਾਂ ਕਰਕੇ ਤਨ ਪ੍ਰਵਾਨ ਹੈ, ਪੰਚ ਗਜਾਨ ਇੰਦ੍ਰੇ ਸਰੀਰ ਵਿਚ ਪਰਧਾਨ (ਮੁੱਖ) ਹਨ, ਪੰਚ ਸਤਿ ਸੰਤੋਖ ਆਦਿ ਗੁਣ ਦਰਗਾਹ ਵਿਚ ਮਾਨ ਪਾਉਂਦੇ ਹਨ। ਭਾਵ ਇਨ੍ਹਾਂ ਦੇ ਧਾਰਨੀ ਮਾਨ ਪਾਉਂਦੇ ਹਨ। ਪੰਚ ਸਬਦ ਰਾਜਾਨ (ਸਭ ਦੇ ਰਾਜਾ) ਪਰਮੇਸ਼ੁਰ ਦੇ ਦਸਮ ਦੁਆਰ ਪਰ ਸ਼ੋਭਦੇ ਹਨ। ਪੰਜਾਂ ਦੀ ਪ੍ਰਾਪਤੀ ਦਾ ਗੁਰੂ ਧਿਆਨ ਹੈ।

(੪) ਇਕ ਵਜਾਖਜਾ ਇਸ ਪ੍ਰਕਾਰ ਹੈ:- ਪ੍ਰਪੰਚ ਨੂੰ ਜੋ ਰਚੇ ਸੋ 'ਪੰਚ' = ਬ੍ਰਹਮ। ਸੋ ਪੰਚ ਦਾ ਬ੍ਰਹਮ ਅਰਥ ਕਰਕੇ ਐਉਂ ਘਟਾਇਆ ਹੈ:-

(ਪੰਚ =) ਬ੍ਰਹਮ ਪਰਵਾਣ (ਪਰਮਾਣ = ਪਰਮ+ਅਣੁ) ਪਰਮ ਅਣੂ ਹੈ ਭਾਵ ਅਤਿ ਸੂਖਮ ਹੈ (ਜਿਸ ਤੋਂ ਵੱਧ ਸੂਖਮ ਕੋਈ ਨਹੀਂ) ਬ੍ਰਹਮ ਹੀ ਸਭ ਤੋਂ ਪ੍ਰਧਾਨ ਵਡਾ ਹੈ। ਯਥਾ:-'ਸੂਖਮ ਤੇ ਸੂਖਮ ਕਰਿ ਚੀਨੇ ਬ੍ਰਿਧਨ ਬ੍ਰਿਧ ਬਤਾਏ॥' ਪੰਚ (=ਬ੍ਰਹਮ)ਇੰਦ੍ਰੀਆਂ ਦੇ ਦਰ ਤੇ ਹੋਕੇ (ਗੇਯ ਦਾ) ਗਜਾਨ ਪਾਉਂਦਾ ਹੈ। (ਦਰ=ਰਸਤੇ। ਗਹ=ਗੇਯ। ਮਾਨ=ਗਜਾਨ)। (ਪੰਚ=) ਬ੍ਰਹਮ (ਇੰਦ੍ਰੀਆਂ ਦੇ) ਦਰ ਰਾਜਾ ਹੋਕੇ ਸ਼ੋਭ ਰਿਹਾ ਹੈ। ਭਾਵ ਸਭ ਨੂੰ ਚੇਤਨ ਸੱਤਾ ਦਾਨ ਕਰ ਰਿਹਾ ਹੈ।

(੫) ਪੰਚ ਪਦ ਦੇ ਇਕ ਅਰਥ 'ਸੰਤ' ਲਾਕੇ ਦੂਜੇ ਪੰਚ ਦਾ ਅਰਥ ਗੇਣਤੀ ਵਿਚੋਂ ਲਾਉਂਦੇ ਹਨ:-

ਪੰਚ ਅਰਥਾਤ ਸੰਤਾਂ ਨੇ ਪਰਵਾਣ ਕੀਤੇ ਹਨ ਪੰਜ:-ਸਤਿ, ਸੰਤੋਖ, ਦਇਆ, ਧਰਮ, ਧੀਰਜ।

ਪੰਚ ਅਰਥਾਤ ਸੰਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਮਾਰਨ ਵਿਚ ਪ੍ਰਧਾਨ ਹਨ।

ਪੰਚ ਅਰਥਾਤ ਸੰਤਾਂ ਨੇ ਸ਼ਬਦ, ਸਪਰਸ਼, ਰੂਪ, ਰਸ, ਗੰਧਿ ਪੰਜਾਂ ਨੂੰ ਕੀਲਿਆ ਹੈ, ਓਹ ਦਰਗਾਹੇ ਮਾਨ ਪਾਉਂਦੇ ਹਨ। ਪੰਜਾਂ ਤੱਤਾਂ ਦੇ ਜੋ ਗੁਣ ਹਨ ਧੀਰਜ ਆਦਿ, ਜਿਨ੍ਹਾਂ ਨੇ ਏਹ ਧਾਰੇ ਹਨ ਓਹ ਰਾਜਾ (ਵਾਹਿਗੁਰੂ) ਦੇ ਦਰ ਸ਼ੋਭਦੇ ਹਨ। ਪੰਚ = ਸੰਤਾਂ ਦਾ ਧਿਆਨ ਇਕ ਗੁਰ = ਪਰਮੇਸ਼ੁਰ ਵਿਚ ਜੁੜ ਰਿਹਾ ਹੈ। ਇਸ ਪ੍ਰਕਾਰ ਹੋਰ ਬੀ ਅਰਥ ਢੁਕਾਉਣ ਦਾ ਜਤਨ ਹੁੰਦਾ ਰਿਹਾ ਹੈ।

[1]ਕੁਛ ਇਸ ਪ੍ਰਕਾਰ ਦੀ ਵਜਾਖਜਾ ਹੈ, ਦਾਨੇ ਲੇਖਕਾਂ ਦੀ, ਯਥਾ:-
ਸੇਵਾ ਦਾਸ (੧੮੪੩ ਬੀ:), ਕਵਿ ਸੰਤੋਖ ਸਿੰਘ (੧੮੮੯ ਬਿ:), ਸਦਾ ਨੰਦ ਜੀ (੧੮੮੯ ਬਿ:)।

 www.sikhbookclub.com

(ਪਉੜੀ ੧੬-ਜਾਰੀ)

ਪ੍ਰਾਕ੍ਕਥਨ- 'ਕਿਵ ਸਚਿਆਰਾ ਹੋਈਐ' ਦੇ ਪ੍ਰਸ਼ਨ ਤੋਂ ਬਾਦ 'ਹੁਕਮ ਰਜਾਈ ਚਲਣਾ' ਦਾ ਉਤਰ ਦੇਕੇ, ਕਿਵੇਂ ਇਹ ਸਚਜਾਰਤਾ ਦੀ ਪ੍ਰਾਪਤੀ ਹੋਵੇ ਤੇ ਹੁਕਮ ਕੀਕੂੰ ਮਨੀਵੇ, ਇਸ ਦੇ ਸਾਧਨ ਤੇ ਫਲ, ਇਨ੍ਹਾਂ ਚਾਰ ਸਤਰਾਂ ਦੇ ਅਖੀਰ ਤੱਕ ਮੁੱਕੇ ਹਨ। ਹੁਣ ਇਹ ਵਿਸ਼ਯ ਮੁਕਾਕੇ ਉਸ ਦੇ ਦੂਜੇ ਪੱਖ ਨੂੰ ਆਰੰਭ ਕਰਦੇ ਹਨ। ਹੁਣ ਤਕ ਦਾ ਪੱਖ ਇਹ ਸੀ ਕਿ ਅੰਤਰ ਆਤਮੇ ਲਿਵ ਕਿਸ ਤਰ੍ਹਾਂ ਲੱਗੇ। ਵਡਿਆਈ ਵੀਚਾਰ, ਗੁਣ ਗਾਇਨ, ਨਾਮ ਸ਼੍ਰਵਣ, ਨਾਮ ਧਾਰਨ ਤੇ ਪ੍ਰੇਮ ਨਾਲ ਸਾਰੀ ਕਮਾਈ ਕਰਨ ਵਿਚ ਦਰਸਾਏ ਸਨ, ਜੋ ਅੰਤ੍ਰੀਵ ਸਾਧਨ ਸਨ। ਹੁਣ ਤਕ ਦੇ ਦੱਸੇ ਸਾਧਨ ਨੂੰ 'ਪਰਮਾਤਮ ਯੋਗ' ਦੇ 'ਦ੍ਰਿਸ਼ਟਾ'[੧] ਪੱਖ ਦੇ ਸਾਧਨ ਕਹਿ ਲਓ। ਹੁਣ 'ਦ੍ਰਿਸ਼ਟਮਾਨੀ' ਤ੍ਰੀਕੇ ਨਾਲ[੨] ਬੀ ਇਹ ਲਿਵ ਕੀਕੂੰ ਲਗੀ ਰਹੇ, ਸਿਫਤ ਸਲਾਹ ਦਾ ਭਾਵ ਕੀਕੂੰ ਬਾਹਰੋਂ ਬੀ ਜਾਗੇ, ਦੱਸਣ ਲਗੇ ਹਨ। ਬਾਹਰ ਦਾ ਦ੍ਰਿਸ਼ਯ ਜਿਸ ਨੂੰ ਗੁਰੂ ਜੀ ਨੇ ਦ੍ਰਿਸ਼ਟਮਾਨ ਲਿਖਿਆ ਹੈ, ਇਹ ਅਪਣੇ ਵਿਚ ਰਾਗ ਪੈਦਾ ਕਰਕੇ ਬ੍ਰਿਤੀਆਂ ਨੂੰ ਆਪਣੇ ਵੱਲ ਖਿਚਦਾ ਹੈ ਯਾ ਦ੍ਵੈਖ ਉਤਪਤ ਕਰਕੇ ਅੰਦਰੋਂ ਉਖੇੜਕੇ ਬਾਹਰ ਰੁਖ਼ੀ ਕਰ ਦੇਂਦਾ ਹੈ। ਕੀਕੂੰ ਦ੍ਰਿਸ਼ਟਮਾਨ ਅਰਥਾਤ ਕੁਦਰਤ ਦੇ ਸਾਮਾਨ ਬੀ ਅੰਤਰ ਮੁਖ ਦਾ ਹੀ ਅਸਰ ਪਾਉਣ ਤੇ ਖਿੰਡਾਉ ਯਾ ਵਿਖੇਪ ਨਾ ਪਵੇ ਤੇ ਵਾਹਿਗੁਰੂ ਦਾ 'ਨਾਮਯੋਗ' ਅਪਣੇ ਰੰਗ ਅੰਤਰਮੁਖ ਟਿਕਿਆ ਰਹੇ ਤੇ ਹੁਕਮ ਰਜਾਈ ਟੁਰਨੇ ਦੀ ਸੰਥਾ ਹੀ ਪੜ੍ਹੀਂਦੀ ਰਹੇ[੩]। ਰਾਗ ਦ੍ਵੈਖ ਦਾ ਅਸਰ ਨਾ ਲੈਣਾ, ਕੁਦਰਤ ਤੋਂ ਸਿਫਤ ਸਲਾਹ ਦਾ ਅਸਰ ਲੈਣਾ, ਇਹ ਵਿਸਮਾਦ ਹੈ[੪]। ਇਹ ਵਿਸ਼ਯ ਹੁਣ ਦੱਸਣ ਲੱਗੇ ਹਨ:-

ਮੂਲ	ਅਰਥ
ਜੇ ਕੋ ਕਹੈ ਕਰੈ ਵੀਚਾਰੁ॥ ਕਰਤੇ ਕੈ ਕਰਣੈ ਨਾਹੀ ਸੁਮਾਰੁ॥	(ਇਹ ਤਾਂ ਰਿਹਾ ਕਰਤਾ ਕਾਦਰ ਦੀ ਪ੍ਰਾਪਤੀ ਦਾ ਵਿਸ਼ਯ, ਹੁਣ) ਜੇ ਕੋਈ (ਕਰਤੇ ਦੇ ਕਰਨਿਆਂ ਅਰਥਾਤ ਕੁਦਰਤ ਦਾ ਹਿਸਾਬ ਪੁਛੇ ਯਾ) ਕਹੇ ਤਾਂ (ਉਹ ਆਪ ਯਾ ਸੁਣਨ ਵਾਲਾ) ਵੀਚਾਰ ਕਰੇ (ਕਿ) ਕਰਤੇ ਦੇ ਕਰਣਿਆਂ ਦਾ ਤਾਂ ਹਿਸਾਬ[੫] ਹੋ ਹੀ ਨਹੀਂ ਸਕਦਾ। (ਜਿਵੇਂ 'ਕੁਦਰਤ' ਦਾ ਯਾ 'ਕਰਨਿਆਂ' ਦਾ ਹਿਸਾਬ ਦੱਸਣ ਵਾਲੇ ਕਹਿੰਦੇ ਹਨ ਕਿ ਇਹ ਧਰਤੀ ਹੈ, ਇਸ ਦੇ ਹੇਠਾਂ ਬੌਲਦ ਹੈ, ਕਈ ਸ਼ੇਸ਼ਨਾਗ, ਕੱਛੂ ਤੇ ਸੂਰ ਆਦਿਕ ਹੇਠਾਂ ਦੱਸਦੇ ਹਨ, ਪਰ ਗੁਰੂ ਜੀ
ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ ਜੇਕੋ ਬੁਝੈ	ਦੱਸਦੇ ਹਨ ਕਿ ਹੇਠਾਂ ਹਡ ਚੰਮ ਯਾ ਮਿੱਟੀ ਪੱਥਰ ਦਾ ਬੌਲਦ ਨਹੀਂ, ਰਚਨਾਂ ਨੂੰ ਕਾਯਮ ਰੱਖਣ ਵਾਲਾ) ਬੌਲਦ ਧਰਮ (=ਕਰਤਾਰ ਦਾ ਬੱਧਾ ਕਾਨੂੰਨ ਯਾ ਨੇਮ) ਹੈ, (ਜੋ ਉਸ ਦੀ) ਦਇਆ ਤੋਂ ਉਪਜਿਆ ਹੈ; ਜਿਸ (ਧਰਮ) ਨੇ (ਕਿ ਹਰ ਪਦਾਰਥ ਨੂੰ ਨਿਯੇਮਾਂ ਵਿਚ ਬੱਝੇ ਰਹਿਣ ਦਾ) ਸੰਤੋਖ (ਦੇ ਕੇ ਜਗਤ ਦਾ) ਪ੍ਰਬੰਧ ਸਥਾਪਨ ਕਰ ਰਖਿਆ ਹੈ। ਜੇ ਕੋਈ (ਐਉਂ) ਬੁੱਝ ਲਵੇਂ ਤਾਂ ਉਹ

[੧] Subjective Yoga　　[੨] Objective Yoga.

[੩]ਕਰਤੇ ਕੁਦਰਤੀ ਮੁਸਤਾਕੁ॥ (ਤਿਲੰਗ ਮ: ੫-੪) ਕੁਦਰਤ ਦੇਖਕੇ ਕਰਤੇ ਦੇ ਪ੍ਰੇਮੀ ਹੋ ਜਾਓ। ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ॥ (ਬਸੰਤ ਮ: ੧-੧) ਐਉਂ ਕੁਦਰਤ ਤੱਕ ਤੱਕਕੇ ਪ੍ਰੇਮੀ ਹੋਵੇ, ਬਾਣੀ ਸੁਣਕੇ ਸੁਖੀ ਹੋਵੇ, ਮੂੰਹ ਤੋਂ ਨਾਮ ਸਿਮਰਣ ਕਰੇ। ਅੰਤਰਮੁਖ ਤੇ ਬਾਹਰ ਮੁਖ ਦੁਇ ਸਾਧਨ ਆ ਗਏ।

[੪] ਵੇਖਿ ਵਿਡਾਣੁ ਰਹਿਆ ਵਿਸਮਾਦੁ॥　　(ਵਾਰ ਆਸਾ ਮ: ੧-੩)

[੫]'ਨਾਹੀ ਸੁਮਾਰੁ' ਦਾ ਅਰਥ ਭਾਵ ਹੈ-ਹਿਸਾਬ ਨਹੀਂ ਹੋ ਸਕਦਾ। ਇਸ ਦਾ ਭਾਵ 'ਅਨੰਤ' ਨਹੀਂ। ਦੋ ਅਨੰਤ ਨਹੀਂ ਹੋ ਸਕਦੇ। ਕਰਤਾ ਪੁਰਖ ਆਪ ਅਨੰਤ ਹੈ ਤੇ ਉਸ ਦੇ ਕਰਨਿਆਂ ਦਾ ਵਿਸਥਾਰ ਇਤਨਾ ਹੈ ਕਿ ਇਨਸਾਨ ਲਈ ਗੇਣਤੀ ਕਰ ਸਕਣੀ ਮਹਾਨ ਕਠਨ ਹੈ। ਬੇਸ਼ੁਮਾਰ ਦਾ ਭਾਵ ਏਥੇ ਬਹੁਤਾਤ ਲੈਣਾ ਹੈ, 'ਅਨੰਤ' ਨਹੀਂ। 'ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥' (ਰਾਉ: ਮ: ੧)। ਇਥੇ 'ਕਵਣੁ ਸੁਮਾਰੁ' ਦਾ ਭਾਵ 'ਅਨੰਤ' ਹੈ। (ਫ਼ਾ:, ਸ਼ੁਮਾਰ = ਗੇਣਤੀ)।

ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸਤੇ ਭਾਰੁ ਤਲੈ ਕਵਣੁ ਜੋਰੁ॥

ਜੀਅ ਜਾਤਿ ਰੰਗਾ ਕੇ ਨਾਵ॥
ਸਭਨਾ ਲਿਖਿਆ ਵੁੜੀ ਕਲਾਮ॥
ਏਹੁ ਲੇਖਾ ਲਿਖਿ ਜਾਣੈ ਕੋਇ॥
ਲੇਖਾ ਲਿਖਿਆ ਕੇਤਾ ਹੋਇ॥
ਕੇਤਾ ਤਾਣੁ ਸੁਆਲਿਹੁ ਰੂਪੁ॥
ਕੇਤੀ ਦਾਤਿ ਜਾਣੈ ਕੌਣੁ ਕੂਤੁ॥
ਕੀਤਾ ਪਸਾਉ ਏਕੋ ਕਵਾਉ॥

ਤਿਸਤੇ ਹੋਏ ਲਖ ਦਰੀਆਉ॥
ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥੧੬॥

ਸਚਿਆਰ[1] ਹੋ ਜਾਂਦਾ ਹੈ। (ਪਰ ਜੇ ਕੋਈ ਇਸ ਤਰ੍ਹਾਂ ਵੀਚਾਰ ਨਾ ਕਰੇ ਤਾਂ ਦੱਸੇ ਕਿ ਸਰੀਰ ਵਾਲੇ) ਬਲਦ ਉੱਤੇ ਕਿੰਨਾ ਕੁ ਭਾਰ ਹੈ? (ਭਾਵ ਕੋਈ ਬਲਦ ਧਰਤੀ ਦਾ ਭਾਰ ਨਹੀਂ ਸਹਿ ਸਕਦਾ, ਕਿਉਂਕਿ) ਧਰਤੀ ਹੋਰ ਹੈ (ਉਸ ਤੋਂ) ਪਰੇ ਹੋਰ (ਫੇਰ) ਹੋਰ (ਧਰਤੀ) ਹੈ। ਉਸ ਦੇ ਭਾਰ ਹੇਠਾਂ ਕਿਹੜਾ ਜ਼ੋਰ ਹੈ? (ਭਾਵ ਹੋਰ ਕੌਣ ਬਲ ਵਾਲਾ ਸਰੀਰ ਧਾਰੀ ਆਸਰਾ ਹੈ?)। (ਜਿਸ ਨੇ ਕਿਹਾ ਇਕ ਧਰਤੀ ਹੈ ਤੇ ਹੇਠਾਂ ਬੌਲਦ ਹੈ, ਉਸ ਨੇ ਆਪਣੀ ਵਲੋਂ ਸ਼ੁਮਾਰ ਕਹਿ ਦਿੱਤਾ, ਜਿਸ ਦੀ ਭੁੱਲ ਉਪਰ ਦੱਸੀ ਗਈ ਹੈ, ਹੁਣ ਆਪ ਪ੍ਰਸ਼ਨ ਕਰਕੇ ਦੱਸਦੇ ਹਨ ਕਿ ਧਰਤੀ ਹੇਠ ਦਾ ਤਾਂ ਬੌਲਦ[2] ਕਹਿਕੇ ਸ਼ੁਮਾਰ ਕਹਿ ਲਿਆ, ਧਰਤੀ ਦੇ ਉੱਤੇ ਜੋ ਅਣਗਿਣਤ ਜੀਵ ਰਹਿੰਦੇ ਹਨ ਉਨ੍ਹਾਂ ਦਾ ਸਮਾਚਾਰ ਬੀ ਬੇਸ਼ੁਮਾਰ ਹੈ। ਆਪ ਦੱਸਦੇ ਹਨ ਕਿ ਧਰਤੀ ਉਤੇ) ਜੀਵ (ਕਈ ਤਰ੍ਹਾਂ ਦੀਆਂ) ਜਾਤਾਂ, ਰੰਗਾਂ ਤੇ ਨਾਵਾਂ ਦੇ ਹਨ (ਇਨ੍ਹਾਂ) ਸਭਨਾਂ ਨੂੰ (ਇਕ ਸਦਾ) ਚਲ ਰਹੀ ਕਲਮ ਨੇ ਹੀ ਲਿਖਿਆ ਹੈ (ਭਾਵ ਇਨਾਂ ਦਾ ਲੇਖਾ ਕਰਤਾਰ ਆਪ ਹੀ ਜਾਣਦਾ ਹੈ, ਹੋਰ) ਕੌਣ ਇਹ ਲੇਖਾ ਲਿਖਣਾ ਜਾਣਦਾ ਹੈ। (ਜੇ ਮਾਨੁੱਖ ਤੋਂ) ਲੇਖਾ ਲਿਖਿਆ ਬੀ ਜਾਵੇ (ਤਾਂ ਉਹ) ਕਿੰਨਾ ਕੁ ਹੋ ਜਾਏਗਾ? (ਭਾਵ ਅਧੂਰਾ ਹੀ ਰਹੇਗਾ)। ਕਿਤਨਾ ਬਲ ਹੈ, ਕਿਤਨਾ ਸੁਹਣਾ ਰੂਪ ਹੈ, ਕਿੰਨੀ ਦਾਤ ਹੈ, ਕੌਣ (ਇਸ ਬੇਅੰਤਤਾਈ ਦੀ) ਗੇਣਤੀ ਮੇਣਤੀ ਕਰ ਸਕਦਾ ਹੈ। (ਹਾਂ ਉਹ ਸਰਬ ਸਮਰਥ ਆਪ ਹੀ ਜਾਣਦਾ ਹੈ ਜਿਸਨੇ) ਇਕ ਵਾਕ ਨਾਲ ਸਾਰਾ (ਜਗਤ) ਪਸਾਰਾ ਪਸਾਰ ਦਿੱਤਾ ਹੈ। ਉਸ ਤੋਂ (ਫੇਰ ਜਗਤ ਪ੍ਰਬੰਧ ਦੇ) ਲੱਖਾਂ ਪ੍ਰਵਾਹ ਟੁਰ ਪਏ[3]। (ਮੇਰੇ ਵਿਚ ਐਤਨਾ) ਬਲ ਕਿੱਥੇ ਕਿ ਮੈਂ ਉਨ੍ਹਾਂ ਦਾ ਵਰਣਨ ਕਰ ਸਕਾਂ, (ਜਦ ਵਰਣਨ ਹੋ ਹੀ ਨਹੀਂ ਸਕਦਾ ਤਾਂ) ਕਿਉਂ ਨਾ ਮੈਂ ਇਕੋ ਵੇਰੀ (ਰਚਨਹਾਰ ਤੋਂ) ਸਦਕੇ ਹੋ ਜਾਵਾਂ? (ਭਾਵ ਸੋਚਾਂ ਵਿਚਾਰਾਂ ਵਿਚ ਪੈਣ ਨਾਲੋਂ ਕੁਦਰਤ ਵੇਖਕੇ ਸਿਫਤ ਸਲਾਹ ਵਿਚ ਜਾ ਕੇ ਵਾਹ ਵਾਹ ਵਾਹ ਕਿ

[1] 'ਜੋ ਕੋ ਬੁਝੈ ਹੋਵੈ ਸਚਿਆਰੁ' ਦਾ ਸੰਪ੍ਰਦਾਈ ਅਰਥ ਐਉਂ ਬੀ ਹੈ:-ਜੇ ਕੋਈ ਇਹ ਗੱਲ ਬੁੱਝਕੇ ਸਚਿਆਰ ਹੋਣਾ ਚਾਹੇ ਕਿ ਧਰਤੀ ਹੇਠਾਂ ਬੌਲਦ ਠੀਕ ਹੈ ਤਾਂ ਉਸ ਤੋਂ ਪੁੱਛਿਆ ਚਾਹੀਏ ਕਿ 'ਧਵਲੈ ਉਪਰਿ ਕੇਤਾ ਭਾਰੁ॥ ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸਤੇ ਭਾਰੁ ਤਲੇ ਕਵਣੁ ਜੋਰੁ॥'

[2] ਜੇ ਧਰਤੀ ਹੇਠਾਂ ਬੌਲਦ ਤੇ ਉਸ ਹੇਠਾਂ ਕੁਛ ਹੋਰ ਦੀ ਲੜੀ ਤੋਰੀਏ, ਅੰਤ ਨਿਰਾਧਾਰ ਮੰਨਣਾ ਪਊ। ਫੇਰ ਇਕ ਧਰਤੀ ਨਹੀਂ ਹੋਰ ਹੋਰ, ਉਸ ਤੋਂ ਪਰੇ ਹੋਰ, ਭਾਵ ਅਨੇਕਾਂ ਹਨ, ਸਾਰਿਆਂ ਲਈ ਬੌਲਦ ਮੰਨਕੇ ਕਿਥੇ ਢੋਈ? ਅੰਤ ਸਾਈਂ ਦੇ ਬੱਧੇ ਨਿਯਮ ਤੇ ਹੀ ਟਿਕਾਉ ਹੋਵੇਗਾ।

[3] ਇਸ ਵਿਚ ਇਕ ਸੈਨਤ ਹੈ ਕਿ ਦ੍ਰਿਸ਼ਟਮਾਨੀ ਸਾਮਾਨ ਇਕ ਵਾਕ ਨਾਲ ਪੈਦਾ ਹੋ ਗਿਆ, ਉਸ ਤੋਂ ਮਗਰੋਂ ਫੇਰ ਨਾਨਾ ਪ੍ਰਕਾਰ ਦੀਆਂ ਖਾਣੀਆਂ ਬਾਣੀਆਂ, ਹੋਰ ਸਾਮਾਨ, ਜੀਆ ਜੰਤ ਉਪਜ ਪਏ।

ਬਲਿਹਾਰ ਬਲਿਹਾਰ ਕਹਿਣ ਲਗ ਪਵਾਂ ਤੇ ਉਸ ਰੰਗ ਵਿਚ ਆਖਾਂ):ਹੇ ਨਿਰੰਕਾਰ! ਤੂੰ ਸਦਾ ਸਲਾਮਤ ਹੈਂ, ਜੋ ਤੈਨੂੰ ਭਾਉਂਦਾ ਹੈ ਓਹੋ ਭਲਾ ਕੰਮ ਹੈ॥੧੬॥

ਵਯਾਖਯਾ- ਐਉਂ ਜਾਪਦਾ ਹੈ, 'ਪੰਚਾ ਕਾ ਗੁਰੁ ਏਕੁ ਧਿਆਨੁ' ਸੁਣਕੇ ਕਿਸੇ ਨੇ ਕਿਹਾ ਹੈ ਕਿ ਇਹ ਆਪ ਨੇ ਇਥੋਂ ਤਾਈਂ ਸਿਖ ਨੂੰ 'ਕਰਤਾ ਕਾਦਰ' ਦੀ ਪ੍ਰਾਪਤੀ ਦੀ ਜੁਗਤ ਦੱਸ ਦਿਤੀ ਹੈ, ਪਰ ਅਸੀਂ ਕੁਦਰਤ ਵਿਚ ਹਾਂ, ਮਾਨੋ ਕੁਦਰਤ ਦਾ ਹਿੱਸਾ ਹਾਂ, ਇਸ ਪਰ ਹੀ ਜੀਵਨ ਦਾ ਆਸਰਾ ਹੈ, ਇਹੋ ਦ੍ਰਿਸ਼ਟਮਾਨੀ ਕੁਦਰਤ ਹੀ ਆਪਣੇ ਵੱਲ ਖਿੱਚਦੀ ਤੇ ਸਾਨੂੰ ਕਰਤਾ ਕਾਦਰ ਵਿਚ ਨਹੀਂ ਲੱਗਣ ਦੇਂਦੀ, ਕੁਛ ਵੀਚਾਰ ਕੁਦਰਤ ਦੀ ਬੀ ਦੱਸੋ? ਤਾਂ ਉੱਤਰ ਦੇਂਦੇ ਹਨ: 'ਕੁਦਰਤਿ ਕਵਣ ਕਹਾ ਵੀਚਾਰੁ॥' ਮੇਰੇ ਵਿਚ ਤਾਕਤ ਕਿੱਥੇ ਕਿ ਮੈਂ ਕੁਦਰਤ ਦਾ ਵੀਚਾਰ ਕਹਾਂ ਤੇ ਕਿਤਨਾ ਕੁ ਕਹਾਂ ਉਹ ਤਾਂ ਬੇਸ਼ੁਮਾਰ ਹੈ ਤੇ ਜੇ ਕੋਈ ਹੋਰ ਕਹੇ ਤਾਂ ਉਹ ਬੀ ਕਰੇ ਵੀਚਾਰ, ਵੀਚਾਰ ਕੇ ਦੇਖ ਲਵੇਗਾ ਕਿ ਕਰਤੇ ਦੇ ਕਰਣਿਆਂ ਦਾ ਸ਼ੁਮਾਰ ਹੋ ਹੀ ਨਹੀਂ ਸਕਦਾ। ਨਮੂਨੇ ਲਈ ਤੁਸੀਂ ਇਕ ਗੱਲ ਲੈ ਲਓ ਕਿ ਪੰਡਤ ਲੋਕ ਦੱਸਦੇ ਹਨ ਧਰਤੀ ਹੇਠਾਂ ਬੌਲਦ ਹੈ ਜੋ ਇਸ ਨੂੰ ਚੁੱਕੀ ਖੜਾ ਹੈ, ਪਰ ਸੋਚ ਕੇ ਤੱਕੋ ਧਰਤੀ ਇਡੀ ਭਾਰੀ ਹੈ, ਕਿਸ ਬਲਦ ਦੀ ਪਾਂਇਆਂ ਹੈ ਕਿ ਇਸ ਦਾ ਭਾਰ ਝੱਲ ਸਕੇ। ਧਰਤੀ ਪਰੇ ਤੋਂ ਪਰੇ ਹੈ, ਭਾਵ ਇਸ ਦਾ ਵਿਸਥਾਰ ਬਹੁਤ ਵੱਡਾ ਹੈ। ਜੇ ਮੰਨੋ ਕਿ ਹੇਠਾਂ ਬੌਲਦ ਐਡਾ ਵੱਡਾ ਹੈ ਜੇਡੀ ਧਰਤੀ, ਤਾਂ ਉਹ ਕਿਸ ਪਰ ਖੜਾ ਹੈ? ਜੇ ਅਗੋਂ ਹੋਰ ਆਸਰਾ ਮੰਨੋਂ ਤਾਂ ਅਖ਼ੀਰਲੇ ਨੂੰ ਨਿਰਆਸਰਾ ਮੰਨਣਾ ਪਊ, ਤਾਂ ਪਹਿਲੇ ਹੀ ਕਿਉਂ ਨਾਂ ਇਹ ਗੱਲ ਮੰਨੋਂ ਕਿ ਉਸੇ ਕਰਤਾ ਪੁਰਖ ਦਾ ਬੱਧਾ ਧਰਮ (ਇਕ ਨੇਮ ਯਾ ਕਾਨੂੰਨ) ਹੈ, ਉਹ ਧਰਤੀ ਨੂੰ ਸੰਭਾਲ ਰਿਹਾ ਹੈ। ਉਹ ਨਿਯਮ ਰੂਪੀ ਧਰਮ ਈਸ਼੍ਵਰ ਇੱਛਾ (ਹੁਕਮ) ਤੋਂ ਉਪਜਿਆ ਹੈ, ਉਸ ਨੇ ਰਚਨਾ ਦੇ ਪ੍ਰਬੰਧ ਵਿਚ ਵਿਰੋਧੀ ਸਾਮਾਨਾਂ ਨੂੰ ਅਵਿਰੋਧੀ ਰੰਗ ਵਿਚ ਰਖਿਆ ਹੈ, ਇਹ ਉਨ੍ਹਾਂ ਵਿਚ 'ਸੰਤੋਖ' ਹੈ। ਤ੍ਰੈਏ ਪਦ ਧਰਮ, ਦਇਆ ਤੇ ਸੰਤੋਖ ਏਥੇ ਦੋ ਭਾਵਾਂ ਵਿਚ ਘਟਦੇ ਹੈਨ:-

੧. ਪਹਿਲੇ 'ਜਗਤ ਪ੍ਰਬੰਧ' ਤੇ ਘਟਦੇ ਹਨ, ਐਉਂ ਕਿ ਈਸ਼੍ਵਰੀਯ ਨਿਯਮ ਜਗਤ ਪ੍ਰਬੰਧ ਟੋਰ ਰਿਹਾ ਹੈ। ਬੌਲਦ ਆਦਿ ਆਸ਼੍ਰੇ ਨਹੀਂ। ਇਸ ਚਲਾਏ ਗਏ ਨਿਯਮ ਵਿਚ ਦਇਆ 'ਈਸ਼੍ਵਰੇਛਾ' ਵਿਚ ਹੈ। ਪ੍ਰਮਾਣੂਆਂ ਯਾ ਵੱਡੇ ਆਕਾਰ ਵਾਲਿਆਂ ਵਿਚ (ਦੋਹਾਂ ਵਿਚ) ਜੋ ਨਿਯਮ ਬੱਧੇ ਹਨ, ਉਨ੍ਹਾਂ ਵਿਚ ਪਰਸਪਰ ਮਿਲਨੇ ਦਾ ਬੀ ਇਕ ਨਿਯਮ ਹੈ। ਸੰਤੋਖ ਦਾ ਅਰਥ ਹੈ ਜਿਤਨੀ ਪ੍ਰਾਪਤੀ ਹੈ ਉਸ ਤੇ ਸੁਖੀ ਰਹਿਣਾ। ਰਚਨਾਂ ਦੇ ਪਦਾਰਥਾਂ ਵਿਚ ਆਪਣੇ ਆਪ ਵਿਚ ਟਿਕੇ ਰਹਿਣ ਦਾ ਸੁਭਾਵ ਸੰਤੋਖ ਹੈ। ਦੇਖੋ ਵਿਰੋਧੀ ਤੱਤ ਮਿਰਯਾਦਾ ਬੱਧੇ ਅਵਿਰੋਧੀ ਬੀ ਹੋ ਰਹੇ ਹਨ।

੨. ਦੂਸਰਾ ਭਾਵ-ਕਿਉਂਕਿ ਅੱਗੇ ਚੱਲਕੇ ਇਸ ਧਰਤੀ ਪਰ ਵੱਸ ਰਹੇ ਜੀਵਾਂ ਦਾ ਜ਼ਿਕਰ ਹੈ 'ਜੀਅ ਜਾਤਿ ਰੰਗਾ ਕੇ ਨਾਵ॥' ਸੋ ਪ੍ਰਸ਼ਨ ਹੁੰਦਾ ਹੈ ਕਿ ਜਿਵੇਂ ਜਗਤ ਪ੍ਰਬੰਧ ਵਿਚ ਧਰਮ ਦਇਆ ਤੇ ਸੰਤੋਖ ਦੀ ਥਾਂ ਹੈ ਤਿਵੇਂ ਇਨ੍ਹਾਂ ਤਿੰਨਾਂ ਦਾ 'ਜੀਵ ਸ੍ਰਿਸ਼ਟੀ ਦੇ ਪ੍ਰਬੰਧ' ਵਿਚ ਕੀ ਟਿਕਾਣਾ ਹੈ?

ਉੱਤਰ-ਜੀਵ ਸ੍ਰਿਸ਼ਟੀ ਵਿਚ ਜੀਵਾਂ ਦਾ ਵਰਤਾਉ ਪਰਸਪਰ ਧਰਮ (ਨਿਆਂ) ਦਇਆ ਦੇ ਆਸ਼੍ਰਿਤ ਹੋਵੇ ਤੇ ਯਥਾ ਲਾਭ ਸੰਤੋਖ ਹੋਵੇ ਹਰ ਜੀਵ ਦੇ ਅੰਦਰ, ਤਾਂ ਜੀਵ ਸ਼੍ਰੇਣੀ ਦਾ ਪ੍ਰਬੰਧ ਬੀ ਸੂਤ ਟੁਰਦਾ ਹੈ, ਕੁਸੂਤਤਾਈ ਨਹੀਂ ਰਹਿੰਦੀ। ਭਾਵ ਮਨੁੱਖ ਸ਼੍ਰੇਣੀ ਦੀ ਭਾਈਚਾਰਕ ਤੇ ਨੈਤਕ ਅਵਸਥਾ ਸੁਖ ਵਾਲੀ ਹੋ ਜਾਂਦੀ ਹੈ।

ਇਸ ਧਰਤੀ ਦਾ ਆਕਾਰ ਤੇ ਭਾਰ ਤੱਕ ਕੇ, ਇਸ ਉਤੇ ਦਿੱਸ ਰਹੀ ਇਸ ਦੀ ਉਪਜਾਉ

www.sikhbookclub.com

ਸ਼ਕਤੀ ਤੇ ਦਾਤ ਸ਼ਕਤੀ, ਇਸ ਪਰ ਇਸ ਦੀ ਸੁੰਦਰਤਾ ਆਦਿ ਤੱਕ ਕੇ ਇਸ ਨੂੰ ਬੇਸ਼ੁਮਾਰ ਪਾਓਗੇ ਤਾਂ ਤੇ ਕਰਤਾ ਪੁਰਖ ਵਲ ਹੀ ਆ ਜਾਓ ਕਿ ਜਿਸ ਦੇ ਸੰਕਲਪ ਮਾਤ੍ਰ ਕਰਨੇ ਕਰਕੇ ਤੇ ਇਕ ਵਾਕ ਕਹਿਣੇ ਤੇ ਇਹ ਦ੍ਰਿਸ਼ਟਮਾਨੀ ਰਚਨਾ ਹੋ ਗਈ ਤੇ ਇਸ ਤੋਂ ਅਗੇ ਫੇਰ ਲੱਖਾਂ ਪ੍ਰਵਾਹ ਟੁਰ ਪਏ ਤੇ ਧਰਤੀਆਂ ਚੰਦਾਂ ਸੂਰਾਂ ਦੇ ਤੇ ਉਪਰ ਦੇ ਸਾਮਾਨ ਉਪਜ ਪਏ, ਉਸ ਦੀ ਇਸ ਸਾਰੀ ਕੁਦਰਤ ਦਾ ਵੀਚਾਰ ਵਰਣਨ ਕਰਨ ਦੀ ਕੁਦਰਤ (ਤਾਕਤ) ਕਿਸ ਵਿਚ ਹੈ, ਜੋ ਵੀਚਾਰ ਕਹਿ ਸਕੇ। ਮੈਂ ਤਾਂ ਇਹ ਪੱਖ ਨਹੀਂ ਲੈਂਦਾ, ਮੇਰਾ ਪੱਖ ਤਾਂ ਇਹ ਹੈ; ਹੇ ਕਰਤਾ ਪੁਰਖ ! ਤੇਰੇ ਬੇਸ਼ੁਮਾਰ ਕਰਨਿਆਂ, ਦਾਤਾਂ, ਸ਼ਕਤੀਆਂ, ਸੁੰਦਰਤਾਈਆਂ ਤੇ ਰੂਪ ਰੰਗ ਵੇਖਕੇ ਮੈਂ ਤੈਥੋਂ ਬਲਿਹਾਰ ਪਿਆ ਹੋਵਾਂ, ਭਾਵ ਤੇਰੀ ਸਿਫਤ ਸਲਾਹ ਵਿਚ ਚਲਾ ਜਾਵਾਂ ਤੇ ਉਸ ਰੰਗ ਰੰਗਿਆ ਪਿਆ ਉਚਾਰਾਂ: 'ਹੇ ਨਿਰੰਕਾਰ ! ਇਹ ਤੇਰੀ ਕੁਦਰਤ ਆਪਣੇ ਰੰਗ ਪਲਟ ਪਲਟ ਕੇ ਬਦਲਣਹਾਰ ਰੂਪ ਦਿਖਾ ਰਹੀ ਹੈ ਪਰ ਤੂੰ ਹੈਂ ਜੋ ਸਦਾ ਸਲਾਮਤ ਇਕ ਰੰਗ ਇਕ ਰਸ ਹੈਂ। ਹੇ ਦਾਤਾ! ਮੈਨੂੰ ਬਖਸ਼ ਕਿ ਮੈਂ ਇਸ ਰੰਗ ਵਿਚ ਸਦਾ ਰਹਾਂ; ਜੋ ਤੈਨੂੰ ਭਾਉਂਦਾ ਹੈ ਉਹੀ ਭਲੀ ਗਲ ਹੈ'। ਅਰਥਾਤ ਮੈਂ ਤੇਰੀ ਰਜ਼ਾ ਵਿਚ ਸਦਾ ਰਾਜ਼ੀ ਰਹਾਂ। ਦੇਖੋ ਪਉੜੀ ਦੇ ਅਖੀਰ ਤੇ ਆਕੇ ਦ੍ਰਿਸ਼ਟਮਾਨੀ ਵਰਣਨ ਕਰਕੇ ਵਾਰਨੇ ਜਾਣ ਦਾ ਭਾਵ ਦਰਸਾਕੇ ਕੀਕੂੰ ਸਿਫਤ ਸਲਾਹ ਵਿਚ ਲੈ ਗਏ ਹਨ ਕਿ ਲਿਵ ਦੀ ਤਾਰ ਬਹਿਰੰਗ ਦਰਸ਼ਨਾਂ ਨਾਲ ਬੀ ਟੁਰੀ ਰਹੇ ਤੇ ਫੇਰ ਓਹੋ 'ਆਦਿ ਸਚੁ' ਵਾਲੀ ਸਿਫਤ ਉਚਾਰੀ-ਤੂੰ ਸਦਾ, ਹੇ ਨਿਰੰਕਾਰ! ਸਲਾਮਤ ਹੈਂ, ਇਸ ਵਿਚ 'ਹੁਕਮਿ ਰਜਾਈ ਚਲਣਾ' ਵਾਲਾ ਸਿਧਾਂਤ ਹੀ ਦ੍ਰਿੜ ਕਰਾਇਆ ਹੈ ਜੋ ਪਹਿਲਾਂ ਅੰਤਰਮੁਖ ਸਾਧਨਾਂ ਨਾਲ ਦ੍ਰਿੜ ਕਰਾਇਆ ਸੀ।

ਅੰਤਰਿ ਬਸੇ ਬਾਹਰਿ ਭੀ ਓਹੀ॥ ਨਾਨਕ ਦਰਸਨੁ ਦੇਖਿ ਸਭ ਮੋਹੀ॥ (ਸੁਖਮਨੀ ੨੩-੪)

ਕਿਉਂਕਿ- **ਅੰਤਰਗਤਿ ਜਿਸੁ ਆਪ ਜਨਾਏ॥**

ਉਸ ਨੂੰ ਬਾਹਰੋਂ ਦ੍ਰਿਸ਼ਟਮਾਨ ਤੋਂ ਬੀ **'ਨਾਨਕ ਤਿਸੁ ਜਨ ਆਪਿ ਬੁਝਾਏ॥** (ਸੁਖਮਨੀ ੨੩-੫)

ਕੀ ਬੁਝਾਏ? ਕਿ--

ਸਰਬ ਭੂਤ ਆਪਿ ਵਰਤਾਰਾ॥ ਸਰਬ ਨੈਨ ਆਪਿ ਪੇਖਨਹਾਰਾ॥ (ਸੁਖਮਨੀ ੨੩-੬)

ਹਾਂ ਜੀ, ਓਹੋ-**ਸਰਬ ਕਲਾ ਕਰਿ ਖੇਲੈ ਖੇਲ॥** (ਸੁਖਮਨੀ ੨੩-੩)

ਪਰ- **ਆਪਿ ਅਡੋਲੁ ਨ ਕਬਹੂ ਡੋਲੈ॥** (ਸੁਖਮਨੀ ੨੩-੩)

ਓਹੋ ਗਲ ਆਖੀ ਹੈ ਪੰਚਮ ਗੁਰੂ ਜੀ ਨੇ-'ਤੂ ਸਦਾ ਸਲਾਮਤਿ ਨਿਰੰਕਾਰ' -ਵਾਲੀ, ਜੋ ਕਹੀ ਹੈ ਏਥੇ ਗੁਰੂ ਬਾਬੇ ਨੇ।

ਇਸ ਪਉੜੀ ਵਿਚ ਇਹ ਉਪਦੇਸ਼ ਬੀ ਹੈ ਕਿ ਜਦ ਕੁਦਰਤ ਦੀ ਫੋਲਾ ਫਾਲੀ ਪ੍ਰਾਕ੍ਰਿਤਕ ਵਿਗਜਾਨ ਨਾਲ ਕਰੋ ਤਦ ਕਰਤਾ ਪੁਰਖ ਤੋਂ ਬੇਮੁਖ ਨਾ ਹੋ ਜਾਓ, ਉਸ ਦੀ ਸਿਫਤ ਸਲਾਹ ਵਿਚ ਵਧੇਰੇ ਆਓ। ''ਅੰਤਰਿ ਬਸੇ'' ਨੂੰ 'ਬਾਹਰਿ ਭੀ ਓਹੀ' ਕਰਕੇ ਵੇਖੋ ਤੇ ਵਿਸਮਯ ਹੋਵੋ।

ਨਿਰੁਕ੍ਤ- ਧਰਮੁ-(ਸੰਸ, ਧਰ੍ਮ=ਆਈਨ, ਕਾਨੂੰਨ, ਨੇਮ) ਕਿਸੇ ਵਸਤੂ ਦੀ ਯਾ ਵਜਕਤੀ ਦੀ ਓਹ ਬ੍ਰਿਤੀ ਜੋ ਉਸ ਵਿਚ ਸਦਾ ਰਹੇ ਤੇ ਉਸ ਤੋਂ ਵੱਖ ਨਾ ਹੋਵੇ। ਕਰਤੱਵਜ, ਨੇਕੀ, ਫਰਜ਼ ਆਦਿ। (ਸੰ: ਸ਼: ਕੋਂ:) ਨਿਯਮ। ਹੋਰ ਦੇਖੋ ਪਿਛੇ ਪੰਨਾ ੮੩ ਪਉੜੀ ੧੨-੧੫ ਦੇ ਨਿਰੁਕ੍ਤ ਵਿਚ)।

ਦਇਆ ਕਾ ਪੂਤੁ-ਦਇਆ ਦਾ ਪੁਤ੍ਰ, ਭਾਵ ਹੈ ਈਸ਼੍ਵਰ ਦੀ ਦਇਆ ਤੋਂ ਉਪਜਿਆ ਹੈ।

ਸੰਤੋਖੁ-ਯਥਾ ਲਾਭ ਖੁਸ਼ ਰਹਿਣਾ, ਹੋਰ ਨਾ ਮੰਗਣਾ। ਇਥੇ ਇਹ ਬੀ ਭਾਵ ਹੈ:ਆਪਣੇ ਨਿਯਮਾਂ ਵਿਚ ਸੁਖ ਸ਼ਾਂਤੀ ਪੂਰਬਕ ਟੁਰੇ ਰਹਿਣਾ ਤੇ ਉਨ੍ਹਾਂ ਦੀ ਉਲੰਘਣਾ ਨਾ ਕਰਨਾ।

ਸੂਤਿ-ਧਾਗਾ, ਧਾਗੇ ਵਿਚ ਪਰੋਤਿਆਂ ਜਿਵੇਂ ਮਣਕੇ ਪ੍ਰਬੰਧ ਵਿਚ ਹੋ ਜਾਂਦੇ ਹਨ। ਸੂਤ ਥਾਪਣਾ=ਪ੍ਰਬੰਧ ਬੰਨ੍ਹਣਾ।

ਵੁੜੀ ਕਲਾਮ-(ਵੁੜਨਾ=ਵਹਿਣਾ, ਚਲਣਾ) ਚਲ ਰਹੀ ਕਲਮ।

(ਅ) ਸੰਪ੍ਰ: ਵਿਚ, 'ਹੁਕਮ ਰੂਪ ਕਲਮ' ਬੀ ਭਾਵ ਕਰਦੇ ਹਨ।

(ੲ) 'ਮੱਥੇ ਉਤੇ ਵਹਿ ਚੁਕੀ ਕਲਮ' ਬੀ ਕਰਦੇ ਹਨ।

ਪ੍ਰਮਾਣ-**ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥** (ਸਿਰੀ: ਮ: ੧, ਪਹਰੇ ੧)

ਤਾਣੁ-ਬਲ। (ਅ) ਵਿਸਥਾਰ।

ਸੁਆਲਿਹੁ-(ਪੰਜਾ; ਸੁਆਲਿਓ, ਪ੍ਰਾ: ਸੁਅਲੰਕਿਯ। ਸੰਸ:, ਸ੍ਵਲੰਕ੍ਰਿਤ) ਸਜਿਆ ਫਬਿਆ ਸੁਹਣਾ।

ਕੂਤੁ-(ਅ:, ਕੂਤ=ਖ਼ੁਰਾਕ। ਪੰਜਾਬੀ, ਕੂਤ=ਅੰਦਾਜ਼ਾ) ਖੜੇ ਫਸਲਾਂ ਨੂੰ ਦੇਖ ਮਿਣਕੇ ਦਾਣੇ ਦਾ ਤੋਲ ਤੇ ਮੁੱਲ ਜਾਚ ਲੈਣਾ।

ਦਰੀਆਉ-ਫਾ:, ਦਰਜਾ ਨਦ, ਸਮੁੰਦਰ, ਭਾਵ ਹੈ ਜਗਤ ਪ੍ਰਬੰਧ ਦੇ ਪ੍ਰਵਾਹ। ਲੋਕ, ਸੂਰਜ, ਚੰਦ, ਤਾਰੇ, ਰਾਸ਼ੀਆਂ, ਨਛੱਤਰ, ਉਹਨਾਂ ਵਿਚ ਦੇ ਸਾਮਾਨ।

'ਕੁਦਰਤਿ ਕਵਣੁ ਕਹਾ ਵੀਚਾਰੁ' ਪ੍ਰਸ਼ਨ ਵਾਚੀ ਵਾਕ ਹੈ। ਇਸ ਤਰ੍ਹਾਂ ਹੀ 'ਵਾਰਿਆ ਨ ਜਾਵਾ ਏਕ ਵਾਰ' ਪ੍ਰਸ਼ਨ ਵਾਚੀ ਹੈ 'ਕਿਉਂ ਨਾ ਵਾਰਿਆ ਜਾਵਾਂ?' ਭਾਵ ਇਹ ਹੈ ਕਿ ਮੈਂ ਵੀਚਾਰ ਕਰਨੋਂ ਅਸਮਰੱਥ ਹਾਂ; ਤਾਂਤੇ ਮੈਂ ਸਿਫਤ ਸਲਾਹ ਵਿਚ ਜਾਂਦਾ ਹਾਂ ਤੇ ਬਲਿਹਾਰ ਬਲਿਹਾਰ ਪਿਆ ਹੁੰਦਾ ਹਾਂ।

(ਅ) ਵਾਰ ਦਾ ਅਰਥ ਦਾਨੇ ਲੋਕ ਵਾਲ ਤੇ ਦਿਹਾੜੀ ਬੀ ਲਾਉਂਦੇ ਹਨ। ਤੇਰੇ ਸਾਜੇ 'ਇਕ ਵਾਲ' ਦੀ ਬਨਾਵਟ ਵਿਚ ਜੋ ਤੇਰੀ ਕਾਰੀਗਰੀ ਦਿੱਸਦੀ ਹੈ ਉਸਤੋਂ ਮੈਂ ਸਦਕੇ ਨਹੀਂ ਹੋ ਸਕਦਾ (ਸਾਰੀ ਦਾਤ ਦਾ ਤਾਂ ਕਿਆ ਹੀ ਕਹਿਣਾ ਹੈ।)

(ੲ) ਇਕ ਦਿਹਾੜੀ ਨਹੀਂ ਮੈਂ ਹਰ ਦਿਉਹਾੜੀ ਤੈਥੋਂ ਵਾਰਨੇ ਹਾਂ।

(ਸ) ਮੈਂ ਤੈਥੋਂ ਇਕ ਵਾਰੀ ਬੀ ਵਾਰਨੇ ਹੋਣ ਲਾਇਕ ਨਹੀਂ, ਇਉਂ ੭ ਅਰਥ ਲਾਉਂਦੇ ਹਨ।

(ਪਉੜੀ ੧੭-੧੮)

ਪ੍ਰਾਕ੍ਕਥਨ- ਪਉੜੀ ੧੬ ਵਿਚ ਕਰਤੇ ਦੇ ਕਰਣਿਆਂ ਵਲ ਨਜ਼ਰ ਪੁਆਕੇ ਇਸ ਧਰਤੀ ਦੇ ਹੇਠਾਂ, ਫੇਰ ਉਪਰ ਨਜ਼ਰ ਭੁਆਕੇ, ਸੁੰਦਰਤਾ, ਦਾਤ ਤੇ ਵਰਤ ਰਹੀ ਸ਼ਕਤੀ ਦਾ ਦਰਸ਼ਨ ਦਿਖਾਕੇ ਕਰਤਾ ਪੁਰਖ ਵਲ ਧਿਆਨ ਨੂੰ ਲੈ ਗਏ ਸਨ। ਹੁਣ ਧਰਤੀ ਉਤੇ ਵੱਸ ਰਹੇ ਮਨੁੱਖਾਂ ਨੂੰ ਲੈਂਦੇ ਹਨ। ਉਨ੍ਹਾਂ ਵਿਚੋਂ ਪਉੜੀ ੧੭ ਵਿਚ ਨੇਕੀ ਵਲ ਲਗੇ ਬੰਦਿਆਂ ਦਾ ਜ਼ਿਕਰ ਕਰਕੇ ਫੇਰ ਕਰਣਿਆਂ ਦੇ ਕਰਤਾ ਜੀ ਵਲ ਹੀ ਧਿਆਨ ਨੂੰ ਖਿੱਚ ਖੜਦੇ ਹਨ। ਇਸੇ ਤਰ੍ਹਾਂ ਪਉੜੀ ੧੮ ਵਿਚ ਬਦੀ ਵਿਚ ਖਚਿਤ ਮਾਨੁੱਖਾਂ ਦਾ ਜ਼ਿਕਰ ਕਰਕੇ ਫੇਰ ਕਰਤਾ ਪੁਰਖ ਦੀ ਸਿਫਤ ਸਲਾਹ ਵਿਚ ਲੈ ਚੜ੍ਹਦੇ ਹਨ।

ਮੂਲ	ਅਰਥ
ਅਸੰਖ ਜਪ ਅਸੰਖ ਭਾਉ॥ **ਅਸੰਖ ਪੂਜਾ ਅਸੰਖ ਤਪਤਾਉ॥** **ਅਸੰਖ ਗਰੰਥ ਮੁਖਿ ਵੇਦ ਪਾਠ॥**	(੧. ਨੇਕੀ ਵਲ ਲੱਗਿਆਂ ਦੇ ਦਰਸ਼ਨ-) (ਹੇ ਨਿਰੰਕਾਰ!) ਅਣਗਿਣਤ (ਤੇਰਾ) ਜਪ ਕਰ ਰਹੇ ਹਨ, ਅਣਗਿਣਤ ਪ੍ਰੇਮ ਕਰ ਰਹੇ ਹਨ। ਅਣਗਿਣਤ ਪੂਜਾ ਕਰ ਰਹੇ ਹਨ, ਅਨੇਕ ਤਪ

ਅਸੰਖ ਜੋਗ ਮਨਿ ਰਹਹਿ ਉਦਾਸ॥ ਅਸੰਖ ਭਗਤ ਗੁਣ ਗਿਆਨ ਵੀਚਾਰ॥ ਅਸੰਖ ਸਤੀ ਅਸੰਖ ਦਾਤਾਰ॥ ਅਸੰਖ ਸੂਰ ਮੁਹ ਭਖਸਾਰ॥ ਅਸੰਖ ਮੋਨਿ ਲਿਵ ਲਾਇ ਤਾਰ॥ ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥੧੭॥

ਤਾਪ ਰਹੇ ਹਨ। ਅਣਗਿਣਤ ਪਾਠ ਵੇਦਾਂ (ਤੇ ਹੋਰ ਧਰਮ) ਗ੍ਰੰਥਾਂ ਦੇ ਮੂੰਹ ਨਾਲ ਕਰ ਰਹੇ ਹਨ। ਅਣਗਿਣਤ ਜੋਗੀ ਹਨ ਜੋ ਮਨ ਵਿਚ (ਸੰਸਾਰ ਤੋਂ) ਉਦਾਸ ਰਹਿੰਦੇ ਹਨ। ਅਣਗਿਣਤ ਭਗਤ ਹਨ, (ਜੋ ਤੇਰੇ) ਗੁਣਾਂ (ਨੂੰ ਗਾਉਂਦੇ ਤੇ ਤੇਰੇ) ਗਿਆਨ ਦੇ ਵੀਚਾਰ ਵਿਚ ਰਹਿੰਦੇ ਹਨ। ਅਣਗਿਣਤ ਸਤੀ ਹਨ, ਅਣਗਿਣਤ ਦਾਤੇ ਹਨ। ਅਣਗਿਣਤ ਸੂਰਮੇ ਹਨ ਜੋ ਮੂੰਹਾਂ ਤੇ ਲੋਹਾ ਚੱਖਦੇ ਹਨ (ਭਾਵ ਸਨਮੁਖ ਹੋਕੇ ਜੂਝਦੇ ਤੇ ਸ਼ਸਤ੍ਰਾਂ ਦਾ ਵਾਰ ਸਹਿੰਦੇ ਹਨ)। ਅਣਗਿਣਤ ਮੁਨੀ ਹਨ ਜੋ ਲਿਵ ਦੀ ਤਾਰ ਲਾਈ ਰਖਦੇ ਹਨ (ਭਾਵ ਬ੍ਰਿਤੀ ਦੇ ਪ੍ਰਵਾਹ ਨੂੰ ਰੋਕੀ ਰੱਖਣ ਦਾ ਜਤਨ ਕਰਦੇ ਹਨ)। (ਬਾਕੀ ਤੁਕਾਂ ਦਾ ਅਰਥ ਪਿਛੇ ਸੋਲ੍ਹਵੀਂ ਪਉੜੀ ਵਿਚ ਆ ਚੁਕਾ ਹੈ)॥ ੧੭॥

ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮ ਖੋਰ॥

(੨. ਬਦੀ ਵਲ ਲੱਗਿਆਂ ਦੇ ਦਰਸ਼ਨ) ਅਣਗਿਣਤ ਮੂਰਖ ਤੇ ਅੰਨ੍ਹੇ (ਮੂਰਖ) ਤੇ ਘੋਰ (ਮੂਰਖ) ਹਨ (ਭਾਵ, ਅਗਜਾਨੀ ਹਨ)। ਅਣਗਿਣਤ ਚੋਰ ਹਨ (ਅਤੇ ਕਈ ਹੋਰ ਧਰਮ ਵਿਰੁੱਧ ਤ੍ਰੀਕਿਆਂ ਨਾਲ ਪੈਸਾ ਪ੍ਰਾਪਤ ਕਰਕੇ) ਹਰਾਮ ਖਾਣ ਵਾਲੇ ਹਨ।

ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲ ਵਢ ਹਤਿਆ ਕਮਾਹਿ॥ ਅਸੰਖ ਪਾਪੀ ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ ਕੂੜੇ ਫਿਰਾਹਿ॥

ਅਣਗਿਣਤ ਜੋਰ (ਜ਼ੁਲਮ ਕਰਨ ਵਾਲੇ ਹਨ ਜੋ ਜਬਰੀ) ਹਕੂਮਤਾਂ ਕਰ ਕਰਕੇ (ਅੰਤ ਮਰ) ਜਾਂਦੇ ਹਨ। ਅਣਗਿਣਤ ਗਲੇ ਕੱਟਣ ਵਾਲੇ (ਹਤਿਆਰੇ ਹਨ ਜੋ) ਹੱਤਿਆ ਹੀ ਕਰਦੇ ਰਹਿੰਦੇ ਹਨ[1]। ਅਣਗਿਣਤ (ਹੋਰ ਅਨੇਕ ਤਰ੍ਹਾਂ ਦੇ) ਪਾਪੀ ਹਨ ਜੋ ਪਾਪ (ਗੁਨਾਹ) ਕਰਦੇ ਹੀ ਮਰ ਜਾਂਦੇ ਹਨ। ਅਣਗਿਣਤ (ਝੂਠ ਵਿਚ ਰਚੇ ਹੋਏ) ਝੂਠੇ ਲੋਕ ਹਨ ਜੋ ਝੂਠ (ਦੇ ਫੇਰਾਂ) ਵਿਚ ਹੀ ਪਏ ਘੁਮਜਾਟੇ ਖਾਂਦੇ ਹਨ।

ਅਸੰਖ ਮਲੇਛ ਮਲੁ ਭਖਿ ਖਾਹਿ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ॥ ਨਾਨਕੁ ਨੀਚੁ ਕਹੈ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥੧੮॥

ਅਣਗਿਣਤ ਮਲੇਛ ਹਨ ਜੋ ਗੰਦ ਬਕਦੇ (ਤੇ ਗੰਦ) ਖਾਂਦੇ ਹਨ। ਅਣਗਿਣਤ ਨਿੰਦਿਆ ਕਰਨ ਵਾਲੇ ਹਨ (ਜੋ ਨਿੰਦਿਆ ਦਾ) ਭਾਰ (ਅਪਣੇ) ਸਿਰ ਤੇ ਚੁਕਦੇ ਹਨ।

(ਇਹ ਨੀਚ ਕਰਮਾਂ ਵਾਲਿਆਂ ਦੀ) ਵੀਚਾਰ ਨੀਵਾਂ ਨਾਨਕ ਕਹਿ ਰਿਹਾ ਹੈ[2]।

(ਬਾਕੀ ਤੁਕਾਂ ਦਾ ਅਰਥ ਪਿਛੇ ਆ ਚੁੱਕਾ ਹੈ)॥੧੮॥

---

[1]ਜੋ ਗਲਾ ਕੱਪਣ ਨੂੰ ਸੁਭਾਵ ਬਣਾ ਲੈਂਦੇ ਹਨ।

[2] ਇਨ੍ਹਾਂ ਚਾਰ ਪਉੜੀਆਂ (ਪਉੜੀ ੧੬,੧੭,੧੮,੧੯) ਵਿਚ ਚਾਰ ਤੁਕਾਂ ਜੋ ਅਖ਼ੀਰ ਤੇ ਆਉਂਦੀਆਂ ਹਨ ਉਨ੍ਹਾਂ ਵਿਚੋਂ ਤਿੰਨਾਂ ਵਿਚ ਤਾਂ ਇਕੋ ਪਾਠ ਹੈ 'ਕੁਦਰਤਿ ਕਵਣ ਕਹਾ ਵੀਚਾਰੁ॥' ਪਰ ਤੀਜੀ ਪਉੜੀ (ਅਠਾਰਵੀਂ) ਵਿਚ ਇਸ ਦੀ ਥਾਵੇਂ ਪਾਠ ਹੈ 'ਨਾਨਕੁ ਨੀਚੁ ਕਹੈ ਵੀਚਾਰੁ॥' ਕਾਰਣ ਇਹ ਸਹੀ ਹੁੰਦਾ ਹੈ ਕਿ ਆਪ ਜੀ ਇਸ ਵਿਚ ਨੀਚਾਂ ਦਾ ਵੀਚਾਰ ਕਰ ਰਹੇ ਹਨ। ਇਸ ਵੀਚਾਰ ਵਿਚ ਮਤੋਂ ਆਪਣੀ ਉੱਤਮਤਾ ਦਾ ਕੋਈ ਆਭਾਸ਼ ਮਾਤ੍ਰ ਨਾ ਪੈ ਜਾਵੇ, ਉਸ ਨੂੰ ਦੂਰ ਰੱਖਣੇ ਲਈ ਆਪ ਨੂੰ 'ਨੀਚ' ਪਦ ਨਾਲ ਯਾਦ ਕਰਦੇ ਹਨ ਜੋ ਹਉਂ ਦੀ ਪੂਰਨ ਅਭਾਵਤਾ ਰਹੇ। ਐਸਾ ਕਰਨੇ ਵਿਚ ਆਪ ਜੀ ਦੀ ਭਗਤੀ ਪੱਖ ਵਿਚ ਹਉਂ ਨਵਿਰਤੀ ਦਿੱਸ ਪੈਂਦੀ ਹੈ ਤੇ ਕਾਵ੍ਯ ਰਸੱਗਜਤਾ ਦਾ ਬੀ ਕਮਾਲ ਨਜ਼ਰੇ ਪੈ ਜਾਂਦਾ ਹੈ। ਐਸਾ ਕਹਿਣਾ ਆਪ ਜੀ ਦੀ ਕਮਾਲ ਬਜ਼ੁਰਗੀ ਦਾ ਸੂਚਕ ਹੈ।

ਆਪਣੀ ਸਲਾਹੁਤ ਵਿਚ ਸੁਖੀ ਤੇ ਖੁਸ਼ੀ ਹੋਣਾ ਬੀ ਆਪ ਨੇ ਨੀਵੇਂ ਕਰਮਾਂ ਵਿਚ ਗਿਣਿਆ ਹੈ,

ਯਥਾ– ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥ (ਸਿਰੀ: ਮ: ੧-੪)

ਵਯਾਖਯਾ-(ਪਉ: ੧੭-੧੮) ਕਿਤਨੀ ਬ੍ਰੀਕ ਆਲੋਚਨਾ ਹੈ, ਜਿਸ ਵਿਚ ਇਨਸਾਨ ਦੀ ਇਕ ਬੁਝਾਰਤੀ ਦਸ਼ਾ ਨੂੰ ਟਾਕਰੇ ਵਿਚ ਰੱਖ ਕੇ ਦਿਖਲਾਇਆ ਹੈ। ਦੇਖੋ ਇਕ ਪਾਸੇ ਤਾਂ ਇਨਸਾਨ ਜਪ, ਤਪ, ਪੂਜਾ, ਯੋਗ, ਭਗਤੀ, ਦਾਨ, ਬੀਰਤਾ ਅਰਥਾਤ ਆਪਾ-ਤਯਾਗ ਵਿਚ ਲਗ ਰਿਹਾ ਹੈ ਤੇ ਦੂਸਰਿਆਂ ਦਾ ਭਲਾ ਕਰ ਰਿਹਾ ਹੈ। ਦੂਜੇ ਪਾਸੇ ਉਹੋ ਇਨਸਾਨ ਇੰਨਾ ਖ਼ੁਦਗ਼ਰਜ਼ ਹੋ ਗਿਆ ਹੈ ਕਿ ਨਿਰਦਈ, ਜਰਵਾਣਾ, ਹਤਯਾਰਾ ਤੇ ਪਾਪੀ ਹੋ ਰਿਹਾ ਹੈ। ਇਹ ਦੋ ਵਿਰੋਧੀ ਅਤਿ ਦੇ ਸਿਰਿਆਂ ਦਾ ਦਰਸ਼ਨ ਅਤਿ ਹੈਰਾਨ ਕਰਨੇ ਵਾਲਾ ਹੈ! ਇਕੋ ਹੀ ਹੈ ਨ ਜ਼ਾਤ-ਇਨਸਾਨ, ਪਰ ਦੇਖੋ ਕਿਤੇ ਤਾਂ ਦੇਵਤਾ ਨੂੰ ਮਾਤ ਕਰ ਰਿਹਾ ਹੈ ਤੇ ਕਿਤੇ ਦੈਂਤ ਬੀ ਇਸ ਦੀ ਬਦੀ ਨੂੰ ਦੇਖਕੇ ਮੂੰਹ ਵਿਚ ਉਂਗਲਾਂ ਪਾ ਰਹੇ ਹਨ। ਇਸ ਤਰ੍ਹਾਂ ਬੁਝਾਰਤੀ ਤੇ ਸਮਝੋ ਨਾ ਪੈਣ ਵਾਲੇ ਦ੍ਰਿਸ਼ਜ ਸਿਆਣਿਆਂ ਨੂੰ ਅਤਿ ਹਰਿਆਨੀ ਵਿਚ ਸੱਟਦੇ ਹਨ ਤੇ ਕਾਹਲੀ ਨਾਲ ਵੀਚਾਰ ਕੀਤਿਆਂ ਏਹ ਕਈ ਵੇਰ ਬੇਮੁਖਤਾ ਵਲ ਰੁਖ਼ ਫੇਰ ਦੇਂਦੇ ਹਨ। ਪਰ ਸਤਿਗੁਰੂ ਜੀ ਇਹ 'ਗੁਣ ਦੋਖ ਨਿਰੂਪਣ' ਦ੍ਰਿਸ਼ਟੀ ਦਿਖਾਕੇ ਸਿੱਖ ਨੂੰ ਕਰਤਾ ਪੁਰਖ ਵੱਲ ਹੀ ਲੈ ਚਲਦੇ ਹਨ ਤੇ 'ਤੂ ਸਦਾ ਸਲਾਮਤਿ' ਦੇ ਗੁਣ ਗਾਯਨ ਵਿਚ ਪਾਕੇ 'ਜੋ ਤੁਧੁ ਭਾਵੈ ਸਾਈ ਭਲੀ ਕਾਰ' ਦੇ ਅੰਤ੍ਰੀਵ ਯੋਗ ਵਿਚੋਂ ਹਿੱਲਣ ਨਹੀਂ ਦੇਂਦੇ। ਜਗਤ ਵਿਚ ਬਦੀ ਤੇ ਬਦਕਾਰਾਂ ਦੇ ਕਰਤੱਵ ਦੇਖਕੇ ਘਬਰਾ ਜਾਈਦਾ ਹੈ। ਬੰਦਗੀ ਵਾਲੇ ਬੀ ਸੋਚ ਵਿਚ ਆ ਜਾਂਦੇ ਹਨ ਕਿ ਕਿਉਂ ਜਗਤ ਵਿਚ ਬਦੀ ਹੈ ਤੇ ਸਾਈਂ ਇਕ-ਦਮ ਦੂਰ ਕਿਉਂ ਨਹੀਂ ਕਰਦਾ। ਗੁਰੂ ਜੀ ਨੇ ਇਸ ਇਨਸਾਨੀ ਦਿਲ ਦੇ ਘਬਰਾ ਨੂੰ ਦੂਰ ਕਰਨ ਲਈ ਇਹ ਪਉੜੀਆਂ ਲਿਖੀਆਂ ਹੋਣ ਤਾਂ ਅਚਰਜ ਨਹੀਂ: ਕਿ ਭਾਈ! ਸਾਰਾ ਕੁਛ ਜੋ ਵਰਤ ਰਿਹਾ ਹੈ ਦੇਖ, ਤੇ ਘਬਰਾ ਨਾ ਤੇ ਇਸ ਨਿਸਚੇ ਵਿਚ ਰਹੁ ਕਿ ਹੇ ਮੇਰੇ ਮਾਲਕ! ਤੂੰ ਸਦਾ ਸਲਾਮਤ ਹੈਂ ਤੇ ਜੋ ਤੈਨੂੰ ਭਾਉਂਦਾ ਹੈ ਉਸ ਉਤੇ ਮੈਨੂੰ ਕਿੰਤੂ ਨਾ ਫੁਰੇ, ਮੈਂ ਅਡੋਲ ਤੇਰੇ ਪ੍ਰੇਮ ਵਿਚ ਲਗਾ ਰਹਾਂ। ਜੇ ਨਾ ਸਮਝ ਆਵੇ ਤਾਂ ਸਾਰੇ ਕੁਛ ਹੋ ਰਹੇ ਨੂੰ ਇਕ ਲੀਲਾ, ਇਕ ਖੇਲ ਸਮਝਾਂ।

'ਹਉ ਗੋਸਾਈ ਦਾ ਪਹਿਲਵਾਨੜਾ[੧]' ਸ਼ਬਦ ਵਿਚ ਸਤਿਗੁਰੂ ਜੀ ਨੇ ਇਕ ਘੋਲ ਤੇ ਫਤਹਯਾਬੀ ਦਾ ਪ੍ਰਯੋਜਨ ਦੱਸਿਆ ਹੈ। ਅਰਥਾਤ ਜੀਵ ਨੇ 'ਪ੍ਰਕ੍ਰਿਤੀ[2]' ਕਹੋ ਯਾ 'ਮਾਇਆ', ਇਸ ਉਤੇ ਫਤਹ ਪਾਉਣੀ ਹੈ।

ਨਿਰੁਕ੍ਤ-(ਪਉ: ੧੭-੧੮) **ਅਸੰਖ**-(ਸੰਸ:, ਅ+ਸ਼ੰਖ) ਸੰਖਯਾ ਰਹਿਤ, ਅਣਗਿਣਤ ਭਾਵ ਬਹੁਤੇ। ਵਾਹਿਗੁਰੂ ਅਸੰਖ ਹੈ, ਉਸ ਦੀ ਗੇਣਤੀ ਹੈ ਹੀ ਨਹੀਂ; ਕੁਦਰਤ ਬੀ ਇੰਨੀ ਬਹੁਤ ਹੈ ਕਿ ਇਨਸਾਨ ਉਸ ਦੀ ਬੀ ਗੇਣਤੀ ਨਹੀਂ ਕਰ ਸਕਦਾ, ਪਰ ਕੁਦਰਤ ਕਾਦਰ ਵਾਕੂ ਗੇਣਤੀ ਗਣਨਾ ਤੋਂ ਉਪਰ ਯਾ ਪਰੇ ਨਹੀਂ ਹੈ।

ਜਪੁ, ਤਪ--ਚਉਥੀ ਪੰਜਵੀਂ ਤੁਕ ਵਿਚ 'ਅਸੰਖ ਜੋਗ' ਤੇ ਅਸੰਖ ਭਗਤ' ਤੋਂ ਪਤਾ ਲਗਦਾ ਹੈ ਕਿ 'ਜਪ, ਤਪ, ਪੂਜਾ' ਆਦਿ ਤੋਂ ਬੀ ਓਹੋ ਭਾਵ ਹੈ=ਜਪ ਕਰਨ ਵਾਲੇ, ਤਪ ਕਰਨ ਵਾਲੇ, ਪੂਜਾ ਕਰਨ ਵਾਲੇ। ਸੰਪ੍ਰਦਾ ਵਿਚ ਬਾਜ਼ੇ ਵੇਲੇ 'ਜਪ' ਤੇ 'ਜਪ ਕਰਨ ਵਾਲੇ' ਦੁਇ ਭਾਵ ਲੈਕੇ ਅਰਥ ਕਰਦੇ ਹਨ।

ਸਤੀ--(ਸੰਸ:,) ਸਚ ਵਿਚ ਪ੍ਰਵਿਰਤ। (੨) ਦਾਨੀ।

ਮੋਨਿ-ਮੋਨਿ ਦਾ ਪ੍ਰਸਿਧ ਅਰਥ ਚੁਪ ਸਾਧਣ ਵਾਲੇ ਹੈ, ਪਰ ਇਸ ਦਾ ਅਰਥ 'ਮੁਨੀ' ਬੀ ਹੈ। (੧੭੫੮-੧੯੨੫ ਬਿਕ:) (ਸੰਸ:, ਮੌਨ=ਚੁਪ। ਮੌਨਿਨ੍=ਮੁਨੀ, ਸਾਧੂ)।

---

[੧]ਸਿਰੀ ਰਾਗੁ ਮਹਲਾ ੧ ਘਰੁ ੩ ।　[2] Matter।

(ਵਡਹੰਸ ਮ: ੫--੮)

ਤੂ ਅਚਰਜੁ ਕੁਦਰਤਿ ਤੇਰੀ ਬਿਸਮਾ॥

ਅਚਰਜ ਰੂਪ ਕਰਤਾਰ ਦੀ ਕੁਦਰਤ ਲਾਉਣ ਵਾਲੀ ਹੈ,

(ਤਿਲੰਗ ਮ: ੫--੪)

ਕਰਤੇ ਕੁਦਰਤੀ ਮੁਸਤਾਕੁ॥

ਸੋ ਕੁਦਰਤ ਤੋਂ ਬਿਸਮਾਦੀ ਛੁਹ ਲੈਣੀ ਹੈ। ਕਰਤੇ ਦੇ ਪ੍ਰੇਮੀ ਬਣਨਾ ਹੈ। ਉਹ ਸਿਫਤ ਸਲਾਹ ਨਾਲ ਮਿਲਦੀ ਹੈ, ਸਿਫਤ ਸਲਾਹ ਬੀ ਅਕਸਰ ਕਹਿਕੇ ਕਰੀਦੀ ਹੈ। ਸੋ ਐਸੇ ਕਹਿਣੇ ਨਾਲ ਸਿਰ ਭਾਰ ਨਹੀਂ ਚੜ੍ਹਦਾ। ਫੇਰ ਤਾਂ –

(ਸੁਖਮਨੀ ੧੯ -੭)

ਗੁਨ ਗਾਵਤ ਤੇਰੀ ਉਤਰਸਿ ਮੈਲੁ॥

ਵਾਲਾ ਫਲ ਪ੍ਰਾਪਤ ਹੁੰਦਾ ਹੈ। ਤਦੋਂ ਐਸੇ ਵਾਕ ਕਹਿਣੇ--

(ਆਸਾ ਮ: ੩, ਛੰਤ-੭)

ਤੂੰ ਪਾਰਬ੍ਰਹਮੁ ਬੇਅੰਤੁ ਸੁਆਮੀ ਤੇਰੀ ਕੁਦਰਤਿ ਕਹਣੁ ਨ ਜਾਈ॥

ਸਤੁਤੀ ਰੂਪ ਹਨ । ਸਤੁਤੀ ਵਾਕ 'ਅੰਤ ਲੈਣ ਦੇ ਅਹੰਕਾਰ' ਯਾ 'ਨਾ ਲੈ ਸਕਣ ਦੀ ਨਿਰਾਸਤਾ' ਵਾਸਤੇ ਨਹੀਂ ਹੁੰਦੇ, ਓਹ ਤਾਂ ਕਰਤਾ ਪੁਰਖ ਦੀ ਚਰਣ ਸ਼ਰਣ ਪ੍ਰਾਪਤ ਹੋਣ ਵਾਸਤੇ ਹੁੰਦੇ ਹੈਨ। ਸੋ ਪ੍ਰਸ਼ਨ ਹੁੰਦਾ ਹੈ: ਕਿ ਕੋਈ ਕਹਿਣਾ ਸਿਰ ਭਾਰ ਨਹੀਂ ਤੇ ਕੋਈ ਪੁੰਨ ਰੂਪ ਬੀ ਹੈ? ਸੋ ਅਗਲੀਆਂ ਤੁਕਾਂ ਵਿਚ ਦੱਸਣਗੇ ਕਿ ਨਾਮ, ਸਿਫਤ ਸਲਾਹ, ਗਯਾਨ ਕਥਨ, ਗੁਣ ਗਾਯਨ ਕਹਿਣਾ ਹੈ, ਕਹਿਣਾ ਲਿਖੇ ਯਾ ਬੋਲੇ ਜਾਣ ਵਾਲੇ ਅੱਖਰਾਂ[੧] ਦੁਆਰੇ ਹੁੰਦਾ ਹੈ, ਇਸਦਾ ਕੁਛ ਵੇਰਵਾ ਦੱਸਕੇ ਪਉੜੀ ਦੇ ਅਖ਼ੀਰ ਵਿਚ ਫੇਰ 'ਤੂ ਸਦਾ ਸਲਾਮਤਿ ਨਿਰੰਕਾਰ' ਦੀ ਸਿਫਤ ਸਲਾਹ ਵਿਚ ਲੈ ਜਾਣਗੇ–

ਮੂਲ	ਅਰਥ
ਅਖਰੀ ਨਾਮੁ ਅਖਰੀ ਸਾਲਾਹ॥ ਅਖਰੀ ਗਿਆਨੁ ਗੀਤ ਗੁਣ ਗਾਹ॥ ਅਖਰੀ ਲਿਖਣੁ ਬੋਲਣੁ ਬਾਣਿ॥ ਅਖਰਾ ਸਿਰਿ ਸੰਜੋਗੁ ਵਖਾਣਿ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥ ਜਿਵ ਫੁਰਮਾਏ ਤਿਵ ਤਿਵ ਪਾਹਿ॥ ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥ ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥੧੯॥	ਅੱਖਰਾਂ ਦੁਆਰੇ (ਅਰਥਾਤ ਆਖਕੇ ਹੀ, ਪਰਮੇਸ਼ੁਰ ਦਾ) ਨਾਮ ਲੀਤਾ ਜਾਂਦਾ ਹੈ, ਅੱਖਰਾਂ ਦੁਆਰੇ (ਹੀ ਉਸ ਦੀ) ਸਿਫਤ ਸਲਾਹ ਕੀਤੀ ਜਾਂਦੀ ਹੈ। ਅੱਖਰਾਂ ਦੁਆਰੇ ਹੀ ਗਯਾਨ (ਕਥਨ ਕਰੀਦਾ ਹੈ, ਅੱਖਰਾਂ ਦੁਆਰੇ ਹੀ ਪਰਮਾਤਮ ਦੇਵ ਦੇ) ਗੁਣਾਂ ਦੇ ਜਾਣਨਹਾਰ ਹੋ ਜਾਈਦਾ ਹੈ! (ਅੱਖਰਾਂ ਦੁਆਰੇ ਹੀ ਉਸਦੇ ਗੁਣਾਂ ਨੂੰ ਦੱਸਣ ਵਾਲੇ) ਗੀਤਾਂ ਦਾ (ਗਾਯਨ ਕਰੀਦਾ) ਹੈ। (ਗਲ ਕੀਹ ਹਰ ਪ੍ਰਕਾਰ ਦੀ) ਬੋਲੀ ਦਾ ਬੋਲਣਾ ਤੇ ਲਿਖਣਾ ਅੱਖਰਾਂ ਦੁਆਰੇ ਹੀ ਹੁੰਦਾ ਹੈ। (ਇਥੋਂ ਤਾਈ ਕਿ) ਸੰਜੋਗ (ਵਿਜੋਗ) ਜੋ ਸਿਰ ਤੇ (ਲਿਖਿਆ ਹੋਇਆ ਹੈ) ਅੱਖਰਾਂ ਦੁਆਰੇ ਹੀ (ਵਰਣਨ ਕੀਤਾ ਜਾਂਦਾ) ਹੈ। (ਪਰ) ਜਿਸ (ਵਾਹਿਗੁਰੂ) ਨੇ (ਜੀਵਾਂ ਦੇ ਸਿਰ ਤੇ) ਏਹ (ਲੇਖ) ਲਿਖੇ ਹਨ ਉਸਦੇ (ਅਪਣੇ) ਸਿਰ ਤੇ ਕੋਈ (ਅੱਖਰ) ਨਹੀਂ, (ਲਿਖੇ) ਹੋਏ। (ਭਾਵ– ਉਹ ਕਿਸੇ ਕਲਮ, ਕਿਸੇ ਅੱਖਰ, ਕਿਸੇ ਕਹਿਣੇ ਹੇਠ ਨਹੀਂ, ਉਸ ਉਪਰ ਕਿਸੇ ਦਾ ਫੁਰਮਾਨ ਨਹੀਂ, ਉਸ ਦਾ ਫੁਰਮਾਨ ਸਭ ਪਰ ਹੈ) ਜਿਵੇਂ ਉਹ ਫੁਰਮਾਉਂਦਾ ਹੈ ਤਿਵੇਂ ਤਿਵੇਂ ਹੀ (ਜੀਵ) ਪ੍ਰਾਪਤ ਕਰਦੇ ਹਨ। (ਗਲ ਕੀਹ) ਜਿਤਨਾ ਕੁਛ ਉਸ ਦਾ ਰਚਿਆ ਹੋਇਆ ਹੈ ਉਤਨਾ ਨਾਮ (ਆਸ਼੍ਰਿਤ) ਹੈ। ਨਾਮ ਤੋਂ ਬਿਨਾ ਕੋਈ ਥਾਉਂ ਨਹੀਂ ਹੈ। (ਅੰਤਲੀਆਂ ਚਾਰ ਤੁਕਾਂ ਦਾ ਅਰਥ ਪਿਛੇ ਆ ਚੁਕਾ ਹੈ)॥੧੯॥

੧'ਕਹਿਣ' ਦੀ ਥਾਂ 'ਅਖਰੀ' ਪਦ ਇਸ ਲਈ ਵਰਤਿਆ ਕਿ ਇਸ ਵਿਚ ਲਿਖਕੇ ਕਹਿਣਾ ਤੇ ਬੋਲਕੇ ਕਹਿਣਾ ਦੁਏ ਆ ਗਏ, ਜੈਸਾ ਕਿ ਅਗੇ ਚੱਲਕੇ ਆਪ ਹੀ ਦੱਸਦੇ ਹਨ, ''ਅਖਰੀ ਲਿਖਣੁ ਬੋਲਣੁ ਬਾਣਿ॥''

www.sikhbookclub.com

ਵਜਾਖਜਾ–ਇਸ ਪਉੜੀ ਦੀਆਂ ਪਹਿਲੀਆਂ ਤ੍ਰੈ ਤੁਕਾਂ ਵਿਚ ਧਰਤੀ ਤੋਂ ਪਰੇ ਅਰਥਾਤ ਬ੍ਰਹਮਾਂਡੀ ਵਿਸ਼ਾਲਤਾ ਪਰ ਇਕ ਸਰਸਰੀ ਨਜ਼ਰ ਪੁਆਈ ਹੈ, ਜਿਸ ਦੇ ਕੁਛ ਵੇਰਵੇ ਅੱਗੇ ਚੱਲਕੇ ਫੇਰ ਖੋਹਲਣਗੇ।

ਚੌਥੀ ਤੁਕ (ਅਖਰੀ ਨਾਮੁ) ਤੋਂ ਵਿਸ਼ਯ ਕੁਛ ਬਦਲਦਾ ਭਾਸਦਾ ਹੈ, ਪਰ ਉਹ ਹੈ ਪਹਿਲੇ ਕਥੇ ਦੀ ਵਜਾਖਜਾ। 'ਕਹਹਿ' ਪਦ ਦੀ ਮਾਨੋ ਵਜਾਖਜਾ ਕਰਦੇ ਹਨ। 'ਕਹਿਣਾ' ਜੁ ਹੈ ਸੋ ਅੱਖਰਾਂ ਦੁਆਰਾ ਹੁੰਦਾ ਹੈ: 'ਅਖਰੀ ਲਿਖਣੁ ਬੋਲਣੁ ਬਾਣਿ॥' ਅਰਖਾਤ ਲਿਖਣ ਤੇ ਬੋਲਣ ਵਿਚ ਜੋ ਆਉਂਦਾ ਹੈ ਉਹ ਅਖਰ ਹੀ ਹੈ ਤੇ ਬਾਣੀ ਅੱਖਰਾਂ ਦੁਆਰੇ ਹੀ ਲਿਖੀ ਬੋਲੀ ਜਾਂਦੀ ਹੈ। ਇਨ੍ਹਾਂ ਅੱਖਰਾਂ ਦੁਆਰਾ ਪਰਮੇਸ਼ੁਰ ਦਾ ਨਾਮ ਉਚਾਰੀ ਤੇ ਸਿਮਰੀਦਾ ਹੈ। ਇਨ੍ਹਾਂ ਅੱਖਰਾਂ ਦੁਆਰਾ ਹੀ ਸਾਈਂ ਦੀ ਸਿਫਤ ਸਲਾਹ ਲਿਖਕੇ ਯਾ ਬੋਲਕੇ ਕਰੀਦੀ ਹੈ। ਕੀਰਤਨ ਦਾ ਗਾਯਾਨ, ਗਿਆਨ ਦਾ ਕਥਨ ਤੇ ਗੁਣਾਂ ਦੀ ਵਜਾਖਜਾ ਅੱਖਰਾਂ ਦੁਆਰਾ ਹੀ ਹੁੰਦੀ ਹੈ! ਭਾਵ ਇਹ ਹੋਇਆ ਕਿ ਸਾਰਾ ਕਾਰਜ ਅੱਖਰਾਂ ਦੁਆਰੇ ਯਾ ਇਉਂ ਕਹੋ ਕਿ ਕਹਿਣ ਕਹਾਉਣ ਦੁਆਰਾ ਹੋ ਰਿਹਾ ਹੈ ਤੇ 'ਨਾਮ, ਸਿਫਤ ਸਲਾਹ' ਸਭ ਪਰਮਾਰਥ ਬੀ ਇਸੇ ਰਾਹੇ ਹੋ ਰਿਹਾ ਹੈ। ਇਥੋਂ ਤਾਈਂ ਕਿ ਜੀਵਾਂ ਦੇ ਸਿਰ ਜੋ ਪਰਾਰਬਧ ਰੂਪੀ ਲੇਖ ਲਿਖੇ ਹਨ, ਉਨ੍ਹਾਂ ਦਾ ਵਖਾਣ ਅਰਥਾਤ ਵਰਣਨ ਬੀ ਅੱਖਰਾਂ ਦੁਆਰੇ ਹੀ ਹੁੰਦਾ ਹੈ, ਪਰ ਇਹ ਸੰਜੋਗ ਜਿਸ ਨੇ ਲਿਖੇ ਹਨ ਉਸ ਦੇ ਸਿਰ ਤੇ ਕੋਈ ਲੇਖ ਨਹੀਂ; ਉਹ ਸੁਤੰਤਰ, ਸੁਛੰਦ ਤੇ ਅਲੇਪ ਹੈ:

ਦ੍ਰਿਸਟਿਮਾਨ ਅਖਰ ਹੈ ਜੇਤਾ॥ ਨਾਨਕ ਪਾਰਬ੍ਰਹਮ ਨਿਰਲੇਪਾ॥

(ਗਉੜੀ ਮਹਲਾ ੫ ਬਾਵਨ ਅਖਰੀ-੫੪)

ਪਰ ਨਿਰਲੇਪ ਹੋਣ ਕਰਕੇ ਉਹ ਉਦਾਸ ਹੋਕੇ ਪਰੇ ਨਹੀਂ ਬੈਠਾ ਹੋਇਆ, ਉਹ ਹੁਕਮ ਦਾ ਹੁਕਮੀ ਹੈ ਤੇ ਜਿਵੇਂ ਉਹ ਹੁਕਮ ਕਰਦਾ ਹੈ ਜੀਵਾਂ ਨੂੰ ਪ੍ਰਾਪਤ ਹੁੰਦਾ ਹੈ, ਪਰ ਜੋ ਕੁਛ ਉਸ ਦਾ 'ਕੀਤਾ', ਅਰਥਾਤ ਰਚਿਆ ਹੋਇਆ ਹੈ, ਉਹ ਸੁਤੰਤਰ ਯਾ ਅਪਣੇ ਆਸਰੇ ਨਹੀਂ ਹੈ, ਉਹ ਉਸਦੇ 'ਨਾਮ ਆਸ਼੍ਰਿਤ' ਹੈ, ਨਾਮ ਤੋਂ ਬਿਨਾ ਕਿਸੇ ਸ਼ੈ ਦਾ ਕੋਈ ਠਿਕਾਣਾ ਨਹੀਂ ਹੈ, ਉਹ ਕੀਤੀ ਹੋਈ ਦਾ 'ਆਸਰਾ ਰੂਪ ਨਾਮ' 'ਅੱਖਰਾਂ ਵਾਲੇ' ਨਾਮ ਦੁਆਰਾ ਪ੍ਰਾਪਤ ਹੁੰਦਾ ਹੈ, ਜਿਸ ਦਾ ਪਤਾ ਉਪਰ ਦੱਸ ਆਏ ਹਨ:-

ਅਖਰੀ ਨਾਮੁ ਅਖਰੀ ਸਾਲਾਹ॥

ਉਸ ਆਸਰਾ ਰੂਪ ਨਾਮ ਦਾ; ਜਿਸ ਨੂੰ ਵਿਆਪਕ ਨਾਮ ਦੱਸਿਅ ਨੇ, 'ਵਿਣੁ ਨਾਵੈ ਨਾਹੀ ਕੋ ਥਾਉ' ਆਖਕੇ ਪਤਾ ਦਿੱਤਾ ਨੇ, ਫਿਰ ਇਸ ਦਾ ਪਤਾ ਆਸਾ ਦੀ ਵਾਰ ਵਿਚ ਐਉਂ ਦਿੱਤਾ ਹੈ:-

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ (ਆਸਾ : ਵਾ:ਮ:੧)

ਅਰਥਾਤ-ਆਪੀ(ਨਿਰੰਕਾਰ) ਨੇ ਆਪਣੇ ਆਪ ਨੂੰ ਸਾਜਿਆ ਤੇ ਆਪੀ ਨੇ ਹੀ ਨਾਮ ਰਚਿਆ। ਇਥੋਂ ਤਾਈਂ ਤਾਂ ਏਕੇ ਦੀ ਗਿਣਤੀ ਹੈ, ਅਗੇ ਜੋ ਰਚਿਆ ਉਹ ਦੁਯੀ ਦੀ ਗੇਣਤੀ ਵਿਚ ਆਇਆ! ਇਹ 'ਦੁਯੀ', ਜਿਸ ਨੂੰ 'ਕੁਦਰਤਿ' ਕਿਹਾ ਹੈ ਤੇ ਏਥੇ 'ਜੇਤਾ ਕੀਤਾ' ਕਿਹਾ ਹੈ, ਕਿਸ ਦੇ ਆਸਰੇ ਤੇ ਹੈ? ਉਤਰ: ਉਸ ਨਾਮ ਦੇ ਆਸਰੇ ਹੈ ਜੋ ਆਪੀ ਨੇ ਰਚਿਆ ਹੈ। ਸ੍ਰੀ ਪੰਚਮ ਪਾਤਸ਼ਾਹ ਜੀ ਨੇ ਇਹੋ ਗੱਲ ਖੋਹਲਕੇ ਲਿਖੀ ਹੈ:-

ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥ (ਸੁਖਮਨੀ-੧੬-੫)
ਆਪੇ ਪਿੰਡੁ ਸਵਾਰਿਓਨੁ ਵਿਚਿ ਨਵਨਿਧਿ ਨਾਮੁ॥ (ਮਾਰੂ ਵਾਰ ਮ: ੩-੧੩)
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥ (ਸੁਖਮਨੀ ੨੩-੧)

ਇਸ ਨਾਮ ਦੀ ਸੋਝੀ ਕਿੰਵ ਪੈਂਦੀ ਹੈ? ਉਤਰ: ਇਸ ੧੯ਵੀਂ ਪਉੜੀ ਵਿਚ ਜੋ ਕਿਹਾ ਹੈ

'ਅਖਰੀ ਨਾਮੁ ਅਖਰੀ ਸਾਲਾਹ', ਇਸ ਅਖਰਾਂ ਵਾਲੇ ਨਾਮ ਦਾ ਅਭਯਾਸ ਕਰੀਦਾ ਹੈ ਤਾਂ ਉਸ ਨਾਮ ਨੂੰ ਅੱਪੜੀਦਾ ਹੈ, ਯਥਾ:- 'ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥' ਇਸ ਅਭਯਾਸ ਨਾਲ:- 'ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥' ਉਹ ਚਉਥੇ ਪਦ ਵਿਚ ਅੱਪੜਦਾ ਹੈ, ਫਿਰ ਉਸ ਨੂੰ ਇਸ ਆਸ਼੍ਰਾ ਰੂਪ ਵਯਾਪਕ ਨਾਮ ਦੀ ਸੋਝੀ ਪੈਂਦੀ ਹੈ ਤੇ ਉਹ ਨਾਮ ਦੇ ਨਾਮੀ ਅਰਥਾਤ 'ਆਪੀ' ਵਿਚ ਜਾ ਪ੍ਰਾਪਤ ਹੁੰਦਾ ਹੈ। ਓਹ ਫੇਰ ਕੀਹ ਦੇਖਦਾ ਹੈ:-

ਸਭ ਘਟ ਤਿਸਕੇ ਸਭ ਤਿਸਕੇ ਠਾਉ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ॥ (ਸੁਖਮਨੀ-੧੯-੪)

੨. **ਜੇਤਾ ਕੀਤਾ ਤੇਤਾ ਨਾਉ॥**............. ਤੁਕਾਂ ਦੇ ਐਉਂ ਬੀ ਅਰਥ ਲਾਉਂਦੇ ਹਨ:- ਜੋ ਕੁਛ ਰਚਿਆ ਹੋਇਆ ਹੈ ਸਭ ਨਾਮ ਰੂਪ ਹੈ, ਕੋਈ ਟਿਕਾਣਾ ਨਾਮ ਰੂਪ ਤੋਂ ਬਿਨਾਂ ਨਹੀਂ। ਭਾਵ ਜਗਤ ਮਿਥਯਾ ਹੈ। ਇਸ ਦੀ ਸ਼ਕਲ ਕੇਵਲ 'ਨਾਮ' ਤੇ 'ਰੂਪ' ਹੈ ਜੋ ਨਾਸ਼ਮਾਨ ਹੈ। ਵਾਸਤਵ ਵਿਚ ਸਦਾ ਥਿਰ ਇਕ ਬ੍ਰਹਮ ਹੈ। ਜਿਵੇਂ 'ਕੜਾ' ਵੇਖੋ। ਇਕ ਤਾਂ ਨਾਮ ਹੈ 'ਕੜਾ', ਦੂਸਰੇ ਉਸ ਦਾ ਰੂਪ ਹੈ ਗੋਲ ਗੋਲ, ਪਰ ਵਾਸਤਵ ਵਿਚ ਤਾਂ ਉਹ ਸੋਨਾ ਹੈ। ਨਾਮ ਤੇ ਰੂਪ ਤਾਂ ਕਲਪਿਤ ਹਨ, ਜਿਸ ਵੇਲੇ ਚਾਹੋ ਬਦਲ ਦਿਓ, ਪਰ ਨਾਮ ਰੂਪ ਦੀ ਬਦਲੀ ਨਾਲ ਸੋਨੇ ਨੇ ਸੋਨਾ ਹੀ ਰਹਿਣਾ ਹੈ। ਇਸੀ ਤਰ੍ਹਾਂ ਸਾਰੀ ਰਚਨਾ ਕੇਵਲ ਨਾਮ ਰੂਪ ਮਾਤ੍ਰ ਹੈ, ਅਸਲੀਅਤ ਤਾਂ ਸਦਾ ਥਿਰ ਬ੍ਰਹਮ ਹੈ। ਹੋਰ ਤਰ੍ਹਾਂ ਬੀ ਦਾਨੇ ਭਾਵ ਲੈਂਦੇ ਹਨ:-

੩. ਜਗਤ ਨਾਮ ਜਪਣ ਵਾਸਤੇ ਰਚਿਆ ਹੈ; ਨਾਮ ਵਿਹੂਣਿਆਂ ਲਈ ਕੋਈ ਟਿਕਾਣਾ ਨਹੀਂ।

੪. ਜਿਤਨਾ ਕੀਤਾ ਹੈ ਸੋ 'ਓ' ਉਚਾਰਕੇ ਇਸ ਅਪਣੇ 'ਓ' ਨਾਮ ਤੋਂ ਰਚਿਆ ਹੈ, ਇਸ 'ਓ' ਤੋਂ ਬਿਨਾਂ ਕੋਈ ਥਾਂ ਨਹੀਂ, ਏਹ 'ਓ' ਸਾਰੇ ਵਯਾਪਕ ਹੈ।

੫. ਜੋ ਕੁਛ ਰਚਿਆ ਹੈ ਉਸ ਸਭ ਨੂੰ ਕੋਈ ਨਾ ਕੋਈ ਨਾਮ ਦਿੱਤਾ ਹੈ। ਕੋਈ ਥਾਂ ਨਹੀਂ, ਜਿਸ ਦਾ ਨਾਮ ਨਹੀਂ। ਰਚਨਾ ਬੇਅੰਤ ਹੈ, ਇਸ ਕਰਕੇ ਥਾਂ ਤੇ ਨਾਂ ਬੇਸ਼ੁਮਾਰ ਹਨ।

ਨਿਰੁਕ੍ਤ-ਨਾਵ-ਨਾਮ। ਨਾਵ, ਨਾਉ, ਨਾਇ। ਸਭ 'ਨਾਮ' ਦੇ ਰੂਪ ਹਨ।

ਥਾਵ-ਟਿਕਾਣੇ, ਕਿ ਅਸਮਾਨੀ ਖ਼ਲਾ[1] ਵਿਚ ਕਿੱਥੇ ਕਿੱਥੇ ਓਹ ਹੈਨ। ਉਨ੍ਹਾਂ ਦੇ ਥਹੁ ਟਿਕਾਣੇ।

ਅੰਗਮ-ਗੰਮਤਾ ਤੋਂ ਪਰੇ। ੧. ਇੰਨੇ ਦੂਰ ਹਨ ਓਹ ਲੋਕ ਕਿ ਸਾਡੀ ਪਹੁੰਚ ਤੋਂ ਪਰੇ ਹਨ।

੨. ਉਹਨਾਂ ਦੇ ਨਾਉਂ ਤੇ ਟਿਕਾਣੇ (ਅਗੰਮ=) ਸਾਡੀ ਗਯਾਤ ਤੋਂ ਪਰੇ ਹਨ। ਅਗੰਮ ਦੇ ਅਰਥ ਹਨ:- ਗਤੀ, ਗਯਾਨ, ਪ੍ਰਾਪਤੀ ਤੋਂ ਪਰੇ।

ਸਿਰਿ ਭਾਰੁ-੧. ਸਿਰ ਤੇ ਭਾਰ। ਸਿਰ ਤੇ ਭਾਰ ਚੜ੍ਹਦਾ ਹੈ। ੨. ਸਿਰ ਵਿਚ ਭਾਰ। ਭਾਵ-ਕਹਿਣਾ ਕਠਨ ਹੈ, ਸਿਰ ਮਾਨੋਂ ਦੁਖਣ ਲਗ ਜਾਂਦਾ ਹੈ। ਵਿਸ਼ੇਸ਼ ਲਈ ਦੇਖੋ ਪਿਛੇ, ਪਿਛਲੀ ਪਉੜੀ ਦੀ ਨਿਰੁਕ੍ਤ ਵਿਚ ਪੰਨਾ ੯੫ ਪਰ।

ਗਾਹ-ਗਾਹ ਲੈਣ ਵਾਲਾ, ਜਾਣਨਹਾਰ।

ਬਾਣਿ-('ਬਾਣੀ' ਪਦ ਦਾ ਸੰਖੇਪ ਹੈ, ਤੁਕਾਂਤ ਮੇਲਣ ਲਈ।) ਬਾਣੀ।

ਸੰਜੋਗੁ-(ਸੰਸ:, ਸੰਯੋਗ=ਭਲੀ ਪ੍ਰਕਾਰ ਜੁੜਨਾ) ੧. ਮੇਲ। ਮਿਲਾਪ। ੨. ਗ੍ਰਹਿ, ਰਾਸ਼ਿ ਤੇ ਯੋਗ ਆਦਿ ਦਾ ਮੇਲ ਤੇ ਉਸ ਤੋਂ ਵੀਚਾਰੇ ਸਿਧਾਂਤ। ੩. ਕਰਮਾਂ ਦੇ ਕੀਤੇ ਦੇ ਫਲ। ਪਰਾਰਬਧ।

ਅਖਰ-੧. ਜੀਭ, ਤਾਲੂ, ਦੰਦ, ਬੁੱਲ੍ਹ ਆਦਿ ਸਰਿ ਦੇ ਅੰਗਾਂ ਦੇ ਸੰਜੋਗ ਕਰਕੇ ਅੱਖਰ ਬਣਦੇ ਹਨ। ੨. ਅਖਰ=ਨਾ ਖਰਨੇ ਵਾਲਾ ਜੋ ਅਕਾਲ ਪੁਰਖ ਹੈ ਅਰ ਸਿਰਿ=ਸ਼ਿਰੋਮਣੀ ਹੈ, ਉਸ ਨੂੰ (ਅਖਰਾਂ

[1] ਖ਼ਲਾ=ਪੁਲਾੜ।

ਦੁਆਰੇ) ਵਰਣਨ ਕਰੀਏ (ਤਾਂ ਉਸਦਾ) ਸੰਜੋਗ (ਪ੍ਰਾਪਤ ਹੁੰਦਾ ਹੈ)। ੩.ਅਖਰਾਂ ਦੇ ਸ਼ਿਰੋਮਣੀ-'ੴ' ਅਖਰ ਦਾ ਸੰਜੋਗ (ਆਪਣੇ ਲਕਸ਼-ਪਰਮਾਤਮਾ) ਨਾਲ ਅਖਰਾਂ ਦੁਆਰੇ ਹੀ ਵਰਣਨ ਕਰੀਦਾ ਹੈ।

ਸੂਚਨਾ-ਇਥੇ ਤਾਈਂ ਜਪੁਜੀ ਦਾ ਅੱਧ ਮੁੱਕ ਜਾਂਦਾ ਹੈ। ਇਸ ਵਿਚ ਕਰਤਾ ਪੁਰਖ ਤੇ ਉਸ ਦੀ ਪ੍ਰਾਪਤੀ ਦਾ ਗੁਰਮਤਿ ਅਨੁਸਾਰ ਵਰਣਨ ਆ ਗਿਆ ਹੈ।

(ਪਉੜੀ ੨੦)

ਪ੍ਰਾਕ੍ਰਥਨ-ਹੁਣ ਤਾਈਂ ਨਿਰੰਕਾਰ, ਉਸ ਦਾ ਰੂਪ, ਪ੍ਰਾਪਤੀ ਦਾ ਅੰਤ੍ਰੀਵ ਸਾਧਨ, ਭਗਤੀ ਗੁਣ ਗਾਯਨ, ਨਾਮ ਸ੍ਰਵਣ ਤੇ ਮਨਨ (ਸਿਮਰਣ), ਗਯਾਨ ਪ੍ਰਾਪਤੀ, ਪੂਰਨ ਪਦ ਆਦਿ ਵਰਣਨ ਹੋ ਚੁਕੇ ਤੇ ਸਦਾ ਸਾਈਂ ਦੇ ਧਯਾਨ ਨਿਮਗਨ ਰਹਿਣੇ ਦੀ (ਸਹਿਜ ਸਮਾਧੀ ਦੀ) ਜਾਚ (ਅੰਤ੍ਰੰਗ ਤ੍ਰੀਕੇ ਦੀ) ਦੱਸੀ ਜਾ ਚੁਕੀ ਹੈ। ਫਿਰ ਸੰਸਾਰ ਰਚਨਾ ਦੀ ਵਿਸ਼ਾਲਤਾ, ਇਸ ਵਿਚ ਚਲ ਰਹੀ ਅਨੇਕਤਾ ਵਿਚ 'ਸਦਾ ਸਲਾਮਤਿ ਨਿਰੰਕਾਰ' ਨੂੰ ਅਨੁਭਵ ਕਰਦੇ ਰਹਿਣਾ, ਇਸ ਦੇ ਵਟਾਉ ਸਟਾਉ, ਭਲੇ ਬੁਰੇ ਨਜ਼ਾਰੇ ਸਭ ਕੁਛ ਤੱਕਕੇ 'ਜੋ ਤੁਧੁ ਭਾਵੈ ਸਾਈ ਭਲੀ ਕਾਰ' ਦੇ ਚਾਉ ਵਿਚ ਰਹਿਕੇ ਬਹਿਰੰਗ ਤ੍ਰੀਕੇ ਨਾਲ ਭੀ ਸਾਈਂ ਦੇ ਧਯਾਨ ਵਿਚ ਸਹਿਜੇ ਲਗੇ ਰਹਿਕੇ ਵਾਹਿਗੁਰੂ ਦੀ ਨਦਰ ਹੋਣ ਨਾਲ ਪੰਚ ਬਣੇ ਰਹਿਣ ਦਾ ਉਪਦੇਸ਼ ਆ ਚੁਕਾ ਹੈ, ਇਹ ਸਾਰਾ ਉਪਦੇਸ਼ ਇਕ ਉਤਮ ਜਗਜਾਸੂ ਪ੍ਰਤੀ ਹੈ। ਇਥੇ ਆਕੇ ਪ੍ਰਸ਼ਨ ਉਪਜਦਾ ਹੈ ਕਿ ਜੇ ਕੋਈ ਪਾਪੀ ਹੋਵੇ, ਜਿਸ ਦੀ ਮਤਿ ਹੀ ਪਾਪਾਂ ਵਿਚ ਖਚਤ ਹੋਵੇ, ਜੈਸਾ ਕਿ 'ਅਸੰਖ ਚੋਰ ਹਰਾਮ ਖੋਰ' ਵਾਲੀ ਪਉੜੀ ਵਿਚ ਆਪ ਨੇ ਦੱਸਿਆ ਹੈ, ਕਿਆ ਜੇ ਉਹ ਚਾਹੇ ਕਿ ਮੈਂ ਬੀ ਸਚਿਆਰ ਬਣਾਂ ਤਾਂ ਕੋਈ ਰਾਹ ਹੈ? ਯਾ ਕਿ ਓਹ ਸਤਿ ਮਾਰਗ ਤੋਂ ਖੁੰਝਿਆ ਸਦਾ ਲਈ ਗਿਆ ਗੁਜ਼ਰਿਆ ਹੋ ਗਿਆ? ਉਸ ਦੀ ਕਲਯਾਣ ਨਮਿਤ ਸਾਹਿਬ ਜੀ ਅਗਲੀ ਪਉੜੀ ਉਚਾਰਦੇ ਹਨ:-

ਮੂਲ	ਅਰਥ
ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥	ਜਿਵੇਂ ਸਰੀਰ (ਯਾ) ਸਰੀਰ ਦੇ (ਅੰਗ) ਹੱਥ ਤੇ ਪੈਰ (ਆਦਿ ਜੇ ਮਿੱਟੀ ਨਾਲ) ਭਰ ਜਾਣ ਤਾਂ ਪਾਣੀ ਨਾਲ ਧੋਤਿਆਂ (ਉਹ) ਮਿੱਟੀ ਉਤਰ ਜਾਂਦੀ ਹੈ।
ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥ ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥ ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥੨੦॥	(ਹਾਂ ਜਿਵੇਂ ਕੋਈ) ਕਪੜਾ ਮੂਤ੍ਰ ਦੀ ਪਲੀਤੀ ਵਾਲਾ[੧] ਹੋ ਜਾਵੇ (ਤਾਂ) ਓਹ ਸਾਬੂਣ (ਦੀ ਚਸ) ਦੇਕੇ ਧੋ ਲਈਦਾ ਹੈ। (ਤਿਵੇਂ ਜੋ) ਬੁੱਧੀ ਪਾਪਾਂ ਨਾਲ ਭਰ ਜਾਏ (ਤਾਂ) ਉਹ ਨਾਮ ਦੇ ਰੰਗ (ਪ੍ਰੇਮ) ਨਾਲ ਧੋਤੀ ਜਾਂਦੀ ਹੈ। (ਹੇ ਜੀਵ!) ਪੁੰਨੀ ਜਾਂ ਪਾਪੀ (ਨਿਰਾ) ਕਹਿਣ ਮਾਤ੍ਰ ਹੀ ਨਹੀਂ ਹੈ (ਇਹ ਸਚਮੁਚ ਨਿਰਮਲਤਾ ਯਾ ਮੈਲ ਹੈ, ਇਉਂ ਕਿ) ਕਰਮ ਕਰ ਕਰਕੇ (ਤੂੰ ਆਪਣੇ ਨਾਲ ਇਨ੍ਹਾਂ ਦੇ ਸੰਸਕਾਰਾਂ ਨੂੰ ਮਾਨੋ) ਲਿਖਕੇ ਲੈ ਜਾਏਂਗਾ, (ਭਾਵ ਆਪਣੇ ਕੀਤੇ ਕਰਮ ਸੰਸਕਾਰ ਹੋ ਕੇ ਜੀਵ ਦੇ ਅੰਦਰ ਚਿੱਤ੍ਰਤ ਹੋ ਜਾਂਦੇ ਹਨ)। (ਤੇਰੇ ਕਰਮ ਕਰਨੇ ਨਾਲ ਤੂੰ) ਆਪੇ ਬੀਜ ਬੀਜਦਾ ਹੈਂ (ਉਸ ਦਾ ਫਲ ਬੀ ਤੂੰ) ਆਪ ਹੀ ਖਾਏਂਗਾ[੨]। (ਪਰ ਗੁਰੂ) ਨਾਨਕ (ਦੇਵ ਜੀ

[੧]ਭਾਵ ਪੇਸ਼ਾਬ ਆਦਿ ਨਾਲ ਅਪਵਿਤ੍ਰ ਹੋ ਜਾਵੇ। (ਫਾ:, ਪਲੀਦ = ਅਪਵਿਤ੍ਰ)

[੨] ਇਨ੍ਹਾਂ ਤੁਕਾਂ ਵਿਚ ਕਰਮ ਕਰਨੇ ਵਾਲਾ ਆਪਣੇ ਕੀਤੇ ਦਾ ਜ਼ਿੰਮੇਵਾਰ ਠਹਿਰਾਇਆ ਗਿਆ ਹੈ ਤੇ ਆਚਰਣ ਨੂੰ ਬਹੁਤ ਉੱਚਾ ਥਾਂ ਦਿੱਤਾ ਗਿਆ ਹੈ।

www.sikhbookclub.com

ਜੋਗ-(ਸੰਸ:, ਯੋਗੀ)। ਜੋਗੀ ਦਾ ਏਥੇ ਬਹੁਵਚਨ ਹੈ 'ਜੋਗ'।

ਮੁਹ ਭਖ ਸਾਰ-ਮੂੰਹਾਂ ਉਤੇ ਭਖਦੇ ਹਨ ਲੋਹਾ। ਭਾਵ ਸ਼ਸਤ੍ਰਾਂ ਦੇ ਵਾਰ ਸਹਿੰਦੇ ਹਨ।

ਮੂਰਖ ਅੰਧ ਘੋਰ-ਸੰਪ੍ਰਦਾ ਵਿਚ ਐਉਂ ਫਰਕ ਕਰਦੇ ਹਨ:

ਮੂਰਖ-ਬੇਸਮਝ ਪਰ ਜੋ ਸਮਝਾਇਆਂ ਕੁਛ ਸਮਝ ਜਾਏ।

ਅੰਧ ਮੂਰਖ-ਜੋ ਸਮਝਾਇਆਂ ਮੂਲੋਂ ਨਾ ਸਮਝੇ।

ਘੋਰ ਮੂਰਖ-ਜੋ ਸਮਝਾਇਆਂ ਉਲਟਾ ਸਿਰ ਨੂੰ ਆਵੇ।

ਅਮਰ-(ਅ਼ਰਬੀ) ਹੁਕਮ। ਹਕੂਮਤ।

ਹਤਿਆ-(ਸੰਸ:, ਹਤ੍ਯਾ) ਕਤਲ ਕਰਨ ਦੀ ਕ੍ਰਿਯਾ ਯਾ ਕਰਮ। ਬੇਦੋਸਿਆਂ ਨੂੰ ਮਾਰ ਦੇਣਾ। ਜਾਨੋਂ ਮਾਰ ਦੇਣਾ।

ਕੂੜੇ ਫਿਰਾਹਿ - ਕੂੜੇ ਵਿਹਾਰਾਂ ਯਾ ਕੰਮਾਂ ਵਿਚ ਲਗੇ ਰਹਿੰਦੇ ਹਨ।

(ਅ) ਯਾ ਬੇਫ਼ਾਇਦਾ ਜੰਮਦੇ ਮਰਦੇ ਰਹਿੰਦੇ ਹਨ।

ਮਲੇਛ-(ਪੁਰਾਤਨ ਸਮੇਂ ਯਵਨੀ ਆਦਿ ਬਦੇਸ਼ੀਆਂ ਨੂੰ ਮਲੇਛ ਕਹਿੰਦੇ ਸਨ। ਹਿੰਦ ਸਭ੍ਯਤਾ ਯਾ ਧਰਮ ਤੋਂ ਬਾਹਰਲੇ ਲੋਕ-ਅਨਾਰਯ 'ਮਲੇਛ' ਕਹੇ ਜਾਂਦੇ ਸਨ। ਸਦਾ ਪਾਪ ਕਰਨ ਵਾਲੇ ਨੂੰ ਬੀ ਕਹਿੰਦੇ ਸਨ। ਬੋਧਾਯਨ ਨੇ ਇਸ ਪਦ ਦੇ ਏਹ ਅਰਥ ਕੀਤੇ ਹਨ-ਮਾਸ ਭੱਖੀ, ਸਰਬ ਆਚਾਰ ਤੋਂ ਵਿਹੀਨ, ਵਿਰੁੱਧ ਬਕਣ ਵਾਲਾ।

(ਸੰਸ:, ਧਾਤੁ ਹੈ ਮ੍ਲੇਚ੍ਛ੍=ਅਸਪਸ਼ਟ ਬੋਲਣਾ) ਏਥੇ ਮੁਰਾਦ ਉਹਨਾਂ ਭੈੜੇ ਲੋਕਾਂ ਤੋਂ ਹੈ ਜਿਨ੍ਹਾਂ ਦੇ ਅਹਾਰ ਵਿਹਾਰ, ਬੋਲ ਚਾਲ ਧਰਮ ਭਾਵ ਦੇ ਵਿਰੁੱਧ ਹੁੰਦੇ ਹਨ। (੨) ਮੁਸਲਮਾਨ ਜਦ ਆਏ ਤਾਂ ਉਹਨਾਂ ਦੇ ਬਦੇਸ਼ੀ ਹੋਣ ਕਰਕੇ ਤੇ ਅਤ੍ਯਾਚਾਰਾਂ ਕਰਕੇ ਉਹਨਾਂ ਨੂੰ ਬੀ ਮਲੇਛ ਸੱਦਣ ਲਗ ਪਏ। ਗੁਰਬਾਣੀ ਵਿਚ 'ਮੁਸਲਮਾਨ' ਅਰਥ ਪਰਥਾਇ ਬੀ ਇਹ ਪਦ ਹੈ:-

ਮਲੇਛ ਧਾਨੁ ਲੇ ਪੂਜਹਿ ਪੁਰਾਣੁ॥ (ਵਾਰ ਆਸਾ ਮ:੧-੧੬)

ਭਖਿ-ਬੋਲਦੇ ਹਨ (ਸੰਸ:, ਧਾਤੂ, ਭਾਖ੍,=ਬੋਲਣਾ। ਭਖ੍,=ਭੌਂਕਣਾ, ਬਕਣਾ)।

ਖਾਹਿ-ਖਾਂਦੇ ਹਨ। ਮਲ ਭਖਿ=ਗੰਦ ਬਕਦੇ ਹਨ। ਮਲ ਖਾਹਿ=ਗੰਦ ਖਾਂਦੇ ਹਨ[1]। ਭਾਵ ਜਿਨ੍ਹਾਂ ਦੇ ਅਹਾਰ ਵਿਹਾਰ ਤੇ ਬੋਲ ਚਾਲ ਗੰਦੇ ਹਨ। ਚਾਹੋ ਭਾਵ ਹੈ-ਜੁਆਰੀਏ, ਵੱਢੀ ਖੋਰ ਆਦਿ, ਚਾਹੋ ਅਘੋਰੀ ਅਦਿ।

'ਭਖਿ'=ਖਾਣਾ। 'ਖਾਹਿ'=ਖਾਣਾ। ਇਉਂ ਦੋਹਾਂ ਨੂੰ ਇਕ ਅਰਥੀ ਸਮਝਕੇ ਖਾਂਦੇ ਹਨ, ਯਾ ਖਾਂਦੇ ਹੀ ਖਾਂਦੇ ਹਨ, ਅਰਥ ਬੀ ਲਾਉਂਦੇ ਹਨ।

ਸਿਰਿ ਕਰਹਿ ਭਾਰੁ-ਅਪਣੇ ਸਿਰ ਉਤੇ ਭਾਰ ਚੁਕਦੇ ਹਨ। ਭਾਵ ਨਿੰਦਾ ਕਰਕੇ ਨਿੰਦੇ ਗਏ ਦੇ ਪਾਪਾਂ ਦੀ ਮੈਲ ਦਾ ਭਾਰ ਅਪਣੇ ਤੇ ਲੈਂਦੇ ਹਨ, ਯਥਾ:-

ਨਿੰਦਾ ਕਰਹਿ ਸਿਰਿ ਭਾਰੁ ਉਠਾਏ॥ (ਆਸਾ ਮ: ੫-੮)

ਰਿਦੈ ਸੁਧ ਜਉ ਨਿੰਦਾ ਹੋਇ॥ ਹਮਰੇ ਕਪਰੇ ਨਿੰਦਕੁ ਧੋਇ॥ (ਗਉ: ਕਬੀਰ ਜੀ ੭੧)

ਇਸ ਦੇ ਹੋਰ ਕਈ ਅਰਥ ਇਸ ਪ੍ਰਕਾਰ ਹਨ:-

(੧) ਸਿਰ ਤੇ ਨਾ ਚੁੱਕੇ ਜਾ ਸਕਣ ਜੋਗ ਗ੍ਰੰਥਾਂ ਦੇ ਭਾਰ ਰਹਿੰਦੇ ਹਨ। (੧੭੫੮ ਬਿ:)

(੨) ਸਿਰ ਨਿਵਾਕੇ (ਨਿੰਮ੍ਰਤਾ ਨਾਲ) ਕਹਿੰਦੇ ਹਨ। (੧੯੨੫ ਬਿ:)

---

[1] 'ਮਲੁ ਭਖਿ ਖਾਹਿ' ਨੂੰ ਐਉਂ ਅੰਨਵਯ ਕਰਨਾ ਹੈ:-ਮਲੁ ਭਖਿ ਮਲੁ ਖਾਹਿ=ਮਲ (=ਗੰਦ) ਬਕਦੇ ਹਨ ਤੇ ਮਲ (=ਗੰਦ) ਖਾਂਦੇ ਹਨ।

(੩) ਨਾਸਤਕ ਕਹਿੰਦੇ ਹਨ: ਨਹੀਂ ਹੈ, ਇਸ ਕਰਕੇ ਨਾਮ ਨਹੀਂ ਲੈਂਦੇ, ਆਸਤਕ ਮੰਨਦੇ ਹਨ ਪਰ ਨਾਮ ਨਹੀਂ ਲੈਂਦੇ, ਦੁਹਾਂ ਦੇ ਸਿਰ ਪਾਪ ਹੁੰਦਾ ਹੈ। (੧੯੫੨ ਬਿ:)

(੪) ਕਪਾਲੀ ਆਸਨ ਕਰਕੇ ਕਹਿੰਦੇ ਹਨ। (੧੯੭੭ ਬਿ:)

(੫) ਅਸੰਖ, ਭਾਣੇ ਮੈਂ ਤਰਕ ਕਰਤੇ ਹੈਂ ਸੋ ਔਗੁਨ ਕੋ ਭਾਰ ਸਿਰ ਲੇਤੇ ਹੈਂ। (੧੯੯੬ ਬਿ:)

(੬) ਪ੍ਰਸ਼ਨ:--ਤੁਸੀਂ ਅਸੰਖ ਕਹਿੰਦੇ ਹੋ ਸ਼ਾਸਤ੍ਰ ੧੪ ਕਹਿੰਦੇ ਹਨ, ਸ਼ਾਸਤ੍ਰ ਵਿਰੁੱਧ ਜਾਣੇ ਤੇ ਸਿਰ ਤੇ ਭਾਰ ਹੁੰਦਾ ਹੈ, ਅਗੇ ਇਸ ਦਾ ਉਤਰ ਹੈ.........। (੧੯੯੮ ਬਿ:)

(੭) 'ਅਸੰਖ' ਕਹਿਣ ਨਾਲ ਭੀ ਸਿਰ ਤੇ ਭਾਰ ਚੜ੍ਹਦਾ ਹੈ। (੧੯੪੧ ਬਿ:)

(ਪਉੜੀ ੧੯)

ਪ੍ਰਾਕ੍ਕਥਨ-ਹੁਣ ਧਰਤੀ ਦੇ ਉੱਪਰ ਵਰਤ ਰਹੀ ਸ਼ਕਤੀ (ਤਾਣੁ), ਪਸਰ ਰਹੀ ਸੁੰਦਰਤਾ (=ਸੁਆਲਿਹੁ ਰੂਪੁ) ਤੇ ਮਿਲ ਰਹੀ ਦਾਤ (=ਦਾਤਿ) ਜੋ ਪਉੜੀ ੧੬ ਵਿਚ ਦਰਸਾਈ ਸੀ ਉਸ ਤੋਂ ਨਜ਼ਰ ਚੁੱਕਕੇ, ਫੇਰ ਧਰਤੀ ਤੇ ਵੱਸ ਰਹੇ ਮਹਾਨ ਪੁੰਨੀਆਂ ਤੇ ਮਹਾਨ ਪਾਪੀਆਂ (ਪਉੜੀ ੧੭-੧੮) ਤੋਂ ਬੀ ਦ੍ਰਿਸ਼ਟੀ ਉਠਾਕੇ ਧਰਤੀ ਤੋਂ ਦੂਰ ਸੂਰਜਾਂ, ਚੰਦਾਂ, ਗ੍ਰੈਹਾਂ ਤੇ ਅਦ੍ਰਿਸ਼ਜ ਵਲ ਧਿਆਨ ਨੂੰ ਲੈ ਚੱਲੇ ਹਨ। ਇਸ ੧੯ਵੀਂ ਪਉੜੀ ਵਿਚ ਦੱਸਦੇ ਹਨ ਕਿ ਸਾਡੀ ਪਹੁੰਚ ਤੋਂ ਬੀ ਪਰੇ ਅਨੇਕਾਂ ਲੋਕ ਹਨ। ਉਹਨਾਂ ਦੇ ਟਿਕਾਣੇ, ਜਿਥੇ ਕੁ ਓਹ ਹੈਨ ਤੇ ਉਹਨਾਂ ਦੇ ਨਾਉਂ, ਸਾਡੀ ਗ਼ਜ਼ਾਤ ਵਿਚ ਨਹੀਂ ਹਨ। ਗੋਯਾ ਧਰਤੀ ਦੀ ਵਿਸ਼ਾਲਤਾ ਦੱਸਕੇ ਹੁਣ ਬ੍ਰਹਮਾਂਡ ਦੀ ਵਿਸ਼ਾਲਤਾ ਵਿਚ ਚਲਦੀ ਨਜ਼ਰ ਪੁਆਉਂਦੇ ਹਨ।

ਮੂਲ	ਅਰਥ
ਅਸੰਖ ਨਾਵ ਅਸੰਖ ਥਾਵ॥ **ਅਗੰਮ ਅਗੰਮ ਅਸੰਖ ਲੋਅ॥** **ਅਸੰਖ ਕਹਹਿ ਸਿਰਿ ਭਾਰੁ ਹੋਇ॥**	(੨) ਅਣਗਿਣਤ ਹਨ ਲੋਕ (ਜੋ ਸਾਡੀ) ਪਹੁੰਚ ਤੋਂ (ਬੀ) ਪਰੇ ਹਨ (ਤੇ ਅਸੰਖ ਹਨ ਲੋਕ ਜੋ ਸਾਡੀ) ਗਜਾਤ ਤੋਂ ਬੀ ਪਰੇ ਹਨ। (੧) ਅਣਗਿਣਤ ਹਨ (ਉਨ੍ਹਾ ਦੇ) ਨਾਮ ਤੇ ਅਣਗਿਣਤ ਹਨ ਥਾਉਂ (ਕਿ ਜਿਥੇ ਕੁ ਵਾਰ ਓਹ ਹੈਨ)। ਅਣਗਿਣਤ ਹਨ (ਜੀਵ ਜੋ ਕਹਿੰਦੇ ਹਨ ਅਰਥਾਤ) ਵਰਣਨ ਕਰਦੇ ਹਨ (ਕਹਿਣ ਨਾਲ ਉਨ੍ਹਾਂ ਦੇ) ਸਿਰ ਤੇ ਭਾਰ (ਹੀ) ਚੜ੍ਹਦਾ ਹੈ[1]।

ਵ੍ਯਾਖ੍ਯਾ-ਭਾਵ ਇਹ ਹੈ ਕਿ ਕੁਦਰਤ ਦੇ ਰੰਗ ਦੇਖ ਕੇ ਵਿਸਮਾਦ ਵਿਚ ਗਿਆਂ ਸਰੂਰ ਆਉਂਦਾ, ਰਸ ਭਰਦਾ ਤੇ ਲਿਵ ਲਗਦੀ ਹੈ, ਪਰ ਕੁਦਰਤ ਦੇ ਨਿਰੇ ਵੇਰਵੇ ਗਿਣਦੇ ਗਿਣਦੇ ਸਿਰ ਥੱਕ ਜਾਂਦਾ ਹੈ। ਗਿਣਨਾ ਤੇ ਦੱਸਣਾ ਹਉਂ ਦਾ ਕੰਮ ਹੈ। ਫੇਰ ਗਿਣਨ ਨਾਲ ਹਉਂ ਵਧਦੀ ਹੈ ਕਿ ਮੈਂ ਬੜਾ ਜਾਣਕਾਰ ਹਾਂ, ਇਉਂ ਹਉਂ ਦਾ ਭਾਰ ਬੀ ਸਿਰ ਤੇ ਚੜ੍ਹਦਾ ਵਧਦਾ ਹੈ। ਕੀਹ ਇਸ ਦਾ ਇਹ ਤਾਤਪਰਜ ਹੈ ਕਿ ਕੁਦਰਤ ਦਾ ਜ਼ਿਕਰ ਹੀ ਮਨ੍ਹੇ ਹੈ? ਨਹੀਂ[2]।

---

[1]ਅਸੰਖ ਕਹਿੰਦੇ ਹਨ, ਭਾਵ ਅਣਗਿਣਤ ਨੂੰ ਵਰਣਨ ਕਰਦੇ ਹਨ, ਅਣਗਿਣਤ ਨੂੰ ਗੁਣਨਾ ਵਿਚ [illegible] ਆਉਣ ਕਰਕੇ ਉਨ੍ਹਾਂ ਦੇ ਸਿਰ ਤੇ ਭਾਰ ਹੀ ਚੜ੍ਹਦਾ ਹੈ। ਅਸੰਖ ਸੰਖਜਾ ਵਿਚ ਨਹੀਂ ਆ ਸਕਦਾ।

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥ (ਜਪੁਜੀ)

'ਸਿਰਿ ਭਾਰੁ' ਦੀ ਵਜਾਖਜਾ ਉਪਰ ਆ ਚੁਕੀ ਹੈ।

[2]ਵਿਗਜਾਨਕ ਤ੍ਰੀਕੇ ਤੇ ਜਾਣਨਾ ਬੀ ਮਨ੍ਹਾ ਨਹੀਂ ਜੋ ਜਾਣਨ ਦੀ ਖ਼ਾਤਰ ਹੁੰਦਾ ਹੈ, ਪਰ ਜਾਣਕੇ ਹੰਕਾਰੀ ਹੋ ਜਾਣਾ ਯਾ ਨਮੁੱਕਰੁ ਹੋ ਜਾਣਾ ਮਾੜਾ ਹੈ।

www.sikhbookclub.com

ਫੁਰਮਾਉਂਦੇ ਹਨ ਇਉਂ) ਹੁਕਮ ਮੂਜਬ (ਤੂੰ) ਆਉਂਦਾ ਜਾਂਦਾ ਰਹੇਂਗਾ। (ਭਾਵ-ਆਵਾਗਵਨ ਵਿਚ ਰਹੇਂਗਾ, ਮੁਕਤ ਹੋ ਕੇ ਟਿਕੇਂਗਾ ਨਹੀਂ। ਕਰਮ ਤੇਰੇ ਹਨ, ਫਲ ਪ੍ਰਦਾਤਾ 'ਹੁਕਮੁ' ਹੈ[੧]-ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥੨੦॥ (ਸਾਰੰਗ ਵਾਰ ਮ: ੧-੯)

ਵਯਾਖਯਾ-ਸਤਿਗੁਰੂ ਜੀ ਨੇ ਏਥੇ ਪਾਪਾਂ ਨਾਲ ਭਰੀ ਬੁੱਧੀ ਯਾ ਮਤਿ ਦੇ ਮੁੜ ਨਿਰਮਲ ਕਰ ਲੈਣ ਦਾ ਉਪਾਉ ਪਰਮੇਸ਼ੁਰ ਦੇ ਨਾਮ ਦੀ ਪ੍ਰੀਤ ਦੱਸੀ ਹੈ। (ਰੰਗ=ਪ੍ਰੀਤਿ।) ਦ੍ਰਿਸ਼ਟਾਂਤ ਸਰੀਰ ਤੇ ਕਪੜੇ ਦੇ ਮੈਲੇ ਹੋਣ ਦਾ ਦੇ ਕੇ ਇਹ ਲਖਾਇਆ ਹੈ ਕਿ ਸਰੀਰ ਨਾਲ ਕੀਤੇ ਮਨ ਨੂੰ ਚੰਬੜੇ ਤੇ ਮਤ ਵਿਚ ਸੰਸਕਾਰ ਹੋਕੇ ਬਹਿ ਗਏ ਪਾਪਾਂ ਦੀਆਂ ਰੁਚੀਆਂ ਭਾਵੇਂ ਦ੍ਰਿੜ ਹੋ ਗਈਆਂ ਹਨ, ਪਰ ਅਹਿੱਲ ਨਹੀਂ ਹੋ ਗਈਆਂ ਤੇ ਨਾ ਆਤਮਾ ਨਾਲ ਤਦਰੂਪਤਾ ਲੈ ਗਈਆਂ, ਓਹ ਸੰਸਕਾਰ ਓਥੋਂ ਕੱਢੇ ਬੀ ਜਾ ਸਕਦੇ ਹਨ, ਜਿਵੇਂ ਕਪੜੇ ਵਿਚੋਂ ਉਸ ਦੀ ਤਾਰ ਤਾਰ ਨੂੰ ਚੰਬੜੀ ਮੈਲ ਸਾਬਣ ਨਾਲ ਕੱਢੀ ਜਾ ਸਕਦੀ ਹੈ। ਸਿੱਟਾ ਇਹ ਕਿ ਪਾਪੀਆਂ ਲਈ ਸਦਾ ਦੀ ਨਿਰਾਸਤਾ ਦੀ ਲੋੜ ਨਹੀਂ। ਉੱਦਮ ਕਰਨ ਤੇ ਨਾਮ ਨੂੰ ਲਗ ਪੈਣ ਤੇ ਪ੍ਰੇਮ ਨਾਲ ਲਗ ਪੈਣ ਨਾਲ ਅੰਤਹਕਰਣ ਪਾਪ ਮਲ ਤੋਂ ਸ੍ਵੱਛ ਹੋ ਜਾਏਗਾ। ਪਾਪਮਈ ਅੰਤਹਕਰਣਾਂ ਨੂੰ ਸ਼ੁੱਧ ਕਰਣੇ ਦਾ ਉਪਾਉ ਬੀ ਓਹੋ ਦੱਸਿਆ ਜੋ ਜਗਯਾਸਾ ਭਰੇ ਉਤਮ ਅੰਤਹਕਰਣ ਵਾਲੇ ਨੂੰ ਹਉਮੈਂ ਦੂਰ ਕਰਨੇ ਲਈ ਦੱਸਿਆ ਸੀ। ਪੰਚਮ ਗੁਰੂ ਜੀ ਨੇ ਬੀ ਦੱਸਿਆ ਸੀ ਕਿ ਨਾਮ ਮੈਲੇ ਮਨ ਦੀ ਪਹਿਲਾਂ ਮੈਲ ਕੱਟਦਾ ਹੈ, ਫੇਰ ਓਹੋ ਨਾਮ ਰਸ ਰੂਪ ਹੋ ਜਾਂਦਾ ਹੈ:-

੧. **ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥**
੨. **ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥** (ਗਉੜੀ ਸੁਖਮਨੀ ੧-੪)

ਵਾਹਿਗੁਰੂ ਪਰਮ ਪਵਿਤ੍ਰ ਹੈ, ਉਸ ਦਾ ਨਾਮ ਸਿਮਰਣ ਮਨ ਨੂੰ ਉਸ ਦੇ ਧਯਾਨ ਵਿਚ ਲੈ ਜਾਂਦਾ ਹੈ। ਅੰਤਹਕਰਣ ਇਸ ਤਰ੍ਹਾਂ ਨਾਮ ਦੁਆਰਾ ਨਾਮੀ ਦੀ ਛੁਹ ਵਿਚ ਜਾਕੇ ਉਸ ਦੀ ਪਵਿਤ੍ਰਤਾ ਨਾਲ ਸ਼ੁਧ ਹੋ ਜਾਂਦਾ ਹੈ। ਹਾਂ, ਨਾਮ-ਸਿਮਰਣ ਹੋਰ ਰੁਚੀਆਂ ਤੋਂ ਉਖੇੜਦਾ ਹੈ ਤੇ ਐਉਂ ਹੁਕਮ ਤੇ ਹੁਕਮੀ ਦੇ ਨੇੜੇ ਲਈ ਆਉਂਦਾ ਹੈ, ਇਉਂ ਸਹਿਜੇ ਸਹਿਜੇ ਹਉਮੈ ਨੂੰ ਕੱਟਦਾ ਹੈ:-

ਮਨੁ ਮੇਰੋ ਗਜੁ ਜਿਹਵਾ ਮੇਰੀ ਕਾਤੀ॥ ਮਪਿ ਮਪਿ ਕਾਟਉ ਜਮ ਕੀ ਫਾਸੀ॥ (ਆਸਾ ਨਾਮਦੇਉ ਜੀ-੩)
ਫੇਰ **ਹਉਮੈ ਬੂਝੈ ਤਾ ਦਰੁ ਸੂਝੈ॥** (ਵਾਰ ਆਸਾ ਮ: ੧-੨)

ਸੋ ਮਾਰਗ ਓਹੋ ਰਿਹਾ ਜਿਸ ਦਾ ਵੇਰਵਾ ਪਿਛੇ ੧੯ ਪਉੜੀਆਂ ਵਿਚ ਆ ਚੁਕਾ ਹੈ। ਇਹੋ ਗੱਲ ਜੋ ੧੯ ਪਉੜੀਆਂ ਵਿਚ ਦੱਸੀ ਹੈ, ੨੧ਵੀਂ ਪਉੜੀ ਵਿਚ ਫੇਰ ਦੁਹਰਾਈ ਹੈ:-

ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥ (ਜਪੁਜੀ)

ਪਰ ਏਥੇ ਹੁਣ ਇਕ ਹੋਰ ਖ਼ਬਰਦਾਰੀ ਦੱਸਦੇ ਹਨ ਕਿ ਹੇ ਜੀਵ! ਪਾਪ ਤੇ ਪੁੰਨ ਯਾ ਪਾਪੀ ਤੇ ਪੁੰਨੀ ਏਹ ਪਦ ਕਥਨੀ ਮਾਤ੍ਰ ਨਹੀਂ ਹਨ, ਏਹ ਤਾਂ ਤੇਰੇ ਅਪਣੇ ਕਰਨੇ ਹਨ ਜੋ ਤੂੰ ਕੀਤੇ ਹਨ, ਕਰ ਰਿਹਾ ਹੈਂ ਤੇ ਜਦ ਤਕ ਹਉਮੈ ਹੈ ਕਰਦੇ ਰਹਿਣੇ ਹਨ। ਚਾਹੋ ਪੁੰਨ, ਚਾਹੋ ਪਾਪ ਕਰ। ਫਿਰ ਇਨ੍ਹਾਂ ਨੇ ਕੀਤੇ ਜਾਣ ਹੀ ਤੇ ਮੁੱਕ ਨਹੀਂ ਜਾਣਾ, ਤੇਰੇ ਮਨ ਵਿਚ ਇਨ੍ਹਾਂ ਆਪਣੇ ਕੀਤਿਆਂ ਨੇ ਲਿਖੇ ਜਾਣਾ ਹੈ। ਹਾਂ, ਲਿਖੇ ਜਾਣਾ ਹੈ ਸੰਸਕਾਰ ਰੂਪ ਹੋਕੇ। ਜਿਸ ਸ਼ੈ ਦਾ ਅਭਯਾਸ ਕਰੋਗੇ ਉਹ ਸੰਸਕਾਰ ਹੋਕੇ ਅੰਦਰ

---

[੧]ਇਥੇ ਕਰਮ ਸੁਤੰਤਰ ਫਲ ਪ੍ਰਦਾਤਾ ਨਹੀਂ ਮੰਨਿਆ, ਕਰਮ ਦਾ ਫਲ ਜੀਵ ਨੇ ਭੋਗਣਾ ਹੈ, ਪਰ ਫਲ ਦੇਣ ਵਾਲਾ ਹੁਕਮੀ ਦਾ ਹੁਕਮ ਹੈ। ਇਸ ਅਸੂਲ ਨੇ ਜੀਵ ਦੀ ਨਿਰਾਸਤਾ ਦੂਰ ਕੀਤੀ, ਕਿਉਂਕਿ ਹੁਕਮੀ ਕਰਮ ਬੀ ਤੋਲਦਾ ਹੈ ਪਰ ਮਿਹਰਾਂ ਦਾ ਸਾਈਂ ਬੀ ਹੈ।

www.sikhbookclub.com

ਵੜ ਜਾਏਗੀ ਤੇ ਬਾਰ ਬਾਰ ਕਰਨੇ ਤੇ ਓਥੇ ਬੈਠਕੇ ਸੁਭਾਵ ਬਣਾਏਗੀ। ਜਿਸ ਦੀ ਮਤਿ ਇਸ ਤਰ੍ਹਾਂ ਪਾਪ ਨਾਲ ਭਰ ਜਾਏਗੀ, ਉਸ ਦਾ ਸੁਭਾਵ ਹੀ ਪਾਪ ਕਰਨੇ ਦਾ ਹੋ ਜਾਏਗਾ। ਮਾਨੋ ਅੰਤਹਕਰਨ ਇਕ ਭੂਮੀ ਹੈ ਜਿਸ ਵਿਚ ਕਰਮਾਂ ਦੇ ਸੰਸਕਾਰ ਬੀਜ ਰੂਪ ਹੋ ਕੇ ਪੈਂਦੇ ਤੇ ਫੇਰ ਬ੍ਰਿਛ ਵਾਂਗੂ ਉੱਗਕੇ ਭੈੜਾ ਸੁਭਾਵ, ਮੰਦ ਵਾਸ਼ਨਾ ਤੇ ਦੁਖ ਸੁਖ ਰੂਪੀ ਫਲ ਲੈ ਆਉਂਦੇ ਹਨ। ਫਿਰ ਫੁਰਮਾਉਂਦੇ ਹਨ ਕਿ ਏਹ ਨਿਸ਼ਾਨ ਦੇਹ ਵਿਚ ਹੀ ਨਹੀਂ ਪਏ ਜੋ ਦੇਹ ਦੇ ਮਿਟਣ ਨਾਲ ਮਿਟ ਜਾਣਗੇ, ਇਹ ਅੰਤਹਕਰਣ ਵਿਚ ਗਏ ਹਨ, ਸੋ ਜਿਥੇ ਜਿਥੇ ਤੂੰ ਜਾਏਂਗਾ 'ਲੈ ਜਾਹੁ' ਨਾਲ ਲੈ ਜਾਏਂਗਾ, ਪਰਲੋਕ ਵਿਚ ਬੀ ਤੇ ਮੁੜ ਲੋਕ ਵਿਚ ਬੀ। ਫਿਰ ਇਹ ਬੀ ਸਮਝ ਲੈ ਕਿ ਤੇਰੇ ਕੀਤੇ ਕਰਮ ਦੀ ਜ਼ਿੰਮੇਵਾਰੀ ਤੇਰੀ ਆਪਣੀ ਹੈ। ਏਹ ਕ੍ਰਿਸਾਨ ਵਾਂਙ ਤੂੰ ਆਪੇ ਬੀਜਣੇ ਤੇ ਆਪੇ ਫਲ ਭੋਗਣੇ ਹਨ। ਭਾਵ ਕਿਸੇ ਦੇ ਕੀਤੇ ਦਾ ਫਲ ਕਿਸੇ ਹੋਰ ਨੇ ਨਹੀਂ ਭੋਗਣਾ। ਸੋ ਆਪ ਪਾਪ ਕਰਮ ਕਰਕੇ ਆਸ ਨਾ ਰੱਖ ਕਿ ਕਿਸੇ ਦੇ ਕੀਤੇ ਪੁੰਨ ਕਰਮਾਂ ਨਾਲ ਤੂੰ ਸੁੱਛ ਹੋ ਜਾਏਂਗਾ।

ਹੁਣ ਇਕ ਹੋਰ ਪ੍ਰਸ਼ਨ ਹੁੰਦਾ ਹੈ ਕਿ ਕੀ ਕਰਮ ਆਪੇ ਫਲ ਪ੍ਰਦਾਤਾ ਹੈ? ਗੁਰੂ ਜੀ ਦਾ ਮਤਿ ਇਹ ਨਹੀਂ ਹੈ, ਇਸ ਕਰਕੇ ਦੱਸਦੇ ਹਨ ਕਿ ਭਾਵੇਂ ਬੀਜੇ ਤੇਰੇ ਹਨ, ਫਲ ਲੱਗੇ ਤੇਰੇ ਹਨ, ਪਰ ਮਿਲਨੇ ਹਨ ਹੁਕਮੀ ਦੇ ਹੁਕਮ ਨਾਲ। ਇਨ੍ਹਾਂ ਦਾ ਫਲ ਜੋ ਜਨਮ ਮਰਨ ਸੁਖ ਦੁਖ ਆਦਿ ਹੈ ਤੈਨੂੰ ਮਿਲਨਾ ਹੈ, ਪਰ ਹੁਕਮ ਨਾਲ ਮਿਲਨਾ ਹੈ। ਇਸ ਕਹਿਣੇ ਵਿਚ ਇਕ ਕਟਾਖਯ ਇਹ ਰਖਿਆ ਹੈ ਕਿ ਤੂੰ ਨਿਰਾਸ ਨਾ ਹੋ ਕਿ ਕਰਮ ਆਪੇ ਤੈਨੂੰ ਮਾਰੀ ਜਾਣਗੇ, ਇਨ੍ਹਾਂ ਦਾ ਫਲ ਪ੍ਰਦਾਤਾ ਹੈ, ਤੂੰ ਉਸ ਵਲ ਹੁਣ ਧਿਆਨ ਕਰ, ਹਾਂ ਤੂੰ ਕਰਮ ਦੇ ਫਲ ਪ੍ਰਦਾਤਾ ਨੂੰ ਪਿਆਰ ਕਰ, ਉਸ ਦੇ ਨਾਮ ਦੀ ਪ੍ਰੀਤ ਅੰਦਰ ਪਾ। ਉਸ ਪਵਿਤ੍ਰਤਾ ਦੇ ਪੁੰਜ ਪਰਮਾਤਮਾਂ ਦੇ 'ਨਾਮ ਦੇ ਸੰਸਕਾਰ' ਜਿਉਂ ਜਿਉਂ ਹੋਰ ਅੰਦਰ ਜਾਣਗੇ ਪਾਪਾਂ ਦੇ ਸੰਸਕਾਰ ਅੰਦਰੋਂ ਦਗਧ ਹੁੰਦੇ ਜਾਣਗੇ, ਅੰਤ ਪਾਪ ਸੰਸਕਾਰ ਮੁੱਕ ਜਾਣਗੇ, ਅੰਹਕਰਣ ਸ਼ੁਧ ਹੋਕੇ ਨਾਮ ਦੇ ਰੰਗ ਨਾਲ ਰੱਤਾ ਨਾਮੀ ਵਿਚ ਪਹੁੰਚ ਪਵੇਂਗਾ। ਇਉਂ ਸੱਚੇ ਨੂੰ ਪ੍ਰਾਪਤ ਹੋਇਆ ਸਚਿਆਰ ਹੋ ਜਾਏਂਗਾ[1]। ਹੁਕਮੀ ਕਰਮਾਂ ਦਾ ਫਲ ਪ੍ਰਦਾਤਾ ਬੀ ਹੈ, ਉਹ ਮਿਹਰਾਂ ਦਾ ਸਾਈਂ ਬੀ ਹੈ, ਮਾਤਾ ਪਿਤਾ ਹੈ। ਇਹ ਨਿਰਾਸ ਦਿਲਾਂ ਵਿਚ ਆਸ ਦੀ ਰੌਸ਼ਨੀ ਪਾ ਦੇਂਦਾ ਹੈ, ਕਰਮ ਹੈ ਪਰ ਅਟੁੱਟ ਨਹੀਂ, ਕਰਮ ਹੈ ਪਰ ਸੁਤੰਤਰ ਫਲ ਪ੍ਰਦਾਤਾ ਨਹੀਂ। ਹੁਕਮੀ ਦਾ ਹੁਕਮ ਕਰਮ ਦਾ ਤੋਲਣਹਾਰ ਬੀ ਤੇ ਮੇਟਣਹਾਰ ਬੀ ਹੈ।

ਨਿਰੁਕ੍ਤ– **ਤਨੁ**–(ਫਾ:, ਤਨ=ਸਰੀਰ। ਸੰਸ:, ਦੇਹ=ਸਰੀਰ, ਭਾਵ ਅੰਗ)।

ਪਦ 'ਤਨੁ' ਪੁਲਿੰਗ ਹੈ ਤੇ 'ਦੇਹ' ਇਸਤ੍ਰੀ ਲਿੰਗ, ਦੁਇ ਵਰਤਣ ਤੋਂ ਕਿਨਾਇਆ ਪੁਰਖ ਤੇ ਇਸਤ੍ਰੀ ਦੋਹਾਂ ਦੇ ਸਰੀਰਾਂ ਵਲ ਜਾਪਦਾ ਹੈ। (੨) ਉਂਵ ਦੋ ਪਦ ਵਰਤਣੇ ਮੁਹਾਵਰਾ ਬੀ ਹੈ। (੩) 'ਤਨੁ' ਦਾ ਅਰਥ ਤਨੁਕ=ਰਤਾਕੁ ਬੀ ਕਰਦੇ ਹਨ। (੪) ਤਨੁ=ਨਾਲ। (੫) ਤਨੁ=ਸਾਰੀ ਦੇਹ। ਦੇਹ='ਧੜ' ਬੀ ਕਰ ਲੈਂਦੇ ਹਨ।

ਪਲੀਤੀ–(ਫਾ:, ਪਲੀਦ=ਅਪਵਿਤ੍ਰ) ਅਪਵਿਤ੍ਰਤਾਈ। ਅਪਵਿਤ੍ਰਤਾ ਵਾਲਾ। ਅਪਵਿਤ੍ਰਤਾ ਨਾਲ।

ਨਾਵੈ ਕੈ–ਨਾਮ ਦੇ।

ਆਖਣੁ ਨਾਹਿ–ਕਹਿਣ ਮਾਤ੍ਰ ਨਹੀਂ।

---

[1]ਐਉਂ ਬੀ ਕਰਦੇ ਹਨ ਕਿ ਨਾਮ ਦੇ ਰੰਗ ਨਾਲ ਜੋ ਸੁੱਛ ਹੋ ਗਏ ਹਨ, ਉਹਨਾਂ ਨੂੰ ਪੁੰਨੀ ਪਾਪੀ ਨਹੀਂ ਕਹੀਦਾ, ਪਰ ਜੋ ਕਰਮ ਕਰ ਕਰਕੇ ਸੰਸਕਾਰ ਲੈ ਲੈ ਪਰਲੋਕ ਨੂੰ ਜਾਂਦੇ ਹਨ ਸੋ ਆਪਣੇ ਕੀਤੇ ਦੇ ਫਲ ਨੂੰ ਭੋਗਦੇ ਹਨ।

(ਪਉੜੀ ੨੧)

ਪ੍ਰਾਕ੍ਰਥਨ-ਸ਼ਾਸਤ੍ਰਾਂ ਤੇ ਆਮ ਲੋਕਾਂ ਵਿਚ ਤੀਰਥ ਇਸ਼ਨਾਨ, ਤਪ, ਦਾਨ, ਆਦਿ ਪੁੰਨ ਕਰਮ ਅਰ ਕਰਮ ਕਾਂਡੀ ਕਰਮ ਪਾਪ ਨਵਿਰਤੀ ਦੇ ਸਾਧਨ ਮੰਨੇ ਗਏ ਹਨ। ਇਸ ਲਈ ਜਾਪਦਾ ਹੈ ਕਿ ਆਪ ਜੀ ਉਤੇ ਪ੍ਰਸ਼ਨ ਹੋਇਆ ਹੈ ਕਿ ਕੀ ਇਹ ਕਰਮ ਪਾਪ ਨੂੰ ਅੰਦਰੋਂ ਧੋ ਨਹੀਂ ਕੱਢਦੇ? ਇਸ ਦਾ ਉੱਤਰ ਅਗਲੀ ਪਉੜੀ ਵਿਚ ਦੇਂਦੇ ਹਨ--

ਮੂਲ	ਅਰਥ
ਤੀਰਥੁ ਤਪੁ ਦਇਆ ਦਤੁ ਦਾਨੁ॥ ਜੇ ਕੋ ਪਾਵੈ ਤਿਲ ਕਾ ਮਾਨੁ॥ ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥	ਤੀਰਥ (ਯਾਤ੍ਰਾ), ਤਪ (ਸਾਧਣੇ), ਦਇਆ (ਧਾਰਨੀ), ਦਾਨ ਦੇਣਾ, ਜੇ ਕਿਸੇ ਨੂੰ (ਇਹ ਕੁਛ) ਪ੍ਰਾਪਤ ਹੋ ਜਾਵੇ (ਤਾਂ ਉਸਦਾ ਫਲ ਉਸਨੂੰ) ਥੋੜੇ (ਸਮੇਂ ਦਾ) ਮਾਨ ਪ੍ਰਾਪਤ ਹੁੰਦਾ ਹੈ। (ਪਰ ਜਿਸ ਨੇ ਪਰਮੇਸ਼ੁਰ ਦਾ ਨਾਮ) ਸੁਣਿਆ, ਮੰਨਿਆ ਤੇ ਮਨ ਵਿਚ (ਦਾਤੇ ਨਾਲ) ਪ੍ਰੇਮ ਕੀਤਾ, (ਉਸਨੇ ਅਪਣੇ) 'ਅੰਦਰ ਪ੍ਰਾਪਤ ਤੀਰਥ' ਉਤੇ ਚੰਗੀ ਤਰ੍ਹਾਂ ਇਸ਼ਨਾਨ (ਕਰ ਲਿਆ ਹੈ) (ਭਾਵ-ਉਸ ਨੂੰ ਭਗਤੀ ਪ੍ਰਾਪਤ ਹੋਈ ਹੈ[1]। ਪਰੰਤੂ ਐਸੇ ਗੁਣਾਂ ਦੀ ਦਾਤ ਕਰਤੇ ਦੇ ਹੱਥ ਹੈ। ਇਸ ਲਈ ਪ੍ਰਾਰਥਨਾ ਕਰਦੇ ਹਨ ਕਿ ਹੇ ਨਿਰੰਕਾਰ! ਸੁਣਨ, ਮੰਨਣ, ਪ੍ਰੇਮ
ਸਭਿ ਗੁਣ ਤੇਰੇ ਮੈ ਨਾਹੀ ਕੋਇ॥	ਕਰਨ ਤੇ ਅੰਤ੍ਰੀਵ ਸੁੱਧਤਾ ਦੀ ਲੱਖਤਾ ਦੇ) ਸਾਰੇ ਗੁਣ ਤੇਰੇ (ਦਿੱਤੇ ਮਿਲਦੇ) ਹਨ, (ਪਰ) ਮੇਰੇ ਵਿਚ (ਆਪੂੰ) ਕੋਈ (ਗੁਣ) ਨਹੀਂ ਹੈ,
ਵਿਣੁ ਗੁਣ ਕੀਤੇ ਭਗਤਿ ਨ ਹੋਇ॥	(ਇਹ ਬੀ ਮੈਂ ਜਾਣਦਾ ਹਾਂ ਕਿ ਇਨ੍ਹਾਂ) ਗੁਣਾਂ ਨੂੰ (ਧਾਰਨ) ਕੀਤੇ ਬਿਨਾ (ਤੇਰੀ) ਭਗਤੀ ਹੋ ਨਹੀਂ ਸਕਦੀ (ਤਾਂ ਤੇ ਹੇ ਕਰਤਾ! ਮਿਹਰ
ਸੁਅਸਤਿ ਆਥਿ ਬਾਣੀ ਬਰਮਾਉ॥	ਕਰ ਤੇ ਆਪਣੇ ਗੁਣ ਮੈਨੂੰ ਦਾਨ ਵਿਚ ਦੇਹ[2] ਤੇ ਮੈਂ) ਯਾਚਕ ਬ੍ਰਹਮਣ ਦੀ ਸੁਅਸਤੀ ਵਾਚਕ ਬਾਣੀ (ਅੰਗੀਕਾਰ ਕਰ, ਜੋ ਇਹ ਹੈ):-
ਸਤਿ ਸੁਹਾਣੁ ਸਦਾ ਮਨਿ ਚਾਉ॥	ਤੂ ਸਤਿ ਹੈਂ, ਤੂੰ ਸੌਂਦਰਯ ਹੈਂ (ਤੂੰ ਚੇਤਨ ਹੈਂ, ਤੇ ਅਪਣੀ ਚੇਤਨਤਾ ਵਿਚ ਸਦਾ ਅਨੰਦ ਹੈਂ।

ਵ੍ਯਾਖ੍ਯਾ- ਜਪੁਜੀ ਦੀ ਪਉੜੀ ੧ ਵਿਚ ਦੱਸਿਆ ਸੀ ਕਿ ਸ਼ੌਚ ਆਦਿ ਕਰਮਾਂ ਨਾਲ ਸਚਿਆਰ ਨਹੀਂ ਬਣ ਸਕੀਦਾ। ਪਉੜੀ ੬ ਵਿਚ ਦੱਸਿਆ ਸੀ ਕਿ ਤੀਰਥ ਨ੍ਹਾ ਕੇ ਵਾਹਿਗੁਰੂ ਨੂੰ ਪਿਆਰੇ ਨਹੀਂ ਲਗ ਸਕੀਦਾ। ਉਸ ਨੂੰ ਪਜਾਰੇ ਲੱਗ ਸਕੀਦਾ ਹੈ ਉਸ ਨੂੰ ਕਦੇ ਨਾ ਵਿਸਾਰਣ ਨਾਲ। ਇਸ ਪਉੜੀ ਵਿਚ ਦੱਸਦੇ ਹਨ ਕਕਿ ਤੀਰਥ ਇਸ਼ਨਾਨ ਆਦਿ ਕਰਮਾਂ ਨਾਲ ਥੋੜਾ ਜੇਹਾ ਮਾਨ ਪ੍ਰਾਪਤ ਹੁੰਦਾ ਹੈ, ਪਰ ਮਨ ਦੀ ਮੈਲ ਨਹੀਂ ਕਟੀਂਦੀ। ਪਰ ਨਾਮ 'ਸੁਣਕੇ' 'ਮੰਨਨ ਕਰਕੇ' 'ਪ੍ਰੇਮ ਨਾਲ ਸਿਮਰਕੇ' ਮਨ ਦੀ ਮੈਲ ਤੇ ਬੁੱਧੀ ਦੀ ਅਪਵਿੱਤ੍ਰਤਾਈ ਕੱਟੀ ਜਾਂਦੀ ਹੈ:-

ਗੁਰਮੁਖਿ ਨਾਮੁ ਦਾਨੁ ਇਸਨਾਨੁ॥ (ਸਿਧ ਗੋਸਟਿ-੩੬)

ਇਹ ਤੁਕ ਫੁਰਮਾ ਕੇ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ ਕਿ ਦਾਨ ਤੇ ਇਸ਼ਨਾਨ ਕਰਨੇ

---

[1] ਇਸ ਤੋਂ ਅਗਲੀ ਤੁਕ ਪਤਾ ਦੇਂਦੀ ਹੈ ਕਿ ਐਸੀ ਪ੍ਰਾਪਤੀ ਭਗਤੀ ਵਿਚ ਲੈ ਜਾਂਦੀ ਹੈ।

[2] ਹਭਿ ਗੁਣ ਤੈਡੇ ਨਾਨਕ ਜੀਉ ਮੈਕੂ ਥੀਏ ਮੈ ਨਿਰਗੁਣ ਤੇ ਕਿਆ ਹੋਵੈ॥ (ਵਾ: ਰਾ: ਮ: ੫- ੧੯

ਜੋਗ ਤੇ ਚੰਗੇ ਕੰਮ ਹਨ ਪਰ, ਜੇ ਨਾਲ ਨਾਮ ਹੋਵੇ ਤਾਂ ਨਾਮ ਦੇ ਸਹਾਈ ਹੋਕੇ ਓਹ ਸੁਖਦਾਈ ਹਨ। ਪਰ ਜੇ ਨਾਮ ਤੋਂ ਬਿਨਾਂ ਕੀਤੇ ਜਾਣ ਤਾ ਉਹ 'ਹਉਂ ਨਿਵਰਤੀ' ਤੇ 'ਆਤਮ ਸੁਖ' ਪੈਦਾ ਨਹੀਂ ਕਰਦੇ। ਯਥਾ:-

ਤੀਰਥ ਵਰਤ ਨੇਮ ਕਰਹਿ ਉਦਿਆਨਾ॥ ਜਤੁ ਸਤੁ ਸੰਜਮੁ ਕਥਹਿ ਗਿਆਨਾ॥
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ॥੧੩॥

(ਮਾਰੂ ਸੋ: ਮ: ੧, ਸੋ:-੨੨)

ਨਾਮੀ ਪੁਰਖ ਨੂੰ ਇਸ਼ਨਾਨ ਸੁਖਦਾਈ ਹੈ ਕਿ ਸਰੀਰ ਸੁਤ੍ਰਥ ਹੋਕੇ ਨਾਮ ਵਿਚ ਜੁੜਦਾ ਚੰਗਾ ਹੈ। ਦਾਨ ਨਾਮੀ ਪੁਰਖ ਨੂੰ ਸੁਖਦਾਈ ਹੈ ਕਿ ਦਾਨ ਨਾਲ ਉਸ ਨੂੰ 'ਦਾਤ' ਨਾਲੋਂ 'ਦਾਤਾ' ਵਧੀਕ ਪਿਆਰਾ ਲੱਗਣ ਲਗ ਜਾਂਦਾ ਹੈ, ਕਿਉਂਕਿ ਉਹ ਦਾਨ ਨੂੰ ਉਸ ਦੀ ਆਗਿਆ ਸਮਝ ਕੇ 'ਦੇਕੇ' ਖੁਸ਼ ਹੁੰਦਾ ਹੈ:-

ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ॥ (ਭਾ:ਗੁ: ਵਾਰ ੬-੧੨)

ਨਾਮੀ ਪੁਰਖ ਦਾਨ ਦੇਕੇ ਅਪਣੇ ਅੰਦਰ ਇਕ ਅਮਲੀ ਰੌ ਪੈਦਾ ਕਰਦਾ ਹੈ ਕਿ ਹਉਮੈ ਦਾ ਤਿਆਗ ਵਰਤੋਂ ਵਿਚ ਕੀਕੂੰ ਆਉਂਦਾ ਹੈ। ਦਾਨ ਨਾਲ ਸ੍ਵਾਰਥਪਰਤਾ (ਖ਼ੁਦਗ਼ਰਜ਼ੀ) ਘਟਦੀ ਹੈ ਜੋ ਹਉਮੈਂ ਦੀ ਅਮਲੀ ਸੂਰਤ ਹੈ। ਜੇ ਨਾਮ ਅਭਿਆਸ ਟੁਰ ਰਿਹਾ ਹੈ ਤੇ 'ਮਨੁ ਮੇਰੋ ਗਜੁ ਜਿਹਵਾ ਮੇਰੀ ਕਾਤੀ॥ ਮਪਿ ਮਪਿ ਕਾਟਉ ਜਮ ਕੀ ਫਾਸੀ॥' (ਆਸਾ ਨਾਮਦੇਵ ਜੀ-੩) ਵਾਲਾ ਕਾਰਜ ਹੋ ਰਿਹਾ ਹੈ ਤਾਂ ਦਾਨ ਤੇ ਇਸ਼ਨਾਨ ਨਾਮ ਦਾਰੂ ਦੇ ਨਾਲ ਅਨੁਪਾਨ ਹਨ। ਪਰ ਜੇ ਨਾਲ ਨਾਮ ਹਉਂ ਨੂੰ ਕੱਟਣ ਦੀ ਕੈਂਚੀ ਨਹੀਂ ਟੁਰ ਰਹੀ ਤਾਂ ਗੁਰੂ ਜੀ ਦੱਸ ਰਹੇ ਹਨ ਕਿ ਨਾਮ ਵਿਹੂਨ ਦਾਨ ਤੇ ਤੀਰਥ ਇਸ਼ਨਾਨ ਆਦਿ ਕਰਮ ਹਉਮੈ ਦਾ ਕਾਰਜ ਹਨ ਤੇ ਫਲ ਥੋੜਾ ਜਿਹਾ ਮਾਨ ਹੈ। ਯਥਾ:-

ਤੀਰਥ ਨਾਇ ਨ ਉਤਰਸਿ ਮੈਲੁ॥ ਕਰਮ ਧਰਮ ਸਭਿ ਹਉਮੈ ਫੈਲੁ। (ਰਾਮ: ਮ: ੫-੨੪)

ਹਉਮੈ ਰੂਪੀ ਜਮ ਦੀ ਫਾਸੀ ਨਾਮ ਅਰਾਧਣ ਨਾਲ ਕਟੀਂਦੀ ਹੈ। ਫੇਰ:-

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥ (ਧਨਾ: ਮ: ੧ ਛੰਤ-੧)

ਇੱਥੇ ਕੁ ਆਕੇ ਆਪ ਜੀ ਆਪਣੀ ਸੁਤੇ ਹਉ ਅਭਾਵਤਾ ਤੇ ਨਿੰਮ੍ਰਤਾ ਦੇ ਸੁਭਾਵ ਦੀ ਰੌ ਵਿਚ ਅਰਦਾਸ ਵਿਚ ਚਲੇ ਜਾਂਦੇ ਤੇ ਉਚਾਰਦੇ ਹਨ ਕਿ ਹੇ ਕਰਤਾ ਪੁਰਖ! ਆਪ ਸਰਬ ਗੁਣਾਂ ਦੇ ਮਾਲਕ ਹੋ, ਮੇਰੇ ਵਿਚ ਕੋਈ ਗੁਣ ਨਹੀਂ ਹੈ, ਤੇ ਗੁਣ ਧਾਰਨ ਕੀਤੇ ਬਿਨਾਂ ਭਗਤੀ ਹੋ ਨਹੀਂ ਸਕਦੀ। ਆਪਣੇ ਨਾਮ ਦੇ 'ਸ਼੍ਰਵਣ ਮਨਨ ਤੇ ਪ੍ਰੇਮ' ਆਦਿ ਗੁਣ ਮੈਨੂੰ ਆਪ ਦਾਨ ਕਰੋ ਜੋ ਮੈਂ ਯਾਚਕ ਦਾਨ ਲੈ ਕੇ ਸ੍ਵਸਤਿ ਵਾਚਕ ਵਾਕ ਆਖਾਂ। ਯਾਚਕ ਕੋਲ ਸਿਵਾ ਅਸ਼ੀਰਵਾਦ ਤੇ ਸ੍ਵਸਤੀ ਦੇ ਵਾਕਾਂ ਦੇ ਹੋਰ ਕੀਹ ਹੁੰਦਾ ਹੈ, ਮੈਂ ਤੇਰੇ ਦਰ ਅੱਗੇ ਇਕ ਯਾਚਕ ਬਰਮਾਉ=ਬ੍ਰਾਹਮਣ ਵਾਂਙੂ ਖੜਾ ਦਾਨ ਮੰਗਦਾ ਹਾਂ, ਦਾਨ ਦੇਹਿ ਤੇ ਮੇਰੇ-ਯਾਚਕ ਬ੍ਰਾਹਮਣ ਦੇ ਸ੍ਵਸਤੀ ਵਾਚਕ ਦੇ ਵਾਕ ਲੈ-ਜੋ ਏਹ ਹਨ:- ਤੂੰ ਸੱਤਜ ਸਰੂਪ ਹੈਂ, ਤੂੰ ਸੌਂਦਰਯ ਸਰੂਪ ਹੈਂ, ਤੂੰ ਸਦਾ ਹੈਂ, ਤੂੰ ਚੇਤਨ ਹੈਂ ਤੇ ਆਪਣੀ ਚੇਤਨਤਾ ਵਿਚ ਆਨੰਦ ਹੈਂ। ਸਤਿਗੁਰੂ ਜੀ ਨੇ ਪ੍ਰਭਾਤੀ ਰਾਗ ਵਿਚ ਬੀ ਆਪ ਨੂੰ ਕਰਤਾਰ ਦਾ ਪ੍ਰੋਹਿਤ (ਬ੍ਰਾਹਮਣ) ਮੰਨਕੇ ਅਰਦਾਸ ਕੀਤੀ ਹੈ:- **ਕਰਤਾ ਤੂ ਮੇਰਾ ਜਜਮਾਨੁ॥**

ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ॥ (ਪ੍ਰਭਾਤੀ ਮ: ੧-੭)

ਭਾਵ ਇਹ ਹੈ ਕਿ ਮੇਰੇ ਵਿਚ ਗੁਣ ਪੈਦਾ ਕਰਨੇ ਦੀ ਤਾਕਤ ਨਹੀਂ ਹੈ, ਤੂੰ ਗੁਣਾਂ ਦਾ ਮਾਲਕ ਹੈਂ, ਆਪਣੇ ਭੰਡਾਰਿਓਂ ਗੁਣ ਦਾਨ ਕਰ ਤੇ ਮੈਂ ਪ੍ਰੋਹਿਤ ਦੀ ਤਰ੍ਹਾਂ ਸ੍ਵਸਤਿ ਵਾਕ ਕਹਾਂ। ਮੈਂ ਕਲਜਾਣਾਂ ਆਖਦਾ ਤੇ ਗੁਣ ਗਾਉਂਦਾ ਰਹਾਂ ਤੇ ਤੂੰ ਦਾਤਾਂ ਦੇਂਦਾ ਰਹੇਂ।

ਆਸਾ ਦੀ ਵਾਰ ਵਿਚ ਬੀ ਗੁਰੂ ਜੀ ਨੇ ਵਾਹਿਗੁਰੂ ਜੀ ਪ੍ਰਤਿ 'ਸੁਅਸਤਿ' ਵਾਕ ਆਖਿਆ ਹੈ, ਯਥਾ:-

ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ॥ (ਵਾਰ ਆਸਾ ਮ: ੧-੮)

ਨਿਰੁਕ੍ਤ-ਤੀਰਥੁ-ਦੇਖੋ ਪਿਛੇ ਪੰਨਾ੬੭ ਪਉੜੀ ੬ ਦੀ ਨਿਰੁਕ੍ਤ।

ਦਤੁ-(ਸੰਸ:, ਦਤ੍ਤ=ਦਿਤਾ ਗਿਆ, ਧਾਤੂ, ਦਾ=ਦੇਣਾ) ਦਿੱਤਾ ਗਿਆ। ਦੇਣ। ਦੇਣਾ।

ਦਾਨੁ-(ਸੰਸ:, ਧਾਤੂ, ਦਾ=ਦੇਣਾ) ਦੇਣਾ। ਪੁੰਨ ਅਰਥੀ ਦੇਣਾ।

ਦਤੁ ਦਾਨੁ-ਦਾਤ(ਦਾ ਦੇਣ ਤੇ) ਦਾਨ (ਕਰਨਾ)। ਦਾਨ ਦੇਣਾ।

ਤਿਲ-(ਸੰਸ:, ਇਕ ਛੋਟਾ ਬੀਜ। ਤਿਲ। ਤਿਲ ਜਿੰਨਾ ਭਾਵ ਬਹੁਤ ਥੁਹੜਾ।

ਭਾਉ-(ਸੰਸ:, ਭਾਵ=ਪ੍ਰੇਮ) ਪ੍ਰੇਮ।

ਅੰਤਰ ਗਤਿ-(ਸੰਸ:,) ਜੋ ਅੰਦਰ ਪ੍ਰਾਪਤ ਹੈ। ਜੋ ਅੰਤਹਕਰਣ ਵਿਚ ਹੈ।

ਸੁਅਸਤਿ-(ਸੰਸ:,ਸ੍ਵਸ੍ਤਿ)ਇਹ ਇਕ ਅਸ਼ੀਰਵਾਦੀ ਪਦ ਹੈ, ਅਰਥ ਹੈ: ਕਲਜਾਨ ਹੋ, ਖੇਮ ਕੁਸ਼ਲ ਰਹੇ, ਜੈ ਹੋ, ਆਦਿ। ਬ੍ਰਹਮਣ ਦਾਨ ਲੈਕੇ ਯਜਮਾਨ ਪ੍ਰਤਿ ਸ੍ਵਸ੍ਤਿ ਆਖਦੇ ਹਨ।

ਆਥਿ-(ਪ੍ਰਾ: ਅਤ੍ਥਿ, ਸੰਸ:, ਅਰ੍ਥਿਨ,) ਲੋੜਵੰਦ। ਯਾਚਕ, ਮੰਗਣ ਵਾਲਾ।

ਬਾਣੀ ਬਰਮਾਉ-ਬ੍ਰਹਮਣ ਵਾਲੀ ਬਾਣੀ। ਓਹ ਵਾਕ ਜੋ ਬ੍ਰਹਮਣ (ਦਾਨ ਲੈ ਕੇ) ਆਖਦਾ ਹੈ।

ਸੁਹਾਣੁ-(ਸੰਸ:, ਸੁਭਗ। ਪ੍ਰਾ: ਸੁਹਯ, ਪੰਜਾਬੀ, ਸੁਹਜ, ਸੁਹਾਣ। ਅਰਬੀ, ਸੁਬਹਾਨ=ਸ਼ਲਾਘਾ ਯੋਗ। ਧੰਨਜਤਾ ਯੋਗ। ਜਲਾਲ ਵਾਲਾ) ਸੌਂਦਰਯ। ਸੁੰਦਰਤਾ। ੧੯੯੯ ਵਿਚ ਬਹੁਤ ਭਾਲ ਤੇ ਵੀਚਾਰ ਕਰ ਕਰਕੇ ਐਉਂ ਅਰਥ ਲਾਏ ਗਏ ਸਨ:-

''ਤੂ ਕਲਜਾਣ ਸਰੂਪ ਹੈਂ, ਤੂੰ (ਆਥਿ=) ਮਾਇਆ ਸਰੂਪ ਹੈਂ, ਤੂੰ ਬਾਣੀ ਸਰੂਪ ਹੈਂ, ਤੂੰ ਬ੍ਰਹਮ ਹੈਂ, ਤੂੰ ਸਤਿ ਹੈਂ, ਤੂੰ ਸੁਭਾਇਮਾਨ ਹੈਂ, ਤੂੰ ਸਦੀਵ ਆਨੰਦ ਮਨ ਹੈਂ। (ਟੀ: ਪੰਜ ਪਉ:)'' ਪਰੰਤੂ ਖੋਜ ਜਾਰੀ ਰਹੀ ਤੇ ਅੰਤ ਓਹ ਅਰਥ, ਜੋ ਉਪਰ ਕੀਤੇ ਹਨ, ਸਹੀ ਮਾਲੂਮ ਹੋਏ ਹਨ, ਜੋ ਪਿੱਛੇ ਟੁਰੇ ਆਏ ਪ੍ਰਸੰਗ ਨਾਲ ਪ੍ਰਸੰਗਕ ਤੇ ਢੁੱਕਵੇਂ ਹੈਨ। ਸਭ ਤੋਂ ਸਨਾਤਨ ਅਰਥ ਬੀ ਇਹੀ ਮਿਲੇ ਹੈਨ। ਸੰਪ੍ਰਦਾਈ ਦਾਨੇ ਐਉਂ ਅਰਥ ਲਾਉਂਦੇ ਹਨ-ਸਤਿ ਚੇਤਨ ਆਨੰਦ ਤੇ ਸੁਅਸਤਿ (ਕਲਜਾਣ ਰੂਪ) ਤੋਂ (ਆਥਿ=) ਮਾਇਆ ਹੋਈ, ਤਿਸ ਤੇ ਬਾਣੀ, ਤਿਸ ਤੇ ਬ੍ਰਹਮਾਦਿਕ ਹੋਏ।

ਪੰਡਿਤ ਟੀਕਾਕਾਰ ਕੁਛ ਐਉਂ ਦਾ ਅਰਥ ਲਾਉਂਦੇ ਹਨ:-

੧. ਸਿਖ ਕਹਿੰਦਾ ਹੈ, ਹੇ ਗੁਰੋ! ਸੁਅਸਤਿ ਆਥਿ=ਮੇਰੀ ਕਲਜਾਣ ਅਰਥ (ਬਾਣੀ ਬਰਮਾਉ=) ਬ੍ਰਹਮ ਦੀ ਬਾਣੀ ਅਰਥਾਤ ਵੇਦ ਬਾਣੀ ਦਾ ਮੈਨੂੰ ਉਪਦੇਸ਼ ਕਰੋ।

੨. ਗੁਣ ਕੌਣ ਹਨ ਜੋ ਧਾਰਨੇ ਹਨ, ਉਤਰ:-ਸ੍ਵਸਤਿ ਵਾਚਨ, ਬਾਣੀ ਦਾ ਪੜ੍ਹਨਾ, ਸਦਾ ਸਤਿ ਸੁਹਾਉਣੇ ਈਸ਼੍ਵਰ ਦੇ ਦਰਸ਼ਨ ਦਾ ਮਨ ਵਿਚ ਚਾਉ ਰਖਣਾ।

੩. ਸ੍ਵਸ੍ਤਿ=ਟਿਕੇ ਚਿਤ ਰਹਿਣ ਨੂੰ ਅਪਣਾ (ਆਥਿ=) ਧਨ ਬਨਾਉਣਾ, ਬਾਣੀ ਬ੍ਰਹਮ ਸਨਬੰਧੀ ਬੋਲਣਾ, ਸਤਿ (ਪਰਮਾਤਮਾ) ਦੇ ਗੁਣਾਨੁਵਾਦ ਸੁਹਣੇ ਲਗਣ ਤੇ ਮਨ ਵਿਚ ਚਾਉ ਰਹੇ।

੪. ਹੇ ਈਸ਼੍ਵਰ (ਵੇਦ ਰੂਪ) ਬਾਣੀ ਨੂੰ (ਬਿਰਮਾਇ=) ਰੋਕ ਕੇ ਤੁਸੀਂ (ਸ੍ਵਸ੍ਤਿ ਆਥਿ) ਕਲਜਾਣ ਰੂਪ ਸੋ। ਪਰ ਏਹ ਸਾਰੇ ਅਰਥ ਪ੍ਰਸੰਗ ਨਾਲ ਢੁਕਦੇ ਘੱਟ ਹਨ।

(ਪਉੜੀ ੨੧-ਜਾਰੀ)

ਪ੍ਰਾਕ੍ਕਥਨ- ਗੁਰੂ ਨਾਨਕ-ਮਨ ਅਨੁਭਵ ਦਾ ਮਾਲਕ ਹੈ, ਦਾਰਸ਼ਨਿਕ ਬੀ ਹੈ। ਉਹ ਕਵਿ ਮਨ ਬੀ ਹੈ ਤੇ ਪਰਮ ਸ੍ਵਛ ਤੇ ਉੱਚਾ ਕਵਿ-ਮਨ ਹੈ। ਉਹ ਰਸੀਆ ਮਨ

ਹੈ, ਰਹੱਸਜਮਈ ਬੀ ਹੈ। ਇਸ ਕਰਕੇ ਆਪ ਜੀ ਦਾ ਮਨ ਪਰਮਾਤਮ ਦੇਵ ਨੂੰ 'ਸੌਂਦਰਯ' ਬੀ ਦੇਖਦਾ ਹੈ। ਉੱਚਾ ਕਵਿ-ਮਨ ਸਾਈਂ ਨਾਲ ਇਕ ਸੁਰ ਹੋਇਆ ਦਿੱਸ ਰਹੇ 'ਸੌਂਦਰਯ' ਨੂੰ ਰੱਬ ਜੀ ਦੇ ਅਦ੍ਰਿਸ਼ਜ ਸੌਂਦਰਯ ਦਾ ਪ੍ਰਕਾਸ਼ ਅਨੁਭਵ ਕਰਦਾ ਹੈ। ਸੌਂਦਰਯ ਵਲ ਪ੍ਰੇਮ ਨੂੰ ਸੁਤੇ ਹੀ ਖਿੱਚ ਹੈ। ਸੌਂਦਰਯ ਆਨੰਦ ਦਾਤਾ ਹੈ-ਸਰਮ ਖੰਡ ਕੀ ਬਾਣੀ ਰੂਪੁ-ਸਿਫਤ ਸਲਾਹ ਸੌਂਦਰਯ ਦਾ ਹੀ ਸੰਗੀਤ ਹੈ। ਸੌਂਦਰਯ ਵਿਸਮਾਦ ਵਿਚ ਲੈ ਜਾਂਦਾ ਹੈ। ਵਿਸਮਾਦ 'ਅਸਚਰਜ ਰੂਪੰ' ਵਿਚ ਲੀਨ ਕਰ ਦੇਂਦਾ ਹੈ।

ਸੋ ਜਾਪਦਾ ਹੈ ਕਿ ਪਰਮੇਸ਼੍ਵਰ ਦੇ ਸਰੂਪ ਨੂੰ ਸ੍ਰਿਸ੍ਰਿ ਬਾਣੀ ਵਿਚ ਉਚਾਰਦਿਆਂ ਉਚਾਰਦਿਆਂ ਆਪ ਦਾ ਕੋਮਲ ਪ੍ਰੇਮੀ ਤੇ ਵਿਸਮਾਦ ਰੰਗੀ ਮਨ ਸਾਈਂ ਸੁੰਦਰਤਾ ਨੂੰ ਅਨੁਭਵ ਕਰਦਾ ਰਸ ਮਾਣਦਾ ਚਰਨ ਸ਼ਰਨ ਲੀਨ ਹੋ ਗਿਆ ਹੈ। ਜਦ ਉਸ ਪਾਰਬ੍ਰਹਮੀ ਲੀਨਤਾ ਵਿਚੋਂ ਉੱਠਕੇ ਅਸਚਰਜਤਾ ਦੇ ਮੰਡਲ ਵਿਚੋਂ ਆਕਾਰ ਵਾਲੇ ਬ੍ਰਹਮੰਡ ਉਤੇ ਨਜ਼ਰ ਪਈ ਤਾਂ ਉਤੇ ਪ੍ਰਸ਼ਨ ਉਪਜਿਆ ਕਿ ਇਹ ਸੁਹਣਾ ਸਾਮਾਨ ਕਦੋਂ ਬਣਿਆ? ਇਹ ਗੱਲ ਕੌਣ ਜਾਣੇ? ਹੋਰ ਕੋਈ ਨਹੀਂ, ਪਰ ਉਹੈ ਸੁੰਦਰਾਂ ਦਾ ਸੁੰਦਰ ਰਚਣਹਾਰ-ਕੇਵਲ ਉਹੋ-ਜਾਣਦਾ ਹੈ। ਇਹ ਭਾਵ ਅਗਲੀਆਂ ਸਤਰਾਂ ਵਿਚ ਅੰਕਿਤ ਹੈ, ਜਿਨ੍ਹਾਂ ਵਿਚ ਵਾਹਿਗੁਰੂ ਦੀ ਸਰਵੱਗਤਾ, ਸਾਡੀ ਅਪਹੁੰਚਤਾ ਤੇ ਅੰਤ ਵਿਚ ਹਉਮੈ ਰਹਿਤ ਹੋ ਸੁੰਦਰ ਸਾਈਂ ਨਾਲ, ਸਿਫਤ ਸਲਾਹ ਦੁਆਰਾ, ਵਿਸਮਾਦ ਦੇ ਰਸਤੇ, ਪ੍ਰੇਮੀ ਹੋਏ ਰਹਿਣ ਦੀ ਸੈਨਤ ਹੈ।

ਮੂਲ

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥ ਵੇਲ ਨ ਪਾਈਆ ਪੰਡਤੀ ਜੇ ਹੋਵੈ ਲੇਖੁ ਪੁਰਾਣੁ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁਕੁਰਾਣੁ॥ ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥ ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ॥ ਵਡਾ ਸਾਹਿਬੁ ਵਡੀ ਨਾਈ ਕੀਤਾ ਜਾਕਾ ਹੋਵੈ॥ ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥੨੧॥

ਅਰਥ

ਉਹ ਕਿਹੜਾ ਵੇਲਾ ਸੀ, ਕਿਹੜਾ ਸੀ ਵਕਤ, ਕਿਹੜੀ ਥਿਤਿ ਸੀ ਤੇ ਕਿਹੜਾ ਵਾਰ ਸੀ; ਉਹ ਰੁਤ ਕਿਹੜੀ, ਮਹੀਨਾ ਕਿਹੜਾ ਸੀ ਜਿਸ ਵੇਲੇ (ਨਿਰੰਕਾਰ ਤੋਂ ਏਹ) ਆਕਾਰ ਰਚਿਆ ਗਿਆ ਸੀ। ਵੇਲਾ ਨਹੀਂ ਲੱਭਾ ਪੰਡਿਤਾਂ ਨੇ ਜੋ (ਕੋਈ) ਪੁਰਾਣ (ਸਰੀਖਾ ਮੁਸਤਨਿਦ) ਲੇਖ (ਇਸ ਗਲ ਦਾ) ਹੋਵੇ (ਤਾਂ ਲੱਭ ਲੈਣ)। ਵਕਤ ਨਹੀਂ ਲੱਭਾ ਕਾਜ਼ੀਆਂ ਨੇ ਜੇ (ਲੱਭਾ ਨੇ ਤਾਂ ਕੋਈ) ਕੁਰਾਣ (ਸਰੀਖਾ ਮੁਸਤਨਿਦ) ਲੇਖ ਲਿਖਣ (ਭਾਵ ਲਿਖ ਦਿਖਾਲਣ)। (ਉਹ) ਥਿਤ ਵਾਰ (ਯੋਗ ਧਜ਼ਾਨ ਜੋੜ ਜੋੜ ਕੇ) ਜੋਗੀ ਬੀ ਨਹੀਂ ਜਾਣਦਾ, (ਉਹ) ਰੁਤ ਤੇ ਮਹੀਨਾ (ਹੋਰ) ਕੋਈ (ਬੀ) ਨਹੀਂ (ਲੱਭ ਸਕਿਆ।) ਜਦੋਂ ਕਰਤਾਰ ਸ੍ਰਿਸ਼ਟੀ ਨੂੰ ਸਾਜਦਾ ਹੈ (ਉਸ ਨੂੰ) ਉਹ ਆਪ ਹੀ ਜਾਣਦਾ ਹੈ (ਹੋਰ ਕੋਈ ਨਹੀਂ ਜਾਣਦਾ। ਜਦ ਆਪੇ ਨੂੰ ਤੇ ਆਪਣੇ ਕਰਨਿਆਂ ਨੂੰ ਕਰਤਾ ਆਪ ਹੀ ਜਾਣਦਾ ਹੈ ਤਾਂ) ਮੈਂ (ਉਸਦੇ ਕਰਨਿਆਂ ਨੂੰ) ਕੀਕੂੰ ਕਹਿ ਸਕਾਂ, (ਉਸ ਕਰਤੇ ਦੀ) ਸਿਫਤ ਸਲਾਹ ਕੀਕੂੰ ਕਰਾਂ, (ਹਾਂ ਉਸ ਦਾ ਸਾਰਾ) ਵਰਣਨ ਕੀਕੂੰ ਕਰਾਂ (ਤੇ ਇਹ ਸਾਰਾ ਕੁਛ ਕਹਿਣੇ ਲਈ ਉਸ ਨੂੰ) ਕੀਕੂੰ ਜਾਣ ਸਕਾਂ? (ਉਂਵ) ਕਹਿਣੇ ਨੂੰ ਤਾਂ, ਹੇ ਨਾਨਕ! ਸਭ ਕੋਈ ਪਿਆ ਕਹਿੰਦਾ ਹੈ ਤੇ ਇਕ ਤੋਂ ਇਕ ਸਿਆਣਾ (ਬਣ ਬਣ ਬਹਿੰਦਾ) ਹੈ; (ਪਰੰਤੂ ਉਹ) ਸਾਹਿਬ ਜਿਸ ਦਾ ਕੀਤਾ ਪਿਆ ਹੁੰਦਾ ਹੈ (ਸਭ ਤੋਂ) ਵਡਾ ਹੈ, (ਉਸ ਦੇ ਵਡੇ ਹੋਣ ਕਰਕੇ) ਉਸ ਦੀ ਵਡਿਆਈ (ਬੀ) ਵੱਡੀ ਹੈ। ਜੇ ਕੋਈ ਆਪਣੇ ਆਪ ਨੂੰ (ਵੱਡਾ ਯਾ ਜਾਣਨਹਾਰ) ਸਮਝਦਾ ਹੈ ਉਹ

ਅਗੇ ਜਾਕੇ ਸ਼ੋਭਾ ਨਹੀਂ ਪਾਏਗਾ (ਕਿਉਂਕਿ ਉਹ ਹਉਂ ਵਿਚ ਚਲਾ ਗਿਆ ਹੈ, ਇਸ ਲਈ) ਹੇ ਨਾਨਕ! (ਤੂੰ ਸਿਫਤ ਸਲਾਹ ਵਿਚ ਰਹੁ ਵਡਾ ਸਾਹਿਬ ਹੈ, ਵਡੀ ਵਡਿਆਈ ਹੈ, ਕੀਤਾ ਉਸ ਦਾ ਹੁੰਦਾ ਹੈ)॥੨੧॥

ਵ੍ਯਾਖ੍ਯਾ- ਪਉੜੀ ੧੬ ਤੋਂ ੧੭, ੧੮, ੧੯ ਵਿਚ ਕਰਤੇ ਦੇ ਕਰਨਿਆਂ ਦੀ ਅਰਥਾਤ ਕੁਦਰਤ ਦੀ ਵਿਸ਼ਾਲਤਾ ਦਰਸਾਈ ਸੀ। ਉਨ੍ਹਾਂ ਵਿਚ 'ਅਸੰਖ ਚੋਰ ਹਰਾਮਖੋਰ' ਵਾਲੀ ਗੇਣਤੀ ਤੇ ਸੁਤੇ ਪ੍ਰਸ਼ਨ ਹੋ ਗਿਆ ਕਿ ਇਨ੍ਹਾਂ ਪਾਪੀਆਂ ਦੇ ਉੱਧਾਰ ਦਾ ਬੀ ਕੋਈ ਉਪਰਾਲਾ ਹੈ? ਉਸ ਦਾ ਉਤਰ ੨੦-੨੧ ਪਉੜੀ ਵਿਚ ਦੇਕੇ ਇਥੋਂ ਹੀ ਹੁਣ ਫੇਰ ਉਹੋ ਲੜੀ ਫੜ ਲੈਂਦੇ ਹਨ ਤੇ ਪਹਿਲੋਂ ਕਰਤਾ ਪੁਰਖ ਦੀ ਸਰਵੱਗਤਾ ਤੇ ਜੀਵ ਦੀ ਅਲਪੱਗਤਾ ਦਰਸਾਉਂਦੇ ਹਨ, ਇਹ ਆਖਕੇ ਕਿ ਕਰਤੇ ਦੇ ਕਰਨਿਆਂ ਦਾ ਸ਼ੁਮਾਰ ਤਾਂ ਕਿਤੇ ਰਿਹਾ ਉਸ ਦੇ ਰਚਨਾ ਰਚਣ ਦੇ ਸਮੇਂ ਥਿਤ ਵਾਰ ਦਾ ਥਹੁ ਬੀ ਕੋਈ ਨਹੀਂ ਜਾਣਦਾ। ਕਿਉਂ ਨਹੀਂ ਜਾਣਦਾ? ਮੋਟੀ ਵੀਚਾਰ ਕਰੋ। ਸ੍ਰਿਸ਼ਟੀ ਰਚਨਾਂ ਤੋਂ ਪਹਿਲੋਂ ਕੇਵਲ ਕਰਤਾ ਪੁਰਖ ਆਪ ਹੀ ਸੀ, ਦੂਸਰਾ ਕੋਈ ਸੀ ਹੀ ਨਹੀਂ। ਸੋ ਉਸ ਬਿਨਾ ਹੋਰ ਕੌਣ ਹੋ ਸਕਦਾ ਹੈ ਜੋ ਜਾਣ ਸਕਦਾ। ਭਲਾ ਜੀ, ਪੰਡਿਤ ਕਾਜ਼ੀ ਤੇ ਯੋਗੀ ਆਦਿ ਕਈ, ਕੁਛ ਨ ਕੁਛ ਦੱਸਦੇ ਹਨ, ਉਹ ਠੀਕ ਨਹੀਂ? ਉੱਤਰ: ਪੌਰਾਣਕ ਠੀਕ ਠੀਕ ਨਹੀਂ ਦੱਸ ਸਕਦੇ, ਕਿਉਂਕਿ ਸ੍ਰਿਸ਼ਟੀ ਰਚਨਾ ਤੋਂ ਪਹਿਲੋਂ ਓਹ ਸਨ ਹੀ ਨਹੀਂ, ਨਾ ਹੀ ਪੌਰਾਣ ਲਿਖਣੇ ਵਾਲਾ ਕੋਈ ਮੌਜੂਦ ਸੀ, ਨਾ ਕਾਜ਼ੀ ਕੋਈ ਪਹਿਲੋਂ ਸੀ, ਨਾ ਰਚਨਾ ਕਾਲ ਤੋਂ ਪਹਿਲੋਂ ਕੁਰਾਨ ਹੀ ਸੀ। ਨਾ ਉਸ ਵਿਚ ਕੋਈ ਐਸਾ ਲੇਖ ਹੀ ਮੌਜੂਦ ਹੈ, ਨਾ ਕਿਸੇ ਯੋਗੀ ਨੇ ਅਪਣੇ ਯੋਗ ਬਲ ਨਾਲ ਗਜਾਤ ਪੈਦਾ ਕੀਤੀ ਹੈ ਕਿ ਫਲਾਣੇ ਵੇਲੇ ਰਚਨਾ ਹੋਈ। ਪਰ ਫੇਰ ਜੋ ਲੋਕੀ ਦੇਖੀਦੇ ਹਨ ਜੋ ਦੱਸਦੇ ਤੇ ਦਾਅਵੇ ਬੰਨ੍ਹਦੇ ਹਨ ਸੋ ਕੋਈ ਸ਼ਾਸਤ੍ਰੀ ਪੰਡਿਤ ਕਿ ਕਾਜ਼ੀ ਕਿ ਜੋਗੀ ਕਿ ਕੋਈ ਹੋਰ ਕੁਛ ਕਹੇਗਾ ਤਾਂ ਅਟੇ ਸਟੇ ਤੇ ਟੋਹਾਂ ਲਾਏਗਾ ਪਰ ਨਿਸਚਿਤ ਠੀਕ ਠੀਕ ਆਪ ਡਿੱਠੇ ਵਾਂਙੂ ਨਹੀਂ ਦੱਸ ਸਕੇਗਾ। ਹਾਂ ਕੇਵਲ ਕਰਤਾ ਪੁਰਖ ਹੈ ਜੋ ਠੀਕ ਠੀਕ ਜਾਣਦਾ ਹੈ। ਕਿਉਂਕਿ ਉਸ ਵੇਲੇ ਓਹੋ, ਕੇਵਲ ਉਹੋ, ਮੌਜੂਦ ਸੀ। ਕਰਤਾ ਬੀ ਉਹੋ ਸੀ, ਦ੍ਰਿਸ਼ਟਾ ਬੀ ਓਹੋ ਸੀ ਤੇ ਸਰਬੱਗਜ ਬੀ ਉਹੋ ਸੀ ਤੇ ਹੈ। ਫਿਰ ਜੀ ਜੋ ਜਾਣਨਹਾਰਤਾ ਦੇ ਦਾਅਵੇ ਬੰਨ੍ਹਦੇ ਤੇ ਦੱਸਦੇ ਹਨ, ਉਹਨਾਂ ਦਾ ਕੀ ਹਾਲ? ਆਪ ਫ਼ੁਰਮਾਉਂਦੇ ਹਨ ਕਿ ਸਿਆਣੇ ਬਣ ਬਣ ਬੈਠਣ ਵਾਲੇ ਏਥੇ ਤਾਂ ਅਪਣਿਆਂ ਤੋਂ ਘੱਟ ਜਾਣਨਹਾਰਾਂ ਵਿਚ ਸ਼ੋਭਾ ਪਾ ਜਾਣਗੇ ਪਰ ਅੱਗੇ ਜਾਕੇ ਜਿੱਥੇ ਕਿ 'ਯਥਾਰਥ' ਪ੍ਰਧਾਨ ਹੈ[1], ਉਹ ਸੁਹਣੇ ਨਹੀ ਲਗਣਗੇ। ਕਿਉਂਕਿ ਜਾਣਨ ਦੇ ਯਤਨ ਤੇ ਵਰਣਨ ਕਰਨ ਦੇ ਅਭਿਮਾਨ ਵਿਚ ਉਹਨਾਂ ਨੇ ਹਉਮੈ ਨਵਿਰਤੀ ਦੀ ਜਾਚ ਨਹੀਂ ਸਿੱਖੀ, ਜਿਸ ਨਾਲ ਕਿ ਹਉਂ ਅਤੀਤਤਾ ਦੀ ਰੂਹਾਨੀ ਸੁੰਦਰਤਾ ਨੇ ਨਿਖਰ ਆਉਣਾ ਸੀ। ਓਹ ਅਭਿਮਾਨੀ ਤਾਂ ਹਉਂ ਦੇ ਚੱਕ੍ਰਾਂ ਫੇਰਾਂ ਵਿਚ ਹੀ ਰਹੇ।

ਪੰਡਿਤ ਕਾਜ਼ੀ ਤੇ ਯੋਗੀ ਅਸਲ ਵਿਚ ਪਰਮਾਰਥ ਦੇ ਆਗੂ ਹਨ। ਇਨ੍ਹਾਂ ਦਾ ਕੰਮ ਸੀ ਕਲਯਾਣ ਦਾ ਰਾਹ ਦੱਸਣਾ, ਇਹ ਜਦ ਰਚੀ ਹੋਈ ਦੇ ਜਾਣਨਹਾਰ ਹੋਣ ਦਾ ਦਾਅਵਾ ਬੰਨ੍ਹਦੇ ਹਨ ਤਾਂ ਆਪਣੇ ਰਾਹ ਤੋਂ ਘੁੱਸਦੇ ਹਨ, ਕਿਉਂਕਿ ਦਾਅਵੇ ਬੰਨ੍ਹਣੇ ਕੰਮ ਹੈ ਹਉਂ ਆਸ਼੍ਰਿਤ ਹੋਣ ਵਾਲਾ! ਕਲਯਾਣ ਮਾਰਗ ਹੈ ਹਉਂ ਨਵਿਰਤੀ ਦਾ। ਇਸ ਲਈ ਗੁਰੂ ਜੀ ਆਪ ਦੱਸਦੇ ਹਨ ਕਿ ਆਪਣੇ ਆਪ ਨੂੰ ਵੱਡਾ ਜਾਣਨ ਵਾਲੇ ਮਾਨ ਹੰਕਾਰ ਛੱਡਕੇ ਕਰਤਾ ਪੁਰਖ ਨੂੰ ਵੱਡਾ ਜਾਣਨ ਦਾ ਰਾਹ ਫੜਨ, ਜੋ ਉਸ ਦੀ ਵਡਿਆਈ ਕਰਨ ਵਿਚ ਹਉਂ ਧੋਪ ਹੋ ਜਾਵੇ ਤੇ ਕਰਤਾ ਪੁਰਖ ਪ੍ਰਾਪਤ ਹੋ ਜਾਵੇ।

ਨਿਰੁਕ੍ਤ- ਵੇਲ-ਵੇਲਾ, ਸਮਾਂ।

---

[1]ਯਾ ਸਤਿਸੰਗ ਵਿਚ ਜਿਥੇ ਸਤ੍ਯ ਦੀ ਕਸਵਟੀ ਹੈ।

www.sikhbookclub.com

ਵਖਤੁ--ਵਕ਼ਤ=ਸਮਾਂ। ਵੇਲ ਪਦ ਸੰਸਕ੍ਰਿਤ ਹੈ, ਵਕ਼ਤ ਪਦ ਅ਼ਰਬੀ ਹੈ। ਵੇਲ ਪਦ ਪੰਡਿਤਾਂ ਲਈ ਤੇ ਵਕਤ ਕਾਜ਼ੀਆਂ ਲਈ ਵਰਤਿਆ ਹੈ,ਦੋਹਾਂ ਪਰ ਪ੍ਰਸ਼ਨ ਸਾਂਝਾ ਹੈ।

ਥਿਤਿ-(ਸੰਸ:, ਤਿਥਿ) ਚੰਦਰਮਾਂ ਦੀ ਚਾਲ ਦੇ ਹਿਸਾਬ ਨਾਲ ਬੱਧੀ ਤ੍ਰੀਕ।

ਵਾਰੁ-ਦਿਨ। **ਰੁਤੀ**-(ਸੰਸ:, ਰਿਤੁ) ਮੌਸਮ। ਰੁਤਾਂ ਛੇ ਹਨ।

ਮਾਹੁ-(ਸੰਸ:, ਮਾਸ। ਫਾ:, ਮਾਹ) ਮਹੀਨਾ।

ਪੁਰਾਣੁ-ਹਿੰਦੂਆਂ ਦੇ ਧਰਮ ਪੁਸਤਕਾਂ, ਵੇਦਾਂ ਤੋਂ ਹੇਠਾਂ।

ਕੁਰਾਣੁ-(ਅ਼ਰਬੀ, ਕੁਰਾਨ) ਮੁਸਲਮਾਨਾਂ ਦਾ ਧਰਮ ਪੁਸਤਕ।

ਇਨ੍ਹਾਂ ਦੋ ਤੁਕਾਂ ਦੇ ਅਰਥ ਹੋਰ ਤਰ੍ਹਾਂ ਬੀ ਕੀਤੇ ਜਾਂਦੇ ਹਨ:-

੧. ਪੰਡਿਤਾਂ ਨੂੰ ਵੇਲਾ ਨਹੀਂ ਲੱਭਾ, ਤਾਂ ਲਭਦਾ ਜੇ ਪੁਰਾਣ ਵਿਚ ਕੋਈ ਲੇਖ ਹੁੰਦਾ, ਵਕਤ ਨਹੀਂ ਲੱਭਾ ਕਾਜ਼ੀਆਂ ਨੂੰ, ਤਾਂ ਲੱਭਦਾ ਜੇ ਵਕਤ ਦੇ ਲਿਖਣ ਵਾਲੇ ਕੋਈ ਲੇਖ (ਕੁਰਾਨ ਵਿਚ) ਲਿਖ ਜਾਂਦੇ। ੨. ਪੁਰਾਣਾਂ ਦੇ ਲੇਖਕ ਪੰਡਿਤਾਂ ਨੇ ਬੀ ਲੇਖਾ ਨਹੀਂ ਪਾਇਆ, ਨਾ ਹੀ ਕੁਰਾਨ ਦੇ ਲੇਖਕ ਕਾਜ਼ੀਆਂ ਨੇ ਉਹ ਵਕਤ ਪਾਇਆ ਹੈ।

(ਪਉੜੀ ੨੨)

ਪ੍ਰਾਕ੍ਥਨ- ਪਉੜੀ ੧੯ ਵਿਚ 'ਅਗੰਮ ਅਗੰਮ ਅਸੰਖ ਲੋਅ' ਆਇਆ ਸੀ। ਫਿਰ ਇਕ ਸੂਤ੍ਰੇ ਉਪਜ ਪਏ ਪ੍ਰਸ਼ਨ ਦਾ ਉੱਤਰ ਵੀਹਵੀਂ ਪਉੜੀ ਵਿਚ ਦੇਕੇ, ਕਿ ਪਾਪੀਆਂ ਦਾ ਉਧਾਰ ਐਉਂ ਹੋ ਸਕਦਾ ਹੈ, ਓਹੋ ਫੇਰ ਬੇਸ਼ੁਮਾਰਤਾ ਵਾਲੀ ਲੜੀ ਫੜ ਲਈ ਸੀ ਤੇ ਜੀਵ ਦੀ ਅਲਪੱਗਤਾ ਤੇ ਕਰਤਾ ਪੁਰਖ ਦੀ ਸਰਬੱਗਤਾ ਦਰਸਾ ਕੇ ਉਸ ਦੀ ਵਡਿਆਈ (ਸਿਫਤ ਸਲਾਹ) ਦੀ ਪ੍ਰੇਰਨਾ ਕੀਤੀ ਸੀ। ਹੁਣ ੨੨ਵੀਂ ਪਉੜੀ ਵਿਚ ਧਰਤੀ ਦੇ ਹੇਠ ਉਪਰ ਦੂਰ ਅਕਾਸ਼ਾਂ ਵਿਚ ਦੀ ਵਿਸ਼ਾਲਤਾ 'ਅਗੰਮ ਅਗੰਮ ਅਸੰਖ ਲੋਅ' ਵਾਲੀ ਨੂੰ ਫੇਰ ਫੜ ਲੈਂਦੇ ਹਨ:-

ਮੂਲ	ਅਰਥ
ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥	(ਹੇਠਾਂ) ਪਤਾਲਾਂ (ਤੋਂ ਪਰੇ ਹੋਰ) ਪਾਤਾਲ ਹਨ, (ਉਪਰ) ਅਕਾਸ਼ਾਂ (ਤੋਂ ਪਰੇ ਹੋਰ) ਆਕਾਸ਼ ਹਨ (ਤੇ ਏਹ ਆਕਾਸ਼ ਪਤਾਲ) ਲੱਖਾਂ ਹਨ। (ਇਨ੍ਹਾਂ ਦੇ ਓੜਕ ਅਰਥਾਤ) ਅੰਤ ਦੀ ਭਾਲ ਕਰਦੇ ਕਰਦੇ ਓੜਕ ਨੂੰ ਥਕ ਗਏ (ਭਾਲ ਕਰਨ ਵਾਲੇ) (ਤਾਂ) ਵੇਦਾਂ ਨੇ ਇਕ ਗਲ ਆਖੀ (ਜੋ ਚੌਥੀ ਸਤਰ ਵਿਚ ਦੱਸੀ ਹੈ):
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥	ਹਜ਼ਾਰਾਂ (ਰਿਖੀ, ਮੁਨੀ, ਉਲਮਾਵ), ਅਠਾਰਾਂ (ਪੁਰਾਣ, ਤੇ ਚਾਰ) ਕਿਤਾਬਾਂ (ਬੀ) ਇਕੋ ਮੂਲਕ ਗਲ ਕਹਿੰਦੀਆਂ ਹਨ-(ਕਿ ਜੇ) ਲੇਖਾ ਹੋ ਸਕੇ ਤਾਂ (ਲੇਖਾ) ਲਿਖ ਦੇਈਏ, ਲੇਖੇ ਕਰਦਿਆਂ (ਤਾਂ) ਨਾਸ਼ ਹੋ ਜਾਂਦਾ ਹੈ[1]।

[1]ਲੇਖਾ ਆਪ ਮੁੱਕ ਜਾਂਦਾ ਹੈ, ਕਿਉਂਕਿ ਲੇਖਾ ਹੱਦ ਬੰਨੇ ਵਿਚ ਹੈ, ਜਿਸਦਾ ਲੇਖਾ ਕਰਨਾ ਹੈ ਓਹ ਲੇਖਿਓਂ ਪਰੇ ਹੈ।
(ਅ) ਲੇਖਾ ਕਰਨੇ ਨਾਲ ਲੇਖਾ ਕਰਨ ਵਾਲੇ ਕਰਦੇ ਕਰਦੇ ਆਪ ਮੁਕ ਜਾਂਦੇ ਹਨ, ਲੇਖਾ ਨਹੀਂ ਮੁੱਕਦਾ।

 www.sikhbookclub.com

ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥	(ਗੁਰੂ) ਨਾਨਕ (ਦੇਵ ਜੀ ਦਾ ਸਿੱਧਾਂਤ ਇਹ ਹੈ ਕਿ ਕਰਨਹਾਰ ਕੀਤੀ ਹੋਈ ਤੋਂ ਵੱਡਾ ਹੈ ਓਹ) ਆਪ ਨੂੰ (ਤੇ ਆਪਣੀ ਕੀਤੀ ਹੋਈ ਨੂੰ) ਆਪ ਹੀ ਜਾਣਦਾ ਹੈ, (ਤਾਂਤੇ ਉਸ ਨੂੰ) ਵੱਡਾ ਕਹੋ (ਜੋ ਤੁਸੀਂ ਕੀਤੀ ਹੋਈ ਤੋਂ ਉੱਚੇ ਹੋਕੇ ਕਰਤਾ ਨੂੰ ਪ੍ਰਾਪਤ ਹੋ ਸਕੋ)॥੨੨॥

ਵਯਾਖਯਾ-ਪਿਛਲੀ ਪਉੜੀ ਵਿਚ ਸ੍ਰਿਸ਼ਟੀ ਦੇ 'ਕਾਲ' (Time) ਨੂੰ ਲਿਆ ਸੀ ਕਿ ਇਸ ਰਚੀ ਹੋਈ ਦੇ ਰਚੇ ਜਾਣ ਦੇ 'ਆਦਿ ਕਾਲ ਦਾ' ਕਿਸੇ ਨੂੰ ਪਤਾ ਨਹੀਂ। ਜਿਸ ਦੇ ਆਦਿ ਦਾ ਪਤਾ ਨਹੀਂ, ਜੀਵਾਂ ਨੂੰ ਉਸ ਦੇ ਅੰਤ ਦਾ ਪਤਾ ਕੀਕੂੰ ਲਗ ਸਕਦਾ ਹੈ। 'ਮਧ ਕਾਲ' ਵਿਚ ਜੀਵ ਉਸੇ ਕਾਲ ਦੇ ਤਮਾਸ਼ੇ ਵਾਂਙ ਖੇਲ ਰਹੇ ਹਨ[1]। ਰਚੀ ਹੋਈ 'ਦੇਸ਼, ਕਾਲ' ਵਿਚ ਹੈ। ਇਸ ਲਈ ਆਪ ਹੁਣ ਦੇਸ਼ (Space) ਦਾ ਵਿਸ਼ਯ ਲੈਕੇ ਦੱਸਦੇ ਹਨ ਕਿ ਦੇਸ਼ ਵਿਚ ਫੈਲੀ ਹੋਈ ਰਚਨਾ ਇਤਨੇ ਵਿਸਥਾਰ ਵਾਲੀ ਹੈ ਕਿ ਇਸ ਦਾ ਸਾਰਾ ਅੰਤ ਲੈ ਸਕਣਾ ਬੀ ਅਨਹੋਏ ਤੁੱਲ ਹੈ। ਚਾਹੋ:-

ਨਾਲਿ ਕੁਟੰਬੁ ਸਾਥਿ ਵਰ ਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ॥[2] (ਆਸਾ ਮ: ੧-੭)

ਪਰ ਭਾਲ ਭਾਲ ਕੇ ਕੀ ਹੋਇਆ?

ਆਗੇ ਅੰਤੁ ਨ[3] **ਪਾਇਓ ਤਾਕਾ ਕੰਸੁ ਛੇਦਿ ਕਿਆ ਵਡਾ ਭਇਆ॥** (ਆਸਾ ਮ: ੧-੭)

ਇਸੀ ਤਰ੍ਹਾਂ ਹਿੰਦ ਤੇ ਅਰਬ ਦੇ ਦਾਨਿਆਂ ਨੇ ਅੰਤ ਲੈਣ ਦਾ ਜਤਨ ਕੀਤਾ ਤਾਂ ਇਕੋ ਟਿਕਾਣੇ ਅੱਪੜੇ ਕਿ ਲੇਖਾ ਹੋ ਨਹੀਂ ਸਕਦਾ। ਲੇਖਾ ਕਰਦਿਆਂ ਆਪ ਮੁੱਕ ਜਾਈਦਾ ਹੈ ਯਾ ਲੇਖਾ ਅਟਕ ਖੜੋ ਜਾਂਦਾ ਹੈ[4]। ਇਸ ਅੰਤ ਲੈਣ ਦੇ ਪੱਖ ਵਿਚ ਪਿਆ ਰਹਿ ਕੇ ਜੀਵਨ ਦਾ ਪ੍ਰਯੋਜਨ-ਰਚਣਹਾਰ ਦੀ ਪ੍ਰਾਪਤੀ-ਲਾਂਭੇ ਰਹਿ ਜਾਂਦਾ ਹੈ। ਇਸ ਤਰ੍ਹਾਂ ਲੇਖੇ ਹੀ ਕਰਦਿਆ ਰਹਿਣ ਵਿਚ ਜੀਵਨ ਦਾ ਪ੍ਰਯੋਜਨ ਹੀ ਹਾਸਲ ਨਹੀਂ ਹੁੰਦਾ, ਐਉਂ ਬੀ ਲੇਖਾ ਵਿਣਾਸ ਹੋ ਜਾਂਦਾ ਹੈ। ਅੰਤ ਵਿਚ ਗੁਰੂ ਜੀ ਸਲਾਹ ਦੇਂਦੇ ਹਨ ਕਿ ਕਰਤਾ ਪੁਰਖ ਆਪ ਨੂੰ ਜਾਣਦਾ ਹੈ, ਅਪਣੀ ਰਚੀ ਹੋਈ ਦਾ ਵਿਸਥਾਰ ਤੇ ਉਸ ਦਾ ਓੜਕ ਜਾਣਦਾ ਹੈ। ਓਹ ਰਚੀ ਹੋਈ ਤੋਂ ਆਪੇ ਵੱਡਾ ਹੋਇਆ, ਉਸ ਨੂੰ ਆਖੋ 'ਤੂੰ ਵਡਾ ਹੈਂ, ਹੇ ਕਰਨਹਾਰ ਕਰਤਾਰ!' ਇਉਂ ਉਸ ਨੂੰ ਵਡਾ ਮੰਨਣ ਤੇ ਆਖਣ ਨਾਲ ਸੁਰਤ ਰਚਨਾਂ ਦੇ ਹਿਸਾਬਾਂ ਵਿਚੋਂ ਉਠਕੇ ਕਰਣਹਾਰ ਵਿਚ ਜਾ ਲੱਗੇਗੀ। ਰਚਨਾ ਦੇ ਹਿਸਾਬਾਂ ਵਿਚ ਖਿੰਡਾਉ ਹੈ, ਸੁਰਤ ਰਚਨਹਾਰ ਦੇ ਗੁਣਾਨੁਵਾਦ ਵਿਚ ਏਕਾਗਰਤਾ ਵਿਚ ਜਾਏਗੀ, ਕਰਤਾ ਪੁਰਖ ਵਿਚ ਟਿਕੇਗੀ। ਕੁਦਰਤ ਦੇਖੋ, ਦੇਖਕੇ ਆਖੋ; ਕਰਤਾਰ ਤੂੰ ਸਮਰਥ ਤੇ ਵੱਡਾ ਹੈਂ। ਉਸ ਦੀ ਸਲਾਹੁਤ ਕਰੋ, ਉਸ ਨਾਲ ਪ੍ਰੇਮ ਕਰੋ। 'ਕਰਤੇ ਕੁਦਰਤੀ ਮੁਸਤਾਕੁ॥' (ਤਿਲੰਗ ਮ: ੫-੪) ਕੁਦਰਤ ਤੋਂ ਕਰਤਾ ਦੇ ਪ੍ਰੇਮੀ ਬਣ ਜਾਓ।

ਸੋ ਐਉਂ ਗੁਰੂ ਜੀ 'ਦੇਸ਼' ਵਿਚ 'ਰਚੀ ਹੋਈ' ਦੀ ਵਿਸ਼ਾਲਤਾ ਦਿਖਾਕੇ ਫੇਰ ਰਚਣਹਾਰ ਦੇ ਪ੍ਰੇਮ ਤੇ ਸਿਫਤ ਸਲਾਹ ਵਿਚ ਲੈ ਆਏ ਹਨ।

ਨਿਰੁਕ੍ਤ- ਪਾਤਾਲ-(ਸੰਸ:, ਪਤ੍=ਉਤਰਨਾ) ਧਰਤੀ ਤੋਂ ਹੇਠਲਾ ਪਾਸਾ।

---

[1]ਸਕਲ ਕਾਲ ਕਾ ਕੀਆ ਤਮਾਸਾ॥

[2]ਪੁਰਾਣ ਦੱਸਦੇ ਹਨ ਕਿ ਬ੍ਰਹਮਾ ਕਮਲ ਦੀ ਨਾਲ ਵਿਚੋਂ ਪੈਦਾ ਹੋਇਆ, ਓਹ ਸ੍ਰਿਸ਼ਟੀ ਦਾ ਅੰਤ ਲੈਣ ਲਈ ਕਮਲ ਨਾਲੀ ਵਿਚ ਗਿਆ ਪਰ ਅੰਤ ਨਾ ਪਾ ਸਕਿਆ।

[3] ਵਿਪਸਚਿਤ ਤੇ ਬੱਧਿਕ ਆਦਿਕਾਂ ਦੀ ਕਥਾ ਯੋਗ ਵਸ਼ਿਸ਼ਟ ਵਿਚ ਹੈ ਕਿ ਅੰਤ ਲੈਣ ਗਏ ਅੰਤ ਨਾ ਲੈ ਸਕੇ। ਇਸੀ ਤਰ੍ਹਾਂ ਬਗਦਾਦ ਦੇ ਪੀਰ ਦੀ ਕਥਾ ਹੈ ਕਿ ਉਸ ਦੇ ਪੁਤ੍ਰ ਦੇ ਸਿਰ ਗੁਰੂ ਨਾਨਕ ਦੇਵ ਜੀ ਦੇ ਹਥ ਰਖਣ ਨਾਲ ਉਹ ਸ੍ਰਿਸ਼ਟੀ ਦੇ ਵਿਸਥਾਰ ਵਿਚ ਗਿਆ, ਪਰ ਬਿਨਾ ਅੰਤ ਪਾਏ ਵਾਪਸ ਆਇਆ।

[4]ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ॥ (ਗਉੜੀ ਬੈਰਾ: ਮ: ੧-੧੯)

www.sikhbookclub.com

ਆਗਾਸ-(ਸੰਸ:, ਆਕਾਸ਼=ਅਸਮਾਨ) ਧਰਤੀ ਤੋਂ ਉਪਰਲਾ ਪਾਸਾ।

ਧਰਤੀ ਤੋਂ ਹੇਠ ਸਤ ਪਤਾਲ ਮੰਨੇ ਹੋਏ ਹਨ ਤੇ ਉਪਰ ਨੂੰ ਸਤ ਆਕਾਸ਼। ਕਿਸੇ ਨੇ ਚੌਦਾਂ ਤਬਕ ਮੰਨੇ ਹਨ। ਮੁਰਾਦ ਖਗੋਲ ਵਿਦਯਾ ਵਿਚ ਇਹ ਹੈ ਕਿ ਇਕ ਖਾਸ ਵਿੱਥ ਦੇ ਸਿਤਾਰੇ ਇਕ ਖਾਸ ਅਕਾਸ਼ੀ ਮੰਡਲਾਂ ਵਿਚ ਨੇੜੇ ਤੇੜੇ ਕਿਆਸ ਕਰਕੇ ਉਹਨਾਂ ਨੂੰ ਇਕ ਖਾਸ ਆਕਾਸ਼ ਯਾ ਤਬਕ਼ ਆਖੀਦਾ ਹੈ। ਜੋ ਸ਼ੈ ਹੁਣ ਅਕਾਸ਼ ਹੈ ਉਪਰ ਨੂੰ ਹੈ। ਜਦ ਧਰਤੀ ਆਪਣੀ ਚਾਲ ਵਿਚ ਘੁੰਮੇਗੀ ਤਾਂ ਉਹੋ ਪਾਸਾ ਹੇਠਾਂ ਨੂੰ ਸਾਡੇ ਪੈਰਾਂ ਤਲੇ ਵਾਲੇ ਪਾਸੇ ਹੋ ਭਾਸੇਗਾ। ਸੋ ਆਕਾਸ਼ ਪਾਤਾਲ ਦਾ ਫਰਕ ਕੋਈ ਨਹੀਂ। ਸਿਤਾਰਿਆਂ ਤੇ ਤਬਕ਼ਾਂ ਦਾ ਨਾਮ ਹੈ, ਓਹ ਗੁਰੂ ਜੀ ਦੱਸਦੇ ਹਨ ਕਿ ਲੱਖਾਂ ਹੀ ਹਨ। ਭਾਵ ਬੇਸ਼ੁਮਾਰ ਹਨ, ਅਸੰਖ ਹਨ।

(੨) ਲਖ-ਇਸ ਦਾ ਅਰਥ 'ਲਖ ਲੈ'='ਜਾਣ ਲੈ' ਕਰਕੇ ਕਈ ਦਾਨੇ ਤੁਕ ਦਾ ਅਰਥ ਐਉਂ ਲਾਉਂਦੇ ਹਨ:- ਪਾਤਾਲਾਂ ਦਾ ਪਾਤਾਲ=ਅਖੀਰਲਾ ਆਸਰਾ-ਪ੍ਰਮਾਤਮਾ ਹੈ-ਉਸ ਨੂੰ ਲਖ ਲੈ=ਜਾਣ ਲੈ; ਆਕਾਸ਼ਾਂ ਦਾ (ਆਕਾਸ਼=) ਪ੍ਰਕਾਸ਼ਿਕ ਓਹੋ ਪਰਮਾਤਮਾ ਹੈ, ਉਸ ਨੂੰ ਜਾਣ ਲੈ। ਇਸ ਤੋਂ ਪਰੇ ਭਾਲ ਕਰਕੇ ਥੱਕ ਕੇ ਵੇਦ ਨੇ ਕਿਹਾ-ਨੇਤਿ ਨੇਤਿ।

ਇਕ ਵਾਤ- ਇਕ ਗਲ, ਇਕ ਬਾਤ।

ਅਸੁਲੂ-(ਅ਼ਰਬੀ, ਅ਼ਸੁਲਨ=ਬਿਲਕੁਲ) ਬਿਲਕੁਲ; ਮੂਲੋਂ। ਪੰਜਾਬ ਵਿਚ ਕਈ ਥਾਂ 'ਅਸਲੋਂ' ਤੇ ਕਈ ਥਾਂ 'ਅ਼ਸਲੂ' ਪਦ 'ਮੂਲੋਂ' ਯਾ ਬਿਲਕੁਲ ਦੇ ਅਰਥਾਂ ਵਿਚ ਬੋਲਦੇ ਹਨ।

ਧਾਤੁ-(ਸੰਸ:, ਧਾ=ਧਾਰਨਾ। ਧਾਤੁ=ਕੋਈ ਮੁੱਢਲੀ ਵਸਤੂ। ਸ਼ਬਦਾਂ ਦਾ ਮੂਲ) ਮੂਲਕ ਵਸਤੂ। ਮੂਲਕ ਗਲ।

(ਅ) ਸਹਸ ਅਠਾਰਹ... ਤੁਕ ਦਾ ਅਰਥ ਐਉਂ ਬੀ ਕਰਦੇ ਹਨ: ਕਿਤਾਬਾਂ ਕਹਿੰਦੀਆਂ ਹਨ ੧੮ ਹਜ਼ਾਰ ਆਲਮ ਹੈ, ਐਸਾ ਕਹਿਣਾ ਬੀ ਅਸਲ ਵਿਚ ਇਕ ਧਾਤੁ (ਮੂਲਕ ਗੱਲ) ਕਹਿਣੀ ਹੈ। ਮੁਸਲਮਾਨਾਂ ਵਿਚ ਇਹ ਗੱਲ ਪ੍ਰਸਿੱਧ ਕਹੀ ਜਾਂਦੀ ਹੈ ਤੇ ਕਿਤੇ ਕਿਤੇ ਲਿਖਿਆ ਬੀ ਮਿਲਦਾ ਹੈ। ਜੈਸੇ-ਕੀਏ ਕੁਨ ਸੇ ਆਲਮ ਅਠਾਰਾਂ ਹਜ਼ਾਰ। (ਮੁਨਾਜਾਤ, ਸਫਾ ੧) ਪਰ ਚਾਰ ਕਿਤਾਬਾਂ ਵਿਚ ਲਿਖੀ ਹੋਈ ਇਹ ਗੱਲ ਨਹੀਂ ਮਿਲਦੀ। ਇਹ ਆਮ ਪ੍ਰਸਿੱਧ ਇਸਲਾਮੀ ਗੱਲ ਭਾਈ ਨੰਦ ਲਾਲ ਜੀ ਨੇ ਬੀ ਲਿਖੀ ਹੈ:-

ਹਯਦਹ ਹਜ਼ਾਰ ਸਜਦਾ ਬਸੂਏ ਤੋ ਮੇ ਕੁਨੰਦ।

ਪਰ ਇਹ ਅਰਥ ਠੀਕ ਨਹੀਂ ਹਨ, ਕਿਉਂਕਿ ੧੮ ਹਜ਼ਾਰ ਕਹਿਣਾ ਤਾਂ ਅੰਤ ਦੱਸ ਦੇਣਾ ਹੈ।

(ੲ) 'ਅਸੁ' ਨੂੰ ਔਂਕੁੜ ਹੋਣ ਕਰਕੇ ਅਸੁ+ਲੂ=ਘੋੜੇ ਦਾ ਇਕ ਵਾਲ ਕਰਕੇ ਬੀ ਅਰਥ ਲਾਉਂਦੇ ਹਨ:- ਕਿਤਾਬਾਂ ੧੮ ਹਜ਼ਾਰ ਕਹਿੰਦੀਆਂ (ਮਾਨੋਂ) ਘੋੜੇ (ਦੇ ਵਾਲਾਂ ਵਿਚੋਂ) ਇਕ ਵਾਲ ਕਹਿੰਦੀਆਂ ਹਨ। ਭਾਵ ਬਹੁਤ ਥੋੜਾ ਕਹਿੰਦੀਆਂ ਹਨ।

(ਪਉੜੀ ੨੩)

ਪ੍ਰਾਕ੍ਕਥਨ-ਪਿਛਲੀ ਪਉੜੀ ਵਿਚ ਦੱਸਿਆ ਸੀ ਕਿ ਕੀਤੀ ਹੋਈ ਰਚਨਾਂ ਦੀ ਵਿਸ਼ਾਲਤਾ ਅਣਗਿਣਤ ਹੈ। ਇਉਂ ਇਹ ਬਹੁਤ ਵੱਡੀ ਹੋਈ। ਹੁਣ ਵੀਚਾਰ ਕਰੋ ਕਿ ਜਿਸ ਨੇ ਇਹ ਰਚੀ ਹੈ ਅਸਲ ਵੱਡਾ ਤਾਂ ਉਹ ਹੋਇਆ ਕਿ ਜਿਸ ਨੇ ਇਹ ਸਾਜੀ ਹੈ, ਜੋ ਇਸ ਨੂੰ ਜਾਣਦਾ ਹੈ ਤੇ ਸੰਭਾਲਦਾ ਹੈ, ਤਾਂਤੇ ਸਭ ਤੋਂ ਵੱਡਾ ਉਸ ਨੂੰ ਆਖੋ। ਐਸਾ ਕਹਿਣੇ ਤੇ ਸੁਰਤ ਦ੍ਰਿਸ਼ਟਮਾਨ ਤੋਂ ਉਠਕੇ ਦ੍ਰਿਸ਼ਟਾ ਵਿਚ ਚਲੀ ਜਾਏਗੀ, ਜਿਸ ਦਾ ਅਭਿਆਸ ਸਾਈਂ-ਲੀਨਤਾ ਵਿਚ ਲੈ ਜਾਏਗਾ। ਜਿਵੇਂ ਨਦੀਆਂ ਨੂੰ ਸਮੁੰਦਰ ਵਲ ਰੁਖ਼ ਰੱਖ ਕੇ ਟੁਰਦਿਆਂ ਸਮੁੰਦਰ-ਲੀਨਤਾ ਪ੍ਰਾਪਤ ਹੁੰਦੀ ਹੈ। ਇਹ ਗਲ ਇਸ ਪਉੜੀ ਵਿਚ ਵਰਣਿਤ ਹੈ।

www.sikhbookclub.com

ਮੂਲ	ਅਰਥ
ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥	ਸਲਾਹੁਣ ਵਾਲਿਆਂ (ਉਸਦੇ ਪ੍ਰੇਮੀਆਂ) ਨੇ (ਉਸ ਪਰਮ ਪੁਰਖ ਨੂੰ ਸਲਾਹਿਆ ਹੀ) ਸਲਾਹਿਆ ਹੈ (ਪਰ ਉਨ੍ਹਾਂ ਨੇ) 'ਏਤੀ ਦੀ ਗਜਾਤ'[1] ਨਹੀਂ ਪਾਈ।
ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥	(ਜਿਵੇਂ) ਨਦੀਆਂ ਅਤੇ ਵਾਹਿੜੇ ਸਮੁੰਦਰ ਵਿਚ ਜਾ ਪੈਂਦੇ ਹਨ (ਫੇਰ ਓਹ ਵੱਖਰੇ) ਨਹੀਂ ਜਾਣੇ ਜਾਂਦੇ (ਭਾਵ ਸਮੁੰਦਰ ਰੂਪ ਹੋ ਜਾਂਦੇ ਹਨ, ਤਿਵੇਂ ਸਲਾਹੁਤ ਕਰਨ ਵਾਲੇ ਸਲਾਹੁਤ ਕਰਦੇ ਕਰਦੇ ਉਸ ਨੂੰ ਪ੍ਰਾਪਤ ਹੋਕੇ ਉਸ ਦਾ ਰੂਪ ਹੋ ਜਾਂਦੇ ਹਨ, ਹੁਣ ਨਾ ਓਹ ਵੱਖਰੇ ਸਿਆਣੇ ਜਾਂਦੇ ਹਨ ਨਾ ਓਹ ਆਪ ਨੂੰ ਵੱਖਰੇ ਸਿਆਣਦੇ ਹਨ)।
ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥੨੩॥	ਹੇ ਸ਼ਾਹ, ਹੇ ਸ਼ਹਿਨਸ਼ਾਹ! (ਵਾਹਿਗੁਰੂ! ਮੈਂ ਤੈਨੂੰ ਸਮੁੰਦਰ ਨਾਲ ਉਪਮਾ ਦਿਤੀ ਹੈ ਪਰ ਸਾਰੇ) ਸਮੁੰਦਰ (ਜਿਨ੍ਹਾਂ ਵਿਚ ਕਿ) ਪਹਾੜਾਂ ਸਰੀਖੇ ਮਾਲ ਧਨ (ਪਏ ਹਨ ਉਸ) ਕੀੜੀ ਦੀ ਬਰਾਬਰੀ ਨਹੀਂ ਕਰ ਸਕਦੇ ਜਿਸ ਦੇ ਮਨ ਵਿਚੋਂ ਕਿ ਤੂੰ ਨਾ ਵਿਸਰੇਂ॥੨੩॥

ਵਿਆਖਯਾ–ਪਉੜੀ ੨੨ ਦੇ ਅੰਤ ਵਿਚ ਫੁਰਮਾਇਆ ਸੀ 'ਨਾਨਕ ਵਡਾ ਆਖੀਐ' ਉਸ ਭਾਵ ਨੂੰ ਖੋਹਲਕੇ ਹੁਣ ੨੩ ਵਿਚ ਦੱਸਦੇ ਹਨ ਕਿ 'ਵਡਾ ਆਖੀਐ' ਦਾ ਭਾਵ ਸਿਫਤ ਸਲਾਹ ਕਰਨੀ ਹੈ। ਪ੍ਰਸ਼ਨ ਹੋ ਸਕਦਾ ਹੈ ਕਿ ਕਿਆ ਸਿਫਤ ਸਲਾਹ ਨਾਲ ਸਾਰੀ ਰਚਨਾ ਦੀ ਵਿਸ਼ਾਲਤਾ ਗਿਆਨ ਵਿਚ ਆ ਜਾਵੇਗੀ? ਉੱਤਰ: ਇਕ ਦ੍ਰਿਸ਼ਟਾਂਤ ਦੁਆਰ ਦੇਂਦੇ ਹਨ ਕਿ ਜਿਵੇਂ ਨਦੀਆਂ ਸਮੁੰਦਰ ਵੱਲ ਰੁਖ਼ ਲਾ ਕੇ ਟੁਰਦੀਆਂ ਰਹਿੰਦੀਆਂ ਅੰਤ ਸਮੁੰਦਰ ਨੂੰ ਪ੍ਰਾਪਤ ਹੋ ਜਾਂਦੀਆਂ ਹਨ ਤਦ ਉਨ੍ਹਾਂ ਨੂੰ 'ਏਤੀ ਸੁਰਤਿ ਨ ਪਾਈਆ॥' ਸਮੁੰਦਰ ਦੇ ਪਾਰਾਵਾਰ ਦਾ ਗਜਾਨ ਪ੍ਰਾਪਤ ਨਹੀਂ ਹੁੰਦਾ, ਜਿਵੇਂ ਕਿ ਕਿਸੇ ਵੱਖ ਖੜੇ ਦੇਖਣਹਾਰ ਨੂੰ 'ਦਿਸ ਰਹੀ ਸ਼ੈ' ਦਾ ਗਿਆਨ ਹੁੰਦਾ ਹੈ। ਓਹ ਤਾਂ ਪਰਵੇਸ਼ ਕਰਦਿਆਂ ਨਦੀ ਨਾਲੇ ਨਹੀਂ ਰਹਿੰਦੇ ਸਮੁੰਦਰ ਹੋ ਜਾਂਦੇ ਹਨ। ਨਾ ਹੀ ਓਹ ਨਦੀ ਨਾਲੇ ਜਾਣੇ ਜਾਂਦੇ ਹਨ ਜੋ ਓਹ ਵਖਰੇ ਰਹਿਕੇ 'ਗਜਾਤਾ' ਹੋ ਕੇ 'ਗੇਯ' ਦਾ ਗਜਾਨ ਪ੍ਰਾਪਤ ਕਰ ਸਕਣ ਵਾਲੀ ਹਾਲਤ ਵਿਚ ਹੋਣ। ਓਹ ਤਾਂ ਸ਼ਰਨ ਆਏ, ਸ਼ਰਨ ਸਮਾਏ ਤਦਰੂਪ ਹੋ ਗਏ ਹਨ, ਹਾਂ, ਉਹ ਤਾਂ 'ਗੁਣ ਕਹਿ ਗੁਣੀ ਸਮਾਵਣਿਆ' (ਮਾਝ ਮ: ੩ ਅਸਟ:੩-੧) ਹੋ ਗਏ ਹਨ। 'ਸੁਰਤਿ ਨ ਪਾਈਆ' ਤੋਂ ਮਤਲਬ ਉਸ ਸੁਰਤਿ ਯਾ ਗਜਾਨ ਤੋਂ ਹੈ ਜੋ ਤ੍ਰਿਪੁਟੀ-ਗਿਆਤਾ, ਗਿਆਨ, ਗੇਯ- ਵਿਚ ਹੁੰਦਾ ਹੈ। 'ਗੇਯ' ਦੀ ਆਪਣੀ ਗਿਆਨ ਸਰੂਪਤਾ ਸੁਤੇ-ਪ੍ਰਕਾਸ਼ ਹੈ, ਉਸ ਵਿਚ ਜੋ ਲੀਨ ਹੋ ਗਏ, ਉਸ ਸਰਵੱਗਤਾ ਵਿਚ ਤਦਰੂਪ ਹੋ ਗਏ। ਇਹ ਨਹੀਂ ਸਮਝਣਾ ਚਾਹੀਏ ਕਿ ਓਹ ਅਗਜਾਨ ਵਿਚ ਚਲੇ ਗਏ। 'ਸੁਰਤਿ ਨ ਪਾਈਆ' ਦਾ ਭਾਵ ਅਗਜਾਨ ਨਹੀਂ ਹੈ, ਪਰ ਚੇਤਨ ਸਰੂਪ ਦੀ ਚੇਤਨਤਾ ਵਿਚ ਅਭੇਦ ਹੋ ਜਾਣਾ ਹੈ।

ਇਕ ਵਿਚਾਰ ਹੋਰ ਹੈ-ਪਹਿਲੀਆਂ ਦੋ ਤੁਕਾਂ ਵਿਚ ਵਾਹਿਗੁਰੂ ਨੂੰ ਸਮੁੰਦਰ ਨਾਲ ਉਪਮਾ ਦਿੱਤੀ ਹੈ,ਫੇਰ ਇਸ ਨੂੰ ਪੂਰੀ ਢੁੱਕਵੀਂ ਉਪਮਾ ਨਾ ਸਮਝਿਆ ਤੇ ਸਮੁੰਦਰ ਨੂੰ ਉਸ ਕਿਣਕੇ ਤੋਂ ਬੀ ਛੋਟਾ ਦੱਸਿਆ ਹੈ ਜੋ 'ਕਿਣਕਾ' ਕਿ ਇਕ ਨਿੱਕੀ ਕੀੜੀ ਦੇ ਛੋਟੇ ਜਿਹੇ ਮਨ ਵਿਚ ਵੱਸ ਸਕਦਾ ਹੈ। ਕਿਣਕੇ ਤੋਂ ਮਤਲਬ ਏਥੇ ਪਰਮੇਸ਼ੁਰ ਦੀ ਉਤਨੀ ਅੰਸ਼ ਮਾਤ੍ਰ ਤੋਂ ਹੈ ਜੋ ਕੀੜੀ ਦਾ ਮਨ ਧਾਰਨ ਕਰ ਸਕਦਾ

[1] ਏਤੀ ਦਾ ਵੇਰਵਾ ਅਗਲੀ ਪਉੜੀ ਵਿਚ ਹੈ।

www.sikhbookclub.com

ਹੈ। ਕੀੜੀ ਕਿੰਨੀ ਨਿੱਕੀ ਹੈ, ਉਸ ਦਾ ਮਨ ਫੇਰ ਕੇਡਾ ਕੁ ਹੋਇਆ? ਉਸ ਮਨ ਵਿਚ ਵਾਹਿਗੁਰੂ ਕਿੰਨਾ ਕੁ ਵੱਸੇਗਾ? ਸੋ ਉਸ ਵਾਹਿਗੁਰੂ ਦੀ ਨਿੱਕੀ ਜੇਹੀ ਅੰਸ਼, ਜੋ ਕੀੜੀ ਦੇ ਨਿੱਕੇ ਜਿਹੇ ਮਨ ਵਿਚ ਵੱਸਦੀ ਹੈ, ਇੰਨੀ ਮਹੱਤਤਾ ਰਖਦੀ ਹੈ ਕਿ ਸਾਰੇ ਸਮੁੰਦਰ ਅਪਣੇ ਮਾਲ ਧਨ ਸਮੇਤ ਉਸ ਅਗੇ ਤੁੱਛ ਹਨ, ਯਥਾ:-

ਕਿਨਕਾ ਏਕ ਜਿਸੁ ਜੀਅ ਬਸਾਵੈ॥ ਤਾਕੀ ਮਹਿਮਾ ਗਨੀ ਨ ਆਵੈ॥ (ਸੁਖ: ੧-੧)

ਇਸ ਪਉੜੀ ਵਿਚ ਪ੍ਰਤੀਪ ਅਲੰਕਾਰ ਦਾ ਪੰਜਵਾਂ ਰੂਪ ਹੈ-ਜਿਥੇ ਉਪਮਾਨ ਨੂੰ ਉਪਮੇਯ ਦੇ ਟਾਕਰੇ ਤੇ ਤੁੱਛ ਮੰਨ ਕੇ ਉਸ ਦੀ ਸਮਤਾ ਦੇਣੀ ਅਯੋਗ ਠਹਿਰਾਈ ਗਈ ਹੈ। ਪ੍ਰਤੀਪ ਅਲੰਕਾਰ ਦਾ ਫਾਰਸੀ ਨਾਮ ਹੈ-'ਤਸ਼ਬੀਅ ਮਅ਼ਕੂਸ।'

ਪੰਜਵੀਂ ਪਉੜੀ ਵਿਚ ਜੋ 'ਸੋ ਮੈਂ ਵਿਸਰਿ ਨ ਜਾਈ' ਮੰਗਿਆ ਸੀ, ਉਸ ਦੀ ਮਹਿਮਾ 'ਜੇ ਤਿਸੁ ਮਨਹੁ ਨ ਵੀਸਰਹਿ' ਆਖਕੇ ਏਥੇ ਦਰਸਾਈ ਹੈ।

ਜਿਵੇਂ ਪਿਛਲੀਆਂ ਪਉੜੀਆਂ ਵਿਚ 'ਦੇਸ਼ ਕਾਲ' ਵਿਚ ਦਿੱਸ ਰਹੀ ਰਚਨਾ ਦੀ ਬਾਹੁੱਲਤਾ ਦਿਖਾਕੇ ਉਸ ਤੋਂ ਉਪਰ 'ਰਚਣਹਾਰ' ਦੀ ਅਪਾਰਤਾ ਤੇ ਅਪਾਰਤਾ ਵਾਲੀ ਉੱਚਤਾ ਦਰਸਾਕੇ ਆਗਿਆ ਕੀਤੀ ਸੀ 'ਨਾਨਕ ਵਡਾ ਆਖੀਐ' ਉਸੀ ਤਰ੍ਹਾਂ ਹੁਣ ਇਸ ਪਉੜੀ ਵਿਚ ਦੱਸਦੇ ਹਨ ਕਿ ਅਸੀਂ ਕਹਿ ਚੁਕੇ ਹਾਂ ਕਿ ਅਪਾਰ ਵਡਾ ਤਾਂ 'ਕਰਤਾਰ' ਹੈ, ਤੇ 'ਕੀਤੀ ਹੋਈ' 'ਦੇਸ਼ ਕਾਲ' ਵਿਚ ਵਿਸ਼ਾਲ ਹੈ, ਪਰ ਇਸ 'ਕੀਤੀ ਹੋਈ' ਤੇ ਕਰਤਾਰ ਦੇ ਵਿਚਾਲੇ ਇਕ ਹੋਰ 'ਵੱਡਾ' ਹੈ, ਜਿਸ ਦੀ ਬਰੱਬਰੀ ਇਸ ਕੀਤੀ ਹੋਈ ਵਿਚੋਂ ਕੋਈ ਨਹੀਂ ਕਰ ਸਕਦਾ। ਉਹ 'ਕੀਤੀ ਹੋਈ' ਦਾ 'ਹਿਸਾਬੀਆ' ਨਹੀਂ ਹੈ, ਪਰ ਕਰਤਾ ਨੂੰ ਸਲਾਹੁਣ ਵਾਲਾ 'ਮਨੋਂ ਕਦੀ ਨਾ ਵਿਸਾਰਨ ਵਾਲਾ' ਪ੍ਰੇਮੀ ਹੈ, ਚਾਹੇ ਉਹ ਜਗਤ ਵਿਚ ਕੀੜੀ ਵਾਂਙੂ ਇਕ ਨੀਵੀਂ ਤੋਂ ਨੀਵੀਂ ਹੈਸੀਅਤ ਵਾਲਾ ਹੋਵੇ, ਪਰ ਉਹ ਜਗਤ ਦੇ ਮਾਲ ਧਨ ਵਾਲਿਆਂ ਦੇ ਵੱਡੇ ਤੋਂ ਬੀ ਵੱਡਾ ਹੈ। 'ਅਪਾਰ' ਵੱਡੇ ਤੇ 'ਮਨੋ ਨ ਵੀਸਰਹਿ' ਦੀ ਵਡਿੱਤ ਵਾਲੇ ਬਾਬਤ ਗੁਰਬਾਣੀ ਐਉਂ ਆਖਦੀ ਹੈ:-

ਅਪਾਰ ਵੱਡਾ-**ਸਭ ਸਾਹਾ ਸਿਰਿ ਸਾਚਾ ਸਾਹੁ॥ ਵੇਮੁਹਤਾਜੁ ਪੂਰਾ ਪਾਤਿਸਾਹੁ॥** (ਰਾਮ: ਮ:੫-੩੨)

ਨਾਮ ਵਾਲਾ ਵੱਡਾ-**ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥** (ਜਪੁਜੀ-੨੫)

ਇਹ 'ਮਨਹੁ ਨ ਵੀਸਰਹਿ' ਵਾਲਾ ਕਿਉਂ ਜਗਤ ਦੇ ਸਭ ਧਨੀਆਂ ਤੋਂ ਵੱਡਾ ਹੈ? ਇਸ ਲਈ ਕਿ ਜਗਤ ਦੇ ਧਨ ਅਮੁੱਲ ਤੇ ਅਤੁੱਟ ਨਹੀਂ, ਪਰ ਇਸ ਪਾਸ ਜੋ ਨਾਮ ਧਨ ਹੈ ਉਹ ਅਮੁੱਲ ਧਨ ਹੈ, ਉਹ ਅਤੁੱਟ ਧਨ ਹੈ। ਜਿਵੇਂ ਗੁਰਬਾਣੀ ਦੱਸਦੀ ਹੈ:-

ਹਰਿ ਧਨੁ ਨਾਮੁ ਅਮੋਲਕੁ ਦੇਵੈ ਹਰਿ ਜਸੁ ਦਰਗਹ ਪਿਆਰਾ ਹੇ॥ (ਮਾਰੂ ਮ: ੧ ਸੋਲਹੇ-੯)

ਜਨ ਨਾਨਕਿ ਅਤੁਟੁ ਧਨੁ ਪਾਇਆ ਹਰਿਨਾਮਾ ਹਰਿ ਧਨੁ ਮਾਲੁ॥ (ਕਾਨ: ਵਾਰ ਮ:੪-੫)

ਸੰਸਾਰ ਦੇ ਰਤਨ ਜ੍ਵਾਹਰ ਮਾਲ ਖ਼ਜ਼ਾਨੇ ਸਭ ਏਥੇ ਰਹਿ ਜਾਂਦੇ ਹਨ, ਨਾਲ ਨਹੀਂ ਜਾਂਦੇ, ਤਾਂਤੇ ਅਤੁਟ ਨਹੀਂ ਹਨ, ਪਰ ਹਰਿਨਾਮ ਨਾਲ ਜਾਂਦਾ ਹੈ, ਜੋ ਸਰੀਰ ਤੁੱਟ ਜਾਣ ਤੇ ਬੀ ਆਪਣਾ ਸਾਥ ਨਹੀਂ ਤੋੜਦਾ:-

ਜਿਹ ਮਾਰਗ ਇਹੁ ਜਾਤ ਇਕੇਲਾ॥ ਤਹ ਹਰਿਨਾਮੁ ਸੰਗਿ ਹੋਤ ਸੁਹੇਲਾ॥ (ਸੁਖਮਨੀ ੨-੨)

ਨਿਰੁਕ੍ਤ- ਸਾਲਾਹੀ-(ਅ਼ਰਬੀ ਸੁ਼ਲਾਹ=ਨੇਕੀ, ਦਯਾਨਤਦਾਰੀ, ਪੁੰਨ ਧਰਮ ਆਦਿ)।

ਪੰਜਾਬੀ ਵਿਚ ਸਲਾਹੁਣਾ ਤੇ ਸਲਾਹੁਤ ਕਰਨੀ ਦੇ ਅਰਥ ਹਨ, ਕਿਸੇ ਦੀ ਯੋਗ ਉਪਮਾ ਕਰਨੀ। ਇਸ ਤੋਂ ਬਣਦਾ ਹੈ ਪਦ ਸਾਲਾਹੀ=ਮਹਿਮਾ ਕਰਨੇ ਵਾਲਾ। ਏਸੇ ਤੁਕ ਵਿਚ 'ਸਾਲਾਹੀ' ਪਦ ਬਹੁਵਚਨ ਵਿਚ ਹੈ, ਤੇ 'ਸਾਲਾਹਿ' ਪਦ ਕ੍ਰਿਯਾ ਵਿਚ ਹੈ=ਸਲਾਹਿਆ ਹੈ।

ਸਾਲਾਹੀ ਦਾ ਭਾਵ ਹੈ ਹਰੀ ਦੀ ਕੀਰਤੀ ਕਰਨੇ ਵਾਲੇ ਭਗਤ, ਸੰਤ, ਗੁਰਮੁਖ!

(੨) ਸਾਲਾਹੀ ਸਾਲਾਹਿ ਦਾ ਅਰਥ ਐਉਂ ਬੀ ਕਰਦੇ ਹਨ-ਸਲਾਹੁਤ ਦੀ ਸਲਾਹੁਤ ਕਰ।

 www.sikhbookclub.com

(੩) ਸਾਲਾਹੇ ਜਾਣ ਵਾਲੇ (ਰਬ) ਦੀ ਸਲਾਹੁਤ ਕਰ। ਯਾ ਕਰਕੇ।

(੪) ਸਲਾਹੁਣੇ ਯੋਗਾਂ ਤੋਂ ਸਲਾਹੇ ਜਾਣ ਵਾਲਾ।

(੫) ਸਲਾਹੁਤ ਕਰਨ ਵਾਲੇ ਭਾਵ ਸੰਤ, ਉਨ੍ਹਾਂ ਸੰਤਾਂ ਦੀ ਸਲਾਹੁਤ ਕਰ।

(੬) ਇਤਨਾ ਚਿਰ ਸਲਾਹੁਤ ਕਰ ਜਿੰਨਾਂ ਚਿਰ ਤੇਰੀ ਸੋਝੀ ਬ੍ਰਹਮ ਰੂਪ ਨਾ ਹੋ ਜਾਏ।

ਏਤੀ-(ਹਿੰਦੀ, ਇਤਨੀ ਤੇ ਏਤੀ) ਐਤਨੀ, ਏਨੀ। ਏਤੀ ਦਾ ਭਾਵ ਏਤਨੀ ਦੀ।

ਸੁਰਤਿ ਨ ਪਾਈਆ-ਗਜਾਤ ਨਹੀਂ ਪਾਈ।

ਨਦੀਆ-(ਸੰਸ:, ਨਦੀ) ਦਰਯਾ। ਪਾਣੀ ਦਾ ਵੱਡਾ ਪ੍ਰਵਾਹ।

ਵਾਹ-(ਸੰਸ:, ਵਹਾ) ਛੋਟੀ ਨਦੀ। ਨਾਲਾ।

ਸਮੁੰਦਿ-(ਸੰਸ:, ਸਮੁਦ੍ਰ) ਸਾਗਰ।

ਨ ਜਾਣੀਅਹਿ-ਨਹੀਂ ਜਾਣੇ ਜਾਂਦੇ, ਨਹੀਂ ਪ੍ਰਤੀਤ ਦੇਂਦੇ।

(੨) ਐਉਂ ਬੀ ਲਾ ਲੈਂਦੇ ਹਨ-ਨਦੀਆਂ ਤੇ ਵਾਹੇ ਸਮੁੰਦਰ ਵਿਚ ਪੈ ਕੇ ਉਸ ਨੂੰ ਜਾਣ ਨਹੀਂ ਸਕਦੇ। ਪਰ ਜਾਣੀਅਹਿ ਦਾ ਅਰਥ ਹੈ-ਜਾਣੇ ਜਾਂਦੇ।

ਸਾਹ-(ਫ਼ਾ:, ਸ਼ਾਹ) ਰਾਜਾ।

ਸੁਲਤਾਨ-(ਅ਼:, ਸੁਲਤਾਨ) ਮਹਾਰਾਜਾ। ਮਹਾਰਾਜਾ ਅਧਿਰਾਜ।

(੨) ਐਉਂ ਬੀ ਅਰਥ ਲਾਉਂਦੇ ਹਨ-ਸ਼ਾਹ ਤੇ ਸ਼ਹਿਨਸ਼ਾਹ ਜਿਨ੍ਹਾਂ ਪਾਸ ਮਾਲ ਧਨ ਦੇ ਪਹਾੜ ਹਨ।

(੩) ਸਮੁੰਦਰਾਂ ਦੇ ਸ਼ਾਹ ਤੇ ਸੁਲਤਾਨ ਜਿਨ੍ਹਾਂ ਪਾਸ ਧਨ ਦੇ ਪਹਾੜ ਹਨ। ਪਰ ਚਲ ਰਹੇ ਪ੍ਰਸੰਗ ਨਾਲ ਏਹ ਦੋਏ ਘੱਟ ਢੁੱਕਦੇ ਹਨ।

ਗਿਰਹਾ-(ਸੰਸ:, ਗਿਰ=ਪਹਾੜ।) ਪਹਾੜਾਂ, ਗਿਰ ਦਾ ਬਹੁ ਵਚਨ। ੨. ਇੰਦਰ ਬੀ ਕਰਦੇ ਹਨ, ਗਿਰ= ਪਹਾੜ+ਹਾ=ਤੋੜਨ ਵਾਲਾ।

ਸੇਤੀ-(ਪੰਜਾਬੀ) ਪਾਸ, ਜੋਗਾ। ੨. ਜਿੰਨਾ, ਜਿਤਨਾ।

ਕੀੜੀ-(ਸੰਸ:, ਕੀਟ) ਨਿੱਕਾ ਜਿਹਾ ਜੰਤੁ, ਜੋ ਤੁੱਛਤਾ ਦੇ ਪ੍ਰਮਾਣ ਲਈ ਵਰਤਿਆ ਜਾਂਦਾ ਹੈ।

੨. ਕੀੜੀ ਇਕ ਖਾਸ ਕੀੜਾ ਹੈ ਜੋ ਮਕੌੜੇ ਤੋਂ ਛੋਟਾ ਹੁੰਦਾ ਹੈ ਤੇ ਮਿੱਠੇ ਆਦਿਕਾਂ ਨੂੰ ਚੱਟਮ ਕਰਦਾ ਹੈ।

੩. ਨਿੰਮ੍ਰਤਾ ਜਨਾਉਣ ਲਈ ਬੀ ਵਰਤਦੇ ਹਨ। ਪੰਚਮ ਸਤਿਗੁਰੂ ਜੀ ਨੇ ਨਿੰਮ੍ਰੀ ਭੂਤ ਭਗਤ ਦੇ ਅਰਥਾਂ ਵਿਚ ਵਰਤਿਆ ਹੈ:-

ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ ॥
ਨਾਨਕ ਅਨਿਕ ਬਾਰ ਨਮੋ ਨਮਹ ॥ (ਸਲੋਕ ਸਹਸ: ਮ: ੫-੬੩)

ਇਨ੍ਹਾਂ ਹੀ ਅਰਥਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਇਹ ਪਦ ਏਥੇ ਵਰਤਿਆ ਹੈ।

ਕਬੀਰ ਜੀ ਨੇ ਬੀ ਲਿਖਿਆ ਹੈ:-

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥
ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇਕੈ ਖਾਇ॥੨੩੮॥ (ਸਲੋਕ ਕਬੀਰ ਜੀ)

(ਪਉੜੀ ੨੪)

ਪ੍ਰਾਕ੍ਥਨ—ਪ੍ਰਸ਼ਨ ਹੁੰਦਾ ਹੈ ਕਿ ਕਰਤਾ ਪੁਰਖ ਦੀ ਜ਼ਾਤ ਯਾ ਸਿਫਤਾਂ, ਯਾ ਕਰਨਿਆਂ, ਯਾ ਦਾਤਾਂ ਬਾਬਤ ਏਤੀ ਦੀ ਸੁਰਤ ਕਿਉਂ ਨਹੀਂ ਪੈਂਦੀ? ਉੱਤਰ: ਉਹ ਬੇਅੰਤ ਹੈ, ਉਸ ਦਾ ਤੇ ਉਸ ਸੰਬੰਧੀ ਸਾਰੇ ਕੁਛ ਦਾ ਅੰਤ ਮਿਤ ਵਾਲੇ ਜੀਵ ਤੋਂ ਨਹੀਂ ਲਿਆ ਜਾ ਸਕਦਾ। ਇਹ ਗੱਲ ਅਗਲੀ ਪਉੜੀ ਵਿਚ ਦੱਸੀ ਹੈ।

ਮੂਲ

ਅੰਤੁ ਨ ਸਿਫਤੀ ਕਹਣਿ ਨ ਅੰਤੁ॥
ਅੰਤੁ ਨ ਕਰਣੈ ਦੇਣਿ ਨ ਅੰਤੁ॥
ਅੰਤੁ ਨ ਵੇਖਣਿ ਸੁਣਣਿ ਨ ਅੰਤੁ॥
ਅੰਤੁ ਨ ਜਾਪੈ ਕਿਆ ਮਨਿ ਮੰਤੁ॥
ਅੰਤੁ ਨ ਜਾਪੈ ਕੀਤਾ ਆਕਾਰੁ॥
ਅੰਤੁ ਨ ਜਾਪੈ ਪਾਰਾਵਾਰੁ॥
ਅੰਤ ਕਾਰਣਿ ਕੇਤੇ ਬਿਲਲਾਹਿ॥
ਤਾਕੇ ਅੰਤ ਨ ਪਾਏ ਜਾਹਿ॥
ਏਹੁ ਅੰਤੁ ਨ ਜਾਣੈ ਕੋਇ॥
ਬਹੁਤਾ ਕਹੀਐ ਬਹੁਤਾ ਹੋਇ॥

ਵਡਾ ਸਾਹਿਬੁ ਊਚਾ ਥਾਉ॥
ਊਚੇ ਉਪਰਿ ਊਚਾ ਨਾਉ॥
ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ॥

ਨਾਨਕ ਨਦਰੀ ਕਰਮੀ ਦਾਤਿ ॥ ੨੪॥

ਅਰਥ

(ਕਰਤਾਰ ਦੀਆਂ) ਸਿਫ਼ਤਾਂ ਦਾ ਅੰਤ ਨਹੀਂ, ਨਾਂ ਹੀ (ਉਨ੍ਹਾਂ ਸਿਫ਼ਤਾਂ ਦੇ) ਕਹਿਣੇ ਦਾ ਅੰਤ ਹੈ। (ਕਰਤਾਰ ਦੇ) ਕਰਣਿਆਂ ਦਾ ਅੰਤ ਨਹੀਂ, ਨਾ ਹੀ (ਉਸ ਦੀਆਂ ਦਾਤਾਂ) ਦੇਣੇ ਦਾ (ਕੋਈ) ਅੰਤ ਹੈ। (ਕਰਤਾਰ ਦਾ) ਦੇਖਣਾ ਅਨੰਤ ਹੈ (ਉਸਦਾ) ਸੁਣਨਾ ਅਨੰਤ ਹੈ। (ਕਰਤਾਰ ਦੇ) ਮਨ ਵਿਚ ਕੀ ਸਲਾਹ ਹੈ? (ਇਸ ਦਾ ਬੀ) ਅੰਤ ਨਹੀਂ ਲਿਆ ਜਾ ਸਕਦਾ; ਅੰਤ ਨਹੀਂ ਪਤਾ ਲਗਦਾ (ਕਦੋਂ) ਕੀਤਾ ਸੀ ਆਕਾਰ (ਕਰਤਾਰ ਨੇ ਇਸ ਰਚੀ ਹੋਈ ਰਚਨਾਂ ਦਾ, ਤੇ) ਨਾਂ ਹੀ (ਇਸ ਦੇ) ਪਾਰ ਉਰਾਰ ਦਾ ਪਤਾ ਲਗਦਾ ਹੈ। ਅੰਤ (ਨੂੰ ਪਾਉਣ) ਲਈ ਕਈ ਤਰਲੇ ਪਏ ਲੈਂਦੇ ਹਨ, (ਪਰ) ਉਸ ਦੇ ਅੰਤ ਪਤਾ ਨਹੀਂ ਲਗਦੇ। ਇਸ ਅੰਤ ਨੂੰ ਕੋਈ ਨਹੀਂ ਜਾਣਦਾ। (ਜਿੰਨਾ) ਬਹੁਤਾ ਕਹੀਦਾ ਹੈ (ਉੱਨਾ ਹੀ) ਬਹੁਤਾ (ਕਹਿਣੇ ਜੋਗ ਅਜੇ ਹੋਰ) ਹੁੰਦਾ ਹੈ (ਅਮਿਤ ਹੋਣ ਕਰਕੇ)। ਉਹ ਮਾਲਕ (ਹੈ, ਸਭ ਤੋਂ) ਵੱਡਾ ਹੈ (ਉਸ ਦਾ) ਸਥਾਨ (ਸਭ ਤੋਂ) ਉੱਚਾ ਹੈ; (ਉਸ) ਉੱਚੇ (ਸਥਾਨ) ਪੁਰ (ਪਹੁੰਚਣੇ ਲਈ)ਉੱਚਾ (ਉਸ ਦਾ) ਨਾਉਂ ਹੈ। ਏਡਾ ਵੱਡਾ ਉੱਚਾ (ਜੇ) ਕੋਈ ਹੋ (ਜੇਡਾ ਉੱਚਾ ਕਿ ਉਹ ਹੈ ਤਾਂ) ਉਸ ਉੱਚੇ ਨੂੰ ਉਹ ਜਾਣ ਸਕੇ। (ਪਰ) ਜਿੱਡਾ ਵੱਡਾ ਉਹ ਆਪ ਹੈ (ਉਹ) ਆਪ ਹੀ (ਅਪਣੇ) ਆਪ ਜਾਣਦਾ ਹੈ (ਹਾਂ) ਆਪ ਹੀ ਆਪ (ਭਾਵ ਨਿਰਾ ਆਪ ਹੀ) ਜਾਣਦਾ ਹੈ।

(ਪਰ) ਹੇ ਨਾਨਕ! (ਇਹ ਗੱਲ ਨਿਸਚਿਤ ਹੈ, ਕਿ ਜੋ ਕੁਛ ਮਿਲਦਾ ਹੈ ਉਸਦੀ ਦਾਤ ਹੈ ਤੇ) ਦਾਤ (ਉਸ ਦੀ) ਕ੍ਰਿਪਾ ਦ੍ਰਿਸ਼ਟੀ ਤੇ ਬਖਸ਼ਿਸ਼ ਨਾਲ (ਹੀ ਪ੍ਰਾਪਤ ਹੁੰਦੀ) ਹੈ॥੨੪॥

ਵਯਾਖਯਾ— 'ਤਾਕੇ ਅੰਤ ਨ ਪਾਏ ਜਾਹਿ॥' 'ਅੰਤ' ਪਦ ਬਹੁ-ਵਚਨ ਹੈ-ਉਸਦੇ ਅੰਤ। ਅੰਤ ਤੋਂ ਮੁਰਾਦ ਹੈ ਉਸਦੀ ਜ਼ਾਤ ਦਾ ਅੰਤ, ਉਸ ਦੀਆਂ ਸਿਫ਼ਤਾਂ, ਕਰਣੇ, ਵੀਚਾਰ ਆਦਿ ਦੇ ਅੰਤ। ਉਹ ਸੱਚਾ ਹੈ ਤੇ ਉਸਦੇ ਕਰਣੇ ਵੀਚਾਰ ਉਸਦੇ ਹੋਣ ਕਰਕੇ ਸੱਚੇ ਹਨ,

ਸਚੇ ਤੇਰੇ ਕਰਣੇ ਸਰਬ ਬੀਚਾਰ॥ (ਵਾਰ ਆਸਾ ਮ: ੧-੨)

ਜਿਵੇਂ ਉਸਦੇ ਕਰਣੇ ਉਸ ਵਾਂਙ ਸੱਚੇ ਹਨ ਤਿਵੇਂ ਉਸ ਵਾਂਙ ਅਨੰਤ ਹਨ। ਏਥੇ ਕਾਰਣ ਇਉਂ ਦੱਸਦੇ

www.sikhbookclub.com

ਹਨ: ਕਿ 'ਵਡਾ ਸਾਹਿਬੁ ਊਚਾ ਥਾਉ' ਹੈ। ਅਰਥਾਤ ਨਾ ਉਸ ਜੇਡਾ ਕੋਈ ਵਡਾ ਹੈ ਨਾ ਕੋਈ ਉੱਚਾ ਹੈ, ਇਸ ਕਰਕੇ ਅੰਤ ਕੋਈ ਨਹੀਂ ਪਾ ਸਕਦਾ। ਜਿਸ ਦੀ ਜ਼ਾਤ ਅਨੰਤ ਹੈ ਸਫਾਤ ਬੀ ਅਨੰਤ ਹੋਣਗੀਆਂ:--

ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥ (ਆਸਾ ਮ: ੧)

ਉਸਤਤਿ ਕਰਹਿ ਸੇਵਕ ਮੁਨਿ ਕੇਤੇ ਤੇਰਾ ਅੰਤੁ ਨ ਕਤਹੂ ਪਾਈਐ॥ (ਦੇਵ: ਮ:੫-੧)

ਉਸ ਦੇ ਕਰਨੇ ਤੇ ਵੀਚਾਰ ਬੀ ਅਨੰਤ ਹਨ, ਕਿਉਂਕਿ ਉਸ ਵਰਗੇ ਜੋ ਹੋਏ

ਸਚੇ ਤੇਰੇ ਕਰਣੇ ਸਰਬ ਬੀਚਾਰ॥ (ਵਾਰ ਆਸਾ ਮਹਲਾ: ੧-੨)

ਜਿਵੇਂ ਕਰਣੇ ਤੇ ਬੀਚਾਰ ਸਚੇ ਦੇ ਹੋਣ ਕਰਕੇ ਸਚੇ ਹਨ ਤਿਵੇਂ ਅਨੰਤ ਦੇ ਕਰਣੇ ਤੇ ਬੀਚਾਰ ਅਨੰਤ ਦੇ ਹੋਣ ਕਰਕੇ ਅਨੰਤ ਹੋਏ। ਤਿਵੇਂ ਉਸ ਦੀ ਦਾਤ ਬੇਅੰਤ ਹੈ, ਐਨੀ ਕਿ ਲੈਣ ਵਾਲੇ ਲੈਂਦੇ ਲੈਂਦੇ ਥੱਕ ਪੈਂਦੇ ਹਨ ਤੇ ਦੇਂਦਾ ਦੇਂਦਾ ਦੇਣਹਾਰ ਨਹੀਂ ਥੱਕਦਾ। ਇਸੇ ਕਰਕੇ ਫੁਰਮਾਯਾ ਹੈ:-

ਜੇਵਡੁ ਆਪਿ ਤੇਵਡ ਤੇਰੀ ਦਾਤਿ॥ (ਆਸਾ ਮ: ੧)

ਜਿਵੇਂ ਕਰਣੇ ਤੇ ਬੀਚਾਰ ਅਨੰਤ ਹਨ ਤਿਵੇਂ ਵੇਖਣ ਤੇ ਸੁਣਨ ਦਾ ਅੰਤ ਨਹੀਂ, ਬੇਅੰਤ ਦੇ ਜੁ ਹੋਏ। ਉਹ ਰਚਨਾ ਰਚਕੇ ਰਚੀ ਹੋਈ ਵਿਚ ਬਹਿਕੇ ਵੇਖਦਾ ਹੈ, ਸੰਭਾਲਦਾ ਹੈ, ਖੁਸ਼ ਹੁੰਦਾ ਹੈ-

ਕਰਿ ਆਸਣੁ ਡਿਠੋ ਚਾਉ॥ (ਵਾਰ ਆਸਾ ਮ: ੧-੧)

ਪ੍ਰਸ਼ਨ-- ਉਹ ਅਰੂਪ, ਅਰੇਖ, ਅਰੰਗ ਕੀਕੂੰ ਦੇਖਦਾ ਹੈ?

ਉੱਤਰ-- **ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ......॥** (ਧਨਾ: ਮ: ੧)

ਕੀਕੂੰ ਉਹ-- **ਸਰਬ ਨੈਨ ਆਪਿ ਪੇਖਨਹਾਰਾ॥** (ਸੁਖਮਨੀ ੨੩-੬) ਹੋ ਜਾਂਦਾ ਹੈ?

ਉੱਤਰ- **ਸਭ ਮਹਿ ਜੋਤਿ ਜੋਤਿ ਹੈ ਸੋਇ॥** (ਧਨਾ: ਮ: ੧)

ਓਹ ਅਨੰਤ ਵੇਖਣ ਵਾਲੀ ਨਜ਼ਰ ਵੇਖ ਵੇਖਕੇ ਕੀ ਕਰਦੀ ਰਹਿੰਦੀ ਹੈ?

ਸਚਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥ (ਜਪੁਜੀ-੩੭)

ਜੀਕੂੰ ਵੇਖਦਾ ਹੈ ਤੀਕੂੰ ਸੁਣਦਾ ਬੀ ਹੈ। ਪੰਚਮ ਗੁਰੂ ਜੀ ਦੱਸਦੇ ਹਨ:-

ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ॥ (ਸੋਰਠਿ ਮ: ੫-੯੩)

ਕੀਕੂੰ ਸੁਣਦਾ ਹੈ? ਉਤਰ: ਸਭ ਦੇ ਅੰਤਰ ਬੈਠਾ ਹੈ- ਅੰਤਰਯਾਮੀ। ਅੰਦਰ ਫੁਰਨੇ ਫੁਰਦਿਆਂ, ਅਰਜ਼ ਕਰਦਿਆਂ, ਹਰ ਤਰ੍ਹਾਂ ਹਰ ਵੇਲੇ ਜਾਣ ਜਾਂਦਾ ਹੈ, ਇਉਂ ਸੁਣਦਾ ਹੈ ਤੇ ਉਸ ਦੇ ਸੁਣਨੇ ਅਨੰਤ ਤਰ੍ਹਾਂ ਦੇ ਹਨ।

ਫਿਰ- 'ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥' (ਗੋਂਡ ਮ: ੫-੫)

ਇਸ ਕਰਕੇ ਉਸ ਦੇ ਮਨ ਦੇ ਮੰਤ ਨੂੰ ਕੌਣ ਜਾਣ ਸਕਦਾ ਹੈ? ਫਿਰ ਉਹ ਅਨੰਤ ਹੈ, ਉਹ ਮੰਤ ਕੀਕੂੰ ਅੰਤ ਵਾਲੇ ਤੋਂ ਜਾਣੇ ਜਾ ਸਕਦੇ ਹਨ।

ਇਥੋਂ ਤਾਈਂ ਕਰਤਾ ਪੁਰਖ ਦੀ ਜ਼ਾਤ ਤੇ ਜ਼ਾਤ ਸੰਬੰਧੀ ਸਿਫਾਤ ਤੇ ਹੋਰ ਗੱਲਾਂ ਦਾ ਜ਼ਿਕਰ ਕੀਤਾ ਹੈ। ਗੋਯਾ ਐਥੋਂ ਤਾਈਂ 'ਕਰਤਾ' ਪੱਖ ਦਾ ਜ਼ਿਕਰ ਸੀ, ਹੁਣ ਦੂਸਰਾ ਪੱਖ ਉਸ ਦੀ 'ਕੀਤੀ ਹੋਈ' ਦਾ ਲੈਂਦੇ ਹਨ। ਇਸ ਜ਼ਿਕਰ ਵਿਚ ਤ੍ਰੈ ਵੰਡਾਂ ਬੇਮਲੂਮੇ ਪਈਆਂ ਹੋਈਆਂ ਹਨ -ਕਾਲ, ਵਸਤੂ ਤੇ ਦੇਸ਼। ਤੇ ਫੇਰ ਸਾਰੀ ਗੱਲ ਦੋ ਸਤਰਾਂ ਵਿਚ ਮੁਕਾ ਦਿੱਤੀ ਹੈ। ਪਉੜੀ ੨੧ ਵਿਚ ਜ਼ਿਕਰ ਕਰ ਆਏ ਹਨ ਕਿ ਪੰਡਿਤ, ਕਾਜ਼ੀ, ਜੋਗੀ, ਪੁਰਾਣ, ਕੁਰਾਣ, ਥਹੁ ਨਾ ਦੱਸ ਸਕੇ ਕਿ ਕਾਲ ਕਦੋਂ ਬਣਿਆ ਯਾ ਕਾਲ ਵਿਚ ਰਚਨਾਂ ਕਦੋਂ ਬਣੀ ਸੀ। ਫੇਰ ਪਉੜੀ ੨੨ ਵਿਚ ਦੱਸਿਆ ਸੀ ਕਿ ਵੇਦ, ਕਤੇਬ, ਪੁਰਾਣ, ਰਿਖੀ, ਮੁਨੀ, ਉਲਮਾਵ ਆਦਿ ਨਾ ਦੱਸ ਸਕੇ ਕਿ ਲੱਖਾਂ ਅਕਾਸ਼ਾਂ, ਪਾਤਾਲਾਂ ਅਰਥਾਤ ਦੇਸ਼ ਦਾ ਤੇ ਦੇਸ਼ (Space) ਵਿਚ ਰਚੀ ਰਚਨਾ ਦਾ ਲੇਖਾ ਕਿਤਨਾ ਕੁ ਹੈ ਤੇ ਦੱਸੋ ਕਿ ਕੇਤਾ ਕੁ ਵਿਸਥਾਰ ਹੈ ਇਸ ਦਾ। ਇਸ ਵਿਚ ਦੇਸ਼ ਤੇ ਵਸਤੂ ਦੱਸੇ ਸਨ। ਸੋ ਇਹ ਗੱਲਾਂ ਹੁਣ ਅਨੰਤਤਾ ਦੇ ਪੱਖ ਵਿਚ ਦੋ ਤੁਕਾਂ

ਵਿਚ ਕਹਿ ਜਾਂਦੇ ਹਨ-'ਅੰਤੁ ਨਾ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥' 'ਕੀਤਾ' ਪਦ ਕਾਲ ਵੱਲ ਇਸ਼ਾਰਾ ਕਰਦਾ ਹੈ-ਕਦੋਂ ਕੀਤਾ? 'ਪਾਰਾਵਾਰੁ' ਪਦ ਦੱਸਦਾ ਹੈ ਕਿ 'ਦੇਸ਼' ਵੱਲ ਸੈਨਤ ਸੱਟ ਰਹੇ ਹਨ। ਆਰ ਪਾਰ ਅਰਥਾਤ ਵਿਸਥਾਰ 'ਦੇਸ਼' ਦਾ ਲਖਾਯਕ ਹੁੰਦਾ ਹੈ। 'ਆਕਾਰੁ' ਪਦ ਵਸਤੂ ਵੱਲ ਸੈਨਤ ਸੱਟਦਾ ਹੈ ਕਿ ਵਿਸਤ੍ਰਿਤ ਦੇਸ਼ (Space) ਵਿਚ ਜੋ ਆਕਾਰ (ਸੂਰਤਾਂ ਵਾਲੇ) ਸਾਮਾਨ ਹਨ-ਲੋਕ, ਖੰਡ, ਬ੍ਰਹਮੰਡ, ਸੂਰਜ, ਤਾਰੇ, ਚੰਦ, ਪੁਰੀਆਂ ਆਦਿ।

ਹੋਰ ਅਨੰਤਤਾਈ ਦਾ ਜ਼ਿਕਰ 'ਕੇਤੇ' ਵਿਚ ਕਰ ਦਿਤਾ ਨੇ- 'ਅੰਤ ਕਾਰਣਿ ਕੇਤੇ ਬਿਲਲਾਹਿ॥' ਇਸ ਕਥਨ ਦੀ ਹੋਰਥੇ ਤਸਵੀਰ ਖਿੱਚ ਦਿੱਤੀ ਨੇ, ਯਥਾ:-

ਬ੍ਰਹਮਾ ਬਿਸਨੁ ਮਹੇਸੁ ਦੁਆਰੈ॥ ਊਭੇ ਸੇਵਹਿ ਅਲਖ ਅਪਾਰੈ॥
ਹੋਰ ਕੇਤੀ ਦਰਿ ਦੀਸੈ ਬਿਲਲਾਦੀ ਮੈ ਗਣਤ ਨ ਆਵੈ ਕਾਈ ਹੇ॥੧੪॥ (ਮਾਰੂ ਮ: ੧, ਸੋਲਹੇ-੨)

ਹੁਣ ਪ੍ਰਸ਼ਨ ਹੁੰਦਾ ਹੈ ਕਿ ਅੰਤ ਕਿਉਂ ਨਹੀਂ ਪੈਂਦਾ? ਤਾਂ ਫੁਰਮਾਉਂਦੇ ਹਨ'ਵਡਾ ਸਾਹਿਬੁ ਊਚਾ ਥਾਉ॥' ਸਾਹਿਬ ਸਭ ਤੋਂ ਵਡਾ ਹੈ, ਉਸ ਜੇਡਾ ਯਾ ਉਸ ਤੋਂ ਵਡੇਰਾ ਕੋਈ ਨਹੀਂ। ਉਸ ਤੋਂ ਛੋਟੇ ਉਸ ਵਡੇ ਦਾ ਅੰਤ ਪਾ ਨਹੀਂ ਸਕਦੇ। ਫਿਰ ਪ੍ਰਸ਼ਨ ਹੁੰਦਾ ਹੈ ਉਸ ਤਕ ਪਹੁੰਚ ਕਿਵੇਂ ਹੋਵੇ? ਤਾਂ ਦੱਸਦੇ ਹਨ ਕਿ ਉਸ ਦਾ ਟਿਕਾਣਾ ਉੱਚਾ ਹੈ-ਮਨ ਬਾਣੀ ਦੀ ਪਹੁੰਚ ਤੋਂ ਉੱਚਾ ਹੈ। ਹਾਂ, ਓਹ ਆਪੇ ਨੂੰ ਜਾਣਦਾ ਹੈ। ਪਰ ਉਸ ਦਾ ਜਾਣਨਾ ਸਾਡੇਆਪੇਕਸ਼ਕ ਜਾਣਨ ਵਰਗਾ ਨਹੀਂ, ਉਸ ਦਾ 'ਜਾਣਨਾ' ਆਪਣੇ ਆਪ ਹੀ ਹੈ: **'ਜੇਵਡੁ ਆਪਿ ਜਾਣੈ ਆਪਿ ਆਪਿ॥'** ਜੇਡਾ ਵਡਾ ਆਪ ਹੈ ਆਪਣੇ ਆਪ ਹੀ ਜਾਣਦਾ ਹੈ। ਆਪਣੇ ਆਪ ਜਾਣਨਾ 'ਸੁਤੇ ਗਯਾਨ ਦਾ ਲਖਾਯਕ ਹੈ। ਉਸ ਦਾ ਗਯਾਨ ਸੁਤੇ ਗਯਾਨ, ਸੁਤੇ ਪ੍ਰਕਾਸ਼ ਹੈ।

ਹੁਣ ਪ੍ਰਸ਼ਨ ਹੁੰਦਾ ਹੈ ਕਿ ਅਗੰਮ ਅਪਹੁੰਚ ਤਕ ਪਹੁੰਚ ਤਾਂ ਨਾ ਹੋਈ? ਉਤਰ ਦੇਂਦੇ ਹਨ ਤੇ ਦੋ ਗੱਲਾਂ ਦੱਸਦੇ ਹਨ ਪਹੁੰਚ ਸੰਬੰਧੀ:-

੧. ਨਾਮ। ੨. ਬਖਸ਼ਿਸ਼।

੧. ਨਾਮ-'ਊਚੇ ਉਪਰਿ ਊਚਾ ਨਾਉ॥'

੨. ਬਖਸ਼ਿਸ਼-**'ਨਾਨਕ ਨਦਰੀ ਕਰਮੀ ਦਾਤਿ॥'**

੧. ਉਸ ਦੀ ਉਚਾਈ ਤਕ ਪਹੁੰਚ ਉਸੇ ਦੇ ਨਾਮ ਦੀ ਹੈ, ਜੋ ਮਾਨੋ ਪਉੜੀ ਹੈ ਉਸ ਉਚਾਈ ਉਪਰ ਲੈ ਜਾਣ ਦੀ। ਇਕ ਥਾਂ ਹੋਰ ਸਤਿਗੁਰ ਜੀ ਨੇ ਫੁਰਮਾਇਆ ਹੈ:-

ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ॥ ਊਚਉ ਪਰਬਤੁ ਗਾਖੜੋ ਨਾ ਪਉੜੀ
ਤਿਤੁ ਤਾਸੁ॥ ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ॥੧॥ ਭਾਈ ਰੇ
ਭਵਜਲੁ ਬਿਖਮੁ ਡਰਾਂਉ॥ ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ॥੧॥
ਰਹਾਉ॥ (ਸਿਰੀ: ਮ: ੧ ਅਸਟ:-੧੬)

ਪੰਚਮ ਗੁਰੂ ਜੀ ਨੇ ਫੁਰਮਾਇਆ ਹੈ:-**ਸਭ ਤੇ ਊਚਾ ਜਾਕਾ ਨਾਉ॥** (ਭੈਰਉ ਮ: ੫-੪੩)

ਤੀਸਰੇ ਸਤਿਗੁਰਾਂ ਨੇ ਫੁਰਮਾਯਾ ਹੈ ਕਿ ਨਾਮ ਉੱਚਾ ਹੈ, ਇਸ ਉੱਚੇ ਨਾਮ ਨਾਲ, ਸਿਮਰਣ ਵਾਲਾ ਉੱਚਾ ਹੋ ਜਾਂਦਾ ਹੈ:-

ਊਚੀ ਬਾਣੀ ਊਚਾ ਹੋਇ॥ ਗੁਰਮੁਖਿ ਸਬਦਿ ਵਖਾਣੈ ਕੋਇ॥ (ਆਸਾ ਮ: ੩-੪੨)

ਪੰਜਵੇਂ ਗੁਰਾਂ ਨੇ ਫੁਰਮਾਇਆ ਹੈ:-

ਊਚੇ ਤੇ ਊਚਾ ਪ੍ਰਭ ਥਾਨੁ॥ ਹਰਿ ਜਨ ਲਾਵਹਿ ਸਹਜਿ ਧਿਆਨੁ॥ (ਪ੍ਰਭਾਤੀ ਮ: ੫ ਅਸਟ:-੧੨)

ਭਾਵ ਨਾਮ ਸਹਿਜ ਵਿਚ ਲੈ ਜਾਂਦਾ ਹੈ, ਸਹਿਜ ਧਯਾਨ ਦੁਆਰਾ ਤੁਰੀਆ ਪਦ ਵਿਚ ਸਿਖ ਅੱਪੜ ਜਾਂਦਾ ਹੈ ਤੇ ਤੁਰੀਆ ਪਦ ਸਭ ਅਵਸਥਾ ਤੋਂ ਉਚਾ ਹੈ। ਉਥੇ ਪਹੁੰਚਕੇ ਅਨੰਤ ਪ੍ਰਭੂ ਉਸ ਨੂੰ

ਅਪਣੇ ਵਿਚ ਸਮਾ ਲੈਂਦਾ ਹੈ।

੨. ਬਖਸ਼ਿਸ਼-ਜਿਵੇਂ ਨਦੀਆਂ ਨਾਲੇ ਪਹਾੜ, ਖੱਡਾਂ, ਰੇਤੇ, ਰੜੇ ਸਭ ਥਾਵਾ ਝਾਗਦੇ ਅੰਤ ਸਮੁੰਦਰ ਲਾਗ ਜਾ ਅੱਪੜਦੇ ਹਨ, ਤਿਵੇਂ ਨਾਮ ਅਭਿਆਸੀ ਮੁਸ਼ੱਕਤਾਂ ਘਾਲਦੇ ਕਰਤਾ ਪੁਰਖ ਦੇ ਨੇੜੇ ਜਾ ਅੱਪੜਦੇ ਹਨ। ਸਰੂਪ ਵਿਚ ਤਦਰੂਪ ਹੋਣੇ ਲਈ ਫੇਰ ਇਕ ਬਖਸ਼ਿਸ਼ ਦੀ ਲੋੜ ਹੁੰਦੀ ਹੈ। ਮਿਹਰਾਂ ਦੇ ਸਾਈਂ ਨਦਰੀ ਨਦਰ ਨਿਹਾਲ ਕਰਨ ਵਾਲੇ ਕਰਤਾ ਪੁਰਖ ਜੀ 'ਨਾਨਕ ਨਦਰੀ ਕਰਮੀ ਦਾਤਿ' ਕਰਕੇ ਦੂਰੋਂ ਚੱਲਕੇ ਆਏ ਪ੍ਰੇਮੀ ਨੂੰ ਆਪ ਖਿੱਚਕੇ ਨਾਲ ਲੈਕੇ ਅਪਣੇ ਵਿਚ ਸਮਾਈ ਬਖਸ਼ਦੇ ਹਨ। ਜਿਵੇਂ ਲਾਗੇ ਆ ਪਹੁੰਚੀਆਂ ਨਦੀਆਂ ਨੂੰ ਸਮੁੰਦਰ ਅਗੋਂ ਆਪ ਆ ਕੇ ਮਿਲਦਾ ਹੈ ਤੇ ਆਪ ਆਪਣੇ ਨਾਲ ਲਿਜਾਕੇ ਅਪਣੇ ਵਿਚ ਸਮੁੰਦਰ ਰੂਪ ਕਰ ਲੈਂਦਾ ਹੈ-ਨਿਰਮਲ ਤੇ ਅਸਗਾਹ। ਇਹ ਹੈ ਭਾਵ 'ਨਾਨਕ ਨਦਰੀ ਕਰਮੀ ਦਾਤਿ' ਦਾ।

ਅਸਲ ਵਿਚ 'ਊਚਾ ਨਾਉ' ਤੇ 'ਕਰਮੀ ਦਾਤਿ' ਦੁਇ ਬਖਸ਼ਿਸ਼ਾਂ ਹਨ। 'ਊਚਾ ਨਾਉ' 'ਲਗਨ ਲੱਗਣੀ' ਹੈ ਤੇ ਪ੍ਰਾਪਤੀ ਤੱਕ ਦੀ ਅਵਸਥਾ ਹੈ, 'ਕਰਮੀ ਦਾਤਿ' ਪ੍ਰਾਪਤੀ ਹੈ। 'ਲਗਨ' ਦੀ ਮਿਹਰ ਇਸ ਤੁਕ ਵਿਚ ਦੱਸੀ ਹੈ:- ਜਿਨ ਕਉ ਨਦਰਿ ਕਰਮੁ ਤਿਨ ਕਾਰ[1]॥ ਜਦ ਪੁੱਗਣ ਦਾ ਸਮਾਂ ਆਉਂਦਾ ਹੈ ਤਾਂ ਮਿਹਰਾਂ ਦਾ ਸਾਈਂ 'ਬਾਂਹ ਪਕੜਿ ਠਾਕੁਰਿ ਹਉ ਘਿਧੀ' (ਜੈਤ: ਮ: ੫, ਛੰਤ੧) ਦੇ ਵਾਕ ਅਨੁਸਾਰ ਅਪਣੇ ਸਰੂਪ ਵਿਚ ਸਮਾ ਲੈਂਦਾ ਹੈ, ਇਹ ਹੈ 'ਪ੍ਰਾਪਤੀ' ਦੀ ਮਿਹਰ-'ਨਾਨਕ ਨਦਰੀ ਕਰਮੀ ਦਾਤਿ'। ਦੋਹਾਂ ਵਿਚ 'ਨਾਨਕ ਨਦਰੀ' ਦੀ 'ਨਦਰਿ ਨਿਹਾਲ' ਕਰਦੀ ਹੈ। ਹਾਂ ਮੇਹਰਾਂ ਦੇ ਸਾਈਂ ਦੀ ਮੇਹਰ ਨਿਹਾਲ ਕਰਦੀ ਹੈ। **ਜਿਸ ਨੋ ਨਦਰਿ ਕਰੇ ਤਿਸੁ ਮੇਲੇ ਮੇਲਿ ਮਿਲੈ ਮੇਲਾਈ ਹੇ**'[2]॥

(ਮਾਰੂ ਮ: ੧ ਸੋਲਹੇ-੨)

ਦੋ ਵਸੀਲੇ ਜੋ ਦੱਸੇ ਹਨ 'ਨਾਮ' ਤੇ 'ਨਦਰਿ', ਦੋਹਾਂ ਵਿਚ ਦਾਰਸ਼ਨਿਕ ਕਟਾਖਯ ਹੈ, ਉਹ ਇਹ ਹੈ ਕਿ 'ਜਾਣਨ' ਨਾਲ ਤਾਂ ਜਾਣ ਨਹੀਂ ਸਕੀਦਾ, ਕਿਉਂਕਿ ਅੰਤ ਵਾਲਾ ਅਨੰਤ ਨੂੰ ਅਪਣੇ ਅੰਤ ਵਾਲੇ ਗਿਆਨ ਵਿਚ ਲਿਆ ਨਹੀਂ ਸਕਦਾ, ਇਹ ਸਿੱਧੀ ਗਲ ਹੈ। ਪਰ ਅਨੰਤ ਅੰਤ ਵਾਲੇ ਨੂੰ ਆਪਾ ਲਖਾ ਸਕਦਾ ਹੈ। ਅਰਥਾਤ ਉਸ ਦੇ ਤਜਰਬੇ ਵਿਚ ਆਪ ਨੂੰ ਲਿਆ ਸਕਦਾ ਹੈ। ਉਸ ਦਾ ਤ੍ਰੀਕਾ ਹੈ ਨਾਮ ਸਿਮਰਣ। ਇਸ ਨਾਲ ਸਿਮਰਣ ਕਰਨ ਵਾਲਾ ਅੰਤ ਦੇ ਅੰਤ ਤੇ ਅੱਪੜ ਜਾਂਦਾ ਹੈ, ਓਥੇ ਜਾ ਕੇ ਅਨੰਤ ਦੀ ਮਿਹਰ ਨਦਰ ਨਾਲ ਅਨੰਤ ਦੀ ਛੁਹ ਪ੍ਰਾਪਤ ਕਰਦਾ ਹੈ। ਇਹ ਛੁਹ ਮਾਨੋ ਉਸਦੇ ਤਜਰਬੇ ਵਿਚ, ਉਸ ਦੀ ਲੱਖਤਾ ਵਿਚ, ਉਸ ਦੇ ਅਨੁਭਵ ਵਿਚ ਆ ਜਾਂਦੀ ਹੈ ਤੇ ਉਸਦੇ ਆਤਮਾ ਵਿਚ ਆਨੰਦ ਸਰੂਪਤਾ ਦੀ ਰਸਮਯ ਪ੍ਰਤੀਤੀ (Feeling) ਛੋੜ ਜਾਂਦੀ ਹੈ। ਚਾਹੇ ਉਸ ਛਿਨ ਵਿਚ ਮਨ ਬਾਣੀ ਆਦਿ ਨਾਲ ਨਹੀਂ ਜਾਂਦੇ ਪਰ ਆਤਮਾ ਪਰਮਾਤਮਾਂ ਦੀ ਛੁਹ ਲੈ ਲੈਂਦੀ ਹੈ।

ਸੋ 'ਨਾਮ' ਕਹਿਣ ਵਿਚ ਅੰਤ ਦੇ ਅੰਤ ਤਕ ਅੱਪੜਨ ਦੀ ਜਾਚ ਦੱਸੀ।

'ਨਦਰੀ' ਕਹਿਣ ਵਿਚ ਅਨੰਤ ਦੇ ਬਿਰਦ ਦਾ ਪਤਾ ਦਿੱਤਾ ਜੋ ਅੰਤ ਦੇ ਅੰਤ ਤੇ ਅੱਪੜਿਆਂ ਨੂੰ 'ਬਾਂਹ ਪਕੜਿ ਠਾਕੁਰਿ ਹਉ ਘਿਧੀ' ਦੇ ਵਾਕ ਅਨੁਸਾਰ ਆਪਣੀ ਅਨੰਤਤਾਈ ਵਿਚ ਲੈ ਲੈਂਦਾ ਹੈ।

---

[1] ਜਿਨ੍ਹਾਂ ਤੇ ਮਿਹਰ ਹੁੰਦੀ ਹੈ ਨਾਮ ਸਿਮਰਣ ਦੀ ਕਾਰ ਓਹ ਕਰਦੇ ਹਨ।

[2] ਮੰਡੂਕ ਉਪਨਿਖਦ (੩-੨-੩) ਵਿਚ ਬੀ ਇਸੇ ਪ੍ਰਕਾਰ ਦਾ ਵਾਕ ਹੈ--ਨਾਯੰ ਆਤਮਾ ਪ੍ਰਵਚਨੇਨ ਲਭਯੋ ਨ ਮੇਧਯਾ ਨ ਬਹੁਨਾ ਸ਼੍ਰੁਤੇਨ। ਯਮੇਵ ਏਸ਼ ਵ੍ਰਿਣੁਤੈ ਤੇਨ ਲਭਯ:, ਤਸਯੈਸ਼ ਆਤਮਾ ਵਿਵ੍ਰਣੁਤੇ ਤਨੁੰ ਸ੍ਵਾਮ੍। ਨਾ ਇਹ ਆਤਮਾ (ਭਾਵ ਪਰਮਾਤਮ ਦੇਵ) ਪੜ੍ਹਨੇ ਨਾਲ ਲਭਦਾ ਹੈ, ਨਾ ਬੁੱਧੀ ਦੀਆਂ (ਬਾਰੀਕ ਬੀਨੀਆਂ) ਨਾਲ, ਨਾ ਬਹੁਤ ਸੁਣਨੇ ਨਾਲ ਪ੍ਰਾਪਤ ਹੁੰਦਾ ਹੈ। ਜਿਸ ਨੂੰ ਇਹ ਆਪ ਨਿਸ਼ਚੇ ਚੁਣ ਲੈਂਦਾ ਹੈ ਉਸ ਨੂੰ ਲੱਭ ਪੈਂਦਾ ਹੈ, ਉਸ ਦੇ ਵਾਸਤੇ ਇਹ ਆਤਮਾ ਅਪਣੇ ਸ੍ਵਰੂਪ ਨੂੰ ਖੁਹਲ ਦੇਂਦਾ ਹੈ।

'ਨਦਰੀ' ਕਹਿਕੇ ਫੇਰ 'ਕਰਮੀ' ਤੇ 'ਦਾਤਿ' ਕਿਹਾ। ਇਸ ਦੁਹਰਾਉਣ ਦਾ ਤਾਤਪਰਜ ਇਹ ਜਾਪਦਾ ਹੈ ਕਿ ਨਾਮ ਵਿਚ ਲਗ ਪੈਣਾ ਤੇ ਅੰਤ ਦੇ ਅੰਤ ਤਕ ਸਿਮਰਣ ਦੁਆਰਾ ਅੱਪੜ ਪੈਣਾ ਇਹ ਬੀ ਇਕ ਤਰ੍ਹਾਂ ਦੀ ਦਾਤ ਹੈ। ਹਾਂ ਦਾਤੇ ਦਾ ਕਰਮ (ਬਖਸ਼ਿਸ਼) ਹੈ। ਅਗਲੀ ਪਉੜੀ ਵਿਚ ਆਪ ਹੀ ਫੁਰਮਾਉਣਗੇ ਕਿ 'ਸਿਫਤ ਸਲਾਹ' ਬੀ ਦਾਤ ਹੈ ਤੇ ਦਾਤਾ ਬਖਸ਼ਦਾ ਹੈ। ਸਿਫਤ ਸਲਾਹ ਤੇ ਨਾਮ ਓਤਪੋਤ ਰਲਵੇਂ 'ਹਜ਼ੂਰੀ' ਵਿਚ ਰੱਖਣ ਦੇ ਉਪਾਉ ਹਨ।

ਇਸ ਪਉੜੀ ਦੀ ਤੁਕ ਵਾਰ ਵਿਵੇਚਨਾ ਇਹ ਹੈ:-

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ ਅੰਤੁ ਨ ਕਰਣੈ ਦੇਣਿ ਨ ਅੰਤੁ ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ ਅੰਤੁ ਨ ਜਾਪੈ ਕਿਆ ਮਨਿ ਮੰਤੁ ॥	'ਕਰਤਾ' ਦੇ ਪੱਖ ਦੀ ਅਨੰਤਤਾ	ਸਾਹਿਬ ਅਨੰਤ ਹੈ ਤੇ ਉਸ ਦੀ ਕਿਸੇ ਗੱਲ ਦਾ ਅੰਤ ਨਹੀਂ ਹੈ, ਇਸ ਕਰਕੇ ਮਿਤ ਵਾਲਾ ਉਸ ਦਾ ਅੰਤ ਨਹੀਂ ਲੈ ਸਕਦਾ ਯਾ ਜਾਣ ਨਹੀਂ ਸਕਦਾ।
ਅੰਤੁ ਨ ਜਾਪੈ ਕੀਤਾ ਆਕਾਰੁ ॥ ਅੰਤੁ ਨ ਜਾਪੈ ਪਾਰਾਵਾਰੁ ॥	ਕੀਤੀ ਹੋਈ ਦੇ ਪੱਖ ਦੀ ਬੇਸ਼ੁਮਾਰਤਾ	
ਅੰਤ ਕਾਰਣਿ ਕੇਤੇ ਬਿਲਲਾਹਿ ॥ ਤਾਕੇ ਅੰਤ ਨ ਪਾਏ ਜਾਹਿ ॥ ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥	ਉਸ ਦੇ ਆਪਣੇ ਤੇ ਉਸਦੇ ਸੰਬੰਧਤ ਪੱਖਾਂ ਦੀ ਅਨੰਤਤਾ ਜਾਣੀ ਨਹੀਂ ਜਾ ਸਕਦੀ।	
ਵਡਾ ਸਾਹਿਬੁ ਊਚਾ ਥਾਉ ॥	ਨਾ ਜਾਣ ਸਕਣੇ ਦਾ ਕਾਰਣ	ਪਰ ਉਸਦੀ 'ਪ੍ਰਾਪਤੀ' ਹੋ ਸਕਦੀ ਹੈ ਉਸ ਦੇ ਸਾਧਨ ਹੈਨ:
ਊਚੇ ਉਪਰਿ ਊਚਾ ਨਾਉ ॥ ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ ॥	'ਨਾਮ' ਇਕ ਉਪਾਉ ਹੈ ਉਸ ਤੱਕ ਅੱਪੜਨ ਦਾ।	੧. 'ਨਾਮ'; ਜੋ ਪ੍ਰੇਮੀ ਨੇ ਕਰਨਾ ਹੈ।
ਜੇਵਡੁ ਆਪਿ ਜਾਣੈ ਆਪਿ ਆਪਿ ॥ ਨਾਨਕ ਨਦਰੀ ਕਰਮੀ ਦਾਤਿ ॥੨੪॥	ਦੂਜਾ ਉਪਾਉ ਹੈ 'ਨਦਰ' ਜੋ ਓਹ ਆਪ ਕਰਦਾ ਹੈ।	੨. 'ਨਦਰ'; ਜੋ ਆਪ ਅਨੰਤ ਨੇ ਕਰਨੀ ਹੈ।

ਨਿਰੁਕ੍ਤ- ਅੰਤੁ-(ਸੰਸ:, ਅੰਤ) ਹੱਦ, ਹੱਦਬੰਦੀ, ਓੜਕ।

ਅੰਤੁ ਨ- ਭਾਵ ਜੋ ਸ਼ੈ ਬੇਹਦ ਹੋਵੇ ਓਹ 'ਬੇਅੰਤ', 'ਅਨੰਤ' ਯਾ 'ਅੰਤੁ ਨ' ਆਖੀਦਾ ਹੈ।

ਕਹਣਿ-(ਪੰਜਾ:, ਕਹਿਣ ਤੋਂ) ਕਹਿਣੇ ਦਾ। (੨) ਕਹਿਣੇ ਨਾਲ। (੩) 'ਕਹਿਣ' ਪਦ ਵਿਚ ਕਹਿਣ ਵਾਲਿਆਂ ਦੀ ਮੁਰਾਦ ਆਪੇ ਆ ਜਾਂਦੀ ਹੈ।

ਕਰਣੈ-(ਪੰਜਾਬੀ, ਕਰਨਾ ਤੋਂ) ਜੋ ਕੁਛ ਕੀਤਾ ਜਾਏ। ਕੰਮ। ਪਰ ਓਹ ਕੰਮ ਜੋ ਕੀਤੇ ਗਏ, ਕੀਤੇ ਜਾ ਰਹੇ ਤੇ ਕੀਤੇ ਜਾ ਸਕਦੇ ਹਨ।

ਦੇਣਿ-(ਪੰਜਾਬੀ, ਦੇਣਾ ਤੋਂ) ਜੋ ਦਿੱਤਾ ਜਾਏ ਯਾ ਦੇਣਾ ਹੋਵੇ। ਦਾਤ।

ਮੰਤੁ-(ਸੰਸ:, ਮੰਤ੍ਰ।) ਸਲਾਹ, ਮਸ਼ਵਰਾ।

ਨਦਰ-(ਅ਼ਰ; ਨਜ਼ਰ) ਦ੍ਰਿਸ਼ਟੀ ੨. ਮਿਹਰਾਂ ਦੀ ਦ੍ਰਿਸ਼ਟੀ।

ਨਦਰੀ-ਮੇਹਰ ਦੀ ਨਜ਼ਰ ਪਾਉਣ ਵਾਲਾ। ਦਿਆਲੂ, ਕ੍ਰਿਪਾਲੂ।

ਕਰਮੀ-(ਅ਼ਰਬੀ, ਕਰਮ) ਕਰਮ=ਮੇਹਰ। ਕਰਮੀ, ਮੇਹਰ ਦੁਆਰਾ।

(ਅ) ਏਥੇ ਕਰਮੀ ਦਾ ਅਰਥ 'ਕਰਮਾਂ' ਅਰਥਾਤ 'ਫੇਅ਼ਲਾਂ ਦੁਆਰਾ' ਕਰਨਾ ਅਪ੍ਰਸੰਗਕ ਹੈ ਕਿਉਂਕਿ ਅਗਲੀ ਪਉੜੀ ਵਿਚ ਇਹੋ ਪ੍ਰਸੰਗ ਮੇਹਰ ਦਾ ਚਲ ਰਿਹਾ ਹੈ।

(ਪਉੜੀ ੨੫)

ਪ੍ਰਾਕ੍ਰਥਨ- ਪਉੜੀ ੨੪ ਵਿਚ 'ਊਚੈ' ਤਕ ਅੱਪੜਨ ਲਈ 'ਊਚਾ ਨਾਉ' ਤੇ 'ਕਰਮੀ ਦਾਤਿ' ਦੋ ਗਲਾਂ ਦੱਸੀਆਂ ਸਨ। ਇਥੇ ਪ੍ਰਸ਼ਨ ਹੋ ਸਕਦਾ ਹੈ ਕਿ ਨਾਮ ਤਾਂ ਹੋਇਆ ਜੀਵ ਦਾ ਕੰਮ, ਚਾਹੋ ਉਹ ਬੀ ਦਾਤ ਹੀ ਹੈ, ਪਰ ਉਹ ਜਪਣਾ, ਸਿਮਰਨਾ ਆਦਿ ਜੀਵ ਦੇ ਕਰਤੱਵਜ ਹਨ। 'ਦਾਤਿ' ਪ੍ਰਭੂ ਦਾ ਕਰਮ ਹੈ ਜੋ ਜੀਵ ਦੇ ਵੱਸ ਦੀ ਗੱਲ ਨਾ ਹੋਈ, ਸੋ ਕੀਹ ਇਹ ਨਿਰਾਸਤਾ ਦੀ ਗੱਲ ਨਹੀਂ? ਖ਼ਬਰੇ ਨਦਰ ਹੋਵੇ ਕਿ ਨਾ? ਇਸ ਲਈ ਅਗਲੀ ਪਉੜੀ ਉਚਾਰਕੇ ਆਸ ਬਨ੍ਹਾਉਂਦੇ ਹਨ ਕਿ ਉਸ ਦੀ ਬਖਸ਼ਿਸ਼ ਬਹੁਤੀ ਹੈ, ਉਹ ਵੱਡਾ ਦਾਤਾ ਹੈ, ਸੋ ਵੱਡੇ ਦਾਤੇ ਤੋਂ, ਜੋ ਬਹੁਤ ਬਖਸ਼ਿਸ਼ ਦਾ ਮਾਲਕ ਹੈ, ਨਿਰਾਸ ਨਹੀਂ ਹੋਈਦਾ। ਉਸ ਦਾ ਤਾਂ ਬਿਰਦ ਹੀ ਬਖਸ਼ਿਸ਼ ਹੈ। ਨਿਰਾਸ ਉਸ ਤੋਂ ਹੋਈਦਾ ਹੈ ਜੋ ਨਿਸ਼ਪ੍ਰੇਹ ਨਹੀਂ, ਭਾਵ ਜਿਸ ਨੂੰ ਜੀਵਾਂ ਤੋਂ ਕੁਛ ਲੈਣੇ ਦੀ ਲਾਲਸਾ ਨਹੀਂ, ਉਸ ਦਾਤੇ ਤੇ ਵਡੇ ਦਾਤੇ ਤੋਂ ਕਿਉਂ ਨਿਰਾਸਤਾ? ਮੁਰਾਦ ਇਹ ਹੈ ਕਿ ਜਦ ਨਾਮ ਪ੍ਰੇਮੀ ਦਾ ਨਾਮ ਪੁੱਗ ਖੜੋਂਦਾ ਹੈ ਉਹ ਅਪਣੇ ਆਪ ਵਿਚ ਸ਼ੁੱਧ ਹੋਇਆ ਨਿਜ ਸਰੂਪ ਵਿਚ ਇਸਥਿਤ ਪਰਮਾਤਮ ਦੇਵ ਵੱਲ ਨਜ਼ਰ ਟਿਕਾਏ ਖੜਾ ਹੁੰਦਾ ਹੈ, ਤਾਂ ਅਨੰਤ ਦਾਤੇ ਦਾ ਬਿਰਦ ਉਸ ਨੂੰ ਅਨੰਤਤਾਈ ਵਿਚ ਖਿੱਚ ਲੈਂਦਾ ਹੈ। ਹੋਰ ਬੀ ਤਸੱਲੀ ਵਾਲੀ ਗਲ ਇਹ ਹੈ ਕਿ ਇਹ ਨਾਮ ਮਾਰਗ ਈਸ਼੍ਵਰ ਪ੍ਰੇਮ ਦਾ ਮਾਰਗ ਹੈ। ਜਿਸ ਨੂੰ ਪਿਆਰ ਕਰੋ ਉਸ ਨੂੰ ਬੀ ਪਿਆਰ ਦੀ ਖਿੱਚ ਪੈਂਦੀ ਹੈ। ਪ੍ਰੇਮ ਸਰੂਪ ਪ੍ਰਭੂ ਅਪਣੇ ਪ੍ਰੇਮੀ, ਨਾਮ ਅਭਜਾਸੀ ਨੂੰ ਪਿਆਰ ਕਰਦਾ ਹੈ, ਇਸ ਲਈ ਨਿਜ ਸਰੂਪ ਵਿਚ ਆਏ ਅਨੰਤ ਵਲ ਤੱਕ ਰਹੇ ਪਿਆਰੇ ਨੂੰ ਅਪਣੇ ਸਰੂਪ ਵਿਚ ਸਮਾਈ ਬਖਸ਼ਦਾ ਹੈ।

ਨਾਮ ਬਾਬਤ ਪਿਛੇ ਚੋਖੇ ਜ਼ਿਕਰ ਆ ਚੁਕੇ ਹਨ। ਹੁਣ 'ਕਰਮੀ ਦਾਤਿ' ਬਾਬਤ ਇਸ ਪਉੜੀ ਵਿਚ ਕੁਛ ਫੁਰਮਾਉਣ ਲਗੇ ਹਨ। ਕਰਮ ਬਹੁਤਾ ਹੈ, ਲਿਖਣ ਤੋਂ ਪਰੇ ਹੈ, ਭਾਵ ਅਮਿਤ ਹੈ, ਕਿਉਂਕਿ ਅਮਿਤ ਕਰਤੇ ਦਾ ਕਰਮ (ਫਜ਼ਲ) ਜੁ ਹੋਇਆ। ਪਰ ਦਾਤਾ ਆਪ ਲਾਲਸਾ ਤੋਂ ਮੂਲੋਂ ਖਾਲੀ ਹੈ। ਹੋਇਆ ਜੁ 'ਪ੍ਰੇਮ' ਸਰੂਪ। ਪ੍ਰੇਮ ਦਾ ਸੁਤੇ ਸੁਭਾਵ 'ਦੇਣ' ਹੈ 'ਲੈਣ' ਨਹੀਂ। 'ਤਿਲੁ ਨ ਤਮਾਇ' ਦੱਸਕੇ ਤੇ ਮੰਗਣਹਾਰਾਂ ਦੀ ਕੁਛ ਗੇਣਤੀ ਦੱਸਕੇ ਧ੍ਵਨੀ ਵਿਚ ਦੱਸਦੇ ਹਨ ਕਿ ਦਾਤਾ ਦੇਖ ਲਓ ਮੰਗਣਹਾਰਾਂ ਦੇ ਸ਼ੁਕਰੀਏ ਕਿ ਨਾਸ਼ੁਕਰੀ ਤੋਂ ਬੇ ਪਰਵਾਹ, ਉਹਨਾਂ ਦੇ ਵਰਤਾਉ ਤੋਂ ਬੇਅਸਰ, ਰਹਿਕੇ ਦਾਤਾਂ ਦੇ ਰਿਹਾ ਹੈ, ਇਸ ਕਰਕੇ ਵਡਾ ਦਾਤਾ ਹੈ। ਬਹੁਤੇ ਕਰਮ ਦਾ ਦਾਤਾ ਹੋਣ ਕਰਕੇ ਬੀ ਵੱਡਾ ਹੈ। ਉਸ ਵਡੇ ਦਾਤੇ ਪਾਸ ਇਕ ਦਾਤ 'ਮੁਕਤੀ' ਹੈ, ਪਰ ਉਹ ਭਾਣੇ ਨਾਲ ਮਿਲਦੀ ਹੈ ਤੇ ਭਾਣੇ ਤੇ ਅੱਪੜਨ ਲਈ ਸਿਫਤ ਸਲਾਹ ਦੀ ਲੋੜ ਹੈ। ਸਿਫਤ ਸਾਲਾਹ ਆਤਮ ਪਾਤਸ਼ਾਹੀ ਹੈ, ਪਾਤਸ਼ਾਹੀ ਦਾਤਾਰਗੀ ਹੈ ਅਰਥਾਤ ਪਾਤਸ਼ਾਹ ਦਾਤਾ ਹੁੰਦਾ ਹੈ। ਪਰ ਪਾਤਸ਼ਾਹੀ ਬੀ ਉਸ ਦੀ ਦਾਤਿ ਹੈ। ਇਹ ਵਿਸ਼ਜ ਇਸ ੨੫ਵੀਂ ਪਉੜੀ ਵਿਚ ਹੈ:-

www.sikhbookclub.com

ਮੂਲ

ਬਹੁਤਾ ਕਰਮੁ ਲਿਖਿਆ ਨਾ ਜਾਇ॥
ਵਡਾ ਦਾਤਾ ਤਿਲੁ ਨ ਤਮਾਇ॥

ਕੇਤੇ ਮੰਗਹਿ ਜੋਧ ਅਪਾਰ॥
ਕੇਤਿਆ ਗਣਤ ਨਹੀ ਵੀਚਾਰੁ॥

ਕੇਤੇ ਖਪਿ ਤੁਟਹਿ ਵੇਕਾਰ॥
ਕੇਤੇ ਲੈ ਲੈ ਮੁਕਰੁ ਪਾਹਿ॥
ਕੇਤੇ ਮੂਰਖ ਖਾਹੀ ਖਾਹਿ॥

ਕੇਤਿਆ ਦੂਖ ਭੂਖ ਸਦ ਮਾਰ॥
ਏਹਿ ਭਿ ਦਾਤਿ ਤੇਰੀ ਦਾਤਾਰ॥
ਬੰਦਿ ਖਲਾਸੀ ਭਾਣੈ ਹੋਇ॥
ਹੋਰੁ ਆਖਿ ਨ ਸਕੈ ਕੋਇ॥
ਜੇ ਕੋ ਖਾਇਕੁ ਆਖਣਿ ਪਾਇ॥ ਓਹੁ ਜਾਣੈ ਜੇਤੀਆ ਮੁਹਿ ਖਾਇ॥
ਆਪੇ ਜਾਣੈ ਆਪੇ ਦੇਇ॥
ਆਖਹਿ ਸਿ ਭਿ ਕੇਈ ਕੇਇ॥

ਜਿਸਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥

ਅਰਥ

(ਨਦਰੀ ਦਾ ਕਰਮ ਅਰਥਾਤ) ਬਖਸ਼ਿਸ਼ (ਇੰਨੀ) ਬਹੁਤੀ ਹੈ ਕਿ ਲਿਖੀ ਨਹੀਂ ਜਾ ਸਕਦੀ। (ਇਸ ਕਰਕੇ ਉਹ) ਦਾਤਾ (ਸਭ ਤੋਂ) ਵਡਾ ਹੈ (ਹਾਂ ਇਸ ਕਰਕੇ ਬੀ ਵੱਡਾ ਦਾਤਾ ਹੈ ਕਿ ਉਸ ਨੂੰ ਆਪ ਦਾਤਾਂ ਦੇ ਕੇ) ਤਿਲ ਜਿੰਨੀ ਬੀ ਲਾਲਸਾ (ਲੈਣ ਮਾਤ੍ਰ ਦੀ) ਨਹੀਂ[1], (ਉਸ ਤੋਂ ਮੰਗਣ ਵਾਲੇ) ਕਈ (ਲੋਕ) ਹਨ; (ਪ੍ਰਤੱਖ ਦੇਖੋ ਕਿ) ਅਣਗਿਣਤ ਜੋਧੇ (ਉਸ ਤੋਂ ਦਾਤਾਂ) ਮੰਗਦੇ ਹਨ। ਕਿੰਨੇ (ਹੀ ਹੋਰ ਭਾਂਤਾਂ ਦੇ ਮੰਗਣਹਾਰੇ ਹਨ ਜਿੰਨ੍ਹਾਂ ਦੀ) ਗੇਣਤੀ ਦਾ ਵੀਚਾਰ (ਬੀ) ਨਹੀਂ ਹੋ ਸਕਦਾ, (ਪਰ ਓਹ ਕਿਸੇ ਤੋਂ ਕੋਈ ਲੋੜ ਨਹੀਂ ਰਖਦਾ)। ਕਿਤਨੇ (ਹੀ ਮੰਗਣ ਵਾਲੇ ਦਾਤਾਂ ਲੈ ਕੇ ਉਹਨਾਂ ਨਾਲ) ਵਿਕਾਰਾਂ (ਵਿਚ ਪੈ ਜਾਂਦੇ ਤੇ ਉਹਨਾਂ) ਨਾਲ ਖਪਕੇ (ਅੰਤ ਹੁੱਟ) ਹਾਰ ਜਾਂਦੇ ਹਨ। ਕਿੰਨੇ (ਦਾਤਾਂ) ਲੈ ਲੈ ਕੇ (ਸ਼ੁਕਰ ਨਹੀਂ ਕਰਦੇ ਸਗੋਂ ਦਾਤੇ ਤੋਂ ਹੀ) ਮੁਨਕਿਰ[2] ਹੋ ਜਾਂਦੇ ਹਨ। ਕਿੰਨੇ ਮੂਰਖ ਹਨ ਜੋ (ਇਹ ਗਲ ਸਮਝੇ ਬਿਨਾਂ ਕਿ ਕੋਈ ਦੇਣਹਾਰ ਦਾਤਾ ਹੈ) ਖਾਈ ਹੀ ਖਾਈ ਜਾਂਦੇ ਹਨ। (ਪਰ ਉਹ ਕਿਸੇ ਨਾਲ ਉਦਾਸ ਖ਼ਫ਼ਾ ਨਹੀਂ ਹੁੰਦਾ) ਕਿੰਨਿਆਂ ਨੂੰ ਸਦਾ ਦੁੱਖ (ਤੇ) ਭੁੱਖ ਦੀ ਮਾਰ ਹੀ ਵਗੀ ਰਹਿੰਦੀ ਹੈ[3], ਹੇ ਦਾਤਾਰ! (ਇਹ ਦੁੱਖ ਭੁੱਖ ਦੀ ਮਾਰ ਤੇਰੇ ਹੱਥ ਸੰਕੋਚਣੇ ਨਹੀਂ) ਇਹ ਬੀ, ਤੇਰੀ (ਇਕ) ਦਾਤ ਹੈ[4]। ਬੰਦ ਤੋਂ ਖਲਾਸੀ (ਤੇਰੇ) ਭਾਣੇ ਦੁਆਰਾ ਹੁੰਦੀ ਹੈ। ਕੋਈ ਨਹੀਂ ਕਹਿ ਸਕਦਾ (ਕਿ ਕਿਸੇ) ਹੋਰ ਤਰ੍ਹਾਂ (ਬੀ ਹੋ ਸਕਦੀ) ਹੈ। ਜੇ ਕੋਈ ਮੂਰਖ (ਹੋਰ ਕਿਸੇ ਤਰ੍ਹਾਂ ਪ੍ਰਾਪਤ ਹੁੰਦੀ) ਦੱਸਣ ਦੀ ਦਲੇਰੀ ਕਰੇ ਤਾਂ ਉਸ ਨੂੰ ਪਤਾ ਲਗ ਜਾਏਗਾ ਕਿ ਓਹ ਕਿਤਨੀਆਂ ਕੁ ਮੂੰਹ ਉਤੇ ਖਾਂਦਾ ਹੈ, (ਯਾ ਮੂੰਹ ਦੀਆਂ ਖਾਂਦਾ ਹੈ)। (ਕਰਤਾ ਪੁਰਖ) ਆਪੇ (ਸਭ ਕੁਛ) ਜਾਣਦਾ ਹੈ (ਤੇ) ਆਪ ਹੀ (ਇਹ ਦਾਤ) ਦੇਂਦਾ ਹੈ। (ਇਹ ਗਲ) ਕਹਿਣੇ ਵਾਲੇ ਹੈਨ (ਤਾਂ ਸਹੀ ਪਰ) ਓਹ ਬੀ ਵਿਰਲੇ ਹੈਨ। (ਭਾਵ-ਭਾਣੇ ਵਾਲੇ ਵਿਰਲੇ ਹਨ)। (ਭਾਣੇ ਤੇ ਆਉਣ ਲਈ ਦਾਤਾ) ਜਿਸ ਨੂੰ (ਆਪਣੀ) ਸਿਫਤ ਸਲਾਹ (ਦੀ ਦਾਤ) ਬਖਸ਼ਦਾ ਹੈ, (ਕਹਿੰਦੇ ਹਨ ਗੁਰੂ) ਨਾਨਕ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੋ ਜਾਂਦਾ ਹੈ (ਭਾਵ ਉਹ ਆਪ ਜਗਤ ਦਾ ਦਾਤਾ ਹੋ ਜਾਂਦਾ ਹੈ, ਯਾਚਕ ਨਹੀਂ ਰਹਿੰਦਾ।)॥੨੫॥

---

[1] ਉਹ 'ਨਿਖ੍ਪ੍ਰੇਹ' (=ਸੰਪੂਰਨ ਤੌਰ ਤੇ ਇਛਾ ਰਹਿਤ) ਹੈ।

[2] ਉਸ ਦਾ ਇਨਕਾਰ ਕਰਨ ਲਗ ਜਾਂਦੇ ਹਨ।

[3] ਭਾਵ ਦੁਖੀ ਤੇ ਸਦਾ ਥੁੜ ਵਿਚ ਰਹਿੰਦੇ ਹਨ।

[4] ਕਿਉਂਕਿ ਇਸ ਦਾਤ ਨਾਲ ਅਨੇਕਾਂ ਲੋਕ ਭੈ ਵਿਚ ਆ ਕੇ ਪਾਪ ਛੱਡਕੇ ਉੱਚ ਜੀਵਨ ਵਿਚ ਆ ਜਾਂਦੇ ਹਨ, ਇਹ ਬੀ ਉਨ੍ਹਾਂ ਨਾਲ ਉਦਾਸੀ ਰੰਜ ਨਹੀਂ, ਪਰ ਇਹ ਉਨ੍ਹਾਂ ਨੂੰ 'ਸੁਧਾਰ' ਦਾਨ ਹੋ ਰਿਹਾ ਹੈ।

"ਦੁਖੁ ਦਾਰੂ ਸੁਖੁ ਰੋਗੁ ਭਇਆ॥" (ਵਾਰ ਆਸਾ ਮ: ੧-੧੨)

www.sikhbookclub.com

ਵਜਾਖਜਾ–ਉਪਰ ਪ੍ਰਾਕ੍ਕਥਨ ਵਿਚ ਦੱਸਿਆ ਗਿਆ ਹੈ ਕਿ ਇਸ ਪਉੜੀ ਦੀ ਧੁਨੀ ਇਹ ਹੈ ਕਿ ਨਾਮ ਵਿਚ ਲਗ ਪਓ, ਇਹ ਤੁਹਾਡਾ ਕਰਤੱਵਜ ਹੈ। ਦਾਤਾ ਵਡਾ ਦਾਤਾ ਹੈ ਤੇ ਲੈਣ ਹਾਰਿਆਂ ਤੋਂ ਕੁਛ ਬੀ ਲੈਣ ਤੋਂ ਅਚਾਹ ਹੈ, ਓਹ ਦੇਂਦਾ ਹੀ ਦੇਂਦਾ ਹੈ। ਮਾੜਿਆਂ ਨੂੰ ਬੀ ਦੇਂਦਾ ਹੈ। ਓਹ ਦਾਤਾ ਨਾਮ ਵਿਚ ਪੁੱਗੇ ਨੂੰ ਮੁਕਤੀ ਦਾਨ ਯਾ ਅਪਣੇ ਸਰੂਪ ਵਿਚ ਸਮਾਈ ਅਪਣੇ 'ਦਾਤਾ–ਬਿਰਦ' ਕਰਕੇ ਅਪਣੇ ਆਪ ਦੇਵੇਗਾ।

ਬਾਕੀ ਪਉੜੀ ਦਾ ਵੀਚਾਰ ਇਸ ਪ੍ਰਕਾਰ ਹੈ:-

ਪਉੜੀ ੨੪ ਵਿਚ- 'ਨਾਨਕ ਨਦਰੀ ਕਰਮੀ ਦਾਤਿ' ਕਹਿਕੇ ਪਤਾ ਦਿਤਾ ਸੀ ਕਿ ਦਾਤ 'ਕਰਤਾ ਪੁਰਖ' ਦੀ ਬਖਸ਼ਿਸ਼ ਨਾਲ ਪ੍ਰਾਪਤ ਹੁੰਦੀ ਹੈ, ਹੁਣ ਦੱਸਦੇ ਹਨ ਕਿ ਬਖਸ਼ਿਸ਼ ਅਮਿਤ ਹੈ। ਅਮਿਤ ਬਖਸ਼ਿਸ਼ ਦਾ ਦਾਤਾ ਆਪੇ ਸਭ ਤੋਂ ਵਡਾ ਹੋਇਆ। ਯਾ ਵਡਾ ਹੋਣ ਕਰਕੇ ਦਾਤੇ ਦੀ ਬਖਸ਼ਿਸ਼ ਵਡੀ (ਅਮਿਤ) ਹੋਈ। ਇਕ ਹੋਰ ਕਾਰਣ ਵਡੇ ਹੋਣ ਦਾ ਇਹ ਦੱਸਦੇ ਹਨ ਕਿ ਉਸ ਦਾਤੇ ਨੂੰ ਦੇਣ ਤਾਂ ਆਉਂਦਾ ਹੈ, ਪਰ ਓਹ ਲੈਣ ਦੀ ਲਾਲਸਾ ਤਿਲ ਜਿੰਨੀ ਵੀ ਨਹੀਂ ਰਖਦਾ। ਇਹ ਨਿਰ-ਇੱਛਤਾ ਉਸ ਦੀ ਸੁਤੇ ਹੈ ਕਿਉਂਕਿ ਉਹ ਕਾਮਨਾ ਰਹਿਤ ਬੀ ਸੁਤੇ ਸਿੱਧ ਹੈ। ਐਉਂ ਕਿ ਉਹ ਸੁਹਣਾ ਕਰਤਾ ਪੁਰਖ ਸਦਾ ਸਤਜ ਹੈ, ਚੇਤਨਤਾ ਹੈ ਤੇ ਓਹ ਪ੍ਰਿਜ ਸਰੂਪ ਹੈ, ਅਰਥਾਤ ਆਪ 'ਪ੍ਰੇਮ' ਹੈ:-

ਆਪੇ ਪ੍ਰੀਤ ਪ੍ਰੇਮ ਪਰਮੇਸੁਰੁ......॥ (ਪ੍ਰਭਾਤੀ ਮ: ੧-੧੧)

'ਪ੍ਰੇਮ' ਦਾ ਸੁਤੇ ਸੁਭਾਵ ਹੈ 'ਦੇਣ'। ਪ੍ਰੇਮ ਸਰੂਪ ਹੋਣ ਕਰਕੇ ਪਰਮਾਤਮਾ ਸਦਾ 'ਦੇਣ' ਵਿਚ ਹੈ; ਦਾਨੇ ਇਸ ਪ੍ਰਕਾਰ ਬੀ ਕਹਿੰਦੇ ਹਨ ਕਿ ਆਤਮਾ ਦਾ ਸੁਭਾਵ ਯਾ ਇਕ ਲੱਛਣ ਹੈ 'ਦੇਣ', ਮਾਇਆ ਦਾ ਸੁਭਾਵ ਹੈ 'ਲੈਣ'। ਪਰਮ ਆਤਮਾ ਅਪਣੇ 'ਦੇਣ' ਸੁਭਾਵ ਵਿਚ ਮਾਨੋ ਅਪਣੀ ਅੰਸ਼ 'ਦਾਨ' ਕਰਦਾ ਹੈ, ਜਿਸ ਨੂੰ ਕਬੀਰ ਜੀ ਨੇ ਕਿਹਾ ਹੈ:-

ਕਹੁ ਕਬੀਰ ਇਹੁ ਰਾਮ ਕੀ ਅੰਸੁ॥ (ਗੋਂਡ ਕਬੀਰ ਜੀ-੫)

ਹੁਣ ਦੇਖੋ ਇਸ ਇਨਸਾਨ ਵਿਚ ਪਰਮ ਆਤਮ ਅੰਸ਼ ਬੀ ਹੈ ਤੇ ਮਾਯਾ ਬੀ ਹੈ ਸੋ ਇਨਸਾਨ ਦੇ ਸੁਭਾਵ ਵਿਚ ਦੇਣ ਤੇ ਲੈਣ ਦੁਇ ਲੱਛਣ ਹੈਨ। ਜੋ ਜੋ ਜੀਵ ਪਰਮ ਆਤਮਾ ਦੇ ਨੇੜੇ ਹੁੰਦੇ ਜਾਂਦੇ ਹਨ ਉਹਨਾਂ ਵਿਚ 'ਦੇਣ' ਦਾ ਲੱਛਣ ਵਧਦਾ ਜਾਂਦਾ ਹੈ; ਜੋ ਜੋ ਵਧੀਕ ਦੂਰ ਹੁੰਦੇ ਜਾਂਦੇ ਹਨ ਉਹਨਾਂ ਵਿਚ 'ਲੈਣ' ਦਾ ਲੱਛਣ ਵਧਦਾ ਜਾਂਦਾ ਹੈ। ਪਰਮਾਤਮਾ ਸ਼ੁਧ ਹੈ, ਪੂਰਨ ਹੈ, ਉਸ ਵਿਚ ਲੈਣ ਦੀ ਸੰਭਾਵਨਾ ਮੂਲੋਂ ਨਹੀਂ ਹੈ। ਇਸ ਕਰਕੇ ਸਤਿਗੁਰ ਜੀ ਨੇ ਫੁਰਮਾਜਾ ਹੈ:-'ਤਿਲੁ ਨ ਤਮਾਇ॥'

'ਤਿਲੁ ਨ ਤਮਾਇ' ਆਖਕੇ ਗੁਰੂ ਜੀ ਕੁਛ ਯਾਚਕਾਂ ਦੀ ਗੇਣਤੀ ਦੱਸਦੇ ਹਨ। ਪਰ ਇਸ ਗੇਣਤੀ ਵਿਚ ਇਕ ਧੁਨਜਾਤਮਕ ਅਰਥ ਭਾਵ ਰਖਦੇ ਹਨ। ਜੋ ਇਸ ਪ੍ਰਕਾਰ ਦਾ ਹੈ ਕਿ ਤੁਸੀਂ ਪ੍ਰਤੱਖ ਦੇਖ ਲਓ ਕਿ 'ਤਿਲੁ ਨ ਤਮਾਇ' ਵਾਲਾ ਦਾਤਾ ਦੇ ਰਿਹਾ ਹੈ, ਦੀਨ ਦੁਨੀ ਦੇ ਜੋਧੇ ਤੇ ਨਾਨਾਂ ਭਾਂਤ ਦੇ ਹੋਰ ਯਾਚਕ ਲੈ ਰਹੇ ਹਨ, ਉਹ ਦੇ ਰਿਹਾ ਹੈ ਪਰ ਕਿਸੇ ਤੋਂ ਕਿਸੇ ਗਲ ਦਾ ਲੋੜਕੂ ਨਹੀਂ।

ਫਿਰ ਦੇਖੋ ਕਈ ਲੈ ਕੇ ਵਿਕਾਰਾਂ ਵਿਚ ਲਗ ਪੈਂਦੇ ਹਨ ਤੇ:-

ਭੋਗੀ ਕਉ ਦੁਖੁ ਰੋਗ ਵਿਆਪੈ॥ (ਬਸੰਤੁ ਮ: ੧ ਅਸਟ:-੪)

ਭੋਗਹੁ ਰੋਗ ਸੁ ਅੰਤਿ ਵਿਗੋਵੈ॥ (ਮਾਰੂ ਮ: ੧, ਸੋਲਹੇ-੧੪)

ਦੇ ਅਸੂਲ ਮੂਜਬ ਖਪ ਖਪ ਕੇ ਭੋਗਾਂ ਨਾਲ ਹੀ ਥੱਕ ਕੇ ਤਬਾਹ ਹੋ ਜਾਂਦੇ ਹਨ, ਪਰ ਦਾਤਾ ਦਾਤ ਨਹੀਂ ਹਟਾਉਂਦਾ। ਸੋ ਪਤਾ ਲੱਗਾ ਕਿ ਉਨ੍ਹਾਂ ਦੇ ਨਾਸ਼ੁਕਰੇ ਤੇ ਦੂਰ ਹੋ ਜਾਣ ਤੇ ਓਹ ਰਿੰਜ ਨਹੀਂ। ਇਸੀ ਤਰ੍ਹਾਂ ਮੂਰਖ ਲੈਂਦੇ ਤੇ ਦਾਤਾਰ ਨੂੰ ਦਾਤਾ ਸਮਝਦੇ ਹੀ ਨਹੀਂ। ਕਈ ਦਾਤਾ ਤੋਂ ਹੀ ਮੁਨਕਿਰ ਹਨ। ਪਰ ਦੇਖੋ ਕਿਸੇ ਦੀ ਬੀ ਰੋਜ਼ੀ ਬੰਦ ਨਾ ਕਰਨਾ ਉਸ ਦੀ ਬੇਪਰਵਾਹੀ ਤੇ ਨਿਰਇੱਛਤਾ

ਦੀ ਦਲੀਲ ਹੈ[੧]।

ਏਥੇ ਕੁ ਪਹੁੰਚਕੇ ਇਕ ਘਟਨਾ ਦੇਖਕੇ ਕਿ ਜਗਤ ਵਿਚ ਲੋਕ ਦੁਖੀ ਹਨ, ਭੁੱਖੇ ਹਨ, ਦਰਦ ਰਵਾਣੇ ਹਨ, ਇਕ ਪ੍ਰਸ਼ਨ ਉਪਜਦਾ ਹੈ ਕਿ ਕੀ ਇਹ ਕਰਤਾ ਪੁਰਖ ਦੀ ਰਿੰਜਗੀ ਨਹੀਂ? ਕੀ ਇਹ ਇਸ ਗੱਲ ਦੀ ਦਲੀਲ ਨਹੀਂ ਕਿ ਕਰਤਾ ਉਹਨਾਂ ਤੋਂ ਕੋਈ ਆਸ ਰਖਦਾ ਸੀ ਜੋ ਉਨ੍ਹਾਂ ਨੇ ਪੂਰੀ ਨਹੀਂ ਕੀਤੀ ਤਾਂ ਦੰਡੇ ਗਏ ਹਨ? ਇਸ ਦਾ ਉੱਤਰ ਦੇਂਦੇ ਹਨ: ਕਿ ਨਹੀਂ, ਇਹ ਉਸ ਦੀ ਮਿਹਰਬਾਨੀ ਹੈ, ਉਹ ਬੀ ਦਾਤ ਹੈ ਜੋ ਉਸ ਨੇ ਬਖ਼ਸ਼ੀ ਹੈ। ਗੁਰੂ ਨਾਨਕ ਦੇਵ ਜੀ ਨੇ ਵਾਰ ਆਸਾ ਵਿਚ ਫੁਰਮਾਇਆ ਹੈ:-

ਦੁਖੁ ਦਾਰੂ ਸੁਖੁ ਰੋਗੁ ਭਇਆ.....॥ (ਆਸਾ:ਮ:੧-੧੨)

ਇਹ ਦਾਤ ਹੈ ਕਿ ਦੁੱਖ ਭੁੱਖ ਨੇ ਕਦੇ ਉਨ੍ਹਾਂ ਨੂੰ ਭਲੇ ਪਾਸੇ ਵਲ ਪ੍ਰੇਰ ਲੈਣਾ ਹੈ। ਇਹ 'ਸੁਧਾਰ' ਰੂਪੀ ਦਾਤ ਹੈ। ਕਰਤਾ ਪੁਰਖ ਦੇ ਅਪਣੇ ਮਨ ਵਿਚ ਉਹਨਾਂ ਨਾਲ ਕੋਈ ਰੰਜ ਯਾ ਉਹਨਾਂ ਤੋਂ ਕੋਈ ਰਖੀ ਹੋਈ ਆਸ ਦੇ ਟੁੱਟਣ ਦਾ ਦੰਡ ਦੇਣ ਦਾ ਫੁਰਨਾ ਨਹੀਂ ਹੈ।

'ਦਾਤਾਂ', 'ਦਾਤਾ' ਤੇ 'ਯਾਚਕਾਂ' ਦਾ ਇਉਂ ਕੁਛ ਹਾਲ ਕਹਿਕੇ ਅਗੋਂ ਹੁਣ ਸਭ ਤੋਂ ਉੱਚੀ ਦਾਤ 'ਮੁਕਤੀ' ਦਾ ਕੁਛ ਵਰਣਨ ਕਰਦੇ ਹਨ:-'ਬੰਦਿ ਖਲਾਸੀ ਭਾਣੈ ਹੋਇ' ਬੰਦਿ ਦਾ ਅਰਥ ਹੈ ਬੰਦੀ, ਬੰਦਸ਼, ਰੋਕਾਂ, ਕੈਦ। ਹਉਮੈ ਦੀ ਰੋਕ, ਜਨਮ ਮਰਨ ਦੀ ਕੈਦ, ਮੋਹ ਮਾਯਾ ਦੀ ਬੰਦਸ਼, ਪੂਰਨ 'ਆਤਮ-ਸੁਤੰਤ੍ਰਤਾ' ਤੋਂ ਰੋਕ।

'ਖਲਾਸੀ' ਦਾ ਅਰਥ ਹੈ ਛੁਟਕਾਰਾ, ਮੁਕਤੀ। 'ਭਾਣਾ' ਦਾ ਅਰਥ ਹੈ-ਜੋ ਭਾ ਜਾਏ। ਜੋ ਗੱਲ ਕਰਤਾ ਪੁਰਖ ਨੂੰ ਭਾ ਰਹੀ ਹੈ, ਚੰਗੀ ਲਗ ਰਹੀ ਹੈ, ਉਹ ਹੈ ਭਾਣਾ। ਸੋ ਆਪ ਮੁਕਤੀ ਰੂਪੀ ਦਾਤ ਦੇ ਲਈ ਫੁਰਮਾਉਂਦੇ ਹਨ:'ਬੰਦਿ ਖਲਾਸੀ ਭਾਣੈ ਹੋਇ'। ਹਾਂ, ਇਹ ਹੁਕਮ ਰਜਾਈ ਚੱਲਣਾ ਹੈ। ਕੋਈ ਨਹੀਂ ਦੱਸ ਸਕਦਾ ਕਿ ਕਿਸੇ ਹੋਰ ਤਰ੍ਹਾਂ ਬੀ ਇਹ ਦਾਤ ਪ੍ਰਾਪਤ ਹੋ ਸਕਦੀ ਹੈ। ਜੇ ਕੋਈ ਆਖੇ ਕਿ ਹੋਰ ਤ੍ਰੀਕਾ ਬੀ ਹੈ ਤਾਂ ਤਜਰਬਾ ਉਸ ਨੂੰ ਮੂੰਹ ਦੀਆਂ ਖਾ ਖਾ ਕੇ ਮੂੰਹ ਪਰਨੇ ਡੇਗੇਗਾ ਤੇ ਪਛੁਤਾ ਪਛੁਤਾ ਕੇ ਉਸ ਨੂੰ ਸਮਝ ਆਏਗੀ ਕਿ ਮੈਂ ਮੂਰਖ ਸਾਂ। ਕਿਉਂਕਿ ਹੋਰ ਤ੍ਰੀਕਿਆਂ ਵਿਚ ਜੀਵ ਦਾਤਾਂ ਤਾਂ ਲੈਂਦਾ ਤੇ ਭੋਗਦਾ ਰਹਿੰਦਾ ਹੈ, ਪਰ ਉਸ ਦੀ ਚਿਤ ਬ੍ਰਿਤੀ ਦਾਤਾਂ ਨਾਲ ਹੀ ਲੱਗੀ ਰਹਿੰਦੀ ਹੈ। ਦੇਣਹਾਰ ਦਾਤਾਰ ਨਾਲ ਚਿਤ ਬ੍ਰਿਤੀ ਪਕੜ ਨਹੀਂ ਖਾਂਦੀ:-

ਦਾਤਿ ਪਿਆਰੀ ਵਿਸਰਿਆ ਦਾਤਾਰਾ॥ (ਧਨਾ: ਮ: ੫-੨੨)

ਜਦੋਂ ਚਿਤ-ਬ੍ਰਿਤੀ ਦਾਤਾਂ ਦੇ ਪਿਆਰ ਤੋਂ ਉਠਕੇ 'ਦਾਤਾ' ਦੇ ਵਿਚ ਚਲੀ ਜਾਂਦੀ ਹੈ ਤਾਂ ਦਾਤਾ ਦਾ ਭਾਣਾ ਚੰਗਾ ਲਗਦਾ ਹੈ। ਸਾਡੇ ਅਗੇ ਤੇ ਦਾਤਾ ਦੀ ਪ੍ਰਾਪਤੀ ਦੇ ਵਿਚਕਾਰੇ ਕੂੜੇ ਦੀ ਪਾਲ ਹੈ- ਹਉਮੈਂ ਦੀ ਰੋਕ-ਜੋ ਦਾਤਾਂ ਵਿਚ ਫਸਾਈ ਰਖਦੀ ਰਹੀ ਹੈ। ਜਦੋਂ ਦਾਤਾਂ ਤੋਂ ਉੱਠੀ, ਅਪਣੇ ਭਾਣੇ ਤੋਂ ਉੱਠੀ। ਜਦੋਂ ਦਾਤਾ ਦੇ ਭਾਣੇ ਤੇ ਗਈ ਤਾਂ ਭਾਣਾ ਮਿੱਠਾ ਲੱਗਾ, ਤਦ ਕੂੜੇ ਦੀ ਪਾਲ ਗਈ-

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ (ਜਪੁਜੀ)

ਫੁਰਮਾਨ ਹੈ: **ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ॥**
ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ॥ (ਮਾਰੂ ਮ: ੩ ਸੋਲਹੇ-੨੦)

ਕਈ ਵਿਰਲੇ ਹੈਨ ਜੋ ਇਹ ਗੱਲ ਆਖਦੇ ਹੈਨ ਕਿ ਕਰਤਾ ਪੁਰਖ ਆਪ ਸਭ ਕੁਛ ਜਾਣਦਾ ਹੈ ਤੇ ਆਪੇ ਹੀ ਦੇਂਦਾ ਹੈ। ਇਹ ਆਖਣਾ ਭਾਣੇ ਪਰ ਚੱਲਣੇ ਦਾ ਯਤਨ ਹੈ। ਆਖਣ ਵਾਲੇ ਦੀ ਨਜ਼ਰ ਦਾਤ ਤੋਂ ਉਠਕੇ ਦਾਤੇ ਵੱਲ ਗਈ ਹੈ ਤੇ ਉਚਾਰ ਹੋਇਆ ਹੈ, 'ਆਪੇ ਦੇਇ'। ਸੋ ਬੰਦਿ ਤੋਂ ਖਲਾਸੀ ਬੀ ਦਾਤ ਹੈ, ਭਾਣੇ ਨਾਲ ਇਹ ਦਾਤ ਪ੍ਰਾਪਤ ਹੁੰਦੀ ਹੈ। ਹਾਂ, ਉਹ ਆਪੇ ਦੇਂਦਾ ਹੈ, ਪਰ ਭਾਣੇ

[੧]ਜੈਸਾ ਕਿ ਪਿਛੇ (ਪੜੀ: ੩ ਵਿਚ) ਕਹਿ ਆਏ ਹਨ:- ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥ ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥

www.sikhbookclub.com

ਤੇ ਸਾਂਗੋਪਾਂਗ ਅੱਪੜਨ ਲਈ ਉਹ ਇਕ ਹੋਰ ਦਾਤ ਦੇਂਦਾ ਹੈ, ਉਹ ਹੈ 'ਸਿਫਤਿ ਸਾਲਾਹ' ਉਹ ਬੰਦੇ ਨੂੰ ਭਗਤ ਬਣਾ ਦੇਂਦੀ ਹੈ ਯਥਾ-

ਸਿਫਤਿ ਸਲਾਹਣੁ ਭਗਤਿ ਵਿਰਲੇ ਦਿਤੀਅਨੁ॥ (ਰਾਮ: ਵਾਰ ਮ: ੫-੪)

ਇਸ ਨਾਲ ਭਗਤ ਦੀ ਸਚੇ ਦਰਬਾਰ ਵਿਚ ਗੰਢ ਬੱਝ ਜਾਂਦੀ ਹੈ:-

ਸਿਫਤੀ ਗੰਢੁ ਪਵੈ ਦਰਬਾਰਿ॥ (ਮਾਝ ਵਾਰ ਮ: ੧-੧੨)

ਜਿਸ ਨੂੰ 'ਸਿਫਤਿ ਸਾਲਾਹ' ਬਖਸ਼ੀਸ਼ ਕਰਦਾ ਹੈ, ਉਹ ਕੋਈ ਨਿਕਾਰਾ, ਨਿਕੰਮਾ, ਉਦਾਸੀ ਵਿਚ ਢੱਠਾ ਇਨਸਾਨ ਨਹੀਂ ਬਣ ਜਾਂਦਾ, ਉਹ ਕੋਈ ਲਾਲਚੀ ਭਾਟ ਨਹੀਂ ਹੁੰਦਾ, ਉਹ ਤਾਂ ਪਾਤਸ਼ਾਹਾਂ ਦਾ ਪਾਤਸ਼ਾਹ ਹੋ ਜਾਂਦਾ ਹੈ; ਜਿਸ ਨੂੰ ਸੋਝੀ ਹੋ ਆਈ ਹੈ ਕਿ ਕਰਤਾ ਪੁਰਖ ਜਾਣੀ ਜਾਣ ਹੈ, ਆਪ ਹੀ ਬੰਦਿ ਤੋਂ ਖਲਾਸੀ ਬਖ਼ਸ਼ੇਗਾ। ਉਹ ਕਰਤਾ ਪੁਰਖ ਦੀ ਸਿਫਤਿ ਸਲਾਹ ਉਸਤੇ ਬਖਸ਼ਿਸ਼ ਹੋਵੇਗੀ, ਓਹ ਪਾਤਸ਼ਾਹਾਂ ਦਾ ਪਾਤਸ਼ਾਹ ਹੋ ਜਾਏਗਾ। ਪਾਤਸ਼ਾਹ ਦਾ ਵਿਸ਼ੇਸ਼ ਗੁਣ 'ਦਾਤਾ' ਹੋਣ ਦਾ ਹੁੰਦਾ ਹੈ। ਸੋ ਓਹ ਯਾਚਕ ਦੀ ਥਾਂ ਆਪ ਦਾਤਾ ਹੋ ਜਾਏਗਾ। ਉਸ ਨੇ ਸਿਫ਼ਤ ਦੁਆਰਾ ਗੁਰੂ ਕਰਤਾ ਪੁਰਖ ਨੂੰ ਪਾ ਲਿਆ ਤੇ ਪਛਾਣ ਲਿਆ ਹੈ।

ਸਿਫਤਿ ਸਹਜ ਘਰਿ ਗੁਰੁ ਕਰਤਾਰੁ[1]॥ (ਆਸਾ ਮ: ੧ ਅਸਟ: ੫)

ਸੋ, **ਜਿਨਿ ਜਨਿ ਅਪਨਾ ਪ੍ਰਭੂ ਪਛਾਤਾ॥ ਸੋ ਜਨੁ ਸਰਬ ਥੋਕ ਕਾ ਦਾਤਾ॥** (ਸੁਖਮਨੀ ੧੭-੮)

ਉਹ ਦਾਤਾ ਹੁਣ ਜਗਤ ਦਾ ਦੁਖ ਕਟਣਹਾਰ ਹੈ:

'ਓਇ ਦਾਤੇ ਦੁਖ ਕਾਟਨਹਾਰ॥ ਜਾਕੈ ਸੰਗਿ ਤਰੈ ਸੰਸਾਰ॥ (ਸੁਖਮਨੀ ੧੬-੮)

ਇਸ ਪਉੜੀ ਵਿਚ 'ਸਿਫਤਿ ਸਾਲਾਹ' ਕਹੀ ਹੈ, ਇਹ ਨਾਮ ਦਾ ਹੀ ਇਕ ਰੂਪ ਹੈ। ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝਣਾ ਇਹ ''ਨਾਮ ਪ੍ਰਯਤਨ'' ਹੈ। ਉਸ ਨੂੰ ਹਾਜ਼ਰਾ ਹਜ਼ੂਰ ਸਮਝਕੇ ਉਸ ਦੇ ਗੁਣਾਨੁਵਾਦ ਕਰਨੇ, ਕੀਰਤੀ ਵਿਚ ਰਹਿਣਾ, ਇਹ 'ਸਿਫਤ ਸਲਾਹੀ ਪ੍ਰਯਤਨ' ਹੈ। ਪਿਛਲੀ ਪਉੜੀ ਵਿਚ ਜੋ 'ਊਚੇ ਉਪਰਿ ਊਚਾ ਨਾਉ' ਫੁਰਮਾਇਆ ਸੀ, ਇਸ ਪਉੜੀ ਵਿਚ 'ਸਿਫਤਿ ਸਾਲਾਹ' ਨੂੰ ਉਸ ਨਾਲ ਜੋੜਿਆ ਹੈ। ਨਾਮ ਸਿਮਰਨ ਤੇ ਸਿਫਤ ਸਲਾਹ ਕਰਨਾ ਦੁਇ ਜੀਵ ਦੇ ਕਰਤੱਵ੍ਯ ਹਨ।

ਨਿਰੁਕ੍ਤ- ਕਰਮੁ(ਅ਼ਰਬੀ, ਕਰਮ) ਬਖਸ਼ਿਸ਼, ਮੇਹਰ, ਕ੍ਰਿਪਾਲਤਾ। ਏਥੇ ਕਰਮ ਦਾ ਅਰਥ ਸੰਸਕ੍ਰਿਤ, ਕਰ੍ਮ=ਕ੍ਰਿਯਾ, ਕੰਮ, ਕਰਨਾ ਅਪ੍ਰਸੰਗਕ ਹੈ। ਪਿਛਲੀ ਪਉੜੀ ਤੋਂ ਪ੍ਰਸੰਗ ਕਰਮ 'ਮੇਹਰ' ਦਾ ਚਲ ਰਿਹਾ ਹੈ।

ਤਮਾਇ- (ਅ਼:, ਤ਼ਮਅ਼-ਲੋਭ) ਲੈਣ ਦੀ ਇੱਛਾ। ਇੱਛਾ। ਅਸਲ ਵਿਚ ਪਦ 'ਨ ਤਮਾਇ' ਦਾ ਉਹੀ ਭਾਵ ਹੈ ਜੋ ਸੰਸਕ੍ਰਿਤ ਵਿਚ ਪਦ 'ਨਿਖ਼੍ਪ੍ਰੇਹ' (ਨਿਸ਼ਪ੍ਰੇਹ) ਦਾ ਹੈ=ਸੰਪੂਰਨ ਤੌਰ ਤੇ ਇਛਾ ਰਹਿਤ।

ਜੋਧ- (ਸੰਸ:, ਯੋਧਾ) ਜੁੱਧ ਕਰਨ ਵਾਲਾ। ਸੂਰਮਾ। ਬਹਾਦਰ।

ਅਪਾਰ- (ਸੰਸ:, ਅਪਾਰ) ਜਿਸ ਦਾ ਪਾਰ ਨਹੀਂ। ਅਣਗਿਣਤ। ਕੇਤੇ+ਅਪਾਰ=ਬਹੁਤੇ, ਅਣਗਿਣਤ। ਅਪਾਰ ਤੇ ਕੇਤੇ ਪ੍ਰਯਾਯ ਵਾਚੀ ਹਨ, ਇਸ ਕਰਕੇ ਐਉਂ ਬੀ ਅਰਥ ਲਾ ਲੈਂਦੇ ਹਨ, (ੳ) ਅਪਰਮਿਤ (ਬਲ ਵਾਲੇ) ਜੋਧੇ। (ਅ) ਅਪਾਰ ਪਦਾਰਥ ਮੰਗਦੇ ਹਨ। (ੲ) ਅਪਾਰ ਪੁਰਖ ਜੁਧ ਮੰਗਦੇ ਹਨ। (ਸ) 'ਜੋਧ' ਦਾ ਅਰਥ ਤਪ ਲਾਕੇ, ਤਪੀ। ਐਉਂ ਕਰਦੇ ਹਨ: ਕਿਤਨੇ ਤਪੀ ਲੋਕ (ਤਪ ਦਾ ਫਲ) ਮੰਗਦੇ ਹਨ।

ਵੀਚਾਰੁ- (ਸੰਸ:, ਵਿਚਾਰ) ਸੋਚ। ਵਿਚਾਰ।

---

[1] ਸਿਫਤ ਸਲਾਹ ਦੁਆਰਾ ਉਸਨੇ ਸਹਜ ਘਰ ਵਿਚ ਗੁਰੂ ਕਰਤਾਰ ਨੂੰ ਪਛਾਣ ਲਿਆ ਹੈ।

www.sikhbookclub.com

(ਅ) ਕਈ ਜਿਨ੍ਹਾਂ ਦੀ ਗਿਣਤੀ ਨਹੀਂ 'ਵੀਚਾਰ' ਮੰਗਦੇ ਹਨ।

ਵੇਕਾਰ-(ਸੰਸ:, ਵਿਕਾਰ=ਖੋਟੇ ਕਰਮ। ਪਾਪ ਕਰਮ।) ਵਿਸ਼ੇ ਭੋਗਾਂ ਵਿਚ। (ਅ) 'ਵਿਕਾਰੀ' ਬੀ ਅਰਥ ਲਾ ਲੈਂਦੇ ਹਨ।

ਮੁਕਰ-(ਅ਼:, ਮੁਨਕਿਰ=ਇਨਕਾਰ ਕਰਨ ਵਾਲਾ) ਮੁਨਕਿਰ ਤੋਂ ਪੰਜਾਬੀ ਕ੍ਰਿਯਾ-ਮੁੱਕਰਨਾ ਤੇ ਮੁੱਕਰ ਪੈਣਾ ਬਣੀ ਹੈ। ਭਾਵ ਹੈ ਵਾਹਿਗੁਰੂ ਦੀ ਹੋਂਦ ਤੋਂ ਇਨਕਾਰ। ਚਾਰ ਵਾਕੀਆਂ ਆਦਿ ਵੱਲ ਇਸ਼ਾਰਾ ਸਹੀ ਹੁੰਦਾ ਹੈ।

ਮੂਰਖ-(ਸੰਸ:, ਮੂਰ੍ਖ) ਬੇਵਕੂਫ। ਅਜਾਣ। ਸਾਈਂ ਰਸਤੇ ਵਲੋਂ ਬੇਪਰਵਾਹ ਤੇ ਐਸ਼ਾਂ ਵਿਚ ਰੱਤੇ ਹੋਏ।

ਬੰਦਿ-(ਫ਼ਾ:, ਬੰਦ=ਰੋਕ) ਕੈਦ। ਹਉਂ ਦੀ ਰੋਕ। ਜਨਮ ਮਰਨ ਦੀ ਫਾਹੀ। ਮੋਹ ਮਾਯਾ ਦੀ ਕੈਦ। ਆਤਮ ਸੁਤੰਤਰਤਾ ਦੀ ਰੋਕ। ਪੰਜਾਬੀ ਵਿਚ 'ਬੰਦ' ਪਦ ਪੁਲਿੰਗ ਤੇ ਇਸਤ੍ਰੀ ਲਿੰਗ ਦੁਇ ਤਰ੍ਹਾਂ ਵਰਤੀਂਦਾ ਹੈ; ਪਾਣੀ ਦਾ ਬੰਦ ਟੁਟ ਗਿਆ, ਬਾਗ਼ ਵਿਚ ਆਵਾਜਾਈ ਦੀ ਬੰਦ ਖੁਲ੍ਹ ਗਈ ਹੈ। ਪੁਰਾਤਨ ਜਨਮਸਾਖੀ ਵਿਚ ਲਿਖਿਆ ਹੈ, 'ਤਬ ਬਾਬਾ ਅਤੇ ਮਰਦਾਨਾ ਬੰਦਿ ਵਿਚ ਆਏ ਸੈਦ ਪੁਰ ਕੀ'। ਇਸ ਕਰਕੇ ਸੰਪ੍ਰਦਾਈ 'ਬੰਦ ਅਤੇ ਖਲਾਸੀ' ਅਰਥ ਬੀ ਲਾ ਲੈਂਦੇ ਹਨ।

ਭਾਣੈ-ਭਾਣੇ ਦੁਆਰਾ। ਵਾਹਿਗੁਰੂ ਦੀ ਰਜ਼ਾ ਨਾਲ। (ਅ) ਭਾਣੈ ਦਾ ਅਰਥ-ਈਸ਼੍ਵਰ ਦੇ ਭਾਨ=ਅਨੁਭਵ ਹੋਣ ਤੋਂ ਬੀ ਕਰਦੇ ਹਨ। ਪਰ ਵਿਸ਼ਯ ਈਸ਼੍ਵਰ ਦੀ ਦਾਤ ਦਾ ਚਲ ਰਿਹਾ ਹੈ, ਜੋ ਉਸ ਦੀ ਰਜ਼ਾ ਨਾਲ ਹੁੰਦੀ ਹੈ।

ਖਾਇਕੁ-(ਸੰਸ:, ਖਾਦੁਕ=ਸ਼ਰਾਰਤੀ) ਮੂਰਖ। ਹੁੱਜਤੀ। ਜੇ ਇਹ ਪਦ ਸੰਸ: ਪਦ 'ਆਖਯ਼ਾਯਕ' ਤੋਂ ਬਣਿਆ ਹੋਵੇ ਤਾਂ ਅਰਥ 'ਗੱਪੀ' ਹੋਵੇਗਾ। (ਅ) ਐਉਂ ਬੀ ਲਾਉਂਦੇ ਹਨ 'ਜੇ ਕੋ ਖਾਇ ਕੁ ਆਖਣਿ ਪਾਇ॥' ਜੇ ਕੋਈ ਖਾਕੇ ਕੁਵਾਕ ਆਖੇ। ਪਰ ਗੁਰਬਾਣੀ ਵਿਚ 'ਖਾਇਕ' ਪਦ ਹੋਰਥੇ ਬੀ ਆਇਆ ਹੈ:-

ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ॥ (ਵਾਰ ਸਿਰੀ: ਮ: ੧-੨)

ਸਿ ਭਿ-ਸੇ ਭੀ ਦਾ ਸੰਖੇਪ ਰੂਪ ਹੈ। ਸੇ ਭੀ=ਓਹ ਭੀ।

(ਪਉੜੀ ੨੬)

ਪ੍ਰਾਕ੍ਕਥਨ- ਪਾਤਸ਼ਾਹ ਜਗਤ ਦੇ ਹਿਸਾਬ ਕੀਮਤੀ ਹਸਤੀ ਹੈ ਅਰ ਜਗਤ ਵਿਚ ਸਭ ਜੀਆਂ ਤੋਂ ਵਧੀਕ ਉਸ ਦੀ ਕੀਮਤ ਤੇ ਕਦਰ ਪੈਂਦੀ ਹੈ, ਅਤੇ ਪਾਤਸ਼ਾਹਾਂ ਦਾ ਪਾਤਸ਼ਾਹ ਤਾਂ ਪਾਤਸ਼ਾਹਾਂ ਤੋਂ ਬੀ ਉਪਰ ਹੋਇਆ, ਪਰ ਅਕਾਲ ਪੁਰਖ ਸਭ ਕੀਮਤਾਂ ਕੂਤਾਂ ਤੋਂ ਬੀ ਉਪਰ ਹੈ, ਇਸ ਲਈ ਉਸਨੂੰ ਅਗਲੀ ਪਉੜੀ ਵਿਚ 'ਅਮੁਲੋ ਅਮੁਲੁ' ਆਖਿਆ ਹੈ। ਤੀਸਰੇ ਸਾਹਿਬਾਂ ਦਾ ਫੁਰਮਾਣ ਹੈ:-

ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥
ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥ (ਅਨੰਦੁ-੩੦)

ਫੇਰ ਫੁਰਮਾਯਾ-**ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ॥**

(ਅਨੰਦੁ-੩੦)

'ਅਮੁਲ' ਦਾ ਅਰਥ 'ਮੁੱਲ ਰਹਿਤ' ਨਹੀਂ, ਨਾ ਨਿਰਾ 'ਬੇਸ਼ ਕੀਮਤ' ਅਰਥ ਹੈ, ਪਰ 'ਮੁੱਲ ਥੀਂ ਉੱਪਰ'। ਜੋ ਆਮ ਮੁੱਲ ਵਾਲੀਆਂ ਪਦਵੀਆਂ ਥੀਂ ਉਪਰ ਹੈ, ਉਸ ਦੇ ਗੁਣ ਬੀ ਮੁੱਲ ਥੀਂ ਉਪਰ ਹੈਨ, ਕਿਉਂਕਿ ਉਸ ਦੇ ਗੁਣ ਧਾਰਨ ਕੀਤੇ ਹੋਏ ਨਹੀਂ, ਸਗੋਂ ਉਸ ਦਾ ਸਰੂਪ ਹਨ, ਯਥਾ:-

ਮੋਲਿ ਨ ਪਾਈਐ ਗੁਣਹ ਅਮੋਲ॥ (ਸੁਖਮਨੀ ੨੩-੩)

www.sikhbookclub.com

ਸਾਰੇ ਗੁਣ ਉਸ ਥੀਂ ਚੱਲਦੇ ਹਨ। ਯਥਾ:- **ਸਭਿ ਗੁਣ ਤੇਰੇ ਮੈ ਨਾਹੀ ਕੋਇ॥** (ਜਪੁਜੀ)

ਪਿਛਲੀ ਪਉੜੀ ਦੇ ਅੰਤ ਵਿਚ ਫੁਰਮਾਯਾ ਸੀ ਕਿ ਜਿਸ ਨੂੰ ਆਪਣੇ ਗੁਣਾਨੁਵਾਦ (ਸਿਫਤ ਸਲਾਹ) ਦੀ ਦਾਤ ਬਖਸ਼ਦਾ ਹੈ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ; ਅਰਥਾਤ ਗੁਣਾਂ ਦੇ ਮਾਲਕ ਵਾਂਙੂ ਆਪ ਅਮੁੱਲ ਹੈ, ਜੈਸੇ ਫੁਰਮਾਯਾ ਹੈ: - **ਜੈਸਾ ਸੇਵੈ ਤੈਸੋ ਹੋਇ॥** (ਗਉੜੀ ਮ: ੧-੭)

ਪੁਨਾ: **ਜਿਨਿ ਜਾਤਾ ਸੋ ਤਿਸਹੀ ਜੇਹਾ॥** (ਦਖ: ਓਅੰ:-੧੦)

ਤਥਾ: **ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥**[1] (ਆਸਾ ਮ: ੫-੧੦੮)

ਕਿਉਂਕਿ ਓਹ 'ਗੁਣ ਕਹਿ ਗੁਣੀ ਸਮਾਵਣਿਆ' (ਮਾਝ ਮ: ੩ ਅਸਟ:੧) ਹੋ ਜਾਂਦੇ ਹਨ;

ਇਸ ਅਮੁੱਲ ਦਾਤ ਦਾ ਲੈਣ ਦੇਣ ਬੀ ਅਮੁੱਲ ਹੈ। ਇਹ ਸਾਰ ਸਿਧਾਂਤ ਇਸ ਪਉੜੀ ਵਿਚ ਹੈ।

ਮੂਲ	ਅਰਥ
ਅਮੁਲ ਗੁਣ ਅਮੁਲ ਵਾਪਾਰ॥ ਅਮੁਲ ਵਾਪਾਰੀਏ ਅਮੁਲ ਭੰਡਾਰ॥	(ਓਹ ਪਾਤਸ਼ਾਹ ਜ਼ੋਰ ਜ਼ਰ ਦੇ ਪਾਤਸ਼ਾਹ ਨਹੀਂ ਹੋ ਜਾਂਦੇ, ਓਹ ਵਪਾਰੀ ਹੋ ਜਾਂਦੇ ਹਨ। ਓਹ ਵਪਾਰੀ ਮਾਲ ਮਿਲਖ ਦੇ ਨਹੀਂ, ਪਰ ਗੁਣਾਂ ਦੇ ਵਪਾਰੀ ਹੋ ਜਾਂਦੇ ਹਨ। ਓਹ ਮਾਯਕ ਗੁਣਾਂ ਤੇ ਸੰਸਾਰਿਕ ਖ਼ੂਬੀਆਂ ਦੇ ਵਪਾਰੀ ਨਹੀਂ ਹੋ ਜਾਂਦੇ ਪਰ ਓਹ) ਅਮੁਲ (ਪਦ ਦੇ) ਗੁਣਾਂ ਦੇ (ਵਪਾਰੀ ਹੋ ਜਾਂਦੇ ਹਨ ਜਿੱਥੇ '**ਮਨੁ ਤਨੁ ਸਾਚਿ ਵਿਗਸਿਆ ਕੀਮਤਿ ਕਹਣੁ ਨ ਜਾਇ॥**' (ਸਿਰੀ: ਮ:੧ ਅਸਟ:- ੯) ਵਾਲੀ ਅਮੁੱਲਤਾ ਹੈ, ਓਹ ਫੇਰ ਇਨ੍ਹਾਂ) ਅਮੁਲ (ਗੁਣਾਂ ਦਾ) ਵਪਾਰ ਕਰਦੇ ਹਨ। ਅਮੁਲ ਦੇ ਭੰਡਾਰ (ਉਨ੍ਹਾਂ ਪਾਸ ਭਰੇ ਰਹਿੰਦੇ ਹਨ, ਉਨ੍ਹਾਂ ਦੇ ਓਹ ਫੇਰ) ਅਮੁਲ ਵਪਾਰੀ (ਸਦੀਂਦੇ ਹਨ)।
ਅਮੁਲ ਆਵਹਿ ਅਮੁਲ ਲੈ ਜਾਹਿ॥	(ਫੇਰ ਮਾਨ ਦਾਅਵੇ ਦਾ ਤਿਆਗ ਕਰਕੇ ਮੈਂ ਮੇਰੀ ਤੋਂ ਸੱਖਣੇ ਹੋਏ) ਮੁੱਲ ਰਹਿਤ[2] (ਵਣਜਾਰੇ ਉਨ੍ਹਾਂ ਪਾਸ ਵਣਜ ਲਈ) ਆਉਂਦੇ ਹਨ (ਤੇ) ਅਮੁਲ (ਪਦ ਦਾ ਵੱਖਰ-ਸੌਦਾ-ਖ਼ਰੀਦ ਕੇ) ਲੈ ਜਾਂਦੇ ਹਨ[3]।
ਅਮੁਲ ਭਾਇ ਅਮੁਲਾ ਸਮਾਹਿ॥	(ਇਉਂ ਉਹੋ) ਅਮੁਲ ਭਾਵਾਂ ਵਾਲੇ (ਹੋ ਕੇ) ਅਮੁਲਾ (ਅਮੁਲ ਵਾਲੇ ਸ਼ਾਹ ਭਾਵ ਪਰਮਾਤਮਾ) ਵਿਚ ਸਮਾ ਜਾਂਦੇ ਹਨ[4]।
ਅਮੁਲੁ ਧਰਮੁ ਅਮੁਲੁ ਦੀਬਾਣੁ॥ ਅਮੁਲੁ ਤੁਲੁ ਅਮੁਲੁ ਪਰਵਾਣੁ॥	(ਅਮੁਲ ਦਾ ਮਾਰਗ ਧਰਮਰਾਜ ਦੇ ਮਾਰਗ ਤੋਂ ਵੱਖਰਾ ਹੈ, ਇਸ ਤੇ ਟੁਰਨ ਵਾਲਿਆਂ ਦਾ ਲੇਖਾ ਧਰਮਰਾਜ ਨਹੀਂ ਕਰਦਾ ਸੋ ਅਮੁਲ ਲੋਕ ਦਾ) ਅਮੁਲ ਧਰਮ ਰਾਜ (ਜਿਸ ਦਾ) ਦੀਵਾਨ (ਹੀ) ਅਮੁਲ ਦਾ ਹੈ (ਆਪ ਉਨ੍ਹਾਂ ਨੂੰ ਤੋਲਦਾ, ਪਰਖਦਾ ਹੈ, ਭਾਵ ਇਹ ਕਿ ਧਰਮਰਾਜ ਉਨ੍ਹਾਂ ਨੂੰ ਕਰਮਾਂ ਤੋਂ ਨਹੀਂ ਤੋਲਦਾ, ਸਗੋਂ) ਅਮੁਲ ਦੀ ਤਕੜੀ ਤੇ ਅਮੁਲ ਦੇ ਵੱਟੇ ਨਾਲ

[1] ਜਿਨ੍ਹਾਂ ਨ ਵਿਸਰੈ ਨਾਮੁ ਸੇ ਕਿਨੇਹਿਆ॥ ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ (ਆਸਾ ਮ: ੫-੧੦੮)

[2] ਇਥੇ ਅਰਥ 'ਮੁਲ ਰਹਿਤ' ਫਬਦਾ ਹੈ ਕਿ ਓਹ ਆਪ ਨੂੰ ਨਿੰਮ੍ਰਤਾ ਵਿਚ ਤੇ ਹਉਂ ਨਿਵਾਰੀ ਹਾਲਤ ਵਿਚ ਮੁੱਲ ਰਹਿਤ ਸਮਝਕੇ ਦਾਤ ਲੈਣ ਆਉਂਦੇ ਹਨ।

[3] ਮਾਨੋਂ ਆਪਣੀ ਹਉਂ ਰਹਤਤਾ ਯਾ ਨਿੰਮ੍ਰਤਾ ਇਕ ਮੁਲ ਹੈ, ਜਿਸ ਦੇ ਬਦਲੇ ਅਮੁੱਲ ਪਦਵੀ ਪ੍ਰਾਪਤ ਕਰ ਲਿਜਾਂਦੇ ਹਨ।

[4] ਅਮੁਲ (ਪ੍ਰਭੂ) ਨੂੰ ਪਯਾਰ ਕਰਦੇ ਉਸ ਅਮੁਲ ਵਿਚ ਸਮਾ ਜਾਂਦੇ ਹਨ, (ਐਉਂ ਓਹ) ਅਮੁਲ (ਗੁਣਾਂ ਨੂੰ ਲੈ ਜਾਕੇ ਉਨ੍ਹਾਂ ਨੂੰ) ਪਿਆਰ ਕਰਦੇ, ਅਮੁਲਾ (=ਪਰਮਾਤਮਾ) ਵਿਚ ਸਮਾ ਜਾਂਦੇ ਹਨ।

 www.sikhbookclub.com

	(ਉਨ੍ਹਾਂ ਦੀ ਪਰਖ ਹੁੰਦੀ ਹੈ[1])।
ਅਮੁਲੁ ਬਖਸੀਸ ਅਮੁਲੁ ਨੀਸਾਣੁ॥ ਅਮੁਲੁ ਕਰਮੁ ਅਮੁਲੁ ਫੁਰਮਾਣੁ॥ ਅਮੁਲੋ ਅਮੁਲੁ ਆਖਿਆ ਨ ਜਾਇ॥ ਆਖਿ ਆਖਿ ਰਹੇ ਲਿਵਲਾਇ॥	(ਗਲ ਕੀਹ ਇਨ੍ਹਾਂ ਵਿਚ) ਅਮੁੱਲਤਾ (ਦਾ) ਨਿਸ਼ਾਨ (ਹੀ ਦੇਖ ਲਿਆ ਜਾਂਦਾ ਹੈ) ਤੇ ਅਮੁੱਲ ਦੀ ਹੀ ਬਖਸ਼ਿਸ਼ (ਹੋ ਜਾਂਦੀ ਹੈ)। (ਫਿਰ ਇਨ੍ਹਾਂ ਅਮੁਲ ਬਖਸ਼ਿਸ਼ ਵਿਚ ਪਹੁੰਚੇ ਹੋਇਆਂ ਦੀ) ਬਖਸ਼ਿਸ਼ (ਬੀ) ਅਮੁਲ ਹੋ ਜਾਂਦੀ ਹੈ (ਤੇ ਇਨ੍ਹਾਂ ਦਾ) ਹੁਕਮ (ਬੀ) ਅਮੁਲ ਹੋ ਜਾਂਦਾ ਹੈ। (ਅਥਵਾ-ਇਸ ਅਮੁਲ ਦੀਵਾਨ ਦੀ ਬਖਸ਼ਿਸ਼ ਬੀ ਅਮੁਲ ਹੈ ਤੇ ਇਸਦਾ ਹੁਕਮ ਬੀ ਅਮੁਲ ਹੈ)। (ਇਸ ਅਮੁਲ ਦੇਸ ਦਾ ਸ਼ਹਿਨਸ਼ਾਹ) ਅਮੁਲ ਹੀ ਅਮੁਲ (ਸਦਾਉਂਦਾ ਹੈ ਪਰ ਉਸ ਦਾ ਸੰਪੂਰਨ) ਵਰਣਨ (ਕਿਸੇ ਤੋਂ) ਨਹੀਂ ਹੋ ਸਕਦਾ। (ਹਾਂ ਅਮੁਲ ਦੇ ਵਪਾਰੀ ਉਸ ਨੂੰ ਆਖਦੇ ਹਨ ਪਰ) ਆਖਦੇ ਆਖਦੇ (ਉਸ ਦਾ ਅੰਤ ਨਹੀਂ ਲੈਂਦੇ, ਹਾਂ ਆਖਦੇ ਉਸ ਵਿਚ) ਲਿਵਧਾਰੀ ਹੋ ਜਾਂਦੇ ਹਨ। ਯਥਾ- **ਕੀਮਤਿ ਪਾਇ ਨ ਕਹਿਆ ਜਾਇ॥** **ਕਹਣੈ ਵਾਲੇ ਤੇਰੇ ਰਹੇ ਸਮਾਇ॥** (ਆਸਾ ਮ: ੧) ਪੁਨਾ: **ਧਿਆਇ ਧਿਆਇ ਭਗਤਹ ਸੁਖੁ ਪਾਇਆ॥** **ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥** (ਸੁਖਮਨੀ ੧੬-੨)

ਵ੍ਯਾਖ੍ਯਾ-- ਪਹਾੜ ਵਿਚ ਪੱਥਰ ਦੇ ਗੀਟਿਆਂ ਦਾ ਕੋਈ ਮੁੱਲ ਨਹੀਂ ਪੈਂਦਾ, ਓਥੇ ਓਹ ਬੇਮੁੱਲੇ ਪ੍ਰਾਪਤ ਹਨ, ਸੋ ਇਕ ਅਰਥ ਅਮੁੱਲ ਦਾ ਹੋਇਆ--ਬੇਕੀਮਤ ਹੋਣਾ।

ਇਕ ਹੀਰਾ ਹੈ, ਉਸ ਦਾ ਸੋਨੇ ਚਾਂਦੀ ਹਰ ਸ਼ੈ ਤੋਂ ਵਧੀਕ ਮੁੱਲ ਪੈਂਦਾ ਹੈ, ਉਸ ਨੂੰ ਬੀ ਆਖਦੇ ਹਨ ਇਹ ਅਮੁੱਲ ਹੈ। ਅਰਥਾਤ ਬਹੁਤ ਬੇਸ਼-ਕੀਮਤ ਹੈ, ਸੋ ਅਮੁੱਲ ਦਾ ਦੂਜਾ ਅਰਥ ਹੈ-ਬਹੁਮੁੱਲਾ ਹੋਣਾ।

ਲਗ ਪਗ ਇਸ ਪਉੜੀ ਵਿਚ ਇਹ ਦੋਏ ਅਰਥ 'ਅਮੁਲ' ਪਦ ਦੇ ਨਹੀਂ ਹਨ। ਪਰ ਦੋਹਾਂ ਤੋਂ ਆਮ ਤੌਰ ਤੇ ਵੱਖਰਾ ਤੇ ਸੰਮਿਲਵਾਂ ਕੋਈ ਵਿਸ਼ੇਸ਼ ਭਾਵ ਹੈ।

ਆਮ ਤੌਰ ਤੇ ਹਰ ਸ਼ੈ ਦੀ ਕੀਮਤ ਮੁੱਲ ਲੈਣ ਵਾਲੇ ਦੀ ਲੋੜ ਤੋਂ ਪੈਂਦੀ ਹੈ। ਜੰਗਲ ਵਿਚ ਗੁਲਾਬ ਖਿੜਦਾ ਹੈ, ਮੁਸ਼ਕਦਾ ਹੈ, ਕਿਰ ਕਿਰ ਕੇ ਸੁੱਕ ਜਾਂਦਾ ਹੈ। ਇਉਂ ਕੋਈ ਕੀਮਤ ਨਾ ਪਈ। ਪਰ ਲੋੜ ਵਾਲੇ ਅਪਣੀ ਲੋੜ ਤੋਂ ਉਸ ਦਾ ਮੁੱਲ ਪਾਉਂਦੇ ਹਨ, ਜਿਵੇਂ ਉਹੋ ਗੁਲਾਬ ਮਾਲੀ ਲਾਉਂਦਾ ਹੈ, ਉਸ ਨੂੰ ਲੋੜ ਹੈ ਅੰਨ ਬਸਤ੍ਰ ਦੀ, ਉਹ ਅੱਤਾਰ ਪਾਸ ਵੇਚ ਦੇਂਦਾ ਹੈ, ਸੋ ਮਾਲੀ ਦੀ ਲੋੜ ਮੂਜਬ ਗੁਲਾਬ ਦਾ ਮੁੱਲ ਪੈ ਗਿਆ। ਅੱਤਾਰ ਉਸ ਦਾ ਅਤਰ ਕੱਢਦਾ ਹੈ ਤੇ ਫੇਰ ਵੇਚ ਲੈਂਦਾ ਹੈ। ਮੁੜ ਮੁੱਲ ਪੈ ਗਿਆ ਗੁਲਾਬ ਦਾ, ਇਹ ਮੁੱਲ ਬੀ ਖ਼ਰੀਦਾਰ ਤੇ ਵੇਚਣ ਵਾਲੇ ਦੀ ਲੋੜ ਤੇ ਇੱਛਾ ਤੋਂ ਪਿਆ।

ਇਕ ਦਿਨ ਇਕ ਆਦਮੀ ਜੰਗਲ ਦੀ ਸੈਰ ਕਰਦਾ ਖਿੜੇ ਤੇ ਮੁਸ਼ਕਾਂ ਮਾਰਦੇ ਗੁਲਾਬ ਨੂੰ ਦੇਖਦਾ ਹੈ, ਉਸਦੀ ਮਿੱਠੀ ਸੁਗੰਧਿ ਸਿਰ ਨੂੰ ਚੜ੍ਹਦੀ ਹੈ। ਉਸ ਤੇ ਵਿਸਮਯ ਭਾਵ ਛਾ ਜਾਂਦਾ ਹੈ। ਉਹ ਜਦ ਵਿਸਮਯ ਭਾਵ ਤੋਂ ਉਥਾਨ ਹੁੰਦਾ ਹੈ ਤਾਂ 'ਵਾਹ ਵਾਹ' ਕਹਿ ਉਠਦਾ ਹੈ। ਗੁਲਾਬ ਦਾ ਜੋ ਮੁੱਲ ਅਸਲੀ ਸੀ ਉਹ ਹੁਣ ਪੈ ਗਿਆ। ਨਾ ਪੈਸਿਆਂ ਰੁਪਿਆਂ ਵਿਚ, ਨਾ ਕਿਸੇ ਵਟਾਂਦਰੇ ਵਿਚ,

---

[1] ਭਾਵ ਉਨ੍ਹਾਂ ਦੀ ਨਿੰਮ੍ਰਤਾ ਤੇ ਹਉਂ ਰਹਿਤਤਾ ਕਰਕੇ ਉਨ੍ਹਾਂ ਵਿਚ ਅਮੁੱਲ ਗੁਣ ਦੇ ਪਰਵੇਸ਼ ਨਾਲ ਜੋ ਅਮੁੱਲ ਪਦ ਪ੍ਰਾਪਤ ਹੁੰਦਾ ਹੈ ਉਸ ਨੂੰ ਪਰਖੀਦਾ ਹੈ। ਓਹ ਕਰਮ ਧਰਮ ਅਨੁਸਾਰ ਨਹੀਂ ਤੋਲੇ ਜਾਂਦੇ, ਉਨ੍ਹਾਂ ਪਰ ਅਮੁੱਲਤਾ ਦਾ ਨਿਸ਼ਾਨ ਦੇਖਦੇ ਹੀ ਅਮੁੱਲ ਬਖਸ਼ਿਸ਼ ਹੋ ਜਾਂਦੀ ਹੈ।

 www.sikhbookclub.com

ਪਰ ਇਕ ਭਾਵ ਵਿਚ ਜਿਸ ਵਿਚ, ਕਿ ਸੁਗੰਧੀ ਤੇ ਸੁੰਦਰਤਾ ਉਸ ਨੂੰ ਵਿਸਮਯ ਲੀਨ ਕਰ ਗਈ। ਕੁਛ ਇਸ ਪ੍ਰਕਾਰ ਦਾ 'ਅਮੁਲ' ਦਾ ਅਰਥ ਹੈ ਇਸ ਪਉੜੀ ਵਿਚ। ਗੁਲਾਬ ਦੀ ਅਸਲੀਅਤ ਉਸਦੀ ਮਾਨੋ ਰੂਹ ਇਨਸਾਨ ਦੀ ਰੂਹ ਨੂੰ ਉਸਦੇ ਅਸਲੇ ਵਿਚ ਲੀਨਤਾ ਦਾ ਰੰਗ ਦੇ ਗਈ। ਇਸ ਦੀ ਕੀਮਤ ਕੁਛ ਪੈਸਿਆਂ ਰੁਪਿਆਂ ਵਿਚ ਨਹੀਂ ਪਾਈ ਜਾ ਸਕਦੀ। ਇਹ ਮੁੱਲ ਤਾਂ ਹੈ ਪਰ ਇਹ 'ਅਮੁੱਲ' ਮੁੱਲ ਹੈ।

ਜਨਮ ਸਾਖੀ ਵਿਚ ਕਥਾ ਹੈ ਕਿ ਮਰਦਾਨੇ ਨੂੰ ਇਕ ਵੇਰ ਇਕ ਸ਼ਹਿਰ ਵਿਚ ਗੁਰੂ ਜੀ ਨੇ ਇਕ ਲਾਲ ਵੇਚਣ ਲਈ ਦਿੱਤਾ। ਜਦ ਮਰਦਾਨਾ ਵੇਚਣ ਗਿਆ ਤਾਂ ਕਿਸੇ ਅਨਜਾਣ ਨੇ ਮੁੱਲ ਦੋ ਤ੍ਰੈ ਪੈਸੇ ਪਾਇਆ, ਕਿਸੇ ਹੋਰ ਨੇ ਕੁਛ ਹੋਰ ਵਧੇਰੇ ਮੁੱਲ ਪਾਇਆ, ਪਰ ਜਦ ਇਕ ਲਾਲਾਂ ਦੇ ਜੌਹਰੀ ਸਾਲਸ ਰਾਇ ਪਾਸ ਲੈ ਗਿਆ ਤਾਂ ਉਸ ਨੂੰ ਦੇਖਦੇ ਸਾਰ ਸੁੰਦਰਤਾ ਦੀ ਐਸੀ ਝਲਕ ਵੱਜੀ ਕਿ ਜੌਹਰੀ ਦੀ ਪਰਖ-ਸ਼ਕਤੀ ਖੜੋ ਗਈ ਤੇ ਉਸ ਉਤੇ ਵਿਸਮਾਦ ਦਾ ਭਾਵ ਛਾ ਗਿਆ। ਜਦ ਉਸ ਦੀ ਹੋਸ਼ ਪਰਤੀ ਤਾਂ ਉਸ ਨੇ ਮਰਦਾਨੇ ਵੱਲ ਤੱਕਿਆ, ਫੇਰ ਸੌ ਰੁਪਿਆ ਅੱਗੇ ਰੱਖਿਆ ਤੇ ਕਿਹਾ: ਭਾਈ, ਇਸ ਲਾਲ ਦੀ ਕੀਮਤ ਰੁਪੱਯਾਂ ਵਿਚ ਨਹੀਂ ਪੈ ਸਕਦੀ, ਇਹ ਅਮੁੱਲ ਹੈ। ਇਸ ਦੀ ਦਰਸ਼ਨ ਭੇਟ ਵਜੋਂ ਮੈਂ ੧੦੦) ਮੱਥਾ ਟੇਕਦਾ ਹਾਂ। ਮਰਦਾਨਾ ਜਦ ੧੦੦) ਲੈ ਕੇ ਗੁਰੂ ਜੀ ਪਾਸ ਗਿਆ ਤਾਂ ਗੁਰੂ ਜੀ ਨੇ ਇਹ ਦਰਸ਼ਨ ਭੇਟਾ ਲੈਣੋਂ ਨਾਂਹ ਕੀਤੀ। ਮਰਦਾਨਾ ਦੋ ਇਕ ਵਾਰ ਮੋੜ ਘੇੜ ਵਿਚ ਗਿਆ। ਇੰਨੇ ਵਿਚ ਜੌਹਰੀ ਗੁਰੂ ਚਰਨਾਂ ਵਿਚ ਆ ਹਾਜ਼ਰ ਹੋਇਆ ਤਾਂ ਉਸ ਨੇ ਕਿਹਾ: ਜੀਓ, ਇਹ ਲਾਲ ਇਤਨਾ ਬੇਸ਼ਕੀਮਤ ਹੈ ਕਿ ਕੀਮਤ ਕੂਤ ਦੀ ਹੱਦ ਤੋਂ ਪਰੇ ਹੋ ਗਿਆ ਹੈ। ਇਹ ਵਿਸਮਾਦ ਹੈ, ਵਿਸਮਾਦ ਦਾ ਦਾਤਾ ਹੈ। ਹਾਂ, ਇਹ ਤੁਹਾਡਾ ਲਾਲ ਵਿਸਮਾਦ ਹੈ, ਜੀਓ ਜੀ! ਵਿਸਮਾਦ ਹੈ! ਵਿਸਮਾਦ ਹੈ! ਤੁਸੀਂ ਆਪ ਵਿਸਮਾਦ ਹੋ, ਅਮੁੱਲ ਹੋ, ਅਮੁੱਲ ਹੋ, ਸਭ ਕੀਮਤਾਂ ਤੋਂ ਪਰੇ ਹੋ। ਇਹ ਜੋ ਜੌਹਰੀ ਨੂੰ ਦਰਸ਼ਨ ਮਾਤ੍ਰ ਤੋਂ ਵਿਸਮਾਦ ਹੋ ਗਿਆ, ਲਾਲ ਦੀ ਸੁੰਦਰਤਾ ਨੇ ਉਸ ਨੂੰ ਆਪਣੇ ਨਿਜ ਸਰੂਪ ਦੀ ਸੁੰਦਰਤਾ ਦੀ ਚੱਸ ਲਾ ਦਿਤੀ, ਇਹ ਮੁੱਲ ਹੈ ਜਿਸ ਦਾ ਮੁੱਲ ਪੈ ਨਹੀਂ ਸਕਦਾ, ਇਸ ਪ੍ਰਕਾਰ ਦਾ ਭਾਵ ਇਸ 'ਅਮੁੱਲ' ਵਾਲੀ ਪਉੜੀ ਦਾ ਹੈ।

ਪਾਣੀ ਨੂੰ ਨਿਰਮਲ ਕਰੀ ਚਲੋ, ਜਦ ਮੂਲੋਂ ਨਿਰਮਲ ਹੋ ਜਾਏਗਾ ਤਾਂ ਪੂਰਨ ਨਿਰਮਲ ਜਲ ਦੇ ਸਰੋਵਰ ਵਿਚ ਪਾਇਆਂ ਵਿਖਮਤਾ ਨਹੀਂ ਦਰਸਾਏਗਾ, ਤਦਰੂਪ ਹੋ ਜਾਏਗਾ। ਸੋ ਨਿਰਮਲ ਹੋਏ ਜਲ ਦਾ ਮੁੱਲ ਨਿਰਮਲ ਜਲ ਹੈ, ਇਹ ਅਮੁੱਲਤਾ ਹੈ।

ਇਸੀ ਤਰ੍ਹਾਂ ਜੀਵ ਤੱਤ ਜਦ ਨਾਮ, ਬਾਣੀ, ਸਿਫਤ ਸਲਾਹ, ਕੀਰਤਨ ਨਾਲ ਆਪਣੇ ਆਪ ਵਿਚ ਮੂਲੋਂ ਨਿਰਮਲ ਹੋ ਚਮਕੇਗਾ ਤਾਂ ਨਿਰੋਲ 'ਸੱਚ' ਹੋ ਜਾਏਗਾ ਤਾਂ ਉਸ ਦਾ ਮੁੱਲ ਪਵੇਗਾ 'ਸੱਚ', ਅਰਥਾਤ ਉਹੋ 'ਸਤਜ ਸਰੂਪ' ਪਰਮਾਤਮ ਦੇਵ ਉਸ ਨੂੰ ਆਪਣੇ ਵਿਚ ਤਦਰੂਪ ਕਰ ਲਏਗਾ। ਨਿਰੋਲ 'ਸੱਚ' ਹੋ ਗਏ ਦਾ ਮੁੱਲ 'ਸੱਚ' ਪੈ ਗਿਆ। 'ਸੱਚ ਦਾ ਮੁੱਲ ਸੱਚ'- ਜੋ ਸੱਚ ਸੱਚ ਵਿਚ ਲੀਨ ਹੋ ਗਿਆ। ਯਥਾ:- 'ਨਾਨਕ ਸਚੁ ਧਿਆਇਨਿ ਸਚੁ॥' (ਵਾਰ ਆਸਾ ਮ: ੧-੨) ਇਹ ਹੈ ਮੁੱਲ ਜੋ ਅਮੁੱਲ ਹੈ।

ਕਿਉਂਕਿ ਉਹ ਤ੍ਰੈਕਾਲ ਅਬਾਧ 'ਸੱਚ' (=ਪਰਮਾਤਮ ਦੇਵ) ਆਪ ਅਮੁੱਲ ਹੈ। ਯਥਾ:-

ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ॥ (ਅਨੰਦੁ-੩੦)

ਉਸ ਅਮੁੱਲ ਦੇ ਗੁਣ ਬੀ ਅਮੁੱਲ ਹਨ। ਯਥਾ:-

ਮੋਲਿ ਨ ਪਾਈਐ ਗੁਣਹ ਅਮੋਲ॥ (ਸੁਖਮਨੀ ੨੩-੩)

ਪੁਨਾ:- **ਮੋਲਿ ਅਮੋਲੁ ਨ ਪਾਈਐ ਵਣਜਿ ਨ ਲੀਜੈ ਹਾਟਿ॥** (ਮਾਰੂ ਵਾਰ ਮ: ੧-੧)

ਕੀਕੂ ਮਿਲਦਾ ਹੈ?- **ਗੁਣ ਤੇ ਗੁਣ ਮਿਲਿ ਪਾਈਐ ਜੇ ਸਤਿਗੁਰ ਮਾਹਿ ਸਮਾਇ॥** (ਮਾਰੂ ਵਾਰ ਮ: ੧-੧)

ਸੋ ਗੁਣ ਅਮੁੱਲ ਹੈਨ, ਇਸਦਾ ਵਪਾਰ ਆਪੇ ਅਮੁੱਲ ਹੋ ਗਿਆ। ਇਸਦੇ ਵਪਾਰੀ ਬੀ ਅਮੁੱਲ

ਹੋਏ ਤੇ ਗੁਣ ਭੰਡਾਰ ਬੀ ਅਮੁੱਲ ਹੀ ਹੋਏ।

ਹੁਣ ਇਸ ਅਮੁੱਲ ਦੇ ਖ਼ਰੀਦਾਰ ਹੋ ਕੇ ਜੋ ਆਉਂਦੇ ਹਨ, ਉਹ ਬੀ ਅਮੁੱਲ ਹੋ ਕੇ ਆਉਣ। ਉਹ ਅਮੁੱਲ ਕੀਕੂੰ ਹੋਣ? ਉੱਤਰ: ਸ਼ਰਧਾ, ਭਗਤੀ ਤੇ ਨਿੰਮ੍ਰਤਾ ਵਿਚ ਆਪੇ ਨੂੰ ਨਿਵਾਰ ਨਿਵਾਰ ਕੇ ਆਉਣ-ਮਾਨ ਅਭਿਮਾਨ ਦੀਆਂ ਆਪਣੀਆਂ ਕੀਮਤਾਂ ਛੱਡ ਕੇ ਆਉਣ। ਤਪ ਕਿ ਸੇਵਾ, ਭੇਟਾ ਕਿ ਪੂਜਾ, ਕਿਸੇ ਸ਼ੈ ਦੇ ਭਾਵ ਨੂੰ ਮੁੱਲ ਸਮਝਕੇ ਅਰਪਣ ਨਾ ਕਰਨ। ਨਾਮ, ਬਾਣੀ, ਭਜਨ, ਕੀਰਤਨ, ਸਭ ਇਕ ਝੋਲੀ ਅੱਡਣ ਵਾਂਙੂ 'ਅਮੁਲੋ ਅਮੁਲੁ' ਦੇ ਅੱਗੇ ਪੇਸ਼ ਕਰਣ। ਕਿਸੇ ਗੱਲ ਦਾ ਮਾਨ ਨਾ ਧਾਰਨ ਕਰਨ। ਇਹ ਅਮੁੱਲ ਆਉਣਾ ਹੈ।

ਪ੍ਰਸ਼ਨ ਹੁੰਦਾ ਹੈ ਕਿ ਉਹ ਅਮੁੱਲ ਆਏ ਲੈ ਕੀਹ ਜਾਂਦੇ ਹਨ? ਓਹ ਗੁਰੂ ਪਾਸੋਂ ਅਮੁੱਲ ਗੁਣ ਜੋ 'ਸਚ' ਹੈ ਲੈ ਜਾਂਦੇ ਹਨ:-

ਗੁਣ ਤੇ ਗੁਣ ਮਿਲਿ ਪਾਈਐ ਜੇ ਸਤਿਗੁਰ ਮਾਹਿ ਸਮਾਇ॥　(ਮਾਰੂ ਵਾਰ ਮ: ੧-੧)

ਸਤਿਗੁਰ ਤੋਂ ਸੱਚ ਪ੍ਰਾਪਤ ਹੋ ਗਿਆ, ਅਰਥਾਤ ਆਪਾ ਨਿਰਮਲ ਤੇ ਸ਼ੁੱਧ ਹੋ ਕੇ ਸਤਜ ਸਰੂਪ ਹੋ ਲਿਸ਼ਕਿਆ, ਤਦ 'ਅਮੁੱਲ' ਅਰਥਾਤ ਸਤਜ ਸਰੂਪ ਪਰਮਾਤਮ ਦੇਵ ਨੂੰ ਭਾ ਗਿਆ, ਤੇ ਉਸ ਅਮੁੱਲ ਸਾਂਈਂ ਨੇ ਅਮੁੱਲ ਆਏ ਨੂੰ ਆਪੇ ਵਿਚ ਸਮਾ ਲਿਆ। ਇਸੇ ਕਰਕੇ ਫੁਰਮਾਇਆ ਹੈ: '**ਅਮੁਲ ਭਾਇ ਅਮੁਲਾ ਸਮਾਹਿ॥**' ਇਹ ਅਮੁੱਲ ਕੀ ਹੋਇਆ? ਤਾਂ ਦੱਸਦੇ ਹਨ ਕਿ-

ਅਮੁਲੋ ਅਮੁਲੁ ਆਖਿਆ ਨ ਜਾਇ॥ ਅਰਥਾਤ ਇਹ ਅਮੁੱਲੋ ਅਮੁੱਲ ਹੀ ਹੈ, ਇਹ ਵਰਣਨ ਨਹੀਂ ਹੋ ਸਕਦਾ। ਇਸਦੀ ਦੁਕਾਨ ਅਮੁੱਲ ਹੈ, ਇਸ ਦੇ ਤੱਕੜੀ ਵੱਟੇ ਅਮੁੱਲ ਹਨ। ਨਹੀਂ, ਇਹ ਦੁਕਾਨ ਨਹੀਂ ਇਹ ਇਕ ਅਮੁੱਲ ਬਖਸ਼ਿਸ਼ ਦਾ ਦਰਬਾਰ ਹੈ, ਜਿਥੋਂ ਦਾ ਰਾਜਾ ਧਰਮ ਹੈ, ਉਸ ਦਾ ਦਰਬਾਰ ਬਖਸ਼ਿਸ਼ ਦਾ ਹੈ, ਉਥੋਂ ਦੀ ਬਖਸ਼ਿਸ਼ ਅਮੁੱਲ ਹੈ, ਤੇ ਉਸ ਬਖਸ਼ਿਸ਼ ਲਈ ਨਿਸ਼ਾਨ ਬੀ ਅਮੁੱਲ ਹੀ ਪੈਂਦਾ ਹੈ।

ਇਹ 'ਅਮੁੱਲ ਦਾ ਅਮੁੱਲ ਸਾਂਈਂ' ਆਪ ਅਕਥਨੀਯ ਹੈ, ਪਰ ਉਸ ਦਾ ਨਾਮ ਸਿਮਰਨ ਤੇ ਯਸ਼ ਕਥਨ ਹੀ ਮਾਰਗ ਹੈ, ਜਿਸ ਨਾਲ ਉਸ ਵਿਚ ਲਿਵ ਲਗਦੀ ਹੈ, ਕੂੜੇ ਦੀ ਪਾਲ ਟੁੱਟਦੀ ਹੈ ਤੇ 'ਸੱਚ' ਨਿਤਰਕੇ 'ਸੱਚ' ਵਿਚ ਪ੍ਰਾਪਤ ਹੁੰਦਾ ਹੈ।

'**ਆਖਿਆ ਨ ਜਾਇ**' ਕਹਿਕੇ ਫੇਰ ਫੁਰਮਾਉਂਦੇ ਹਨ '**ਆਖਿ ਆਖਿ ਰਹੇ ਲਿਵ ਲਾਇ**' ਮਾਨੋ ਉਸ ਦਾ ਵੇਰਵਾ ਖੋਲ੍ਹਦੇ ਹਨ, ਜਿਸ ਦਾ ਤ਼ਾਤਪਰਜ ਇਹ ਹੈ ਕਿ ਆਖਣ ਵਾਲੇ ਤਾਂ ਕਈ ਹਨ, ਪਰ ਉਹ ਸੰਪੂਰਨ ਰੂਪ ਤੇ ਨਹੀਂ ਆਖ ਸਕਦੇ, ਆਖ ਆਖ ਕੇ ਉਸ ਦੀ ਕੀਮਤ ਕੂਤ ਨਹੀਂ ਪਾ ਸਕਦੇ; ਯਥਾ:-

ਆਖਿ ਥਕੇ ਕੀਮਤਿ ਨਹੀ ਪਾਈ॥　(ਆਸਾ ਮ: ੧)

ਜੇ ਕੋਈ ਐਸਾ ਦਾਅਵਾ ਕਰੇ ਤਾਂ ਉਹ ਗਵਾਰ ਗਿਣਿਆ ਜਾਏਗਾ, ਕਿਉਂਕਿ ਉਹ ਸਾਂਈਂ ਅਮਿਤ ਹੈ, ਆਖਣ ਵਾਲੇ ਦੀ ਬੁੱਧੀ ਮਿਤ ਵਿਚ ਹੈ। ਯਥਾ:-

ਬਾਬਾ ਅਲਹੁ ਅਗਮ ਅਪਾਰੁ॥　(ਸਿਰੀ: ਮ: ੧ ਅਸਟ: ੧)

ਤਥਾ-　**ਆਖਣ ਵਾਲਾ ਕਿਆ ਵੇਚਾਰਾ॥ ਸਿਫਤੀ ਭਰੇ ਤੇਰੇ ਭੰਡਾਰਾ॥**　(ਆਸਾ ਮ: ੧)

ਸੋ ਜੋ ਆਖਣ ਵਾਲੇ ਹਨ ਅੰਤ ਨਹੀਂ ਪਾ ਸਕਦੇ, ਪਰ ਜੋ ਸ਼ਰਧਾ ਪ੍ਰੇਮ ਨਾਲ ਆਖਦੇ ਹਨ, ਭਾਵ ਪ੍ਰੇਮ ਵਿਚ ਸਿਫਤ ਸਲਾਹ ਕਰਦੇ ਹਨ, ਓਹ ਆਖਦੇ ਆਖਦੇ ਲਿਵਧਾਰੀ ਹੋ ਜਾਂਦੇ ਹਨ।

'ਅਮੁੱਲ ਗੁਣ.....ਤੋਂ.....ਲਿਵ ਲਾਇ' ਤੱਕ ਦੇ ਅਰਥ ਐਉਂ ਬੀ ਲਾਏ ਜਾਂਦੇ ਹਨ।

ਇਸ ਪਉੜੀ ਦੀ ਮੁੱਖ ਸਤਰ ੯ ਹੈ, ਜਿਸ ਵਿਚ ਦੱਸਿਆ ਹੈ (ਉਹ ਦਾਤਾ ਆਪ) ਅਮੁੱਲ ਹੀ ਅਮੁੱਲ ਹੈ, (ਸੋ ਉਸ ਅਮੁੱਲ ਦੇ) ਗੁਣ (ਬੀ) ਅਮੁੱਲ (ਹੈਨ, ਉਨ੍ਹਾਂ ਗੁਣਾਂ ਦੇ) ਵਾਪਾਰ ਬੀ ਅਮੁੱਲ ਹੀ ਹਨ। (ਜੋ ਲੋਕ ਉਨ੍ਹਾਂ ਗੁਣਾਂ ਦਾ ਵਪਾਰ ਕਰਦੇ ਹਨ ਭਾਵ ਪਰਮੇਸ਼ੁਰ ਦਾ ਗੁਣਾਨੁਵਾਦ, ਸਿਫਤ

ਸਲਾਹ, ਲਿਖ ਬੋਲ, ਪੜ੍ਹ ਗਾਉਂ, ਸਮਝ ਸਮਝਾ ਆਦਿ ਤ੍ਰੀਕਿਆਂ ਨਾਲ ਗੁਣ ਵੱਖਰ ਦਾ ਲੈਣ ਦੇਣ ਕਰਦੇ ਹਨ) ਓਹ ਵਪਾਰੀ ਬੀ ਅਮੁੱਲ ਹਨ, (ਜਿਸ ਵੱਖਰ, ਅਰਥਾਤ ਸਾਹਿਬ ਦੀ ਸਿਫਤ ਸਲਾਹ, ਦਾ ਓਹ ਵਪਾਰ ਕਰਦੇ ਹਨ ਉਸ ਦੇ) ਭੰਡਾਰ ਬੀ ਅਮੁੱਲ ਹੈਨ। (ਜੋ ਉਹਨਾਂ ਪਾਸੋਂ ਇਹ ਵੱਖਰ ਲੈਣ) ਆਉਂਦੇ ਹਨ ਤੇ ਲੈ ਜਾਂਦੇ ਹਨ ਓਹ ਬੀ ਅਮੁੱਲ (ਹੋ ਜਾਂਦੇ) ਹੈਨ। (ਉਹਨਾਂ ਨੇ ਇਸ ਵੱਖਰ ਨਾਲ ਸ਼ਰਧਾ ਭਾਵਨਾ ਆਦਿ) ਪਜਾਰ ਕੀਤੇ ਹਨ ਤੇ (ਇਨ੍ਹਾਂ ਗੁਣਾਂ ਦੀ ਅਪਣੇ ਵਿਚ) ਸਮਾਈ ਕੀਤੀ ਹੈ (ਸੋ) ਅਮੁੱਲ (ਹੋ ਗਏ) ਹਨ। (ਇਸ ਵਪਾਰ ਦੀ ਹੱਟੀ ਨਹੀਂ ਕਿਉਂਕਿ ਇਹ ਵਪਾਰ ਕਿਸੇ ਮੁੱਲ ਕੀਮਤ ਦੇ ਬਦਲੇ ਵੱਖਰ ਲੈਣ ਦੇਣ ਦੀ ਖ਼੍ਰੀਦ ਫ਼ਰੋਖ਼ਤ ਨਹੀਂ, ਇਸ ਦਾ ਤਾਂ) ਦਰਬਾਰ (=ਸਤਿਸੰਗ ਦਾ ਦੀਵਾਨ) ਹੁੰਦਾ ਹੈ ਤੇ ਅਮੁੱਲ (ਦੇਣ ਲੈਣ ਕਰਨਾ ਇਹ ਉਸ ਦੀਵਾਨ ਦਾ) ਧਰਮ (ਹੁੰਦਾ ਹੈ ਸੋ ਅਮੁੱਲ ਵਪਾਰ ਹੋਣ ਕਰਕੇ ਇਸ ਦਾ ਦੀਵਾਨ ਤੇ ਧਰਮ ਬੀ) ਅਮੁੱਲ ਹੈ। (ਓਥੇ ਤੁਲ=) ਤੱਕੜੀ (ਤੇ ਪ੍ਰਮਾਣ=) ਵੱਟੇ (ਬੀ ਓਹ ਹਨ ਜੋ) ਮੁੱਲ ਥੀਂ ਉੱਪਰ ਹੈਨ (ਕਿਉਂਕਿ ਅਮੁੱਲ ਵੱਖਰ ਦਾ ਤੋਲ ਮਾਪ ਮੁੱਲ ਵਾਲੇ ਤੱਕੜੀ ਵੱਟੇ ਕਰ ਹੀ ਨਹੀਂ ਸਕਦੇ)। (ਅਮੁੱਲ ਦਾ ਵਪਾਰ, ਅਸਲ ਵਿਚ ਵਪਾਰ ਨਹੀਂ ਕਿਉਂਕਿ ਵਪਾਰ ਵਿਚ ਤਾਂ ਮੁੱਲ ਮੁੱਖ ਵਸਤੂ ਹੈ, ਇਥੇ ਮੁੱਲ ਹੈ ਹੀ ਨਹੀਂ, ਸੋ ਇਸ ਨੂੰ ਤਾਂ ਬਖਸ਼ਿਸ਼ ਕਹਿਣਾ ਚਾਹੀਏ ਸੋ ਇਸ ਵਪਾਰ ਦੀ) ਬਖਸ਼ਿਸ਼ ਬੀ ਅਮੁੱਲ ਹੈ (ਤੇ ਇਸ ਬਖਸ਼ਿਸ਼ ਦਾ ਜੋ) ਨਿਸ਼ਾਨ (ਪੈਂਦਾ ਹੈ ਉਹ ਬੀ) ਅਮੁੱਲ ਹੁੰਦਾ ਹੈ, (ਬਖਸ਼ਿਸ਼ ਤਾਂ ਸ਼ੈ ਹੀ ਮੁੱਲ ਤੋਂ ਪਰੇ ਦੀ ਹੋਈ ਤੇ ਇਹ ਬਖਸ਼ਿਸ਼ ਹੀ ਨਿਸ਼ਾਨ ਪੈਂਦਾ ਹੈ ਸੋ ਨਿਸ਼ਾਨ ਆਪੇ ਅਮੁੱਲ ਹੋ ਗਿਆ)। (ਜਿਸ ਦੇ ਹੁਕਮ ਨਾਲ ਬਖਸ਼ਿਸ਼ ਹੁੰਦੀ ਹੈ ਉਹ ਆਪ ਅਮੁੱਲ ਹੈ ਸੋ ਉਸ ਦਾ) ਫੁਰਮਾਣ ਬੀ ਅਮੁੱਲ ਹੈ ਤੇ ਜੋ ਬਖਸ਼ਿਸ਼ ਹੁੰਦੀ ਹੈ ਉਹ ਬੀ ਅਮੁੱਲ ਹੋਈ। ੯. (ਉਹ ਦਾਤਾ ਸੱਚਾ ਸਾਹਿਬ ਆਪ) ਅਮੁੱਲ ਹੀ ਅਮੁੱਲ ਹੈ (ਸਭਨਾਂ ਕੀਮਤਾਂ ਕੂਤਾਂ ਤੋਂ ਉਪਰ ਹੈ) ਵਰਣਨ ਨਹੀਂ ਕੀਤਾ ਜਾ ਸਕਦਾ। (ਜਿਨ੍ਹਾਂ ਭਗਤਾਂ ਨੇ ਆਖਿਆ ਹੈ ਓਹ) ਆਖਦੇ ਆਖਦੇ (ਆਪ ਉਸ ਵਿਚ) ਲਿਵ ਧਾਰੀ ਹੋ ਗਏ ਹਨ।

ਨਿਰੁਕ੍ਤ– **ਅਮੁਲ**–(੧) ਮੁੱਲ ਤੋਂ ਰਹਿਤ, ਬੇਮੁੱਲੀ ਸ਼ੈ। (੨) ਬਹੁਮੁੱਲੀ ਸ਼ੈ ਜਿਸ ਦੀ ਕੀਮਤ ਆਮ ਕੀਮਤਾਂ ਤੋਂ ਵਡੀ ਹੋਵੇ। (੩) ਜੋ ਅਰਥ ਇਸ ਪਉੜੀ ਵਿਚ ਹੈ ਸੋ ਉਪਰ ਵਜਾਖਜਾ ਵਿਚ ਆ ਚੁਕਾ ਹੈ।

ਅਮੁਲੁ–ਜੋ ਮੁਲ ਤੋਂ ਉਪਰ ਹੈ, ਪਰਮਾਤਮ ਦੇਵ, ਵਾਹਿਗੁਰੂ।

ਅਮੁਲਾ ਸਮਾਹਿ–ਅਮੁਲ ਉਸ ਨੂੰ ਆਪਣੇ ਵਿਚ ਸਮਾ ਲੈਂਦਾ ਹੈ।

ਤੁਲੁ–ਤੱਕੜੀ। **ਪਰਵਾਣੁ**–ਵੱਟਾ।

ਕਰਮੁ–(ਅ਼ਰਬੀ,) ਬਖਸ਼ਿਸ਼।

ਅਮੁਲੋ ਅਮੁਲੁ–ਅਮੁੱਲ ਹੀ ਅਮੁੱਲ–ਭਾਵ ਪਰਮਾਤਮ ਦੇਵ ਜੋ ਅਮੁੱਲ ਹੀ ਅਮੁੱਲ ਹੈ।

(ਪਉੜੀ ੨੬-ਜਾਰੀ)

ਪ੍ਰਾਕ੍ਥਨ–ਇਥੋਂ ਤਾਈਂ ਗੁਰੂ ਜੀ ਨੇ ਆਪਣੇ 'ਅਮੁੱਲ ਆਦਰਸ਼' ਨੂੰ ਦਿਖਾਕੇ ਪਰਮਾਤਮ ਦੇਵ ਨੂੰ 'ਅਮੁਲੋ ਅਮੁਲੁ' ਦੱਸਿਆ ਤੇ ਅੰਤ ਵਿਚ ਉਸ ਨੂੰ 'ਆਖਿਆ ਨ ਜਾਇ' ਭਾਵ ਅਕੱਥ ਦੱਸਿਆ। ਇਸ ਪਰ ਪ੍ਰਸ਼ਨ ਹੁੰਦਾ ਹੈ ਕਿ ਅਮੁਲ ਮਾਰਗ ਦੇ ਭਗਤਾਂ ਦਾ ਤਾਂ ਆਸਰਾ ਹੀ ਗੁਣ ਕਥਨ ਤੇ ਨਾਮ ਉਚਾਰਣ ਹੈ, ਉਨ੍ਹਾਂ ਦਾ ਕਥਨ ਫਿਰ ਕੀਹ ਹੋਇਆ? ਇਸ ਦਾ ਉੱਤਰ ਅਗਲੀ ਤੁਕ ਵਿਚ ਦਿੱਤਾ ਹੈ'ਆਖਿ ਆਖਿ ਰਹੇ ਲਿਵਲਾਇ', ਅਰਥਾਤ 'ਅਮੁਲੋ ਅਮੁਲੁ' ਦੇ ਭਗਤ ਜਨ

ਲਿਵ ਲਾਉਣ ਵਾਸਤੇ ਆਖਦੇ ਹਨ, ਅੰਤ ਲੈਣ ਵਾਸਤੇ ਨਹੀਂ ਆਖਦੇ, ਯਥਾ:-

ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵਲਾਇ॥ (ਸਿਰੀ ਮ: ੧ ਅਸਟ:-੧)

ਜੋ ਕੀਮਤ ਕੂਤ ਲੈਣ ਵਾਸਤੇ ਆਖਦੇ ਹਨ ਓਹ ਕੀਮਤਿ ਕੂਤ ਨਹੀਂ ਪਾ ਸਕਦੇ। ਯਥਾ:

ਆਖਿ ਥਕੇ ਕੀਮਤਿ ਨਹੀ ਪਾਈ॥ (ਆਸਾ ਮ: ੧)

ਪੁਨਾ:- **ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ॥** (ਸਿਰੀ: ਮ: ੧ ਅਸਟ:-੧)

ਅਗਲੀਆਂ ਤੁਕਾਂ ਵਿਚ ਇਹ ਵਿਸ਼ਯ ਚਲਦਾ ਹੈ।

ਮੂਲ	ਅਰਥ
ਆਖਹਿ ਵੇਦ ਪਾਠ ਪੁਰਾਣ॥ ਆਖਹਿ ਪੜੇ ਕਰਹਿ ਵਖਿਆਣ॥ ਆਖਹਿ ਬਰਮੇ ਆਖਹਿ ਇੰਦ॥	ਆਖ ਰਹੇ ਹਨ ਵੇਦ ਪੁਰਾਣ (ਜੇ ਤੁਸੀਂ ਆਪ ਪੜ੍ਹਨਾ ਚਾਹੋ ਤਾਂ), (ਆਖ ਰਹੇ ਹਨ ਵੇਦਾਂ ਪੁਰਾਣਾਂ ਦੇ) ਪਾਠ ਕਰਨੇ ਹਾਰੇ (ਜੇ ਤੁਸੀਂ ਸੁਣਨਾ ਚਾਹੋ ਤਾਂ)। ਆਖ ਰਹੇ ਹਨ (ਪੜ੍ਹੇ=) ਵਿਦਵਾਨ ਲੋਕ (ਜੋ ਮੂਲ ਪਾਠਾਂ ਦੀ) ਵਜਾਖਜਾ ਕਰ ਰਹੇ ਹਨ, (ਜੇ ਤੁਸੀਂ ਅਰਥ ਭਾਵ ਸੁਣਨੇ ਚਾਹੋ ਤਾਂ)। ਆਖ ਰਹੇ ਹਨ (ਵੇਦ ਉਚਾਰਨ ਵਾਲੇ) ਬ੍ਰਹਮੇ, ਆਖ ਰਹੇ ਹਨ ਇੰਦ੍ਰ (ਆਦਿ ਦੇਵਤੇ ਜੋ ਮਾਨੁਖ ਸ਼੍ਰੇਣੀ ਤੋਂ ਉੱਚੇ ਹਨ)।
ਆਖਹਿ ਗੋਪੀ ਤੈ ਗੋਵਿੰਦ॥ ਆਖਹਿ ਈਸਰ ਆਖਹਿ ਸਿਧ॥ ਆਖਹਿ ਕੇਤੇ ਕੀਤੇ ਬੁਧ॥	ਆਖ ਰਹੇ ਹਨ ਕ੍ਰਿਸ਼ਨ (ਜੀ ਵਰਗੇ ਅਵਤਾਰ ਤੇ ਉਨ੍ਹਾਂ ਦੇ ਪ੍ਰੇਮੀ) ਗੋਪੀਆਂ (ਗੋਪ ਆਦਿਕ)। ਆਖਦੇ ਹਨ ਈਸ਼ਰ (ਭਾਵ ਸ਼ਿਵਜੀ ਤੇ) ਆਖਦੇ ਹਨ (ਉਨ੍ਹਾਂ ਦੇ ਅਨੁਯਾਈ ਨਾਥ ਤੇ) ਸਿਧ (ਆਦਿਕ)। ਆਖਦੇ ਹਨ ਕਈ (ਲੋਕ ਜੋ ਪਰਮਾਤਮਾ ਨੇ) ਬੁਧੀਮਾਨ (ਗਜਾਨਵਾਨ) ਰਚੇ ਹਨ।
ਆਖਹਿ ਦਾਨਵ ਆਖਹਿ ਦੇਵ॥ ਆਖਹਿ ਸੁਰਿ ਨਰ ਮੁਨਿ ਜਨ ਸੇਵ॥	ਆਖਦੇ ਹਨ ਦਾਨਵ (ਅਸੁਰ) ਆਖਦੇ ਹਨ ਦੇਵ। ਆਖਦੇ ਹਨ ਸੁਰਿ ਨਰ ਮੁਨਿ ਜਨ ਸੇਵ।
ਕੇਤੇ ਆਖਹਿ ਆਖਣਿ ਪਾਹਿ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ॥	ਆਖਦੇ ਹਨ (ਹੋਰ ਕਈ, ਤੇ) ਕਈ ਆਖਣ ਨੂੰ ਪੈਂਦੇ ਹਨ (ਭਾਵ ਜਤਨ ਕਰਦੇ ਹਨ)। ਕਈ ਕਹਿੰਦੇ ਕਹਿੰਦੇ ਉਠਦੇ ਤੁਰੇ ਚਲੇ ਜਾਂਦੇ ਹਨ (ਭਾਵ ਮਰਦੇ ਜਾਂਦੇ ਹਨ)।
ਏਤੇ ਕੀਤੇ ਹੋਰਿ ਕਰੇਹਿ॥ ਤਾ ਆਖਿ ਨ ਸਕਹਿ ਕੇਈ ਕੇਇ॥ ਜੇਵਡੁ ਭਾਵੈ ਤੇਵਡੁ ਹੋਇ॥ ਨਾਨਕ ਜਾਣੈ ਸਾਚਾ ਸੋਇ॥	ਜੇ (ਸਾਈਂ) ਇਤਨੇ (ਜਿਤਨੇ ਕਿ ਉਸਦੇ) ਕੀਤੇ (ਉਪਰ ਕਥੇ ਹਨ) ਹੋਰ ਰਚ ਦੇਵੇ (ਤੇ ਓਹ ਸਾਰੇ ਬੀ ਆਖਣ) ਤਾਂ (ਓਹ) ਕੋਈ ਬੀ ਨਹੀਂ ਕਹਿ ਸਕਣਗੇ ਕਿ (ਕੇਇ=) ਉਹ ਕੇਡਾ ਵੱਡਾ ਹੈ। (ਕਿਉਂਕਿ ਅਮੁਲ ਤੇ ਅਮਿਤ ਸਾਹਿਬ) ਜਿੰਨਾਂ ਵੱਡਾ ਚਾਹੇ ਉੱਨਾਂ ਵੱਡਾ ਹੋ ਸਕਦਾ ਹੈ। ਹੇ ਨਾਨਕ! (ਸੰਪੂਰਣ ਰੂਪ ਵਿਚ ਅਪਣੇ ਆਪ ਨੂੰ) ਉਹ ਸੱਚਾ (ਸਾਹਿਬ ਆਪ ਹੀ) ਜਾਣਦਾ ਹੈ।
ਜੇ ਕੋ ਆਖੈ ਬੋਲੁ ਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥	ਜੇ ਕੋਈ ਬੋਲ ਵਿਗਾੜੂ ਆਖੇ (ਕਿ ਮੈਂ ਸੰਪੂਰਨ ਰੂਪ ਵਿਚ ਕਹਿ ਸਕਦਾ ਹਾਂ) ਤਾਂ (ਉਸ ਨੂੰ) ਮੂਰਖਾਂ ਦੇ ਸਿਰ ਮੂਰਖ ਲਿਖਿਆ ਚਾਹੀਏ। (ਭਾਵ ਉਹ ਵੱਡਾ ਮੂਰਖ ਸਮਝਿਆ ਜਾਏਗਾ)॥੨੬॥

ਵਯਾਖਯਾ- ਪਉੜੀ ਦੇ ਇਸ ਹਿੱਸੇ ਵਿਚ ਦੇਵਤੇ, ਅੰਵਤਾਰ, ਸਿੱਧ, ਮਾਨੁਖ, ਧਰਮ ਗ੍ਰੰਥ, ਦਾਨਵ, ਮੁਨੀ ਆਦਿ ਓਹ ਸਾਰੇ ਗਿਣੇ ਹਨ ਜੋ ਪਰਮਾਤਮਾ ਨੂੰ ਕਿਸੇ ਨਾ ਕਿਸੇ ਤਰ੍ਹਾਂ ਪ੍ਰਤਿਪਾਦਨ ਕਰਦੇ ਹਨ ਤੇ ਕਾਦਰ ਤੇ ਕੁਦਰਤ ਦੇ ਵੇਰਵੇ ਦੱਸਦੇ ਹਨ, ਯਾ ਕਰਤੇ ਦੀਆਂ ਗੁਣ ਖ਼ੂਬੀਆਂ ਖੋਹਲਦੇ ਹਨ। ਇਨ੍ਹਾਂ ਦੀਆਂ ਕਥਨੀਆਂ ਨੂੰ ਗੁਰੂ ਜੀ ਏਥੇ ਮਾੜਾ ਨਹੀਂ ਕਹਿ ਰਹੇ, ਪਰ ਇਨ੍ਹਾਂ ਕਥਨੀਆਂ ਦੀ ਅਪੂਰਣਤਾ ਦਰਸਾ ਰਹੇ ਹਨ ਕਿ ਓਹ ਸੰਪੂਰਨ ਰੂਪ ਕਰਕੇ ਕਥਿਆ ਨਹੀਂ ਜਾ ਸਕਦਾ, ਉਹ ਅਤਿ ਵਡਾ ਅਰਥਾਤ ਅਮਿਤ ਹੈ, ਇਸ ਲਈ ਪੂਰਨ ਰੂਪ ਵਿਚ ਓਹੀ ਆਪ ਹੀ ਆਪਣੇ ਆਪ ਨੂੰ ਜਾਣਦਾ ਹੈ, ਹੋਰ ਕੋਈ ਨਹੀਂ, ਯਥਾ:-

ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥ (ਆਸਾ ਮ: ੧)

ਉਪਰਲੇ ਆਖਣ ਵਾਲੇ ਲਗ ਪਗ ਵੇਦ ਆਸ਼੍ਰਿਤ ਹਨ ਤੇ ਵੇਦ ਆਪ ਵਰਣਨ ਕਰਦਾ ਅਖ਼ੀਰ ਆਖਦਾ ਹੈ-ਨੇਤਿ ਨੇਤਿ। ਨ+ਇਤਿ ਅਰਥਾਤ ਅੰਤ ਨਹੀਂ ਹੈ। ਇਉਂ ਬੀ ਕਿਹਾ ਹੈ:'ਸਤਜੰ ਗਜਾਨ ਮਨੰਤੰ ਬ੍ਰਹ੍ਮ।' ਅਰਥਾਤ-ਸਤਜ਼ ਹੈ, ਗਜ਼ਾਨ ਹੈ, ਬ੍ਰਹਮ ਅਨੰਤ ਹੈ। ਪਉੜੀ ਦੇ ਸਿਧਾਂਤ ਦੀ ਬਾਤ ਪੰਜਵੇਂ ਸਤਿਗੁਰਾਂ ਨੇ ਫੁਰਮਾਈ ਹੈ: **ਧਿਆਇ ਧਿਆਇ ਭਗਤਹ ਸੁਖੁ ਪਾਇਆ॥**

ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥ (ਸੁਖਮਨੀ ੧੬-੨)

ਨਿਰੁਕ੍ਤ-**ਪਾਠ**-ਜੋ ਪੜ੍ਹਿਆ ਜਾਏ। (ਅ) ਪਾਠ ਕਰਨੇ ਵਾਲੇ। ਪਾਠੀ।

ਵੇਦ, ਪੁਰਾਣ-ਵੇਦ ਤੇ ਪੁਰਾਣ ਦੁਇ ਪਦ ਬਹੁ ਵਚਨ ਵਿਚ ਹਨ।

ਕਰਹਿ ਵਖਿਆਣ-ਵਜਾਖਜਾ ਕਰ ਰਹੇ ਹਨ। ਭਾਵ ਖੋਹਲਕੇ ਦੱਸ ਰਹੇ ਹਨ।

ਬਰਮੇ-(ਸੰਸ:, ਬ੍ਰਮ੍ਹਾ, ਦੁਨੀਆਂ ਰਚਣ ਵਾਲਾ ਦੇਵਤਾ) ਬ੍ਰਹਮਾ। 'ਬਰਮੇ' ਬਹੁ ਵਚਨ ਹੈ। ਭਾਵ ਹੈ ਕਲਪ ਕਲਪ ਦੇ ਬ੍ਰਹਮੇ ਯਾ ਬ੍ਰਹਮੰਡ ਬ੍ਰਹਮੰਡ ਦੇ ਬ੍ਰਹਮੇ। ਇਸੀ ਤਰ੍ਹਾਂ 'ਇੰਦ' ਆਦਿ ਪਦ ਬਹੁ ਵਚਨ ਵਿਚ ਹੈਨ।

ਗੋਪੀ-ਬ੍ਰਿਜ ਦੇ (ਗੁਆਲ ਤੇ) ਗੁਆਲਣਾਂ। ਕ੍ਰਿਸ਼ਨ ਜੀ ਦੀਆਂ ਗੋਪੀਆਂ। (ਅ) ਐਉਂ ਬੀ ਭਾਵ ਕਢਦੇ ਹਨ, ਗੋਵਿੰਦ ਗੋਪੀਆਂ (ਤੈ=) ਨੂੰ ਆਖਦੇ ਹਨ, ਅਰਥਾਤ ਕ੍ਰਿਸ਼ਨ ਜੀ ਗੋਪੀਆਂ ਨੂੰ ਉਪਦੇਸ਼ ਕਰਦੇ ਹਨ।

ਗੋਵਿੰਦ-ਕ੍ਰਿਸ਼ਨ ਜੀ। ਗੋਵਿੰਦ ਬੀ ਬਹੁ ਵਚਨ ਹੈ। ਕ੍ਰਿਸ਼ਨ ਜੀ ਦੇ ਅਵਤਾਰ ਕਈ ਹਨ।

ਈਸਰ-ਸ਼ਿਵਜੀ।

ਸਿਧ-ਸਿਧੀ ਨੂੰ ਪ੍ਰਾਪਤ ਹੋਏ ਮਹਾਨ ਲੋਕ। (ਅ) ਯੋਗ ਮਤ ਦੇ ਵਡਕੇ।

ਬੁਧ-ਬੁਧੀਮਾਨ ਲੋਕ। (ਅ) ਬੁਧ ਤੋਂ ਭਾਵ 'ਬੁਧ' ਜੀ ਬੀ ਹੋ ਸਕਦਾ ਹੈ। ਪਰ ਓਹ ਹਰੀ ਦੇ ਗੁਣ ਕਥਨ ਨਹੀਂ ਕਰਦੇ। ਨਿਰਵਾਨ ਅਵਸਥਾ ਪ੍ਰਤਿਪਾਦਨ ਕਰਦੇ ਹਨ।

ਦਾਨਵ-ਰਾਖਸ਼ਸ। ਪ੍ਰਹਲਾਦ ਆਦਿਕ। ਕਸ਼ਜਪ ਦੀ ਵੰਸ਼ ਜੋ 'ਦਨੁ' ਨਾਮੀ ਇਸਤ੍ਰੀ ਤੋਂ ਹੋਈ।

ਦੇਵ-ਦੇਵਤਾ। ਅਮਰ ਲੋਕ ਜੋ ਸੁਰਗ ਵਿਚ ਰਹਿੰਦੇ ਹਨ। ਭਾਵ ਸਾਰੇ ਦੇਵਤਿਆਂ ਤੋਂ ਹੈ।

ਸੁਰਿ ਨਰ-ਸੁਰ=ਦੇਵਤਾ। ਨਰ=ਮਾਨੁਖ। (ਅ) ਸੁਰਿ ਨਰ ਦਾ ਅਰਥ ਕਿੰਨਰ ਬੀ ਹੈ ਜੋ ਕੁਛ ਨਰ ਤੇ ਕੁਛ ਦੇਵਤਾ ਹੁੰਦਾ ਹੈ। (ੲ) ਸੁਰਿ ਦਾ ਅਰਥ ਵਿਦਵਾਨ ਬੀ ਹੈ। ਸੁਰਿ ਨਰ=ਵਿਦਵਾਨ ਪੁਰਖ।

ਮੁਨਿ-ਰਿਖੀ। ਮਨਨ ਸ਼ੀਲ ਪੁਰਖ। ਈਸ਼੍ਵਰ ਤੇ ਸਤਜ ਅਸਤਜ ਦਾ ਵੀਚਾਰ ਕਰਨ ਵਾਲਾ। ਅੰਗਰਾ, ਪੁਲਸਤ ਆਦਿ।

www.sikhbookclub.com

ਜਨ-ਦਾਸੁ, ਭਗਤ ਲੋਕ।

ਸੇਵ-ਸੇਵਕ। ਐਉਂ ਬੀ ਅਰਥ ਬਣਦਾ ਹੈ;ਸੇਵਜਨ=ਸੇਵਕ ਲੋਕ। ਭਾਵ ਭਗਤ। (ਅ) ਸੇਵ ਤੋਂ ਭਾਵ ਸ੍ਵੇਤਾਂਬਰੀ ਜੈਨੀ ਬੀ ਹੋ ਸਕਦਾ ਹੈ। ਸ੍ਵੇਵੜੇ ਤੋਂ ਸੇਵ ਰਹਿ ਗਿਆ ਹੋਵੇ। ਪਰ ਓਹ ਲੋਕ ਆਤਮਾ ਨੂੰ ਮੰਨਦੇ ਹਨ, ਪਰਮਾਤਮਾ ਨੂੰ ਨਹੀਂ ਮੰਨਦੇ। ਇਸ ਕਰਕੇ ਪਰਮਾਤਮਾ ਦੇ ਗੁਣ ਕਹਿੰਦੇ ਓਹ ਨਹੀਂ ਕਹੇ ਜਾ ਸਕਦੇ। ਪਰ ਜੋ ਗੁਣ ਅਪਣੇ ਸਿਧ ਹੋ ਗਏ 'ਜਿਨਾ' ਆਦਿਕਾਂ ਦੇ ਓਹ ਦੱਸਦੇ ਹਨ ਓਹ ਈਸ਼੍ਵਰ ਕੋਟੀ ਦੇ ਹੀ ਗੁਣ ਹੁੰਦੇ ਹਨ।

ਜੇਵਡੁ--ਜਿੰਨਾ ਵਡਾ। ਇਸ ਤੁਕ ਦਾ ਇਹ ਅਰਥ ਨਹੀਂ ਕਿ ਅਜ ਪਰਮਾਤਮਾ ੧ ਤੋਲਾ ਹੈ ਤੇ ਕੱਲ ਦੋ ਤੋਲੇ ਹੋ ਜਾਂਦਾ ਹੈ। ਭਾਵ ਇਹ ਹੈ ਕਿ ਉਸ ਦੀ ਵਡਿੱਤ ਛੁਟਿੱਤ ਮਿਣਤੀ ਗਿਣਤੀ ਦੀ ਸ਼ੈ ਨਹੀਂ। ਮਿਣਤੀ ਗਿਣਤੀ ਦੇਸ਼ ਕਾਲ ਵਸਤੂ ਦੀ ਹੈ। ਉਹ ਦੇਸ਼ ਕਾਲ ਵਸਤੂ ਤੋਂ ਪਰੇ ਹੈ। ਇਸ ਕਰਕੇ ਜਿਮ ਮਿਣਤੀ ਤਕ ਦੇਸ਼ ਕਾਲ ਵਾਲਾ ਪਹੁੰਚੇਗਾ ਉਹ ਕੀਹ ਦੇਖੇਗਾ ਕਿ ਪਰਮਾਤਮਾ ਉਸ ਤੋਂ ਹੋਰ ਵਡਾ ਹੈ, ਉਹ ਐਓਂ ਪ੍ਰਤੀਤ ਕਰੇਗਾ ਕਿ ਮਾਨੋਂ ਹੋਰ ਵਡਾ ਹੋ ਗਿਆ ਹੈ, ਅਪਣੀ ਬੁਧੀ ਦੀ ਹਦਬੰਦੀ ਦੀ ਥਾਂ ਉਹ ਉਸ ਦੀ ਵਡਿੱਤ ਨੂੰ ਵਧਦਾ ਜਾਂਦਾ ਤੱਕੇਗਾ, ਜਿਵੇਂ ਚਲਦੀ ਬੇੜੀ ਵਿਚ ਕਿਨਾਰੇ ਚਲਦੇ ਭਾਨ ਹੁੰਦੇ ਹਨ: ਉਹ ਅਪਰਮਿਤ ਦੇਸ਼ ਕਾਲ ਤੋਂ ਉਪਰ ਹਸਤੀ ਵਡੀ ਤੋਂ ਵਡੀ ਹੈ ਤੇ ਉਸ ਵਡੀ ਦੀ ਗਤਿ ਮਿਤ ਉਹੋ ਜਾਣਦਾ ਹੈ।

(ਅ) ਪਰ ਨਿਰੇ ਵੇਦਾਂਤ ਪੱਖ ਵਾਲੇ ਇਥੇ ਅਰਥ ਨੂੰ ਵਾਹਿਗੁਰੂ ਵਲੋਂ ਭੁਆਕੇ ਜਗਜਾਸੂ ਵਲ ਲਾ ਲੈਂਦੇ ਹਨ ਕਿ ਜਗਜਾਸੂ ਆਪਣੇ ਆਤਮ ਧਯਾਨ ਵਿਚ ਜਿੰਨਾ ਆਪ ਨੂੰ ਵਡਾ (ਅਰਥਾਤ ਪਰਮਾਤਮ ਸਰੂਪ) ਲਖੇਗਾ ਉਨਾਂ ਵਡਾ ਹੋ ਜਾਏਗਾ। ਉਹੀ ਫਿਰ ਆਪ ਨੂੰ ਸੱਚਾ ਸਾਹਿਬ ਜਾਣ ਲਏਗਾ, ਭਾਵ ਅਭੇਦ ਹੋ ਜਾਏਗਾ। ਪਰ ਇਹ ਅਰਥ ਭਾਵ ਪ੍ਰਸੰਗ ਨਾਲ ਢੁੱਕਦਾ ਘੱਟ ਹੈ।

ਬੋਲੁ ਵਿਗਾੜੁ--ਗੱਲ ਨੂੰ ਵਿਗਾੜਨ ਵਾਲਾ। ਬਾਕ ਬਿਗਾੜ ਵਾਰੋ (ਕਵਿ ਸੰਤੋਖ ਸਿੰਘ) ਬੋਲ ਵਿਗਾੜ=Foul mouthed, one who spoils (business) by unseemly speaking. (ਅੰਗ੍ਰੇਜ਼ੀ ਪੰਜਾਬੀ ਕੋਸ਼ ੧੯੫੪ ਈ:)। ਭੈੜੀ ਗਲ ਕਰਨ ਵਾਲਾ। (ਪੰਜਾਬੀ ਕੋਸ਼ ੧੯੨੨ ਈ:)।

ਸ੍ਰੀ ਪੰਡਿਤ ਦਾਨੇ[੧] ਇਸ ਅੰਕ ਵਿਚ ਦੱਸੇ ਆਖਣ ਵਾਲਿਆਂ ਦਾ 'ਆਖਣਾ' ਤੇ ਜਿਨ੍ਹਾਂ ਪ੍ਰਤੀ ਆਖਦੇ ਹਨ, ਐਉਂ ਗਿਣਕੇ ਵੇਰਵਾ ਬੀ ਦੱਸਦੇ ਹਨ:-

ਵੇਦ ਪੁਰਾਣ ਤੇ ਵੇਦ ਪੁਰਾਣ ਪਾਠੀ-ਅਪਣੇ ਪਾਠਕਾਂ ਤੇ ਸ਼੍ਰੋਤਿਆਂ ਪ੍ਰਤੀ ਆਖਦੇ ਹਨ।

ਬਰਮੇ-ਨੇ ਇੰਦਰ ਤੇ ਵਿਰੋਚਨ ਨੂੰ ਉਪਦੇਸ਼ ਦਿਤਾ। ਸੁਰਸਤੀ ਰਚੀ ਜੋ ਸਦਾ ਆਖਦੀ ਰਹਿੰਦੀ ਹੈ।

ਇੰਦ-ਇੰਦਰ ਨੇ ਪ੍ਰਤਰਦਨ ਨੂੰ ਉਪਦੇਸ਼ ਦਿਤਾ।

ਗੋਪੀ-ਗੋਪੀਆ ਨੂੰ ਕ੍ਰਿਸ਼ਨ ਜੀ ਨੇ ਉਪਦੇਸ਼ ਦਿਤਾ ਸੀ।

ਗੋਵਿੰਦ-ਸ੍ਰੀ ਕ੍ਰਿਸ਼ਨ ਜੀ ਨੇ ਅਰਜਨ, ਉਧਵ, ਅਕਰੂਰ ਨੂੰ ਉਪਦੇਸ਼ ਦਿਤਾ।

ਈਸਰ--ਸ਼ਿਵ ਜੀ ਨੇ ਪਾਰਬਤੀ ਨੂੰ ਉਪਦੇਸ਼ ਦਿਤਾ। ਅਪਣੇ ਸੇਵਕਾਂ ਨੂੰ ਬੀ।

ਸਿਧ--ਸ਼ਿਵ ਜੀ ਮਤ ਦੇ ਵੱਡਕੇ ਸਿਧ ਗੋਰਖ ਮਛੰਦਰ ਆਦਿ ਜਗਤ ਨੂੰ ਉਪਦੇਸ਼ ਦੇਂਦੇ ਰਹੇ ਹਨ।

ਬੁਧ=ਗਯਾਨੀ। ਸਰਬ ਕਾਲਾਂ ਦੇ ਉਪਦੇਸ਼ ਦਾਤਾ ਜਗਜਾਸੂਆਂ ਪ੍ਰਤਿ ਉਪਦੇਸ਼ ਦੇਂਦੇ ਹਨ।

ਦਾਨਵ-ਪ੍ਰਹਿਲਾਦ, ਬਲਿ ਆਦਿਕ ਗੁਣ ਕਥਨ ਕਰਦੇ ਹਨ।

---

[੧] ਸ੍ਰੀ ਨਰੋਤਮ ਤਾਰਾ ਸਿੰਘ ਜੀ, ਸ੍ਵਾਮੀ ਸੰਕ੍ਰਾਨੰਦ ਭਾਰਤੀ, ਪੰਡਿਤ ਸਾਧੂ ਸਿੰਘ ਜੀ ਆਦਿ।

www.sikhbookclub.com

ਦੇਵ-ਸੂਰਜ ਚੰਦ ਆਦਿ। ਸੁਰਿ ਨਰ-ਕਿੰਨਰ, ਗੰਧ੍ਰਵ ਆਦਿ।

ਮੁਨਿ-ਅੰਗਰੈ, ਪੁਲਸਤ ਆਦਿ। ਜਨ-ਹਨੂਮਾਨ ਆਦਿ।

ਸੇਵ-ਧ੍ਰੂ ਆਦਿ। (ਅ) ਸੇਵ ਦਾ ਅਰਥ ਸੇਵਨੇ ਯੋਗ ਕਰਕੇ ਇਸ ਗਿਣਤੀ ਵਿਚ ਸ਼ੇਸ਼ਨਾਗ ਆਦਿਕਾਂ ਨੂੰ ਬੀ ਲੈ ਲੈਂਦੇ ਹਨ।

(ਪਉੜੀ ੨੭)

ਪ੍ਰਾਕ੍ਕਥਨ-ਪਉੜੀ ੨੪ ਵਿਚ ਕਿਹਾ ਸੀ 'ਵਡਾ ਸਾਹਿਬੁ ਊਚਾ ਥਾਉ', ਪਉੜੀ ੨੫ ਵਿਚ ਉਸ ਦੀ ਵਡ ਦਾਤਾਰਗੀ ਦੱਸਕੇ ਉਸ ਦੀ ਵਡਿੱਤ ਤੇ ਵਡਿਆਈ ਦਿਖਾਈ ਸੀ। ਸਭ ਤੋਂ ਵੱਡੀ ਦਾਤਾਰਗੀ ਪਾਤਸ਼ਾਹੀ ਪਾਤਸ਼ਾਹ ਬਣਾ ਦੇਣ ਵਾਲੀ ਦੱਸੀ ਸੀ। ਪਉੜੀ ੨੬ ਵਿਚ ਦਾਤਾਰਗੀ ਨੂੰ ਅਮੁੱਲ ਪਦ ਦੀ ਦਾਤਾਰਗੀ ਦੱਸਿਆ ਤੇ ਇਸ ਅਮੁੱਲ ਦਾਤਾਰਗੀ ਦਾ ਅਮੁੱਲ ਦਰਬਾਰ ਦੱਸਦੇ ਹੋਏ ਇਸ ਨੂੰ ਫੇਰ 'ਅਮੁਲ ਵਾਪਾਰ' ਦੱਸਿਆ। ਅਮੁੱਲ ਆਖਕੇ ਅਪਣਾ ਸਿਧਾਂਤ ਦੱਸਿਆ ਕਿ ਕਿਵੇਂ ਕੀਮਤ ਜਾਚਣੇ ਦਾ ਇਕ ਨਵਾਂ ਉੱਚਾ ਤ੍ਰੀਕਾ ਸਾਰੇ ਧ੍ਰਵਿਆਂ-ਕਰਮ, ਯੋਗ, ਗਯਾਨ ਆਦਿ ਤੋਂ ਵਖਰਾ, ਸਭਨਾਂ ਤੋਂ ਸੁਤੰਤ੍ਰ ਤੇ ਸਭਨਾਂ ਨੂੰ ਵਲ੍ਹੇਟ ਲੈਣ ਵਾਲਾ ਮੁੱਲ ਦਾ ਮਾਰਗ 'ਅਮੁਲੋ ਅਮੁਲੁ' (=ਅਕਾਲ ਪੁਰਖ) ਤੇ ਲੈ ਜਾਂਦਾ ਹੈ। ਇਥੋਂ ਤਾਂਈਂ 'ਵਡਾ ਸਾਹਿਬੁ' ਦੱਸਕੇ ਹੁਣ 'ਊਚਾ ਥਾਉ' ਦਾ ਪਤਾ ਦੇਣ ਲੱਗੇ ਹਨ। ਇਹ ਪਤਾ ਬੀ ਵਿਸਮਾਦੀ ਰੰਗ ਵਿਚ ਦੇਣ ਲੱਗੇ ਹਨ। ਉਸ ਦੇ ਗੁਣਾਨੁਵਾਦ ਦੇ ਕੀਰਤਨ ਉਸ ਊਚੇ ਥਾਉਂ ਨੂੰ ਜਣਾਉਂਦੇ ਹਨ ਤੇ ਪੜ੍ਹਨ ਵਾਲੇ ਨੂੰ ਸਿਫ਼ਤ ਸਲਾਹ ਦੀ ਸੈਨਤ ਦੇਂਦੇ ਹਨ। ਇਉਂ ਥਾਉਂ ਦਾ ਪਤਾ ਦੇਕੇ ਉਸ ਸੱਚੇ ਸਾਹਿਬ ਦਾ ਉਸ ਥਾਂਵੇ ਬੈਠਕੇ ਅਪਣੀ ਰਚੀ ਨੂੰ ਵੇਖਣ, ਸੰਭਾਲਣ ਦਾ ਕਥਨ ਕਰਨਗੇ। ਅੰਤ ਵਿਚ ਦੱਸਣਗੇ ਕਿ ਓਥੇ ਪਹੁੰਚਣ ਲਈ ਰਜ਼ਾ ਤੇ ਆ ਜਾਓ। ਰਜ਼ਾ ਤੇ ਆਉਣ ਲਈ 'ਨਾਮ, ਬਾਣੀ, ਸਿਫਤ ਸਲਾਹ, ਕੀਰਤਨ', ਪਿਛੇ ਦੱਸਦੇ ਹੀ ਆਏ ਹਨ, ਤੇ ਅੱਗੇ ਹੋਰ ਬੀ ਦੱਸਣਗੇ।

ਮੂਲ	ਅਰਥ
ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥ ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥	(ਹੇ ਸਚੇ ਸਾਹਿਬ!) ਉਹ ਦਰ[1] ਕੇਹੋ ਜਿਹਾ ਹੈ (ਤੇ) ਉਹ ਘਰ ਕੇਹੋ ਜਿਹਾ ਹੈ ਜਿਥੇ ਬੈਠਕੇ (ਕਿ ਤੂੰ) ਸਭਸ ਦੀ ਸੰਭਾਲ ਕਰਦਾ ਹੈਂ?[2] (ਹਾਂ, ਮੈਂ ਕੀ ਦੇਖਦਾ ਹਾਂ ਕਿ ਤੇਰੇ ਉਸ ਸੁਹਾਵਣੇ ਦਰ ਉਤੇ) ਅਨੇਕ ਵਾਜੇ ਅਤੇ ਅਸੰਖਾਂ ਨਾਦ (ਹੋ ਰਹੇ ਹਨ ਤੇ) ਕਿਤਨੇ ਹੀ (ਉਨ੍ਹਾਂ ਵਾਜਿਆਂ ਨੂੰ) ਵਜਾਉਣ (ਵਾਲੇ ਹਨ)। ਕਿਤਨੇ ਰਾਗ ਰਾਗਣੀਆਂ (ਓਥੇ) ਕਹਿ ਰਹੇ ਹਨ (ਭਾਵ ਆਪ ਗਾਉਂ ਰਹੇ ਹਨ), ਕਿਤਨੇ ਹੋਰ ਉਨ੍ਹਾਂ ਰਾਗ ਰਾਗਣੀਆਂ ਨੂੰ) ਗਾਉਣ ਵਾਲੇ ਹਨ।

[1] ਦਰ=ਦਰਵਾਜਾ। ਬੂਹਾ। ਦੁਆਰ

[2] ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ॥ (ਸੋਰਠਿ ਮ: ੧-੪)

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥

(ਹੇ ਸਚੇ ਸਾਹਿਬਾ! ਓਥੇ) ਪਉਣ ਪਾਣੀ ਅਗਨੀ (ਆਦਿ ਦੇਵਤੇ) ਤੈਨੂੰ ਗਾਉਂ ਰਹੇ ਹਨ, (ਹਾਂ ਤੇਰੇ) ਦੁਆਰੇ ਉਤੇ ਧਰਮ ਰਾਜ (ਤੈਨੂੰ) ਗਾਉਂ ਰਿਹਾ ਹੈ।

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥

(ਓਥੇ) ਗਾਉਂ ਰਹੇ ਹਨ ਚਿਤ੍ਰ ਗੁਪਤ (ਜੋ ਕਰਮਾਂ ਨੂੰ ਗੁਪਤ ਚਿੱਤਰਾਂ ਵਿਚ) ਲਿਖ ਜਾਣਦੇ ਹਨ (ਤੇ ਜਿਨ੍ਹਾਂ ਦੀ) ਲਿਖੀ ਲਿਖਤਿ ਪਰ ਧਰਮਰਾਜ ਵੀਚਾਰ ਕਰਦਾ ਹੈ।

ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥

(ਓਥੇ ਤੈਨੂੰ) ਗਾਉਂ ਰਹੇ ਹਨ ਸ਼ਿਵ, ਬ੍ਰਹਮਾ, (ਤੇ ਇਨ੍ਹਾਂ ਦੀਆਂ ਸ਼ਕਤੀ ਰੂਪ) ਦੇਵੀਆਂ (ਜੋ ਤੇਰੇ) ਸਦਾ ਦੇ ਸਵਾਰੇ ਹੋਏ (ਤੇਰੇ ਦਰ ਉਪਰ) ਸ਼ੋਭ ਰਹੇ ਹਨ।

ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥

(ਤੇਰੇ) ਦਰ ਉਤੇ ਇੰਦਰ (ਪਦਵੀ)ਦੇ ਆਸਣਾਂ ਤੇ ਬੈਠੇ ਇੰਦਰ ਸਣੇ (ਅਪਣੇ) ਦੇਵਤਿਆਂ ਦੇ ਤੈਨੂੰ ਗਾਉਂ ਰਹੇ ਹਨ। ਸਿਧ ਸਮਾਧੀਆਂ ਵਿਚ (ਬੈਠੇ ਤੈਨੂੰ) ਗਾਉਂ ਰਹੇ ਹਨ, (ਤੇ) ਸਾਧੂ ਵੀਚਾਰਾਂ ਵਿਚ ਲਗੇ ਹੋਏ (ਤੈਨੂੰ) ਗਾਉਂ ਰਹੇ ਹਨ। ਗਾਂਵਦੇ ਹਨ (ਤੈਨੂੰ) ਜਤ ਤੇ ਸਤ ਧਾਰਨ ਵਾਲੇ ਤੇ ਸੰਤੋਖ ਵਿਚ ਰਹਿਣ ਵਾਲੇ (ਅਤੇ) ਗਾਉਂਦੇ ਹਨ ਤਕੜੇ ਸੂਰਮੇ।

ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥
ਗਾਵਹਿ ਜੋਧ ਮਹਾ ਬਲ ਸੂਰਾ ਗਾਵਹਿ ਖਾਣੀ ਚਾਰੇ॥

(ਵੇਦਾਂ ਨੂੰ) ਪੜ੍ਹਨ ਵਾਲੇ ਪੰਡਿਤ (ਅਤੇ ਵਯਾਸ ਆਦਿ) ਵੱਡੇ ਰਿਖੀ ਵੇਦਾਂ ਸਣੇ (ਤੈਨੂੰ) ਜੁਗੋ ਜੁਗ ਗਾਉਂ ਰਹੇ ਹਨ[੧]। ਮਨ ਨੂੰ ਮੋਹਿਤ ਕਰ ਲੈਣ ਵਾਲੀਆਂ ਸੁਰਗ, ਮਾਤ ਤੇ ਪਾਤਾਲ (ਤਿੰਨਾਂ ਲੋਕਾਂ) ਦੀਆਂ ਇਸਤ੍ਰੀਆਂ ਤੈਨੂੰ ਗਾਉਂ ਰਹੀਆਂ ਹਨ[੨]। ਅਠਾਹਠ ਤੀਰਥਾਂ ਸਮੇਤ (ਸਾਰੇ) ਤੇਰੇ ਪੈਦਾ ਕੀਤੇ ਰਤਨ ਤੈਨੂੰ ਗਾਉਂ ਰਹੇ ਹਨ। ਗਾਉਂਦੇ ਹਨ (ਤੈਨੂੰ) ਮਹਾਂ ਬਲਵਾਨ ਸੂਰਮੇ, (ਸਗੋਂ) ਚਾਰੇ ਖਾਣੀਆਂ ਹੀ (ਤੈਨੂੰ) ਗਾਉਂ ਰਹੀਆਂ ਹਨ।

ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥

(ਗਲ ਕੀਹ, ਹੇ ਸਚੇ ਸਾਹਿਬ!) ਗਾਉਂ ਰਹੇ ਹਨ (ਸਾਰੇ) ਬ੍ਰਹਮੰਡ ਮੰਡਲ ਤੇ (ਮੰਡਲਾਂ ਦੇ) ਖੰਡ (ਜੋ ਤੈਂ ਹੀ) ਰਚੇ ਸਨ (ਤੇ) ਰਚਕੇ (ਤੈਂ ਹੀ ਆਪਣੇ ਆਸਰੇ) ਕਾਯਮ ਰਖੇ ਹੋਏ ਹਨ।

(ਪਰਮ ਪ੍ਰਿਯ ਗਾਇਨ ਜੋ ਵਿਸ਼ੇਸ਼ ਗਾਇਨ ਹੈ, ਹੁਣ ਦੱਸਦੇ ਹਨ)

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥

(ਪਰ) ਉਹੋ ਤੈਨੂੰ (ਵਿਸ਼ੇਸ਼ ਕਰਕੇ) ਗਾਂਉਂ ਰਹੇ ਹਨ ਜੋ (ਤੇਰੀ ਭਗਤੀ ਵਿਚ) ਰਚੇ ਹੋਏ ਤੇਰੇ ਰਸੀਏ ਭਗਤ ਹਨ, ਜੋ ਤੈਨੂੰ ਪਿਆਰੇ ਲੱਗ ਰਹੇ ਹਨ। (ਭਾਵ ਤੁਸਾਂ ਤੇ ਰਸੀਏ ਭਗਤਾਂ ਵਿਚ

[੧] (ਅ) ਐਉਂ ਬੀ ਲਾਉਂਦੇ ਹਨ:ਗਾਉਂਦੇ ਹਨ ਪੰਡਤ, ਪੜ੍ਹਦੇ ਹਨ ਵਡੇ ਰਿਖੀ, (ਮਾਨੋ) ਹਰ ਜੁਗ (ਆਪਣੇ ਆਪਣੇ) ਵੇਦ ਨਾਲ (ਤੈਨੂੰ ਗਾਉਂ ਰਿਹਾ ਹੈ)। ਦੇਖੋ ਵਾਰ ਆਸਾ ਸਲੋਕ੧੩। (ੲ) ਪੜਨਿ=ਵਿਦਯਾਰਥੀ।

[੨] ਐਉਂ ਬੀ ਲਾਉਂਦੇ ਹਨ: ਮਨ ਮੋਹਣ ਮੋਹਣੀਆਂ ਗਾਉਂ ਰਹੀਆਂ ਹਨ, ਅਤੇ ਸੁਰਗ, ਮਾਤ ਤੇ ਪਾਤਾਲ ਆਪਣੇ ਨਿਵਾਸੀਆਂ ਸਣੇ ਗਾਉਂ ਰਹੇ ਹਨ।

ਪ੍ਰੀਤਮ ਤੇ ਪ੍ਰੇਮੀ ਦਾ ਜੋ ਭਾਵ ਹੈ ਤੇ ਰਸਮਈ ਸੰਬੰਧ ਹੈ ਉਹ ਉਹਨਾਂ ਨੂੰ ਆਪ ਦਾ ਪ੍ਰੀਤਮ ਬਣਾ ਰਿਹਾ ਹੈ, ਤੇ ਓਹ 'ਗੁਣ ਕਹਿ ਗੁਣੀ ਸਮਾਵਣਿਆਂ' ਹੋ ਰਹੇ ਹਨ।)

ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥

(ਇਨ੍ਹਾਂ ਤੋਂ ਛੁਟ) ਹੋਰ ਕਈ (ਸੁਤੇ ਸਿੱਧ) ਗਾਇਨ ਕਰਨੇ ਵਾਲੇ ਹਨ ਜੋ ਮੈਨੂੰ ਯਾਦ ਨਹੀਂ ਆਉਂਦੇ (ਉਹਨਾਂ ਦਾ) ਨਾਨਕ ਕੀ ਵੀਚਾਰ ਕਰੇ।

('ਊਚਾ ਥਾਉ' ਵਰਣਨ ਕਰਕੇ ਹੁਣ ਫੇਰ 'ਵਡਾ ਸਾਹਿਬੁ' ਵਰਣਨ ਹੁੰਦਾ ਹੈ)

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥

(ਜਿਸ ਦੇ ਦਰ ਉਤੇ ਏਹ ਗਾਇਨ ਹੋ ਰਹੇ ਹਨ) ਉਹ ਉਹੋ ਸਦਾ ਸੱਚ ਸਰੂਪ (ਸੱਚਾ) ਸਾਹਿਬ ਹੈ ਜੋ (ਆਪ) ਸੱਚਾ ਹੈ ਤੇ ਉਸ ਦੀ ਵਡਿਆਈ ਬੀ ਸੱਚੀ ਹੈ।

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥

(ਉਹ) ਹੈ, (ਉਹ) ਹੋਵੇਗਾ ਬੀ, ਨਾ ਉਹ ਨਾਸ਼ ਹੋ ਸਕਦਾ ਹੈ, ਨਾ ਨਾਸ਼ ਹੋਵੇਗਾ, ਜਿਸ ਨੇ (ਸਾਰੀ) ਰਚਨਾ ਰਚੀ ਹੈ[੧]।

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥

(ਹਾਂ, ਜਿਨਿ ਕਰਿ ਮਾਇਆ=) ਜਿਸ ਨੇ ਮਾਇਆ ਰਚਕੇ (ਫੇਰ) ਰੰਗ ਰੰਗ ਦੀ, ਭਾਂਤਿ ਭਾਂਤਿ ਦੀ, ਜਿਨਸ ਜਿਨਸ ਦੀ (ਵੰਡ ਵਿਚ) ਕਰਕੇ ਸ੍ਰਿਸ਼ਟੀ ਪੈਦਾ ਕੀਤੀ ਹੈ।

ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥

ਇਸ ਤਰ੍ਹਾਂ (ਕਰਿ=) ਰਚਕੇ (ਕਰਿ) ਪਾਲਕੇ ਆਪਣੇ ਰਚੇ ਹੋਏ ਨੂੰ (ਆਪ) ਵੇਖਦਾ, (ਜਾਣਦਾ ਤੇ ਸੰਭਾਲਦਾ ਹੈ) ਜਿਵੇਂ ਜਿਵੇਂ ਉਸ ਦੀ ਵਡਿਆਈ ਨੂੰ ਸ਼ੋਭਦਾ ਹੈ। (ਪਰ ਇਹ ਸਭ ਕੁਛ ਉਹ) ਐਉਂ ਹੀ ਕਰਦਾ ਹੈ ਜਿਵੇਂ ਕਿ ਉਸ ਨੂੰ ਚੰਗਾ ਲਗਦਾ ਹੈ, (ਉਸ ਉਤੇ) ਹੁਕਮ ਨਹੀਂ ਕੀਤਾ ਜਾ ਸਕਦਾ (ਕਿ ਸਾਡੀ ਮਰਜ਼ੀ ਅਨੁਸਾਰ ਕਰੇ)।

ਸੋ ਪਾਤਿਸਾਹੁ ਸਾਹਾ ਪਾਤਿ ਸਾਹਿਬੁ ਨਾਨਕ ਰਹਣੁ ਰਜਾਈ॥੨੭॥

ਉਹ ਪਾਤਸ਼ਾਹ ਹੈ, ਸ਼ਾਹਾਂ ਦਾ ਬੀ ਪਾਤਸ਼ਾਹ ਹੈ (ਸਾਨੂੰ ਤਾਂ ਹੇ) ਨਾਨਕ! ਉਸ ਦੀ ਰਜ਼ਾ ਵਿਚ ਰਹਿਣਾ ਬਣਦਾ ਹੈ (ਜਿਸ ਕਰਕੇ ਕਿ ਉਸ ਨਾਲ ਮਿਲਾਪ ਹੁੰਦਾ ਹੈ, ਜਿਵੇਂ ਕਿ ਮਹਾਨ ਸੁਰ ਵਿਚ ਅਲਪ ਸੁਰ ਇਕ ਸੁਰ ਕਰ ਦੇਣ ਨਾਲ ਤਦਰੂਪ ਹੋ ਜਾਂਦੀ ਹੈ ਤਿਵੇਂ ਉਸ ਦੀ 'ਰਜ਼ਾ' ਵਿਚ ਆਪਣੀ ਮਰਜ਼ੀ ਇਕ ਸੁਰ ਕਰ ਦੇਣ ਨਾਲ ਤਦਰੂਪ ਹੋ ਜਾਈਦਾ ਹੈ)॥੨੭॥

ਵ੍ਯਾਖ੍ਯਾ-ਰਹੱਸਜਕ ਪਹਿਲੂ:-

ਇਸ ਪਉੜੀ ਵਿਚ ਗਾਵਣਹਾਰਿਆਂ ਦੀਆਂ ਤ੍ਰੈ ਵੰਡਾਂ ਝਲਕਦੀਆਂ ਹਨ:-

੧. ਇਕ ਤਾਂ ਹਨ ਦੇਵਤਾ ਪ੍ਰਕਾਰ ਦੇ ਗਾਵਣਹਾਰੇ, ਭਾਵ 'ਅਦ੍ਰਿਸ਼ਜ ਆਤਮ ਮੰਡਲਾਂ' ਦੇ

---

[੧] (ਅ) ਐਉਂ ਬੀ ਲਾਉਂਦੇ ਹਨ-ਜਿਸ ਨੇ ਰਚਨਾ ਰਚੀ ਹੈ ਉਹ ਹੈ, ਹੁਣ ਹੈ, ਭੀ=ਪਿਛੇ ਸੀ, ਹੋਸੀ=ਅਗੋਂ ਹੋਸੀ, ਜਾਇ ਨਾ=ਕਦੇ ਭੀ ਨਾ ਜਾਏਗਾ, ਸਦਾ ਰਹੇਗਾ, ਪਰ ਜਾਸੀ=ਰਚਨਾ ਆਸੀ ਜਾਸੀ।

ਯਥਾ:-ਸਚਾ ਸਾਹਿਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ॥ (ਸਿਰੀ: ਮ: ੧-੩)

ਅਤੇ:-ਸਭ ਦੁਨੀਆ ਆਵਣ ਜਾਣੀਆ॥ (ਸਿਰੀ ਮ: ੧-੩੩)

ਆਦ੍ਰਿਸ਼ਜ ਲੋਕ। ਯਥਾ:-ਪਉਣ ਦੇਵਤਾ, ਪਾਣੀ ਦੇਵਤਾ, ਅਗਨੀ ਦੇਵਤਾ[1], ਧਰਮਰਾਜ, ਚਿਤ੍ਰ ਗੁਪਤ, ਸ਼ਿਵ, ਬ੍ਰਹਮਾ, ਦੇਵੀਆਂ, ਇੰਦ੍ਰ, ਇੰਦ੍ਰ ਵਰਗੇ ਦਿੱਬ ਸਰੂਪ ਰਾਗ ਰਾਗਣੀਆਂ ਆਦਿ। ਇਹ ਦਿੱਬ ਰਾਗ ਦੁਆਰਾ ਗਾ ਰਹੇ ਹਨ।

੨. (ੳ) ਉਹ ਲੋਕ ਜੋ ਧਰਤੀ ਉਤੇ ਪਰਮਾਰਥੀ ਪੱਖ ਵਾਲੇ ਹਨ, ਜੈਸੇ--ਸਿਧ, ਯੋਗੀ, ਸਾਧੂ, ਰਿਖੀ। ਏਹ ਆਪਣੇ ਧਿਆਨ ਦੁਆਰਾ ਮਾਨੋਂ ਗਾ ਰਹੇ ਹਨ। ਜਤੀ, ਸਤੀ ਸੰਤੋਖੀ, ਪੰਡਿਤ ਏਹ ਅਪਣੇ ਸ਼ੁਭ ਗੁਣਾਂ ਦੁਆਰਾ ਦੱਸ ਰਹੇ ਹਨ ਕਿ ਕਰਤਾ ਪੁਰਖ ਵਿਚ ਵਿਸ਼ਵਾਸ਼ ਨੇ ਉਹਨਾਂ ਵਿਚ ਸ਼ੁਭ ਗੁਣ ਪੈਦਾ ਕੀਤੇ ਹਨ ਜੋ ਉਸ ਦਾ ਕੀਰਤਨ ਹੋ ਰਿਹਾ ਹੈ।

(ਅ) ਧਰਤੀ ਉਤੇ ਤਾਂ ਹਨ ਪਰ ਹੋਰ ਤਰ੍ਹਾਂ ਦੇ ਗੁਣਾਂ ਵਾਲੇ, ਜੈਸੇ ਮਹਾਂ ਬਲੀ ਜੋਧੇ, ਸੂਰਮੇ, ਸਮੁੰਦਰ ਵਿਚੋਂ ਨਿਕਲੇ ਰਤਨ ਧਨੰਤਰ ਆਦਿ, ਤੀਰਥਾਂ ਦੇ ਅਧਜਕਜ।

(ੲ) ਧਰਤੀ ਦੀ ਸਾਰੀ ਰਚਨਾ ਜੋ ਚਾਰ ਖਾਣੀਆਂ ਤੋਂ ਉਪਜੀ ਹੈ। ਇਨ੍ਹਾਂ ਲੋਕਾਂ ਵਿਚੋਂ ਪ੍ਰਗਟ ਹੋ ਰਹੇ ਗੁਣ ਦੱਸ ਰਹੇ ਹਨ ਕਿ ਕਰਤਾ ਪੁਰਖ ਹੈ ਤੇ ਅਸਚਰਜ ਹੈ ਜੋ ਐਸੇ ਅਸਚਰਜ ਸਾਮਾਨ ਉਤਪਤ ਕਰਦਾ ਹੈ। ਇਹ ਕਰਤੇ ਪੁਰਖ ਦਾ ਹੀ ਗੁਣ ਗਾਇਨ ਹੈ।

੩. ਧਰਤੀ ਤੋਂ ਪਰੇ ਦੇ ਲੋਕ, ਬ੍ਰਹਮੰਡ ਦੇ ਹੋਰ ਮੰਡਲਾਂ ਖੰਡਾਂ ਦੇ ਲੋਕ। ਮਾਨੋ ਇਨ੍ਹਾਂ ਦਾ ਸੰਗੀਤ ਨਾਦ ਹੋ ਰਿਹਾ ਹੈ, ਯਾ ਖੰਡ ਮੰਡਲ ਬ੍ਰਹਮੰਡ ਦੀ ਵਿਸ਼ਾਲ ਰਚਨਾ ਜੋ ਰਾਤ ਨੂੰ ਅਕਾਸ਼ਾਂ ਵਿਚ ਤਾਰਾ ਮੰਡਲ ਹੋ ਦਿੱਸਦੀ ਹੈ ਅਤੇ ਦੇਖਣ ਵੇਲੇ ਸੰਗੀਤਕ ਭਾਵ ਪ੍ਰਭੂ ਗੁਣ ਗਾਇਨ ਦਾ ਪੈਦਾ ਕਰਦੀ ਹੈ ਅਤੇ ਰਚਣਹਾਰ ਦੀ ਸਿਫਤ ਸਲਾਹ ਵਿਚ ਲੈ ਜਾਂਦੀ ਹੈ। ਸੋ ਉਸ 'ਦਰੁ' 'ਘਰ' ਅਗੇ, ਜਿਸ ਨੂੰ ਪਉੜੀ ੨੪ ਵਿਚ 'ਊਚਾ ਥਾਉ' ਕਿਹਾ ਹੈ ਤੇ ਏਥੇ 'ਸੋ ਦਰੁ' ਕਿਹਾ ਹੈ ਤ੍ਰੈ ਟਿਕਾਣਿਆਂ ਦੇ ਵਾਸੀ ਗਾਉਂ ਰਹੇ ਹਨ:-

੧. ਆਤਮ ਮੰਡਲ ਦੇ, ੨. ਪ੍ਰਿਥਵੀ ਮੰਡਲ ਦੇ ਤੇ ੩. ਬ੍ਰਹਮੰਡ ਦੇ ਮੰਡਲਾਂ ਦੇ।

ਗੁਰੂ ਕੀ ਬਾਣੀ ਵਿਚ ਹੋਰਥੇ ਬੀ ਤ੍ਰੈ ਟਿਕਾਣੇ ਕਰਤਾ ਪੁਰਖ ਦੇ ਵਸੇਬੇ ਦੇ ਦੱਸੇ ਹਨ:-

੧. **ਸਚ ਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥** (ਜਪੁਜੀ)

ਪੁਨਾ:- **ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ**[2]**॥** (ਸਿਰੀ: ਮ: ੧-੧੨)

ਗੁਰੂ ਨਾਨਕ ਦੇਵ ਜੀ ਨੇ ਇਸ ਟਿਕਾਣੇ ਅਪਣੇ ਜਾਣੇ ਦਾ ਬੀ ਜ਼ਿਕਰ ਕੀਤਾ ਹੈ:-

ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸਚੀ ਸਿਫਤਿ ਸਾਲਾਹਿ ਕਪੜਾ ਪਾਇਆ॥ (ਵਾਰ ਮਾਝ ਮ: ੧-੨੭)

ਇਸ ਦਰ ਅਗੇ 'ਸੋ ਦਰੁ' ਵਿਚ ਪਹਿਲੇ ਦੱਸੇ ਦੇਵਤੇ ਸਿਫਤ ਸਲਾਹ ਗਾਇਨ ਕਰ ਰਹੇ ਹਨ।

੨. ਦੂਜਾ ਥਾਉਂ ਥਾਨ ਥਨੰਤਰੀ ਤੇ ਘਟਿ ਘਟਿ ਵਿਚ ਦੱਸਿਆ ਹੈ।

ਭਾਵ ਜੀਵ ਜੀਵ ਦੇ ਅੰਦਰ ਤੇ ਥਾਵਾਂ ਥਾਵਾਂ ਦੇ ਵਿਚਾਲੇ:-

(ੳ) **ਸਰਬੇ ਥਾਨ ਥਨੰਤਰੀ ਤੂ ਦਾਤਾ ਦਾਤਾਰੁ॥** (ਦਖਣੀ ਓਅੰਕਾਰੁ ਮ: ੧-੩੪)

(ਅ) **ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ॥** (ਭੈਰਉ ਮ: ੧-੬)

ਸੋ ਧਜਾਨੀ ਪੁਰਖ ਤੇ ਕਰਤਾਰ ਵਿਚ ਨਿਸਚਾ ਧਾਰਕੇ ਦੈਵੀ ਗੁਣਾਂ ਦੇ ਧਾਰਨੀ ਲੋਕ ਘਟ ਵਿਚ

---

[1] ਪਉਣ, ਪਾਣੀ, ਅਗਨੀ, ਇਕ ਤਾਂ ਧਰਤੀ ਦੇ ਪੰਜ ਤੱਤਾਂ ਵਿਚੋਂ ਹਨ, ਦੂਜੇ ਇਨ੍ਹਾਂ ਦੇ ਦੇਵਤਾ ਹਨ। ਰਿਗਵੇਦ ਅਨੁਸਾਰ ਅਗਨੀ, ਵਾਯੂ, ਵਰੁਣ (ਪਾਣੀ) ਦੇਵਤਿਆਂ ਦੀ ਗੇਣਤੀ ਵਿਚ ਹਨ। ਆਸਾ ਦੀ ਵਾਰ ਵਿਚ ਬੀ 'ਪਾਣੀ, ਬੈਸੰਤਰ ਆਦਿ' ਦੇਵਤਾ ਫੁਰਮਾਏ ਹਨ।

[2] ਸਭ ਤੇ ਊਚ ਜਾਕਾ ਦਰਬਾਰੁ॥ ਸਦਾ ਸਦਾ ਤਾਕਉ ਜੋਹਾਰੁ॥ ਊਚੇ ਤੇ ਊਚਾ ਜਾਕਾ ਥਾਨ॥ (ਭੈਰਉ ਮ: ੫-੩੨)
ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ॥ (ਸੋਰਠਿ ਮ: ੧-੪)

ਤੇ ਥਾਨ ਥਨੰਤਰਾਂ ਵਿਚ ਬੈਠੇ ਗਾਉਂ ਰਹੇ ਹਨ

੩. ਤੀਜਾ ਥਾਉਂ ਦੱਸਿਆ ਹੈ:- ਕੁਦਰਤ, ਅਰਥਾਤ ਸਾਰੀ ਰਚਨਾਂ ਵਿਚ, ਖੰਡਾਂ ਬ੍ਰਹਮੰਡਾਂ ਵਿਚ:

ਦੁਯੀ ਕੁਦਰਤ ਸਾਜੀਐ ਕਰਿ ਆਸਣੁ ਡਿਠੋ ਚਾਉ॥ (ਵਾਰ ਆਸਾ ਮ: ੧-੧)

ਬਲਿਹਾਰੀ ਕੁਦਰਤਿ ਵਸਿਆ[੧]**॥** (ਵਾਰ ਆਸਾ ਮ: ੧-੧੨)

ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ॥ (ਮਾਰੂ ਮ: ੧, ਸੋਹਲੇ ੩-੧੦)

ਸੋ 'ਗਾਵਹਿ ਖੰਡ ਮੰਡਲ ਵਰਭੰਡਾ' ਵਿਚ ਦੱਸਿਆ ਹੈ ਕਿ ਲੋਕ ਲੋਕ ਵਿਚ, ਬ੍ਰਹਮੰਡ ਬ੍ਰਹਮੰਡ ਵਿਚ ਕੀਰਤਨ ਹੋ ਰਿਹਾ ਹੈ।

ਹੁਣ ਪ੍ਰਸ਼ਨ ਹੁੰਦਾ ਹੈ ਕਿ ਕੀ ਉਹ ਇਕ ਦੇਸ਼ੀ ਹੈ ਜੋ ਉਸ ਦਾ 'ਥਾਉਂ' ਯਾ 'ਘਰੁ' ਤੇ 'ਦਰੁ' ਵਰਣਨ ਕਰਦੇ ਹਨ? ਯਾ ਤ੍ਰੈ ਦੇਸ਼ੀ ਹੈ ਕਿ ਇਕ ਟਿਕਾਣਾ ਆਤਮ ਮੰਡਲਾਂ ਵਿਚ ਹੈ, ਦੂਜਾ ਘਟਿ ਘਟਿ ਤੇ ਥਾਨ ਥਨੰਤਰਾਂ ਵਿਚ ਹੈ[੨] ਤੇ ਤੀਜਾ ਬ੍ਰਹਮੰਡ ਵਿਚ ਹੈ। ਇਸ ਤਰ੍ਹਾਂ ਕੀ ਉਹ ਇਕ ਦੇਸ਼ੀ, ਤ੍ਰੈ ਦੇਸ਼ੀ ਯਾ ਬਹੁ ਦੇਸ਼ੀ ਹੈ? ਗੁਰਬਾਣੀ ਤੋਂ ਪਤਾ ਚਲਦਾ ਹੈ ਕਿ ਤ੍ਰੈਏ ਰੰਗ ਹਨ ਪਰ ਏਹ ਤ੍ਰੈਏ ਜੁਦਾ ਜੁਦਾ ਯਾ ਤ੍ਰੈ ਸਾਡੀ ਗੇਣਤੀ ਵਾਂਙੂੰ ਨਹੀਂ ਹਨ, ਜਿਵੇਂ ਕਿ ਸਾਡੀ ਪ੍ਰਿਥਵੀ ਮੰਡਲ ਦੀ ਗੇਣਤੀ ਵਿਚ ਹੁੰਦਾ ਹੈ। ਏਹ ਤ੍ਰੈਏ ਇਕ ਦੂਜੇ ਦੇ ਅੰਤਰਗਤਿ ਹਨ ਆਤਮ ਰੰਗਾਂ ਵਿਚ। ਯਥਾ:-

ਸੂਖਮ ਮਹਿ ਜਾਨੈ ਅਸਥੂਲੁ॥ (ਸੁਖਮਨੀ ੯-੪)

ਸੋ ਇਹ ਟਿਕਾਣਾ ਇਕੋ ਹੀ ਹੈ, ਦੋ ਤ੍ਰੈ ਨਹੀਂ ਹਨ। ਜਿਵੇਂ ਧਰਮ ਖੰਡ, ਸਰਮ ਖੰਡ, ਕਰਮ ਖੰਡ ਕਹਿਕੇ ਸਭ ਤੋਂ ਉਪਰ ਸਚਖੰਡ ਦੱਸਿਆ ਕਿ ਨਿਰੰਕਾਰ ਓਥੇ ਵਸਦਾ ਹੈ, ਪਰ ਨਾਲ ਹੀ ਦੱਸਿਆ ਹੈ-'ਤਿਥੈ ਖੰਡ ਮੰਡਲ ਵਰਭੰਡ॥' ਅਰਥਾਤ ਸਚਖੰਡ ਵਿਚ ਹੀ ਖੰਡ ਮੰਡਲ ਬ੍ਰਹਮੰਡ ਹਨ। ਤੇ ਫੇਰ ਆਖਿਆ:-

ਜੋ ਬ੍ਰਹਮੰਡਿ ਖੰਡਿ ਸੋ ਜਾਣਹੁ॥ (ਮਾਰੂ ਮ: ੧, ਸੋਹਲੇ ੨੦-੧੪)

ਪੁਨਾ: **ਜੋ ਬ੍ਰਹਮੰਡੇ ਸੋਈ ਪਿੰਡੇ॥** (ਧਨਾਸਰੀ ਪੀਪਾ)

ਇਉਂ ਸਚਖੰਡ ਵਿਚ ਖੰਡ ਮੰਡਲ ਬ੍ਰਹਮੰਡ ਹਨ ਤੇ ਬ੍ਰਹਮੰਡ ਵਾਲਾ ਸਾਰਾ ਕੁਛ (ਪਿੰਡ) ਸਰੀਰ ਵਿਚ ਹੈ ਤੇ ਇਹ ਸਾਰਾ ਕੁਛ ਸੂਖਮਤਾ ਵਿਚ ਹੈ।

ਸੋ ਓਹ 'ਅਪਰੰਪਰ ਪਾਰਬ੍ਰਹਮੁ ਪਰਮੇਸਰੁ' ਸਭ ਤੋਂ ਨਿਆਰਾ, ਨਿਰਾਲਮ ਬੀ ਹੈ ਫੇਰ ਆਪਣਾ ਉੱਚਾ ਥਾਨ ਸਚਖੰਡ ਵਿਚ ਬੀ ਰਖਦਾ ਹੈ, ਅਰਥਾਤ ਆਤਮ ਖੰਡਾਂ ਤੋਂ ਸ਼ਿਰੋਮਣੀ ਖੰਡ ਸਚਖੰਡ ਵਿਚ ਤੇ ਹਰ ਜ਼ੱਰਰੇ (ਕਿਣਕੇ) ਵਿਚ, ਹਰ ਘਟ ਵਿਚ, ਹਰ ਲੋਕ, ਹਰ ਬ੍ਰਹਮੰਡ ਵਿਚ ਬੀ ਰਖਦਾ ਹੈ ਤੇ ਸਾਰੇ ਸਾਮਾਨ ਇਕ ਦੂਜੇ ਦੇ ਅੰਤਰਗਤਿ ਹਨ ਤੇ ਇਉਂ ਉਹ ਟਿਕਾਣਾਂ ਤ੍ਰੈ-ਰੂਪ ਦੱਸਦਾ ਇੱਕੋ ਦਾ ਇੱਕੋ ਹੈ। ਅਸੀਂ ਦੇਸ਼ (Space) ਦੀਆਂ ਤ੍ਰੈ ਲਾਂਭਾਂ ਦੇ ਜਾਣੂ ਹਾਂ (=ਅਰਥਾਤ ਉਚਾਈ, ਚੁੜਾਈ ਤੇ ਲੰਮਾਈ), ਚੌਥੀ ਯਾ ਉਸ ਤੋਂ ਅਗ਼ਲੀ ਲਾਂਭ ਦੇ ਅਸੀਂ ਜਾਣੂ ਨਹੀਂ। ਫੇਰ ਇਸ ਤੋਂ ਅੱਗੇ ਅਦੇਸ਼ ਅਕਾਲ ਦੇ ਅਸੀਂ ਜਾਣੂ ਨਹੀਂ, ਸੋ ਕਾਇਨਾਤ ਦੀਆਂ, ਸਾਥੋਂ ਪਰੇ ਦੀਆਂ ਲਾਂਭਾਂ ਵਿਚ ਤੇ ਦੇਸ਼ ਕਾਲ ਤੋਂ ਬੀ ਪਰੇ ਦੇ ਰੰਗਾਂ ਵਿਚ ਇਹ ਖੇਲ ਹੋਣ ਕਰਕੇ ਸਾਡੀ ਬੁੱਧੀ, ਜੋ ਦੇਸ਼ ਕਾਲ ਵਿਚ ਹੈ ਤੇ ਦੇਸ਼ ਦੀ

---

[੧] ਕੁਦਰਤਿ ਕਰਿਕੈ ਵਸਿਆ ਸੋਇ॥ (ਵਾਰ ਸਿਰੀ ਰਾਗੁ ਮ: ੧-੪)

[੨] ਯਥਾ:ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ॥ (ਬਿਲਾ: ਮ: ੩-੩)

ਦਰਿ ਘਰਿ ਮਹਲੀ ਹਰਿ ਪਤਿ ਰਾਖੈ। (ਆਸਾ ਮ: ੧ ਅਸਟ:- ੮)

ਤ੍ਰੈ ਲਾਂਭ ਤੋਂ ਅੱਗੇ ਨਹੀਂ ਉਠਦੀ, ਸਾਰੇ ਨੂੰ ਅਨੁਭਵ ਨਹੀਂ ਕਰ ਸਕਦੀ[1]। ਅਸੀਂ ਜੋ ਕੁਛ ਖਿਆਲ ਕਰਦੇ ਹਾਂ ਦੇਸ਼ ਕਾਲ ਦੇ ਕਪੜੇ ਪੁਆ ਕੇ ਕਰਦੇ ਹਾਂ ਤੇ ਦੇਸ਼ ਦੀ ਤ੍ਰੈ ਲਾਂਭੀ ਸ਼ਕਲ ਵਿਚ ਕਰਦੇ ਹਾਂ। ਫਿਰ ਪ੍ਰਕ੍ਰਿਤੀ ਦੀ ਸਥੂਲਤਾ ਦੇ ਅਸੀਂ ਕੁਛ ਜਾਣੂ ਹਾਂ, ਪਰ ਇਸ ਦੀ ਸੂਖਮਤਾ ਤੇ ਅਤਿ ਸੂਖਮਤਾ ਦੇ ਅਜੇ ਪੂਰੇ ਜਾਣੂ ਨਹੀਂ ਹਾਂ। ਗੁਰੂ ਜੀ ਨੇ ਇਸੇ ਕਰਕੇ 'ਸੋਦਰੁ' ਵਿਚ ਉਸ ਦਰੁ ਘਰੁ ਨੂੰ 'ਇਕੋ' ਕਰਕੇ ਪੁਛਿਆ ਹੈ। 'ਸੋ ਦਰੁ ਕੇਹਾ ਸੋ ਘਰੁ ਕੇਹਾ'? ਤੇ ਉਤਰ[2] ਵਿਚ ਤ੍ਰੈਏ ਵੰਡਾਂ ਦੱਸਦੇ ਹੋਏ ਬੀ ਦਰ ਘਰ ਇੱਕੋ ਦੀ ਸੈਨਤ ਹੀ ਰਖੀ ਗਏ ਹਨ। ਇਸੀ ਤਰ੍ਹਾਂ ਸਿਰੀ ਰਾਗ ਵਿਚ ਆਪ ਫੁਰਮਾਉਂਦੇ ਹਨ:

ਨਾਨਕ ਦਰੁ ਘਰੁ ਏਕੁ ਹੈ ਅਵਰੁ ਨ ਦੂਜੀ ਜਾਇ॥ (ਸਿਰੀ ਮ:੧, ਅਸਟ:੧੧)

ਸਤਿਗੁਰੂ ਅਰਜਨ ਦੇਵ ਜੀ ਨੇ ਉਹ 'ਊਚਾ ਥਾਉਂ' ਐਉਂ ਵਰਣਨ ਕੀਤਾ ਹੈ:-

ਸਹਜ ਸਿਫਤਿ ਭਗਤਿ ਤਤੁ ਗਿਆਨਾ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥
ਤਹਾ ਸੰਗਤਿ ਸਾਧ ਗੁਣ ਰਸੈ॥ ਅਨਭਉ ਨਗਰੁ ਤਹਾ ਸਦ ਵਸੈ ॥੬॥
ਤਹ ਭਉ ਭਰਮਾ ਸੋਗੁ ਨ ਚਿੰਤਾ॥ ਆਵਣੁ ਜਾਵਣੁ ਮਿਰਤੁ ਨ ਹੋਤਾ ॥
ਤਹ ਸਦਾ ਅਨੰਦ ਅਨਹਤ ਆਖਾਰੇ॥ ਭਗਤ ਵਸਹਿ ਕੀਰਤਨ ਆਧਾਰੇ ॥੭॥
ਪਾਰਬ੍ਰਹਮ ਕਾ ਅੰਤੁ ਨ ਪਾਰੁ॥ ਕਉਣੁ ਕਰੈ ਤਾਕਾ ਬੀਚਾਰੁ ॥
ਕਹੁ ਨਾਨਕ ਜਿਸੁ ਕਿਰਪਾ ਕਰੈ॥ ਨਿਹਚਲ ਥਾਨੁ ਸਾਧ ਸੰਗਿ ਤਰੈ ॥੮॥੪॥

(ਗਉੜੀ ਮ: ੫, ਅਸਟ:੪)

ਸੂਹੀ ਮਹਲਾ ੫॥

ਸੂਖ ਮਹਲ ਜਾ ਕੇ ਊਚ ਦੁਆਰੇ॥ ਤਾ ਮਹਿ ਵਾਸਹਿ ਭਗਤ ਪਿਆਰੇ ॥੧॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ॥ ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ਰਹਾਉ॥
ਤਹ ਗੀਤ ਨਾਦ ਅਖਾਰੇ ਸੰਗਾ॥ ਊਹਾ ਸੰਤ ਕਰਹਿ ਹਰਿ ਰੰਗਾ ॥੨॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥ ਸਾਚ ਨਾਮ ਕੀ ਅੰਮ੍ਰਿਤ ਵਰਖਾ ॥੩॥
ਗੁਹਜ ਕਥਾ ਇਹ ਗੁਰ ਤੇ ਜਾਣੀ॥ ਨਾਨਕੁ ਬੋਲੈ ਹਰਿ ਹਰਿ ਬਾਣੀ ॥੪॥੬॥੧੨॥[3]

ਸਾਧਨ ਪੱਖ-ਜੋ ਪ੍ਰੇਮੀ ਕਰਤਾ ਪੁਰਖ ਦੇ ਗੁਣ ਕਥਨ ਤੇ ਗੁਣ ਗਾਇਨ ਕਰਦੇ ਹਨ, ਇਉਂ ਜਿੰਨਾਂ ਜਿੰਨਾਂ ਪਿਆਰ ਕਰਦੇ ਹਨ ਉੱਨਾ ਮਨ ਵਧੀਕ ਸਫਾ ਹੁੰਦਾ ਹੈ ਤੇ ਟਿਕਦਾ ਹੈ। ਜਿਮ ਦਾ

---

[1] ਕਿਉਂਕਿ ਇਹ ਸਾਮਾਨ ਮਨ ਬੁੱਧੀ ਤੋਂ ਪਰੇ ਦਾ ਹੈ ਇਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਅਗਮ ਤੇ ਅਗਾਧ ਕਿਹਾ ਹੈ, ਯਥਾ:-

ਅਗਮ ਅਗਾਧਿ ਸੁਨਹੁ ਜਨ ਕਥਾ॥ ਪਾਰਬ੍ਰਹਮ ਕੀ ਅਚਰਜ ਸਭਾ॥ (ਸਾਰੰਗ ਮ: ੫, ਅਸਟ:੨)

ਫਿਰ ਉਸਨੂੰ ਦੱਸਿਆ- ਸਤਿ ਪੁਰਖੁ ਸਤਿ ਅਸਥਾਨੁ॥ ਊਚ ਤੇ ਊਚ ਨਿਰਮਲ ਨਿਰਬਾਨੁ॥ (ਸਾ: ਮ: ੫, ਅਸਟ:੨)

ਫਿਰ ਉਸ ਸਭਾ ਨੂੰ ਉਸ ਬੋਲੀ ਤੇ ਉਨ੍ਹਾਂ ਖਿਆਲਾਂ ਵਿਚ ਵਰਣਨ ਬੀ ਕੀਤਾ ਹੈ ਕਿ ਜਿਸ ਤੋਂ ਇਨਸਾਨ ਆਪਣੀ ਸਮਝ ਮੂਜਬ ਕੁਛ ਖਯਾਲ ਮਾਤ੍ਰ ਬਣਾ ਸਕੇ।

[2] ਅਰਥਾਤ ਪ੍ਰਸ਼ਨ ਵਿਚ ਬੀ ਇਕ ਬਚਨ ਹੀ ਵਰਤਿਆ ਹੈ'ਸੋ ਦਰੁ ਕੇਹਾ' ਇਕ ਬਚਨ ਹੈ।

[3] ਪੁਰਾਤਨ ਲੇਖਕਾਂ ਨੇ ਇਸ ਸਥੂਲ ਸ਼ਰੀਰ ਦੇ ਅੰਦਰ ਦੋ ਸਰੀਰ ਹੋਰ ਮੰਨੇ ਹਨ: ਲਿੰਗ ਸ਼ਰੀਰ ਤੇ ਕਾਰਣ ਸ਼ਰੀਰ, ਲਿੰਗ ਸ਼ਰੀਰ ੧੭ ਤੱਤਾਂ ਦਾ ਹੈ, ਇਸ ਸਥੂਲ ਸ਼ਰੀਰ ਤੋਂ ਸੂਖਮ ਹੈ ਤੇ ਸੂਖਮੀ ਗਤੀ ਰਖਦਾ ਹੈ, ਪਰ ਹੈ ਸ਼ਰੀਰ ਉਹ ਬੀ ਪੰਚ ਭੌਤਕ। ਇਸੀ ਤਰ੍ਹਾਂ ਕਾਰਣ ਸ਼ਰੀਰ ਹੋਰ ਸੂਖਮ ਹੈ। ਤ੍ਰੈਏ ਸ਼ਰੀਰ ਸਮਾਪਤ ਹੋਣ ਤਾਂ ਸ਼ੁਧ ਆਤਮਾ ਨਿਕਲਦਾ ਹੈ। ਜਿਵੇਂ ਸੰਤਰੇ ਦੇ ਰਸ ਦੇ ਉਦਾਲੇ ਪਹਿਲੇ ਤੁਰੀਆਂ ਦਾ ਸਰੀਰ ਹੈ। ਤੁਰੀਆਂ ਦੇ ਸਰੀਰਾਂ ਦੇ ਉਦਾਲੇ ਫਾੜੀ ਦਾ ਸਰੀਰ ਹੈ। ਫਾੜੀਆਂ ਦੇ ਸਰੀਰਾਂ ਦੇ ਉਦਾਲੇ ਪੀਲੇ ਛਿੱਲੜ ਦਾ ਸਰੀਰ ਹੈ।

www.sikhbookclub.com

ਗੁਣ ਕੀਰਤਨ ਕਰੀਦਾ ਹੈ ਉਸਦੀ ਸਮੀਪਤਾ ਪ੍ਰਾਪਤ ਹੁੰਦੀ ਹੈ ਤੇ ਅੰਤ ਦਰ ਘਰ ਅਗੇ ਜਾ ਕੀਰਤਨ ਹੁੰਦਾ ਹੈ। ਕਰਤਾ ਪੁਰਖ '**ਬੈਠਾ ਵੇਖੈ ਵਖਿ ਇਕੇਲਾ**' (ਤਿਲੰਗ ਮ: ੧-੫) ਕਿ '**ਸਚਖੰਡਿ ਵਸੈ ਨਿਰੰਕਾਰੁ**॥' ਕਿ '**ਘਟਿ ਘਟਿ ਬਿਆਪਿ ਰਹਿਆ ਭਗਵੰਤ**॥' ਕਿ '**ਧਰਨਿ ਮਾਹਿ ਆਕਾਸ ਪਇਆਲ**[1]॥' (ਸੁਖਮਨੀ ੨੩-੨)

ਫੇਰ ਇਕੋ ਇਕ ਸਭ ਜਾਈ ਸੁਣਦਾ ਹੈ ਤੇ ਪ੍ਰਸੰਨ ਹੋ ਕੇ ਅਗੋਂ ਪਿਆਰ ਕਰਦਾ ਹੈ। ਇਸੇ ਕਰਕੇ ਫੁਰਮਾਇਆ ਹੈ: 'ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥' ਅਰਥਾਤ ਕੇਵਲ ਪੜ੍ਹ ਸੁਣ ਲੈਣਾ ਕਾਫੀ ਨਹੀਂ, ਗੁਣ ਗਾਇਨ ਕਰਨਾ ਤੇ ਐਤਨਾ ਪ੍ਰੇਮ ਨਾਲ ਕਰਨਾ ਕਿ ਕਰਤਾ ਪੁਰਖ ਦਾ ਪ੍ਰਿਯ ਸਰੂਪ ਪ੍ਰੇਮੀ ਨੂੰ ਪਿਆਰਨ ਲਗ ਜਾਵੇ[2]; ਇਹ ਸਾਧਨ ਹੈ ਪ੍ਰਾਪਤੀ ਦਾ, ਇਹ ਸਾਧਨ ਪ੍ਰੇਮ ਹੈ; ਹਾਂ ਪ੍ਰਿਯ ਸਰੂਪ ਨੂੰ ਮਿਲਣੇ ਦਾ ਸਾਧਨ ਪ੍ਰੇਮ ਹੈ।

ਕਾਵ੍ਯ ਪਹਿਲੂ- ਪਉੜੀ ੨੪ ਵਿਚ 'ਵਡਾ ਸਾਹਿਬੁ ਊਚਾ ਥਾਉ' ਕਿਹਾ ਸੀ, ਫੇਰ ਪਉੜੀ ੨੫ ਵਿਚ ਉਸ ਵਡੇ ਸਾਹਿਬ ਦੀ ਦਾਤਾਰਗੀ 'ਬਹੁਤ ਕਰਮੁ ਲਿਖਿਆ ਨਾ ਜਾਇ' ਆਖਕੇ ਦਾਤ ਲੈਣ ਹਾਰਿਆਂ ਦੀ ਬਹੁੱਲਤਾ ਦਰਸਾਈ ਸੀ ਤੇ 'ਵਡਾ ਸਾਹਿਬੁ' ਦਾ ਕੁਛ ਵਰਣਨ ਕੀਤਾ ਸੀ। ਫਿਰ ਸਭ ਤੋਂ ਵੱਡੀ ਦਾਤ ਸਿਫ਼ਤ ਸਲਾਹ ਦੱਸੀ ਸੀ, ਜਿਸ ਨਾਲ (ਪਉੜੀ ੨੬) ਲੈਣਹਾਰ 'ਗੁਣ ਕਹਿ ਗੁਣੀ ਸਮਾਵਣਿਆ' ਦੇ ਵਾਕ ਅਨੁਸਾਰ ਗੁਣੀ ਵਿਚ ਸਮਾਕੇ ਗੁਣੀ ਵਾਂਙੂ ਅਮੁੱਲ ਪਦਵੀ ਤੇ ਪੁੱਜ ਜਾਂਦਾ ਹੈ। ਓਥੇ ਸਿਫਤ ਸਲਾਹ ਕੀਤਾ ਗਿਆ, ਸਿਫਤ ਸਲਾਹ ਕਰਨੇ ਵਾਲਾ, ਉਸਦਾ ਦੇਣ ਲੈਣ-ਸਿਫਤ ਸਲਾਹ ਦਾ ਵਪਾਰ ਆਦਿ-ਸਾਰਾ ਕੁਝ ਅਮੁੱਲ ਪਦ ਦਾ ਵਪਾਰ ਦੱਸਿਆ ਸੀ। ਹੁਣ ਸੁਤੇ ਹੀ ਜੀ ਕਰਦਾ ਹੈ, ਕਿ ਉਸ ਅਮੁੱਲ ਹੀ ਅਮੁੱਲ ਦਾਤੇ ਤੇ ਉਸ ਦੀ 'ਅਮੁੱਲ ਦਾਤ' ਦੇ 'ਲੈਣਹਾਰ' ਦਾ ਅਮੁੱਲ ਤੇ ਅਪੜਾਉ ਦਾ ਕੁਛ ਵਰਣਨ ਹੋ ਸਕੇ। ਪਰ ਆਪ ਨੇ ਇਸੇ ਪਉੜੀ ਵਿਚ ਦੱਸਿਆ ਹੈ ਕਿ ਓਹ ਕਥਨ ਤੋਂ ਪਰੇ ਹੈ। ਇਹ ਇਸ ਲਈ ਹੈ ਕਿ ਮਿਤ ਵਾਲਾ ਅਮਿਤ ਨੂੰ ਆਪਣੇ ਗਜਾਨ ਦਾ ਵਿਖਯ ਸੰਪੂਰਣ ਤੌਰ ਤੇ ਬਣਾ ਨਹੀਂ ਸਕਦਾ, ਇਸੇ ਕਰਕੇ ਵਰਣਨ ਨਹੀਂ ਕਰ ਸਕੀਦਾ। ਪਰ ਨਾਲ ਹੀ ਇਹ ਬੀ ਦੱਸਿਆ ਹੈ ਕਿ ਭਗਤ ਜਨ ਆਖਦੇ ਹਨ, ਪਰ ਓਹ ਅੰਤ ਲੈਣ ਲਈ ਨਹੀਂ ਆਖਦੇ, ਓਹ ਤਾਂ ਆਖਦੇ ਆਖਦੇ ਉਸ ਵਿਚ ਸਮਾ ਜਾਂਦੇ ਹਨ। ਉਨ੍ਹਾਂ ਦਾ ਆਖਣਾ ਸਿਫਤ ਸਲਾਹ ਹੈ। ਸੋ ਸਿਫਤ ਸਲਾਹ ਦੀ ਭਾਵਨਾ ਨਾਲ ਆਖਣਾ, ਉਸ ਵਿਚ ਲਿਵ ਲਾਉਣ ਦਾ (ਸਮਾਈ ਦਾ) ਵਸੀਲਾ ਹੈ ਤੇ ਉਸ ਦੇ ਪਰਮ ਸੁਖ ਨੂੰ ਅਨੁਭਵ ਕਰਨ ਦਾ ਮਾਰਗ ਹੈ। ਯਥਾ:-

ਧਿਆਇ ਧਿਆਇ ਭਗਤਹ ਸੁਖੁ ਪਾਇਆ॥
ਨਾਨਕ ਤਿਸੁ ਪੁਰਖ ਦਾ ਕਿਨੈ ਅੰਤੁ ਨ ਪਾਇਆ॥ (ਸੁਖਮਨੀ ੧੬-੨)

ਇਸ ਪਉੜੀ ਵਿਚ ਉਸੇ ਸਿਫਤ ਸਲਾਹ ਦਾ ਇਕ ਹੋਰ ਦਰਸ਼ਨ ਦਰਸਾਉਂਦੇ ਹਨ, ਜਿਸ ਵਿਚ ਆਪਣੀ ਲਿਖੀ 'ਬ੍ਰਹਮੰਡੀ ਆਰਤੀ' ਦੀ ਤਰ੍ਹਾ 'ਬ੍ਰਹਮੰਡੀ ਕੀਰਤਨ' ਦੀ ਤਸਵੀਰ ਖਿਚ ਦੇਂਦੇ ਹਨ ਕਿ 'ਭਗਤ-ਮਨ' ਜਗਤ ਵਿਚ ਵਾਹਿਗੁਰੂ ਕੀਰਤੀ ਹੋ ਰਹੀ ਅਨੁਭਵ ਕਰੇ। ਸੋ ਪਉੜੀ ੨੭ ਵਿਚ ਗੁਰੂ ਨਾਨਕ ਦੇਵ ਜੀ ਦਾ ਸੁੰਦਰਤਾ ਦਾ ਪਰਮ ਅਨੁਭਵੀ ਮਨ ਉਸ ਸਚੇ ਸਾਹਿਬ ਨੂੰ 'ਸੋ ਪਾਤਿਸਾਹੁ ਸਾਹਾ

---

[1] ਮੋਟੀ ਗੱਲ ਦੇਖੋ ਇਕ ਆਕਾਸ਼ (Space) ਸਾਰੇ ਵਿਸਤ੍ਰਿਤ ਹੈ, ਇਕ ਆਕਾਸ਼ ਕੋਠੇ ਵਿਚ ਹੈ, ਇਕ ਆਕਾਸ਼ ਕੋਠੇ ਵਿਚ ਪਏ ਘੜੇ ਵਿਚ ਹੈ: ਐਉਂ ਤ੍ਰੈ ਆਕਾਸ਼ ਹੋ ਗਏ। ਪਰ ਏਹ ਤ੍ਰੈ ਨਹੀਂ ਤਿੰਨਾਂ ਦਾ ਆਕਾਸ਼ ਇਕੋ ਹੈ ਤੇ ਨਿਰੰਤਰ ਯਾ ਅਵਿਛਿੰਨ ਹੈ। ਤਿਵੇਂ ਪਰਮਾਤਮ ਦੇਵ ਅੰਤਰ, ਬਾਹਰ, ਥਨੰਤਰ, ਤੇ ਅਪਰੰਪਰ ਇਕੋ ਦਾ ਇਕੋ ਪਾਰਬ੍ਰਹਮ ਪਰਮੇਸ਼ੁਰ ਹੈ।

[2] ਗੁਨ ਗਾਵਤ ਤੂਟੈ ਜਮ ਜਾਲੁ॥ (ਬਿਲਾਵਲ ਮਹਲਾ ੫-੨੪)

ਪੁਨਾ: 'ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ॥ (ਵਾਰ ਆਸਾ ਮ: ੧-੧੨)

www.sikhbookclub.com

ਪਾਤਿ ਸਾਹਿਬ' ਦੱਸਕੇ ਉਸ ਦੇ ਮਹਿਲ ਦੇ ਦਰ ਤੇ ਹੋ ਰਹੇ 'ਗੁਣ ਗਾਇਨ' ਤੇ ਮਹਿਲ ਦੇ ਅੰਦਰ 'ਸਰੂਪ ਸਥਿਤੀ' ਦੀ ਨਿਤਜ 'ਇਕਰਸਤਾ[1]' ਨੂੰ 'ਰਾਜ ਦੁਆਰ' ਤੇ 'ਰਾਜ਼ ਘਰ' ਦੇ ਅੰਤ੍ਰੀਵ ਸਥਿਤ ਪਾਤਸ਼ਾਹ ਦੇ ਦਰ ਦੇ ਸੰਗੀਤਕ ਰਸ ਦੇ ਰੂਪਕ ਵਿਚ ਬੰਨ੍ਹ ਵਿਖਾਲਦੇ ਹਨ। ਜਿਸ ਤੋਂ ਉਸ ਦੇ ਸਰਗੁਣ ਸਰੂਪ ਤੇ ਖੇਲ ਦਾ ਰਾਜ ਦੁਆਰੀ ਨਕਸ਼ਾ ਅੱਖਾਂ ਅਗੇ ਕ੍ਰਿਯਾਮਾਨ ਦਿੱਸ ਪੈਂਦਾ ਹੈ। ਕਿਸ ਵਿਸ਼ਾਲਤਾ ਨਾਲ ਕੁਦਰਤੀ ਸਮਾਨਾਂ ਨੂੰ ਕੱਠਿਆਂ ਕਰਦੇ ਹਨ ਕਿ ਸਾਰੇ ਅੱਖਾਂ ਦੇ ਸਾਹਮਣੇ ਗੁਣ ਗਾਇਨ ਕਰਨ ਲਗ ਪੈਂਦੇ ਹਨ ਤੇ ਈਸ਼ਰ, ਬ੍ਰਹਮਾ, ਦੇਵੀ, ਇੰਦਰ ਆਦਿ ਜਮ ਦੇ ਨਾਦ, ਪਉਣ, ਪਾਣੀ ਅਗਨੀ ਦੇਵਤਾ ਤੇ ਫੇਰ ਧਰਤੀ ਤੋਂ ਉਠਕੇ ਸਿਧ, ਨਾਥ, ਬੁਧ, ਮੁਨੀ, ਜੋਧੇ ਆਦਿ ਖੜੇ ਕੀਰਤਨ ਕਰ ਰਹੇ ਦਿੱਸਦੇ ਹਨ ਤੇ ਇਹ ਕੀਰਤਨ ਬ੍ਰਹਮੰਡ, ਆਤਮ ਖੰਡ ਤੇ ਮੰਡਲ ਕੀਰਤਨ ਵਿਚ ਜਾ ਸ਼ਾਮਲ ਹੁੰਦੇ ਹਨ। ਸਾਰੇ ਜਸ ਗਾਇਨ ਕਰਦੇ ਮਨੋਹਰ ਸੁਰਾ ਕਰਦੇ ਸੁਣਾਈ ਦੇਣ ਲਗ ਪੈਂਦੇ ਹਨ। ਭਾਵ ਸਿਫਤ ਸਲਾਹ ਵਿਚ ਲੈ ਜਾਕੇ ਵਿਸਮਾਦ ਵਲ ਰਹਿਨੁਮਾਈ ਕਰਨ ਦਾ ਹੈ। ਇਹ ਕਵਿਤਾ ਦੇ ਪੱਖ ਦਾ ਕਮਾਲ ਹੈ। 'ਗਗਨ ਮੈ ਥਾਲ···' ਕੁਦਰਤੀ ਆਰਤੀ ਹੈ; 'ਸੋ ਦਰੁ ਕੇਹਾ··' ਕੁਦਰਤ ਦਾ ਸੰਗੀਤ ਹੈ।

ਦਾਰਸ਼ਨਿਕ ਪਹਿਲੂ- ਇਸ ਵਿਚ ਇਹ ਹੈ ਕਿ '····ਸਦਾ ਸਚੁ ਸਾਹਿਬੁ ਸਾਚਾ·······ਹੈ ਭੀ ਹੋਸੀ ਜਾਇ ਨ ਜਾਸੀ' ਕਹਿਕੇ ਉਸ ਦੇ ਨਿਰਗੁਣ ਸਰੂਪ ਨੂੰ ਵਰਣਨ ਕਰਦੇ ਹਨ, ਘਰ ਤੇ ਦਰ ਦੇ ਬਾਹਰ ਸਾਰੇ ਬ੍ਰਹਮੰਡ ਦੇ ਅਜੀਵ, ਜੀਵ ਧਾਰੀ ਤੇ ਰੂਹਾਨੀ ਰੂਪਾਂ ਵਾਲੇ ਕੀਰਤਨ ਕਰ ਰਹੇ ਦੱਸਕੇ ਉਸ ਦਾ ਆਪੋ ਆਪਣੀ ਸਾਜੀ 'ਸਰਗੁਣ ਅਵਸਥਾ' ਦਾ ਜਲਵਾ ਦਿਖਾਉਂਦੇ ਹਨ ਤੇ 'ਸੋਈ ਸੋਈ····· ਰਚਨਾ ਜਿਨਿ ਰਚਾਈ' ਕਹਿਕੇ ਦੱਸ ਦੇਂਦੇ ਹਨ ਕਿ ਉਹੋ ਨਿਰਗੁਣ ਹੈ ਉਹੋ ਸਰਗੁਣ ਹੈ ਤਾਂਕਿ ਦੋ ਭਿੰਨ ਵਜੂਦ ਨਾ ਸਮਝੇ ਜਾਣ:-

ਸਰਗੁਣ ਨਿਰਗੁਣ ਥਾਪੈ ਨਾਉ॥ ਦੁਹ ਮਿਲਿ ਏਕੈ ਕੀਨੋ ਠਾਉ॥ (ਆਸਾ ਮ: ੫-੬੮)

ਪੁਨਾ:- **ਨਿਰਗੁਨੁ ਆਪਿ ਸਰਗੁਨੁ ਭੀ ਓਹੀ॥**
ਕਲਾ ਧਾਰਿ ਜਿਨਿ ਸਗਲੀ ਮੋਹੀ॥ (ਸੁਖਮਨੀ ੧੮-੮)

ਤਥਾ:- **ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥** (ਬਿਲਾ ਮ: ੫-੧੧੭)

'ਸੋਈ ਸੋਈ' ਇਹ ਪਦ ਦੁਹਰਾ ਕੇ ਅਪਣੇ ਕਥਨ ਵਿਚ ਕਿਤਨੀ ਜਾਨ ਪਾਈ ਹੈ ਕਿ ਕੋਈ ਲੰਮੀ ਇਬਾਰਤ ਨਾਂ ਵਰਣਨ ਕਰ ਸਕੇ। ਫੇਰ ਦੇਖੋ ਆਪ ਦਾ ਪ੍ਰੇਮ ਉਮਾਹੂ ਹਿਰਦਾ ਇਸ ਸਾਰੀ ਤਸਵੀਰ ਨੂੰ ਸਰਗੁਣ ਰੰਗਾਂ ਵਿਚ ਖਿਚਦਿਆਂ, ਨਿਰਗੁਣਤਾ ਦਾ ਪ੍ਰਭਾਵ ਦਰਸਾਉਂਦਿਆਂ ਆਪਣੇ 'ਪ੍ਰੇਮ' ਦੇ ਖ਼ਤ[2] ਐਸੀ ਨਜ਼ਾਕਤ ਨਾਲ ਵਾਹ ਗਿਆ ਹੈ ਕਿ ਸਾਰੇ ਰੂਪਕ ਵਿਚ ਉਹ ਮਾਨੋ ਤਸਵੀਰ ਉਤੇ ਚਾਨਣਾ ਪਾਉਣ ਵਾਲਾ ਸੂਰਜ ਹੈ।

'ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ', ਇਥੇ 'ਸੇਈ' ਇਕ ਪਦ ਨੇ ਸਪਸ਼ਟ ਕਰ ਦਿੱਤਾ ਹੈ ਕਿ ਸਾਰੀ 'ਕੁਦਰਤੀ ਗੁਣ ਗਾਇਕ ਸਭਾ' ਵਿਚ 'ਰਸਾਲ ਭਗਤੀ ਵਿਚ ਰਤੇ' ਹੋਏ ਜੋ ਗਾ ਰਹੇ ਹਨ, ਏਹ ਓਹ ਹਨ ਜਿਨ੍ਹਾਂ ਨੂੰ ਮੈਂ ਪਿਆਰ ਕਰਦਾ ਹਾਂ। ਮਾਨੋ ਇਹ ਜਣਾ ਰਹੇ ਹਨ ਕਿ ਹੋਰ ਤਾਂ 'ਦਰ' ਉਤੇ ਖੜੇ ਗਾਉਂ ਰਹੇ ਹਨ ਪਰ ਇਹ 'ਘਰ' ਵਿਚ ਪਹੁੰਚੇ ਹੋਏ ਹਨ ਜੋ ਅਤਿ ਪ੍ਰੇਮ ਵਿਚ ਭਿੱਜੇ ਪ੍ਰੇਮ ਰੂਪ ਹੋਏ ਹਰੀ ਦਾ ਰੂਪ ਹੋ ਰਹੇ ਹਨ[3]।

---

[1]ਇਕ ਰਸ ਸਥਿਤੀ

[2] ਉਹ ਨਾਜ਼ਕ ਲਕੀਰਾਂ ਜੋ ਮੁਸੱਵਰ ਤਸਵੀਰ ਬਣਾਉਂਦਿਆਂ ਤਸਵੀਰ ਵਿਚ ਵਾਹੁੰਦਾ ਹੈ, ਜਿਨ੍ਹਾਂ ਨਾਲ ਤਸਵੀਰ ਵਿਚ ਭਾਵ ਮੂਰਤੀਮਾਨ ਹੋ ਜਾਂਦੇ ਹਨ।

[3] ਜੋ ਤਉ ਕੀਨੇ ਆਪਣੇ ਤਿਨਾ ਕੂੰ ਮਿਲਿਓਹਿ॥ ਆਪੇ ਹੀ ਆਪਿ ਮੋਹਿਓਹੁ ਜਸੁ ਨਾਨਕ ਆਪਿ ਸੁਣਿਓਹਿ॥
(ਸਿਰੀ ਰਾਗੁ ਛੰਤ ਮ: ੫-੩)

ਪੁਰਾਤਨ ਸਮੇਂ ਪਾਤਸ਼ਾਹੀ ਮਹਲ ਦਾ 'ਦਰ' ਯਾ 'ਦਰਵਾਜ਼ਾ' ਹੁੰਦਾ ਸੀ ਜਿਥੇ ਨਕੀਬ ਗਾਇਆ ਵਜਾਇਆ ਕਰਦੇ ਸਨ, ਦਰ ਦੇ ਨਾਲ ਹੀ ਦਰਬਾਰਿ ਆਮ ਹੁੰਦਾ ਸੀ, ਜਿਥੇ ਕੰਮ ਹੁੰਦਾ ਸੀ, ਅਗੇ ਦਰਬਾਰੇ ਖਾਸ ਹੁੰਦਾ ਸੀ।

www.sikhbookclub.com

ਅੰਤ ਦੀ ਅੱਧੀ ਤੁਕ ਵਿਚ ਓਥੇ ਅੱਪੜਨ ਦਾ ਸਾਧਨ ਰੂਪ ਵਿਚ ਆਪਣਾ ਸਿਧਾਂਤ 'ਰਜ਼ਾ ਪੁਰ ਟੁਰਨੇ ਦਾ' ਦਰਸਾ ਦਿੱਤਾ ਹੈ। ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਉਸ ਦੀ ਰਜ਼ਾ ਵਿਚ ਰਹੋ। ਮਾਨੋ ਉਹ 'ਮਹਾਨ ਸੰਗੀਤ ਸੁਰ' ਹੈ, ਬਾਜ਼ ਦੀ ਤਾਰ ਹੈ, ਉਸ ਵਿਚ ਅਪਣੀ ਨਿੱਕੀ ਮਰਜ਼ੀ ਦੀ ਸੁਰ (ਤਰਬ) ਨੂੰ ਇਕ ਸੁਰ ਕਰ ਲਓ, ਇਕ ਰਸ ਕਰ ਲਓ, ਇਹੋ ਮਾਰਗ ਉਸ ਨੂੰ ਮਿਲਨੇ ਦਾ ਹੈ। ਇਹੋ ਗਲ ਜਪੁਜੀ ਦੇ ਆਦਿ ਵਿਚ ਫੁਰਮਾਈ ਸੀ:-

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਨਿਰੁਕਤ--ਦਰੁ--(ਫਾ:, ਦਰ) ਦਰਵਾਜ਼ਾ। (ਸੰਸ:, ਦ੍ਵਾਰ) ਬੂਹਾ।

ਸਮਾਲੇ-ਸੰਭਾਲਦਾ ਹੈ, ਭਾਵ ਦੇਖਦਾ ਹੈ ਤੇ ਹਰ ਤਰ੍ਹਾਂ ਖ਼ਬਰਗੀਰੀ ਕਰਦਾ ਹੈ।

ਵਾਜੇ-(ਸੰਸ:, ਵਾਦਨੰ)ਵਜਾਉਣਾ, ਪੰਜਾਬੀ ਵਜਾਉਣਾ, ਵਾਉਣਾ, ਸਾਜ਼ ਜਿਨ੍ਹਾਂ ਤੋਂ ਰਾਗ ਵਜਾਇਆ ਜਾਵੇ। ਸੁਰ ਤੇ ਤਾਰ ਦੋਹਾਂ ਤੇ ਸਾਜ਼ਾਂ ਨੂੰ ਵਾਜਾ ਕਹਿ ਲੈਂਦੇ ਹਨ।

ਨਾਦ-(ਸੰਸ:) ਸ਼ਬਦ, ਰਾਗ।

ਵਾਵਣਹਾਰੇ-ਵਜਾਉਣ ਵਾਲੇ।

ਪਰੀ-(ਫਾ:, ਪਰੀ) ਇਕ ਦਿੱਬ ਰੂਪ ਵਾਲੀ ਜਾਤੀ ਸਮਝੀ ਜਾਂਦੀ ਹੈ, ਪਰ ਏਥੇ ਭਾਵ ਰਾਗਾਂ ਦੀਆਂ ਰਾਗਣੀਆਂ ਤੋਂ ਹੈ। ਰਾਗ ਰਾਗਣੀਆਂ 'ਹਰੀ ਕੇ ਦੁਅਰਾ' ਯਾ 'ਗੁਰ ਕੇ ਦੁਆਰ' ਆਪ ਗਾਉਣ ਆਉਂਦੀਆਂ ਹਨ, ਇਹ ਭਾਵ ਗੁਰਬਾਣੀ ਵਿਚ ਕਈ ਥਾਈਂ ਆਇਆ ਹੈ, ਯਥਾ-

ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥ (ਅਨੰਦ-੧)

ਪੁਨਾ:-**ਰਾਗ ਰਾਗਨੀ ਮੰਗਲੁ ਗਾਇਆ॥** (ਭਾ: ਗੁ: ਵਾਰ ੧-੩੭)

ਤਥਾ- **ਰਾਗ ਰਤਨ ਪਰੀਆ ਪਰਵਾਰ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥** (ਆਸਾ ਮ: ੧-ਚਉਪਦਾ-੯)

ਰਾਜਾ ਧਰਮੁ- ਧਰਮ ਰਾਜਾ

ਚਿਤੁ ਗੁਪਤੁ-ਗੁਪਤ ਚਿੱਤਰਾਂ ਦੇ ਲਿਖਾਰੀ ਦੇਵਤਾ। ਕੀਤੇ ਕਰਮਾਂ ਦੇ ਗੁਪਤ ਚਿੱਤਰ-ਲੇਖਕ ਦੇਵਤਾ। (ਅ) ਚਿੱਤਰ ਜੋ ਗੁਪਤ ਹਨ।

ਈਸਰ-(ਸੰਸ:, ਈਸ਼੍ਵਰ, ਐਸ਼੍ਵਰਜ ਵਾਲਾ। ਸ਼ਿਵ) ਇਥੇ ਭਾਵ ਸ਼ਿਵ ਤੋਂ ਹੈ।

ਇਦਾਸਣਿ-(ਸੰਸ:, ਇੰਦ੍ਰ+ਆਸਣ) ਇੰਦ੍ਰ ਦੇ ਆਸਣ ਉਤੇ।

ਸਿਧ-(ਸੰਸ:, ਸਿਦ੍ਧ))(੧) ਜੋਗੀਆਂ ਦੇ ਵੱਡੇ। (੨) ਜੈਨੀਆਂ ਦੇ ਵੱਡੇ। (੩) ਸਿਧੀ ਨੂੰ ਪ੍ਰਾਪਤ ਪੁਰਖ। ਕਾਮਯਾਬ ਪੁਰਖ।

ਜਤੀ-(ਸੰਸ:) ਇਸਤ੍ਰੀ ਭੋਗ ਤੋਂ ਰਹਿਤ। ਜੋ ਕਾਮ ਚੇਸ਼ਟਾ ਤੋਂ ਆਪ ਨੂੰ ਬਚਾਈ ਰਖੇ।

ਸਤੀ-ਦਾਨੀ। ਸੱਚੇ।

ਵੀਰ ਕਰਾਰੇ-ਕਰਾਰੇ ਵੀਰ। ਤਕੜੇ ਸੂਰਮੇ।

ਰਖੀਸਰ-(ਸੰਸ;,ਰਿਖੀਸ਼੍ਵਰ) ਵੱਡੇ ਰਿਖੀ।

ਮੋਹਣੀਆ--(ਸੰਸ;, ਮੋਹਨਿ) ਮੋਹ ਲੈਣ ਵਾਲੀਆਂ ਇਸਤ੍ਰੀਆਂ। ਸੁੰਦਰ ਤ੍ਰੀਮਤਾਂ।

ਮਛ-(ਸੰਸ:, ਮਰ੍ਤ੍ਯ) ਮਾਤ ਲੋਕ। ਧਰਤੀ।

ਪਇਆਲ-(ਸੰਸ:, ਪਾਤਾਲ)ਪਾਤਾਲ।

ਰਤਨ-(ਸੰਸ:, ਰਤ੍ਨ) ੧. ਜ੍ਵਾਹਰਾਤ ਜੋ ਨੌਂ ਗਿਣਦੇ ਹਨ: ਹੀਰਾ, ਪੰਨਾ, ਪੁਖਰਾਜ,

 www.sikhbookclub.com

ਨੀਲਮ, ਮਾਣਕ, ਲਹਸੁਨਿਯਾ, ਗੋਮੇਦ, ਗੁੱਲੀਆ, ਮੋਤੀ। (ਦੇਖੋ ਪਿਛੇ ਪੰਨਾ ੬੮ ਦਾ ਫੁਟ ਨੋਟ)। ੨. ਅਮੋਲਕ ਤੇ ਕੀਮਤੀ ਵਸਤਾਂ। ੩. ਸਮੁੰਦਰ ਵਿਚੋਂ ਨਿਕਲੇ ਚੌਦਾਂ ਅਮੋਲਕ ਸਾਮਾਨ ਤੇ ਵਜਕਤੀਆਂ: ੧. ਧਨੰਤਰ ਵੈਦ, ੨. ਸੁਧਾ (ਅੰਮ੍ਰਿਤ), ੩. ਉਚੈਸ਼੍ਰੇਵਾ ਘੋੜਾ, ੪. ਐਰਾਵਤ ਹਾਥੀ, ੫. ਕਾਮਧੇਨ ਗਊ, ੬. ਕਲਪ ਬ੍ਰਿਛ (ਦ੍ਰੁਮ), ੭. ਰੰਭਾ ਅਪਸਰਾ, ੮. ਲੱਛਮੀ, ੯. ਕਾਲਕੂਟ (ਵਿੱਖ), ੧੦. ਸੁਰਾ (ਸ਼ਰਾਬ), ੧੧. ਦਿਜਰਾਜ (ਚੰਦ੍ਰਮਾ), ੧੨. ਸ਼ੰਖ, ੧੩. ਕੌਸਤਭ ਮਣੀ, ੧੪. ਯੱਗ ਵਿਚ ਹੋਮ ਕਰਣ ਦੀ ਸਮਗਰੀ ਘਿਉ ਆਦਿ।

ਜੋਧ-ਜੋਧਾ, ਰਥੀ।　　**ਮਹਾਬਲ**--ਮਹਾਂ ਬਲੀ=ਮਹਾ ਰਥੀ।　　**ਸੂਰਾ**--ਅਤਿਰਥੀ।[1]

ਗਜਾਨੀ ਸੱਜਣ ਐਉਂ ਬੀ ਦੱਸਦੇ ਹਨ:-ਹਜ਼ਾਰ ਨਾਲ ਲੜੇ ਸੋ ਸੂਰਮਾ, ਜੋ ੧੦ ਹਜ਼ਾਰ ਨਾਲ ਲੜੇ ਸੋ ਜੋਧਾ, ਜੋ ਬਿਅੰਤਾਂ ਨਾਲ ਲੜੇ ਸੋ ਮਹਾਂ ਰਥਿ॥

ਆਤਮ ਪੱਖ ਵਿਚ ਐਉਂ ਬੀ ਭਾਵ ਕੱਢੀਦਾ ਹੈ:-ਜੋਧ=ਜਿਨ੍ਹਾ ਨੇ ਇੰਦ੍ਰਿਆਂ ਨੂੰ ਵਿਕਾਰਾਂ ਤੋਂ ਰੋਕ ਲਿਆ ਹੈ। ਮਹਾਂ ਬਲੀ=ਜਿਨ੍ਹਾਂ ਨੇ ਮਨ ਨੂੰ ਭੋਗ ਵਿਲਾਸਾਂ ਵੱਲ ਰੁਚੀ ਕਰਨ ਤੋਂ ਰੋਕ ਲਿਆ ਹੈ। ਸੂਰਾ=ਜਿਸ ਨੇ ਹਉਮੈ ਤੇ ਫਤਹ ਪਾਈ ਹੈ।

ਕ੍ਰਮ ਅਨੁਸਾਰ ਸਰੀਰ ਇੰਦ੍ਰੇ ਤੇ ਮਨ ਬੀ ਅਰਥ ਲੈਂਦੇ ਹਨ।

ਖਾਣੀ ਚਾਰੇ-ਚਾਰ ਖਾਣੀਆਂ ਤੋਂ ਉਪਜੇ ਜੀਵ: ੧. ਅੰਡਿਆਂ ਤੋਂ ਉਪਜੇ ਜੈਸੇ ਪੰਛੀ, ੨. ਜੇਰ ਤੋਂ ਉਪਜੇ ਜੈਸੇ ਮਾਨੁਖ ਆਦਿ, ੩. ਪਸੀਨੇ ਵਿਚ ਨਿੰਮਣ ਵਾਲੇ ਜੈਸੇ ਜੂੰ। ਇਕ ਦਾਨੇ ਸੱਜਣ ਜੀ ਨੇ ਦੱਸਿਆ ਹੈ ਕਿ 'ਸੇ ਤਜ' ਦਾ ਅਰਥ ਹੈ ਜੋ ਆਪਣੇ ਸਰੀਰ ਦੇ ਹਿੱਸਿਆਂ ਦੇ ਜੁਦਾ ਹੋਣ ਤੋਂ ਹੀ ਬਣੇ। ਸੇ=ਸ੍ਵੈ+ਤਜ=ਛੱਡ ਛੱਡਕੇ, ਅਪਣੇ ਹੀ ਹਿੱਸੇ ਕਰ ਕਰਕੇ ਜੋ ਬਣੇ। ਜਿਤਨੇ ਜਰਮਜ਼ (germs) ਆਦਿ ਦੱਸੀਦੇ ਹਨ ਸਾਰੇ ਐਉਂ ਹੀ ਬਣਦੇ ਹਨ। ਐਸੇ ਜੀਵ ਹਨ ਜੋ Self-division ਨਾਲ propagate ਹੁੰਦੇ ਹਨ, ਜਿਵੇਂ ਕਿ Amoeba.

ਵਰਭੰਡ-(ਸੰਸ:, ਬ੍ਰਹਮੰਡ) ਬ੍ਰਹਮੰਡ।

ਮੰਡਲ-(ਸੰਸ:,) ੧. ਕੋਈ ਹਿੱਸਾ ਪ੍ਰਿਥਵੀ ਦਾ, ੪੦ ਜੋਜਨ ਲੰਮਾ ੨੦ ਜੋਜਨ ਚੌੜਾ। ੨. ਮੰਡਲ ਤੋਂ ਲੋਕ ਦਾ ਬੀ ਅਰਥ ਲੈਂਦੇ ਹਨ, Sphere, ੩. ਮੰਡਲ=ਸਮੁਦਾਇ, ਯਥਾ-ਤਾਰਕਾ ਮੰਡਲ।

ਖੰਡ-(ਸੰਸ:) ਹਿੱਸਾ। ਸਾਰੀ ਪ੍ਰਿਥਵੀ ਦੇ ਨੌਂ ਖੰਡ ਹਨ, ੨. ਅਦ੍ਰਿਸ਼ਜ ਲੋਕ ਜੈਸੇ ਸਚਖੰਡ।

ਰੰਗੀ ਰੰਗੀ ਭਾਤੀ-ਰੰਗ ਰੰਗ ਦੀ, ਭਾਂਤ ਭਾਂਤ ਦੀ, ਜਿਨਸ ਜਿਨਸ ਦੀ। ਭਾਵ ਕਿਸਮ ਉਸ ਤੋਂ ਅਗੋਂ ਇਕ ਇਕ ਦੀ ਕਿਸਮ, ਉਸ ਤੋਂ ਅਗੋਂ ਫਿਰ ਇਕ ਇਕ ਦੀ ਕਿਸਮ।

ਪਾਤਿਸਾਹੁ-(ਫਾ:, ਪਾਦ=ਤਖਤ। ਸ਼ਾਹ=ਸਾਹਿਬ, ਮਾਲਕ) ਪਾਤਸ਼ਾਹ।

(ਪਉੜੀ ੨੮-੨੯)

ਪ੍ਰਾਕ੍ਥਨ- ਪਹਿਲੀ ਪਉੜੀ ਵਿਚ ਫੁਰਮਾਇਆ ਸੀ: 'ਹੁਕਮਿ ਰਜਾਈ ਚਲਣਾ' ਫੇਰ ਹੁਕਮ ਤੇ ਚਲਣ ਦੀ ਵਿਧੀ, ਸਾਧਨ, ਉਪਰਾਲੇ ਤਰ੍ਹਾਂ ਤਰ੍ਹਾਂ ਦੀ ਵਜਾਖਜਾ ਨਾਲ ਵਰਣਨ ਹੁੰਦੇ ਰਹੇ। ਓਹ ਸਾਰੇ 'ਅੰਤਰ ਮੁਖ-ਇਸਥਿਤੀ' ਯਾ 'ਧਜਾਨ-ਪ੍ਰਪੱਕਤਾ' ਦੀ ਵਿਉਂਤ ਦੇ ਤਰੀਕੇ ਸਨ-'**ਪੰਚਾ ਕਾ ਗੁਰੁ ਏਕੁ ਧਿਆਨੁ**' (ਪਉੜੀ ੧੬) ਇਸ ਤੋਂ ਮਗਰੋਂ 'ਬਾਹਰਲੇ ਦ੍ਰਿਸ਼ਜ' ਤੋਂ 'ਅੰਤਰਮੁਖ ਵਿਸਮਾਦੀ ਰੰਗ ਅੱਪੜਨ' ਦੀ ਵਜਾਖਜਾ ਟੁਰੀ ਸੀ ਕਿ ਦ੍ਰਿਸ਼ਟਮਾਨ ਵਿਚ ਜਦ ਕਰਤਾ ਪੁਰਖ ਦੇ ਕਰਣਿਆਂ ਵਿਚ

[1] ਇਸਦਾ ਐਉਂ ਬੀ ਭਾਵ ਲੈਂਦੇ ਹਨ:-ਸ਼੍ਰਵਣ ਕਰਨ ਵਾਲੇ 'ਰਥੀ' ਹਨ, ਮੰਨਣ ਕਰਨ ਵਾਲੇ ਅਤਿ ਰਥੀ, ਨਿਧਿਆਸਣ ਕਰਨ ਵਾਲੇ ਮਹਾਂ ਬਲਿ (ਰਥੀ) ਹਨ।

www.sikhbookclub.com

ਜਾਓਗੇ ਤਾਂ ਵਿਸ਼ਾਲਤਾ ਦਿੱਸੇਗੀ, ਜੇ ਵਿਸ਼ਾਲਤਾ ਵਿਚ ਇਸ ਦਾ ਅੰਤ ਲੈਣ ਲਈ ਜਾਓਗੇ ਤਾਂ ਵਾਕਫੀ ਕੁਛ ਵਧੇਗੀ ਪਰ ਥੱਕ ਹਾਰ ਜਾਓਗੇ। ਪਰ ਜੇ ਰਚਨਾ ਦੀ ਬਹੁੱਲਤਾ, ਸੁੰਦਰਤਾ, ਅਗੰਮਤਾ ਦੇਖ ਦੇਖ ਕੇ ਇਸ ਦੇ ਕਰਤਾ ਪੁਰਖ ਦੀ ਸਿਫਤ ਸਲਾਹ ਵਿਚ ਜਾਓਗੇ ਯਾ ਸਿਧੇ ਸੌਂਦਰਯ ਦੇ ਝਲਕੇ ਨਾਲ ਵਿਸਮਿਤ ਹੁੰਦੇ ਵਿਸਮਾਦ ਵਿਚ ਜਾਓਗੇ ਤਾਂ ਟਿਕ ਜਾਓਗੇ, ਲਿਵ ਲਗੇਗੀ ਤੇ ਪੰਚ ਬਣੋਗੇ। ਇਹ ਤਰੀਕਾ ਸੀ ਬਾਹਰ ਮੁਖੀ ਦਰਸ਼ਨਾਂ ਨਾਲ ਬਾਹਰ ਮੁਖੀ ਨਾ ਹੋਣਾ, ਸਗੋਂ ਕੁਦਰਤ ਦੇ ਦਿਦਾਰਿਆਂ ਨਾਲ ਬੀ ਅੰਤ੍ਰੀਵ ਇਸਥਿਤੀ ਦੀ ਹੀ ਪ੍ਰਪੱਕਤਾ ਕਰ ਲੈਣੀ। ਇਸੇ ਲਈ ਪਿਛਲੀ 'ਸੋ ਦਰੁ' ਦੀ ਪਉੜੀ ਵਿਚ ਰਚਣਹਾਰ ਦੀ ਰਚਨਾ ਵਿਚੋਂ ਉਸ ਦੀ ਦਰਗਾਹ ਦੇ ਕੀਰਤਨ ਸਮਾਜ ਦਾ ਦਰਸ਼ਨ ਦਿਖਾਇਆ ਸੀ ਤੇ ਉਸ ਦੀ ਸਿਫਤ ਸਲਾਹ ਦਾ ਰੰਗ ਲਾ ਕੇ ਉਸੇ ਦੇ ਕਰਤਾ ਕਾਦਰੀ ਦਰਸ਼ਨਾਂ ਵਿਚ ਲੈ ਗਏ ਸਨ- ਤੇ ਫੇਰ ਰਜ਼ਾ ਵਿਚ ਟੁਰਨਾ ਸਿਖਾਇਆ ਸੀ ਇਹ ਕਹਿਕੇ:-

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥੨੭॥ (ਜਪੁਜੀ)

'ਅੰਤ੍ਰੀਵ ਧਯਾਨ' ਦੁਆਰਾ ਤੇ 'ਬਾਹਰਲੇ ਵਿਸਮਾਦੀ' ਦਰਸ਼ਨ; ਦੁਹਾਂ ਤਰੀਕਿਆਂ ਨਾਲ 'ਉਸ ਦੀ ਰਜ਼ਾ ਵਿਚ ਇਕ ਸੂਰ ਹੋ ਜਾਣਾ' ਇਹ ਮਾਰਗ ਆਪਣੀ ਪੇਮਾ-ਭਗਤੀ ਦਾ ਸਿਖਾ ਦਿਤਾ ਹੈ ਇਹ ਆਖਕੇ :'**ਨਾਨਕ ਰਹਣੁ ਰਜਾਈ**'; ਪਰ ਏਥੇ ਆ ਕੇ ਮਾਨੋਂ ਪ੍ਰਸ਼ਨ ਹੋਇਆ ਹੈ ਕਿ ਹੇ ਗੁਰੂ ਜੀ! ਇਕ ਤਰੀਕਾ ਗੋਰਖ ਮਤ ਵਾਲੇ ਜੋਗੀਆਂ ਦਾ ਹੈ ਜੋ ਬੜਾ ਪ੍ਰਵਿਰਤ ਹੈ, ਅਤੇ ਇਕ ਹੋਰ ਤਰੀਕਾ 'ਅਹੰ ਬ੍ਰਹੁਮਾਸਿਮ' ਕਹਿਕੇ ਇਕ ਈਸ਼੍ਵਰ ਰੂਪ ਹੋ ਜਾਣੇ (ਗਯਾਨ) ਦਾ ਹੈ; ਤੇ ਹੋਰ ਬੀ ਕਈ ਤਰੀਕੇ ਹਨ, ਇਨ੍ਹਾਂ ਬਾਬਤ ਆਪ ਦੀ ਕੀਹ ਆਗਿਆ ਹੈ?

ਗੁਰੂ ਜੀ ਹੁਣ ਅਗਲੀਆਂ ਚਾਰ ਪਉੜੀਆਂ (੨੮ ਤੋਂ ੩੧) ਵਿਚ ਉਸ ਵੇਲੇ ਦੇ ਫੈਲੇ ਹੋਏ ਜੋਗ ਮਤ ਨੂੰ ਲੈਂਦੇ ਹਨ ਤੇ ਉਹਨਾਂ ਦੇ ਪਰਮ ਜ਼ਰੂਰੀ ਸਮਝੇ ਗਏ ਅੰਗਾਂ ਵਿਚੋਂ ਇਕ ਇਕ ਨੂੰ ਲੈਕੇ ਉਹਨਾਂ ਦੀ ਥਾਵੇਂ ਅਪਣੇ ਸਦਾਚਾਰੀ, ਰਹੱਸਜਕ ਤੇ ਭਗਤੀ ਵਾਲੀਆਂ ਸ਼ੁਭ ਕਰਨੀਆਂ ਤੇ ਅੰਤ੍ਰੀਵ ਭਾਵਾਂ ਨੂੰ ਦਰਸਾਕੇ ਈਸ਼੍ਵਰ ਪਰਾਇਣਤਾ ਦੀ ਵਿਸ਼ੇਸ਼ਤਾ ਦਰਸਾਉਂਦੇ ਹਨ। ਫੇਰ ੩੨ਵੀਂ ਪਉੜੀ ਵਿਚ ਦੱਸਦੇ ਹਨ ਕਿ ਲੱਖਤਾ ਵਿਹੂਣੀਆਂ 'ਅਹੰਬ੍ਰਹੁਮਾਸਿਮ' ਦੀਆਂ ਠੀਸਾਂ (ਗੱਪਾਂ) ਮਾਰਨ ਨਾਲ ਕੂੜ ਪੱਲੇ ਪੈਂਦਾ ਹੈ। ਈਸ਼੍ਵਰ ਮਿਲਾਪ ਦਾ ਠੀਕ ਰਸਤਾ ਹੈ 'ਨਾਮ ਸਿਮਰਣ'। ਫਿਰ ੩੩ਵੀਂ ਪਉੜੀ ਵਿਚ ਦੱਸਦੇ ਹਨ ਕਿ 'ਈਸ਼੍ਵਰ ਪਰਾਇਣਤਾ' ਤੋਂ ਬਿਨਾਂ 'ਜ਼ੋਰ' ਸਹਿਜ ਪ੍ਰਾਪਤੀ ਵਿਚ ਅਸਫਲ ਰਹਿੰਦਾ ਹੈ। ਪਹਿਲੇ ਹੁਣ ਜੋਗ ਨੂੰ ਲੈਂਦੇ ਹਨ:

ਮੂਲ	ਅਰਥ
ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥ ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥ ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥	(ਅਸੀਂ) ਸੰਤੋਖ ਦੀਆਂ ਮੁੰਦਰਾਂ (ਪਹਿਨਦੇ ਹਾਂ) ਖੱਪਰ ਤੇ ਝੋਲੀ ਦੀ ਥਾਵੇਂ ਲੱਜਜਾ (ਧਾਰਨ ਕਰਦੇ ਹਾਂ ਤੇ) ਧਿਆਨ ਦੀ ਸੁਆਹ ਬਣਾਉਂਦੇ ਹਾਂ। ਮੌਤ (ਦੀ ਯਾਦ ਸਾਡੀ) ਖਿੰਥਾ ਹੈ ਸਰੀਰ ਨੂੰ (ਕੁਆਰੀ=) ਪ੍ਰਵਿੱਤ੍ਰ ਰੱਖਣਾ (ਸਾਡੀ ਜੋਗ ਦੀ) ਜੁਗਤੀ ਹੈ (ਪਰਮੇਸ਼ੁਰ ਤੇ) ਸਿਦਕ (ਰਖਣਾ ਸਾਡਾ) ਡੰਡਾ ਹੈ। (ਸਾਡਾ) ਆਈ ਪੰਥੀ ਹੋਣਾ ਸਾਰਿਆਂ ਨਾਲ (ਇਕ) ਜਮਾਤੀ (ਹੋਣਾ ਹੈ)। ਮਨ ਨੂੰ ਜਿੱਤ ਲਿਆਂ (ਅਸੀਂ ਸਮਝਦੇ ਹਾਂ ਕਿ)

www.sikhbookclub.com

ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੮॥

ਜਗਤ ਤੇ ਜਿੱਤ ਪ੍ਰਾਪਤ ਹੋ ਗਈ ਹੈ। ਆਦੇਸ (ਸਾਡੀ) ਉਸੇ (ਇਕ ਨੂੰ) ਆਦੇਸ ਹੈ, (ਜੋ ਸਭ ਦਾ) ਆਦਿ (ਮੁੱਢ) ਹੈ, ਜੋ ਅਨੀਲ ਹੈ, (ਜਿਸ ਦਾ ਆਪਣਾ) ਆਦਿ ਨਹੀਂ ਹੈ (ਜਿਸ ਦਾ ਕਦੇ) ਵਿਨਾਸ਼ ਨਹੀਂ (ਹੁੰਦਾ), (ਜੋ) ਜੁਗੋ ਜੁਗੋ ਇਕੋ ਸਰੂਪ (ਹੈ)॥੨੮॥

ਭੁਗਤਿ ਗਿਆਨੁ ਦਇਆ ਭੰਡਾਰਣਿ

(ਸ਼ਿਵ ਅਰਾਧਨਾ ਨਾਲ ਜੋ ਭੋਜਨ ਮਿਲਦਾ ਹੈ ਉਹ ਤਾਂ ਸਭ ਕਿਸੇ ਨੂੰ ਮਿਲ ਰਿਹਾ ਹੈ ਪਰ ਆਦਿ ਅਨੀਲ ਦੀ ਅਰਾਧਨਾ ਨਾਲ ਸਾਨੂੰ) ਗਿਆਨ (ਰੂਪੀ) ਭੋਜਨ ਮਿਲਦਾ ਹੈ[1]। (ਜੋ ਤ੍ਰਿਸ਼ਨਾ ਰੂਪੀ ਭੁੱਖ ਨੂੰ ਨਿਵਾਰ ਦੇਂਦਾ ਹੈ), (ਸ਼ਿਵ ਜੀ ਦੀ ਭੰਡਾਰਣ ਅੰਨ ਪੂਰਣਾ[2] ਹੈ ਪਰ ਗਿਆਨ ਰੂਪੀ ਭੋਜਨ ਦੀ) ਭੰਡਾਰਨ ਦਇਆ ਹੈ, (ਦਿਆਲੂ ਹੋ ਕੇ ਗੁਰੂ ਗਯਾਨ ਦੇਂਦਾ ਤੇ ਅਗੋਂ ਦਇਆ ਬ੍ਰਿਤੀ ਨਾਲ ਵੰਡੀਦਾ ਹੈ)।

ਘਟਿ ਘਟਿ ਵਾਜਹਿ ਨਾਦ॥

(ਤੁਸਾਂ ਪਾਸ ਨਾਦੀ ਹੈ ਤੇ ਭੋਜਨ ਸਮੇਂ ਵਜਾਉਂਦੇ ਹੋ) ਹਿਰਦੇ ਹਿਰਦੇ ਵਿਚ (ਜੋ ਨਾਦ ਵੱਜ ਰਿਹਾ ਹੈ) ਇਹ ਸਾਡਾ ਨਾਦ ਹੈ। (ਤੁਸਾਡੇ

ਆਪਿ ਨਾਥੁ ਨਾਥੀ ਸਭ ਜਾਕੀ

ਮਨੁੱਖ--ਨਾਥਾਂ ਦੀ ਥਾਵੇਂ ਸਾਡਾ) ਨਾਥ ਆਪ (ਪ੍ਰਭੂ) ਹੈ, ਜਿਸ ਦੀ ਨੱਥੀ ਹੋਈ ਸਾਰੀ (ਸ੍ਰਿਸ਼ਟੀ) ਹੈ[3]।

ਰਿਧਿ ਸਿਧਿ ਅਵਰਾ ਸਾਦ॥

(ਤੁਸੀਂ) ਰਿੱਧੀ ਸਿੱਧੀ (ਦੀਆਂ ਚੇਟਕਾਂ ਵਿਚ ਹੋ ਅਸੀਂ ਇਨ੍ਹਾਂ ਨੂੰ) ਹੋਰਨਾਂ ਦਾ (ਅਰਥਾਤ ਪਰਮਾਰਥ ਤੋਂ ਓਪਰਿਆਂ ਦਾ) ਸੁਆਦ (ਸਮਝਦੇ ਹਾਂ)।

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੯॥

(ਤੁਹਾਡੀ ਕਾਰ ਕਾਰਬਾਰੀ ਚਲਾਉਂਦੇ ਹਨ ਪਰ ਅਸਲ ਵਿਚ ਵਿਸ਼੍ਵ ਦੀ ਤੇ ਸਾਡੀ) ਕਾਰ ਸੰਜੋਗ ਵਿਜੋਗ ਦੋਵੇਂ ਚਲਾਉਂਦੇ ਹਨ, (ਪਿਛਲੇ ਕਰਮਾਂ ਦੇ) ਲੇਖੇ ਅਨੁਸਾਰ ਆਪੋ ਆਪਣੇ ਛਾਂਦੇ ਚਲੇ ਆਉਂਦੇ ਹਨ।

(ਬਾਕੀ ਅਰਥ ਪਿਛੇ ਆ ਚੁੱਕਾ ਹੈ।)॥੨੯॥

(ਪਉੜੀ ੩੦)

ਪ੍ਰਾਕ੍ਕਥਨ- ਜੋਗੀ ਸ਼ਿਵ ਉਪਾਸਕ ਸੰਪ੍ਰਦਾਯ ਸਨ। ਸੰਪ੍ਰਦਾਯਕ ਜੋਸ਼ ਵਿਚ ਸੰਪ੍ਰਦਾਵਾਂ ਦੀ ਅਕਸਰ ਦੂਸਰੇ ਦੇ ਮਤਿ ਤੇ ਇਸ਼ਟ ਨੂੰ ਨੀਵਾਂ ਕਹਿਣ ਤੇ ਬੇਦਅਬੀ ਤੱਕ ਪਹੁੰਚ ਪੈਣ ਦੀ ਨੌਬਤ ਆ ਜਾਂਦੀ ਹੁੰਦੀ ਸੀ। ਇਸ ਤੀਸਰੀ ਪਉੜੀ ਵਿਚ ਗੁਰੂ ਜੀ ਜੋਗੀਆਂ ਨੂੰ ਬੜੇ ਸੁਹਣੇ ਤਰੀਕੇ ਤੇ ਇਸ ਅਵਗੁਣ ਤੋਂ ਵਰਜਦੇ ਹੋਏ ਅਕਾਲ ਪੁਰਖ ਦੀ ਪੂਜਾ ਵਿਚ ਲੈ ਜਾਂਦੇ ਹਨ। ਹਿੰਦੂ ਸ਼ਾਸਤ੍ਰਾਂ ਅਨੁਸਾਰ

---

[1] ਬ੍ਰਹਮ ਗਿਆਨੀ ਕਾ ਭੋਜਨੁ ਗਿਆਨੁ॥ (ਸੁਖਮਨੀ ੮-੩)

[2] ਸ਼ਿਵ ਜੀ ਨੂੰ ਕਦੇ ਭਿੱਖਿਆ ਨਾ ਮਿਲਨੇ ਤੇ ਮਹਾਂ ਮਾਇਆ ਨੇ ਅੰਨ ਪੂਰਣਾ ਦੇਵੀ ਦਾ ਰੂਪ ਧਾਰ ਕੇ ਕਾਂਸ਼ੀ ਵਿਚ ਅੰਨ ਦਿੱਤਾ ਸੀ। (ਵ.ਕ.)

[3] 'ਏਕ ਨਾਥ ਸਭ ਜਗਤ ਮੈ ਵਿਆਪ ਰਹਯੋ ਸਭਿ ਦੇਸੁ॥' (ਪਾਤਸ਼ਾਹੀ ੧੦)

'ਆਪਿ ਨਾਥੁ ਸਭ ਨਥੀਅਨੁ ਸਭ ਹੁਕਮਿ ਚਲਾਈ॥' (ਸਾਰੰਗ ਵਾਰ ਮ: ੪-੩੬)

 www.sikhbookclub.com

ਹੀ ਆਪ ਦੱਸਦੇ ਹਨ ਕਿ ਸ਼ਿਵ ਵਿਸ਼ਨੂੰ ਬ੍ਰਹਮਾ ਇਕੋ ਅਕਾਲ ਪੁਰਖ ਦੇ ਮਾਯਾ ਦੁਆਰਾ ਪੈਦਾ ਕੀਤੇ ਹੋਏ ਹਨ। ਮੂਲ ਬੀ ਇਕੋ ਹੋਇਆ, ਫੇਰ ਕਾਰਜ ਸਪੁਰਦਗੀ ਵਿਚ ਤਿੰਨਾਂ ਨੂੰ ਆਪੋ ਆਪਣੇ ਕੰਮ ਸਪੁਰਦ ਹਨ। ਇਉਂ ਇਹ ਤਿੰਨੇ ਸ਼ਾਸਤ੍ਰਾਂ ਵਿਚ (ਪਰਵਾਣ=) ਮੰਨੇ ਪ੍ਰਮੰਨੇ ਦੇਵਤਾ ਹਨ। ਕਿਸੇ ਨੂੰ ਨਿੰਦਣਾ ਤੇ ਕਿਸੇ ਨੂੰ ਸਲਾਹੁਣਾ ਅਪਣੇ ਹੀ ਸ਼ਾਸਤ੍ਰਾਂ ਦੀ ਪ੍ਰਤਿਕੂਲਤਾ ਹੈ। ਇਹ ਵਿਖਮਤਾ ਦੂਰ ਕਰਨ ਦਾ ਖਿਆਲ ਦੇਕੇ ਉਹਨਾਂ ਦੀ ਦ੍ਰਿਸ਼ਟੀ ਨੂੰ ਹੋਰ ਉੱਚਾ ਚੁੱਕਦੇ ਹਨ, ਇਹ ਦੱਸਕੇ ਕਿ ਓਹ ਕਰਤਾ ਪੁਰਖ ਦੇ ਕੀਤੇ (ਰਚੇ) ਹੋਏ ਹਨ[1]। ਉਹਨਾਂ ਦੀ ਬਨਾਵਟ ਵਿਚ ਮਾਯਾਵੀ ਹਿੱਸਾ ਬੀ ਹੈ[2], ਓਹ ਕ੍ਰਿਤ ਹੋਣ ਕਰਕੇ ਕਰਤਾ ਨੂੰ ਨਹੀਂ ਦੇਖ ਸਕਦੇ, ਕਰਤਾ ਉਹਨਾਂ ਨੂੰ ਦੇਖਦਾ ਹੈ; ਓਹ ਆਪੂੰ ਕੁਛ ਨਹੀਂ ਕਰ ਸਕਦੇ। ਜਿਵੇਂ ਕਰਤਾ ਪੁਰਖ ਨੂੰ ਭਾਉਂਦਾ ਹੈ ਉਨ੍ਹਾਂ ਨੂੰ ਟੋਰਦਾ ਹੈ। ਓਹ ਜੋ ਕੁਛ ਕਰਦੇ ਹਨ ਉਸ ਦੇ ਫੁਰਮਾਨ ਨੂੰ ਬਜਾ ਲਿਆਉਂਦੇ ਹਨ। ਇਸ ਕਰਕੇ ਉਸ ਕਰਤਾ ਪੁਰਖ ਨੂੰ, ਜੋ ਸਭ ਦੀ 'ਆਦਿ' ਹੈ, ਜਿਸ ਵਿਚ ਮਾਇਆ ਦੀ ਕੋਈ ਛੁਹ ਮਾਤ੍ਰ ਨਹੀਂ, ਜੋ ਆਪ ਆਦਿ ਤੋਂ ਰਹਿਤ ਹੈ ਤੇ ਕਦੇ ਵਿਨਾਸ਼ ਨਹੀਂ ਹੁੰਦਾ, ਇਨ੍ਹਾਂ ਗਲਾਂ ਕਰਕੇ, ਜੋ ਸਦਾ ਇਕ ਰਸ ਰਹਿੰਦਾ ਹੈ-ਆਦੇਸ਼ ਕਰਨੇ ਯੋਗ ਹੈ ਤੇ ਉਸ ਨੂੰ ਪੂਜਣੇ ਦਾ ਉਪਦੇਸ਼ ਦੇਂਦੇ ਹਨ:-

ਮੂਲ	ਅਰਥ
ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥	(ਏਕਾ=) ਬ੍ਰਹਮ (ਤੇ ਮਾਈ=) ਮਾਇਆ ਦੇ (ਜੁਗਤਿ=) ਸੰਜੋਗ ਹੋਣ ਨਾਲ (ਮਾਯਾ) ਪ੍ਰਸੂਤ ਹੋਈ[3], (ਉਸ ਤੋਂ) ਤਿੰਨ ਚੇਲੇ ਹੋਏ (ਜੋ) ਪ੍ਰਮਾਣੀਕ (ਦੇਵਤੇ ਮੰਨੇ ਜਾਂਦੇ ਹਨ। ਉਹਨਾਂ ਦੇ ਸਪੁਰਦ ਸ੍ਰਿਸ਼ਟੀ
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥	ਰਚਨਾ ਦੇ ਤ੍ਰੈ ਕੰਮ ਦਿਤੇ ਗਏ, ਸੰਸਾਰੀ ਹੋਣਾ, ਭੰਡਾਰੀ ਹੋਣਾ ਤੇ ਲਾਏ ਦੀਬਾਣੁ ਹੋਣਾ ਅਰਥਾਤ) ਇਕ ਬ੍ਰਹਮਾ, ਇਕ ਵਿਸ਼ਨੂੰ ਤੇ ਇਕ ਸ਼ਿਵ ਜੀ (ਪਰ ਓਹ ਸੁਤੰਤਰ ਕਾਰਕ ਨਹੀਂ ਹਨ)
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥	ਜਿਕੁਰ ਉਸ (ਏਕੈ=ਅਕਾਲ ਪੁਰਖ) ਨੂੰ ਭਾਉਂਦਾ ਹੈ, ਤਿੱਕੁਰ (ਉਹਨਾਂ ਚੇਲਿਆਂ) ਨੂੰ ਚਲਾਉਂਦਾ ਹੈ, (ਤੇ ਓਹ ਚਲਦੇ ਹਨ) ਜਿੱਕੁਰ (ਉਸ ਏਕੇ ਦਾ) ਹੁਕਮ ਹੁੰਦਾ ਹੈ।
ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥	(ਫਿਰ) ਵੱਡਾ ਅਚਰਜ ਇਹ ਹੈ ਕਿ ਉਹ ਤਾਂ ਵੇਖਦਾ ਹੈ (ਉਹਨਾਂ ਤਿੰਨਾਂ ਨੂੰ, ਪਰ ਆਪ) ਉਹਨਾਂ ਨੂੰ ਨਹੀਂ ਦਿੱਸਦਾ।
ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੦॥	(ਤਾਂਤੇ ਇਨ੍ਹਾਂ ਤਿੰਨਾਂ ਤੋਂ ਉੱਚੇ ਉੱਠੋ ਤੇ ਉਸ ਕਰਤਾ ਪੁਰਖ ਨੂੰ ਆਖੋ) ਨਮਸਕਾਰ ਹੈ, ਨਮਸਕਾਰ ਹੈ.... (ਬਾਕੀ ਅਰਥ ਪਿੱਛੇ ਆ ਚੁੱਕਾ ਹੈ)। ॥੩੦॥

(ਪਉੜੀ ੩੧)

ਪ੍ਰਾਕ੍ਕਥਨ-ਤੀਸਰੀ ਪਉੜੀ ਵਿਚ ਪਰਮਾਤਮ ਦੇਵ ਵੱਲ ਉੱਚ ਦ੍ਰਿਸ਼ਟੀ ਦੇ ਕੇ ਫੇਰ ਹੁਣ

[1]ਬ੍ਰਹਮਾ ਬਿਸਨੁ ਮਹੇਸੁ ਦੁਆਰੈ॥ ਊਭੇ ਸੇਵਹਿ ਅਲਖ ਅਪਾਰੈ॥ (ਮਾਰੂ ਸੋ: ਮ: ੧, ੨-੧੪)
ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ॥ (ਮਲਾ: ਵਾਰ ਮ: ੧-੩)
ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ॥ ਅੰਤੁ ਨ ਪਾਵਹਿ ਅਲਖ ਅਭੇਵਾ॥ (ਮਾਰੂ ਮ: ੩ ਸੋਲਹੇ-੧੦)

[2]ਬ੍ਰਹਮਾ ਬਿਸਨੁ ਮਹੇਸੁ ਵੀਚਾਰੀ॥ ਤ੍ਰੈਗੁਣ ਬਧਕ ਮੁਕਤਿ ਨਿਰਾਰੀ॥ (ਮਾਰੂ ਮ: ੧ ਸੋਲਹੇ-੬)

[3]ਗੀਤਾ ਦੁਆਰਾ ਬੋਲ ਰਿਹਾ ਪ੍ਰਭੂ ਆਖਦਾ ਹੈ-(ਮਹਤ੍ਰ ਬ੍ਰਹਮ) ਅਰਥਾਤ ਪ੍ਰਕ੍ਰਿਤੀ ਗਰਭ ਹੈ ਉਸ ਵਿਚ ਮੈਂ ਬੀਜ ਪਾਉਣ ਵਾਲਾ ਪਿਤਾ ਹਾਂ। ਸਭ ਪ੍ਰਾਣੀਆਂ ਦੀ ਉਤਪਤੀ ਉਸ ਤੋਂ ਹੈ। (੧੪; ੩-੪)

www.sikhbookclub.com

ਚੋਥੀ ਵਿਚ ਆਪਣੀ ਲੜੀ ਨੂੰ ਪਕੜਦੇ ਹਨ। ਜੋਗੀ ਸ਼ਿਵ ਦਾ ਆਸਣ ਸ਼ਿਵ ਲੋਕ ਵਿਚ ਮੰਨਦੇ ਹਨ, ਜਿੱਥੇ ਸਰਬ ਪ੍ਰਕਾਰ ਦੇ ਭੋਗ ਪੂਰਣ ਰਹਿੰਦੇ ਹਨ, ਜੋ ਉਥੇ ਪੁੱਜਣ ਵਾਲੇ ਜੋਗੀਆਂ ਨੂੰ ਖੁੱਲ੍ਹੇ ਮਿਲਦੇ ਦੱਸੀਦੇ ਹਨ। ਗੁਰੂ ਜੀ ਦੱਸਦੇ ਹਨ ਕਿ ਸ਼ਿਵ ਆਦਿ ਦੇ ਰਚਣਹਾਰ ਪ੍ਰਭੂ ਦਾ ਲੋਕ ਲੋਕ ਵਿਚ ਆਸਣ ਤੇ ਭੰਡਾਰ ਹੈ। ਯਥਾ:-

ਮੂਲ	ਅਰਥ
ਆਸਣੁ ਲੋਇ ਲੋਇ ਭੰਡਾਰ॥ ਜੋ ਕਿਛੁ ਪਾਇਆ ਸੁ ਏਕਾ ਵਾਰ॥	(ਉਸ ਏਕੇ ਦਾ) ਆਸਣੁ ਤੇ ਭੰਡਾਰੇ (ਨਿਰੇ ਸ਼ਿਵ ਲੋਕ ਯਾ ਤਿੰਨਾਂ ਲੋਕਾਂ ਵਿਚ ਨਹੀਂ ਸਗੋਂ) ਲੋਕ ਲੋਕ ਵਿਚ ਹੈਨ, (ਉਹਨਾਂ ਭੰਡਾਰਿਆਂ ਵਿਚ) ਜੋ ਕੁਛ (ਉਸ ਨੇ) ਪਾਇਆ ਹੈ ਸੋ ਇਕੋ ਵਾਰ ਪਾ ਦਿੱਤਾ ਹੈ
ਕਰਿ ਕਰਿ ਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ॥ ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੩੧॥	(ਪਰ ਉਹ) ਰਚਣਹਾਰ (ਰਚੀ ਹੋਈ ਨੂੰ) ਰਚਕੇ (ਤੇ ਅਮੁੱਕ ਭੰਡਾਰੇ ਭਰਕੇ ਕਿਤੇ ਚਲਾ ਨਹੀਂ ਗਿਆ, ਵਿਚੇ ਬੈਠਾ ਹੈ) ਕੀਤੀ ਹੋਈ ਨੂੰ ਵੇਖਦਾ (ਭਾਵ ਸੰਭਾਲਦਾ ਹੈ)। (ਹਾਂ) ਉਹ ਆਪ ਸੱਚਾ ਹੈ (ਇਸ ਕਰਕੇ ਉਸ) ਸੱਚੇ ਦੀ ਕਾਰ ਬੀ ਸੱਚੀ ਹੈ, ਹੇ ਨਾਨਕ! (ਬਾਕੀ ਅਰਥ ਪਿੱਛੇ ਆ ਚੁੱਕਾ ਹੈ।)॥੩੧॥

ਵ੍ਯਾਖ੍ਯਾ-(ਪਓ:੨੮ ਤੋਂ ੩੧) ਉਪਰਲੀਆਂ ਚਾਰ ਪਉੜੀਆਂ ਵਿਚ ਉਹੋ ਜੋਗ ਦੇ ਅੰਗ ਵਰਣਨ ਹੋਏ ਹਨ, ਜਿਨ੍ਹਾਂ ਨੂੰ ਗੋਰਖ ਮਤਾਵਲੰਬੀ ਜੋਗੀ ਪ੍ਰਧਾਨ ਅੰਗ ਮੰਨਦੇ ਸਨ; ਓਹ ਏਹ ਹਨ:- ਮੁੰਦ੍ਰਾਂ, ਪੱਤ (ਖੱਪਰ), ਝੋਲੀ, ਵਿਭੂਤ, ਖਿੰਥਾ (ਗੋਦੜੀ), ਜੋਗ ਦੀ ਜੁਗਤੀ, ਡੰਡਾ, ਭੁਗਤੀ, ਭੰਡਾਰਣ, ਭੰਡਾਰ, ਨਾਦੀ[1], ਨਾਥ, ਰਿੱਧੀ ਸਿੱਧੀ, ਮਾਈ, ਸ਼ਿਵ, ਕਾਰ ਚਲਾਊ। ਏਹ ਅੰਗ ਇਨ੍ਹਾਂ ਦੇ ਹਨ, ਪਾਤੰਜਲ ਆਦਿ ਯੋਗ ਸ਼ਾਸਤ੍ਰਾਂ ਦੇ ਨਹੀਂ ਹਨ।

ਇਨ੍ਹਾਂ ਦੀ ਥਾਵੇਂ ਗੁਰੂ ਜੀ ਨੇ ਆਪਣੇ ਆਸ਼ਯ ਦੇ ਓਹ ਅੰਗ, ਜਿਨ੍ਹਾਂ ਨਾਲ ਕਲਯਾਣ ਪ੍ਰਾਪਤ ਹੁੰਦੀ ਹੈ ਦੱਸੇ ਹਨ। ਓਹ 'ਸਹਜ ਯੋਗ' ਦੇ ਸਾਧਨ ਹਨ, ਪਾਤੰਜਲ ਆਦਿ ਦਾ ਯੋਗ ਬੀ ਵਿੱਚੇ ਆ ਜਾਂਦਾ ਹੈ, ਜੈਸੇ ਧ੍ਯਾਨ। ਇਨ੍ਹਾਂ ਵਿਚ ਆਪਣਾ ਵਿਸਮਾਦੀ ਰੰਗ ਬੀ ਸ਼ਾਮਲ ਹੈ (ਵਿਡਾਣੁ), ਤੇ ਭਗਤੀ ਬੀ ਸ਼ਾਮਲ ਹੈ (ਆਦੇਸੁ), ਗਿਆਨ ਬੀ ਹੈ (ਭੁਗਤਿ ਗਿਆਨੁ)। ਇਸ ਤਰ੍ਹਾਂ ਭਗਤੀ, ਗ੍ਯਾਨ, ਯੋਗ, ਵਿਸਮਾਦ ਆਦਿ ਦੇ ਚਿੰਨ੍ਹ ਜੋ ਆਪ ਨੇ ਕਥੇ ਹਨ, ਐਉਂ ਹਨ- ਸੰਤੋਖ, ਲੱਜ੍ਯਾ, ਧ੍ਯਾਨ, ਮੌਤ ਦੀ ਯਾਦ, ਸਰੀਰਕ ਪਵਿੱਤ੍ਰਤਾ, ਸਿਦਕ, ਮੈਤ੍ਰੀ (ਸਭ ਨਾਲ ਭਰਾਤਰੀ ਭਾਵ) ਮਨ ਤੇ ਫਤੇ, 'ਆਦਿ, ਅਨੀਲੁ, ਅਨਾਦਿ, ਅਨਾਹਤਿ ਜੁਗੁ ਜੁਗੁ ਏਕੋ ਵੇਸੁ' ਲੱਛਣਾਂ ਵਾਲੇ ਪਰਮਾਤਮਾ ਦੀ ਸਿਫਤ ਸਾਲਾਹ ਪੂਜਾ (ਆਦੇਸੁ)। ਗ੍ਯਾਨ, ਦਇਆ, ਨਾਮ (ਘਟਿ ਘਟਿ ਵਿਚ), ਰਿੱਧੀ ਸਿੱਧੀ ਤੋਂ ਉਪਰਾਮਤਾ ਅਰਥਾਤ ਪਰ-ਵੈਰਾਗ, ਕਰਤਾ ਪੁਰਖ ਦ੍ਰਸ਼ਟਾ ਹੈ, ਸ਼ਿਵ, ਬ੍ਰਹਮਾ, ਵਿਸ਼ਨੂੰ ਦ੍ਰਸ਼ਟਾ ਨਹੀਂ ਓਹ ਕ੍ਰਿਤ ਹਨ। ਕਰਤਾਰ ਦਾਤਾ ਹੈ, ਦਾਤ ਅਮੁੱਕ ਹੈ ਤੇ ਲੋਕ ਲੋਕ ਵਿਚ ਹੈ।

ਇਨ੍ਹਾਂ ਗੁਰੂ ਜੀ ਦੇ ਦੱਸੇ ਗੁਣਾਂ, ਅੰਗਾਂ, ਸਾਧਨਾਂ ਤੇ ਵ੍ਯਕਤੀਆਂ ਤੋਂ ਗੁਰੂ ਜੀ ਦਾ ਦੱਸਿਆ ਧਰਮ ਕੀ ਬਣਦਾ ਹੈ? ਇਨ੍ਹਾਂ ਨੂੰ ਇਕ ਤਰਤੀਬ (ਕ੍ਰਮ) ਵਿਚ ਰਖਿਆਂ ਸਾਫ ਸਮਝ ਪੈ ਜਾਂਦਾ ਹੈ

(੧) ਪੂਜਾ ਯੋਗ ਅਕਾਲ ਪੁਰਖ ਹੈ, ਜਿਸਦੇ ਲੱਛਣ ਇਹ ਹਨ: ਉਹ ਸਭ ਦੀ ਆਦਿ ਹੈ, ਉਹ ਮਾਇਆ ਅਤੀਤ ਹੈ, ਉਸ ਦੀ ਆਦਿ ਕੋਈ ਨਹੀਂ, ਉਹ ਅਵਿਨਾਸ਼ੀ ਹੈ, ਭਾਵ ਉਸਦਾ ਅੰਤ ਨਹੀਂ ਹੈ,

[1] ਇਕ ਨਿੱਕੀ ਜੇਹੀ ਸੀਟੀ ਵਰਗੀ ਸ਼ੈ ਜੋ ਜੋਗੀ ਦੇ ਗਲੇ ਵਿਚ ਲਟਕਦੀ ਹੁੰਦੀ ਹੈ, ਜਿਸ ਵਿਚੋਂ ਫੂਕ ਨਾਲ ਆਵਾਜ਼ ਕੱਢਦੇ ਹਨ, ਇਸ ਨੂੰ ਨਾਦੀ ਆਖਦੇ ਹਨ।

www.sikhbookclub.com

ਹਰ ਜੁਗ ਵਿਚ ਉਹ ਇਕ ਰਸ ਰਹਿੰਦਾ ਹੈ। ਭਾਵ ਇਹ ਕਿ ਸ਼ਿਵ ਕਿ ਮਾਈ ਏਹ ਅਕਾਲ ਪੁਰਖ ਨਹੀਂ ਹਨ। ਸ਼ਿਵ ਬ੍ਰਹਮਾ ਵਿਸ਼ਨੂੰ ਦੇਵਤੇ ਹਨ, ਏਹਨਾਂ ਨੂੰ ਕਰਤਾਰ ਨੇ ਪੈਦਾ ਕੀਤਾ ਹੈ, ਏਹਨਾਂ ਨੂੰ ਪ੍ਰਮਾਤਮਾਂ ਦੇਖਦਾ ਹੈ, ਹੁਕਮ ਵਿਚ ਟੋਰਦਾ ਹੈ।

ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ॥ (ਰਾਮ ਵਾਰ ਮ: ੩-੪)

ਏਹ ਉਸ ਨੂੰ ਨਹੀਂ ਦੇਖ ਸਕਦੇ। ਤਾਂਤੇ ਪੂਜਾ ਯੋਗ ਇਨ੍ਹਾਂ ਦਾ 'ਕਰਤਾ' ਤੇ 'ਸੰਚਾਲਕ' -ਅਕਾਲ ਪੁਰਖ ਹੈ[1]।

੨. ਉਸ ਆਦਿ ਅਨੀਲ ਵਿਚ 'ਪ੍ਰਤੀਤਿ' ਧਾਰਨ ਕਰਨੀ ਇਹ ਸਾਡਾ ਮੁੱਖ ਅੰਗ ਹੈ ਜੋ ਆਤਮ ਸਾਧਨਾਂ ਵਿਚ ਡੰਡੇ ਵਾਂਙੂ ਸਾਡੀ ਰੱਖਿਆ ਕਰਦਾ ਹੈ।

੩. ਆਦਿ ਅਨੀਲ ਪਰਮਾਤਮਾਂ ਨੂੰ ਅਸੀਂ ਵਾਰੰਵਾਰ ਆਦੇਸ ਆਖਦੇ ਹਾਂ। ਭਾਵ ਯਾਦ ਰਖਦੇ ਤੇ ਪੂਜਦੇ ਹਾਂ ਇਸ ਸਿਦਕ ਤੇ ਸਾਧਨ ਨਾਲ।

੪. ਉਸ ਆਦਿ ਅਨੀਲ ਵਿਚ 'ਧਿਆਨ' ਪ੍ਰਾਪਤ ਹੁੰਦਾ ਹੈ।

੫. ਧਯਾਨ ਦੀ ਪ੍ਰਪੱਕਤਾ ਸਮਾਧੀ ਵਿਚ ਯਾ ਗਯਾਨ ਵਿਚ, ਗੱਲ ਕੀ 'ਪਰਮ ਪਦ' ਤੇ ਲੈ ਜਾਂਦੀ ਹੈ। ਧਯਾਨ ਨੂੰ ਗੁਰੂ ਜੀ ਨੇ ਵਿਭੂਤ ਦੀ ਥਾਵੇਂ ਲਿਆ ਹੈ। ਜੋਗੀ ਸੁਆਹ ਮਲਦੇ ਹਨ ਕਿ ਕੋਝੇ ਲੱਗੀਏ, ਸਾਡੀ ਸੁੰਦਰਤਾ ਤੇ ਨਾ ਕੋਈ ਰੀਝੇ ਨਾ ਅਸੀਂ ਡਿੱਗੀਏ। ਗੁਰੂ ਜੀ ਕਹਿੰਦੇ ਹਨ, ਅੰਦਰਲੇ ਨੂੰ ਕਰਤਾ ਪੁਰਖ ਦੇ ਧਯਾਨ ਵਿਚ ਲਗਾ ਦਿਓ, ਉਸ ਆਨੰਦ ਦੇ ਆਯਾਂ ਤੁਸੀਂ ਬਾਹਰਲੇ ਰਸਾਂ ਵਿਚ ਮੋਹੇ ਨਹੀਂ ਜਾਓਗੇ। ਇਹ ਧਯਾਨ ਦੀ ਤਾਕਤ ਤੁਹਾਨੂੰ ਆਚਰਣ ਦੀ ਪਕਿਆਈ ਤੇ ਸੁਤੰਤ੍ਰਤਾ ਦੇਵੇਗੀ। 'ਦੂਸਰਿਆਂ ਦੀ ਨਫਰਤ ਤੁਹਾਡੇ ਆਚਰਣ ਦੀ ਰੱਖਯਾ ਕਰੇ' ਇਹ ਪ੍ਰਾਧੀਨਤਾ ਹੈ।

ਜਦ ਪਰਮਾਤਮ ਦੇਵ ਦਾ ਧਯਾਨ ਗਯਾਨ ਅਰੂੜ ਕਰ ਦੇਂਦਾ ਹੈ ਤਾਂ ਕੋਈ ਲੋੜ ਬਾਕੀ ਨਹੀਂ ਰਹਿੰਦੀ, ਪਰ ਜਦ ਤਕ ਦੇਹਿ ਹੈ ਤਦ ਤਕ ਮੇਲ ਜੋਲ ਸੁਤੇ ਹਨ। ਗਯਾਨਵਾਨ ਫੇਰ ਭੰਡਾਰੇ ਦੇ ਭੋਜਨਾਂ ਵਾਂਙੂੰ ਗਯਾਨ ਨੂੰ ਭੋਜਨ ਬਣਾ ਲੈਂਦਾ ਹੈ। ਅਰਥਾਤ ਗਯਾਨਵਾਨਾਂ ਦੇ ਸੰਗ ਵਿਚ ਮਿਲਨਾ, ਉਨ੍ਹਾਂ ਨਾਲ ਗਯਾਨ ਦੀ ਵਾਰਤਾਲਾਪ ਕਰਨੀ, ਗਯਾਨ ਪ੍ਰਪੱਕਤਾ ਦੀ ਭਿਖਯਾ ਮੰਗਣੀ, ਗਯਾਨ ਵਿਚ ਜੀਉਣਾ, ਟਿਕਣਾ, ਲੀਨ ਹੋਣਾ, ਗਯਾਨ ਵਿਚ ਬੋਲਣਾ, ਚਲਣਾ, ਸਤਿਸੰਗ ਕਰਨਾ। ਗਯਾਨ ਦਾ ਵਚਨ ਵਿਲਾਸ ਲੈਣਾ, (ਸੁਣਨਾ) ਗਯਾਨਵਾਨਾਂ ਤੋਂ, ਤੇ ਗਯਾਨ ਦਾਨ ਕਰਨਾ ਅਧਿਕਾਰੀਆਂ ਪ੍ਰਤਿ। ਸੋ ਦਇਆ ਸਾਡੀ ਹੈ ਅਰਥਾਤ ਦਇਆ ਵਿਚ ਆ ਕੇ ਗਯਾਨ ਦਾਨ ਕਰਦੇ ਹਾਂ।

ਪਰਮਾਰਥ ਦੇ ਆਰੰਭ ਤੋਂ ਧਯਾਨ ਪਰਪੱਕਤਾ ਤੇ ਗਯਾਨ੍ਹ ਪ੍ਰਾਪਤੀ ਤਕ ਪੱਥ-ਪ੍ਰਹੇਜ਼ਾਂ ਦੀ ਲੋੜ ਹੈ ਕਿ ਨਰਦ ਪੁੱਗ ਜਾਵੇ ਕਿਤੇ ਕੱਚੀ ਨਾ ਥੀਵੇ। ਫਿਰ ਗਯਾਨ ਪਾ ਕੇ ਲੋੜ ਹੈ ਕਿ ਗਯਾਨ 'ਸਫਲ ਗਿਆਨ' ਹੋਵੇ ਤੇ ਪਰਪੱਕ ਹੋਵੇ ਤੇ ਸਿਥਲ ਨਾ ਹੋਵੇ।

ਇਸ ਲਈ ਲੋੜ ਹੈ ਪੱਥ ਪ੍ਰਹੇਜ਼ਾਂ ਦੀ, ਜਿਨ੍ਹਾਂ ਨਾਲ ਉਪਰਲੇ ਸਾਧਨ ਨਿਰਵਿਘਨ ਟੁਰਦੇ ਹਨ ਤੇ ਗਯਾਨ ਪ੍ਰਾਪਤ ਹੋ ਕੇ ਗਯਾਨ ਸਿਥਲਤਾ ਨਹੀਂ ਹੁੰਦੀ। ਓਹ ਹਨ:-

੬. ਸਰੀਰ ਨੂੰ ਪਾਪਾਂ ਤੋਂ ਪਵਿੱਤ੍ਰ ਰਖੀਦਾ ਹੈ ਜੋ ਮਨ ਪਵਿੱਤ੍ਰ ਰਹੇ ਤੇ ਸ਼ਰੀਰ ਅਰੋਗ ਰਹੇ। ਫਿਰ ਮੌਤ ਯਾਦ ਰੱਖੀ ਦੀ ਹੈ ਜਿਸ ਕਰਕੇ ਪਾਪ ਕਰਮ ਨਹੀਂ ਹੁੰਦੇ। ਪਾਪ ਕਰਮ ਕਰਨੋਂ ਮਨ ਹਟ ਗਿਆ ਤਾਂ ਇਸ ਉੱਤੇ ਆਪ ਹੀ ਵਸੀਕਾਰ ਹੋ ਗਿਆ। ਜਦ ਮਨ ਵੱਸ ਹੋ ਗਿਆ ਤਾ ਜਗਤ ਵੱਸ ਕਰਨ ਦੀ ਲੋੜ ਹੀ ਨਾ ਰਹੀ। ਕਿਉਂਕਿ ਮਨ ਨੂੰ ਤ੍ਰਿਸ਼ਨਾ ਹੀ ਚੁੱਕ ਗਈ ਤਾਂ ਜਗਤ ਨੂੰ ਵੱਸ ਕਾਸ ਲਈ ਕਰੇਗਾ?

---

[1] ਸਦਾ ਸ਼ਿਵ ਨੇ ਵਸ਼ਿਸ਼ਟ ਮੁਨਿ ਪ੍ਰਤਿ ਜਹਾਂ ਅਕ੍ਰਿਤਮ ਸਰਵਾਤਮ ਦੇਵ ਕੇ ਸਰੂਪ ਕਾ ਨਿਰਣੈ ਕੀਆ ਤਹਾਂ ਕਹਾ ਹੈ ਕਿ ਹੇ ਮੁਨੀਸ਼ਵਰ ਹਮ ਸਾਰਖੇ ਤਿਸ ਪਦ ਕੇ ਟਹਿਲੂਏ ਹੈਂ। (ਸਦਾ ਨੰਦ, ਸਫ਼ਾ ੩੦)

www.sikhbookclub.com

੭. ਫਿਰ ਹੈ ਲੱਜਜਾ ਯਾ ਸ਼ਰਮ ਜੋ ਮੰਗਣ ਤੋਂ ਧਾਰਨ ਕਰੀਦੀ ਹੈ, ਭਾਵ ਇਹ ਕਿ ਅਸੀਂ ਲੈਣ ਦੀ ਇੱਛਾ ਨਹੀਂ ਰੱਖਦੇ, ਫੇਰ ਮੰਗਣਾ ਕਾਸਨੂੰ? ਇਉਂ ਅਸੀਂ 'ਸੰਤੋਖ' ਧਾਰਨ ਕਰਦੇ ਹਾਂ। ਇਥੋਂ ਤਾਈਂ ਕਿ ਧਯਾਨ ਸਿੱਧੀ ਹੋ ਕੇ ਜਦ ਰਿੱਧੀਆਂ ਸਿੱਧੀਆਂ ਆਉਣ ਤਾਂ ਅਸੀਂ ਉਨ੍ਹਾਂ ਦਾ ਬੀ ਤਯਾਗ ਕਰਦੇ ਹਾਂ। ਜਦ ਸੰਤੋਖ ਹੈ, ਤਾਂ ਰਿੱਧੀ ਸਿੱਧੀ ਨੂੰ ਕੀਹ ਕਰਨਾ ਹੈ, ਕਿਉਂਕਿ ਓਹ ਬੀ ਤਾਂ ਤ੍ਰਿਸ਼ਨਾ ਪੂਰਕ ਤਾਕਤਾਂ ਹੀ ਹੈਨ। ਗੋਯਾ ਕਿ ਮੰਗਣੋਂ ਹਟਕੇ, ਸੰਤੋਖ ਧਾਰਨ ਕਰਕੇ[1] ਅਸੀਂ ਸੁਤੇ ਵੈਰਾਗ ਵਿਚ ਰਹਿੰਦੇ ਹਾਂ ਤੇ ਰਿੱਧੀ ਸਿੱਧੀ ਦਾ ਵੈਰਾਗ ਕਰਕੇ ਅਸੀਂ ਪਰਵੈਰਾਗ ਵਿਚ ਵੱਸਦੇ ਹਾਂ।

੮. ਇਕ ਆਦਿ ਅਨੀਲ ਨੂੰ ਜਦ ਅਸੀਂ ਨਾਥ ਮੰਨਦੇ ਹਾਂ, ਤਾਂ ਉਸ ਦੇ ਰਚੇ ਸਾਰੇ ਜੀਵਾਂ ਤੇ ਜੀਵਾਂ ਦੀਆਂ ਸੰਪ੍ਰਦਾਵਾਂ ਜਮਾਤਾਂ ਵਿਚ ਸਾਡਾ ਭਰਾਤਰੀ ਭਾਵ ਹੋ ਜਾਂਦਾ ਹੈ, ਸਭ ਨੂੰ ਆਪਣਾ ਜਮਾਤੀ ਯਾ ਭਿਰਾ ਸਮਝਦੇ ਹਾਂ। ਗੋਯਾ ਕਿ ਕਰਤਾਰ ਪਿਤਾ ਤੇ ਜੀਵ ਸਾਡੇ ਭਿਰਾ ਹਨ, ਇਸ ਭਾਵਨਾਂ ਨਾਲ ਅਸੀਂ ਇਕ ਤਾਂ ਰਾਗ ਦ੍ਵੈਖ ਤੋਂ ਬਚਦੇ ਹਾਂ, ਦੂਸਰੇ ਸਾਡਾ ਵਰਤਾਉ ਮੈਤ੍ਰੀ ਦਾ ਹੋਣ ਕਰਕੇ ਸਭ ਨੂੰ ਸੁਖਦਾਈ ਹੋ ਜਾਂਦੇ ਹਾਂ। ਲੋੜਵੰਦਾਂ ਤੇ ਸਾਡੇ ਵਿਚ ਦਇਆ ਵਰਤਦੀ ਹੈ।

੯. ਅਸੀਂ ਜਗਤ ਵਿਚ ਅਪਣੇ ਵੱਸ ਤੋਂ ਬਾਹਰੇ ਵਰਤਣ ਵਾਲੇ ਮਾਮਲਿਆਂ ਵਿਚ ਸੰਜੋਗ ਵਿਜੋਗ ਨੂੰ ਲੈਂਦੇ ਹਾਂ, ਜੋ ਕਾਰ ਚਲਾ ਰਹੇ ਹਨ। ਏਹ ਦੋਏ ਸਾਡੇ ਕੀਤੇ ਕਰਮਾਂ ਤੋਂ ਹੁਕਮ ਨਾਲ ਬਣਦੇ ਹਨ। ਸੋ ਇਸ ਕਰਮ ਜਾਲ ਤੋਂ ਛੁਟਕਾਰੇ ਲਈ ਅਸੀਂ ਧਯਾਨ, ਗਯਾਨ, ਸਾਈਂ ਦੀ ਉਪਾਸ਼ਨਾ ਦਾ ਸਾਧਨ ਕਰਦੇ ਹਾਂ।[2]

੧੦. ਸਾਡਾ 'ਆਦਿ ਅਨੀਲ' ਵ੍ਯਾਪਕ ਹਸਤੀ ਹੈ, ਉਸ ਦਾ ਆਸਣ ਹਰ ਲੋਕ ਵਿਚ ਹੈ, ਉਸ ਦੇ ਭੰਡਾਰੇ ਲੋਕ ਲੋਕ ਵਿਚ ਹੈਨ, ਤੇ ਓਸ ਨੇ ਇਕੋ ਵਾਰ ਪਾਏ ਹਨ, ਭਾਵ ਓਹ ਮੁੱਕਦੇ ਨਹੀਂ, ਸਾਨੂੰ ਫਿਕਰ ਦੀ ਲੋੜ ਨਹੀਂ। ਤੇ ਓਹ ਦਾਤਾ ਦੇਖਦਾ ਹੈ ਕ੍ਰਿਪਾ ਦੀ ਨਜ਼ਰ, ਭਾਵ ਮੇਹਰ ਕਰਦਾ ਹੈ ਤੇ ਉਸ ਨਦਰ ਨਾਲ ਨਿਹਾਲ ਕਰਦਾ ਹੈ। ਇਸ ਕਰਕੇ ਅਸੀਂ ਉਸੇ ਨੂੰ ਬਾਰੰਬਾਰ ਆਦੇਸ਼ ਕਰਦੇ ਹਾਂ[2]। ਇਉਂ ਉਸ ਨਾਲ ਜੁੜੇ ਉਸ ਦੀ ਮੇਹਰ ਨਾਲ ਉਸ ਵਿਚ ਪ੍ਰਾਪਤ ਹੋ ਜਾਂਦੇ ਹਾਂ।

ਨਿਰੁਕ੍ਤ-(ਪਓ:੨੮ ਤੋਂ ੩੧) **ਮੁੰਦਾ**-(ਸੰਸ:, ਮੁਦ੍ਰਾ। ਪੰਜਾਬੀ ਮੁੰਦ੍ਰਾ, ਮੁੰਦਾ) ਕੱਚ ਆਦਿ ਦਾ ਗੋਲ ਛੱਲਾ, ਜਿਹਾ ਕੁ ਜੋਗੀ ਕੰਨਾਂ ਵਿਚ ਪਾਉਂਦੇ ਹਨ। ਮੁੰਦ੍ਰਾ ਦੋ ਹੁੰਦੀਆਂ ਹਨ, ਸੰਤੋਖ ਦੇ ਬੀ ਦੋ ਪੱਖ ਹਨ ੧. ਪ੍ਰਾਪਤ ਵਿਚ ਪ੍ਰਸੰਨ ਰਹਿਣਾ। ੨. ਅਪ੍ਰਾਪਤ ਦੀ ਇੱਛਾ ਨ ਕਰਨੀ।

ਸਰਮੁ-(ਫ਼ਾ:, ਸ਼ਰਮ) ਲੱਜਜਾ, ਸੰਕੋਚ। ਸੰਪ੍ਰਦਾ ਵਿਚ ਭਾਵ 'ਸ਼ਰਮ' ਤੋਂ ਵੈਰਾਗ ਲੈਂਦੇ ਹਨ।

ਪਤੁ-(ਸੰਸ:, ਪਾਤ੍ਰ। ਪ੍ਰਾਕ੍ਰਿ: ਪਤ੍ਰ। ਪੁ: ਪੰ:, ਪੱਤ) ਭਾਂਡਾ, ਭਾਵ ਪੱਖਰ। ਜੋਗੀ ਹੱਥ ਵਿਚ ਖੱਪਰ ਫੜਕੇ ਤੇ ਅੱਗੇ ਕਰਕੇ ਆਟਾ ਮੰਗਦੇ ਹਨ, ਜਦ ਖੱਪਰ ਭਰ ਜਾਵੇ ਤਾਂ ਝੋਲੀ ਵਿਚ ਪਲਟ ਲੈਂਦੇ ਹਨ। ਦੁਇ ਮੰਗਣ ਦੇ ਪਾਤ੍ਰ ਹਨ-ਖੱਪਰ ਬੀ ਤੇ ਝੋਲੀ ਬੀ। ਦੋਹਾਂ ਦੀ ਥਾਂ ਸ਼ਰਮ ਧਾਰਨ ਦਾ ਭਾਵ ਹੈ, ਮੰਗਣ ਤੋਂ ਸੰਕੋਚ ਕਰਨਾ। ਈਸ਼ਾਵਾਸ ਉਪਨਿਸ਼ਧ ਵਿਚ ਬੀ ਕਿਹਾ ਹੈ, ਕਿਸੇ ਤੋਂ ਧਨ ਨਾ ਲੈ[1]। 'ਪਤ ਝੋਲੀ' ਗੁਰਬਾਣੀ ਵਿਚ ਹੋਰਥੇ ਬੀ ਇਕੱਠੇ ਵਰਤੇ ਹਨ, ਯਥਾ:-

ਪਤੁ ਝੋਲੀ ਮੰਗਣ ਕੈ ਤਾਈ·······॥ (ਰਾਮ: ਮ: ੧-੪)

ਕਰਹਿ-(ਪੰ:, ਕਰਨਾ ਤੋਂ) ਕਰਦੇ ਹਾਂ। ਉੱਤਮ ਪੁਰਖ ਦੁਆਰਾ ਉਪਦੇਸ਼ ਹੋ ਰਿਹਾ ਹੈ।

---

[1] ਈਸ਼ਾਵਾਸ ਉਪਨਿਸ਼ਦ ਵਿਚ ਲਿਖਿਆ ਹੈ:-

ਮਾ ਗ੍ਰਿਧ: ਕਸਜਸ੍ਵਿਦ੍ਧਨਮ੍=ਕਿਸੇ ਤੋਂ ਧਨ ਨਾ ਲੈ, ਯਾ ਲੈਣ ਦਾ ਲਾਲਚ ਨਾ ਕਰ। ਧਨ ਕਿਸਦਾ ਹੈ? ਭਾਵ ਵੈਰਾਗ ਕਰ, ਧਨ ਸਥਾਈ ਵਸਤੂ ਨਹੀਂ ਹੈ।

[2] ਜੈਸਾ ਕਿ ਪੰਚਮ ਗੁਰੂ ਜੀ ਦਾ ਫੁਰਮਾਣ ਹੈ: ਨਿਮਖ ਨਿਮਖ ਠਾਕੁਰ ਨਮਸਕਾਰੈ॥ (ਸੁਖਮਨੀ ੮-ਸਲੋਕ)

www.sikhbookclub.com

ਖਿੰਥਾ-(ਸੰਸ:, ਕੰਥਾ। ਪ੍ਰ: ਪੰ: ਖੰਥਾ।) ਲੀਰਾਂ ਦੀ ਬਣੀ ਗੋਦੜੀ। ਗੋਦੜੀ ਪਾਲਾ ਦੂਰ ਕਰਦੀ ਹੈ। ਕਾਲ ਨੂੰ ਯਾਦ ਰੱਖਣਾ ਵਿਕਾਰਾਂ ਦੇ ਪਾਲਾ ਲਗਣ ਤੋਂ ਰੱਖਯਾ ਕਰਦਾ ਹੈ।

ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥-ਸਰੀਰ ਨੂੰ ਕੁਆਰਿਆਂ ਭਾਵ ਪਵਿਤ੍ਰ ਰੱਖਣਾ। ੧੭੫੮ ਬਿ: ਤੋਂ ੧੯੨੫ ਬਿ: ਤਕ ਇਹੋ ਅਰਥ ਲਿਖੇ ਮਿਲਦੇ ਹਨ। ਠੀਕ ਬੀ ਇਹੋ ਜਾਪਦੇ ਹਨ। (ਅ) ਗਯਾਨੀ ਸਜਣ ਐਉਂ ਬੀ ਲਾਉਂਦੇ ਹਨ- ਕਾਇਆ ਕੁਆਰੀ ਰਹੇ, ਕਾਲ ਇਸ ਨੂੰ ਨਾ ਵਿਆਹੇ। ਇਹ ਸਾਡੀ ਖਿੰਥਾ ਹੈ। ਭਾਵ ਅਪਣੇ ਆਪ ਨੂੰ ਆਤਮ ਸਰੂਪ ਅਨੁਭਵ ਕਰਨਾ ਸਾਡੀ ਖਿੰਥਾ ਹੈ। ਜੁਗਤਿ (=ਜੁੜੇ ਰਹਿਣਾ ਭਾਵ) ਸਾਈਂ ਨਾਲ ਜੁੜੇ ਰਹਿਣਾ, ਇਹ ਸਾਡਾ (ਡੰਡਾ=ਪ੍ਰਤੀਤ) ਨਿਸਚੇ ਡੰਡਾ ਹੈ। ਅਥਵਾ ਪ੍ਰਤੀਤ ਡੰਡਾ ਹੈ ਜੋ ਅਨਿਸਚੇ ਉਦਾਸੀ ਤੋਂ ਰਖਯਾ ਕਰਦਾ ਹੈ।

(ੲ) ਜਦ ਤਕ ਕਾਇਆਂ ਕੁਆਰੀ ਹੈ ਕਾਲ ਇਸ ਨੂੰ ਨਹੀਂ ਗ੍ਰਸਦਾ (ਉਸ ਤੋਂ ਪਹਿਲੇ ਪਰਮਾਤਮ ਦੇਵ ਵਿਚ) ਜੁੜੇ ਰਹਿਣਾ ਇਹ ਸਾਡੀ ਖਿੰਥਾ ਹੈ। (ਸ) ਕਾਇਆਂ (ਕੁਆਰੀ=) ਇਕ ਬੁਰਕੀ ਹੈ ਜਿਸ ਨੂੰ ਕਾਲ ਖਾ ਜਾਂਦਾ ਹੈ, ਇਹ ਸਮਝ ਲੈਣਾ ਖਿੰਥਾ ਧਾਰਨੀ ਹੈ। (ਹ) ਸਰੀਰ ਨੂੰ ਕਾਲ ਤੋਂ (ਕੁਆਰੇ ਭਾਵ) ਬਚਾਈ ਰਖਣਾ ਇਹ ਖਿੰਥਾ ਹੈ। ਯੋਗ ਅਗਨੀ ਅਥਵਾ ਗ੍ਯਾਨ ਦ੍ਰਿਸ਼ਟੀ ਨਾਲ ਕਾਲ ਦਗਧ ਹੁੰਦਾ ਹੈ। (ਕ) ਕਾਲ ਖਿੰਥਾ ਹੈ ਤੇ 'ਕਾਇਆਂ' ਉਸ ਦੀ ਇਸਤ੍ਰੀ ਹੈ। (ਕੁਆਰੀ=ਕੁਆਰਿ=ਇਸਤ੍ਰੀ, ਵਹੁਟੀ) ਇਸ ਇਸਤ੍ਰੀ ਨੂੰ ਭੋਗਣੇ ਵਾਲਾ ਅਰਥਾਤ ਖਾ ਜਾਣ ਵਾਲਾ ਕਾਲ ਹੈ, ਸੋ ਅਸੀਂ ਖਿੰਥਾ ਬਨਾ ਲਿਆ ਹੈ, ਕਿਸ ਤਰ੍ਹਾਂ ਕਿ ਕਾਲ ਦੀ ਇਕ ਖਿਣ, ਇਕ ਚਸਾ ਬੀ ਪਰਮੇਸ਼ੁਰ ਦੇ ਨਾਮ ਬਿਨਾ ਨਹੀਂ ਗੁਵਾਈਦਾ। (ਖ) ਕਾਲ ਦੀ ਕੁਆਰੀ ਭਾਵ ਪੁਤ੍ਰੀ ਕਾਇਆਂ ਹੈ, ਇਹ ਕਾਇਆਂ ਹੀ ਗੋਦੜੀ ਹੈ।

ਪਰੰਤੂ 'ਕ ਤੇ ਖ' ਅਰਥਾਂ ਵਿਚ 'ਕਾਲੁ ਕੁਆਰੀ' ਦਾ ਅਰਥ 'ਕਾਲ ਦੀ ਇਸਤ੍ਰੀ' ਯਾ 'ਪੁਤ੍ਰੀ' ਨਹੀਂ ਲਗ ਸਕਦੇ ਕਿਉਂਕਿ 'ਕਾਲੁ' ਨੂੰ ਔਂਕੁੜ ਲਗਾ ਹੈ ਜੋ 'ਦੀ' ਅਰਥ ਨੂੰ ਵਰਜਿਤ ਕਰਦਾ ਹੈ। ਜੇ 'ਕਾਲ ਕੁਆਰੀ' ਪਾਠ ਹੁੰਦਾ ਤਾਂ ਸਮਾਸ ਹੁੰਦਾ ਤੇ ਅਰਥ ਕਾਲ ਦੀ ਕੁਆਰੀ ਠੀਕ ਬੈਠਦਾ।

ਆਈ-(ਸਿੰਧੀ-ਮਾਤਾ[1]) ਜੋਗੀਆਂ ਦੇ ੧੨ ਫਿਰਕਿਆਂ ਵਿਚੋਂ ਇਕ, ਜੋ ਦੂਸਰਿਆਂ ੧੧ ਪੰਥਾਂ ਨਾਲ ਹਿਤ ਨਾਲ ਵਰਤਦਾ ਹੈ[2]। ਆਈ ਪੰਥੀ-ਆਈ ਪੰਥੀ ਹੋਣਾ।

ਸਗਲ ਜਮਾਤੀ-ਸਭ ਨਾਲ ਇਕ ਜਮਾਤੀ ਹੋਣਾ। 'ਜਮਾਅ਼ਤ' ਅਰਬੀ ਪਦ ਹੈ। ਸਗਲ ਜਮਾਤੀ ਯਾ ਇਕ ਜਮਾਤੀ ਦਾ ਭਾਵ ਹੈ ਬਰਾਬਰ ਦਾ ਹੋਣਾ ਯਾ ਸਮਝਣਾ।

ਗੁਰੂ ਜੀ ਦਾ ਭਾਵ ਹੈ ਕਿ ਆਈ ਪੰਥੀ ਵਾਲੇ ਤਾਂ ਬਾਕੀ ਦੇ 'ਜੋਗੀ ਪੰਥਾਂ' ਨਾਲ ਚੰਗਾ ਵਰਤਦੇ ਹਨ, ਮੇਰਾ ਵਰਤਾਉ ਜਗਤ ਦੇ ਸਾਰੇ 'ਮਤਾਂ, ਪੰਥਾਂ ਤੇ ਮਜ਼ਹਬਾਂ' ਨਾਲ ਆਦਰ ਦਾ ਵਰਤਾਉ ਕਰਨਾ ਹੈ।

ਆਦੇਸੁ-(ਸੰਸ:, ਆਦੇਸ਼=ਆਗਿਆ) ਜੋਗੀ 'ਨਮਸਕਾਰ' ਅਰਥਾਂ ਵਿਚ ਇਹ ਪਦ ਵਰਤਦੇ ਹਨ। ਜੋਗੀ ਸ਼ਿਵ ਭਗਵਤੀ ਯਾ ਸਿੱਧਾਂ ਆਦਿਕਾਂ ਨੂੰ ਆਦੇਸ਼ ਕਹਿੰਦੇ ਹਨ, ਗੁਰੂ ਜੀ ਅਕਾਲ ਪੁਰਖ ਨੂੰ ਆਦੇਸ਼ ਕਹਿੰਦੇ ਹਨ। ਦੋ ਵੇਰ ਕਹਿਣ ਤੋਂ ਭਾਵ ਬਾਰੰਬਾਰ ਯਾ ਸਦੈਵ ਦਾ ਹੈ। ਮੁਰਾਦ ਈਸ਼੍ਵਰ ਦੀ ਪੂਜਾ ਤੋਂ ਹੈ ਜੋ ਨਾਮ ਸਿਮਰਣ ਆਦਿ ਹੈ[3]।

ਅਨੀਲੁ-(ਸੰਸ:, ਅ+ਨੀਲ) ਜਿਸ ਵਿਚ ਨੀਲ ਆਦਿ ਰੰਗ ਨਾ ਹੋਵੇ। ਅਰੰਗ।

---

[1] ਕੰਨ-ਪਾਟੇ ਜੋਗੀਆਂ ਦਾ ਇਕ ਫਿਰਕਾ ਜੋ ਪਾਰਬਤੀ ਨੂੰ ਆਈ (ਯਾ ਮਾਤਾ) ਕਹਿੰਦੇ ਹਨ। ਉਹਨਾਂ ਦੇ ਪੰਥ ਨੂੰ ਆਈ ਪੰਥੀ ਕਹਿੰਦੇ ਹਨ।

[2] ਇਕ ਸ਼ਾਕਤਕਾਂ ਦਾ ਫਿਰਕਾ ਬੀ ਹੈ ਜੋ ਉਪਰਲੇ ਤੋਂ ਮੂਲੋਂ ਭਿੰਨ ਹੈ।

[3] ਪੰਚਮ ਗੁਰ ਜੀ ਦਾ ਵਾਕ ਹੈ: ਨਿਮਖ ਨਿਮਖ ਠਾਕੁਰ ਨਮਸਕਾਰੈ॥ (ਸੁਖਮਨੀ, ੯-ਸਲੋਕ)

ਸੁਖਮਨੀ ਵਿਚ ਗੁਰੂ ਪੰਚਮ ਜੀ ਨੇ ਪਰਮਾਤਮ ਦੇਵ ਨੂੰ ਅਰੰਗ ਦੱਸਿਆ ਹੈ। ਰੂਪੁ ਨ ਰੇਖ ਨ ਰੰਗੁ ਕਿਛੁ·······॥ (ਸੁਖਮਨੀ, ੧੬-ਸਲੋਕ) ਅਨੀਲ ਕਹਿਣ ਵਿਚ ਇਕ ਕਟਾਖਸ਼ ਬੀ ਹੈ, ਜੋਗੀ ਸ਼ਿਵ ਉਪਾਸ਼ਕ ਹੈਨ, ਸ਼ਿਵਜੀ ਦਾ ਇਕ ਨਾਮ 'ਨੀਲ ਕੰਠ' ਹੈ, ਗੁਰੂ ਜੀ ਸ਼ਿਵ ਦੇ ਕਰਤਾ ਨੂੰ 'ਅਨੀਲ' ਦੱਸ ਰਹੇ ਹਨ। ਅਨੀਲ ਦਾ ਭਾਵ ਮਾਯਾ ਛਾਯਾ ਤੋਂ ਰਹਿਤ ਹੈ। ਪਵਿਤ੍ਰ ਅਰਥ ਬੀ ਹੈ।

ਭੁਗਤਿ-(ਸੰਸ: ਭੁਕ੍ਤਿ-ਭੋਜਨ) ਭੋਜਨ। ਜੋਗੀ ਇਹ ਪਦ ਆਪਣੇ ਟਿਕਾਣਿਆਂ ਦੇ ਭੋਜਨ ਲਈ ਵਰਤਦੇ ਹਨ। ਸਿੰਧ ਵਿਚ ਗੁਰੂ ਟਿਕਾਣਿਆਂ ਵਿਚ ਬੀ ਇਹ ਪਦ ਵਰਤਦੇ ਹਨ ਭੋਜਨ ਅਰਥਾਂ ਵਿਚ। (੨) ਮਧੂਕੜੀ।

ਨਾਦ-(ਸੰਸ:, ਨਾਦ-ਸ਼ਬਦ) ਸ਼ਬਦ, ਆਵਾਜ਼। ਜੋਗੀ ਇਕ ਨਿੱਕੀ ਟੂਟੀ ਜੇਹੀ ਗਲੇ ਵਿਚ ਲਟਕਾਈ ਰਖਦੇ ਹਨ, ਭੰਡਾਰਾ ਖਾਣ ਵੇਲੇ ਵਜਾਉਂਦੇ ਹਨ, ਉਸ ਨੂੰ ਨਾਦੀ ਕਹਿੰਦੇ ਹਨ।

੨. ਦਾਨੇ ਐਉਂ ਬੀ ਕਰਦੇ ਹਨ-ਸ਼ਿਵ ਜੀ ਪਾਸ ਤਾਂ ਸਿੰਙੀ ਤੇ ਡੌਰੂ ਦਾ ਨਾਦ ਹੈ ਪਰ ਸਾਡੇ ਅਨੀਲ ਵਾਹਿਗੁਰੂ ਦਾ ਨਾਦ ਘਟ ਘਟ ਵਿਚ ਵੱਜ ਰਿਹਾ ਹੈ ਜੋ ਬਿਨਾ ਵਜਾਏ ਵੱਜਦਾ ਹੈ:-

ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ॥ (ਸੂਹੀ ਮ: ੧-੮)

ਰਿਧਿ ਸਿਧਿ-(ਸੰਸ:, ਰਿਦ੍ਧਿ। ਸਿਦ੍ਧਿ। ਰਿਧੀਆਂ ਤੇ ਸਿਧੀਆਂ। ਰਿਧਿ ਦਾ ਧਾਤੂ ਰਿ੍ਧ=ਵਧਣਾ, ਪ੍ਰਫੁੱਲਤ ਹੋਣਾ।) ੧. ਵਾਧਾ, ਬਹੁੱਲਤਾ, ਪ੍ਰਫੁੱਲਤਾਈ। ੨. ਕਰਾਮਾਤੀ ਸ਼ਕਤੀ।

੩. ਇਕ ਦਵਾਈ। ਯਾ ਦਵਾਵਾਂ ਨਾਲ ਪ੍ਰਾਪਤ ਹੋਣ ਵਾਲੀ ਕੁਸ਼ਲਤਾ।

ਸਿੱਧੀਆਂ ਅੱਠ ਤੇ ਅਠਾਰਾਂ ਬੀ[1] ਗਿਣਦੇ ਹਨ। ਰਿਧਿ ਸਿਧਿ ਦੋਹਾਂ ਦਾ ਭਾਵ ਐਸ਼੍ਵਰਜ, ਵਾਧਾ ਪ੍ਰਫੁੱਲਤਾ ਤੇ ਕਰਾਮਾਤੀ ਸ਼ਕਤੀਆਂ ਤੋਂ ਹੁੰਦਾ ਹੈ। ਅਠ ਸਿੱਧੀਆਂ[1]। ਯਥਾ:-

ਅਸਟ ਸਿਧਿ ਨਵ ਨਿਧਿ ਏਹ॥ (ਬਸੰਤ ਮ: ੫-੧੩)

੧੮ ਸਿਧੀਆਂ ਯਥਾ-**ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰਤਲ ਧਰਿਆ॥** (ਗੁਜਰੀ ਮ:੫-੧੦)

ਅਵਰਾ-(ਹਿੰਦੀ, ਔਰ, ਅਵਰ) ਹੋਰਨਾਂ ਦਾ। ਔਰ ਦਾ ਬਹੁ ਵਚਨ ਔਰਾਂ ਤੇ ਅਵਰਾ। ਭਾਵ ਹੈ ਵਾਹਿਗੁਰੂ ਦੇ ਰਾਹ ਤੋਂ ਹੋਰਵੇਂ ਟੁਰਨ ਵਾਲਿਆਂ ਦਾ।

ਐਉਂ ਬੀ ਲਾਉਂਦੇ ਹਨ:- ਆਵਰਣ ਵਾਲਿਆਂ ਦਾ । ਜੋ ਮਾਯਾ ਨੇ ਅਵਰੇ ਹੋਏ ਹਨ, ਭਾਵ ਜੋ ਅਗਯਾਨ ਵਿਚ ਹਨ। ਮੁਰਾਦ ਇਹ ਲੈਂਦੇ ਹਨ ਕਿ ਨਾਮ ਦੇ ਪ੍ਰੇਮੀ ਰਿਧਿ ਸਿਧਿ ਤੋਂ ਵੈਰਾਗ ਧਾਰਦੇ ਹਨ। ਯਥਾ:-

ਧ੍ਰਿਗੁ ਸਿਧੀ ਧ੍ਰਿਗੁ ਕਰਮਾਤਿ॥ (ਸੋਰਠਿ ਵਾ: ਮ: ੩-੩੦)

---

[1]ਸਿਧੀਆਂ ਦੀ ਗਿਣਤੀ ਵਿਚ ਅਸਟ ਸਿਧਿ ਯਾ ਅਠ ਸਿੱਧੀਆਂ ਏਹ ਹਨ:-

੧. ਅਣਿਮਾ -ਬਹੁਤ ਛੋਟਾ ਹੋ ਜਾਣਾ। ੨. ਮਹਿਮਾ-ਵੱਡਾ ਹੋ ਜਾਣਾ। ੩. ਗਰਿਮਾ-ਭਾਰੀ ਹੋ ਜਾਣਾ। ੪. ਲਘਿਮਾ-ਹੌਲਾ ਹੋ ਜਾਣਾ। ੫. ਪ੍ਰਾਪਤਿ-ਮਨ ਵਾਂਛਿਤ ਵਸਤੂ ਹਾਸਿਲ ਕਰ ਲੈਣੀ। ੬. ਪ੍ਰਾਕਾਮਯ-ਸਭ ਦੇ ਮਨ ਦੀ ਜਾਣ ਲੈਣੀ। ੭. ਈਸ਼ਿਤਾ-ਆਪਣੀ ਇੱਛਾ ਅਨੁਸਾਰ ਸਭ ਨੂੰ ਪ੍ਰੇਰਨਾ। ੮. ਵਸ਼ਿਤਾ-ਸਭ ਨੂੰ ਕਾਬੂ ਕਰ ਲੈਣਾ। ਇਨ੍ਹਾਂ ਅੱਠਾਂ ਤੋਂ ਛੁਟ ੧੦ ਹੋਰ ਪੈਕੇ ਅਠਾਰਾਂ ਹੋ ਜਾਂਦੀਆਂ ਹਨ, ਸੋ ਓਹ ਦਸ ਏਹ ਹਨ:-

੯. ਅਨੁਰਮਿ-ਭੁਖ ਤ੍ਰੇਹ ਦਾ ਨਾ ਵਯਾਪਣਾ। ੧੦. ਦੂਰ ਸ਼੍ਰਵਣ-ਦੂਰੋਂ ਸਭ ਗੱਲ ਸੁਣ ਲੈਣੀ।

੧੧. ਦੂਰ ਦਰਸ਼ਨ-ਦੂਰ ਦੇ ਨਜ਼ਾਰੇ ਅੱਖਾਂ ਸਾਮ੍ਹਣੇ ਵੇਖਣੇ। ੧੨. ਮਨੋ ਵੇਗ-ਮਨ ਦੀ ਚਾਲ ਤੁੱਲ ਛੇਤੀ ਜਾਣਾ।

੧੩. ਕਾਮਰੂਪ-ਜੇਹਾ ਮਨ ਚਾਹੇ ਤੇਹਾ ਰੂਪ ਧਾਰ ਲੈਣਾ। ੧੪. ਪਰਕਾਯ ਪ੍ਰਵੇਸ਼-ਦੂਸਰੇ ਦੀ ਦੇਹ ਵਿਚ ਪ੍ਰਵੇਸ਼ ਕਰ ਜਾਣਾ।

੧੫. ਸ੍ਵਛੰਦ ਮ੍ਰਿਤ੍ਯੂ-ਆਪਣੀ ਇਛਾ ਅਨੁਸਾਰ ਮਰ ਜਾਣਾ। ੧੬. ਸੁਰ ਕ੍ਰੀੜਾ-ਦੇਵਤਿਆਂ ਨਾਲ ਮਿਲ ਕੇ ਖੇਲਨਾ।

੧੭. ਸੰਕਲਪ ਸਿੱਧਿ-ਜੋ ਚਿਤਵਣਾ ਸੋ ਪੂਰਾ ਹੋ ਜਾਣਾ। ੧੮. ਅਪ੍ਰਤਿਹਤ ਗਤਿ-ਕਿਸੇ ਥਾਂ ਜਾਣ ਵਿਚ ਕੋਈ ਰੁਕਾਵਟ ਨਾ ਪਵੇ।

ਬ੍ਰਹਮ ਵੈਵਰਤ ਪੁਰਾਣ ਵਿਚ ੧੮ ਸਿੱਧੀਆਂ ਦੱਸੀਆਂ ਹਨ।

ਸੰਜੋਗੁ ਵਿਜੋਗੁ-(ਸੰਸ:, ਸੰਯੋਗ-ਭਲੀ ਪ੍ਰਕਾਰ ਮੇਲ। ਵਿਜੋਗ-ਵਿਛੋੜਾ) ਮੇਲ ਤੇ ਵਿਛੁੜਨਾ। ਮੁਰਾਦ ਹੈ ਵਾਂਛਿਤ ਦਾ ਮਿਲਨਾ ਤੇ ਵਿਛੜ ਜਾਣਾ। ਅਵਾਂਛਿਤ ਦਾ ਆ ਟੱਕਰਨਾ ਤੇ ਦੂਰ ਹੋ ਜਾਣਾ। ਇਹ ਕਰਮਾਂ ਅਨੁਸਾਰ ਹੈ। ਜੈਸੇ- **ਮਾਣਸ ਜਨਮੁ ਪੁੰਨਿ ਕਰਿ ਪਾਇਆ·······॥** (ਗੂਜਰੀ ਮ: ੪-੪)

ਪਦਾਰਥਾਂ ਤੇ ਪੁਰਸ਼ਾਂ ਦਾ ਮੇਲ- **ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ॥** (ਸਿਰੀ ਮ: ੧-੧੧)

ਸਾਧੂ ਦਾ ਮੇਲ- **ਸੰਜੋਗਿ ਮਿਲਾਏ ਸਾਧ ਸੰਗਾਏ॥** (ਕਾਨੜਾ ਮ: ੫-੪੬)

ਪਰਮਾਤਮਾ ਦਾ ਮੇਲ- **ਸੰਜੋਗੀ ਮੇਲਾ ਥਾਨਿ ਸੁਹੇਲਾ·······॥** (ਸੂਹੀ ਮ: ੧ ਛੰਤੁ ੧)

ਤੁਕ ਵਿਚ ਭਾਵ ਹੈ ਕਿ 'ਯੋਗੀਆਂ ਦੇ ਕਾਰਬਾਰੀ' ਦੀ ਥਾਂ ਸਾਡੇ 'ਸੰਜੋਗ ਵਿਜੋਗ' ਕੰਮ ਕਰ ਰਹੇ ਹਨ। ਕਿਉਂਕਿ ਧੁਰੋਂ ਠਟੇ ਹਨ, ਯਥਾ ·······ਲਿਖਿਆ ਧੁਰਿ ਸੰਜੋਗ॥ (ਬਾਰਹ ਮਾਹ ਮਾਝ ਮ: ੫-੯)

ਆਮ ਤੌਰ ਤੇ ਜਯੋਤਸ਼ੀ ਗ੍ਰਹਿ ਰਾਸ਼ੀਆਂ ਆਦਿ ਦੀ ਚਾਲ ਮੇਲ ਤੋਂ ਜੋ ਸ਼ੁਭਾਸ਼ੁਭ ਦੀਆਂ ਟੋਹਾਂ ਲਾਉਂਦੇ ਹਨ, ਉਹਨਾਂ ਨੂੰ ਬੀ 'ਸੰਜੋਗ' ਆਦਿ ਦੇ ਪਦ ਨਾਲ ਯਾਦ ਕਰ ਲੈਂਦੇ ਹਨ। ਆਮ ਬੋਲ ਚਾਲ ਵਿਚ 'ਸੰਜੋਗਾਂ ਨਾਲ' ਦਾ ਅਰਥ 'ਭਾਗਾਂ ਨਾਲ', ਤੇ 'ਇਤਫਾਕ ਨਾਲ' ਬੀ ਕਰ ਲੈਂਦੇ ਹਨ।

ਭਾਗ-(ਸੰਸ:) ਹਿੱਸਾ। ਛਾਂਦਾ। (੨) ਕਿਸਮਤ।

ਏਕਾ-(ਸੰਸ:, ਏਕ) ਜੋ ਦੁਤਿਯ ਨਹੀਂ, ਇਕੋ ਹੀ ਹੈ। 'ਇਕ' ਇਹ ਪਦ ਇਥੇ ਸੰਗਯਾ (ਨਾਮ) ਹੈ, ਵਿਸ਼ੇਸ਼ਣ ਨਹੀਂ ਹੈ। ਤੀਸਰੀ ਤੁਕ ਵਿਚ ਪਦ 'ਤਿਸੁ' ਤੇ ਚੌਥੀ ਵਿਚ 'ਉਹ' ਦੁਇ ਸਰਵਨਾਮ ਹਨ ਤੇ ਇਕ ਵਚਨ ਹਨ। ਏਹ ਦੁਏ ਦੱਸਦੇ ਹਨ ਕਿ ਪਹਿਲੋਂ ਆਇਆ ਪਦ 'ਏਕਾ' ਸੰਗ੍ਯਾ ਹੈ, ਵਿਸ਼ੇਸ਼ਣ ਨਹੀਂ। ਏਹ ਉਸੇ 'ਏਕ' ਦੇ ਸਰਵਨਾਮ ਹਨ, ਤੇ 'ਏਕਾ' ਦਾ ਅਰਥ ਬ੍ਰਹਮ ਹੈ, ਜੋ ਇਕੋ ਹੈ ਤੇ ਜਿਸਦਾ ਦੂਸਰਾ ਨਹੀਂ ਹੈ। ਇਹ ਵਰਤਾਉ ਗੁਰਬਾਣੀ ਵਿਚ ਹੋਰਥੇ ਬੀ ਆਇਆ ਹੈ। ਯਥਾ:-

ਏਕਾ ਖੋਜੈ ਏਕ ਪ੍ਰੀਤਿ॥ (ਬਸੰਤ ਮ: ੫-੩)

ਪੁਨਾ:- **ਏਕੋ ਕਉ ਸਚੁ ਏਕਾ ਜਾਣੈ·······॥** (ਸਿੱਧ ਗੋਸਟਿ -੨੪)

ਪੁਨਾ:- **ਏਕੋ ਰਵਿ ਰਹਿਆ ਸਭ ਠਾਈ॥** (ਪ੍ਰਭਾਤੀ ਮ: ੧, ਅਸਟ:-੬)

ਸੰਪ੍ਰਦਾ ਵਿਚ ਇਸ ਵਾਕ ਦੇ ਐਉਂ ਬੀ ਅਰਥ ਲਾਉਂਦੇ ਹਨ-ਮਾ=ਮਾਇਆ, ਈ=ਈਸ਼੍ਵਰ, ਅਰਥਾਤ ਇਕੋ ਮਾਇਆ ਈਸ਼੍ਵਰ ਨਾਲ (ਜੁਗਤਿ=) ਯੁਕਤਿ ਹੋਕੇ ਪ੍ਰਸੂਤ ਹੋਈ....। ਇਕ ਪੁਰਾਣੇ ਟੀਕਾਕਾਰ ਨੇ ਸੰਪ੍ਰਦਾਈ ਅਰਥ ਬੀ ਦਿੱਤੇ ਹਨ ਤੇ ਇਉਂ ਬੀ ਕੀਤਾ ਹੈ="ਇਕ ਮਾਇਆ ਨੇ (ਜੁਗਤਿ=) ਕਿਸੇ ਤਰਕੀਬ ਨਾਲ ਤਿੰਨ ਪਰਵਾਣ ਚੇਲਿਆਂ ਨੂੰ ਜਨਮ ਦਿਤਾ।" ਜੇ ਟੀਕਾਕਾਰ ਦਾ ਭਾਵ ਹੈ ਕਿ ਛੜੀ ਮਾਇਆ ਨੇ ਰਚਨਾ ਰਚ ਲਈ ਤਾਂ ਪਿੱਛੇ ਦੱਸੇ ਗੀਤਾ ਦੇ (੧੪;੩-੪) ਪ੍ਰਮਾਣ ਦੇ ਅਨੁਕੂਲ ਨਹੀਂ ਤੇ ਨਾ ਹੀ ਗੁਰੂ ਆਸ਼ੇ ਦੇ ਅਨੁਕੂਲ ਹੈ। ਗੁਰੂ ਜੀ ਕਰਤਾ ਅਕਾਲ ਪੁਰਖ ਨੂੰ ਮੰਨਦੇ ਹਨ। ਮਾਇਆ ਉਸ ਬਿਨਾ ਰਚਨਾ ਨਹੀਂ ਰਚ ਸਕਦੀ। ਯਥਾ:-

ਨਿਰੰਕਾਰਿ ਅਕਾਰੁ ਉਪਾਇਆ॥ ਮਾਇਆ ਮੋਹੁ ਹੁਕਮਿ ਬਣਾਇਆ॥
ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ॥੧॥ (ਮਾਰੂ ਸੋਲਹੇ ਮ: ੩-੨੨)

ਪੁਨਾ:- **ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ॥** (ਮਾਰੂ ਸੋਲਹੇ ਮ: ੩-੨੨)

ਅਰਥਾਤ ਮਾਇਆ ਹੁਕਮ ਨਾਲ ਬਣੀ ਅਤੇ ਕਰਤੇ ਨੇ ਮਾਇਆ ਪ੍ਰਸੂਤ ਕਰਕੇ ਤ੍ਰੈ ਗੁਣ ਪੈਦਾ ਕੀਤੇ। ਐਉਂ ਕਿ ਕਰਤਾ ਪੁਰਖ ਦੇ ਹੁਕਮ ਨੇ ਮਾਇਆ ਨੂੰ ਤ੍ਰੈ ਰੰਗ ਧਾਰਨੇ ਦਾ ਹੁਕਮ ਦਿਤਾ: ਲਾਲ, ਕਾਲਾ ਤੇ ਚਿੱਟਾ, ਇਨ੍ਹਾਂ ਤਿੰਨਾ ਰੰਗਾਂ ਤੋਂ ਹੁਕਮ ਦਿੱਤਾ ਤ੍ਰੈ ਰੂਪ ਬਣ ਜਾਣ ਸੋ ਬਣੇ ਲਾਲ ਤੋਂ ਬ੍ਰਹਮਾ, ਕਾਲੇ ਤੋਂ ਸ਼ਿਵ ਤੇ ਚਿੱਟੇ ਤੋਂ ਵਿਸ਼ਨੂੰ। ਤਿੰਨਾਂ ਨੂੰ (ਫੁਰਮਾਣ=) ਹੁਕਮ ਹੋਇਆ ਹੁਕਮ ਬਜਾ ਆਵਰੀ ਦਾ। ਬ੍ਰਹਮਾ ਨੂੰ ਰਚਨਾ ਦਾ, ਸ਼ਿਵ ਨੂੰ ਸੰਘਾਰ ਦਾ, ਵਿਸ਼ਨੂੰ ਨੂੰ ਪਾਲਣ ਦਾ। ਉਹ ਕਰਤਾ ਦੇਖਣਹਾਰ ਹੈ ਅਪਣੀ ਰਚੀ ਮਾਇਆ ਦਾ, ਉਸ ਦੇ ਤ੍ਰਿਧਾ

 www.sikhbookclub.com

ਰੰਗਾਂ ਦਾ ਤੇ ਤ੍ਰਿਧਾ ਰੂਪਾਂ ਦਾ। ਪਰ ਉਹ ਸਾਰੇ ਕ੍ਰਿਤ ਹਨ ਤੇ ਉਸ ਨੂੰ ਨਹੀਂ ਦੇਖ ਸਕਦੇ। ਨਾ ਦੇਖ ਸਕਣ ਦਾ ਭਾਵ ਇਹ ਹੈ ਕਿ ਓਹ ਉਹਨਾਂ ਤਿੰਨਾਂ ਦੇ ਅੱਗੇ ਦ੍ਰਿਸ਼ਟਮਾਨ ਨਹੀਂ ਹੁੰਦਾ, ਕਿਉਂਕਿ

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ (ਮਾਰੂ ਸੋਲਹੇ ਮ: ੫-੧੧)

ਇਸ ਦਾ ਇਹ ਭਾਵ ਨਹੀਂ ਕਿ ਰਚਣਾਹਾਰ ਮਾਯਾ ਰਚਨ ਦੇ ਫੁਰਨੇ ਨਾਲ ਕੁਛ ਹੋਰ ਦਾ ਹੋਰ ਹੋ ਜਾਂਦਾ ਹੈ ਕਿ ਲਿਪਾਯਮਾਨ ਯਾ ਵਿਕਾਰੀ ਹੋ ਜਾਂਦਾ ਹੈ! ਉਹ ਸ਼ੁੱਧ ਸਦਾ ਥਿਰ ਅਪਰੰਪਰ ਤੇ 'ਪਾਕੀ ਨਾਈ ਪਾਕੁ' ਹੈ। ਜਿਸ ਅਪਣੇ ਹੁਕਮ ਦੁਆਰਾ ਖੇਲ ਕਰਦਾ ਹੈ, ਉਹ 'ਹੁਕਮ ਨ ਕਹਿਆ ਜਾਈ' ਹੈ।

ਤ੍ਰੈ ਗੁਣ ਤੇ ਤ੍ਰੈ ਦੇਵਤੇ, ਤ੍ਰੈ ਰੰਗ ਐਉਂ ਬੀ ਕਹੀਦੇ ਹਨ:-

ਬ੍ਰਹਮਾ-ਕਰਤ੍ਰੀ ਸ਼ਕਤੀ ਵਾਲਾ ਹੋਣ ਕਰਕੇ-ਰਜੋ ਗੁਣ-ਲਾਲ।

ਵਿਸ਼ਨੂੰ-ਸ਼੍ਰੇਯ ਦਾ ਦਾਤਾ, ਪੂਜਜ, ਧਜਾਨ ਦਾ ਆਸਰਾ ਹੋਣ ਕਰਕੇ-ਸਤੋ ਗੁਣ-ਚਿੱਟਾ।

ਸ਼ਿਵ-ਸੰਹਾਰ ਯਾ ਮਾਰਨ ਦੀ ਸ਼ਕਤੀ ਵਾਲਾ ਹੋਣ ਕਰਕੇ-ਤਮੋ ਗੁਣ-ਕਾਲਾ।

ਜੁਗਤਿ-(ਸੰਸ:,) ਯੁਕ੍ਤਿ=ਜੋੜ,) ਸੰਜੋਗ, ਜੁੜਨ।

ਵਿਆਈ-(ਪੰਜਾਬੀ, ਵਿਅੰਮ=ਪ੍ਰਸੂਤ ਪੀੜਾ) ਪ੍ਰਸੂਤ ਹੋਈ। ਭਾਵ ਹੈ ਕਿ ਸਾਈਂ ਨੇ ਮਾਇਆ ਰਚੀ। ਆਪ ਚੇਤਨ ਹੈ ਮਾਇਆ ਅਚੇਤਨ ਰਚੀ। ਸੋ ਚੇਤਨ ਨਿਰੰਕਾਰ ਨੇ ਅਚੇਤਨ ਮਾਇਆ ਨੂੰ ਚੇਤਨ ਸਤਜਾ ਨਾਲ ਸਤਜਾਵਾਨ ਕਰ ਦਿਤਾ, ਜਿਸ ਤੋਂ ਸ੍ਰਿਸ਼ਟੀ ਹੋਈ।

'ਸੰਸਾਰੀ, ਭੰਡਾਰੀ, ਲਾਏ ਦੀਬਾਣੁ' ਦੇ ਅਰਥ ਬ੍ਰਹਮਾ, ਵਿਸ਼ਨੂੰ, ਸ਼ਿਵ ਹੀ ਲਗਦੇ ਚਲੇ ਆਏ ਹਨ ਪਰ ਵਿਤਪਤੀਆਂ ਵਿਚ ਫਰਕ ਕਰਦੇ ਰਹੇ ਹਨ:-

(ੳ) ਸੰਸਾਰੀ=ਬ੍ਰਹਮਾ, ਸੰਸਾਰ ਰਚਨਾ ਕਰਨ ਵਾਲਾ ਹੋਣ ਕਰਕੇ। ਭੰਡਾਰੀ=ਸ਼ਿਵ ਜੋ ਭੰਡਾਰ ਭਰਨੇ ਵਿਚ ਪ੍ਰਸਿੱਧ ਹੈ। ਆਮ ਗੀਤਾਂ ਵਿਚ ਬੋਲਦੇ ਹਨ 'ਸ਼ਿਵ ਜੀ ਭਰੇਗਾ ਭੰਡਾਰ'। ਲਾਏ ਦੀਬਾਣੁ= ਜੋ ਦੀਵਾਨ ਲਾਉਂਦਾ ਹੈ ਸੋ ਵਿਸ਼ਨੂੰ।(੧੯੫੮ ਬਿ:) (ਅ) ਸੰਸਾਰੀ=ਬ੍ਰਹਮਾ। ਭੰਡਾਰੀ=ਪਾਲਣਹਾਰ ਵਿਸ਼ਨੂੰ। ਲਾਏ ਦੀਵਾਣੁ=ਦੀਬਾਨ ਲਗਾਉਣੇ ਵਾਲਾ ਤੇ ਅੰਤ ਵਿਚ ਮੁਹਾਸਬਾ ਲੈਣ ਵਾਲਾ ਭਾਵ ਮਹਾਂ ਦੇਵ ਯਾ ਸ਼ਿਵ (੧੯੫੨ ਬਿ:) (ੲ) ਕਵੀ ਸੰਤੋਖ ਸਿੰਘ ਜੀ ਮੁਹਾਸਬਾ ਲੈਣ ਵਾਲਾ ਅਰਥ ਗ਼ਲਤ ਦੱਸਦੇ ਹਨ ਕਿ ਸ਼ਿਵ ਜੀ ਕਿਸੇ ਸ਼ਾਸਤ੍ਰ ਵਿਚ ਮੁਹਾਸਬਾ ਲੈਣ ਵਾਲਾ ਨਹੀਂ ਦੱਸਿਆ ਗਿਆ ਤੇ ਆਪਣਾ ਅਰਥ ਐਉਂ ਕਰਦੇ ਹਨ-ਲਾਏ ਦੀ ਬਾਣੁ=ਲੈ ਕਰਨੇ ਦੀ ਬਾਣ (=ਸੁਭਾਵ) ਹੈ ਜਿਸ ਨੂੰ, ਨਾਸ਼ ਕਰਨੇ ਵਾਲਾ ਅਰਥਾਤ ਸ਼ਿਵ! (੧੯੯੬ ਬਿ:)! (ਸ) ਲਾਏ ਦੀਬਾਣੁ=ਸੰਹਾਰ ਕਰਤਾ। (ਭਾਈ ਮਨੀ ਸਿੰਘ ਦਾ ਟੀਕਾ)।

ਫੁਰਮਾਣ-(ਫ਼ਾ:, ਫ਼ਰਮਾਨ) ਹੁਕਮ।

ਆਸਣੁ-(ਸੰਸ:,) ਬੈਠਣੇ ਦਾ ਥਾਉਂ (ਅ) ਨਿਵਾਸ ਦਾ ਥਾਉਂ[1]।

ਲੋਇ ਲੋਇ-(ਸੰਸ:, ਲੋਕ) ਪ੍ਰਾਕ੍ਰਿਤ, ਲੋਅ=ਜਗਤ।) ਲੋਕ। ਲੋਇ ਲੋਇ=ਲੋਕ ਲੋਕ ਵਿਚ

(ਅ) ਲੋਇ ਨੂੰ ਲੋਯ ਪੜ੍ਹਕੇ ਇਸ ਦਾ ਅਰਥ 'ਪ੍ਰਕਾਸ਼ ਸਰੂਪ ਪ੍ਰਮਾਤਮਾ' ਕਰਕੇ, ਇਕ ਲੋਇ ਦਾ ਅਰਥ 'ਅੰਤਹਕਰਣ' ਕਰਕੇ ਦਾਨੇ ਐਉਂ ਕੱਢਣੇ ਦਾ ਪ੍ਰਯਤਨ ਬੀ ਕਰਦੇ ਹਨ-ਕਿ ਪ੍ਰਕਾਸ਼ ਰੂਪੀ ਆਤਮਾ ਸਥਿਤੀ ਦਾ ਹੇਤੂ ਹੈ ਤੇ ਗਜਾਨ ਰੂਪ ਭੋਜਨ ਦਾ ਭੰਡਾਰਾ ਅੰਤਹਕਰਣ ਹੈ। ਇਹ ਗਜਾਨ ਰੂਪ ਭੋਜਨ ਇਕੋ ਵਾਰ ਪਾਇਆ ਹੈ ਭਾਵ ਗਜਾਨ ਦੀ ਪ੍ਰਾਪਤੀ ਵਾਰ ਵਾਰ ਨਹੀਂ ਹੁੰਦੀ। ਕਿਉਂਕਿ ਦਾਰਸ਼ਨਿਕਾਂ ਨੇ ਗਜਾਨ ਨੂੰ 'ਪ੍ਰਮਾ' ਮੰਨਿਆ ਹੈ। 'ਪ੍ਰਮਾ' ਨਾਮ ਯਥਾਰਥ ਗਜਾਨ ਦਾ ਹੈ, ਸੋ ਯਥਾਰਥ ਗਜਾਨ ਜੇ ਦੂਜੀ ਤੀਜੀ ਵਾਰ ਹੋਵੇ ਤਾਂ ਪਹਿਲਾ ਗਜਾਨ 'ਪ੍ਰਮਾ' ਨਹੀਂ ਰਹੇਗਾ।

---

[1]ਉਂਵ ਆਸਣ ਦਾ ਅਰਥ-ਬੈਠਣ ਦੀ ਡੌਲ ਤੇ ਜੋ ਕੁਛ ਬੈਠਣ ਲਈ ਹੇਠ ਵਿਛਾਇਆ ਜਾਵੇ-ਬੀ ਹੈ।

ਇਥੋਂ ਫੇਰ 'ਪਾਇਆ' ਦਾ ਕਰਤਾ ਕਾਰਕ 'ਸਿਰਜਣਹਾਰੁ' ਨੂੰ ਛੱਡਕੇ ਅਰਥ ਐਉਂ ਲਾਉਂਦੇ ਹਨ--ਜੋ ਕੁਛ ਗਯਾਨ ਰੂਪ ਭੰਡਾਰੇ ਤੋਂ ਅਸਾਂ ਨੇ ਪਾਇਆ ਹੈ, ਇਕੋ ਵਾਰ ਪਾ ਲਿਆ ਹੈ।

ਕਰਿ ਕਰਿ-(ੳ) ਕਰਿ=ਕੀਤੇ ਹੋਏ ਨੂੰ, ਕਰਿ ਵੇਖੈ=ਵੇਖਣਾ ਕਰਦਾ ਹੈ। ਕੀਤੀ ਹੋਈ ਨੂੰ ਵੇਖਦਾ ਹੈ। (ਅ) ਕਰਿ ਕਰਿ=ਰਚ ਰਚ ਕੇ ਵੇਖਦਾ ਹੈ। (ੲ) ਕਰਿ=ਰਚਦਾ ਹੈ, ਕਰਿ=ਪਾਲਦਾ ਹੈ, ਵੇਖੈ=ਸੰਭਾਲਦਾ ਹੈ। (ਸ) ਕਰਿ=ਰਚਦਾ ਹੈ। ਕਰਿ=ਪਾਲਦਾ ਹੈ, ਵੇਖੈ--ਜੀਵਾਂ ਦੇ ਸ਼ੁਭ ਅਸ਼ੁਭ ਕਰਮਾਂ ਨੂੰ ਵੀਚਾਰਦਾ ਹੈ।

ਪਰੰਤੂ-'ਏਕਾਵਾਰ' 'ਪਾਇਆ' ਕਹਿਕੇ ਸੰਭਾਵਨਾ ਹੋ ਜਾਂਦੀ ਹੈ ਕਿ 'ਹੁਣ ਆਪ ਅਟੰਕ ਹੋ ਗਿਆ ਹੈ।' 'ਕਰਿ ਕਰਿ ਵੇਖੈ' ਕਹਿਣ ਤੋਂ ਮੁਰਾਦ ਇਹ ਹੈ ਕਿ ਉਸ ਦਾ ਰਚਣ ਪਾਲਣ ਸੰਭਾਲਣ ਸੰਘਾਰਨ ਸਾਰੇ ਕੰਮ ਜਾਰੀ ਬੀ ਰਹਿੰਦੇ ਹਨ। ਉਹ ਕਰਤਾ ਪੁਰਖ ਨਿਰਲੇਪ ਬੀ ਹੈ, ਪਰ ਕੁਦਰਤ ਵਸਿਆ ਬੀ ਹੈ ਕਿ 'ਕਰਿ ਆਸਣੁ ਡਿਠੋ ਚਾਉ' ਬੀ ਹੈ ਤੇ ਕਰਨ ਕਰਾਵਨ ਬੀ ਹੈ। ਪੰਜਵੇਂ ਗੁਰਾਂ ਦਾ ਵਾਕ ਹੈ:-

ਆਪਹਿ ਕਉਤਕ ਕਰੈ ਅਨਦ ਚੋਜ॥
ਆਪਹਿ ਰਸ ਭੋਗਨ ਨਿਰਜੋਗ॥　　(ਸੁਖਮਨੀ, ੨੧-੮)

(ਪਉੜੀ ੩੨)

ਪ੍ਰਾਕ੍ਕਥਨ-ਉਸ ਸਮੇਂ ਦੇ ਪ੍ਰਵਿਰਤ ਗੋਰਖ ਮਤਾਵਲੰਬੀ ਜੋਗ ਪੰਥੀਆਂ ਦਾ ਸੁਧਾਰ ਕਹਿਕੇ ਹੁਣ ਉਸ ਸਮੇਂ ਦੇ ਵਾਚ ਗਯਾਨੀਆਂ ਦੇ ਸੁਧਾਰ ਦਾ ਕਥਨ ਕਰਦੇ ਹਨ। ਅਜ ਕਲ ਦੇ ਵਾਚ ਗਯਾਨੀਆਂ ਵਾਂਙੂ ਤਦੋਂ ਬੀ ਨਿਰਾ 'ਅਹੰਬ੍ਰਹਮਾਸਿਮ' ਕਹਿਕੇ ਬਿਨਾ ਕਿਸੇ ਲੱਖਤਾ ਪ੍ਰਾਪਤ ਹੋਈ ਦੇ ਆਪੂੰ ਈਸ਼੍ਵਰ ਬਣਨ ਵਾਲੇ ਗਯਾਨੀ ਹੈਸਨ[੧]।

ਅਸਮਾਨਾਂ ਵਿਚ ਗਤੀ ਰੱਖਣ ਵਾਲੇ ਪੰਛੀ ਤੇ ਧਰਤੀ ਤੇ ਰੀਂਗਣ ਵਾਲੇ ਕੀਟ ਦੇ ਰੂਪਕ ਵਿਚ, ਸਚ ਮੁਚ ਦੇ ਤੇ ਵਾਚ ਗਯਾਨੀਆਂ ਦਾ, ਦੋਹਾਂ ਦਾ ਫਰਕ ਦਰਸਾਉਂਦੇ ਹਨ। ਜਗਦੀਸ਼ ਦੇ ਨਾਮ ਵਿਚ ਪ੍ਰੇਮ ਦੁਆਰਾ ਅਤਿਸ਼ੈ ਕਰਕੇ ਲੱਗੇ ਹੋਏ ਜਗਯਾਸੂ 'ਪਤਿਬ੍ਰਤ ਇਸਤ੍ਰੀ' ਵਾਙੂ ਈਸ਼੍ਵਰ ਰੂਪ ਪਤੀ ਦੇ ਦੁਆਰੇ ਅੱਪੜਦੇ ਹਨ, ਪਰ ਉਹਨਾਂ ਨੂੰ ਪਤੀ ਦੀ ਪ੍ਰਾਪਤੀ ਉਸ ਦੀ ਨਦਰ ਨਾਲ ਹੁੰਦੀ ਹੈ, 'ਨਾਮ' ਤੇ 'ਨਦਰ' ਦੋ ਨੁਕਤੇ ਹਨ ਜੋ ਇਸ ਪਉੜੀ ਵਿਚ ਦਰਸਾਏ ਗਏ ਹਨ[੨]।

ਏਹ ਜਗਯਾਸੂ ਨੂੰ ਦਰੁਸਤ ਅਰਥਾਂ ਵਿਚ ਉਸ ਅਵਸਥਾ ਵਿਚ ਲੈ ਜਾਂਦੇ ਹਨ, ਜਿਸ ਨੂੰ ਜਗਤ ਦੇ ਈਸ਼੍ਵਰ ਨਾਲ 'ਇਕ' ਹੋ ਜਾਣਾ ਕਹੀਦਾ ਹੈ। 'ਇਕਦੂ' .....ਤੋਂ ਲੈਕੇ ......'ਇਕੀਸ' ਤਕ ਤਾਂ ਨਾਮ ਦਾ ਵਰਣਨ ਹੈ--ਇਹ ਹੈ ਜਗਯਾਸੂ ਦਾ ਪਤੀ ਪਰਮੇਸ਼ੁਰ ਨਾਲ ਪ੍ਰੇਮ ਕਰਨਾ। ਫਿਰ ਹੈ 'ਨਦਰ'-'ਨਾਨਕ ਨਦਰੀ ਪਾਈਐ...' ਇਹ ਹੈ 'ਪਰਮੇਸ਼ੁਰ ਦਾ ਜਗਯਾਸੂ ਨਾਲ ਪ੍ਰੇਮ' ਸਾਡੇ ਪ੍ਰੇਮ ਦੀ ਸਫਲਤਾ ਤਦੋਂ ਹੀ ਹੈ ਜਦੋਂ ਸਾਨੂੰ ਪਰਮੇਸ਼ੁਰ ਪਿਆਰ ਕਰੇ[੩]। ਯਥਾ:-

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥　　(ਜਪੁਜੀ ੪)

ਨਾਮ ਦਾ ਸਿਮਰਣ ਜਗਯਾਸੂ ਨੂੰ 'ਅੰਤ' ਦੇ ਅੰਤ ਉਤੇ ਲੈ ਜਾਂਦਾ ਹੈ। ਅਗੋਂ 'ਅਨੰਤ' ਹੈ। ਅਨੰਤ ਵਿਚ ਆਪੂੰ ਛਾਲ ਨਹੀਂ ਵਜਦੀ। ਓਥੋਂ ਤਾਂ 'ਅਨੰਤ' ਆਪ ਅਪਣੇ ਕਿਸੇ ਕ੍ਰਿਪਾ ਕਟਾਖਯ ਨਾਲ ਖਿੱਚ ਖੜਦਾ ਹੈ, ਯਥਾ:-

ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ॥　　(ਮਾਰੂ ਮ:੧-੧)

---

[੧] ਏਹ ਲੋਕ ਸਨਯਾਸੀਆਂ ਵਿਚੋਂ ਸਨ ਤੇ ਦੱਤ ਪੰਥੀ ਕਹਾਉਂਦੇ ਸਨ।

[੨] ਪਿਛੇ ਬੀ 'ਨਾਮ' ਤੇ 'ਨਦਰ' ਦੋਹਾਂ ਬਾਬਤ ਜਪੁਜੀ ਵਿਚ ਇਕ ਤੋਂ ਵਧੀਕ ਵਾਰ ਵੇਰਵਾ ਆ ਚੁਕਾ ਹੈ।

[੩] ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ॥ (ਆਸਾ ਮ: ੪ ਸੋ ਪੁਰਖੁ)

ਪੁਨਾ:- **ਬਾਂਹ ਪਕੜਿ ਠਾਕੁਰਿ ਹਉ ਘਿਧੀ...॥** (ਜੈਤ: ਮ: ੫ ਛੰਤ-੧)

ਹਾਂ ਇਟ ਮਿਹਰਾਂ ਵਾਲੇ ਦੀ ਮਿਹਰ ਦਾ ਕ੍ਰਿਸ਼ਮਾ[੧] ਹੈ, ਇਹ ਨਦਰ ਹੈ-'ਨਾਨਕ ਨਦਰੀ ਨਦਰਿ ਨਿਹਾਲ'। ਅਗਲੀ ਪਉੜੀ ਵਿਚ ਇਹ ਵਿਸ਼ਯ ਪ੍ਰਤਿਪਾਦਨ ਕੀਤਾ ਹੈ।

ਮੂਲ	ਅਰਥ
ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥	ਇਕ ਜੀਭ ਤੋਂ (ਮਾਡੀਆਂ) ਲਖ (ਜੀਭਾਂ) ਹੋ ਜਾਣ (ਤੇ) ਲਖ (ਜੀਭਾਂ) ਹੋ ਜਾਣ ਵੀਹ ਲਖ, (ਉਨ੍ਹਾਂ ਨਾਲ ਫਿਰ ਅਸੀਂ) ਲਖ ਲਖ ਵੇਰ ਜਗਤ ਦੇ ਮਾਲਕ (ਪਰਮੇਸ਼ੁਰ) ਦਾ ਇਕ ਨਾਮ ਲੈਂਦੇ ਰਹੀਏ। ਇਹ ਹੈ ਰਾਹ (ਜਿਸ) ਵਿਚ ਪਤੀ (ਦੇ ਮਹਲ) ਦੀਆਂ ਪਉੜੀਆਂ ਹਨ (ਉਨ੍ਹਾਂ ਉਤੇ) ਚੜ੍ਹਨ ਨਾਲ (ਜਗਤ ਦੇ) ਈਸ਼੍ਵਰ ਨਾਲ ਇਕ ਹੋਈਦਾ ਹੈ।
ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ॥੩੨॥	(ਪ੍ਰੰਤੂ ਗੁਰਮੁਖਾਂ ਦੇ ਵਾਹਿਗੁਰੂ ਦਰ ਅੱਪੜ ਪੈਣ ਵਾਲੀਆਂ) ਅਰਸ਼ੀ ਗੱਲਾਂ ਸੁਣਕੇ (ਨਾਮ ਅਭਜਾਸ ਦੇ ਬਲ ਤੋਂ ਸੱਖਣੇ ਕਥਨੀ ਮਾਤ੍ਰ ਦੇ ਖੰਭਾਂ ਵਾਲੇ) ਕੀੜਿਆਂ ਨੂੰ ਰੀਸ ਆ ਜਾਂਦੀ ਹੈ (ਕਿ ਅਸੀਂ ਬੀ ਕੀਟ ਪੰਖਾਂ ਨਾਲ ਅਕਾਸ਼ ਦੇ ਧੁਰ ਪੁੱਜ ਜਾਵਾਂਗੇ ਪਰ) ਹੇ ਨਾਨਕ! (ਬ੍ਰਿਤੀ ਜਿਨ੍ਹਾਂ ਦੀ ਕੂੜੇ ਪਦਾਰਥਾਂ ਵਿਚ ਲੱਗ ਰਹੀ ਹੈ ਐਸੇ) ਕੂੜੇ (ਪੁਰਖਾਂ) ਦੀਆਂ ਗੱਪਾਂ ਕੂੜ ਹੀ ਹੁੰਦੀਆਂ ਹਨ, (ਜਗਤ ਦੇ ਈਸ਼ ਨੂੰ ਤਾਂ ਉਸ ਦੀ) ਨਦਰ (=ਮਿਹਰ ਦ੍ਰਿਸ਼ਟੀ) ਨਾਲ ਪਾਈਦਾ ਹੈ। ॥੩੨॥

ਵਜਾਖਜਾ- ਕਹਿ ਦੇਣ ਮਾਤ੍ਰ ਨਾਲ ਕੋਈ ਬ੍ਰਹਮ ਨਾਲ ਅਭੇਦ ਨਹੀਂ ਹੋ ਸਕਦਾ। ਦੇਹਿ ਅਭਿਮਾਨ ਦੂਰ ਹੋਣ ਨਾਲ ਤੇ 'ਤਨ ਹੰਤਾ' ਤੋਂ ਉੱਚੇ ਉਠਣ ਨਾਲ ਹੀ ਈਸ਼੍ਵਰ-ਲੀਨਤਾ ਹੋ ਸਕਦੀ ਹੈ। ਇਸ ਪ੍ਰਾਪਤੀ ਲਈ ਗੁਰੂ ਜੀ ਨੇ ਜੋ ਉਪਾਉ ਦੱਸਿਆ, ਉਹ ਹੈ ਪ੍ਰੇਮ। ਫੁਰਮਾਇਆ ਹੈ:-

ਜੈ ਸਿਉ ਰਾਤਾ ਤੈਸੋ ਹੋਵੈ॥ (ਆਸਾ ਮ: ੧ ਅਸਟ:-੧)

ਭਾਵ ਈਸ਼ਰ ਨਾਲ ਰੱਤਿਆਂ ਗਿਆਂ ਹੀ ਉਸ ਦਾ ਰੂਪ ਹੋ ਸਕੀਦਾ ਹੈ। ਫੇਰ ਫੁਰਮਾਇਆ ਹੈ:-

ਪ੍ਰੇਮ ਪਰਾਇਣ ਪ੍ਰੀਤਮ ਰਾਉ॥ ਨਦਰਿ ਕਰੇ ਤਾ ਬੂਝੈ ਨਾਉ॥ (ਗਉ: ਮ: ੧ ਅਸਟ:-੪)

ਕਿ ਮੇਰਾ ਪ੍ਰੀਤਮ ਰਾਉ (ਪਰਮੇਸ਼ੁਰ) ਪ੍ਰੇਮ ਦੇ ਆਸਰੇ ਹੋ ਗਿਆਂ ਮਿਲਦਾ ਹੈ।

ਤੀਸਰੇ ਸਤਿਗੁਰਾਂ ਦਾ ਵਾਕ ਹੈ:-

ਪ੍ਰੇਮ ਪਦਾਰਥੁ ਜਿਨ ਘਟਿ ਵਸਿਆ ਸਹਜੇ ਰਹੇ ਸਮਾਈ॥ (ਸਾਰੰਗ ਮ: ੩ ਅਸਟ:-੨)

ਪ੍ਰਸ਼ਨ ਹੁੰਦਾ ਹੈ 'ਕਿ ਅਣਦਿਸਦੇ ਨਾਲ ਪ੍ਰੇਮ ਕੀਕੂੰ ਹੋਵੇ' ?

ਉਸ ਦਾ ਉਪਾਉ ਗੁਰੂ ਜੀ ਨੇ 'ਸਿਫਤ ਸਲਾਹ' ਤੇ 'ਨਾਮ' ਦੱਸਿਆ:-

(੧) ਸਿਫਤ ਸਾਲਾਹ:-

ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥ (ਰਾਮ: ਮ: ੩ ਅਨੰਦੁ-੩)

(ੳ) ਕਿਉਂਕਿ 'ਸਿਫਤ ਸਲਾਹ' ਅਰਥਾਤ ਗੁਣ ਗਾਇਨ ਨਾਲ ਪਹਿਲੋਂ ਮਨ ਦੀ ਮੈਲ ਉਤਰਦੀ ਹੈ:

ਗੁਣ ਗਾਵਤ ਤੇਰੀ ਉਤਰਸਿ ਮੈਲੁ॥ (ਸੁਖਮਨੀ ੧੯-੭)

ਫਿਰ ਇਸੇ ਨਾਲ ਪ੍ਰੇਮ ਉਪਜਦਾ ਹੈ:-

[੧] ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥ (ਵਾਰ ਆਸਾ ਮ: ੨-੨੩)

www.sikhbookclub.com

ਸਿਫਤਿ ਸਲਾਹਣੁ ਸਹਜ ਅਨੰਦ॥ ਸਖਾ ਸੈਨੁ ਪ੍ਰੇਮੁ ਗੋਬਿੰਦ॥ (ਆਸਾ ਮ: ੧-੧੧)

ਅਰਥਾਤ ਸਿਫਤ ਸਲਾਹ ਨਾਲ ਗੋਬਿੰਦ ਦਾ ਪ੍ਰੇਮ ਉਪਜਦਾ ਹੈ। ਜੋ ਪ੍ਰੇਮੀ ਦਾ ਮਿਤ੍ਰ ਤੇ ਸਨਬੰਧੀ ਹੋ ਜਾਂਦਾ ਹੈ, ਜਿਸ ਕਰਕੇ ਪ੍ਰੇਮੀ ਨੂੰ ਸਹਿਜ ਅਨੰਦ ਪ੍ਰਾਪਤ ਹੁੰਦਾ ਹੈ:-

ਪੁਨਾ:-**ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ॥** (ਵਾਰ ਆਸਾ ਮ:੧-੧੨)

(੨) ਨਾਮ:-ਨਾਮ ਸਿਮਰਣ ਨਾਲ ਬੀ ਪਹਿਲੋਂ ਮਨ ਦੀ ਮੈਲ ਉਤਰਦੀ ਹੈ:-

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥ (ਸੁਖਮਨੀ ੧-੪)

ਫੇਰ ਬੁਧੀ ਦੀ ਮੈਲ ਬੀ ਨਾਮ ਨਾਲ ਉਤਰਦੀ ਹੈ:-

ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ (ਜਪੁਜੀ-੨੦)

ਹਾਂ ਮਨ ਬੁੱਧੀ ਦੀ ਸਾਰੀ (ਸੂਖਮ ਅਸਥੂਲ) ਮੈਲ ਨਾਮ ਨਾਲ ਉਤਰ ਜਾਂਦੀ ਹੈ, ਯਥਾ:-

ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ॥ (ਸੋਰਠਿ ਮ: ੫)

ਫਿਰ ਨਾਮ ਨਾਲ ਮਾਇਆ ਦਾ ਸਾਰਾ ਮੋਹ ਤ੍ਰੁਟ ਜਾਂਦਾ ਹੈ, ਤਦੋਂ 'ਨਾਮ ਹੀ ਪ੍ਰੇਮ ਹੈ' ਇਹ ਗਲ ਸਾਫ ਖੁੱਲ੍ਹ ਪੈਂਦੀ ਹੈ:-

ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ॥ (ਸੋਰਠਿ ਮ: ੫ ਅਸਟ:-੧)

ਫਿਰ ਤਦ ਜੀਵ ਤੱਤ ਪ੍ਰਗਟ ਹੋਕੇ ਸੋਝੀ ਦੇਂਦਾ ਹੈ ਕਿ ਮੈਂ ਸਰੀਰ ਮਨ ਆਦਿ ਤੋਂ ਭਿੰਨ ਹਾਂ:-

ਨਾਮੇ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ॥ (ਸਿਧ ਗੋਸਟਿ-੭੨)

ਫਿਰ ਨਾਮ ਦੁਆਰਾ ਹੀ ਜੀਵ ਤੱਤ ਬ੍ਰਹਮ ਤੱਤ ਦੀ ਅਭੇਦਤਾ ਵਿਚ ਜਾਂਦਾ ਹੈ:-

'ਨਾਮ ਤਤੁ ਸਭ ਹੀ ਸਿਰਿ ਜਾਪੈ। ਬਿਨੁ ਨਾਵੈ ਦੁਖੁ ਕਾਲੁ ਸੰਤਾਪੈ॥
ਤਤੋ ਤਤੁ ਮਿਲੈ ਮਨੁ ਮਾਨੈ॥ ਦੂਜਾ ਜਾਇ ਇਕਤੁ ਘਰਿ ਆਨੈ॥ (ਸਿਧ ਗੋਸਟਿ- ੫੦)

'ਅਰਥਾਤ-ਸਭ ਤੋਂ ਉੱਚਾ ਤੱਤ ਇਹ 'ਨਾਮ ਤੱਤ' ਹੈ। ਇਸ ਨਾਲ ਤਤੁ (=ਜੀਵ ਤੱਤ) ਤਤੋ (=ਬ੍ਰਹਮ ਤੱਤ) ਨੂੰ ਮਿਲ ਪੈਂਦਾ ਹੈ, ਤਦ ਮਨ ਪਤੀਜਦਾ ਹੈ ਕਿ ਹੁਣ ਦੁਐਤ ਬਿਲਾ ਗਈ ਹੈ ਤੇ ਏਕਤਾ ਵਿਚ ਆ ਗਿਆ ਹਾਂ।

(੩) ਜੇ 'ਯੋਗ' ਦੇ ਤਰੀਕੇ ਨਾਲ ਈਸ਼੍ਵਰ ਪ੍ਰਾਪਤੀ ਕਰਨੀ ਹੈ ਤਾਂ ਉਹ ਬੀ ਮਾਰਗ ਹੈ, ਪਰ ਗੁਰੂ ਜੀ ਦੱਸਦੇ ਹਨ ਕਿ ਜੋਗ ਦੀ ਸਫਲਤਾ ਬੀ ਨਾਮ ਨਾਲ ਹੈ:-

ਨਾਮਿ ਰਤੇ ਜੋਗ ਜੁਗਤਿ ਬੀਚਾਰੁ॥ (ਸਿਧ ਗੋਸਟਿ-੩੨)

ਪੁਨਾ:- **ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ॥** (ਸਿਧ ਗੋਸਟਿ-੬੮)

(੪) ਜੇ ਕਰਮ ਮਾਰਗ ਤੇ ਟੁਰੋ ਤਾਂ ਬੀ ਨਾਮ ਬਿਨ ਸਫਲਤਾ ਨਹੀਂ:-

ਨਾਮਿ ਰਤੇ ਸਚੁ ਕਰਣੀ ਸਾਰੁ॥ (ਸਿਧ ਗੋਸਟਿ-੩੩)

(੫) ਜੇ ਗਜਾਨ ਮਾਰਗ ਦਵਾਰਾ ਚਾਹੋ ਤਾਂ ਬੀ ਨਾਮ ਨੇ ਹੀ ਸ਼ੁੱਧ ਗਜਾਨ ਦੇਣਾ ਹੈ:-

ਨਾਮਿ ਰਤੇ ਗੁਣ ਗਿਆਨ ਬੀਚਰੁ॥ (ਸਿਧ ਗੋਸਿਟ-੩੩)

ਨਾਮ ਸੰਗਿ ਜਿਸ ਕਾ ਮਨੁ ਮਾਨਿਆ॥ ਨਾਨਕ ਤਿਨਹਿ ਨਿਰੰਜਨੁ ਜਾਨਿਆ॥ (ਸੁਖਮਨੀ ੧੪-੩)

ਪਰ ਨਾਮ ਦਾ ਇਹ ਪ੍ਰਤਾਪ ਕਿ ਪ੍ਰੇਮ ਦੁਆਰਾ ਤੁਰੋ ਤਾਂ ਨਾਮ, ਜੇ ਕਰਮ ਨਾਲ ਤੁਰੋ ਤਾਂ ਨਾਮ, ਜੇ ਯੋਗ ਨਾਲ ਤੁਰੋ ਤਾਂ ਨਾਮ, ਜੇ ਗਜਾਨ ਨਾਲ ਤੁਰੋ ਤਾਂ ਨਾਮ, ਸਭ ਤਰ੍ਹਾਂ ਨਾਮ ਹੀ ਪ੍ਰਧਾਨ ਹੈ; ਇਸ ਕਰਕੇ ਫੁਰਮਾਇਆ ਹੈ:- **ਨਾਮ ਤਤੁ ਸਭ ਹੀ ਸਿਰਿ ਜਾਪੈ॥** (ਸਿਧ ਗੋਸਟਿ-੫੦)

ਪਰੰਤੂ ਇਹ 'ਇਕ ਈਸ਼ਤਾ' ਦੀ ਅਵਸਥਾ ਜੋ ਪਰਮ ਸੁਖਮਈ ਹੈ ਕਿਵੇਂ ਨਾਮ ਅਰਾਧਣ ਤੋਂ ਉਪਜਦੀ ਹੈ? ਫੁਰਮਾਉਂਦੇ ਹਨ:-

www.sikhbookclub.com

ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ॥ (ਸਿਧ ਗੋਸਟਿ-੭੨)

ਅਰਥਾਤ ਦਿਨ ਰਾਤ ਨਾਮ ਵਿਚ ਰਚ ਗਿਆਂ ਇਹ ਸੁਖ ਹੁੰਦਾ ਹੈ। ਭਾਵ ਨਾਮ ਦੀ ਪ੍ਰਬਲ ਅਵਸਥਾ ਤੋਂ ਹੈ। ਇਸ ਪ੍ਰਬਲ ਅਵਸਥਾ ਨੂੰ ਪੰਚਮ ਗੁਰੂ ਜੀ ਨੇ ਐਉਂ ਵਰਣਨ ਕੀਤਾ ਹੈ:-

ਬਿਸਰਤ ਨਾਹਿ ਮਨ ਤੇ ਹਰੀ॥ ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ॥ ਰਹਾਉ॥ ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ ਘਰੀ॥ ਗੁਨ ਗੋਪਾਲ ਉਚਾਰੁ ਰਸਨਾ ਟੇਵ ਏਹ ਪਰੀ॥੧॥ ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ॥ ਪ੍ਰਭ ਚਰਨ ਕਮਲ
ਰਸਾਲ ਨਾਨਕ ਗਾਠਿ ਬਾਧਿ ਧਰੀ[1]**॥੨॥੧॥੯॥** (ਕੇਦਾਰਾ ਮ:੫ ਘਰ ੫)

ਨਾਮ ਅਰਾਧਣ ਅਵਸਥਾ ਰਸ-ਮਈ ਹੈ, ਜੋ ਜਿੰਨੀ ਪ੍ਰਬਲ ਹੋਵੇ ਉੱਨੀ ਵਧੀਕ ਰਸਮਈ ਹੈ। ਰਸ-ਮਈ ਹੋਣ ਕਰਕੇ ਹੀ ਰਸੀਆ ਵਧੇਰੇ ਵਧੇਰੇ ਰਸ ਲੋਚਦਾ ਹੈ। ਜਿਸ ਦੇ ਅੰਤ 'ਰਸ ਰੂਪ' ਵਿਚ 'ਤਦ ਰੂਪ' ਹੋ ਜਾਂਦਾ ਹੈ:- **ਜੈ ਸਿਉ ਰਾਤਾ ਤੈਸੋ ਹੋਵੈ॥** (ਆਸਾ ਮ: ੧, ਅਸਟ:-੧)

ਇਸੇ ਉਪਰ ਦੱਸੇ ਭਾਵ ਪਰਥਾਇ ਇਹ ਤੁਕਾਂ ਹਨ:-

ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥ (ਜਪੁਜੀ-੩੨)

ਕਿ ਜੋ ਰਸਮਈ ਅਵਸਥਾ ਇਕ ਰਸਨਾਂ ਦੇ ਉਚਾਰ ਨਾਲ ਆਈ ਹੈ, ਇਹ ਲੱਖਾਂ ਰਸਨਾਂ ਦੇ 'ਉਚਾਰਨ ਰਸ' ਜਿੰਨੀ ਪ੍ਰਬਲ ਰਸਮਈ ਹੋ ਜਾਏ[2]।

ਪ੍ਰਬਲ ਰਸ-ਮਈ ਅਵਸਥਾ ਪਰਥਾਇ ਗੁਰੂ ਜੀ ਨੇ ਫੁਰਮਾਇਆ ਹੈ:-

ਪ੍ਰੇਮਿ ਬੁਲਾਈ ਰਲੀ ਸਿਉ ਮਨ ਸਬਦੁ ਅਨੰਦੁ॥
ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ॥ (ਰਾਮ: ਦਖਣੀ ਓਅੰਕਾਰ-੧੨)

ਅਰਖਾਤ-(ਹੁਣ ਉਹ) ਪਜਾਰੇ ਵਿਚ ਰੱਤੀ ਜਾਕੇ ਪਜਾਰੇ ਜੈਸੀ ਹੋ ਗਈ ਹੈ, (ਹਾਂ ਹੁਣ ਉਹ ਮੁੜ ਵਿਛੋੜੇ ਦੇ ਭੈ ਤੋਂ) ਨਿਸਚਿੰਤ ਹੋ ਗਈ ਹੈ (ਤੇ ਹੋਰਨਾਂ ਨੂੰ ਪਜਾਰੇ ਦੇ ਦੇਸ਼ ਲੈ ਜਾਣ ਲਈ) ਗੁਰਮੁਖ ਹੋ ਗਈ ਹੈ।

ਏਤੁ ਰਾਹਿ ਪਤਿ ਪਵੜੀਆ-ਇਹ ਹੈ ਰਸਤਾ-ਅਰਥਾਤ ਪ੍ਰੇਮ ਦਾ ਰਸਤਾ, ਜਿਸ ਵਿਚ ਪਤੀ (ਪਰਮੇਸ਼ੁਰ) ਦੇ ਮਹਲ ਦੀਆਂ ਪਉੜੀਆਂ ਹਨ, ਜਿਨ੍ਹਾਂ ਤੇ ਚੜ੍ਹਕੇ ਇਕ ਈਸ਼ ਨੂੰ ਪ੍ਰਾਪਤ ਹੋਈਦਾ ਹੈ, ਅਰਥਾਤ ਨਾਮ ਦਾ ਅਭਜਾਸ ਰਸ-ਲੱਖਤਾ ਦੀਆਂ ਪਉੜੀਆਂ ਦੁਆਰਾ ਸਰੂਪ ਦੇ ਮਹਲ ਨੂੰ ਲੈ ਜਾਂਦਾ ਹੈ। ਇਸ ਦੀ ਵੀਚਾਰ ਨਾਮ ਜਪ ਦੇ ਰਸੀਏ ਗੁਰਮੁਖ ਇੰਵ ਕਰਦੇ ਹਨ:-

੧. ਪਹਿਲਾਂ ਨਾਮ ਅਭਜਾਸੀ ਰਸਨਾਂ ਨਾਲ ਨਾਮ ਦਾ ਜਪ ਕਰਦਾ ਹੈ, ਇਹ ਭਾਵ ਉਸ ਦੇ ਮਨ ਵਿਚ ਚਾਹੀਏ ਕਿ ਇਹ ਨਾਮ ਜਗਤ ਦੇ ਮਾਲਕ ਦਾ ਨਾਮ ਹੈ, ਜੋ ਸਾਡਾ ਪ੍ਰੀਤਮ ਹੈ ਤੇ ਸਾਨੂੰ ਪ੍ਰੇਮ ਕਰਦਾ ਹੈ ਤੇ ਇਹ ਭਾਵਨਾ ਚਾਹੀਏ ਕਿ ਇਸ ਨਾਮ ਦੇ ਅਭਜਾਸ ਨੇ ਧਿਆਨ ਨੂੰ ਉਸ ਵਿਚ ਲੈ ਜਾਣਾ ਹੈ। ਗੁਰੂ ਸਾਹਿਬ ਦੀ ਆਗਿਆ ਹੈ: -**ਰਸਨਾ ਜਪੀਐ ਏਕੁ ਨਾਮੁ॥** (ਗਉੜੀ ਮ: ੫-੧੪੬)

ਫਿਰ ਫਲ ਦੱਸਦੇ ਹਨ:-**ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤ ਪਾਵਹੁ**[3]॥ (ਸੂਹੀ ਮ:੧-੧)

੨. ਇਸ ਤਰ੍ਹਾਂ ਦੇ ਭਾਵ ਤੇ ਭਾਵਨਾਂ ਨਾਲ ਕੀਤਾ ਜਪ ਕੁਛ ਸਮੇਂ ਵਿਚ ਸਿਮਰਨ ਬਣ ਜਾਂਦਾ

---

[1]ਇਸ ਸ਼ਬਦ ਵਿਚ ਨਾਮ ਨੂੰ ਹੀ ਪ੍ਰੀਤਿ ਕਰਕੇ ਦੱਸਿਆ ਹੈ। ਪ੍ਰੀਤਿ ਕਰਕੇ ਦੱਸਿਅ ਕਿ 'ਨਾ ਬਿਸਰਨਾ' 'ਪ੍ਰੀਤਿ' ਹੈ। 'ਬਿਸਰਤਿ ਨਾਹਿ ਮਨ ਤੇ ਹਰੀ'=ਨਾਮ। 'ਗੁਨ ਗੋਪਾਲ ਉਚਾਰੁ'=ਸਿਫਤ ਸਲਾਹ।

[2] ਪਰ ਨਾਮ ਦੀ ਪ੍ਰਬਲ ਅਵਸਥਾ ਸਨੇ ਸਨੇ ਪ੍ਰਾਪਤ ਕਰੀਦੀ ਹੈ, ਜ਼ੋਰ ਲਾਇਆਂ ਤੇ ਕਾਹਲੀ ਕੀਤਿਆਂ ਕਈ ਵੇਰ ਔਖ ਪੈਦਾ ਹੁੰਦੇ ਹਨ। ਇਹ ਸਹਜ ਦਾ ਮਾਰਗ ਹੈ, ਯਥਾ -

ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ॥ (ਆਸਾ ਮ: ੩,ਅਸਟ:-੩੫)

[3] ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥ (ਫੁਨਹੇ ਮ: ੫-੧੪)

ਹੈ, ਅਰਥਾਤ ਹਿਰਦੇ ਵਿਚ ਨਾਮ ਜਾ ਟਿਕਦਾ ਹੈ। ਆਗਿਆ ਹੈ:-

ਹਿਰਦੈ ਨਾਮੁ ਵਸਾਇਹੁ॥ (ਸੋਰਠਿ ਮ: ੫-੫੨)

ਫਿਰ ਫਲ ਦੱਸਦੇ ਹਨ:-

ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ॥ (ਆਸਾ ਮ: ੩ ਅਸਟ:-੩੬)

ਹਿਰਦੈ ਨਾਮੁ ਸਦਾ ਕਿਰਤਾਰਥੁ॥ (ਬਿਲਾ: ਮ: ੧ ਅਸਟ:-੨)

ਹਿਰਦੈ ਨਾਮੁ ਸਦਾ ਧੁਨਿ ਨਿਹਚਲ........[1]॥ (ਸਾਰਗ ਮ: ੧,ਅਸਟ:-੧)

੩. ਜਦੋਂ ਮਨ ਤਨ ਇਸ ਸਿਮਰਣ ਵਿਚ ਰਚ ਜਾਂਦੇ ਹਨ, ਮੈਲ ਦੂਰ ਹੋ ਜਾਂਦੀ ਹੈ, ਤਦ ਨਾਮ ਰਸ ਰੂਪ ਹੋ ਜਾਂਦਾ[2] ਹੈ। ਰੋਮ ਰੋਮ ਵਿਚ ਇਕ ਪ੍ਰਤੀਤੀ ਯਾ ਅਹਿਸਾਸ ਹੋ ਆਉਂਦਾ ਹੈ ਕਿ ਮਾਨੋ ਹਰ ਰੋਮ ਵਿਚ ਨਾਮ ਰਸ ਹੈ, ਇਸ ਨੂੰ ਰੋਮ ਰੋਮ ਧਿਆਉਣਾ ਕਹੀਦਾ ਹੈ[3]।

(ੳ) **ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥** (ਸਿਧ ਗੋਸਟਿ-੨੭)

(ਅ) **ਰੋਮਿ ਰੋਮਿ ਹਰਿ ਉਚਰੈ ਖਿਨੁ ਖਿਨੁ ਹਰਿ ਸੋਈ॥** (ਵਾਰ ਸਾਰੰਗ ਮ: ੪-੨੫)

(ੲ) **ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖਿ ਰਾਮੁ ਧਿਆਏ ਰਾਮ॥** (ਆਸਾ ਮ: ੪ ਛੰਤ ੯-੩)

ਇਹ ਜੋ ਰੋਮ ਰੋਮ ਵਿਚ ਨਾਮ ਦੀ ਰਸ ਰੂਪਤਾ ਹੈ ਏਹੋ ਲੱਖ ਵੀਹ ਲੱਖ ਹੋਣਾ ਹੈ। ਇਕ ਵੇਰ ਨਾਮ ਕਹਿਣ ਨਾਲ ਫੇਰ ਇਹ ਸਾਰਾ ਗੇੜ ਮਾਨੋ ਜੀਭ ਨਾਲ ਕਿਹਾ ਵੀਹ ਲਖ ਤੁੱਲ ਹੋ ਜਾਂਦਾ ਹੈ। ਲੱਖਾਂ ਕਰੋੜਾਂ ਦੀ ਗੇਣਤੀ ਨਹੀਂ ਗਿਣ ਸਕੀਦੀ, ਭਾਵ ਹੈ ਕਿ ਲਗਾਤਾਰ ਹੋ ਜਾਂਦਾ ਹੈ। ਲੱਖਾਂ ਕ੍ਰੋੜਾਂ ਕਹਿਣ ਤੋਂ ਭਾਵ ਅਤਿ ਬਾਹੁੱਲਤਾ ਦਾ ਹੋਯਾ ਕਰਦਾ ਹੈ।

੪. ਇਹ ਨਾਮ ਦੀ 'ਨਾਮ ਰਸ ਰੂਪ ਪ੍ਰਤੀਤੀ' ਫਿਰ ਸਰੀਰ ਵਿਚ ਹੀ ਨਹੀਂ ਅਟਕਦੀ। ਕਈ ਵੇਰ ਚਾਰ ਚੁਫੇਰੇ ਪ੍ਰਤੀਤ ਦੇਂਦਾ ਹੈ ਕਿ ਇਹ ਨਾਮ ਰਸ ਸਾਰੇ ਭਰਪੂਰ ਹੈ। ਜਿੱਧਰ ਨਜ਼ਰ ਜਾਂਦੀ ਹੈ ਸੁੰਦਰਤਾ ਤੇ ਰਸ ਦਾ ਪ੍ਰਭਾਵ ਛਾ ਰਿਹਾ ਸਹੀ ਹੁੰਦਾ ਹੈ। ਵਣ ਤ੍ਰਿਣ ਨਾਮ ਹੀ ਨਾਮ ਹੋ ਰਿਹਾ ਦਿੱਸਦਾ ਹੈ:-

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ॥
ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ॥

(ਬਿਹਾ: ਮ: ੪ ਛੰਤ-੪)

੫. ਇਸ ਤੋਂ ਅਗੇ ਫੇਰ ਜਗਦੀਸ਼ੁਰ ਜੀ ਅਪਣੀ ਮਿਹਰ ਨਾਲ ਤਦਰੂਪਤਾ ਵਿਚ ਲੈ ਜਾਂਦੇ ਹਨ, ਯਥਾ:-

ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੂਠਾ॥ (ਆਸਾ ਮ: ੪ ਛੰਤ-੧੨)

ਬਾਂਹ ਪਕੜਿ ਠਾਕੁਰਿ ਹਉ ਘਿਧੀ......॥ (ਜੈਤ: ਮ: ੫ ਛੰਤ-੧)

ਨਾਨਕ ਨਦਰੀ ਨਦਰਿ ਨਿਹਾਲ॥ (ਜਪੁਜੀ-੩੮)

ਸੁਣਿ ਗਲਾ ਆਕਾਸ ਕੀ-'ਜਿਵੇਂ ਆਕਾਸ਼ਾਂ ਦੀਆਂ ਗੱਲਾਂ' ਹੰਸ ਆਦਿ ਉੱਚੇ ਉੱਡਣ ਵਾਲੇ ਪੰਛੀਆਂ ਤੋਂ ਸੁਣਕੇ ਮੱਛਰ ਆਦਿ ਕੀੜੇ ਇਹ ਰੀਸ ਕਰਨ ਕਿ ਓਹ ਉੱਡਕੇ ਉੱਚ ਗਗਨਾਂ ਦੇ ਸੈਲੇ ਕਰ ਸਕਦੇ ਹਨ, ਤਾਂ ਹੋ ਨਹੀਂ ਸਕਦਾ। 'ਕੀਟ-ਉਡਾਰੀ' 'ਹੰਸ-ਉਡਾਰੀ' ਨਹੀਂ ਹੈ, ਰੀਸ ਕਰਨੀ ਬ੍ਰਿਥਾ ਹੈ। ਅਰਥਾਤ ਲੱਖਤਾ ਵਾਲਿਆਂ ਦੀ ਪਹੁੰਚ ਪ੍ਰਾਪਤੀ ਦੀ ਰੀਸ ਕਰਕੇ ਨਿਰੀ ਕਥਨੀ ਮਾਤ੍ਰ ਨਾਲ

---

[1] ਖਿਨੁ ਜਿਹਵਾ ਜੋ ਜਪੈ ਹਿਆਇ॥ ਕੋਈ ਜਾਣੈ ਕੈਸਾ ਨਾਉ॥ (ਮਲਾਰ ਮ: ੧-੬)

[2] ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥ (ਸੁਖਮਨੀ ੧-੪)

[3] 'ਲੂੰ ਜੀਭ'। ਆਮ ਮੁਹਾਵਰੇ ਵਿਚ ਕਹੀਦਾ ਹੈ:ਮੇਰਾ ਲੂੰ ਲੂੰ ਤੇਰਾ ਸ਼ੁਕਰ ਗੁਜ਼ਾਰ ਹੈ, ਮੇਰਾ ਲੂੰ ਲੂੰ ਤੈਨੂੰ ਅਸੀਸਾਂ ਦੇਂਦਾ ਹੈ। [illegible]ਇਆ ਸ਼ੁਕਰ ਗੁਜ਼ਾਰੀ ਦੀ ਬਹੁੱਲਤਾ ਦਾ ਅਹਿਸਾਸ ਸਾਰੇ ਸਰੀਰ ਵਿਚ ਰਸ ਰੂਪ ਹੋ ਕੇ ਭਰ ਰਿਹਾ ਹੈ ਤੇ ਲੂੰਆਂ [illegible] ਰਿਹਾ ਹੈ।

 www.sikhbookclub.com

'ਯਥਾਰਥ' ਪ੍ਰਾਪਤੀ ਨਹੀਂ ਹੋ ਜਾਂਦੀ। ਇਸ ਦਾ ਕਾਰਣ ਤੇ ਇਲਾਜ ਗੁਰੂ ਜੀ ਐਉਂ ਦੱਸਦੇ ਹਨ:-

ਕਾਰਣ-**ਗੱਲੀ ਅਸੀ ਚੰਗੀਆ ਆਚਾਰੀ ਬੁਰੀਆਹ॥**
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥

ਕਰਨੀ ਵਾਲਿਆਂ ਦੀ ਰੀਸ ਨਹੀਂ:-

ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ॥

ਪਰ ਉਹਨਾਂ ਦੀ ਸੰਗਤਿ ਇਲਾਜ ਹੈ:-

ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ॥ (ਵਾਰ ਸਿਰੀ ਰਾਗ ਮ: ੧-੭)

ਨਾਨਕ ਨਦਰੀ ਪਾਈਐ:-ਇਕ ਈਸ਼ ਦੀ ਯਥਾਰਥ ਪ੍ਰਾਪਤੀ ਵਾਹਿਗੁਰੂ ਦੀ ਨਦਰ ਨਾਲ ਹੁੰਦੀ ਹੈ। ਈਸ਼ਰ ਦੀ ਅਨੁਗ੍ਰਹ ਦੋ ਹੀ ਟਿਕਾਣਿਆਂ ਤੇ ਹੈ। ਪਹਿਲੇ ਨਾਮ ਪ੍ਰਾਪਤੀ ਤੇ ਅਭਯਾਸ ਲਈ:-

ਤੂੰ ਚਿਤਿ ਆਵਹਿ ਤੇਰੀ ਮਇਆ॥ (ਆਸਾ ਮ: ੫-੨੨)
ਜਿਨ ਕਉ ਨਦਰਿ ਕਰਮੁ ਤਿਨ ਕਾਰ॥ (ਜਪੁਜੀ-੩੮)

ਅਰਥਾਤ-ਇਹ ਸ਼ਬਦ ਘੜਨ ਦੀ ਕਾਰ ਨਦਰ ਨਾਲ ਹੁੰਦੀ ਹੈ। ਦੂਜੇ 'ਜਤੁ ਪਾਹਾਰਾ ਧੀਰਜੁ ਸੁਨਿਆਰੁ' ਵਾਲੀ ਪਉੜੀ ਵਿਚ ਦੱਸੀ ਘਾਲ ਕਰਨ ਤੋਂ ਉਪ੍ਰੰਤ ਜਦ ਸੱਚੀ ਟਕਸਾਲ ਵਿਚ ਸ਼ਬਦ ਘੜ ਚੁਕੀਦਾ ਹੈ, ਜਦੋਂ ਨਾਮ ਧਿਆਇਨ ਦੀ ਮੁਸ਼ੱਕਤ ਘਾਲੀ ਜਾ ਚੁਕੀ ਦੀ ਹੈ, ਤਦੋਂ 'ਨਾਨਕ ਨਦਰੀ ਨਦਰਿ ਨਿਹਾਲ' ਹੋਈਦਾ ਹੈ।

ਤਾਕੀਦ-ਇਹ ਲੱਖਾਂ ਜੀਭਾਂ ਨਾਲ ਜਪਣੇ ਦਾ ਉਪਦੇਸ਼ ਨਾਮ ਜਪ ਦੀ ਨਿਖੇਧੀ ਪੱਖ ਦਾ ਨਹੀਂ, ਵਿਧੀ ਪੱਖ ਦਾ ਹੈ। ਚਉਥੇ ਗੁਰੂ ਸਾਹਿਬ ਜੀ ਨੇ ਇਸ ਭਾਵ ਨੂੰ ਖੋਲ੍ਹਕੇ ਦੱਸ ਦਿਤਾ ਹੈ:-

ਹਰਿ ਗੁਨ ਗਾਵਹੁ ਜਗਦੀਸ॥ ਏਕਾ ਜੀਹ ਕੀਚੈ ਲਖ ਬੀਸ॥
ਜਪਿ ਹਰਿ ਹਰਿ ਸਬਦਿ ਜਪੀਸ॥ ਹਰਿ ਹੋ ਹੋ ਕਿਰਪੀਸ॥੧॥ ਰਹਾਉ॥
ਹਰਿ ਕਿਰਪਾ ਕਰਿ ਸੁਆਮੀ ਹਮ ਲਾਇ ਹਰਿ ਸੇਵਾ ਹਰਿ ਜਪਿ ਜਪੇ
ਹਰਿ ਜਪਿ ਜਪੇ ਜਪੁ ਜਾਪਉ ਜਗਦੀਸ॥ (ਕਾਨ: ਮ: ੪-੮)

ਪੁਨਾ:- **ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ॥** (ਸੂਹੀ ਮ: ੫ ਛੰਤ-੬)
ਉਚਰਹੁ ਰਾਮ ਨਾਮੁ ਲਖ ਬਾਰੀ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ॥ (ਗਉੜੀ ਮ: ੫-੧੪੪)

ਲਖ ਵਾਰੀ ਨਾਮ ਉਚਾਰੋ, ਇਹ ਲਖ ਵਾਰੀ ਉਚਾਰਣ ਕਰਨਾ ਕਿਸੇ ਤਰ੍ਹਾਂ ਕਸ਼ਟ ਰੂਪ ਨਹੀਂ, (ਹੇ ਰਸਨਾ! ਇਸ ਨਾਲ ਤੂੰ) ਅੰਮ੍ਰਿਤ ਰਸ ਪੀਵੇਂਗੀ ਤੇ ਪ੍ਰਭੂ ਦੀ ਪਿਆਰੀ ਹੋ ਜਾਏਂਗੀ।

ਇਹ ਤਾਂ ਹੈ ਗੁਰਮਤਿ ਵਿਚ ਨਾਮ ਜਪ-ਦੁਆਰਾ ਪਉੜੀਆਂ ਜੋ ਇਕ ਈਸ਼ਤਾ ਵਿਚ ਲੈ ਜਾਂਦੀਆਂ ਹਨ।

ਵੇਦਾਂਤ ਪ੍ਰੇਮੀ ਪੰਡਿਤ ਯੋਗ ਵਸ਼ਿਸ਼ਟ ਵਿਚ ਦੀਆਂ ਸਤ ਭੂਮਿਕਾਂ ਨੂੰ ਪਤਿ ਪਉੜੀਆਂ ਦੇ ਅਰਥਾਂ ਵਿਚ ਲਾਉਣ ਦਾ ਜਤਨ ਕਰਦੇ ਹਨ। ਓਹ ਸੱਤ ਭੂਮਿਕਾ ਏਹ ਹਨ:-

ਜਾਗ੍ਰਤ ਦੀਆਂ:- ੧. ਮੋਖ ਦੀ ਇਛਾ ਭਾਵ ਮੁਕਤੀ ਦੀ ਚਾਹ ਉਪਜਣੀ।
੨. ਗੁਰੂ ਦੀ ਸ਼ਰਣ ਜਾ ਕੇ ਵੇਦ ਵਾਕਾਂ ਦਾ ਸ਼੍ਰਵਣ ਮਨਨ ਕਰਨਾ।
੩. ਨਿਧਿਆਸਣ।

ਸ੍ਵਪਨ ਤੁੱਲ ਅਵਸਥਾ:- ੪.ਤਤ੍ਵ ਸਾਖਯਾਤਕਾਰ, ਸਤ੍ਵਾਪਤੀ। ਇਸ ਵਿਚ ਪਦਾਰਥਾਂ ਦੀ ਪ੍ਰਤੀਤੀ ਸ੍ਵਪਨ ਵਤ ਹੁੰਦੀ ਹੈ। ਐਸੇ ਨੂੰ 'ਬ੍ਰਹਮ-ਵਿਤ' ਕਹਿੰਦੇ ਹਨ।

www.sikhbookclub.com

ਸੁਖੋਪਤੀ:-- ੫. ਅਸੰਸਕਤੀ, ਨਿਰਵਿਕਲਪ ਸਮਾਧੀ। ਐਸੇ ਨੂੰ 'ਬ੍ਰਹਮ ਵਿਦ ਵਰ' ਕਹਿੰਦੇ ਹਨ ਇਹ ਆਪੇ ਖੁਲ੍ਹਦੀ ਹੈ।

ਗੂੜ ਸੁਖੋਪਤੀ- ੬. ਪਦਾਰਥ ਅਭਾਵਨੀ। ਉਸ ਸਮਾਧੀ ਵਾਲੇ ਦਾ ਨਾਮ 'ਬ੍ਰਹਮ ਵਿਦ ਵਰੀਆਤਮ' ਹੈ ਇਹ ਦੂਸਰਾ ਖੋਲ੍ਹਦਾ ਹੈ।

੭. ਬ੍ਰਹਮ ਵਿਦ ਵਿਰਿਸਟ। ਏਹ ਦੂਸਰੇ ਤੋਂ ਬੀ ਨਹੀਂ ਖੁੱਲ੍ਹਦੀ[1]। (ਦੇਖੋ ਪੰਨਾ-੨੫੫)

ਨਿਰੁਕ੍ਤ- **ਜੀਭੌ**-ਜੀਭ ਤੋਂ। ਰਸਨਾ ਨਾਲ।

ਲਖ ਵੀਸ-ਬੀਸ ਲੱਖ। ਵੀਹ ਲੱਖ। ਭਾਵ ਬਹੁਤ। ਜੈਸੇ ਫੁਰਮਾਇਆ ਹੈ: ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ਉਥੇ ਗੇਣਤੀ ਦਾ ਇਕ ਲੱਖ ਮਤਲਬ ਨਹੀਂ, ਅਣਗਿਣਤ ਯਾ ਬਹੁਤ ਤੋਂ ਭਾਵ ਹੈ।

ਜਗਦੀਸ-(ਸੰਸ:, ਜਗਤ੍+ਈਸ਼=ਜਗਦੀਸ਼) ਜਗਤ ਦਾ ਮਾਲਕ। ਜਗਤ ਪਤੀ।

ਪਤਿ-(ਸੰਸ:,) ਮਾਲਕ, ਸੁਆਮੀ ਭਾਵ ਵਾਹਿਗੁਰੂ। (੨) ਸਤਿਕਾਰ।

ਪਵੜੀਆ-ਪਉੜੀਆਂ। ਭਾਵ ਕ੍ਰਮਵਾਰ ਚੜ੍ਹਾਈ ਤੋਂ ਹੈ।

ਪਤਿ ਪਵੜੀਆ-ਪਤੀ ਦੇ ਸਰੂਪ ਰੂਪ ਮਹਲ ਤਕ ਅੱਪੜਨ ਦੀਆਂ ਪਉੜੀਆਂ।

(ਅ) ਪਤਿ ਪਉੜੀਆਂ ਦਾ ਅਰਥ ਸਤਿਕਾਰ ਪ੍ਰਾਪਤੀ ਦੀਆਂ ਪਉੜੀਆਂ ਬੀ ਕਰਦੇ ਹਨ।

(ੲ) ਗਜਾਨ ਮਾਰਗ ਵਾਲੇ ਇਨ੍ਹਾਂ ਤੋਂ ਮੁਰਾਦ ਗਜਾਨ ਦੀਆਂ ਸੱਤ ਭੂਮਕਾ ਲੈਂਦੇ ਹਨ।

(ਸ) ਭਾਈ ਗੁਰਦਾਸ ਜੀ ਨੇ ਲਿਖਿਆ ਹੈ:- 'ਚੜ੍ਹਿ ਇਕੀਹ ਪਤਿ ਪਉੜੀਆਂ...' (ਵਾਰ ੧੧-੫)

ਇਸੇ ਤੋਂ ਗਜਾਨੀ 'ਵੀਹ ਵਿਸਵੇ' ਤੋਂ ਅਗੇ 'ਇਕੀਹ' ਦਾ ਭਾਵ ਬੇਸ਼ੁਮਾਰ ਯਾ ਅਨੰਤ ਲੈਂਦੇ ਹਨ।

ਇਕੀਸ-(ਇਕ+ਈਸ)=ਇਕ ਈਸ਼ਰ। ਭਾਵ ਈਸ਼ਰ ਨਾਲ ਇਕ ਹੋਈਦਾ ਹੈ।

(ਅ) ਵੀਹ ਲੰਘ ਕੇ ਇੱਕੀ ਹੋਈ ਦਾ ਹੈ=ਗੇਣਤੀ ਤੋਂ ਪਰੇ ਹੋ ਜਾਈਦਾ ਹੈ। ਤੁਰੀਆ ਤੋਂ ਭਾਵ ਲੈਂਦੇ ਹਨ।

ਆਕਾਸ-ਤੋਂ ਭਾਵ ਬ੍ਰਹਮ ਹੈ।

ਕੀਟਾ-ਕੀੜਿਆਂ ਨੂੰ -(ਸੰਸ:, ਕੀਟ) ਮੱਛਰ ਆਦਿ ਤੁਛ ਪਰ ਖੰਭਾਂ ਵਾਲੇ ਕੀੜੇ, ਭਾਵ ਕਰਨੀ ਹੀਨ ਕਥਨੀ ਵਾਲੇ ਜਦ ਗੱਪਾਂ ਮਾਰਦੇ ਹਨ ਤਦ ਮਾਨੋ ਕੀਟ ਖੰਭਾਂ ਨਾਲ ਉਡਦੇ ਹਨ।

ਠੀਸ-ਗੱਪ। (ਠਿਸਕ ਮਾਰਨੀ) =ਗੱਪ ਮਾਰਨੀ (ਅੰ: ਪੰਜਾਬੀ ਕੋਸ਼।)

(ਪਉੜੀ ੩੩)

ਪ੍ਰਾਕ੍ਕਥਨ-ਪਿਛਲੀ ਪਉੜੀ ਵਿਚ 'ਨਾਮ ਤੇ ਨਦਰ' ਦਾ ਵਰਣਨ ਕੀਤਾ ਸੀ, ਇਸ ਪਉੜੀ ਵਿਚ ਦੱਸਦੇ ਹਨ ਕਿ 'ਨਾਮ ਤੇ ਨਦਰ' ਦਾ ਮਾਰਗ 'ਜ਼ੋਰ' ਦਾ ਮਾਰਗ ਨਹੀਂ[2], ਜਿਸ ਤੋਂ ਇਹ ਵਿਦਤ ਹੁੰਦਾ ਹੈ ਕਿ ਇਹ ਸਹਜ ਦਾ ਮਾਰਗ ਹੈ। ਜ਼ੋਰ ਨਾਲ ਜੋ ਪ੍ਰਾਪਤੀ ਲੋੜੀਦੀ ਹੈ, ਉਹ ਆਪਣੇ ਹੀ ਮਨੋਰਥ ਦੇ ਉਲਟ ਜਾਂਦੀ ਹੈ, ਕੁਛ ਐਸ ਤਰ੍ਹਾਂ ਕਿ ਜਿਸ ਤਰ੍ਹਾਂ ਜ਼ੋਰ ਲਾ ਲਾ ਕੇ ਸੌਣਾ ਚਾਹੀਏ ਤਾਂ ਸਗੋਂ ਨੀਂਦ ਨਹੀਂ ਆਉਂਦੀ, ਨੀਂਦ ਤਾਂ ਕਿਸੇ ਸਹਜ ਭਾਵ ਵਿਚ ਗਿਆਂ ਆਉਂਦੀ ਹੈ।

---

[1]ਇਕ ਹੋਰ ਵੇਰਵਾ ਦੇਖੋ ਇਸੇ ਪੋਥੀ ਦੇ ਪੰਨਾ ੨੫੫ ਹੇਠ ਦੀ ਟੂਕ ਵਿਚ

[2] ਇਕ ਜ਼ੋਰ 'ਹਉ' ਦੇ ਆਸਰੇ ਹੁੰਦਾ ਹੈ। ਇਸ ਪਉੜੀ ਵਿਚ ਉਸਦੀ ਨਿਸਫਲਤਾ ਦੱਸੀ ਹੈ। ਇਕ ਜ਼ੋਰ 'ਆਤਮ ਬਲ' ਦਾ ਨਾਮ ਹੈ। ਯਥਾ-ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ॥ (ਗਉੜੀ ਮ: ੫-੧੬੯)

ਪੁਨਾ:- ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥

ਪੁਨਾ:- ਤਿਥੈ ਜੋਧ ਮਹਾਬਲ ਸੂਰ॥ (ਜਪੁਜੀ ੩੭)। ਇਹ ਜੋਰ ਇਸ ਪਉੜੀ ਦਾ ਵਿਸ਼ਯ ਨਹੀਂ ਹੈ।

www.sikhbookclub.com

ਇਸ ਤਰ੍ਹਾਂ ਸੁਰਤ ਦੇ ਕੰਮ: ਸਿਮਰਨ, ਗਿਆਨ ਤੇ ਵੀਚਾਰ ਆਦਿ ਸਭੇ ਸਹਜ ਦੇ ਭਾਵ ਨਾਲ ਸਫਲ ਹੁੰਦੇ ਹਨ, ਯਥਾ:- **ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ॥** (ਆਸਾ ਮ: ੩-੩੫)

ਪੁਨਾ:- **ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥** (ਸਿਰੀ ਮ; ੩, ਅਸਟ:-੨੩)

ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ॥ (ਸਿਰੀ: ਮ: ੧, ਅਸਟ:-੩)

ਪੁਨਾ:- **ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥** (ਸਿਰੀ ਮ: ੩, ਅਸਟ:-੨੩)

ਸੋ ਜੋਰ ਨਾ ਕਹਿਣ ਤੋਂ ਮੁਰਾਦ 'ਸਹਜ ਮਾਰਗ' ਦੀ ਹੈ, ਇਸ ਲਈ ਆਪ ਫੁਰਮਾਉਂਦੇ ਹਨ:-

ਮੂਲ	ਅਰਥ
	ਅਰਥ ਤੀਸਰੀ ਤੁਕ ਤੋਂ ਤੁਰੇਗਾ:-
ਆਖਣਿ ਜੋਰੁ ਚੁਪੈ ਨਹ ਜੋਰੁ॥ **ਜੋਰੁ ਨ ਮੰਗਣਿ ਦੇਣਿ ਨ ਜੋਰੁ॥** **ਜੋਰੁ ਨ ਜੀਵਣਿ ਮਰਣਿ ਨਹ ਜੋਰੁ॥** **ਜੋਰੁ ਨ ਰਾਜਿ ਮਾਲਿ ਮਨਿ ਸੋਰੁ॥**	੩. (ਪ੍ਰਤੱਖ ਦੇਖੋ ਭਾਈ! ਇਨਸਾਨ ਦੇ) ਜੀਉਣ ਵਿਚ (ਉਸ ਦਾ) ਜ਼ੋਰ (ਸਫਲ) ਨਹੀਂ, ਮਰਨੇ ਵਿਚ ਜ਼ੋਰ (ਸਫਲ) ਨਹੀਂ[1]। ੧. (ਇਸੀ ਤਰ੍ਹਾਂ ਇਸ ਜੀਉਣ ਸੰਬੰਧੀ ਜੋ ਜ਼ੋਰ ਦੀ ਖੇਡ ਨਹੀਂ ਹੈ-ਹੋਰ ਗੱਲਾਂ ਬੀ ਜ਼ੋਰ ਦੇ ਵੱਸ ਨਹੀਂ ਹਨ, ਜਿਵੇਂ) ਆਖਣ ਵਿਚ ਕਿ ਚੁਪ ਧਾਰਨ ਵਿਚ (ਦੋਹਾਂ ਵਿਚ) ਜ਼ੋਰ (ਸਫਲ) ਨਹੀਂ[2]। ੨. ਮੰਗਣੇ ਵਿਚ ਜ਼ੋਰ (ਸਫਲ) ਨਹੀਂ, ਦੇਣ ਵਿਚ ਜ਼ੋਰ (ਸਫਲ) ਨਹੀਂ[3]। ੪. ਐਸ਼੍ਵਰਜ ਤੇ ਮਾਲ ਧਨ ਦੀ (ਪ੍ਰਾਪਤੀ) ਵਿਚ ਜ਼ੋਰ (ਸਫਲ) ਨਹੀਂ (ਜਿਸ ਲਈ ਕਿ) ਮਨ ਵਿਚ ਖ਼ਬਤ (ਲੱਗਾ ਰਹਿੰਦਾ) ਹੈ[4]।
ਜੋਰੁ ਨ ਸੁਰਤੀ ਗਿਆਨਿ ਵੀਚਾਰਿ॥	੫. (ਤਿਵੇਂ ਹੀ ਸਮਝ ਲਓ ਕਿ ਨਾਮ ਸਿਮਰਣ ਆਦਿ) ਸੁਰਤ ਦੇ (ਕੰਮਾਂ ਵਿਚ) ਗਿਆਨ ਤੇ ਵੀਚਾਰ ਆਦਿ ਵਿਚ ਬੀ ਜ਼ੋਰ (ਸਫਲ) ਨਹੀਂ[5]।
ਜੋਰੁ ਨ ਜੁਗਤੀ ਛੁਟੈ ਸੰਸਾਰੁ॥	੬. (ਅਤੇ ਜਿਸ) ਜੁਗਤਿ ਨਾਲ ਸੰਸਾਰ (ਸਾਥੋਂ) ਛੁਟ ਸਕੇ

[1] ਸਹਜੇ ਆਵੈ ਸਹਜੇ ਜਾਇ॥ (ਗਉੜੀ ਮ: ੧-੬)

ਪੁਨਾ:- ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ॥ (ਵਾਰ ਮਾਝ ਮ: ੧-੧੫)

[2] ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ॥ (ਸਿਰੀ: ਮ: ੩, ਅਸਟ:-੨੩)

ਪੁਨਾ:- ਸਹਜੇ ਚੁਪ ਸਹਜੇ ਹੀ ਜਪਨਾ॥ (ਗਉੜੀ ਮ: ੫, ਅਸਟ:-੩)

ਪੁਨਾ:- ਬੋਲੈ ਨਾਹੀ ਹੋਇ ਬੈਠਾ ਮੋਨੀ॥ ਅੰਤਰਿ ਕਲਪ ਭਵਾਈਐ ਜੋਨੀ॥ (ਪ੍ਰਭਾਤੀ ਮ: ੫, ਅਸਟ:-੨)

ਪੁਨਾ:- ਆਖਣੁ ਵੇਖਣੁ ਸਭ ਸਾਹਿਬ ਤੇ ਹੋਇ॥ (ਬਸੰਤ: ਮ: ੩-੧੪)

[3] ਮਨੁ ਤਨੁ ਦੇ ਲੈ ਸਹਜਿ ਸੁਭਾਇ॥ ਨਾਨਕ ਤਿਨ ਕੈ ਲਾਗਉ ਪਾਇ॥ (ਗਉੜੀ ਮ: ੧-੬)

[4] ਰਾਜ ਮੱਲ ਅਪਣੇ ਵੱਸ ਨਹੀਂ:-
ਜਾ ਤੁਧੁ ਭਾਵੈ ਤਾ ਹੋਵਹਿ ਰਾਜੇ ਰਸ ਕਸ ਖਹੁਤੁ ਕਮਾਵਹਿ॥ (ਵਾਰ ਮਾਝ ਮ: ੧-੧੫)
ਸਹਜੇ ਗ੍ਰਿਹ ਮਹਿ ਸਹਜਿ ਉਦਾਸੀ॥ (ਗਉੜੀ ਮ: ੫, ਅਸਟ: ੩)
ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ॥ (ਬਿਲਾ: ਮ: ੫-੧੨੨)

[5] ਸਹਜੇ ਅੰਮ੍ਰਿਤ ਪੀਓ ਨਾਮੁ॥ (ਗਉੜੀ ਮ: ੫, ਅਸਟ: ੩)

ਪੁਨਾ:- ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ॥ (ਸਿਰੀ: ਮ: ੩, ਅਸਟ:-੨੩)

ਪੁਨਾ:- ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ॥ (ਸਿਰੀ: ਮ: ੩, ਅਸਟ:-੨੩)

ਪੁਨਾ:- ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ॥ (ਤਿਲੰਗ ਮ: ੧, ਅਸਟ: ੧)

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥੩੩॥	(ਉਸ ਵਿਚ ਬੀ) ਜ਼ੋਰ (ਸਫਲ) ਨਹੀਂ[1]। ੭. ਜਿਸ ਦੇ (ਖਿਆਲ ਵਿਚ ਉਸਦੇ ਆਪਣੇ) ਹੱਥ ਵਿਚ (ਐਸਾ) ਜ਼ੋਰ[2] ਹੈ ਉਹ (ਜ਼ੋਰ) ਕਰਕੇ ਵੇਖ ਲਵੇ[3]। ੮. ਹੇ ਨਾਨਕ! (ਸਚ ਤਾਂ ਇਹੋ ਹੈ ਕਿ ਜ਼ੋਰ ਨਾਲ) ਉੱਤਮ ਕਿ ਨੀਚ ਕੋਈ ਨਹੀਂ (ਕੁਛ ਬਣ ਸਕਦਾ[4])॥੩੩॥

ਵਖ੍ਯਾ- ਇਸ ਪਉੜੀ ਵਿਚ ਗੁਰੂ ਜੀ ਨੇ 'ਜੋਰੁ ਨ ਜੀਵਣਿ ਮਰਣਿ ਨਹ ਜੋਰੁ' ਆਖਕੇ ਇਕ ਪ੍ਰਤੱਖ ਵਰਤ ਰਹੀ ਸਚਿਆਈ ਦੱਸੀ ਹੈ। ਇਸ ਤੋਂ ਸਮਝ ਪਈ ਕਿ ਜਦ ਜੰਮਣ ਤੇ ਮਰਨ ਵਿਚ ਜ਼ੋਰ ਨਹੀਂ ਤਾਂ ਇਸ ਦੇ ਜੀਵਨ ਸੰਬੰਧੀ ਕਰਤੱਵ੍ਯ ਆਦਿ ਹੋਰ ਗੱਲਾਂ ਵਿਚ, ਜੋ ਜੰਮਣ ਤੇ ਮਰਨ ਦੇ ਵਿਚਕਾਰ ਹਨ, ਬੀ ਜ਼ੋਰ ਸਫਲ ਨਹੀਂ। ਇਹ ਅਰਥਾਂਤਰ ਨ੍ਯਾਸ ਅਲੰਕਾਰ[5] ਦਾ ਤ੍ਰੀਕਾ ਵਰਤਿਆ ਹੈ। ਇਥੇ 'ਜੀਵਣ ਮਰਣ ਜ਼ੋਰ ਦੇ ਵੱਸ ਨਹੀਂ' ਸਾਮਾਨ੍ਯ ਅਰਥ ਸੁਤੇ ਸਿੱਧ ਹੈ, ਇਸ ਤੋਂ ਵਿਸ਼ੇਸ਼ ਅਰਥ ਇਹ ਸਮਰਥਨ ਕੀਤਾ ਗਿਆ ਹੈ ਕਿ ਜੀਵਣ ਦੇ ਹੋਰ ਕਾਰਯ: ਆਖਣ, ਚੁਪ, ਮੰਗਣ, ਦੇਣ, ਧਨ ਪ੍ਰਾਪਤੀ, ਊਚ ਨੀਚ ਹੋਣਾ ਆਦਿ ਬੀ ਜ਼ੋਰ ਦੇ ਵੱਸ ਨਹੀਂ ਹਨ। ਤਾਂ ਤੇ ਸੁਰਤ ਦੇ ਕਾਰਯ ਗਿਆਨ ਆਦਿ ਬੀ ਜ਼ੋਰ ਨਾਲ ਸਫਲਦੇ ਨਹੀਂ, ਏਹ ਸਹਿਜ ਵਿਚ ਸਫਲਦੇ ਹਨ। ਦੇਖੋ ਜੇ ਕੋਈ ਹਠ ਨਾਲ ਚੁਪ ਧਾਰੇ ਤਾਂ ਅੰਦਰ ਕਲਪਨਾ ਟੁਰੀ ਰਹਿੰਦੀ ਹੈ, ਚੁੱਪ ਨਹੀਂ ਵਰਤਦੀ। ਪਰ ਜੇ ਨਾਮ ਦੇ ਰਸਤੇ ਸਹਿਜ ਵਿਚ ਆ ਜਾਵੇ ਤਾਂ ਅੰਦਰ ਟਿਕਾਉ ਹੋ ਜਾਂਦਾ ਹੈ, ਬਾਹਰ ਬੋਲ ਚਾਲ ਵਿਚ ਸੰਜਮ ਆ ਜਾਂਦਾ ਹੈ। ਤਿਵੇਂ ਜ਼ੋਰ ਨਾਲ ਕੋਈ ਬੋਲੇ ਤਾਂ ਰਸ ਨਹੀਂ ਪੈਂਦਾ। ਜੇ ਜ਼ੋਰ ਨਾਲ ਕਥਾ ਵਖ੍ਯਾਨ ਕਰੇ, ਕਿ ਕਵਿਤਾ ਕਹੇ ਤਾਂ ਰਸਹੀਨਤਾ ਫਲ ਹੁੰਦਾ ਹੈ। ਜ਼ੋਰ ਨਾਲ ਨਾਮ ਜਪੇ ਤਾਂ ਰਸ ਨਹੀਂ ਪੈਂਦਾ- **ਸਹਜੇ ਗਾਵਿਆ ਥਾਇ ਪਵੈ....॥** ਵਾਕ ਹੈ। (ਸਿਰੀ: ਮ: ੩ ਅਸਟ:-੨੩)

ਜ਼ੋਰ ਨਾਲ ਮੰਗਣਾਂ-ਅਰਥਾਤ ਭਿੱਖੂ ਬਣਨੇ ਲਈ ਬੀ ਅੰਦਰ ਸਹਜ ਦੀ ਧਾਰਨਾਂ ਦੀ ਲੋੜ ਹੈ, ਹਠ ਬ੍ਰਿਤੀ ਨਾਲ ਬਣੇ ਹੋਏ ਭਿੱਖੂ ਦੇ ਅੰਦਰ ਸੰਤੋਖ ਨਹੀਂ ਉਪਜਦਾ। ਦਾਨ ਕਰਨ ਵਿਚ ਸਹਿਜ ਦੀ ਲੋੜ ਹੈ, ਹਠ ਨਾਲ ਕੀਤਾ ਦਾਨ ਮਨ ਨੂੰ ਨਿਰਮਲ ਨਹੀਂ ਕਰਦਾ। ਜੰਮਣਾ, ਜੀਉਣਾ, ਮਰਣਾ ਕਿਸੇ ਦੇ ਅਪਣੇ ਵੱਸ ਨਹੀਂ, ਇਹ ਸੁਤੇ ਹੀ ਸਹਜ ਸੁਭਾ ਹੁੰਦਾ ਤੇ ਮੁੱਕਦਾ ਹੈ। ਕਾਮਯਾਬ ਰਾਜਾ ਯਾ ਧਨੀ ਬਣਨੇ ਲਈ ਬੀ ਅੰਦਰ ਇਕ ਸਹਜ ਭਾਵ ਦੇ ਆ ਜਾਣ ਦੀ ਲੋੜ ਹੈ। ਜ਼ੋਰ ਧੱਕੇ ਵਾਲੇ ਰਾਜੇ ਤੇ ਧਨੀ ਜਿਸ ਪ੍ਰਯੋਜਨ ਲਈ ਰਾਜ ਤੇ ਧਨ ਕੱਠਾ ਕਰਦੇ ਹਨ, ਉਹ ਪ੍ਰਯੋਜਨ ਅਸਫਲ ਹੋ ਜਾਂਦਾ ਹੈ। ਰਾਜ ਤੇ ਧਨ ਸੁਖ ਭੋਗਣ ਲਈ ਲੱਭੀਦਾ ਹੈ, ਪਰ ਜ਼ੋਰ ਹਠ ਵਾਲੇ ਰਾਜੇ ਤੇ ਧਨੀ ਦਾ ਅੰਦਰ ਖੌਲਰ ਵਿਚ ਰਹਿੰਦਾ ਹੈ। ਖੌਲਰ ਵਾਲਾ ਮਨ ਸੁਖੀ ਨਹੀਂ ਹੋ ਸਕਦਾ। ਪ੍ਰਜਾ ਨੂੰ ਯਾ ਗ਼ਰੀਬਾਂ ਨੂੰ ਸੁਖ ਦੇਣ ਦਾ ਮਨੋਰਥ ਬੀ ਰਾਜੇ ਤੇ ਧਨੀ ਦਾ ਸਹਜ ਵਿਚ ਸਫਲ ਹੁੰਦਾ ਹੈ, ਜ਼ੋਰ ਹਉਂ ਵਿਚ ਸਫਲ ਨਹੀਂ ਹੁੰਦਾ।

---

[1]ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ ਅਤੀਤੁ ਬੈਰਾਗੀ॥ (ਧਨਾਸਰੀ ਮ: ੫, ਛੰਤ-੧)
ਸਹਜੇ ਗ੍ਰਿਹ ਮਹਿ ਸਹਜਿ ਉਦਾਸੀ॥ (ਗਉੜੀ ਮ: ੫, ਅਸਟ:-੩)

[2]ਐਉਂ ਬੀ ਅਰਥ ਲਾਉਂਦੇ ਹਨ:ਜਿਸ ਪਰਮੇਸ਼ੁਰ ਦੇ ਹੱਥ ਵਿਚ ਜ਼ੋਰ ਹੈ ਉਹ ਜ਼ੋਰ ਕਰਦਾ ਪਿਆ ਵੇਖਦਾ ਹੈ। (ਸੰਭਾਲਦਾ ਹੈ)। (ਸੰਪ੍ਰ:) [3]ਇਸ ਕਾ ਬਲੁ ਨਾਹੀ ਇਸੁ ਹਾਥ॥ (ਸੁਖਮਨੀ ੧੧-੫)
ਪੁਨਾ:- ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ॥ (ਗਉੜੀ ਮ: ੫-੧੬੯)

[4] ਨੀਚਹੁ ਊਚ ਕਰੈ ਮੇਰਾ ਗੋਬਿੰਦੁ॥ (ਮਾਰੂ ਰਵਿ:) ਹੁਕਮੀ ਉਤਮੁ ਨੀਚੁ॥ (ਜਪੁਜੀ-੨)
ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ ਥਾਪੈ॥ (ਬਿਲਾ: ਮ: ੫-੫੦)

[5] ਜਿਸ ਕਥਨ ਵਿਚ ਵਿਸ਼ੇਸ਼ ਕਥਨ ਨੂੰ ਸਾਮਾਨ ਕਥਨ ਨਾਲ ਤੇ ਸਾਮਾਨ ਕਥਨ ਨੂੰ ਵਿਸ਼ੇਸ਼ ਕਥਨ ਨਾਲ ਪੱਕਿਆਂ ਕੀਤਾ ਜਾਏ, ਉਹ ਅਰਥਾਂਤਰ ਨ੍ਯਾਸ ਅਲੰਕਾਰ ਕਹੀਦਾ ਹੈ।

 www.sikhbookclub.com

ਰਹਿਣਾ ਬੀ ਵਰਣਨ ਹੋ ਚੁਕਾ ਹੈ। ਹੁਣ ਨਵਾਂ ਵਿਸ਼ਯ ਚਲਦਾ ਹੈ, ਜੋ ੩੪, ੩੫, ੩੬ ਤੇ ੩੭ ਪਉੜੀਆਂ ਵਿਚ ਵਰਣਿਤ ਹੈ। ਇਹ ਹੈ ਕਰਤਾਰ ਦੀ ਕਾਇਨਾਤ ਯਾ ਵਿਸ਼੍ਵ ਵਿਚ ਦ੍ਰਿਸ਼ਯ ਤੇ ਅਦ੍ਰਿਸ਼ਯ, ਸਥੂਲ ਤੇ ਸੂਖਮ ਰਚਨਾਂ ਦਾ ਵਰਣਨ। ਇਸ ਨੂੰ ਪੰਚ ਖੰਡਾਂ ਵਿਚ ਵੰਡਿਆ ਹੈ: ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਤੇ ਸਚ ਖੰਡ। ਪਉੜੀ ੩੪ ਵਿਚ ਧਰਮ ਖੰਡ ਦਾ ਵਰਣਨ ਹੈ। ਪਉੜੀ ੩੫ ਵਿਚ ਗਿਆਨ ਖੰਡ ਤੇ ੩੬ ਵਿਚ ਸਰਮ ਖੰਡ ਅਤੇ ੩੭ ਪਉੜੀ ਵਿਚ ਕਰਮ ਖੰਡ ਤੇ ਸਚ ਖੰਡ ਦਾ ਵਰਣਨ ਹੈ।

ਮੂਲ	ਅਰਥ
ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥	(ਉਪਰ ਆਕਾਸ਼ ਹਨ, ਦੁਆਲੇ) ਪਉਣ (ਹੇਠਾਂ) ਪਾਤਾਲ ਹਨ, (ਸਤਹ ਪੁਰ ਤੇ ਵਿਚ) ਅਗਨੀ ਤੇ ਪਾਣੀ, (ਐਸੇ ਦੇਸ਼[1] ਵਿਚ) ਰਾਤਾਂ, ਰੁਤਾਂ ਥਿਤਾਂ ਤੇ ਵਾਰਾਂ (ਅਰਥਾਤ ਇਸ ਤਰ੍ਹਾਂ ਦੀ ਕਾਲਗਤੀ[1] ਰਚਕੇ) ਉਸ (ਪ੍ਰਬੰਧ) ਵਿਚ (ਸਾਈਂ ਨੇ ਇਹ) ਧਰਤੀ ਧਰਮ (ਕਮਾਉਣ ਦਾ) ਸਥਾਨ (ਬਣਾਕੇ) ਸਥਾਪਨ ਕਰ ਰਖੀ ਹੈ।
ਤਿਸੁ ਵਿਚਿ ਜੀਅਜੁਗਤਿ ਕੇ ਰੰਗ॥ ਤਿਨਕੇ ਨਾਮ ਅਨੇਕ ਅਨੰਤ॥	ਉਸ (ਧਰਤੀ) ਵਿਚ ਰੰਗ ਰੰਗ (ਭਾਂਤਿ ਭਾਂਤਿ) ਦੇ ਜੀਵ (ਤੇ ਉਨ੍ਹਾਂ ਦੇ ਜੀਵਨ ਵਾਸਤੇ ਤਰ੍ਹਾਂ ਤਰ੍ਹਾਂ ਦੀਆਂ) ਜੁਗਤਾਂ (ਰਚੀਆਂ) ਹਨ। (ਓਹ ਜੀਵ ਗੇਣਤੀ ਵਿਚ ਅਨੰਤ=) ਬੇਸ਼ੁਮਾਰ ਹਨ ਤੇ ਉਨ੍ਹਾਂ ਦੇ ਨਾਮ ਅਨੇਕ ਹਨ।
ਕਰਮੀ ਕਰਮੀ ਹੋਇ ਵੀਚਾਰੁ॥	ਹਰੇਕ (ਜੀਵ ਦੇ ਆਪੋ ਆਪਣੇ ਕੀਤੇ ਸ਼ੁਭ ਅਸ਼ੁਭ) ਕਰਮਾਂ ਦੁਆਰੇ ਵੀਚਾਰ ਬੀ ਹੁੰਦੀ ਹੈ[2]।
ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥ ਨਦਰੀ ਕਰਮਿ ਪਵੈ ਨੀਸਾਣੁ॥ ਕਚ ਪਕਾਈ ਓਥੈ ਪਾਇ॥ ਨਾਨਕ ਗਇਆ ਜਾਪੈ ਜਾਇ ॥੩੪॥	(ਪ੍ਰਸ਼ਨ: ਕਿੱਥੇ ? ਉੱਤਰ-ਰਚਣਹਾਰ ਵਾਹਿਗੁਰੂ) ਆਪ ਸੱਚਾ ਹੈ ਤੇ ਸੱਚਾ ਹੀ ਹੈ (ਉਸ ਦਾ) ਦਰਬਾਰ, ਓਥੇ (ਭਾਵ ਉਸ ਦੇ ਦਰਬਾਰ ਵਿਚ) ਪਰਵਾਣ ਹੋਏ ਸੰਤ ਸ਼ੋਭਾ ਪਾਉਂਦੇ ਹਨ। (ਓਥੇ) ਮਿਹਰ ਕਰਨ ਵਾਲੇ (ਸਚੇ ਪਰਮੇਸ਼ੁਰ ਦੀ) ਬਖਸ਼ਿਸ਼ ਦੁਆਰਾ ਨਿਸ਼ਾਨ ਪੈਂਦਾ ਹੈ। ਓਥੇ (ਜੀਵ ਦੀ) ਕਚਿਆਈ ਪਕਿਆਈ ਦਾ ਪਤਾ ਲੱਗਦਾ ਹੈ। (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ ਕਿ ਓਸ ਸੱਚੇ ਦਰਬਾਰ ਵਿਚ) ਗਿਆਂ ਹੀ ਪਤਾ ਲੱਗੇਗਾ (ਕਿ ਕਚਿਆਈ ਕਿਸ ਵਿਚ ਤੇ ਪਕਿਆਈ ਕਿਸ ਵਿਚ ਹੈ)[3]॥੩੪॥

[1]ਦੇਸ਼ ਤੇ ਕਾਲ ਵਿਚ ਧਰਤੀ ਰਖੀ ਗਈ। (ਗਿਆਨ ਅਰਕ ਟੀਕਾ ਜਪੁਜੀ, ੧੯੯੦ ਬਿ:) ਦੇਸ਼=Space, ਕਾਲ=Time।

[2] (ੳ) ਜੀਵ ਦਾ ਵੀਚਾਰ ਕਰਮਾਂ ਅਨੁਸਾਰ ਹੁੰਦਾ ਹੈ। ਕਰਮੀ=ਕਰਮ ਕਰਨ ਵਾਲਾ, ਭਾਵ ਜੀਵ। ਕਰਮੀ=ਕਰਮਾਂ ਦੁਆਰੇ। (ਸੰਪ੍ਰਦਾ)।

[3] ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ॥ (ਵਾਰ ਸੂਹੀ ਮ: ੧-੧੨)

www.sikhbookclub.com

(ਪਉੜੀ ੩੫-ਗਿਆਨ ਖੰਡ)

ਮੂਲ

ਧਰਮ ਖੰਡ ਕਾ ਏਹੋ ਧਰਮੁ॥ ਗਿਆਨ ਖੰਡ ਕਾ ਆਖਹੁ ਕਰਮੁ॥ ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥ ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥੩੫॥

ਅਰਥ

ਧਰਮ ਖੰਡ ਦਾ ਤਾਂ ਇਹੋ ਧਰਮ ਹੈ (ਕਿ ਇਥੇ ਧਰਮ ਕਮਾਵੇ[1])। (ਹੁਣ) ਗਿਆਨ ਖੰਡ ਦਾ ਵਿਸ਼ਜ ਆਖਹੁ! (ਉੱਤਰ-ਉਸ ਵਿਚ) ਕਿੰਨੇ[2] ਪੌਣ, ਪਾਣੀ, ਅਗਨੀਆਂ, ਕਿੰਨੇ ਕ੍ਰਿਸ਼ਨ ਤੇ ਸ਼ਿਵ (ਹੈਨ ਤੇ) ਕਿੰਨੇ ਘਾੜਤੀ ਬ੍ਰਹਮੇ (ਹਨ ਜਿਨ੍ਹਾਂ ਤੋਂ) ਘੜੇ ਜਾਂਦੇ ਹਨ (ਕਈ ਪ੍ਰਕਾਰ ਦੇ) ਰੂਪ ਰੰਗ ਤੇ ਵੇਸ। ਕਿੰਨੀਆਂ ਕਰਮਾਂ ਦੀਆਂ ਭੂਮੀਆਂ,ਕਿੰਨੇ ਸੁਮੇਰ, ਕਿੰਨੇ ਧ੍ਰੂਅ, (ਕਿੰਨੇ) ਉਪਦੇਸ਼ (ਦੇਣ ਵਾਲੇ ਧ੍ਰੂਅ ਵਰਗਿਆਂ ਦੇ; ਭਾਵ ਨਾਰਦ ਆਦਿ ਹਨ।)

ਕਿੰਨੇ ਇੰਦ੍ਰ, ਚੰਦ੍ਰ, ਕਿੰਨੇ ਸੂਰਜ, ਕਿੰਨੇ ਮੰਡਲ (ਤੇ ਕਿੰਨੇ) ਦੇਸ਼ (ਹਨ)। ਕਿੰਨੇ ਸਿੱਧ, ਬੁਧ, ਕਿੰਨੇ ਨਾਥ, ਕਿੰਨੇ (ਹਨ) ਦੇਵੀ ਦੇ ਸਰੂਪ। ਕਿੰਨੇ ਦੇਵਤੇ, ਦਾਨਵ, ਕਿੰਨੇ ਮੁਨੀ (ਰਿਸ਼ੀ ਆਦਿ) ਕਿੰਨੇ ਰਤਨ ਤੇ ਸਮੁੰਦ੍ਰ (ਹਨ)। ਕਿੰਨੀਆਂ (ਜੀਵਾਂ ਦੀਆਂ) ਖਾਣੀਆਂ, ਕਿੰਨੀਆਂ ਬਾਣੀਆਂ (ਹਨ), (ਕਿੰਨੇ) ਪ੍ਰਭੂ ਤੇ ਪਾਤਸ਼ਾਹ ਹਨ[3], ਕਿੰਨੀਆਂ ਸੁਰਤੀਆਂ (ਤੇ) ਕਿੰਨੇ ਸੇਵਕ ਹਨ, (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ ਕਿ ਉਨ੍ਹਾਂ ਦਾ) ਅੰਤ ਹੀ ਕੋਈ ਨਹੀਂ॥੩੫॥

(ਪਉੜੀ ੩੬-ਸਰਮ ਖੰਡ)

ਮੂਲ

ਗਿਆਨ ਖੰਡ ਮਹਿ ਗਿਆਨੁ ਪਰਚੰਡੁ॥ ਤਿਥੈ ਨਾਦ ਬਿਨੋਦ ਕੋਡ ਅਨੰਦੁ॥

ਸਰਮ ਖੰਡ ਕੀ ਬਾਣੀ ਰੂਪੁ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥ ਤਾ ਕੀਆ ਗਲਾ ਕਥੀਆ ਨਾ ਜਾਹਿ॥ ਜੇ ਕੋ ਕਹੈ ਪਿਛੈ ਪਛੁਤਾਇ॥

ਅਰਥ

ਗਿਆਨ ਦੇ ਖੰਡ ਵਿਖੇ ਗਿਆਨ ਮਹਾਨ ਤੇਜਵਾਨ ਹੈ, ਉਥੇ ਕਰੋੜਾਂ ਨਾਦਾਂ ਤੇ ਬਿਨੋਦਾਂ ਦਾ ਅਨੰਦ ਹੈ।

(ਹੁਣ ਸਰਮ ਖੰਡ ਟੁਰਿਆ)

(ਸਰਮ ਖੰਡ) ਅਨੰਦ ਦੇ ਖੰਡ ਦੀ ਲੱਛਣਾ ਸੁੰਦਰਤਾ ਹੈ। ਉਥੇ (ਉਪਮਾਂ ਤੋਂ ਪਰੇ ਭਾਵ) ਪਰਮ ਸੁੰਦਰ ਘਾੜਤ ਘੜੀ ਜਾਂਦੀ ਹੈ, ਉਸ (ਸਰਮ ਖੰਡ) ਦੀਆਂ ਗੱਲਾਂ ਕਹੀਆਂ ਨਹੀਂ ਜਾ ਸਕਦੀਆਂ। ਜੇ ਕੋਈ (ਓਹ ਗਲਾਂ) ਆਖੇ ਤਾਂ ਪਿਛੋਂ ਪਛਤਾਉਂਦਾ ਹੈ (ਕਿਉਂਕਿ ਸਾਂਗੋ ਪਾਂਗ ਵਰਣਨ ਮਾਨੁੱਖੀ ਬੋਲੀ ਵਿਚ ਹੋ ਨਹੀਂ ਸਕਦਾ, ਨਮੂਨੇ ਲਈ ਦੇਖੋ) ਓਥੇ

---

[1]ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ॥ (ਗਉੜੀ ਮ: ੧-੧੩)
ਕਰਮ ਭੂਮਿ ਮਹਿ ਬੋਅਹੁ ਨਾਮੁ॥ (ਗਉੜੀ ਮ: ੫-੭੩)

[2] ਅਨਿਕ ਬ੍ਰਹਮੇ ਜਾਕੇ ਬੇਦ ਧੁਨਿ ਕਰਹਿ॥ (ਸਾਰਗ ਮ: ੫, ਅਸਟ:੨) ਦੇਖੋ ਸਾਰਾ ਸ਼ਬਦ ਅੱਗੇ ਪੰਨਾ ੧੬੮- ੧੬੯ ਪਰ)

[3](ਅ) ਸੰਪ੍ਰ: ਅਰਥ ਇਹ ਬੀ ਹੈ-ਪਾਤਸ਼ਾਹਾਂ ਦੀਆਂ ਸ਼੍ਰੇਣੀਆਂ। ਪਾਤ=ਪੰਕਤੀ।

www.sikhbookclub.com

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥੩੬॥	ਸੁਰਤਿ ਮਤਿ ਮਨਿ ਤੇ ਬੁਧਿ ਘੜੀਆਂ ਜਾਂਦੀਆਂ ਹਨ। ਓਥੇ ਘੜੀਦੀ ਹੈ ਸੁਧ (ਦਿਵਯ ਬੁੱਧੀ ਜੋ) ਦੇਵਤਿਆਂ ਤੇ ਸਿੱਧਾਂ (ਪੁਰਖਾਂ) ਦੀ (ਵਸਤੂ) ਹੈ। (ਹੁਣ ਸੋਚੋ, ਬਿਨ ਦੇਖੇ ਇਹ ਗੱਲਾਂ ਕਥਨੀ ਮਾਤ੍ਰ ਨਾਲ ਕੀਕੂੰ ਸਮਝ ਵਿਚ ਪੈ ਸਕਦੀਆਂ ਹਨ)॥੩੬॥

(ਪਉੜੀ ੩੭-ਕਰਮ ਖੰਡ ਤੇ ਸਚ ਖੰਡ)

ਮੂਲ	ਅਰਥ
ਕਰਮ ਖੰਡ ਕੀ ਬਾਣੀ ਜੋਰੁ॥ ਤਿਥੈ ਹੋਰੁ ਨ ਕੋਈ ਹੋਰੁ॥ ਤਿਥੈ ਜੋਧ ਮਹਾ ਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ॥ ਤਾ ਕੇ ਰੂਪ ਨ ਕਥਨੇ ਜਾਹਿ॥ ਨਾ ਓਹਿ ਮਰਹਿ ਨ ਠਾਗੇ ਜਾਹਿ॥ ਜਿਨ ਕੈ ਰਾਮੁ ਵਸੈ ਮਨ ਮਾਹਿ॥	(ਕਰਮ ਖੰਡ)- ਫਜ਼ਲ ਦੇ ਖੰਡ ਦੀ ਰਚਨਾ ਜ਼ੋਰੀ[1] ਹੈ। ਓਥੇ ਦੂਸਰਾ ਹੋਰ ਕੋਈ ਨਹੀਂ ਹੈ (ਬਿਨਾਂ ਬਖਸ਼ੇ ਹੋਇਆਂ ਦੇ)। ਓਥੇ ਹਨ ਜੋਧੇ, ਮਹਾਂਬਲੀ ਤੇ ਸੂਰਮੇ। ਉਨ੍ਹਾਂ ਵਿਚ (ਵਿਆਪਕ) ਰਾਮ ਭਰਪੂਰ ਹੋ ਰਿਹਾ ਹੈ। ਓਥੇ ਹਨ (ਭਰਪੂਰ ਤੇ ਵਯਾਪਕ ਰਾਮ ਦੀ) ਮਹਿਮਾਂ ਵਿਚ (ਮਗਨ ਹੋ ਰਹੇ ਅਨੇਕਾਂ) ਰਾਮ ਤੇ ਸੀਤਾ। ਉਨ੍ਹਾਂ ਦੇ ਰੂਪ ਕਹੇ ਨਹੀਂ ਜਾ ਸਕਦੇ[2]। ਓਹ ਮਰਦੇ (ਬੀ) ਨਹੀਂ ਤੇ ਨਾਂ ਹੀ ਠੱਗੇ ਜਾਂਦੇ ਹਨ[3]। ਜਿਨ੍ਹਾਂ ਦੇ ਮਨ ਵਿਚ ਅਕਾਲ ਪੁਰਖ ਵਸਦਾ ਹੈ।
ਤਿਥੈ ਭਗਤ ਵਸਹਿ ਕੇ ਲੋਅ॥ ਕਰਹਿ ਅਨੰਦੁ ਸਚਾ ਮਨਿ ਸੋਇ॥	ਉਥੇ ਕਈ ਲੋਕਾਂ ਦੇ ਭਗਤ ਵਸਦੇ ਹਨ[4], ਜੋ ਅਨੰਦ ਮਾਣਦੇ ਹਨ (ਕਿਉਂਕਿ)ਉਹ ਸਚਾ (ਪਰਮੇਸ਼ੁਰ ਉਹਨਾਂ ਦੇ)ਮਨ ਵਿਚ ਵਸਦਾ ਹੈ[5]।
ਸਚਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥	(ਸਚ ਖੰਡ)-ਸਚ ਖੰਡ ਵਿਚ ਆਕਾਰ ਤੋਂ ਰਹਿਤ (ਅਕਾਲ ਪੁਰਖ ਆਪ) ਵੱਸਦਾ ਹੈ (ਜੋ) ਰਚੀ ਹੋਈ ਨੂੰ ਵੇਖਦਾ ਸੰਭਾਲਦਾ ਹੈ ਤੇ ਕ੍ਰਿਪਾ ਦ੍ਰਿਸ਼ਟੀ ਨਾਲ ਨਿਹਾਲ (ਕਰਦਾ ਹੈ)।

---

[1](ਫ਼ਾ: ਜ਼ੋਰ=) ਬਲ, ਉਹ ਰੂਹਾਨੀ ਬਲ ਜੋ ਭਗਤਾਂ ਦੇ ਅੰਦਰ ਰੱਬ ਦੇ ਨਿਵਾਸ ਤੋਂ ਉਪਜਦਾ ਹੈ। ਉਹ ਬਲ ਜਿਸ ਨਾਲ ਵਿਕਾਰ ਜਿੱਤੀਦੇ ਹਨ। ਯਥਾ:-

'ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥' (ਵਡਹੰਸ ਮ: ੧ ਅਲਾਹ:-੨)

ਪੁਨਾ:- ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥ (ਵਾਰ ਸਿਰੀ ਮ: ੩-੧੧)

ਤਥਾ:- ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ॥ (ਮਾਰੂ ਵਾਰ ਮ: ੩-੮)

ਜਾਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥ (ਧਨਾ: ਮ: ੫-੩੬)

ਜੋਰਿ ਤੁਮਾਰੇ ਸੁਖਿ ਵਸਾ..... (ਗਉੜੀ ਮ: ੫-੧੬੯)　[2]ਭਾਵ ਓਹ ਬੜੇ ਸੁੰਦਰ ਹਨ।

[3]ਭਾਵ ਓਹ ਹੁਣ ਅਮਰ ਹੋ ਗਏ ਹਨ ਤੇ ਮਾਯਾ ਕਿ ਪ੍ਰਕਿਰਤੀ ਉਨ੍ਹਾ ਨੂੰ ਹੁਣ ਅਪਣੇ ਵਿਚ ਭਰਮਾ ਨਹੀਂ ਸਕਦੀ।

[4]ਇਕ ਲੋਕ ਦੇ ਨਹੀਂ ਪਰ ਅਨੇਕਾਂ ਲੋਕਾਂ ਦੇ ਭਗਤ ਓਥੇ ਵਸਦੇ ਹਨ। ਯਥਾ:-

ਸਭ ਤੇ ਊਚ ਭਗਤ ਜਾ ਕੈ ਸੰਗਿ॥ (ਸਾਰੰਗ ਮ: ੫, ਅਸਟ:-੨)

[5] ਉਹ ਵਾਹਿਗੁਰੂ 'ਆਨੰਦ' ਸਰੂਪ ਹੈ, ਇਸ ਕਰਕੇ ਜਿਨ੍ਹਾਂ ਦੇ ਮਨ ਵਿਚ ਉਹ ਵੱਸਦਾ ਹੈ ਓਹ ਅਨੰਦ ਵਿਚ ਵਸਦੇ ਹਨ।

ਤਿਥੈ ਖੰਡ ਮੰਡਲ ਵਰਭੰਡ॥ ਜੇ ਕੋ ਕਥੈ ਤ ਅੰਤ ਨ ਅੰਤ॥ ਤਿਥੈ ਲੋਅ ਲੋਅ ਆਕਾਰ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥ ਵੇਖੈ ਵਿਗਸੈ ਕਰਿ ਵੀਚਾਰੁ॥ ਨਾਨਕ ਕਥਨਾ ਕਰੜਾ ਸਾਰੁ॥੩੭॥	ਉਥੇ ਖੰਡ ਮੰਡਲ ਤੇ ਬ੍ਰਹਮੰਡ ਹਨ[1]। ਜੇ ਕੋਈ (ਉਹਨਾਂ ਦਾ) ਕਥਨ ਕਰੇ ਤਾਂ ਅੰਤ ਨਹੀਂ ਪੈਂਦਾ। ਉਥੇ ਲੋਕਾਂ ਪਰ ਲੋਕ (ਤੇ ਆਕਾਰਾਂ ਪੁਰ) ਆਕਾਰ ਹਨ, ਜਿਸ ਜਿਸ ਪ੍ਰਕਾਰ (ਨਿਰੰਕਾਰ ਦਾ) ਹੁਕਮ (ਹੁੰਦਾ ਹੈ) ਓਵੇਂ ਓਵੇਂ (ਓਥੇ) ਕਾਰ ਹੋ ਰਹੀ ਹੈ। (ਉਹ ਨਿਰੰਕਾਰੁ ਉਹਨਾਂ ਨੂੰ) ਵੇਖਦਾ ਹੈ (ਤੇ) ਵੀਚਾਰ ਕਰਕੇ ਖਿੜਦਾ[2] (=ਖੁਸ਼ ਹੁੰਦਾ) ਹੈ। (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ, ਇਸ ਖੰਡ ਦਾ ਹੋਰ) ਵਰਣਨ ਕਰਨਾ ਲੋਹੇ (ਵਾਂਙੂੰ) ਕਰੜਾ ਹੈ (ਭਾਵ ਬਾਣੀ ਨਹੀਂ ਵਰਣਨ ਕਰ ਸਕਦੀ)॥੩੭॥

ਵ੍ਯਾਖ੍ਯਾ-(ਪਉ: ੩੪ ਤੋਂ ੩੭) ਪਿਛਲੀਆਂ ਚਾਰ ਪਉੜੀਆਂ ਵਿਚ ਜੋ ਖੰਡ ਆਏ ਹਨ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:-ਪਹਿਲਾ ਹੈ ਧਰਮ ਖੰਡ। ਇਸ ਵਿਚ ਧਰਤੀ ਨੂੰ ਜੀਵਾਂ ਦੇ ਰਹਿਣ ਦਾ ਥਾਂ ਤੇ ਇਥੇ ਵਸਦੇ ਜੀਵਾਂ ਨੂੰ 'ਕਰਮ ਕਰਨਹਾਰ' ਦੱਸਿਆ ਹੈ। ਇਸ ਧਰਤੀ ਨੂੰ 'ਧਰਮ ਖੰਡ' ਆਖਿਆ ਹੈ। ਧਰਮ ਨਾਮ ਹੈ ਐਸੀਆਂ ਕਰਨੀਆਂ ਦਾ ਜੋ ਸੰਸਾਰ ਵਿਚ ਸ਼ੁਭ ਹੋਣ ਤੇ ਪ੍ਰਲੋਕ ਵਿਚ ਸਦਗਤੀ ਦੇਣ। ਇਸ ਅੱਧੀ ਪਉੜੀ ਵਿਚ ਦੱਸਿਆ ਹੈ ਕਿ ਜੀਵਾਂ ਦੀ ਵੀਚਾਰ, ਭਾਵ ਉਹਨਾਂ ਦੇ ਕਰਮਾਂ ਦੀ ਜਾਂਚ ਪੜਤਾਲ, ਉਹਨਾਂ ਦੇ ਆਪੋ ਆਪਣੇ ਕਰਮਾਂ ਦੇ ਅਨੁਸਾਰ ਹੁੰਦੀ ਹੈ, ਕਿਥੇ? ਤਾਂ ਅਗਲੀ ਅੱਧੀ ਪਉੜੀ ਵਿਚ ਫੁਰਮਾਉਂਦੇ ਹਨ ਕਿ ਸਰੀਰ ਤਯਾਗ ਜਾਣ ਦੇ ਬਾਦ-'**ਨਾਨਕ ਗਇਆ ਜਾਪੈ ਜਾਇ**'; ਜਿਥੇ ਸਚਾ (ਵਾਹਿਗੁਰੂ) ਆਪ ਹੈ ਤੇ ਉਸ ਦਾ ਦਰਬਾਰ ਹੈ-'ਸਚਾ ਆਪਿ ਸਚਾ ਦਰਬਾਰੁ' ਓਥੇ ਜੀਵਾਂ ਦੇ ਕੀਤੇ ਕਰਮਾਂ ਤੇ ਕਮਾਏ ਧਰਮਾਂ ਦੀ ਕਚਿਆਈ ਪਕਿਆਈ ਦੀ ਜਾਂਚ ਪੜਤਾਲ ਹੁੰਦੀ ਹੈ। ਓਥੇ ਸੁਭਾਇਮਾਨ ਕੌਣ ਹੁੰਦੇ ਹਨ? ਉਤਰ ਹੈ -'ਪੰਚ ਪਰਵਾਣ' ਜਿਨ੍ਹਾਂ ਤੇ ਮਿਹਰ ਦ੍ਰਿਸ਼ਟੀ ਵਾਲੇ ਦੀ ਬਖਸ਼ਿਸ਼ ਨਾਲ ਉਹਨਾਂ ਤੇ ਨਿਸ਼ਾਨ ਪੈਂਦਾ ਹੈ ਕਿ ਏਹ ਬਖਸ਼ੇ ਗਏ ਹਨ। ਹੁਣ ਕਾਲ ਚੱਕ੍ਰ ਇਨ੍ਹਾਂ ਤੇ ਨਹੀਂ ਪੈ ਸਕਦਾ:-

ਬਖਸਿ ਲੀਏ ਨਾਹੀ ਜਮ ਕਾਣੇ[3]॥ (ਬਸੰਤ ਮ; ੧ ਅਸਟ:-੬)

ਇਸ ਵਰਣਨ ਤੋਂ ਬਾਦ ਢਾਈ ਪਉੜੀਆ ਲੰਘਕੇ ੩੭ਵੀਂ ਦੇ ਅੱਧ ਵਿਚ ਫਿਰ ਉਸ ਟਿਕਾਣੇ ਦਾ ਵਰਣਨ ਆਉਂਦਾ ਹੈ। ਪਉੜੀ ੩੪ ਵਿਚ 'ਸਚਾ ਦਰਬਾਰ' ਕਿਹਾ ਹੈ, ਉਸ ਨੂੰ ਪਉੜੀ ੩੭ ਵਿਚ 'ਸਚ ਖੰਡਿ' ਆਖਿਆ ਹੈ। ਸਚ ਖੰਡ ਦਾ ਵਰਣਨ ਜੋ ਪਉੜੀ ੩੭ ਵਿਚ ਹੈ ਓਹ ਨਿਰੰਕਾਰ (ਨਿਰਗੁਣ) ਪਰਮਾਤਮ ਦੇਵ ਦਾ ਵੱਸਣ ਥਾਉਂ[4] ਦੱਸਿਆ ਹੈ। ਗਲ ਕੀਹ ਪਉੜੀ ੩੪ (ਦੇ ਪਹਿਲੇ ਅੱਧ) ਵਿਚ ਆਕਾਰ ਵਾਲੀ ਧਰਤੀ ਤੇ ਆਕਾਰ ਵਾਲੇ ਜੀਵਾਂ ਦਾ ਵਰਣਨ ਹੈ ਤੇ ਪਉੜੀ ੩੭ (ਦੇ ਮਗਰਲੇ ਅੱਧ) ਵਿਚ ਨਿਰਾਕਾਰ ਦੇ ਅਸਥਾਨ ਤੇ ਸਰੂਪ ਦਾ ਕਥਨ ਹੈ, ਇਨ੍ਹਾਂ ਦੋਹਾਂ-'ਸਾਕਾਰ' ਤੇ 'ਨਿਰਾਕਾਰ' ਦੇ ਵਿਚਾਲੇ ਤ੍ਰੈ ਹੋਰ ਲੋਕਾਂ ਦਾ ਜ਼ਿਕਰ ਹੈ- ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਜੋ ਪਉੜੀ ੩੫, ੩੬, ੩੭ ਵਿਚ

[1]ਨਿਰੰਕਾਰ ਸਾਰੇ ਹੈ, ਨਿਰੰਕਾਰ ਅਨੰਤ ਹੈ। ਅਨੰਤ ਹਰ ਥਾਂ ਹੈ। ਸੋ ਉਸ ਦਾ ਸਚਖੰਡ ਵੱਖਰੇ ਦੇਸ਼ ਵਿਚ ਨਹੀਂ, ਉਸਦੇ ਸਚਖੰਡ ਵਿਚ ਹੈਨ ਸਾਰੇ ਖੰਡ, ਮੰਡਲ, ਬ੍ਰਹਮੰਡ, ਲੋਕ ਤੇ ਆਕਾਰ। ਗਣਿਤ ਵਿਦ੍ਯਾ ਵਾਲੇ ਬੀ ਅਨੰਤ ਦਾ ਕੇਂਦਰ ਹਰ ਥਾਂ ਮੰਨਦੇ ਹਨ।

[2] ਇਥੇ 'ਨਿਰੰਕਾਰ' ਦਾ ਵੇਖਣ ਵਿਗਸਣ ਤੇ ਵੀਚਾਰ ਕਥਨ ਹੋ ਰਿਹਾ ਹੈ, ਜਿਸ ਦਾ ਵਰਣਨ ਕਠਨ ਹੈ।

[3]'ਪੰਚ ਪਰਵਾਣੁ' ਦਾ ਜ਼ਿਕਰ ਪਿਛੇ ਪਉੜੀ ੧੬ ਵਿਚ ਆ ਚੁਕਾ ਹੈ 'ਪੰਚੇ ਪਾਵਹਿ ਦਰਗਹਿ ਮਾਨੁ' ਤੁਕ ਉਸੇ ਪਉੜੀ ਵਿਚ ਹੈ।

[4] ਰੂਪੁ ਸਤਿ ਜਾਕਾ ਸਤਿ ਅਸਥਾਨੁ॥ (ਸੁਖਮਨੀ ੧੬-੬)

www.sikhbookclub.com

ਆਇਆ ਹੈ। ਅਪਣੀ ਅਗਾਧ ਗਤੀ ਨੂੰ ਸ੍ਰੀ ਗੁਰੂ ਜੀ ਆਪ ਜਾਣਨ, ਪਰ ਐਸਾ ਪ੍ਰਤੀਤ ਦੇਂਦਾ ਹੈ ਕਿ ਗਿਆਨ ਖੰਡ ਵਿਚ 'ਗਿਆਨ' ਦਾ, ਸਰਮ ਖੰਡ ਵਿਚ 'ਵਿਸਮਾਦ ਤੇ ਖੁਸ਼ੀ' ਦਾ ਤੇ ਕਰਮ ਖੰਡ ਵਿਚ 'ਭਗਤੀ' ਤੇ 'ਆਤਮਕ ਬਲ' ਦਾ ਵਰਣਨ ਹੈ। ਏਹ ਤ੍ਰੈਏ ਧਰਤੀ ਵਾਂਕੂ ਸਾਕਾਰ ਤੇ ਸਚ ਖੰਡ ਵਾਂਕੂ ਨਿਰਾਕਾਰ ਵਰਣਨ ਨਹੀਂ ਹੋਏ[1] ਪਰੰਤੂ ਇਹ ਗੱਲ ਸਪਸ਼ਟ ਦੱਸੀ ਹੈ ਕਿ ਗਿਆਨ ਖੰਡ ਵਿਚ ਗਿਆਨ ਦਾ ਪ੍ਰਕਾਸ਼ ਹੈ ਤੇ ਕ੍ਰੋੜਾਂ ਆਨੰਦਾਂ ਦਾ ਨਿਵਾਸ ਹੈ। ਸਰਮ ਖੰਡ ਵਿਦ (ਰੂਪ=) ਸੌਂਦਰਯ ਦੀ ਪ੍ਰਧਾਨਤਾ ਹੈ ਤੇ ਗਜਾਤ ਦੇ ਸਾਰੇ ਰੂਪ ਬੀ ਓਥੇ ਘੜੀਦੇ ਹਨ-ਸੁਰਤ, ਮਤਿ, ਮਨੀਖਾ, ਬੁਧੀ ਤੇ ਸੁਧਿ ਜੋ 'ਸੁਤੇ ਤੇ ਸਿਧੀ' ਗਜਾਨ ਰੂਪਾ ਗ਼ਜਾਤ ਹੈ। ਓਥੇ ਸੌਭਾਗਜਤਾ ਤੇ ਸੁਖ ਹੀ ਸੁਖ ਹੈ। ਨਾਮ ਇਸ ਨੂੰ 'ਸਰਮ ਖੰਡ' ਦਿੱਤਾ ਹੈ, ਸਰਮ ਹੈ ਸੰਸਕ੍ਰਿਤ ਪਦ 'ਸ਼ਰ੍ਮ-ਮਨ੍' ਜਿਸ ਦਾ ਅਰਥ ਹੈ ਹਰਖ, ਆਨੰਦ। ਇਸ ਵਾਸਤੇ ਕਿ ਏਥੇ ਓਹ ਆਨੰਦ ਹੈ ਜੋ ਰਬੀ ਸੌਂਦਰਯ ਦੁਆਰਾ ਪ੍ਰਾਪਤ ਹੁੰਦਾ ਹੈ; ਸੁੰਦਰਤਾ ਸੁਤੇ ਹੀ ਅਨੰਦ ਦਾਇਕ ਵਸਤੂ ਹੈ। ਇਸ ਕਰਕੇ ਰੂਪ ਯਾ ਸੁੰਦਰਤਾ ਪ੍ਰਧਾਨੀ ਥਾਂਉਂ ਨੂੰ, ਜਿਥੇ ਹਰਖ ਹੀ ਹਰਖ ਹੈ, ਸਰਮ ਖੰਡ ਆਖਿਆ ਹੈ। ਇਤਨਾ ਦੱਸਕੇ ਇਸ ਖੰਡ ਦਾ ਹੋਰ ਵਰਣਨ ਖੋਹਲ ਸਕਣਾ ਕਠਨ ਦੱਸਿਆ ਹੈ।

ਫਿਰ ਕਰਮ ਖੰਡ ਹੈ[2] ਜਿਥੇ ਕਈ ਲੋਕਾਂ ਦੇ ਭਗਤਾਂ ਦਾ ਨਿਵਾਸ ਹੈ, ਜਿਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਵਸਦਾ ਹੈ ਤੇ ਓਹ ਅਨੰਦ ਮਗਨ ਰਹਿੰਦੇ ਹਨ। ਇਥੇ 'ਜੋਰੁ' ਦਾ ਨਿਵਾਸ ਦੱਸਿਆ ਹੈ, ਪਰ ਇਹ ਜ਼ੋਰ 'ਹਉਂ ਦਾ ਜ਼ੋਰ' ਨਹੀਂ- ਇਹ ਪਰਮਾਤਮ--ਬਲ ਹੈ, ਜਿਸ ਨਾਲ ਹਉਂ ਦੂਰ ਹੁੰਦੀ ਹੈ[3] ਤੇ ਅੰਦਰ ਰਾਮ ਭਰਪੂਰ ਹੋ ਜਾਂਦਾ ਹੈ। ਫਿਰ ਓਥੇ ਮਹਿਮਾ ਤੇ ਮਹਿਮਾ- ਵਾਨ ਦੱਸੇ ਹਨ ਜਿਨ੍ਹਾਂ ਦੀ ਸੁੰਦਰਤਾ ਅਕੱਥਨੀਯ ਹੈ। ਵਡੀ ਗੱਲ ਇਥੋਂ ਦੀ ਇਹ ਹੈ ਕਿ ਇਥੋਂ ਫੇਰ ਗਿਰਾਉ ਨਹੀਂ। ਨਾ 'ਕਾਲ ਚਕ੍ਰ' ਵਿਚ ਭ੍ਰਮਣ ਇਥੋਂ ਹੋ ਸਕਦਾ ਹੈ ਤੇ ਨਾ ਮਾਇਆ ਕਿ ਪ੍ਰਕ੍ਰਿਤੀ ਕੋਈ ਮੋਹਣੀ ਮੋਹ ਕੇ ਠੱਗ ਸਕਦੀ ਹੈ। ਕਰਮ ਦਾ ਅਰਥ ਹੈ ਬਖਸ਼ਿਸ਼--ਫਜ਼ਲ। ਕਰਮ ਦਾ ਨਿਸ਼ਾਨ ਜਿਨ੍ਹਾਂ ਨੂੰ ਪਿਆ ਇਹ ਉਨ੍ਹਾਂ ਦਾ ਖੰਡ ਹੈ। ਜਿਨ੍ਹਾਂ ਨੂੰ ਨਿਸ਼ਾਨ ਪਿਆ ਹੈ ਉਹ ਕਾਲ ਚਕਰੋਂ ਉਪਰ ਹੋ ਗਏ:-

ਬਖਸਿ ਲੀਏ ਨਾਹੀ ਜਮ ਕਾਣੇ॥ (ਬਸੰਤ ਮ: ੧ ਅਸਟ:-੬)

ਸਚ ਖੰਡ ਵਿਚ ਵਸਦਾ ਵਾਹਿਗੁਰੂ ਜਗਤ ਪ੍ਰਬੰਧ ਨੂੰ ਵੇਖਦਾ, ਤੋਰਦਾ, ਵੀਚਾਰਦਾ ਤੇ ਮਿਹਰਾਂ ਕਰਦਾ ਅਪਣੇ ਹੁਕਮ ਦੁਆਰਾ ਸੰਚਾਲਨ ਕਰਦਾ ਲਿਖਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਪਣੇ ਦੱਸੇ ਸਚਖੰਡ ਨੂੰ 'ਸਚਾ ਮਹਲ' ਕਰਕੇ ਬੀ ਲਿਖਿਆ ਹੈ! ਅਤੇ ਅਪਣਾ ਓਥੇ ਜਾਣਾ ਤੇ ਅਕਾਲ ਪੁਰਖ ਤੋਂ ਨਿਵਾਜੇ ਜਾਣ ਦਾ ਸੰਖੇਪ ਇਸ਼ਾਰਾ ਦਿੱਤਾ ਹੈ। ਯਥਾ:-

ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ॥੨੭॥

(ਵਾਰ ਮਾਝ ਮ: ੧)

---

[1]ਕੁਛ ਦੁਹਾਂ ਨਾਲ ਭਿੰਨ ਅਭਿੰਨ ਹੈਨ। ਹੁਣ ਜੇਕਰ ਧਰਮ ਖੰਡ ਨੂੰ ਸਾਕਾਰ, 'ਗਿਆਨ', 'ਸਰਮ' ਤੇ 'ਕਰਮ' ਨੂੰ ਸਰਗੁਣ ਤੇ ਸਚ ਖੰਡ ਨੂੰ ਨਿਰਗੁਣ ਸਮਝ ਲਈਏ ਤਾਂ ਅਸਲੀਅਤ ਦੇ ਬਹੁਤ ਨੇੜੇ ਢੁੱਕ ਪਵਾਂਗੇ। ਇਥੇ ਨਿਰਗੁਣ ਤੋਂ ਭਾਵ ਸਾਕਾਰਤਾ ਤੋਂ ਪਹਿਲੀ ਅਵਸਥਾ ਹੈ!

[2] ਅ਼:, ਕਰਮ=ਬਖਸ਼ਿਸ਼। ਫਜ਼ਲ।

[3]ਪਰਮਾਤਮ ਬਲ-- ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ॥ (ਗਉੜੀ ਮ: ੫-੧੬੯)
ਆਤਮ ਬਲ- ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ॥ (ਮਾਰੂ ਵਾਰ ਮ: ੩-੮)
ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥(ਵਾਰ ਸਿਰੀ: ਮ: ੩-੧੧)

www.sikhbookclub.com

ਜਨਮ ਸਾਖੀ ਨੇ ਸਚੇ ਮਹਲ ਪਿਆਨੇ ਦਾ ਵਿਸਥਾਰ ਨਾਲ ਹਾਲ ਦਿੱਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ 'ਸਚੇ ਮਹਲ' ਨੂੰ ਸੁਖ ਮਹਲ ਕਰਕੇ ਵਰਣਨ ਕੀਤਾ ਹੈ। ਯਥਾ:-

ਸੂਖ ਮਹਲ ਜਾ ਕੇ ਊਚ ਦੁਆਰੇ॥ ਤਾ ਮਹਿ ਵਾਸਹਿ ਭਗਤ ਪਿਆਰੇ॥੧॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ॥ ਵਿਰਲੈ ਕਾਹੂ ਨੇਤ੍ਰਹੁ ਡੀਠੀ॥੧॥ਰਹਾਉ॥
ਤਹ ਗੀਤ ਨਾਦ ਅਖਾਰੇ ਸੰਗਾ॥ ਊਹਾ ਸੰਤ ਕਰਹਿ ਹਰਿ ਰੰਗਾ॥੨॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥ ਸਾਚ ਨਾਮ ਕੀ ਅੰਮ੍ਰਿਤ ਵਰਖਾ॥੩॥
ਗੁਹਜ ਕਥਾ ਇਹ ਗੁਰ ਤੇ ਜਾਣੀ॥ ਨਾਨਕੁ ਬੋਲੈ ਹਰਿ ਹਰਿ ਬਾਣੀ॥੪॥੬॥੧੨॥

(ਸੂਹੀ ਮ: ੫)

ਇਥੇ ਸੰਸਾ ਕੀਤਾ ਜਾ ਸਕਦਾ ਹੈ ਕਿ ਇਉਂ ਤਾਂ ਉਸ ਨਿਰਾਕਾਰ ਦਾ ਕਿਸੇ ਦੇਸ਼ ਵਿਚ ਟਿਕਾਣਾ ਹੋ ਗਿਆ। ਫਿਰ ਉਹ ਇਕ ਦੇਸ਼ੀ ਤੇ ਇਕ ਦੇਸ਼ੀ ਹੋਣ ਕਰਕੇ ਪ੍ਰਣਾਮੀ ਹੋ ਗਿਆ, ਤਦ ਆਪ ਓਥੇ ਪਉੜੀ ੩੭ ਵਿਚ 'ਖੰਡ, ਮੰਡਲ, ਬ੍ਰਹਮੰਡ, ਲੋਅ ਲੋਅ' ਦੱਸਕੇ ਉਸ 'ਦੇ 'ਸਰਬ ਵਿਆਪੀ' ਹੋਣ ਦਾ ਭਾਵ ਦਰਸਾਉਂਦੇ ਹਨ। 'ਉਸ ਦੇ ਨਿਰਾਕਾਰ ਹੋਕੇ ਫਿਰ ਵੇਖਣ, ਵਿਗਸਣ, ਹੁਕਮ ਟੋਰਨ' ਦਾ ਜੇ ਸੰਸਾ ਉਪਜੇ ਤਾਂ ਉਸ ਦਾ ਉੱਤਰ ਦੇਂਦੇ ਹਨ ਕਿ ਇਹ ਗੱਲ ਕਥਨ ਤੋਂ ਪਰੇ ਦੀ ਹੈ, ਵਰਣਨ ਨਹੀਂ ਹੋ ਸਕਦੀ, ਸੋ ਸਮਝੀ ਬੀ ਨਹੀਂ ਜਾ ਸਕਦੀ:--ਨਾਨਕ ਕਥਨਾ ਕਰੜਾ ਸਾਰੁ[1]॥

ਇਹੋ ਗਲ ਦੂਜੀ ਪਉੜੀ ਵਿਚ ਦੱਸ ਆਏ ਹਨ:-

ਹੁਕਮੀ ਹੋਵਨਿ ਆਕਾਰ 'ਹੁਕਮੁ ਨ ਕਹਿਆ ਜਾਈ॥'

ਸਦਾ ਸਤਜ ਸਰੂਪ ਦਾ ਹੁਕਮ ਸਦਾ ਸਤਜ ਸਰੂਪ ਹੈ। ਜਿਵੇਂ ਆਪ ਅਕੱਥ ਹੈ ਤਿਵੇਂ ਹੁਕਮ ਅਕੱਥ ਹੈ। ਪੰਜਵੇਂ ਸਤਿਗੁਰੂ ਜੀ ਨੇ ਇਹ ਵਾਹਿਗੁਰੂ ਦੇ ਦੇਸ਼ ਦੀ ਕਥਾ ਅਗਮ ਅਗਾਧ ਦੱਸਕੇ ਐਉਂ ਵਰਣਨ ਕੀਤੀ ਹੈ:--

ਸਾਰਗ ਮਹਲਾ ੫ ਅਸਟਪਦੀ ਘਰੁ ੬
ੴ ਸਤਿਗੁਰ ਪ੍ਰਸਾਦਿ॥

ਅਗਮ ਅਗਾਧਿ ਸੁਨਹੁ ਜਨ ਕਥਾ॥ ਪਾਰਬ੍ਰਹਮ ਕੀ ਅਚਰਜ ਸਭਾ॥੧॥ਰਹਾਉ॥
ਸਦਾ ਸਦਾ ਸਤਿਗੁਰ ਨਮਸਕਾਰ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ॥
ਮਨ ਭੀਤਰਿ ਹੋਵੈ ਪਰਗਾਸੁ॥ ਗਿਆਨ ਅੰਜਨੁ ਅਗਿਆਨ ਬਿਨਾਸੁ॥੧॥
ਮਿਤਿ ਨਾਹੀ ਜਾਕਾ ਬਿਸਥਾਰੁ॥ ਸੋਭਾ ਤਾਕੀ ਅਪਰ ਅਪਾਰ॥
ਅਨਿਕ ਰੰਗ ਜਾਕੇ ਗਨੇ ਨ ਜਾਹਿ॥ ਸੋਗ ਹਰਖ ਦੁਹਹੂ ਮਹਿ ਨਾਹਿ॥੨॥
ਅਨਿਕ ਬ੍ਰਹਮੇ ਜਾਕੇ ਬੇਦ ਧੁਨਿ ਕਰਹਿ॥ ਅਨਿਕ ਮਹੇਸ ਬੈਸਿ ਧਿਆਨੁ ਧਰਹਿ॥
ਅਨਿਕ ਪੁਰਖ ਅੰਸਾ ਅਵਤਾਰ॥ ਅਨਿਕ ਇੰਦ੍ਰ ਊਭੇ ਦਰਬਾਰ॥੩॥
ਅਨਿਕ ਪਵਨ ਪਾਵਕ ਅਰੁ ਨੀਰ॥ ਅਨਿਕ ਰਤਨ ਸਾਗਰ ਦਧਿ ਖੀਰ॥
ਅਨਿਕ ਸੂਰ ਸਸੀਅਰ ਨਖਿਆਤਿ॥ ਅਨਿਕ ਦੇਵੀ ਦੇਵਾ ਬਹੁ ਭਾਂਤਿ॥੪॥
ਅਨਿਕ ਬਸੁਧਾ ਅਨਿਕ ਕਾਮਧੇਨ॥ ਅਨਿਕ ਪਾਰਜਾਤ ਅਨਿਕ ਮੁਖਿ ਬੇਨ।
ਅਨਿਕ ਅਕਾਸ ਅਨਿਕ ਪਾਤਾਲ॥ ਅਨਿਕ ਮੁਖੀ ਜਪੀਐ ਗੋਪਾਲ॥੫॥
ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ॥ ਅਨਿਕ ਜੁਗਤਿ ਹੋਵਤ ਬਖਿਆਨ॥
ਅਨਿਕ ਸਰੋਤੇ ਸੁਨਹਿ ਨਿਧਾਨ॥ ਸਰਬ ਜੀਅ ਪੂਰਨ ਭਗਵਾਨ॥੬॥
ਅਨਿਕ ਧਰਮ ਅਨਿਕ ਕੁਮੇਰ॥ ਅਨਿਕ ਬਰਨ ਅਨਿਕ ਕਨਿਕ ਸੁਮੇਰ॥

---

[1]ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥ (ਸਲੋਕ ਕਬੀਰ-੧੨੧)

ਅਨਿਕ ਸੇਖ ਨਵਤਨ ਨਾਮੁ ਲੇਹਿ॥ ਪਾਰਬ੍ਰਹਮ ਕਾ ਅੰਤੁ ਨ ਤੇਹਿ॥੭॥
ਅਨਿਕ ਪੁਰੀਆ ਅਨਿਕ ਤਹ ਖੰਡ॥ ਅਨਿਕ ਰੂਪ ਰੰਗ ਬ੍ਰਹਮੰਡ॥
ਅਨਿਕ ਬਨਾ ਅਨਿਕ ਫਲ ਮੂਲ॥ ਆਪਹਿ ਸੂਖਮ ਆਪਹਿ ਅਸਥੂਲ॥੮॥
ਅਨਿਕ ਜੁਗਾਦਿ ਦਿਨਸੁ ਅਰੁ ਰਾਤਿ॥ ਅਨਿਕ ਪਰਲਉ ਅਨਿਕ ਉਪਾਤਿ॥
ਅਨਿਕ ਜੀਅ ਜਾ ਕੇ ਗ੍ਰਿਹ ਮਾਹਿ॥ ਰਮਤ ਰਾਮ ਪੂਰਨ ਸ੍ਰਬ ਠਾਂਇ॥੯॥
ਅਨਿਕ ਮਾਇਆ ਜਾਕੀ ਲਖੀ ਨ ਜਾਇ॥ ਅਨਿਕ ਕਲਾ ਖੇਲੈ ਹਰਿ ਰਾਇ॥
ਅਨਿਕ ਧੁਨਿਤ ਲਲਿਤ ਸੰਗੀਤ॥ ਅਲਿਕ ਗੁਪਤ ਪ੍ਰਗਟੇ ਤਹ ਚੀਤ॥੧੦॥
ਸਭ ਤੇ ਊਚ ਭਗਤ ਜਾਕੈ ਸੰਗਿ॥ ਆਠ ਪਹਰ ਗੁਨ ਗਾਵਹਿ ਰੰਗਿ॥
ਅਨਿਕ ਅਨਾਹਦ ਆਨੰਦ ਝੁਨਕਾਰ॥ ਉਆ ਰਸ ਕਾ ਕਛੁ ਅੰਤੁ ਨ ਪਾਰ॥੧੧॥
ਸਤਿ ਪੁਰਖੁ ਸਤਿ ਅਸਥਾਨੁ॥ ਊਚ ਤੇ ਊਚ ਨਿਰਮਲ ਨਿਰਬਾਨੁ॥
ਆਪੁਨਾ ਕੀਆ ਜਾਨਹਿ ਆਪਿ॥ ਆਪੇ ਘਟਿ ਘਟਿ ਰਹਿਓ ਬਿਆਪਿ॥
ਕ੍ਰਿਪਾ ਨਿਧਾਨ ਨਾਨਕ ਦਇਆਲ॥ ਜਿਨਿ ਜਪਿਆ ਨਾਨਕ ਤੇ ਭਏ ਨਿਹਾਲ॥
॥੧੨॥੧॥੨॥੨॥੩॥੭॥

ਜਿਵੇਂ ਕਿ ਸਚ ਮੁਚ ਹੈ ਸਾਡੇ ਮਨ ਸਮਝ ਨਹੀਂ ਸਕਦੇ, ਜਿਵੇਂ ਕਿ ਸਾਡੇ ਮਨ ਕੁਛ ਖਯਾਲ ਬਣਾ ਸਕਣ ਤਿਵੇਂ ਸਤਿਗੁਰੂ ਜੀ ਸਾਨੂੰ ਸਮਝਾਉਂਦੇ ਹਨ, ਫੇਰ 'ਕਥਨਾ ਕਰੜਾ ਸਾਰੁ' ਆਖਦੇ, ਆਪ ਓਥੇ ਪਹੁੰਚ ਕੇ ਦੇਖਣ ਦੀ ਸੈਨਤ ਦੇਂਦੇ ਹਨ '**ਵਿਰਲੈ ਕਾਹੂ ਨੇਤ੍ਰਹੁ ਡੀਠੀ**' ਕਹਿੰਦੇ ਹੋਏ '**ਗੁਹਜ ਕਥਾ ਇਹ ਗੁਰ ਤੇ ਜਾਣੀ**' (ਸੂਹੀ ਮ: ੫-੧੨) ਦੱਸਦੇ ਹਨ।

ਇਸ ਸਾਰੰਗ ਰਾਗ ਵਾਲੇ ਸਬਦ ਵਿਚ ਸਾਡੀ ਸਮਝ ਗੋਚਰਾ ਕੁਛ ਕਰਕੇ ਅੰਤ ਫੁਰਮਾਯਾ ਹੈ ਕਿ ਉਹ ਸਤਿ ਪੁਰਖ ਹੈ, ਉਸ ਦਾ ਅਸਥਾਨ ਸਤਿ ਹੈ, ਉਹ ਸਭ ਤੋਂ ਉੱਚਾ ਤੇ ਨਿਰਬਾਨ ਹੈ। ਉਹ ਸੱਤਜ ਅਸਥਾਨ ਦਾ ਵਾਲੀ ਘਟਿ ਘਟਿ ਵਿਚ ਹੈ, ਸਾਰੇ ਵਜਾਪਕ ਹੈ ਤੇ ਅਗਮ ਅਗਾਧ ਹੈ।

ਸੋ ਐਉਂ ਹੀ ਸਾਨੂੰ ਸਮਝਕੇ ਸਿਮਰਨ ਕੀਰਤਨ ਆਦਿ ਦੇ ਦੱਸੇ ਰਸਤੇ ਤੁਰਕੇ ਆਪ ਅਨੁਭਵ ਕਰਨਾ ਚਾਹੀਏ।

ਇਸੇ ਇਕਦੇਸ਼ੀਪਨੇ ਦੇ ਸੰਸੇ ਕਰਕੇ ਦਾਰਸ਼ਨਿਕ ਦਾਨੇ ਵਿਦਵਾਨ ਪੰਜ ਖੰਡਾਂ ਨੂੰ ਸ਼ਾਸਤ੍ਰਾਂ ਦੇ ਦੱਸੇ ਤ੍ਰੈ ਕਾਂਡਾਂ ਵਿਚ ਵੰਡਕੇ ਅਰਥ ਲਾਉਂਦੇ ਹਨ, ਤੇ ਕੁਛ ਐਉਂ ਵਰਣਨ ਕਰਦੇ ਹਨ:-

੧. ਧਰਮ ਖੰਡ=ਕਰਮ ਕਾਂਡ। ੨. ਗਿਆਨ ਖੰਡ=ਗਜਾਨ ਕਾਂਡ। ੩. ਸਰਮ ਖੰਡ=ਉਪਾਸ਼ਨਾਂ ਕਾਂਡ। ਬਾਕੀ ਰਹੇ ਕਰਮ ਖੰਡ ਤੇ ਸਚ ਖੰਡ। ਸੋ ਕਰਮ ਖੰਡ ਨੂੰ ਕਈ ਦਾਨੇ ਸਰਮ ਖੰਡ ਦੇ ਨਾਲ ਉਪਾਸ਼ਨਾ ਕਾਂਡ ਵਿਚ ਸਮਿਲਤ ਲੈਂਦੇ ਹਨ ਤੇ ਕਈ ਇਨ੍ਹਾਂ ਤਿੰਨਾਂ, ਜੁਗਤਾਂ ਸਾਧਨਾਂ ਨਾਲ ਪ੍ਰਾਪਜ, ਲੋਕਾਂ ਤੋਂ ਵਖਰਾ ਬਖਸ਼ਿਸ਼ ਦਾ ਕਾਂਡ ਵਰਣਨ ਕਰਦੇ ਹਨ। ਜੋ ਲੋਕ ਨਿਰਾਧਾਰ ਹੋਕੇ ਕੇਵਲ ਈਸ਼ਰ ਆਧਾਰ ਤੇ ਟਿਕੇ ਤੇ ਜਿਨ੍ਹਾਂ ਤੇ ਮਿਹਰ ਹੋ ਗਈ, ਉਹਨਾਂ ਦਾ ਖੰਡ 'ਕਰਮ' ਹੈ। ਅਗੇ ਸਚ ਖੰਡ 'ਨਿਰਾਕਾਰ ਦਾ ਟਿਕਾਣਾ' ਹੈ ਕਾਂਡ ਨਹੀਂ। ਕਵੀ ਸੰਤੋਖ ਸਿੰਘ ਜੀ ਨੇ ਪਹਿਲਾ ਕਰਮ ਕਾਂਡ ਮੰਨਿਆ ਹੈ ਜੋ 'ਰਾਤੀ ਰੁਤੀ ਥਿਤੀ ਵਾਰ' ਤੋਂ ਟੁਰਕੇ 'ਸਚਾ ਆਪਿ ਸਚਾ ਦਰਬਾਰੁ' ਤੇ ਮੁੱਕਾ ਤੇ ਫੇਰ 'ਤਿਥੈ ਸੋਹਨਿ ਪੰਚ ਪਰਵਾਣੁ' ਤੋਂ ਉਪਾਸ਼ਨਾ ਕਾਂਡ ਟੁਰਿਆ ਤੇ ਪਉੜੀ ੩੫ ਵਿਚ ਗਜਾਨ ਕਾਂਡ ਟੁਰਿਆ। ਫਿਰ ਪਉੜੀ ੩੬ ਵਿਚ ਸਰਮ ਖੰਡ ਨੂੰ ਕਵੀ ਜੀ ਨੇ ਮੁੜ ਕਰਮ ਕਾਂਡ ਲਿਆ ਹੈ। ਖੂਣੀ ਖੰਨਨ ਨਜਾਯ ਅਨੁਸਾਰ ਇਹ ਸਤਿਨਾਮੁ ਦੇ ਉਪਾਸ਼ਕਾਂ ਦਾ ਕਰਮ ਕਾਂਡ ਦੱਸਿਆ ਹੈ। ਫਿਰ ਕਰਮ ਖੰਡ ਨੂੰ ਆਪ ਜੀ ਨੇ ਉਪਾਸ਼ਨਾ ਕਾਂਡ ਦੱਸਿਆ ਹੈ।

ਕੋਈ ਕੋਈ ਦਾਨੇ 'ਕਰਮ' ਨੂੰ ਸੰਸਕ੍ਰਿਤ ਪਦ ਮੰਨਕੇ 'ਕਰ੍ਮ (ਕ੍ਰਿਯਾ) ਦਾ ਖੰਡ' ਬੀ ਅਰਥ

ਲਾਉਂਦੇ ਹਨ। ਇਹ ਕਰਮ ਪੂਰਨ ਪਦ ਤੇ ਅੱਪੜੇ ਤੇ ਬੀਤਰਾਗ ਦਾ ਕਰਮ (ਕਰਤੱਵਜ) ਹੈ ਜੋ ਉਹ ਪਰਮ ਪਦ ਤੇ ਪਹੁੰਚਕੇ ਜਗਤ ਦੀ ਨਿਸ਼ਕਾਮ ਸੇਵਾ ਤਤਪਰ ਹੋਕੇ ਕਰਦਾ ਹੈ, ਜੈਸਾ ਕਿ ਗੁਰੂ ਜੀ ਨੇ ਫੁਰਮਾਯਾ ਹੈ:-ਮੰਨੈ ਪਰਵਾਰੈ ਸਾਧਾਰੁ॥ ਮੰਨੈ ਤਰੈ ਤਾਰੇ ਗੁਰੁ ਸਿਖ॥ (ਜਪੁਜੀ) ਇਉਂ ਬੀ ਕਰਮ ਖੰਡ 'ਨਾ ਓਹਿ ਮਰਹਿ ਨ ਠਾਗੇ ਜਾਹਿ' ਵਾਲਾ ਇਕ ਪਰਮ ਪਦ ਹੀ ਬਣਦਾ ਹੈ।

ਪਉੜੀ ੩੪, ੩੫, ੩੬ ਤੇ ੩੭ ਵਿਚ ਆਏ ਖੰਡਾਂ ਦੀ ਵਿਆਖਿਆ ਕਿ ਏਹ 'ਪੰਜ ਖੰਡ' ਹਨ '੩ ਕਾਂਡ' ਨਹੀਂ, ਸੰਨ ੧੮੯੯ ਦੇ ਲਗ ਪਗ ਅਨੁਭਵ ਹੋਈ ਸੀ, ਜੋ ੧੯੦੪ ਦੇ ਲਗ ਪਗ ਛਪੇ ਰਾਣਾ ਸੂਰਤ ਸਿੰਘ ਦੇ ਅੰਕ 'ਪ-ਉਡਾਰੀ' ਵਿਚ ਛੰਦਾ ਬੰਦੀ ਵਿਚ ਛਾਪ ਦਿਤੀ ਸੀ। ਫਿਰ ਇਹ ਵਜਾਖਜਾ (੧੯੦੦ ਈ: ਵਿਚ) ਨਸਰ ਵਿਚ ਬੀ ਦਿਤੀ ਗਈ ਸੀ, ਜੋ ਚਮਤਕਾਰਾਂ ਵਿਚ ਆ ਚੁਕੀ ਹੈ; ਤਦ ਤੋਂ ਵਿਦਵਾਨਾ ਦੀ ਵੀਚਾਰ, ਇਸ ਪਹਿਲੂ ਵਿਚ ਇਨ੍ਹਾਂ ਪਉੜੀਆਂ ਦੇ ਅਰਥ ਵੀਚਾਰ ਵੇਲੇ ਵਧੇਰੇ ਦਿਲਚਸਪੀ ਲੈਂਦੀ ਹੈ।

੧੯੨੬ ਵਿਚ ਇਕ ਵਿਦ੍ਵਾਨ ਨੇ, ਜਿਨ੍ਹਾਂ ਦਾ ਨਾਮ ਹੁਕਮ ਚੰਦ ਕੁਮਾਰ, ਬੀ. ਏ. ਹੈ, ਜਪੁਜੀ ਦੇ ਇਨ੍ਹਾਂ ਪੰਜਾਂ ਖੰਡਾਂ ਬਾਬਤ ਇਕ ਸਵਿਸਥਾਰ ਵਿਆਖਿਆ ਅੰਗ੍ਰੇਜ਼ੀ ਵਿਚ ਲਿਖੀ ਸੀ। ਉਹਨਾਂ ਨੇ ਬੀ ਏਹ ਪੰਜ ਖੰਡ ਤਸਲੀਮ ਕੀਤੇ ਹਨ। ਉਹਨਾਂ ਦੇ ਲਿਖੇ ਦਾ ਸੰਖੇਪ ਏਥੇ ਦੇਂਦਾ ਹਾਂ:-

ਓਹ ਲਿਖਦੇ ਹਨ ਕਿ ਏਹ ਪੰਜੇ ਖੰਡ ਪੰਜ ਲੋਕ ਹਨ, ਏਹ ਇਕ ਦੂਜੇ ਦੇ ਉਪਰ ਅਲਮਾਰੀ ਦੇ ਤਖਤਿਆਂ ਵਾਙੂ ਨਹੀਂ ਪਰ ਇਕ ਦੂਜੇ ਦੇ ਵਿਚ ਹਨ ਜਿਵੇਂ ਇਕ ਬਰਤਨ ਵਿਚ ਰੇਤ ਹੋਵੇ, ਰੇਤ ਦੇ ਕਿਣਕਿਆਂ ਦੇ ਵਿਚਾਲੇ ਵਿਚਾਲੇ ਹਵਾ ਹੁੰਦੀ ਹੈ, ਪਾਣੀ ਪਾਓ ਤਾਂ ਵਿਚੇ ਸਮਾ ਜਾਂਦਾ ਹੈ। ਇਹ ਮਿਸਾਲ ਸਥੂਲ ਪ੍ਰਕ੍ਰਿਤੀ ਦੀ ਹੈ, ਜੋ ਇਸ ਪ੍ਰਿਥਵੀ ਪਰ ਹੈ। ਅਗੋਂ ਪ੍ਰਕ੍ਰਿਤੀ ਸੂਖਮ ਤੇ ਹੋਰ ਸੂਖਮ ਹੈ। ਸੋ ਸੂਖਮ ਪ੍ਰਕ੍ਰਿਤੀ ਸਥੂਲ ਦੇ ਅੰਤਰਗਤਿ ਹੈ ਫੇਰ ਉਸ ਤੋਂ ਉਪਰ ਬੀ ਹੈ। ਇਸ ਪ੍ਰਿਥਵੀ ਤੋਂ ਅਗਲੇ ਲੋਕਾਂ ਗਿਆਨ ਖੰਡ ਆਦਿ ਵਿਚ ਸੂਖਮਤਾ ਵਧਦੀ ਚਲੀ ਜਾਂਦੀ ਹੈ। ਪਰ ਪੰਜੇ ਅਡ ਅਡ ਹਨ ਤੇ ਸੰਮਿਲਤ ਬੀ ਹਨ। ਅੰਤਰਗਤਿ ਬੀ ਹਨ ਤੇ ਫਿਰ ਸੂਖਮ ਸਥੂਲ ਤੋਂ ਅਗੇਰੇ ਬੀ ਹਨ। ਨੀਵੇਂ ਲੋਕ ਅਗਲੇ ਲੋਕ ਦੇ ਹਾਲਾਤ ਨਹੀਂ ਜਾਣਦੇ, ਕਿਉਂਕਿ ਉਹਨਾਂ ਦੇ ਹਵਾਸ ਸੂਖਮ ਦੇਸ਼ਾਂ ਦੇ ਸੂਖਮ ਤੱਤਾਂ ਦੇ ਲਹਿਰਾਉ ਨਾਲ ਮੁਤਾਸਰ ਨਹੀਂ ਹੁੰਦੇ। ਜਿਕੂੰ ਸਾਡੀਆਂ ਅਖਾਂ 'ਅਲਟਰਾ ਵਾਇਲਟ ਚਾਨਣ' ਵਿਚ ਨਹੀਂ ਦੇਖ ਸਕਦੀਆਂ, ਚਾਹੇ ਉਹਨਾਂ ਦੀ ਹਸਤੀ ਯਕੀਨੀ ਹੈ।

੨. ਧਰਮ ਖੰਡ ਤੇ ਗਿਆਨ ਖੰਡ-ਓਹ ਲਿਖਦੇ ਹਨ ਕਿ ਇਸ ਹਿਸਾਬ ਪਹਿਲਾ ਧਰਮ ਖੰਡ ਹੈ। ਉਹ ਇਹ ਸਾਡੀ ਸਥੂਲ ਸਾਮਾਨਾਂ ਵਾਲੀ ਧਰਤੀ ਹੈ। ਜਿਥੇ ਸਥੂਲ ਪਉਣ ਪਾਣੀ ਆਦਿ ਤੱਤ ਹਨ। ਜੀਵ ਹਨ ਏਥੇ ਪਰ ਕਈ ਭਾਂਤਾਂ ਦੇ। 'ਧਰਮ ਕਰਨਾ' ਇਥੋਂ ਦਾ ਸ਼ੁਭ ਕਰਤੱਵਜ ਹੈ। ਪਰ ਆਮ ਤੌਰ ਤੇ ਪਤਾ ਨਹੀਂ ਲਗਦਾ: ਕਉਣ ਭਲਾ ਹੈ, ਕਉਣ ਬੁਰਾ। ਪਰ ਅੱਗੇ ਚੱਲਕੇ ਉਹਨਾਂ ਦੇ ਕਰਮਾਂ ਦੀ ਵੀਚਾਰ ਹੋਵੇਗੀ, ਜਿਥੇ ਸੱਚਾ ਆਪ ਹੈ ਤੇ ਸਚਾ ਦਰਬਾਰ ਹੈ, ਓਥੇ ਸ਼ੋਭਾ ਪਾਉਣਗੇ ਜੋ ਇਥੋਂ ਪੰਚ (ਗੁਰਮੁਖ) ਹੋਕੇ ਗਏ। ਕੱਚਾ ਪਨ ਤੇ ਪੱਕਾ ਪਨ ਦਾ ਨਿਰਣਾ ਓਥੇ ਹੋਵੇਗਾ। ਮਿਹਰਾਂ ਵਾਲੇ ਦੀ ਬਖਸ਼ਿਸ਼ ਦਾ ਨਿਸ਼ਾਨ ਓਥੇ ਪਵੇਗਾ। ਸੋ ਓਥੋਂ ਦੀ ਤਿਆਰੀ, ਆਪ ਜੀ ਨੇ ਦੱਸਿਆ ਹੈ ਕਿ, ਇਸ ਧਰਤੀ ਉਤੇ ਗੁਰਮਤਿ ਅਨੁਸਾਰ 'ਸੁਣਿਆ, ਮੰਨਿਆ, ਮਨਿ ਕੀਤਾ ਭਾਉ' ਹੈ। ਇਸੀ ਤਰ੍ਹਾਂ ਦੂਸਰਾ ਲੋਕ ਗਿਆਨ ਖੰਡ ਹੈ। ਇਹ ਨੂੰ ਆਪ ਨੇ ਸ੍ਵਪਨ ਅਵਸਥਾ ਵਾਲਾ ਦੇਸ਼ ਦੱਸਿਆ ਹੈ। ਫਿਰ ਆਪ ਨੇ ਇਸ ਨੂੰ ਸ਼ਾਸਤ੍ਰਾਂ ਦੇ ਭੂਰ ਤੇ ਸ੍ਵਰ[1] ਲੋਕਾਂ ਨਾਲ ਤੇ ਆਲਮੇ ਮਲਕੂਤ ਨਾਲ ਮੇਲਿਆ ਹੈ ਤੇ ਥੀਓਸਾਫੀ ਦੇ 'ਆਸਟ੍ਰਲ ਪਲੇਨ' ਨਾਲ।

[1]ਸ੍ਰੀ ਪੰਡਿਤ ਹਰ ਸਿੰਘ ਜੀ ਨਰੋਤਮ ਨੇ ਬੀ ਪੁਰਾਣਾਂ ਦੇ ਸਪਤ ਲੋਕ-'ਭੂ, ਭੂਰ, ਸ੍ਵਰ, ਮਹਰ, ਜਨ, ਤਪ, ਸਤਜ' ਨਾਲ ਇਨ੍ਹਾਂ ਖੰਡਾਂ ਨੂੰ ਮੇਲਵਾਂ ਦੱਸਿਆ ਹੈ।

www.sikhbookclub.com

ਇਸ ਲੋਕ ਵਿਚ ਗਯਾਨ ਦਾ ਪ੍ਰਕਾਸ਼ ਹੈ, ਸੰਗੀਤਕ ਲਹਿਰਾਵਾਂ ਦਾ ਤੇ ਅਨੰਤ ਸੁਖਾਂ ਦਾ ਦੇਸ਼ ਹੈ। ਫਿਰ ਇਹ ਬੇਅੰਤ ਸਾਮਾਨਾਂ ਦਾ ਦੇਸ਼ ਹੈ। ਕਈ ਤਰ੍ਹਾਂ ਦੇ ਸੂਖਮ ਤਰ੍ਹਾਂ ਦੇ ਪੌਣ ਪਾਣੀ ਆਦਿ ਸਾਰੇ ਸਾਮਾਨ ਹਨ ਏਥੇ। ਏਥੇ ਕੁ ਆਪ ਨੇ ਸਰ ਆਲੀਵਰ ਲਾਜ, ਵਡੇ ਸਾਇੰਸ ਵੇਤਾ, ਦੇ ਵਾਕ ਦਿੱਤੇ ਹਨ: 'ਅਸੀਂ ਹੁਣ ਜਾਣਦੇ ਹਾਂ ਕਿ ਆਕਾਸ਼ਾਂ ਵਿਚ ਹੋਰ ਦੁਨੀਆਂ ਬੀ ਹਨ, ਉਹਨਾਂ ਵਿਚ ਜੀਵ ਬੀ ਹੋ ਸਕਦੇ ਹਨ। ਇਹ ਬੀ ਠੀਕ ਨਹੀਂ ਕਿ ਸਾਰੇ ਜੀਵ ਸਾਡੇ ਵਰਗੇ ਹੀ ਹੋਣ। ਮੈਂ ਤੁਹਾਨੂੰ ਦੱਸਦਾ ਹਾਂ ਕਿ ਜੋ ਮਜ਼ਹਬ ਸਿਖਾਉਂਦਾ ਹੈ ਉਸ ਦਾ ਉਹ ਮੋਟਾ ਮੋਟਾ ਨਕਸ਼ਾ ਕਿ ਸੰਤ ਅਰ ਫਰਿਸ਼ਤੇ ਸਾਡੇ ਨਾਲ ਹਨ, ਮੈਂ ਨਿਸਚਾ ਰਖਦਾ ਹਾਂ ਕਿ ਅੱਖਰ ਅੱਖਰ ਠੀਕ ਹੈ।'

੩. ਸਰਮ ਖੰਡ-ਆਪ ਲਿਖਦੇ ਹਨ ਕਿ ਗੁਰੂ ਆਸ਼ਯ ਮੂਜਬ ਇਹ ਰੂਪ (ਸੁੰਦਰਤਾ) ਦਾ ਦੇਸ਼ ਹੈ। ਪਲਾਤੂਸ ਦੇ 'ਆਈਡੀਆਜ਼' ਦੇ ਸੂਖਮ ਅਵੈਵ ਏਥੇ ਹਨ। ਇਹ ਅਨੂਪਮ ਤੇ ਅਤਿ ਸੂਖਮ ਘਾੜਤਾਂ ਦਾ ਦੇਸ਼ ਹੈ। ਇਥੇ ਸੁਰਤ, ਮਤਿ, ਮਨਿ, ਬੁਧਿ ਤੇ ਸੁਧਿ ਘੜੀਦੇ ਹਨ। ਇਸ ਨੂੰ ਆਪ 'ਦੇਵ ਚਾਨਕ' ਲੋਕ ਨਾਲ ਮੇਲਦੇ ਹਨ। ਇਥੇ ਖਿਆਲ ਦੇ ਲਹਿਰਾਉ ਨਾਲ ਕਿਤਨਾ ਕੁਛ ਰਚਿਆ ਜਾਂਦਾ ਹੈ। ਜਿਸ ਦੀਆ 'ਗਲਾ ਕਥੀਆ ਨਾ ਜਾਹਿ' ਲਿਖਿਆ ਹੈ। ਕਿਉਂਕਿ ਸੁਰਤ, ਮਤਿ, ਮਨਿ, ਬੁਧਿ, ਸੁਧਿ ਸਾਰੇ ਏਥੇ ਘੜੀਦੇ ਹਨ ਜੋ ਹੋਰ ਉਚੇਰੀ ਅਵਸਥਾ ਹੈ।

੪. ਕਰਮ ਖੰਡ- ਇਹ ਸਰਮ ਖੰਡ ਤੋਂ ਬੀ ਸੂਖਮ ਹੈ, ਜਿਸ ਦਾ ਲੱਛਣ ਜ਼ੋਰ ਹੈ। ਉਪ੍ਰੋਕਤ ਲੇਖਕ ਜੀ ਇਸ ਨੂੰ ਬਖਸ਼ਿਸ਼ ਦਾ ਖੰਡ ਨਹੀਂ ਮੰਨਦੇ, ਪਰ ਉਹ ਥਾਉਂ ਜਿਥੋਂ ਰੂਹਾਨੀ ਤਾਕਤਾਂ ਹੇਠਲੇ ਲੋਕਾਂ ਨੂੰ ਜਾਂਦੀਆਂ ਹਨ ਤੇ ਸਹਾਇਤਾ ਦੇਂਦੀਆਂ ਹਨ। ਇਸ ਨੂੰ ਆਪ 'ਬੁਧਿਕ' ਯਾ 'ਨਿਰਵਾਣਿਕ ਲੋਕ' ਨਾਲ ਮੇਲਦੇ ਹਨ ਤੇ ਦੱਸਦੇ ਹਨ ਕਿ ਏਹ ਬਲ ਪ੍ਰਾਕ੍ਰਮ ਦਾ ਦੇਸ਼ ਹੈ। ਇਥੋਂ ਦੇ ਰਹਿਣ ਵਾਲੇ ਅਮਰ ਹਨ। ਇਹ ਇਨਸਾਨੀ ਪਹੁੰਚ ਦਾ ਸਭ ਤੋਂ ਉੱਚਾ ਲੋਕ ਹੈ। 'ਤਿਥੈ ਹੋਰੁ ਨ ਕੋਈ ਹੋਰੁ' ਦਾ ਆਪ ਅਰਥ ਕਰਦੇ ਹਨ ਕਿ ਇਥੇ 'ਹੋਰ ਪਨਾ' ਨਹੀਂ ਹੈ, ਹਰ ਕੋਈ ਦੂਜਿਆਂ ਨੂੰ ਅਭੇਦ ਪ੍ਰਤੀਤ ਕਰਦਾ ਹੈ ਤੇ ਵੱਖ ਤੇ ਵੱਖਤਾ ਨਹੀਂ ਹੈ। ਇਹ ਲੋਕ 'ਜਲਾਲ' ਦਾ ਹੈ।

੫. ਸਚ ਖੰਡਿ-ਇਹ ਨਿਰੰਕਾਰ ਦਾ ਲੋਕ ਹੈ, ਜੋ ਇਕ ਲੋਕ ਬੀ ਹੈ ਤੇ ਸਰਬ ਵ੍ਯਾਪਕ ਬੀ ਹੈ। ਜਿਥੇ ਕਰਤਾਰ ਅਪਣੀ ਰਚੀ ਨੂੰ ਸੰਭਾਲਦਾ ਪਿਆਰਦਾ ਹੈ। ਇਸ ਵਿਚ ਗੁਰੂ ਜੀ ਨੇ ਖੰਡ, ਮੰਡਲ, ਬ੍ਰਹਮੰਡ ਤੇ ਆਕਾਰ ਦੱਸੇ ਹਨ। ਜਿਸ ਤੋਂ ਸਰਬ ਵ੍ਯਾਪੀ ਸਰਬ ਦੇ ਅੰਤ੍ਰਗਤਿ ਤੇ ਸਰਬ ਨੂੰ ਵਿਚ ਲੈਕੇ ਫੇਰ ਨਿਰੰਕਾਰ ਦਾ ਟਿਕਾਣਾ ਹੈ। ਇਸ ਦਾ ਦਰਸ਼ਨ ਵੇਰਵਾ ਗੁਰੂ ਜੀ ਨੇ ਸੋਦਰੁ ਵਿਚ ਦਿੱਤਾ ਹੈ, ਜੋ ਅਰਸ਼ੀ ਸੰਗੀਤ ਦਾ ਅਚਰਜ ਲਹਿਰਾਉ ਹੈ, ਜਿਸ ਵਿਚ ਸਾਰੀ ਰਚਨਾ ਕੀਰਤਨ ਕਰ ਰਹੀ ਹੈ। ਗੁਰੂ ਜੀ ਨੂੰ ਏਹ ਦਰਸ਼ਨ ਸੁਤੇ ਪ੍ਰਾਪਤ ਸੀ, ਓਹ ਦਿਬ ਦ੍ਰਿਸ਼ਟੀ ਵਾਲੇ ਸਨ ਤੇ ਸਾਰੀ ਕੁਦਰਤ ਦੇ ਪਰਦੇ ਪਿੱਛੇ ਸਤਿ ਪੁਰਖ ਦੇ ਜਲਾਲ ਜਮਾਲ ਨੂੰ ਵੇਖਦੇ ਸਨ।

ਇਥੇ ਹੁਕਮ ਚੰਦ ਜੀ ਦਾ ਵੇਰਵਾ ਸਮਾਪਤ ਹੈ। ਸੋ ਇਨ੍ਹਾਂ ਪੰਜਾਂ ਖੰਡਾਂ ਦੇ ਅਰਥ ਭਾਵ ਜੋ ਗੁਰਬਾਣੀ ਤੋਂ ਸਹੀ ਹੁੰਦੇ ਹਨ, ਉਪਰ ਆ ਚੁਕੇ ਹਨ। ਜਿਨ੍ਹਾਂ ਦੇ ਨਾਲ ਸ੍ਰੀ ਹੁਕਮ ਚੰਦ ਦੀ ਵ੍ਯਾਖ੍ਯਾ ਬੀ ਕੁਝ ਮੇਲ ਖਾਂਦੀ ਹੈ, ਫਿਲਸਫੇ ਦੇ ਰੁਖ਼ ਵਾਲੇ ਦਾਨਿਆਂ ਦੇ ਤ੍ਰੈ ਕਾਂਡੀ ਅਰਥ ਭਾਵ ਬੀ ਦੱਸੇ ਜਾ ਚੁਕੇ ਹਨ। ਕਈ ਦਾਨਿਆਂ ਦੇ ਸ਼ਾਸਤ੍ਰੋਕਤ ਸਤਯ ਲੋਕਾਂ ਨਾਲ ਮੇਲਣ ਦੇ ਜਤਨ ਜ਼ਿਕਰ ਕੀਤੇ ਜਾ ਚੁਕੇ ਹਨ। ਇਨ੍ਹਾਂ ਸਾਰਿਆਂ ਤੋਂ ਛੁਟ ਕਈ ਸੋਚਵਾਨ ਇਨ੍ਹਾਂ ਵਿਚ ਇਨਸਾਨੀ 'ਕਰਮ' (ਕਰਤਵ੍ਯ ਯਾ) ਆਚਰਨ ਦੀ ਦਰਜੇ ਵਾਰ ਸਿਖ੍ਯਾ ਦੇ ਅਰਥਾਂ ਵਿਚ ਬੀ ਘਟਾਉਣ ਦਾ ਜਤਨ ਕਰਦੇ ਹਨ।

ਕਈ ਲੇਖਕ ਇਨ੍ਹਾਂ ਪੰਜਾਂ ਖੰਡਾਂ ਦੇ ਅਰਥ ਨਾ ਸਥੂਲ ਸੂਖਮ ਖੰਡ, ਨਾਂ ਦਾਰਸ਼ਨਿਕਾਂ ਦੇ ਤ੍ਰੈ ਕਾਂਡ, ਨਾ ਸ਼ਾਸਤ੍ਰਾਂ ਦੇ ਦੱਸੇ ਲੋਕ, ਨਾ ਆਤਮ ਉੱਨਤੀ ਦੇ ਦਰਜੇ ਪਰ ਨਿਰਾ ਆਚਰਣ (ਕਰਮ)

www.sikhbookclub.com

ਮਾਤ੍ਰ ਦੀ ਉੱਚਤਾ ਦੇ ਵੇਰਵਿਆਂ ਵਿਚ ਘਟਾਉਣ ਦਾ ਜਤਨ ਕਰਦੇ ਹਨ। ਜੋ ਖਿੱਚ ਮਾਤ੍ਰ ਪ੍ਰਤੀਤ ਦੇਂਦੀ ਹੈ।

ਨਿਰੁਕ੍ਤ-(ਪਉ: ੩੪ ਤੋਂ ੩੭)ਧਰਮਸਾਲ-ਧਰਮਸਾਲਾ। ਧਰਮ ਦਾ ਅਸਥਾਨ, ਧਰਮ ਕਮਾਉਣ ਦਾ ਥਾਉਂ।

ਕੇ ਰੰਗ-ਕਈ ਰੰਗ, ਭਾਵ ਭਾਂਤ ਭਾਂਤ ਤੇ ਤਰ੍ਹਾਂ ਤਰ੍ਹਾਂ।

ਕਰਮਿ-ਕਰਤੱਤ, ਕਰਤੱਵਜ, ਪ੍ਰਕਾਰ, ਵਿਸ਼ਯ। (ਅ) ਜਾਪਦਾ ਹੈ ਕਿ ਇਹ ਪਦ 'ਕ੍ਰਮ' ਹੈ, ਇਸਦਾ ਭਾਵ ਹੈ ਤਰਤੀਬ, ਪਦ ਯਾ ਦਰਜਾ। **ਆਖਹੁ**-ਤੁਸੀਂ ਦੱਸੋ। (ਸੰਪ੍ਰ:)

ਘਾੜਤਿ-ਘੜਨ ਵਾਲਾ, ਰਚਣ ਵਾਲਾ। ਘਾੜਤੀ ਪਦ ਦੀ ਮਾਤ੍ਰਾ ਘਟਾਕੇ 'ਘਾੜਤਿ' ਕੀਤਾ ਹੈ ਛੰਦ ਦੇ ਵਜ਼ਨ ਲਈ। **ਘੜੀਅਹਿ**-ਘੜੇ ਜਾਂਦੇ ਹਨ।

ਕਰਮ ਭੂਮੀ-ਓਹ ਲੋਕ ਜਿਨ੍ਹਾਂ ਵਿਚ ਕਰਮ ਪ੍ਰਧਾਨ ਹੈ। ਜੈਸੇ ਸਾਡੀ ਧਰਤੀ ਹੈ:-

ਕਰਮ ਭੂਮਿ ਮਹਿ ਬੋਅਹੁ ਨਾਮੁ॥ (ਗਉੜੀ ਮ: ੫-੭੩)

ਪਾਤ-(ਸੰਸ:, ਪਾਤਿ=ਸੁਆਮੀ, ਪ੍ਰਭੂ। (ਅ) ਹਿੰਦੀ, ਪਾਂਤਿ=ਪੰਕਤੀ। (ੲ) ਫ਼ਾ:, ਪਾਦ=ਤਖਤ) ਪ੍ਰਭੂ। (ਅ) ਰਾਜਿਆਂ ਦੀਆਂ ਪੰਕਤੀਆਂ ਅਰਥ ਬੀ ਕਰਦੇ ਹਨ।

ਸੁਰਤੀਆਂ-ਸੁਰਤਾਂ। ਅਥਵਾ ਸੁਰਤ ਨਾਲ ਅਭ੍ਯਾਸ ਕਰਨ ਵਾਲੀਆਂ ਰੂਹਾਂ ਯਾ ਬੀਬੀਆਂ। (ਅ) ਵੇਦਾਂ ਦੀਆਂ ਸ਼੍ਰੁਤੀਆਂ ਭਾਵ ਵੇਦ (ਸੰਪ੍ਰ:)। (ੲ) ਸੁਰਤੀ ਸੇਵਕ=ਸੁਰਤੀਆਂ ਦੇ ਸੇਵਕ (ਰਿਖੀ ਆਦਿ) (ਸੰਪ੍ਰ:)। **ਅਨੰਦੁ**-ਅਹਿਲਾਦ। ਪ੍ਰਸੰਨਤਾ।

ਬਿਨੋਦ-ਹਰਖ। 'ਬਿਨੋਦ' ਦਾ ਅਰਥ ਆਮੋਦ ਪ੍ਰਮੋਦ ਬੀ ਲਿਖਿਆ ਹੈ। (ਸ਼: ਕੋ: ੭੭੪) ਆਮੋਦ=ਇਸ਼ਟ ਵਸਤੂ ਦੇ ਦਰਸ਼ਨ ਦਾ ਆਨੰਦ। ਪ੍ਰਮੋਦ=ਉਸ ਦੀ ਪ੍ਰਾਪਤੀ ਤੋਂ ਜੋ ਸੁਖ ਹੋਵੇ। ਦੁਇ ਪਦ ਗੁਰਬਾਣੀ ਵਿਚ ਇਕੱਠੇ ਬੀ ਆਉਂਦੇ ਹਨ। **ਕੋੜ**-ਕਰੋੜਾਂ।

ਸਰਮ-(ਸੰਸ:, ਸ਼ਰ੍ਮ੍ਨ੍) शर्म्मन्=ਖੁਸ਼ੀ, ਆਨੰਦ)। ਕਈ ਦਾਨੇ ਸ਼੍ਰਮ=ਮਿਹਨਤ ਅਰਥ ਬੀ ਕਰਦੇ ਹਨ, ਪਰ ਤਦੋਂ ਇਸ ਦਾ ਰੂਪ ਅਕਸਰ ਸ਼੍ਰਮ ਹੁੰਦਾ ਹੈ: ਯਥਾ:-

'ਸ੍ਰਮੁ ਪਾਵੈ ਸਗਲੇ ਬਿਰਥਾਰੇ॥' (ਸੁਖਮਨੀ ੧੨-੩)

ਕਈ 'ਸ਼ਰਮ' (ਫ਼ਾ:)=ਲੱਜਜਾ ਅਰਥ ਕਰਦੇ ਹਨ ਤੇ ਭਾਵ ਲੈਂਦੇ ਹਨ ਵੈਰਾਗ। ਪਰੰਤੂ (ਰੂਪੁ=) ਸੁੰਦਰਤਾ ਤੇ ਆਨੰਦ ਦਾ ਪਰਸਪਰ ਮੇਲ ਹੈ। ਸੁੰਦਰਤਾ ਦੇ ਦਰਸ਼ਨ ਤੋਂ ਸੁਤੇ ਖੁਸ਼ੀ ਹੁੰਦੀ ਹੈ। ਇਥੇ ਇਹ ਖੁਸ਼ੀ ਤ੍ਰਿਸ਼ਨਾਂ ਦੀ ਪੂਰਣਤਾ ਮਾਤ੍ਰ ਵਾਲੀ ਖੁਸ਼ੀ ਨਹੀਂ, ਪਰ 'ਕੁਦਰਤਿ ਵਸਿਆ' ਵਾਹਿਗੁਰੂ ਦੇ ਦਰਸ਼ਨ ਯਾ ਅਨੁਭਵ ਦਾ ਆਨੰਦ ਹੈ।

ਬਾਣੀ-ਬਣਤਰ, ਲੱਛਣਾ, ਲਖਾ ਦੇਣਾ। (ਅ) ਬਾਣੀ=ਬੋਲੀ। (ੲ) ਪ੍ਰਤਿਪਾਦਨ੍ ਕਰਨਾ। ਸੰਪ੍ਰ: ਵਿਚ ਐਉਂ ਬੀ ਲਾਉਂਦੇ ਹਨ:- ਸਰਮ ਖੰਡ ਵਾਲਿਆਂ ਦੀ ਬਾਣੀ ਸੁੰਦਰ ਹੁੰਦੀ ਹੈ। ਅਥਵਾ ਸਰਮ ਖੰਡ ਦੀ ਬਣਾਵਟ ਸੁੰਦਰ ਹੈ।

ਸੁਰਤਿ ਮਤਿ ਮਨਿ ਬੁਧਿ-ਗਯਾਤ ਦੇ ਦਰਜੇ ਦੱਸੇ ਹਨ: ਸੁਰਤਿ, ਮਤਿ, ਮਨਿ, ਬੁਧਿ, ਸੁਧਿ। ਜਪੁਜੀ ਦੇ ਇਕ ਪੁਰਾਣੇ ਪੱਛਮੀ ਟੀਕਾਕਾਰ ਨੇ ਮਨਿ ਬੁਧਿ ਦਾ ਅਰਥ ਕੀਤਾ ਹੈ ਮਨ ਵਿਚ ਬੁਧਿ। ਪਰ ਇਥੇ ਮਨਿ ਇਸਤ੍ਰੀ ਲਿੰਗ ਹੈ, ਮੁਰਾਦ ਹੈ ਮਨੀਖਾ ਤੋਂ ਜੋ ਬੁਧੀ ਨਾਲੋਂ ਵਿਤ੍ਰੇਕ ਕਰਨੇ ਨਮਿੱਤ ਹੈ। ਮਨੀਖਾ-ਉਹ ਮਨ ਜਿਸ ਵਿਚ ਇੱਛਾ ਪ੍ਰਧਾਨ ਹੈ। ਮਨੀਖਾ ਇਸਤ੍ਰੀ ਲਿੰਗ ਹੈ।

ਬੁਧਿ-ਮਨ ਦੀ ਉਹ ਗਯਾਤ ਜੋ ਵਿਵੇਕ ਤੇ ਵਿਤ੍ਰੇਕ ਕਰਦੀ ਹੈ ਤੇ ਨਿਰਣੇ ਕਰਕੇ ਨਿਸਚੇ

ਵੱਲ ਲੈ ਜਾਂਦੀ ਹੈ। 'ਘਾੜਤਿ ਘੜੀਐ' ਦੀ ਸੈਨਤ ਬੀ ਉਸ ਸੁੰਦਰ ਸਰੂਪ ਦੀ ਲਖਾਯਕ ਜਾਪਦੀ ਹੈ ਜੋ **ਆਪੀਨੈ੍ ਆਪੁ ਸਾਜਿਓ** ਅਨੁਸਾਰ 'ਅਪਨੀ' ਸਾਜਨਾ ਕਰਕੇ ਚਾਉ ਭਰਿਆ ਬੈਠਾ 'ਦੂਯੀ ਕੁਦਰਤਿ' ਦੀ ਸਾਜਨਾਂ ਲਈ ਕਈ ਪ੍ਰਕਾਰ ਦੀ 'ਚੇਤਨ ਸਾਜਨਾ' ਪਿਆ ਕਰਦਾ ਹੈ, ਜੋ ਕਿ 'ਅਚੇਤਨ ਸਾਜਨਾ' ਵਿਚ ਕੰਮ ਕਰਦੀ ਹੈ।

ਸੁਧਿ-ਸੁਧਿ ਯਾ ਸਿਧਿ ਉਹ ਬੁਧੀ ਹੈ ਜੋ 'ਕਾਰਣ ਕਾਰਜ' ਜਾਣਕੇ ਸਿਧਾਂਤ ਤੇ ਅੱਪੜਨ ਦੀ ਥਾਂ ਸਿੱਧਾ ਹੀ ਸਚ ਤੇ ਸਿਧਾਂਤ ਦੀ ਗਜਾਤਾਵਾਨ ਹੋ ਜਾਂਦੀ ਹੈ। ਇਸ ਦੀ ਪ੍ਰਾਪਤੀ 'ਪੂਰਣਤਾ ਨੂੰ ਅੱਪੜੇ ਸਿੱਧ ਪੁਰਖਾਂ' ਨੂੰ ਹੁੰਦੀ ਹੈ ਯਾ ਇਹ ਦੇਵਤਿਆਂ ਵਿਚ ਹੁੰਦੀ ਹੈ। ਸੁਤੇ ਗਿਆਨ ਵਾਲੀ ਬੁੱਧੀ। ਇਹ ਪੱਛਮੀ ਫਿਲਾਸਫਰਾਂ ਦੀ Intuition ਨਾਲ ਕੁਛ ਮਿਲਦੀ ਹੈ। ਅਥਵਾ ਯੋਗ ਦਰਸ਼ਨ ਦੀ 'ਰਿਤੰਭਰਾ' ਨਾਲ ਮਿਲਦੀ ਹੈ-ਸਤਜ ਨੂੰ ਧਾਰਨ ਵਾਲੀ ਬੁੱਧੀ, ਜਿਸ ਵਿਚ ਭ੍ਰਾਂਤੀ ਦਾ ਲੇਸ਼ ਨਹੀਂ ਹੁੰਦਾ।

ਕਰਮਿ-(ਅ:,) ਮਿਹਰ, ਫਜ਼ਲ, ਬਖਸ਼ਿਸ਼। 'ਕਰਮ' ਇਥੇ ਸੰਸਕ੍ਰਿਤ ਪਦ ਦਾ 'ਕਰ੍ਮ' ਨਹੀਂ, ਉਹ 'ਕਰਮੀ ਕਰਮੀ ਹੋਇ ਵੀਚਾਰੁ' ਪਿਛੇ ਧਰਮ ਖੰਡ ਵਿਚ ਆ ਚੁੱਕਾ ਹੈ।

ਹੋਰੁ-ਦੂਸਰਾ।　　ਹੋਰੁ-ਹੋਰ, ਅਤੇ।　　ਰਾਮੁ-ਭਾਵ ਵਜਾਪਕ ਰਾਮ, ਅਕਾਲ ਪੁਰਖ।

ਸੀਤੋ-ਰਾਮ ਚੰਦ੍ਰ। ਤ੍ਰੇਤੇ ਦੇ ਈਸ਼੍ਵਰ ਪਰਾਇਣ ਰਹਿਣੇ ਵਾਲੇ ਤੇ ਮੰਨੇ ਗਏ ਅਵਿਤਾਰ ਸ੍ਰੀ ਰਾਮ ਚੰਦ੍ਰ ਜੀ ਤੇ ਉਨ੍ਹਾਂ ਦੀ ਪਤਿਬ੍ਰਤ ਤੇ ਈਸ਼੍ਵਰ ਉਪਾਸ਼ਕ ਇਸਤ੍ਰੀ ਸੀਤਾ। ਜਿਵੇਂ ਆਮ ਬੋਲੀ ਦਾ 'ਮਾਧਵ' ਤੋਂ 'ਮਾਧੋ' ਬਣਾਇਆ ਹੈ, ਤਿਵੇਂ ਸੀਤਾ+ਧਵ ਤੋ 'ਸੀਤਾਧਵ', ਇਸ ਤੋਂ 'ਸੀਤਾਧੋ' ਤੇ ਫੇਰ 'ਸੀਤੋ' ਬਣਾਇਆ ਜਾਪਦਾ ਹੈ। ਸੀਤੋ ਦਾ ਅਰਥ ਬਨਿਆ 'ਰਾਮ ਚੰਦ੍ਰ'।

ਇਸ ਪਦ 'ਸੀਤੋ ਸੀਤਾ' ਦੇ ਸਿਆਣਿਆਂ ਨੇ ਹੋਰ ਤਰ੍ਹਾਂ ਬੀ ਅਰਥ ਲਾਉਣ ਦੇ ਜਤਨ ਕੀਤੇ ਹਨ: ੨. ਸੀਤੋ ਸੀਤਾ=ਸੁੰਦਰਤਾ ਉਪਰ ਸੁੰਦਰਤਾ ਤੇ ਮਹਿਮਾ ਵਿਚ ਮਹਿਮਾ। ਸੀਤਾ ਦੀ ਸੁੰਦਰਤਾ ਦੀ ਲੱਛਣਾਂ ਤੋਂ ਅਰਥ ਸੁੰਦਰਤਾ ਲਿਆ। ਤਿਵੇਂ ਉਸਦੇ ਪਤਿਬ੍ਰਤ ਲੱਛਣ ਤੋਂ ਭਗਤੀ ਅਰਥ ਬੀ ਲੈਂਦੇ ਹਨ। ੩. ਮਹਿਮਾ ਰੂਪੀ ਸੀਤਾ, (ਮਾਹਿ=) ਚੰਦ ਵਰਗੀ ਪ੍ਰਕਾਸ਼ ਰੂਪ ਤੇ (ਸੀਤੋ=) ਸੀਤਲ ਕਰਨੇ ਹਾਰੀ। ੪. ਓਥੇ ਸੀਤਾ ਹੈ ਮਹਿਮਾ ਵਿਚ ਸੀਤਲ (ਭਾਵ ਪ੍ਰਸੰਨ)। ੫. ਓਥੇ (ਮਨ) ਸੀਤਾ ਹੋਇਆ ਹੈ ਪਰਮੇਸ਼ੁਰ ਦੀ ਵਡਿਆਈ ਵਿਚ (ਭਗਤਾਂ ਦਾ)। ੬. ਓਥੇ ਸੀਤਾ ਹੈ (ਪਤਿਬ੍ਰਤਾ) ਜਿਸ ਨੇ ਸੀਤਾ (ਪਰੋਤਾ) ਹੈ ਮਨ ਮਹਿਮਾ ਵਿਖੇ। ੭. ਓਥੇ ਸੀਤਲ ਤੋਂ ਸੀਤਲ (ਪਰਮੇਸ਼ੁਰ ਦੇ ਨਾਮ ਦੀ) ਮਹਿਮਾਂ ਵਿਚ ਹੈਨ (ਭਗਤ)। ੮. (ਉਨ੍ਹਾਂ ਭਗਤਾਂ ਦੇ ਰਿਦੇ ਵਿਚ) ਸ਼ਾਂਤੀ ਹੀ ਸ਼ਾਂਤੀ (ਰਹਿੰਦੀ ਹੈ ਤੇ ਉਸ ਸ਼ਾਂਤੀ) ਵਿਚ ਮਹਿਮਾ।

(ਪਉੜੀ ੩੮)

ਪ੍ਰਾਕ੍ਕਥਨ-ਪਿੱਛੇ ਕਥੀ ਸਾਰੀ ਪ੍ਰਾਪਤੀ ਦਾ ਸਾਧਨ ਨਾਮ ਦੱਸਿਆ ਹੈ। ਨਾਮ ਦੇ ਅਭਜਾਸ ਵਿਚ ਜਿਨ੍ਹਾਂ 'ਸ਼ੁਭ ਗੁਣਾਂ' ਅਰਥਾਤ ਉੱਚ ਆਚਰਣ ਦੀ ਲੋੜ ਹੈ, ਤੇ ਨਾਮ ਦੇ ਸਿਰੇ ਚੜ੍ਹਨ ਲਈ ਜਿਸ ਗ਼ੈਬੀ ਸਹਾਯਤਾ (ਈਸ਼੍ਵਰ ਅਨੁਗ੍ਰਹ) ਦੀ ਲੋੜ ਹੈ, ਦੋਹਾਂ ਦਾ ਏਥੇ ਸੰਖੇਪ ਵਿਚ ਮੁੜਕੇ ਵਰਣਨ ਕਰਦੇ ਹਨ। ਜਿਨ੍ਹਾਂ ਸ਼ੁਭ ਗੁਣਾਂ ਦੀ ਲੋੜ ਹੈ, ਉਨ੍ਹਾਂ ਦਾ ਵਰਣਨ ਟਕਸਾਲ ਦੇ ਸੰਦ ਆਦਿ ਦੇ ਰੂਪਕ ਵਿਚ ਦਿੱਤਾ ਹੈ।

ਮੂਲ	ਅਰਥ
ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥ ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥ ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ ਤਿਨ ਕਾਰ॥ ਨਾਨਕ ਨਦਰੀ ਨਦਰਿ ਨਿਹਾਲ॥੩੮॥	(ਸਚੀ ਟਕਸਾਲ)-ਜਤ ਦੀ ਭੱਠੀ, ਧੀਰਜ ਦਾ ਸੁਨਿਆਰਾ, ਬੁਧਿ ਦੀ ਅਹਿਰਣ, ਗਿਆਨ ਦਾ ਹਥੌੜਾ, ਭਉ ਦੀਆਂ ਖਲਾਂ, ਤਪ ਤਾਪਣ ਦੀ ਅੱਗ, ਪ੍ਰੇਮ ਦਾ ਭਾਂਡਾ (ਕੁਠਾਲੀ ਬਣਾ) ਉਸ ਵਿਚ ਨਾਮ ਰੂਪੀ ਸੋਨੇ ਨੂੰ ਢਾਲ (ਇਹ ਹੈ) ਸਚੀ ਟਕਸਾਲ (ਏਥੇ) ਸ਼ਬਦ ਘੜੀਦਾ ਹੈ। (ਪਰ ਇਹ) ਉਨ੍ਹਾਂ ਦੀ ਕਾਰ ਹੈ, ਜਿਨ੍ਹਾਂ ਪਰ (ਉਸ ਦੀ) ਕ੍ਰਿਪਾ ਦ੍ਰਿਸ਼ਟੀ ਤੇ ਮਿਹਰ ਹੈ। (ਜੋ ਇਹ ਨਾਮ ਜਪ ਦੀ ਕਾਰ ਕਰਦੇ ਹਨ) ਕ੍ਰਿਪਾ ਦ੍ਰਿਸ਼ਟੀ ਵਾਲਾ (ਅਕਾਲ ਪੁਰਖ ਆਪਣੀ) ਕ੍ਰਿਪਾ ਦ੍ਰਿਸ਼ਟੀ ਨਾਲ (ਉਨ੍ਹਾਂ ਨੂੰ) ਨਿਹਾਲ ਕਰ ਦੇਂਦਾ ਹੈ (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥੩੮॥

ਵਜਾਖਜਾ-ਸੁਨਿਆਰੇ ਅੱਗੇ ਭੱਠੀ ਹੁੰਦੀ ਹੈ, ਭੱਠੀ ਨੂੰ ਧੌਂਕਣੀ ਲਗੀ ਹੁੰਦੀ ਹੈ, ਹਵਾ ਦੇਣ ਲਈ, ਜਿਸ ਨਾਲ ਅੱਗ ਦਾ ਤਾਉ ਵਧ ਜਾਂਦਾ ਹੈ। ਤਦ ਕੁਠਾਲੀ ਵਿਚ ਸੋਨੇ ਨੂੰ ਪਾਕੇ ਢਾਲ ਲੈਂਦੇ ਹਨ, ਫਿਰ ਠੱਪੇ ਹਥੌੜੇ ਨਾਲ ਮੋਹਰਾਂ ਆਦਿ ਘੜਦੇ ਹੈਨ ਜੋ ਪਾਤਸ਼ਾਹੀ ਖਜ਼ਾਨੇ ਦਾਖ਼ਲ ਹੁੰਦੀਆਂ ਹੈਨ। ਇਹ ਤਸਵੀਰ ਹੈ ਜੋ ਇਥੇ ਸ਼ੁਭ ਗੁਣਾਂ ਦੀ ਖਿੱਚਕੇ ਉਸ ਵਿਚ ਨਾਮ-ਜਪ ਦੀ ਮਿਰਯਾਦਾ ਦੱਸੀ ਗਈ ਹੈ। ਅਰਥਾਤ-ਧੀਰਜ ਧਾਰਕੇ ਜਤ ਸਤ ਨੂੰ ਕਾਇਮ ਰਖਦਿਆਂ, ਗਜਾਨ ਨੂੰ ਅਥਵਾ ਸਤ ਸ਼ਾਸਤ੍ਰ ਦੇ ਉਪਦੇਸ਼ ਨੂੰ ਸੁਣ ਪੜ੍ਹਕੇ ਮਤਿ ਵਿਚ ਧਾਰਣ ਕਰਦਿਆਂ, ਪਰਮੇਸ਼ੁਰ ਦੇ ਭੈ ਵਿਚ ਤੇ ਤਪ ਵਿਚ ਰਹਿੰਦਿਆਂ ਪ੍ਰੇਮ ਭਾਵਨਾਂ ਨਾਲ ਨਾਮ ਜਪਣਾ, ਸਿਮਰਨਾ ਤੇ ਆਰਾਧਣਾ ਹੈ, ਇਸ ਨਾਲ ਆਪੇ ਨੇ ਬਾਰਾਂ ਵੰਨੀਆਂ ਦੇ ਸੋਨੇ ਵਾਂਙੂ ਸ਼ੁੱਧ ਹੋ ਜਾਣਾ ਹੈ। ਇਸ ਪਰ ਨਦਰੀ ਦੀ ਨਦਰ ਹੋਣੀ ਹੈ ਤੇ ਜੀਵ ਨੇ (ਨਿਹਾਲ=) ਅਨੰਦ ਸਰੂਪ ਹੋ ਜਾਣਾ ਹੈ। ਪਰ ਪਹਿਲੀ ਕਹੀ ਟਕਸਾਲ ਦੀ ਕਾਰ ਬੀ ਵਾਹਿਗੁਰੂ ਦੀ ਮਿਹਰ ਨਾਲ ਹੀ ਹੋਣੀ ਹੈ।

ਨਿਰੁਕ੍ਤ-ਜਤੁ-ਜਤੀ ਹੋਣ ਦਾ ਗੁਣ। ਇੰਦ੍ਰਿਆਂ ਤੇ ਵਸੀਕਾਰ। ਵਿਭਚਾਰ ਦੇ ਅਵਗੁਣ ਤੋਂ ਰਹਿਤ ਹੋਣਾ। ਪਹਾਰਾ-ਭੱਠੀ। ਸੁਨਿਆਰੇ ਇਸ ਨੂੰ ਦੁਕਾਨ ਬੀ ਕਹਿੰਦੇ ਹਨ।

ਵੇਦੁ-੧. ਵੇਦ। ੨. ਗਜਾਨ ਦਾਤਾ ਗ੍ਰੰਥ। ਸਤ ਸ਼ਾਸਤ੍ਰ। ੩. ਗਿਆਨ।

ਹਥਿਆਰੁ-ਹਥ ਵਿਚ ਫੜਨੇ ਦਾ ਸੰਦ, ਔਜ਼ਾਰ। ਕੋਈ ਹਥਿਆਰ, ਪਰ ਇਥੇ ਭਾਵ ਸੁਨਿਆਰੇ ਦੇ ਹਥੌੜੇ ਹਥੌੜੀਆਂ ਤੋਂ ਹੈ। ਕਿਉਂਕਿ ਇਸ ਦੇ ਪਹਿਲੋਂ 'ਅਹਰਣਿ' ਆਇਆ ਹੈ।

ਅਹਰਣਿ-ਉਹ ਲੋਹਾ ਜਿਸ ਪਰ ਘੜਨੇ ਜੋਗ ਧਾਤੂ ਰੱਖਕੇ ਹਥੌੜਾ ਮਾਰਦੇ ਹਨ।

ਖਲਾ-ਧੌਂਕਣੀ।

ਤਪ ਤਾਉ-ਤਪ ਤਾਉਣਾ। 'ਤਪ ਕਰਨਾ' ਅਗਨੀ ਦਾ ਤਾਉ ਦੇਣਾ ਦੀ ਥਾਂਵੇ ਹੋਵੇ। ਤਪ ਤੋਂ ਮੁਰਾਦ ਹੈ-ਵਿਰੋਧੀ ਸਾਮਾਨਾਂ ਦੇ ਹੁੰਦਿਆਂ ਭੀ ਅਭਿਆਸ ਵਿਚ ਜੁਟੇ ਰਹਿਣਾ, ਗਿਰਾਉ ਨਾ ਖਾਣਾ, ਤਜਾਗ ਵੈਰਾਗ ਬ੍ਰਿਤੀ ਵਿਚ ਰਹਿਣਾ।

ਅੰਮ੍ਰਿਤ-ਅੰਮ੍ਰਿਤ ਪਦ ਦੇ ੨੦ ਕੁ ਅਰਥਾਂ ਵਿਚੋਂ ਇਕ ਅਰਥ ਹੈ: ਸੋਨਾ। ਗੁਰਬਾਣੀ ਵਿਚ ਅੰਮ੍ਰਿਤ ਨਾਮੁ ਨੂੰ ਬੀ ਕਿਹਾ ਹੈ:- '**ਨਾਨਕ ਅੰਮ੍ਰਿਤ ਨਾਮੁ ਸਦਾ ਸੁਖ ਦਾਤਾ॥**' (ਮਾਝ ਮ: ੩ ਅਸ਼ਟ:-੧੬)

www.sikhbookclub.com

ਇਥੇ ਦੋਇ ਅਰਥ ਇਕੋ ਪਦ 'ਅੰਮ੍ਰਿਤ' ਵਿਚੋਂ ਲੈਣੇ ਹਨ[1] ਉਸ ਭਾਂਡੇ ਵਿਚ ਨਾਮ ਰੂਪੀ ਸੋਨੇ ਨੂੰ ਢਾਲ। ਇਸ ਵਿਚ ਤੀਸਰਾ ਕਟਾਖਜ ਇਹ ਹੈ ਕਿ ਉਹ ਢਲਕੇ ਤੈਨੂੰ ਅੰਮ੍ਰਿਤ='ਅਮਰ' ਕਰ ਦੇਵੇਗਾ।

(ਅੰਤਮ ਸਲੋਕੁ)

ਪ੍ਰਾਕ੍ਰਥਨ–ਇਹ ਪਉੜੀ ਨਹੀਂ ਅੰਤਮ ਸ਼ਲੋਕ ਹੈ, ਮਾਨੋ ਜਪੁਜੀ ਦਾ ਉਪਸੰਹਾਰ[2] ਹੈ। ਇਸ ਵਿਚ ਜਪੁਜੀ ਦਾ ਸਾਰ ਸਿਧਾਂਤ ਉਪਦੇਸ਼ ਹੈ ਕਿ ਕੁਦਰਤ ਦੇ ਜੋ ਸਾਮਾਨ ਤੇਰੇ ਉਦਾਲੇ ਹਨ, ਓਹ ਤੇਰੀ ਉਤਪਤੀ, ਪਾਲਣਾ, ਸਿਖਜਾ ਤੇ ਤੈਨੂੰ ਖੇੜੇ ਵਿਚ ਰੱਖਣ ਦੇ ਸਹਾਇਕ ਹਨ, ਇਹ ਗਲ ਸਮਝਕੇ ਤੂੰ ਅਪਣੇ ਅਮਲਾਂ ਨੂੰ ਸ੍ਰਛ ਰੱਖ। ਨੇਕੀ ਬਦੀ ਦੁਇ ਅਪਣਾ ਅਸਰ ਰਖਦੀਆਂ ਹਨ, ਇਕ 'ਸਾਈਂ' ਦੇ ਨੇੜੇ ਲੈ ਜਾਂਦੀ ਹੈ ਤੇ ਇਕ ਦੂਰ ਲੈ ਜਾਂਦੀ ਹੈ, ਸੋ ਨੇਕੀ ਕਰ ਜੋ ਨੇੜੇ ਲੈ ਜਾਂਦੀ ਹੈ, ਪਰ ਨੇਕੀ ਕਰਮ ਗੇੜ ਤੋਂ ਬਾਹਰ ਨਹੀਂ ਕੱਢਦੀ। ਇਸ ਲਈ ਨੇਕੀ ਕਰਦਿਆਂ ਕਰਮ ਗੇੜ ਤੋਂ ਕੱਢਣ ਵਾਲਾ ਨਾਮ ਧਿਆ, ਐਸਾ ਸਿਮਰਨ ਕਰ ਕਿ ਪਰਮਾਤਮ ਦੇਵ ਵਿਚ ਧਿਆਨ ਗੱਡਿਆ ਜਾਵੇ, ਇਸ ਦੇ ਨਾਲ ਉਸ ਦੇ ਦਰ ਤੇਰਾ ਮੁੱਖ ਉੱਜਲਾ ਹੋਵੇਗਾ। ਨਾ ਕੇਵਲ ਤੇਰਾ ਆਪਣਾ ਸਗੋਂ ਕਿਤਨੇ ਹੋਰ ਤੇਰੇ ਨਾਲ ਤੇਰੇ ਸੰਗੀ ਸਾਥੀ ਮੁਕਤ ਪ੍ਰਾਪਤ ਕਰਨਗੇ।

ਮੂਲ	ਅਰਥ
ਸਲੋਕੁ॥ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥	[3]ਪੌਣ ਗੁਰੂ ਹੈ, ਮਹਾਨ[4] ਪਾਣੀ ਪਿਤਾ ਹੈ, ਧਰਤੀ ਮਾਤਾ ਹੈ।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥	ਦਿਨ ਰਾਤ ਦੋਵੇਂ ਦਾਈ ਤੇ ਦਾਇਆ ਹਨ[5] (ਜਿਨ੍ਹਾਂ ਦੀ ਗੋਦ ਵਿਚ) ਖੇਡਦਾ ਹੈ ਸਾਰਾ ਸੰਸਾਰ।
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥	ਚੰਗਿਆਈਆਂ ਬੁਰਿਆਈਆਂ ਵਾਚੇਗਾ ਧਰਮ (ਪਰਮੇਸ਼ੁਰ ਦੀ) ਹਜ਼ੂਰੀ ਵਿਚ[6]। (ਸੋ) ਆਪੋ ਆਪਣੀ ਕਰਨੀ ਅਨੁਸਾਰ ਕੋਈ (ਤਾਂ ਪਰਮੇਸ਼ੁਰ) ਦੇ ਨੇੜੇ (ਤੇ) ਕੋਈ ਦੂਰ (ਹੋ ਜਾਣਗੇ)। (ਪਰ) ਹੇ ਨਾਨਕ! ਜਿਨ੍ਹਾਂ ਨੇ ਨਾਮ ਧਿਆਇਆ ਹੈ (ਓਹ ਏਥੋਂ ਅਸਲੀ) ਮਿਹਨਤ ਘਾਲ ਕੇ ਗਏ ਹਨ, (ਪਰਮੇਸ਼ੁਰ ਦੇ ਹਜ਼ੂਰ) ਓਹ ਉੱਜਲੇ ਮੂੰਹ ਵਾਲੇ (ਹਨ ਅਰ ਹੋਰ) ਕਿਤਨੀ (ਸ੍ਰਿਸ਼ਟੀ ਉਨ੍ਹਾਂ ਦੇ) ਨਾਲ ਛੁਟ ਜਾਂਦੀ ਹੈ[7]॥੧॥

[1]ਅੰਮ੍ਰਿਤ ਪਦ ਇਥੇ ਸ਼ਲੇਖ ਹੈ ਅਰਖ ਦੋ ਹਨ: ੧. ਨਾਮ। ੨. ਸੋਨਾ। ਅਰਥਾਤ ਨਾਮ ਰੂਪੀ ਸੋਨੇ ਨੂੰ ਢਾਲ।

[2] ਸਾਰੀ ਪੁਸਤਕ ਦਾ ਸਾਰ ਸਿੱਧਾਂਤ।

[3] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ ਸਲੋਕ ਦੀਆਂ ਪਹਿਲੀਆਂ ਦੋ ਤੁਕਾਂ ਨੂੰ ਮਾਰੂ ਸੋਲਹਿਆਂ ਵਿਚ ਸੋਲਹਾ ਦੀ ਧਾਰਨਾਂ ਵਿਚ ਵੀ ਦਿੱਤਾ ਹੈ, ਯਥਾ-ਪਉਣੁ ਗੁਰੂ ਪਾਣੀ ਪਿਤ ਜਾਤਾ॥ ਉਦਰ ਸੰਜੋਗੀ ਧਰਤੀ ਮਾਤਾ॥ ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੈ॥ (ਮਾਰੂ ਸੋ: ਮ: ੧, ੧-੧੦) ਇਹੋ ਸ਼ਲੋਕ ਮਾਝ ਦੀ ਵਾਰ (ਪਉੜੀ ੧੮) ਵਿਚ ਮ: ੨ ਦੇ ਸਿਰਨਾਮੇ ਹੇਠ ਬੀ ਆਇਆ ਹੈ, ਜਿਸ ਦੇ ਪਾਠ ਵਿਚ ਤ੍ਰੈ ਚਾਰ ਪਦਾਂ ਦਾ ਫਰਕ ਹੈ: ਪਵਣੁ=ਪਉਣੁ। ਦਿਵਸੁ=ਦਿਨਸੁ। ਵਾਚੈ=ਵਾਚੇ।
ਕੇਤੀ ਛੁਟੀ=ਹੋਰ ਕੇਤੀ ਛੁਟੀ।

[4]ਮਹਤ ਦਾ ਅਰਥ ਧਰਤੀ ਨਾਲ ਨਹੀਂ ਪਰ ਪਾਣੀ ਨਾਲ ਕਿਉਂ ਲਾਇਆ ਹੈ, ਇਸ ਦੇ ਲਈ ਦੇਖੋ ਇਸੇ ਸ਼ਲੋਕ ਦੀ ਨਿਰੁਕ੍ਰ।

[5] ਦਾਈ ਜੋ ਰਾਤ ਨੂੰ ਬੱਚੇ ਨੂੰ ਸੰਭਾਲਦੀ ਸੁਆਲਦੀ ਹੈ; ਦਾਇਆ=ਜੋ ਦਿਨੇ ਖਿਡਾਉਂਦਾ, ਸੈਰ ਕਰਾਉਂਦਾ ਤੇ ਪਰਚਾਉਂਦਾ ਹੈ।

[6] ਯਾ ਵਾਚਦਾ ਹੈ ਧਰਮਰਾਜ (ਰੱਬ ਦੀ) ਹਜ਼ੂਰੀ ਵਿਚ।

[7] ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ (ਗਉ: ਸੁਖਮਨੀ ੨੩-੮)

 www.sikhbookclub.com

ਵਯਾਖਯਾ-ਪੌਣ, ਪਾਣੀ, ਧਰਤੀ, ਦਿਨ, ਰਾਤ ਵਿਚ ਜੋ ਜੀਵ ਕਰਮ ਕਰ ਰਹੇ ਹਨ ਚੰਗੇ ਮੰਦੇ, ਉਹਨਾਂ ਅਨੁਸਾਰ ਕਈ ਨੇੜੇ ਹੋ ਜਾਣਗੇ ਤੇ ਕਈ ਦੂਰ। ਪਰ ਜੋ ਨਾਮ ਜਪ ਦੀ ਘਾਲਣਾ ਘਾਲਕੇ ਜਾਣਗੇ, ਓਹ ਖਾਸ ਹਜ਼ੂਰੀ ਯਾ ਸਰੂਪ ਵਿਚ ਪਹੁੰਚਣਗੇ ਤੇ ਉਜਲੇ ਮੁੱਖ ਪਹੁੰਚਣਗੇ, ਅਰਥਾਤ ਪਰਮ ਪਦ ਨੂੰ ਪ੍ਰਾਪਤ ਹੋਣਗੇ; ਐਸੇ ਨਾਮ ਰਸੀਆਂ ਦੇ ਨਾਲ ਹੋਰ ਕਿਤਨੀ ਸ੍ਰਿਸ਼ਟੀ ਛੁਟ ਜਾਏਗੀ! ਯਥਾ:-

ਓਇ ਦਾਤੇ ਦੁਖ ਕਾਟਨਹਾਰ॥ ਜਾ ਕੈ ਸੰਗਿ ਤਰੈ ਸੰਸਾਰ॥ (ਸੁਖਮਨੀ ੧੬-੮)

ਇਸ ਸਲੋਕ ਵਿਚ ਸਾਰੇ ਸਰੀਰਾਂ ਦੇ ਸਮੁਦਾਇ-ਜਗਤ ਨੂੰ- 'ਦੇਸ਼ ਕਾਲ ਵਸਤੂ' ਤ੍ਰੈਹਾਂ ਵਿਚ ਜੰਮਦਾ, ਪਲਦਾ, ਖਿਲਾਇਆ ਤੇ ਸਿਖਾਇਆ ਜਾ ਰਿਹਾ ਦਰਸਾਇਆ ਹੈ। ਜੋ ਐਉਂ ਸਮਝੇ ਪੈਂਦਾ ਹੈ:-

ਪਵਣੁ, ਪਾਣੀ, ਧਰਤਿ	ਸੂਚਕ ਹਨ-	ਵਸਤੂ ਦੇ,
ਦਿਵਸੁ ਰਾਤਿ	ਸੂਚਕ ਹਨ-	ਕਾਲ ਦੇ,
ਖੇਲੈ	ਸੂਚਕ ਹੈ-	ਦੇਸ਼ ਦਾ।

ਦੇਸ਼ ਬਿਨਾ ਖੇਲ ਖੇਲੀ ਨਹੀਂ ਜਾ ਸਕਦੀ ਇਸ ਕਰਕੇ ਇਹ ਪਦ 'ਖੇਲ' ਦੇਸ਼ ਦਾ ਸੂਚਕ ਹੈ। ਫਿਰ ਵਸਤੂ ਤੋਂ ਵਸਤੂ ਦੀ ਵਿੱਥ 'ਦੇਸ਼' ਦੀ ਸੂਚਕ ਹੈ, ਜਿੱਥੇ ਵਸਤੂ ਹੋਵੇਗੀ ਦੇਸ਼ ਅਵੱਸ਼ਜ ਹੋਵੇਗਾ। ਇਨ੍ਹਾਂ ਤ੍ਰੈਹਾਂ ਵਿਚ ਜੀਵ ਖੇਲਾਏ ਜਾ ਰਹੇ ਹਨ।

ਖੇਲ ਕਰਮ ਹੈ। ਕਰਮ ਭਲੇ ਯਾ ਬੁਰੇ ਹੋਣੇ ਹੋਏ। 'ਦੇਸ਼ ਕਾਲ ਵਸਤੂ' ਦਾ 'ਰੰਗ-ਘਰ' ਬਣਾਕੇ 'ਖੇਲ ਦੇ ਰਚਾਵਨਹਾਰ' ਦੇ ਨੇੜੇ ਚੰਗੇ ਕਰਮ ਲੈ ਜਾਂਦੇ ਹਨ, ਬੁਰੇ ਕਰਮ ਉਸ ਤੋਂ ਦੂਰ ਲੈ ਜਾਂਦੇ ਹਨ, ਪਰ ਨਾਮ ਵਾਲੇ ਨੇੜੇ ਦੂਰ ਨਹੀਂ, ਓਹ ਖਾਸ ਜਾਤ ਵਿਚ ਪਹੁੰਚਦੇ ਹਨ! ਇਹੋ ਗਲ ਜਪੁਜੀ ਵਿਚ ਐਉਂ ਬੀ ਦੱਸੀ ਹੈ:-

ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥ ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥ ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥ ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥੩੪॥

ਇਸ ਸਲੋਕ ਦਾ ਇਕ ਹੋਰ ਰੂਪ ਜੈਸਾ ਕਿ ਪਿਛੇ ਟੂਕ ਵਿਚ ਦੱਸਿਆ ਗਿਆ ਹੈ ਸ੍ਰੀ ਗੁਰੂ ਜੀ ਨੇ ਆਪ ਮਾਰੂ ਸੋਲਹੇ ਵਿਚ ਐਉਂ ਦੱਸਿਆ ਹੈ:-

ਪਉਣੁ ਗੁਰੂ ਪਾਣੀ ਪਿਤ ਜਾਤਾ॥ ਉਦਰ ਸੰਜੋਗੀ ਧਰਤੀ ਮਾਤਾ॥
ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਂਈ ਹੇ॥ (ਮਾਰੂ ਸੋਲਹੇ ਮ: ੧, ੧-੧੦)

ਇਸ ਸਲੋਕ ਨੂੰ ਗੁਰੂ ਦੇ ਲਛਣਾਂ ਦਾ ਪ੍ਰਤਿਪਾਦਕ ਖਿਆਲ ਕਰਕੇ ਕਈ ਵਿਚਾਰਵਾਨ ਐਉਂ ਬੀ ਅਰਥ ਲਾਉਂਦੇ ਹਨ:-

(ਪ੍ਰਸ਼ਨ-ਗੁਰੂ ਕੈਸਾ ਹੈ? ਉਤਰ:) ਗੁਰੂ ਪਉਣ (ਵਾਙੂ ਨਿਰਲੇਪ) ਹੈ, ਪਾਣੀ (ਵਾਙੂ ਨਿਰਮਲ ਹੈ, ਪਰ ਸਿਖ ਦੀ ਮੈਲ ਦੂਰ ਕਰਦਾ ਹੈ।) ਪਿਤਾ (ਵਾਙੂ ਰਖਯਕ ਹੈ), (ਗੁਰੂ) ਮਾਤਾ (ਵਾਙੂ ਸਿਖਾਂ ਦਾ ਪਾਲਣਹਾਰ) ਹੈ! (ਗੁਰੂ ਦਾ) ਮਹਤੁ (ਵਡਿਆਈ) ਹੈ ਧਰਤੀ (ਸਮਾਨ ਧੀਰਜੀ ਹੋਣਾ)। (ਗੁਰੂ) ਦਿਨਸ (ਗਯਾਨ ਰੂਪੀ ਸੂਰਜ) ਹੈ ਜੋ 'ਰਾਤ ਦੁਇ' ਅਰਥਾਤ ਦੁਐਤ ਰੂਪੀ ਰਾਤ ਦੂਰ ਕਰਦਾ ਹੈ। (ਗੁਰੂ) ਦਾਈ (ਵਾਙੂ ਸਰੂਪ ਵਿਚ ਸੁਆ ਦੇਂਦਾ ਹੈ) ਦਾਏ (ਵਾਙੂ) ਜਗਤ ਕ੍ਰਿਆ ਵਿਚ ਖੇਲਦੇ (ਰਖਕੇ

ਕਲਯਾਨ ਕਰਦਾ ਹੈ)। (ਇਸ ਤਰ੍ਹਾਂ ਸਾਰਾ ਜਗਤ ਗੁਰੂ ਕੀ ਲੀਲ੍ਹਾ ਹੈ) ਗੁਰੂ ਸਿਖਾਂ ਦੇ ਭਲੇ ਬੁਰੇ (ਕਰਮਾਂ ਦੀ ਵਿਵੇਚਨਾ ਅਪਣੀ) ਹਜ਼ੂਰੀ ਵਿਚ (ਖ਼ੁਲਾਕੇ) ਦੱਸ ਦੇਂਦਾ ਹੈ। ਤੇ ਕਰਮਾਂ ਅਨੁਸਾਰ ਨੇੜੇ ਦੂਰ ਰਖ ਲੈਂਦਾ ਹੈ (ਯਾ ਮੋਖ ਦੇ ਅਧਿਕਾਰੀ ਅਨਅਧਿਕਾਰੀ ਦਾ ਖਹੁ ਦੱਸ ਦੇਂਦਾ ਹੈ; ਪਰ) ਨਾਮ ਪ੍ਰੇਮੀਆਂ ਨੂੰ ਤੇ ਉਹਨਾਂ ਦੇ ਸਾਥੀਆਂ ਨੂੰ ਮੁਕਤੀ ਦੇਕੇ ਸਦਾ ਉੱਜਲ ਸਰੂਪ ਵਿਚ ਉੱਜਲ ਮੁਖ (ਸਮਾਈ) ਬਖਸ਼ਦਾ ਹੈ।

ਇਸ ਸਲੋਕ ਦੀ ਉੱਤਮ ਵਯਾਖਯਾ ਭਾਈ ਗੁਰਦਾਸ ਜੀ ਨੇ ਬੀ ਆਪਣੀ ਇਕ ਪਉੜੀ ਵਿਚ ਦਿਤੀ ਹੈ, ਜਿਸ ਦਾ ਪਾਠ ਇਹ ਹੈ:-

ਪਉਣ ਗੁਰੂ ਗੁਰ ਸਬਦੁ ਹੈ ਵਾਹਿਗੁਰੂ ਗੁਰ ਸਬਦੁ ਸੁਣਾਇਆ।
ਪਾਣੀ ਪਿਤਾ ਪਵਿਤ੍ਰ ਕਰਿ ਗੁਰਮੁਖਿ ਪੰਥ ਨਿਵਾਣ ਚਲਾਇਆ।
ਧਰਤੀ ਮਾਤ ਮਹਤ ਕਰਿ ਓਤਿ ਪੋਤਿ ਸੰਜੋਗੁ ਬਣਾਇਆ।
ਦਾਈ ਦਾਇਆ ਰਾਤਿ ਦਿਹੁ ਬਲ ਸੁਭਾਇ ਜਗਤ੍ਰ ਖਿਲਾਇਆ।
ਗੁਰਮੁਖਿ ਜਨਮੁ ਸਕਾਰਥਾ ਸਾਧ ਸੰਗਤਿ ਵਸਿ ਆਪੁ ਗਵਾਇਆ।
ਜੰਮਣ ਮਰਣਹੁ ਬਾਹਰੇ ਜੀਵਨ ਮੁਕਤਿ ਜੁਗਤਿ ਵਰਤਾਇਆ।
ਗੁਰਮਤਿ ਮਾਤਾ ਮਤਿ ਹੈ ਪਿਤਾ ਸੰਤੋਖ ਮੋਖ ਪਦੁ ਪਾਇਆ।
ਧੀਰਜੁ ਧਰਮੁ ਭਿਰਾਵ ਦੁਇ ਜਪੁ ਤਪੁ ਜਤੁ ਸਤੁ ਪੁਤ ਜਣਾਇਆ।
ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਚਲਤੁ ਵਰਤਾਇਆ।
ਗੁਰਮੁਖਿ ਸੁਖ ਫਲੁ ਅਲਖੁ ਲਖਾਇਆ॥੫॥ **(ਵਾਰ ੬)**

ਇਸ ਪਉੜੀ ਦਾ ਟੀਕਾ ਸ੍ਰੀ ਮਾਨ ਗਿਆਨੀ ਹਜ਼ਾਰਾ ਸਿੰਘ ਜੀ ਪੰਡਿਤ ਨੇ ਇਉਂ ਕੀਤਾ ਹੈ:-

੧. (ਜਿਹੜਾ) ਵਾਹਿਗੁਰੂ ਦਾ ਗੁਰਾਂ ਨੇ ਸ਼ਬਦ ਸੁਣਾਇਆ ਹੈ ਉਹ ਗੁਰ ਸ਼ਬਦ ਦਾ ਪੌਣ ਹੀ ਗੁਰੂ ਹੈ (ਇਸੇ ਕਰਕੇ ਗੁਰੂ ਨਾਨਕ ਜੀ ਨੇ ਪੌਣ ਨੂੰ ਗੁਰੂ ਪਦਵੀ ਦਿੱਤੀ ਹੈ)। ੨. (ਜਿਕੁਰ) ਪਾਣੀ (ਲੋਕਾਂ ਨੂੰ) ਪਵਿੱਤ੍ਰ ਕਰਦਾ ਹੈ (ਅਤੇ ਆਪ) ਨਿਵਾਣ ਨੂੰ ਜਾਂਦਾ ਹੈ (ਤਿਹਾ ਹੀ) ਗੁਰਮੁਖਾਂ ਨੇ ਆਪਣਾ ਪੰਥ (ਤੋਰਿਆ ਹੈ ਇਸੇ ਕਰਕੇ ਕਿ) ਪਾਣੀ (ਸਭ ਦਾ) ਪਿਤਾ ਹੈ। ੩. ਧਰਤੀ ਅਤੇ ਮਾਤਾ ਦਾ ਵੱਡਾ ਕਰਕੇ ਤਾਣੇ ਪੇਟੇ ਦਾ ਸੰਜੋਗ ਬਣਾਇਆ ਹੈ (ਭਾਵ ਜਿੱਕੁਰ ਧਰਤੀ ਵਿਖੇ ਸਹਿਨਸ਼ੀਲਤਾ ਹੈ ਤਿੱਕੁਰ ਹੀ ਮਾਤਾ ਵਿਖੇ ਹੈ, ਇਸੇ ਕਰਕੇ ਗੁਰੂ ਜੀ ਨੇ ਧਰਤੀ ਮਾਤਾ ਲਿਖੀ ਹੈ)। ੪. ਰਾਤ ਦਾਈ ਹੈ ਤੇ ਦਿਨ ਦਾਇਆ ਹੈ, ਜਗਤ ਨੂੰ (ਜਿਸ ਦਾ) ਸੁਭਾਉ ਖਾਲਕਾਂ ਵਾਲਾ ਹੈ, ਖਿਲਾਉਂਦੇ ਹਨ; (ਰਾਤ ਸੁਆਂਦੀ) ਤੇ ਦਿਨ ਸੰਸਾਰਕ ਖੇਡਾਂ ਵਿਚ ਪਰਚਾਉਂਦਾ ਹੈ, (ਇਸੇ ਕਰਕੇ ਰਾਤ ਦਿਨ ਦਾਈ ਦਾਇਆ ਹਨ)। ੫. ਗੁਰਮੁਖਾਂ ਦਾ ਜਨਮ ਸਫਲ ਹੈ (ਕਿਉਂ ਜੋ) ਸਾਧ ਸੰਗਤ ਵਿਚ ਨਿਵਾਸ ਕਰਕੇ (ਉਹਨਾਂ ਨੇ) ਦੇਹਾਭਿਮਾਨ ਨੂੰ ਛੱਡ ਦਿੱਤਾ ਹੈ। ੬. ਤਦੇ ਹੀ ਜਨਮ ਮਰਨ ਤੋਂ ਰਹਿਤ ਹੋਕੇ ਜੀਵਨ ਮੁਕਤ ਦੀ ਜੁਗਤ ਵਿਚ ਵਰਤਦੇ ਹਨ। ੭. (ਗੁਰਮੁਖਾਂ ਦੀ) ਮਾਤਾ ਗਰੂ ਸਿਖਯਾ ਹੈ ਤੇ ਪਿਤਾ ਉਨ੍ਹਾਂ ਦਾ ਸੰਤੋਖ ਹੈ (ਜਿਸ ਤੋਂ) ਮੋਖ ਪਦਵੀ ਪਾਉਂਦੇ ਹਨ। ੮. ਧੀਰਜ ਅਤੇ ਧਰਮ ਦੋਵੇਂ ਭਰਾਤਾ ਹਨ, ਜਪ ਤਪ ਜਤ ਸਤ (ਆਦੀ ਗੁਣ) ਪੁੱਤ੍ਰ ਹਨ। ੯. ਗੁਰੂ ਚੇਲਾ ਤੇ ਚੇਲਾ ਗੁਰੂ ਪੂਰਣ ਥੋਂ ਪੂਰਣ ਦਾ ਚਲਿਤ੍ਰ ਵਰਤਾਇਆ। ੧੦. ਗੁਰਮੁਖਾਂ ਨੇ ਅਲਖ ਸੁਖ ਫਲ ਲਖਕੇ ਹੋਰਨਾਂ ਨੂੰ ਲਖਾਇਆ ਹੈ।

ਭਾਵ ਸਪਸ਼ਟ ਹੀ ਹੈ, ਨਾਵੀਂ ਸਤਰ ਵਿਚ ਸਿਧਾਂਤ ਹੈ ਕਿ ਗੁਰੂ ਨਾਨਕ ਦੇਵ ਜੀ ਗੁਰੂ ਅੰਗਦ ਜੀ ਨੂੰ ਗੁਰੂ ਕਰਕੇ ਚਰਿਤ੍ਰ ਵਰਤਾਇਆ।

ਨਿਰੁਕ੍ਤ- ਮਹਤੁ-ਸੰਸਕ੍ਰਿਤ ਵਿਚ ਪਦ 'ਮਹਤ੍' ਤਿੰਨਾਂ ਲਿੰਗਾਂ ਵਿਚ ਵਰਤੀਂਦਾ ਹੈ। ਇਸ ਤਰ੍ਹਾਂ ਇਹ 'ਧਰਤਿ' ਦਾ ਵਿਸ਼ੇਸ਼ਣ ਲਾ ਲਿਆ ਜਾ ਸਕਦਾ ਹੈ, ਜੋ ਇਸਤ੍ਰੀ ਲਿੰਗ ਹੈ। ਪਰ ਜੇ ਇਥੇ

ਵਰਤੇ ਪਦ 'ਮਹਤੁ' ਦੇ ਔਂਕੜ ਵਲ ਖਿਆਲ ਕੀਤਾ ਜਾਏ ਤੇ ਗੁਰਬਾਣੀ ਵਿਚ ਵਰਤਾਉ ਤੱਕੀਏ ਤਾਂ ਇਹ ਪਦ ਪੁਲਿੰਗ ਕਰਕੇ ਵਰਤਿਆ ਹੈ, ਯਥਾ:-

ਮਾਨੁ ਮਹਤੁ ਨਾਨਕ ਪ੍ਰਭੁ ਤੇਰੇ॥ (ਗਉੜੀ ਮ: ੫-੧੦੯)

ਇਸ ਕਰਕੇ ਉਪਰ ਅਰਥਾਂ ਵਿਚ ਪਦ 'ਮਹਤੁ' ਨੂੰ ਪਾਣੀ ਦਾ ਵਿਸ਼ੇਸ਼ਣ ਲਾਇਆ ਹੈ। ਸੰਸਕ੍ਰਿਤ ਪਦ 'ਮਹੱਤ੍ਵ' ਦਾ ਅਰਥ ਹੈ 'ਵਡਾ ਪਨ'। ਗੁਰਬਾਣੀ ਵਿਚ ਪਦ 'ਮਹਤੁ' ਸੰਸਕ੍ਰਿਤ ਪਦ 'ਮਹਤ੍ਵ' ਦੀ ਥਾਵੇਂ ਬੀ ਵਰਤਿਆ ਹੈ, ਯਥਾ:-

'ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ॥' (ਸਿਰੀ ਮ: ੧ ਅਸਟ:-੩)

ਦਿਵਸੁ-ਦਿਵਸ। ਦਿਨ।

ਦਾਈ-ਜੋ ਰਾਤ ਬੱਚੇ ਨੂੰ ਸੰਭਾਲਦੀ ਸੁਆਲਦੀ ਹੈ, ਕਈ ਵੇਰ ਆਪਣੇ ਦੁਧ ਤੇ ਪਾਲਦੀ ਹੈ।

ਦਾਇਆ-ਜੋ ਦਿਨੇ ਖਿਡਾਉਂਦਾ, ਸੈਰ ਕਰਾਉਂਦਾ, ਪਰਚਾਉਂਦਾ ਹੈ। (ਸੰਸ:, ਧਾਤ੍ਰੀ ਤੋਂ ਦਾਈ ਪਦ ਬਣਿਆ ਹੈ। ਦਾਈ ਤੋਂ ਦਾਇਆ)।

ਧਰਮੁ-ਧਰਮ ਨਿਆਂ ਕਰਨ ਵਾਲਾ ਦੇਵਤਾ। (ਅ) ਨੇਕੀ ਪੁੰਨ ਦਾ ਨਿਜਮ।

ਮਸਕਤਿ-(ਅ:,ਮੁਸ਼ੱਕਤ) ਮਿਹਨਤ। ਕਰੜੀ ਮਿਹਨਤ।

(ਪ੍ਰਸ਼ਨ: ਧਰਤੀ ਆਦਿ ਨੂੰ ਮਾਤਾ ਆਦਿ ਕਿਉਂ ਕਿਹਾ ਹੈ? ਉੱਤਰ:) ਧਰਤੀ ਨੂੰ ਮਾਤਾ ਤੁੱਲ ਕਿਹਾ ਹੈ ਕਿਉਂਕਿ ਇਸ ਤੋਂ ਸਭ ਕੁਛ ਉਪਜਦਾ ਹੈ, ਯਥਾ ਗੁਰ ਵਾਕ ਹੈ:-

ਉਦਰ ਸੰਜੋਗੀ ਧਰਤੀ ਮਾਤਾ॥ (ਮਾਰੂ ਸੋਲਹੇ ਮ: ੧, ੧-੧੦)

ਪਾਣੀ ਪਿਤਾ (ਤੁੱਲ) ਕਿਹਾ ਹੈ ਕਿਉਂਕਿ ਧਰਤੀ ਉਤੇ ਪਾਣੀ ਨਾ ਹੋਵੇ ਤਾਂ ਕੁਛ ਉਪਜ ਨਹੀਂ ਸਕਦਾ। ਫਿਰ ਪਾਣੀ ਪੀ ਕੇ ਜੀਵੀਦਾ ਹੈ:-

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ (ਵਾਰ ਆਸਾ ਮ: ੧-੧੮)

ਪਾਣੀ ਨੂੰ ਹੋਰਥੇ ਬੀ ਪਿਤਾ ਕਿਹਾ ਹੈ, ਯਥਾ:-

ਪਾਣੀ ਪਿਤਾ ਜਗਤ ਕਾ ਫਿਰਿ ਪਾਣੀ* ਸਭੁ ਖਾਇ'॥ (ਵਾਰ ਸਾਰੰਗ ਮ: ੧੭)

ਪਵਣ ਨੂੰ ਗੁਰੂ (ਤੁੱਲ) ਕਿਹਾ ਹੈ ਕਿ ਸ਼ਬਦ ਤੇ ਪੌਣ ਦਾ ਸੰਬੰਧ ਹੈ। ਚਾਹੋ ਸ਼ਬਦ ਧਰਮ ਆਕਾਸ਼ ਦਾ ਮੰਨਿਆ ਗਿਆ ਹੈ, ਪਰ ਸ਼ਬਦ ਦੀ ਕੰਨ ਤਕ ਪਹੁੰਚ ਪੌਣ ਦੇ ਅਵੈਵਾਂ ਦੇ ਹਿਲਾਉ ਦੁਆਰੇ ਹੁੰਦੀ ਹੈ। ਜਿਵੇਂ ਪੌਣ ਸਾਧਾਰਣ ਪੌਣ ਦੀ ਬਦਰੱਕਾ ਹੈ, ਤਿਵੇਂ ਗੁਰੂ 'ਨਾਮ' ਰੂਪੀ ਸ਼ਬਦ ਦਾ ਦੇਵਣਹਾਰ ਹੈ। ਫਿਰ 'ਪਵਨ' ਪਦ ਦਾ ਧਾਤੂ ਹੈ 'ਪੂ' ਜਿਸ ਦਾ ਅਰਥ ਹੈ ਪਵਿੱਤ੍ਰ ਕਰਨਾ। ਜਿਵੇਂ ਪਵਨ ਪਵਿੱਤ੍ਰ ਕਰਦੀ ਹੈ ਤਿਵੇਂ ਗੁਰੂ ਪਵਿੱਤ੍ਰ ਕਰਦਾ ਹੈ ਸਿਖ ਦੇ ਹਿਰਦੇ ਨੂੰ, ਫਿਰ ਪਵਨ ਦੇ ਆਸ਼੍ਰਿਤ ਹੈ ਸਰੀਰਕ ਜੀਵਨ, ਤਿਵੇਂ ਗੁਰੂ ਦੇ ਆਸ਼੍ਰਿਤ ਹੈ ਆਤਮਕ ਜੀਵਨ।

-- o --

*ਅਸੀਂ ਪਾਣੀ ਪੀਤਾ ਕਹਿੰਦੇ ਹਾਂ ਪਰ ਬੰਗਾਲੀ ਵਿਚ ਪਾਣੀ ਨੂੰ ਬੀ ਖਾਣਾ ਕਹਿੰਦੇ ਹਨ। ਫਾਰਸੀ ਵਾਲੇ ਬੀ 'ਆਬ ਖ਼ੁਰਦਨ' ਕਹਿੰਦੇ ਹਨ।

www.sikhbookclub.com

ਸੰਤ ਕਵੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਜੋ ਸੇਵਾ ਧਾਰਮਕ, ਸਾਹਿਤਕ, ਸਾਂਸਕ੍ਰਿਤਿਕ ਅਤੇ ਸਮਾਜਕ ਖੇਤਰ ਵਿੱਚ ਕੀਤੀ ਹੈ ਉਸਦਾ ਨਵੇਕਲਾ ਹੀ ਅਸਥਾਨ ਹੈ। ਉਨ੍ਹਾਂ ਦਾ ਸੰਦੇਸ਼ ਹਰ ਕੌਮ, ਦੇਸ਼ ਤੇ ਪ੍ਰਾਣੀ ਲਈ ਸਾਂਝਾ ਹੈ। ਸਰਬੱਤ ਦੇ ਭਲੇ ਲਈ, ਸਮਾਜਕ ਚੇਤਨਾ ਤੇ ਆਤਮਕ ਉੱਚਤਾ ਨੂੰ ਮੁੱਖ ਰੱਖਕੇ ਉਨ੍ਹਾਂ ਨੇ ਕਈ ਧਾਰਮਕ, ਵਿਦਿਅਕ, ਸਮਾਜਕ ਤੇ ਸਾਹਿਤਕ ਸੰਸਥਾਵਾਂ ਦੀ ਸਥਾਪਨਾ ਕੀਤੀ। ਜਿੱਥੇ ਉਨ੍ਹਾਂ ਨੂੰ ਨਵੀਨ ਪੰਜਾਬੀ ਸਾਹਿਤ ਦਾ ਪਿਤਾਮਾ ਮੰਨਿਆ ਜਾਂਦਾ ਹੈ ਉੱਥੇ ਉਨ੍ਹਾਂ ਦੀਆਂ ਸਰਬਪੱਖੀ ਸੇਵਾਵਾਂ ਸਦਕਾ ਉਨ੍ਹਾਂ ਨੂੰ ਪੰਜਾਬ ਦਾ ਛੇਵਾਂ ਦਰਿਆ ਕਿਹਾ ਜਾਂਦਾ ਹੈ।

ਸਿੱਖ ਪਰੰਪਰਾ ਤੇ ਧਾਰਮਕ ਬੁਨਿਆਦਾਂ ਦੇ ਅਧਾਰ ਤੇ ਗੁਰਬਾਣੀ ਦੀ ਗੂੜ੍ਹ ਵਿਆਖਿਆ ਰਚਿਤ ਭਾਈ ਸਾਹਿਬ ਦੇ ਸਾਹਿਤ ਨੇ ਸਿੱਖ ਕੌਮ ਨੂੰ ਸਦਾ ਹਲੂਣਾ ਦਿੱਤਾ ਅਤੇ ਚੜ੍ਹਦੀ ਕਲਾ ਵਲ ਜਾਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਵਲੋਂ 1899 'ਚ ਜਾਰੀ ਕੀਤਾ ਸਪਤਾਹਿਕ ਖਾਲਸਾ ਸਮਾਚਾਰ ਇੱਕੋ-ਇੱਕ ਪੰਜਾਬੀ ਅਖ਼ਬਾਰ ਹੈ ਜੋ ਹੁਣ ਤਕ ਲਗਾਤਾਰ ਛਪ ਰਿਹਾ ਹੈ।

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110 001

ਫ਼ੋਨ: 3363510, ਫ਼ੈਕਸ: 3734347

 www.sikhbookclub.com